# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

(ਜਿਲਦ ਦਸਵੀਂ)

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਦਸਵੀਂ

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ-ਜਿਲਦੰ-ਜਿਲਦ ੧੦]

ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ

ਕ੍ਰਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

[ਰਾਸਿ ਦਸਵੀਂ ਮੁੱਕੀ, ਗਯਾਰਵੀਂ ਸਾਰੀ ਤੇ ਬਾਰ੍ਹਵੀਂ ਜਾਰੀ]

ਮੰਗਲਾਂ ਦੀ ਭਾਵਾਰਥ ਪ੍ਰਕਾਸ਼ਨੀ ਟੀਕਾ

ਅਤੇ ਸ਼ੇਸ਼

## ਪ੍ਰਯਾਵਾਂ ਤੇ ਉੱਧਾਰਾਂ ਸਮੇਤ

ਭਾਸ਼ਾ ਵਿਭਾਗ, ਪੰਜਾਬ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਦਸਵੀਂ
ਕਵੀ ਚੂੜਾਮਣੀ ਭਾਈ ਸੰਤੋਖ ਸਿੰਘ
ਸੰਪਾਦਕ : ਭਾਈ ਵੀਰ ਸਿੰਘ

# SRI GUR PARTAP SURAJ GRANTH Vol. X (In Punjab)

**Kavi Churamani Bhai Santokh Singh**

Editor : Bhai Vir Singh

ਭਾਸ਼ਾ ਵਿਭਾਗ ਪੰਜਾਬ

ਸਾਲ : 2011

ਕਾਪੀਆਂ : 5000

ਕੀਮਤ : 245.00

1120 - ਹ.ਪ੍ਰ. - 1579

ਪ੍ਰਕਾਸ਼ਕ : ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ

ਰਾਹੀਂ : ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਪੰਜਾਬ

ਛਾਪਕ : ਆਲਟੈਕ ਪ੍ਰਿੰਟਪੈਕ, 182/4, ਇੰਡਸਟਰੀਅਲ ਏਰੀਆ, ਫ਼ੇਸ-1, ਚੰਡੀਗੜ੍ਹ

# ਸੂਚੀ ਪੱਤ੍ਰ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ–ਜਿਲਦ ੧੦


| ਪ੍ਰਸੰਗ | ਅੰਸੂ | ਪੰਨਾ |
|---|---|---|
| **ਰਾਸ਼ਿ ਦਸਵੀਂ**—ਜਾਰੀ। | | |
| ਰੋਗੇ ਦੇ ਸ੍ਰਾਪ ਬਖਸ਼ੇ। | ੧੫ | ੩੮੨੩ |
| ਕਰਤਾਰਪੁਰ ਦਿਜ ਪੁੱਤ੍ਰ ਜਿਵਾਯਾ | ੧੬ | ੩੮੨੬ |
| ਦਿਜ ਸੁਤ ਜਿਵਾਯਾ। | ੧੭ | ੩੮੨੯ |
| ਸ਼ਕਰ ਰੰਗ ਲੱਗਣ ਦੀ ਕਥਾ। | ੧੮ | ੩੮੩੨ |
| ਧੀਰਮਲ ਦਾ ਗੁਰੂ ਜੀ ਨੂੰ ਕਹਿਣਾ | ੧੯ | ੩੮੩੭ |
| ਗੁਰੂ ਜੀ ਦਾ ਉੱਤਰ। ਕੀਰਤ ਪੁਰ | ੨੦ | ੩੮੪੦ |
| ਗੁਰਬਾਣੀ ਮਹਿਮਾਂ। ਸਿਖੀ ਜਹਾਜ ਡੁਬਿਆ ਵਾਕ। | ੨੧ | ੩੮੪੩ |
| ਧੁੰਧੂ ਤੇ ਉਤੰਕ ਰਿਖਿ ਕਥਾ। | ੨੨ | ੩੮੪੮ |
| ਧੁੰਧੂ ਨਾਲ ਜੰਗ। | ੨੩ | ੩੮੫੨ |
| ਧੁੰਧੂ ਬੱਧ। | ੨੪ | ੩੮੫੪ |
| ਗਾਲਵ ਦਾ ਛੇ ਸੌ ਘੋੜਾ। | ੨੫ | ੩੮੫੮ |
| ਗਾਲਵ ਭੇਟਾ। ਰਾਜਾ ਜਜਾਤੀ। | ੨੬ | ੩੮੬੩ |
| ਸ੍ਰੀ ਹਰਿਰਾਇ ਵੈਕੁੰਠ ਪਯਾਨ। | ੨੭ | ੩੮੬੬ |
| ਸ੍ਰੀ ਰਾਮ ਰਾਇ ਈਰਖਾ। | ੨੮ | ੩੮੭੦ |
| ” ” | ੨੯ | ੩੮੭੫ |
| ਸ੍ਰੀ ਰਾਮਰਾਇ ਜੀ ਦੀ ਦ੍ਵੈਸ਼। | ੩੦ | ੩੮੭੯ |
| ” ” | ੩੧ | ੩੮੮੨ |
| ” ” | ੩੨ | ੩੮੮੬ |
| ਜੈ ਸਿੰਘ ਦਾ ਦੂਤ ਆਯਾ। | ੩੩ | ੩੮੯੦ |
| ” ” | ੩੪ | ੩੮੯੩ |
| ਘਰ ਵਿਚ ਸਲਾਹ | ੩੫ | ੩੮੯੬ |
| ਦਿੱਲੀ ਨੂੰ ਤਿਆਰੀ। | ੩੬ | ੩੮੯੯ |
| ਸੰਗਤਾਂ ਦੇ ਮੇਲੇ। | ੩੭ | ੩੯੦੩ |
| ਝੀਵਰ ਤੋਂ ਗੀਤਾ ਦੇ ਅਰਥ। | ੩੮ | ੩੯੦੬ |
| ਦਿੱਲੀ ਪੁੱਜੇ। | ੩੯ | ੩੯੧੧ |
| ਦਿੱਲੀ ਨਿਵਾਸ। | ੪੦ | ੩੯੧੪ |
| ਰਾਮਰਾਇ ਦੀ ਈਰਖਾ। ਸ੍ਰਾਪ। | ੪੧ | ੩੯੧੭ |
| ਰਾਮਰਾਇ ਬਾਬਤ ਭਵਿਖਤ ਵਾਕ | ੪੨ | ੩੯੨੧ |
| ਸ਼ਾਹਜ਼ਾਦਾ ਭੇਟਾ ਲਿਆਯਾ। | ੪੩ | ੩੯੨੪ |
| ਜੈ ਸਿੰਘ ਦੀ ਪਟਰਾਣੀ ਪ੍ਰੀਖ੍ਯਾ। | ੪੪ | ੩੯੨੮ |
| ਜੈ ਸਿੰਘ ਲੈਣ ਆਇਆ। | ੪੫ | ੩੯੩੨ |
| ਪਟਰਾਣੀ ਪਛਾਣੀ। | ੪੬ | ੩੯੩੫ |
| ਰਾਜਾ ਸਿਖ ਹੋਯਾ। | ੪੭ | ੩੯੩੮ |
| ਸ੍ਰੀਰ ਨੂੰ ਖੇਦ। ਬਾਹਰ ਡੇਰਾ। | ੪੮ | ੩੯੪੧ |
| ਸ੍ਰੀਰ ਨੂੰ ਖੇਦਲ। | ੪੯ | ੩੯੪੬ |
| ਸੀਤਲਾ ਨਿਕਲੀ। | ੫੦ | ੩੯੫੦ |
| ਸੰਗਤਾਂ ਨੂੰ ਉਪਦੇਸ਼ | ੫੧ | ੩੯੫੩ |
| ” ” | ੫੨ | ੩੯੫੭ |
| ਸਚਖੰਡ ਪਯਾਨ। | ੫੩ | ੩੯੬੧ |
| ਸ਼ਰੀਰ ਦਾ ਸਸਕਾਰ। | ੫੪ | ੩੯੬੪ |
| ਸੰਗਤ ਵਿਚ ਵਿਚਾਰ। | ੫੫ | ੩੯੬੮ |
| ਮਸੰਦ ਜ਼ੋਰ। ਗੁਰੂ ਦੀ ਭਾਲ। | ੫੬ | ੩੯੭੧ |
| **ਰਾਸ਼ਿ ਗਯਾਰਵੀਂ।** | | |
| ਮੰਗਲ। ਬਕਾਲੇ ਸੋਢੀ। | ੧ | ੩੯੭੫ |
| ਭਾਈ ਗੜ੍ਹੀਆ ਤੇ ਦਾਰਕਾਦਾਸ। | ੨ | ੩੯੮੨ |
| ਮੱਖਣ ਸ਼ਾਹ ਦਾ ਬੇੜਾ। | ੩ | ੩੯੮੬ |
| ਮੱਖਣ ਸ਼ਾਹ ਬਕਾਲੇ। | ੪ | ੩੯੮੯ |
| ” ” | ੫ | ੩੯੯੩ |
| ਮਾਤਾ ਨਾਨਕੀ ਜੀ। | ੬ | ੩੯੯੭ |
| ਮੱਖਣ ਸ਼ਾਹ ਤੇ ਸ੍ਰੀ ਗੁਰੂ ਜੀ। | ੭ | ੩੯੯੯ |
| ਗੁਰੂ ਜੀ ਦਾ ਪ੍ਰਗਟਣਾ। | ੮ | ੪੦੦੩ |
| ” ” | ੯ | ੪੦੦੬ |

| ਪ੍ਰਸੰਗ | ਅੰਸੂ | ਪੰਨਾ |
|---|---|---|
| ਮੋਢੀਆਂ ਦੀ ਈਰਖਾ । | ੧੦ | ੪੦੧੧ |
| ਗੋਲੀ ਚਲੌਣ ਦੀ ਗੋਂਦ । | ੧੧ | ੪੦੧੫ |
| ਧੀਰਮਲ ਵਲੋਂ ਹੋਰ ਵਿਰੋਧ । | ੧੨ | ੪੦੧੯ |
| ਗੋਲੀ ਚੱਲੀ ਤੇ ਲੁੱਟ । | ੧੩ | ੪੦੨੨ |
| ਧੀਰਮਲ ਦੀ ਕਠੋਰਤਾ । | ੧੪ | ੪੦੨੬ |
| ਮੱਖਣ ਸ਼ਾਹ ਦਾ ਕ੍ਰੋਧ । | ੧੫ | ੪੦੨੯ |
| ਮਸੰਦਾਂ ਨੂੰ ਦੰਡ । | ੧੬ | ੪੦੩੩ |
| ਮਖਣ ਸ਼ਾਹ ਨੂੰ ਗੁਰੂ ਜੀ ਨੇ ਵਰਜਣਾ । | ੧੭ | ੪੦੩੬ |
| ਘਰ ਵਿਚ ਵਿਚਾਰ । | ੧੮ | ੪੦੪੦ |
| ਧੀਰਮਲ ਦੀਆਂ ਚੀਜ਼ਾਂ ਮੋੜੀਆਂ। | ੧੯ | ੪੦੪੪ |
| ਧੀਰਮਲਦੀਕਰਤਾਰਪੁਰਵਾਪਸੀ | ੨੦ | ੪੦੪੭ |
| ਗੁਰੂ ਜੀ ਅੰਮ੍ਰਿਤਸਰ ਪੁਜੇ । | ੨੧ | ੪੦੫੧ |
| ਸ੍ਰੀ ਅੰਮ੍ਰਿਤਸਰੋਂ ਵੱਲੇ । | ੨੨ | ੪੦੫੫ |
| ਬਕਾਲਿਓਂ ਕੂਚ । | ੨੩ | ੪੦੫੮ |
| ਗੁਰੂ ਗ੍ਰੰਥ ਜੀ ਬਿਆਸ ਰਖੇ। | ੨੪ | ੪੦੬੨ |
| ਧੀਰਮਲ ਨੂੰ ਸੁਨੇਹਾ । | ੨੫ | ੪੦੬੬ |
| ਧੀਰਮਲ ਨੂੰ ਬੀੜ ਮਿਲੀ । | ੨੬ | ੪੦੬੯ |
| ਅਨੰਦਪੁਰ ਵਾਲੀ ਥਾਂ ਆਉਣਾ। | ੨੭ | ੪੦੭੪ |
| ਮੱਖਣਵਿਦਾ।ਅਨੰਦਪੁਰਵਸਾਣਾ। | ੨੮ | ੪੦੭੭ |
| ਮਾਖੋ ਦੈਂਤ । | ੨੯ | ੪੦੮੧ |
| ਪੀਰ ਦਾ ਸੰਸਾ ਦੂਰ । | ੩੦ | ੪੦੮੫ |
| ਗੁਰੂ ਜੀ ਦੀ ਮਹਿਮਾਂ। ਧੀਰਮਲ ਦੀ ਈਰਖਾ। | ੩੧ | ੪੦੯੦ |
| ਧੀਰਮਲ ਤੇ ਰਾਮਰਾਇ ਮੇਲ । | ੩੨ | ੪੦੯੪ |
| ਤੀਰਥਾਂਨੂੰ ਪਵਿੱਤ੍ਰ ਕਰਨਟੁਰਨਾ। | ੩੩ | ੪੦੯੭ |
| ਮੂਲੋਵਾਲ ਤੇ ਸੇਖੋ ਸਿੱਖਾਂ ਪ੍ਰਤੀ ਉਪਦੇਸ਼। | ੩੪ | ੪੧੦੧ |
| ਹੜਜਾਏ ਤਾਪ ਦੇ ਰੋਗੀ ਅਰੋਗ ਕੀਤੇ । | ੩੫ | ੪੧੦੫ |
| ਭੰਦੇਰ,ਅਲੀਸ਼ੇਰ ,ਜੋਗੇ,ਭੂਪਾਲੀ। | ੩੬੪ | '੧੧੦ |
| ਖੀਵਾ । ਭਿੱਖੀ । | ੩੨੪ | ੧੧੪ |
| ਦੇਸਰਾਜ । ਖਜਾਲਾ । ਦਮਦਮਾ ਮੌੜ । | ੩੮ | ੪੧੧੭ |
| ਦੇਸੂ ਦਾ ਅੰਤ । | ੩੯ | ੪੧੨੦ |
| ਸੂਲੀ ਸਰ ਚੋਰ ਨੂੰ ਸੂਲੀ ।ਬਰੇ । | ੪੦ | ੪੧੨੩ |
| ਗੋਬਿੰਦ ਪੁਰੇ । ਗਾਗੇ । ਗੁਰਨੇ । ਮਕਰੋੜ । ਧਮਧਾਨ । | ੪੧ | ੪੧੨੭ |
| ਮੋਹੇਂ ਦੀ ਘਾਲ । | ੪੨ | ੪੧੩੧ |
| ਧਮਧਾਣ । ਕੈਥਲ । | ੪੩ | ੪੧੩੫ |
| ਬਾਰਨੇ ਦਾ ਰਾਹਕ । | ੪੪ | ੪੧੩੯ |
| ਥਾਨੇਸਰ । ਬਨੀ ਬਦਰ ਪੁਰ । | ੪੫ | ੪੧੪੩ |
| ਪੂਰਬ ਦੀ ਸੰਗਤ ਦੀ ਸਿੱਕ । | ੪੬ | ੪੧੪੮ |
| ਕੜੇ ਗ੍ਰਾਮ ਦਾ ਮਲੂਕ ਦਾਸ। | ੪੭ | ੪੧੫੧ |
| ਗੁਰੂ ਜੀ ਤ੍ਰਿਬੇਣੀ ਪੁੱਜੇ । | ੪੮ | ੪੧੫੬ |
| ਹੇਮ ਕੁੰਟ ਦੀ ਸ਼ੋਭਾ । | ੪੯ | ੪੧੫੯ |
| ਦੇਵੀ ਦੀ ਪੁਰਾਤਨ ਕਥਾ । | ੫੦ | ੪੧੬੭ |
| ਦੁਸ਼ਟ ਦਮਨ ਦੀ ਕਥਾ, ਬ੍ਰਹਮਾ ਦੀ ਜ਼ਬਾਨੀ। | ੫੧ | ੪੧੭੪ |
| ਅਕਾਲਪੁਰਖ ਪਾਸੋਂ ਵਿਦੈਗੀ । | ੫੨ | ੪੧੭੯ |
| ਤ੍ਰਿਬੇਣੀ ਨਿਵਾਸ। | ੫੩ | ੪੧੮੩ |
| ਪ੍ਰਯਾਗ ਤੋਂ ਕਾਂਸ਼ੀ। | ੫੪ | ੪੧੮੮ |
| ਸਸਰਾਮ ਚਾਚੇ ਫੱਗੋ ਦੇ ਘਰ । | ੫੫ | ੪੧੯੨ |
| ਸਸਰਾਮ। ਬੇਰੀ। ਬਾਗ਼ ਨਿਵਾਸ। | ੫੬ | ੪੧੯੬ |
| ਗਯਾ ਜੀ, ਜੈਤਾ ਸੇਠ । | ੫੭ | ੪੧੯੯ |
| ਪਟਣੇ ਨਿਵਾਸ । | ੫੮ | ੪੨੦੩ |
| ਜਰਾ ਸੰਧ ਪ੍ਰਸੰਗ । | ੫੯ | ੪੨੦੬ |
| ,, | ੬੦ | ੪੨੧੧ |
| ,, | ੬੧ | ੪੨੧੫ |


—o—

| ਪ੍ਰਸੰਗ | ਅੰਸੂ | ਪੰਨਾ |
|---|---|---|
| **ਰਾਸਿ ਬਾਰਵੀਂ ।** | | |
| ਮੰਗਲ। ਰਾਜਾ ਮਾਨ ਸਿੰਘ। | ੧ | ੪੨੧੯ |
| ਬਿਸ਼ਨ ਸਿੰਘ ਦੀ ਚੜ੍ਹਾਈ। | ੨ | ੪੨੨੭ |
| ਰਾਜਾ ਗੁਰੂ ਜੀ ਨੂੰ ਮਿਲਿਆ। | ੩ | ੪੨੩੨ |
| ਢਾਕੇ ਬੁਲਾਕੀ ਦਾਸ ਦੀ ਮਾਤਾ। | ੪ | ੪੨੩੬ |
| ਢਾਕੇ ਭਾਈ ਨੱਥਾ। | ੫ | ੪੨੪੦ |
| ਦਲ ਡੁੱਬਨੋ ਬਚਾਇਆ। | ੬ | ੪੨੪੪ |
| ਹੋਰ ਮੁਸੀਬਤਾਂ ਤੋਂ ਰੱਖਿਆ। | ੭ | ੪੨੪੭ |
| ਜੰਗ ਹਿਤ ਤਿਆਰੀ। | ੮ | ੪੨੫੧ |
| ਦੇਵੀ ਦਾ ਆਸਾਮ ਪਤੀ ਨੂੰ ਗੁਰੂ ਸ਼ਰਨ ਹਿਤ ਪ੍ਰੇਰਨਾ। | ੯ | ੪੨੫੪ |
| ਰਾਜਾ ਗੁਰੂਜੀ ਦੀ ਸ਼ਰਨਆਯਾ। | ੧੦ | ੪੨੫੮ |
| ਰਤਨ ਰਾਇ ਦੇ ਪਿਤਾ ਨੂੰ ਵਰ। | ੧੧ | ੪੨੬੨ |
| ਦਸਮੇਸ਼ ਅਉਤਾਰ। | ੧੨ | ੪੨੬੭ |
| ਅਵਤਾਰ ਦਾ ਉਤਸਾਹ। | ੧੩ | ੪੨੭੧ |
| ਕੁਹੜਾਮ ਦਾ ਭੀਖਣ ਸ਼ਾਹ। | ੧੪ | ੪੨੭੫ |
| ਭੀਖਣ ਸ਼ਾਹ। | ੧੫ | ੪੨੭੯ |
| ਭੀਖਣ ਸ਼ਾਹ ਦੀ ਬੰਦਗੀ। | ੧੬ | ੪੨੮੨ |
| ਬਾਲ ਕਉਤਕ। | ੧੭ | ੪੨੮੭ |
| ਬਾਲ ਚੋਜ। | ੧੮ | ੪੨੯੪ |
| ਬਾਲ ਲੀਲ੍ਹਾ। ਬੇੜੀ ਸੈਲ। ਬ੍ਰਿੱਧਾ ਨਾਲ ਚੋਜ। | ੧੯ | ੪੨੯੯ |
| ਬੇੜੀ ਸੈਲ। ਧਨੀ ਦੀ ਨੂੰਹ ਨੂੰ ਪੰਜ ਪੁੱਤ੍ਰਾਂ ਦਾ ਵਰ। | ੨੦ | ੪੩੦੩ |
| ਹਾਕਮ ਖਿਝਾਉਣਾ। ਗੁਲੇਲ ਅਭਜਾਸ। | ੨੧ | ੪੩੦੮ |
| ਆਸਾਮ ਵਲੋਂ ਮੁੜਨਾ। | ੨੨ | ੪੩੧੩ |
| ਵਾਪਸ ਪਟਣੇ ਆਇ। | ੨੩ | ੪੩੧੬ |
| ਪਟਣਾ। ਰਾਜਾ ਵਿਦਾ। | ੨੪ | ੪੩੨੦ |
| ਮਾਤਾ ਗੁਜਰੀ ਜੀ ਨੂੰ ਉਪਦੇਸ਼। | ੨੫ | ੪੩੨੩ |
| ਪਟਣੇ ਤੋਂ ਅਨੰਦ ਪੁਰ ਨੂੰ। | ੨੬ | ੪੩੨੭ |
| ਔਰੰਗੇ ਦਾ ਸਮਾਂ। ਕਸ਼ਮੀਰੀ ਪੰਡਤ। | ੨੭ | ੪੩੩੨ |
| ਕਸ਼ਮੀਰੀ ਪੰਡਤ। | ੨੮ | ੪੩੩੫ |
| ਅਹਿਦੀਆਂ ਦਾ ਟੁਰਨਾ। | ੨੯ | ੪੩੩੯ |
| ਅਹਿਦੀਏ ਵਾਪਸ। ਗੁਰੂ ਜੀ ਸੈਫਾਬਾਦ। | ੩੦ | ੪੩੪੩ |
| ਸੈਫ ਦੀਨ ਪਾਸੋਂ ਵਿਦਾ। ਅਹਿਦੀਏ ਲੱਭਣ ਟੁਰੇ। | ੩੧ | ੪੩੪੭ |

## ੧੫. [ਗੈਰੇ ਦੇ ਸ੍ਰਾਪ ਬਖਸ਼ੇ]।

ਦੋਹਰਾ ॥ ਬੇਗ ਗਯੋ ਸਤਿਗੁਰੂ ਢਿਗ ਡੇਰਾ ਜਹਾਂ ਲਗਾਇ। ਪਹੁੰਚਤੋ ਉਤਰਿ ਤੁਰੰਗ ਤੇ ਖਰੋ ਭਯੋ ਅਗੁਵਾਇ ॥ ੧ ॥ ਚੌਪਈ ॥ ਅਪਰਾਧੀ ਬਹੁ ਆਪ[੧] ਬਿਚਾਰੇ। ਹਾਥ ਜੋਰਿ ਥਿਤ ਭਯੋ ਅਗਾਰੇ। ਸ੍ਰੀ ਹਰਿਰਾਇ ਬਿਲੋਕਿ ਕ੍ਰਿਪਾਲਾ। ਮਨ ਤੇ ਭਏ ਪ੍ਰਸੰਨ ਬਿਸਾਲਾ ॥ ੨ ॥ ਨਿਕਟਿ ਬਿਠਾਵਨ ਹੇਤੁ ਹਕਾਰੇ। ਸਾਦਰ ਬੋਲੇ 'ਆਉ ਅਗਾਰੇ। ਨਾਹਨ ਖਰੋ ਦੂਰ ਅਬਿ ਹੋਹੁ। ਜਾਚਹੁ ਲਖਿ ਪ੍ਰਸੰਨ ਮਨ ਮੋਹੁ' ॥ ੩ ॥ ਸੁਨਤਿ ਗੁਰੂ ਕੇ ਬਾਕ ਸੁਹਾਏ। ਖਰੇ ਰਹਤੇ ਮੁਖ ਬਿਨੈ ਅਲਾਏ। 'ਅਪਰਾਧੀ ਮੈਂ ਨਾਥ ਤਿਹਾਰੇ। ਬਖਸ਼ਹੁ ਅਪਨੋ ਦਾਸ ਬਿਚਾਰੋ ॥ ੪ ॥ ਸਭਿ ਬਿਧਿ ਤੇ ਹਮ ਔਗੁਨ ਹਾਰੇ। ਗੁਰਨਿ ਬਿਰਦ ਬਖ-ਸ਼ਿੰਦ ਉਦਾਰੇ। ਕਰਿ ਪਾਵਨ ਪਾਵਨ ਅਬਿ ਲਾਵਹੁ[੨]। ਜਗ ਲੋਕਨਿ ਕੇ ਕਸ਼ਟ ਮਿਟਾਵਹੁ ॥੫॥ ਤਨ ਧਨ ਆਦਿਕ ਸਕਲ ਸਮਾਜਾ। ਜੋ ਰਾਵਰ ਕੇ ਆਵਹਿ ਕਾਜਾ। ਸੋ ਸਫਲਹਿ ਨਤੁ ਬਿਰਥਾ ਸਾਰੇ। ਇਹੈ ਭਾਵਨਾ ਰਿਦੈ ਹਮਾਰੇ' ॥੬॥ ਸੁਨਿ ਗੁਰ ਸ੍ਰਾਪ ਮਿਟਾਵਨਿ ਲਾਗੇ। ਕ੍ਰਿਪਾ ਦ੍ਰਿਸ਼ਟਿ ਪਿਖਿ ਠਾਂਢੇ ਆਗੇ। 'ਪਾਥਰ, ਪੰਨਗ, ਮੇਘਨਿ ਜੋਨੀ। ਕਹੀ ਸੁ ਬਖਸ਼ੀ, ਕੋਇ ਨ ਹੋਨੀ ॥ ੭ ॥ ਚਲਹਿ ਬੰਸ, ਬਿਥਰਹਿ ਜਗ ਮਾਂਹੀ। ਕਹੇ ਸ੍ਰਾਪ ਸੋ ਲਾਗਹਿਂ ਨਾਂਹੀ। ਤੁਵ ਕੁਲ ਕੇ ਹੁਇ ਹੈਂ ਸਭਿ ਸੌਂਤ[੩]। ਬਖਸ਼ੀ ਅਬਿ ਫਾਹੇ ਕੀ ਮੌਤ' ॥੮॥ ਇਮ ਸਭਿ ਸ੍ਰਾਪ ਬਖ਼ਸ਼ ਜਬਿ ਦਿਏ। ਗੈਰਾ ਕਹੇ ਨੰਮ੍ਰਿਤਾ ਲਏ। 'ਬਖ਼ਸ਼ੇ ਆਪ ਸ੍ਰਾਪ ਕਰਿ ਕਰੁਨਾ। ਤਊ ਸ਼ਰੀਰਨਿ ਸਭਿ ਹੀ ਮਰਨਾ ॥੯॥ ਥਿਰ ਜਗ ਬਿਖੈ ਰਹੈ ਨਹਿਂ ਕੋਈ। ਅੰਤ ਸਮਾ ਸਭਿ ਤਨ ਕੋ ਹੋਈ। ਯਾਂਤੇ ਮ੍ਰਿਤੁ ਮਮ ਪਰ ਕੈ ਫਾਹੀ। ਏਕ ਸ੍ਰਾਪ ਇਹ ਬਖਸ਼ਹੁ ਨਾਂਹੀ ॥ ੧੦ ॥ ਫਾਹੇ ਮੌਤ ਬਿਖੈ ਮੈਂ ਮਰੌਂ*। ਸ੍ਰਾਪ ਆਪ ਕੋ ਐਸੋ ਧਰੌਂ। ਜੋ ਇਕ ਸ੍ਰਾਪ ਭੀ ਨ ਸਫਲਾਵੈ। ਕਿਤਿਕ ਅਸ਼ਰਧਕ ਏਵ ਅਲਾਵੈਂ ॥੧੧॥–ਗੁਰ ਕੇ ਬਚਨ ਭਏ ਸਭਿ ਝੂਠੇ। ਸਫਲਤੇ ਏਕ ਨ, ਫੁਰੇ ਅਪੂਠੇ–। ਰਹਨਿ ਦੇਹੁ ਇਹ ਕ੍ਰਿਪਾ ਨਿਧਾਨਾ!' ਸੁਨਿ ਪੁਨਿ ਗੁਰੂ ਪ੍ਰਸੰਨ ਮਹਾਨਾ ॥੧੨॥ 'ਸਿੱਖਨਿ ਕੋ ਇਮ ਹੀ ਬਨਿ ਆਵੈ। ਜਿਸ ਤੇ ਗੁਰ ਮਹਿਮਾ ਅਧਿਕਾਵੈ। ਜਾਂਕੇ ਕਰੇ ਹੀਨਤਾ ਹੋਇ। ਤਿਸ ਕੋ ਕਰਹਿ ਨਹੀਂ ਸਿਖ ਜੋਇ ॥ ੧੩ ॥ ਇਹ ਆਛੀ ਤੇ:

[੧]ਅਪਣੇ ਆਪ ਨੂੰ। [੨]ਪਵਿੱਤ੍ਰ ਕਰੋ ਤੇ ਚਰਨੀਂ ਹੁਣ ਲਾਵੋ। [੩]ਉਲਾਦ ਵਾਲੇ।

*ਗੈਰਾ ਅਪਣੇ ਕੀਤੇ ਦੀ ਸਜ਼ਾ ਆਪ ਕੇਸ ਰੱਖ ਰਿਹਾ ਹੈ।

ਰਿਦੈ ਬਿਚਾਰੀ। ਇਕ ਸ੍ਰਾਪ ਰਾਖ੍ਯੋ ਇਸ ਬਾਰੀ। ਅਪਨੋ ਭਲੋ ਸਕਲ ਹੀ ਕੀਨਾ। ਗੁਰ ਮਹਿਮਾ ਮਹਿਂ ਰਹ੍ਯੋ ਪ੍ਰਬੀਨਾ ॥੧੪॥ ਫਾਹੀ ਮੌਤ ਜੁ ਰਾਖਨਿ ਕਰੀ। ਸੋ ਭੀ ਹੁਇ ਸੁਖੇਨ ਤਿਸ ਘਰੀ। ਮਰਹਿਂ ਸੁਛੰਦ ਪਾਇ ਗਰ ਫਾਹੀ[1]। ਆਪਹਿ ਬਹਾਨਾ ਕੋ ਬਨਿ ਜਾਹੀ' ॥ ੧੫ ॥ ਇਮ ਬਖਸ਼੍ਯੋ ਨਿਜ ਨਿਕਟਿ ਬਿਠਾਯੋ। ਕੇਤਿਕ ਘਾਵ ਲਗੇ ਦਰਸਾਯੋ। 'ਕਿਤਿਕ ਸਿੱਖ ਘਾਇਲ ਕੈ ਮਰੇ? ਹਤੇ ਤੁਰਕ ਕੇਤਿਕ ਜੇ ਅਰੇ?' ॥੧੬॥ ਹਾਥ ਜੋਰਿ ਗੌਰਾ ਪੁਨ ਕਹੈ। 'ਜਿਸ ਕੋ ਰਾਖਹੁ ਸੋ ਜਗ ਰਹੈ। ਜਿਸ ਕੋ ਮਾਰਹੁ ਸੋ ਮਰਿ ਜਾਇ। ਇਹ ਰਾਵਰ ਕੀ ਸਰਬ ਰਜ਼ਾਇ ॥੧੭॥ ਕਹੌਂ ਕਹਾਂ ਮੈਂ ਆਪ ਅਗਾਰੀ। ਕਾਰਨ ਕਰਨ ਏਕ ਤੁਮ ਭਾਰੀ'। ਸਾਦਰ ਦੇਖਿ ਗੁਰੂ ਨਿਜ ਹਾਥ। ਮੁਖ ਤੇ ਧੂਲ ਪੌਂਛਿ ਪਟ ਸਾਥ ॥੧੮॥ ਹੁਤੋ ਮਹਾਂ ਅਪਰਾਧੀ ਜੋਇ। ਨਿਜ ਸੇਵਕ ਲਖਿ ਬਖਸ਼੍ਯੋ ਸੋਇ। ਸਭਿ ਡੇਰਾ ਨਿਜ ਨਿਕਟਿ ਮੰਗਾਯੋ। ਸੈਨ ਆਪਨੀ ਬਿਖੈ ਮਿਲਾਯੋ ॥੧੯॥ ਹਰਖ੍ਯੋ ਗੌਰਾ ਗੁਰ ਕਰੁਨਾ ਤੇ। ਦੁਖਦ ਸ੍ਰਾਪ ਰਿੰਡਾ ਜੁਤਿ ਹਾਤੇ। ਨਿਜ ਡੇਰੇ ਮਹਿਂ ਸਭਿ ਕੀ ਸਾਰ। ਜੰਗ ਕਰਤਿ ਜੇ ਕਿਤਿਕ ਸੁਮਾਰ[2] ॥੨੦॥ ਖਾਨ ਪਾਨ ਕੀ ਸੁਧ ਸਭਿ ਲੀਨਿ। ਸੋ ਸਰਬਰੀ[3] ਬਿਤਾਵਨਿ ਕੀਨਿ। ਦਿਨ ਮਹਿਂ ਸਤਿਗੁਰ ਕਰ੍ਯੋ ਮੁਕਾਮੁ। ਲਗ੍ਯੋ ਦਿਵਾਨ ਭਜਨ ਸਤਿਨਾਮੁ ॥੨੧॥ ਬ੍ਰਿੰਦ ਮਸੰਦ ਮੇਵੜੇ ਪਾਸ। ਸੁਭਟਨਿ ਕੋ ਸਮੁਦਾਇ ਸੁ ਦਾਸ। ਸੰਗਤਿ ਨਈ ਪੁੰਜ ਚਲਿ ਆਈ। ਅਨਿਕ ਅਕੋਰਨ ਕੋ ਅਰਪਾਈ ॥੨੨॥ ਤਬਿ ਗੌਰਾ ਬੁਲਿਵਾਯੋ ਪਾਸ। ਆਯੋ ਨਿਕਟਿ ਸੰਗ ਗਨ ਦਾਸ। ਕਹਿ ਸਾਦਰ ਸਤਿ-ਗੁਰ ਬੈਠਾਯੋ। ਸੁਜਸੁ ਸੁਰਤਾ ਸ੍ਰੀ ਮੁਖ ਗਾਯੋ ॥ ੨੩ ॥ ਕਹ੍ਯੋ ਤਬਹਿ 'ਅਪਨੇ ਘਰ ਜਾਓ। ਕਰਹੁ ਰਾਜ ਸਭਿ ਕਾਜ ਚਲਾਓ। ਦਿਵਸ ਘਨੇ ਬੀਤੇ ਇਤ ਆਏ। ਜਾਇ ਸੰਭਾਲਹੁ ਸੁਖ ਉਪਜਾਏ' ॥ ੨੪॥ ਹਾਥ ਜੋਰਿ ਗੌਰਾ ਤਬਿ ਕਹੇ। 'ਰਾਵਰ ਕੀ ਰਜ਼ਾਇ ਮਹਿਂ ਰਹੇ'। ਸਿਰੋਪਾਵ ਤਬਿ ਗੁਰੂ ਮੰਗਾਯੋ। ਨਿਜ ਕਰ ਤੇ ਤਿਸ ਤਨ ਪਹਿਰਾਯੋ ॥੨੫॥ ਹੁਇ ਪ੍ਰਸੰਨ ਕਰਿ ਬਿਦਾ ਉਚਾਰਾ। 'ਹਮ ਗਮਨੈਂ ਹਟਿ ਪੁਰਿ ਕਰਤਾਰਾ। ਕੇਤਿਕ ਸਮਾ ਬਿਤਾਵਹਿਂ ਤਹਾਂ। ਤੂੰ ਚਲਿ ਜਾਹੁ ਬਠਿੰਡਾ ਜਹਾਂ ॥੨੬॥ ਤਿਸੀ ਦੇਸ਼ ਮਹਿਂ ਘਾਲਹੁ ਜ਼ੋਰ। ਅਪਨਾ ਰਾਜ ਬਧਾਵਹੁ ਹੋਰ'। ਸਭਿਨਿ ਸੁਨਾਇ ਭਨੀ

[1]ਭਾਵ ਇਹ ਕਿ ਫਾਂਸੀ ਨਹੀਂ ਪਰ ਗਲੇ ਵਿਚ ਆਪੇ ਰੱਸੀ ਆਦਿਕ ਪੇਕੇ। [2]ਜ਼ਖਮੀ। [ਹਿੰ: ਮਾਰਨਾ ਤੋਂ, ਜਿਸ ਬਾਵੇਂ ਮਾਰ ਪਈ ਹੋਵੇ, ਜਿਸਨੇ ਚੋਟ ਖਾਧੀ ਹੋਵੇ]। [3]ਰਾਤ।

ਬਡਿਆਈ। ਖਰੋ ਹੋਇ ਤਬਿ ਗ੍ਰੀਵ ਨਿਵਾਈ ॥ ੨੭ ॥ ਚਰਨ ਸਪਰਸ਼ਤਿ ਬੰਦਨ ਕਰਿਕੈ। ਚਲਯੋ ਅਧਿਕ ਉਰ ਆਨੰਦ ਧਰਿਕੈ। ਏਕ ਨਿਸਾ ਬੀਤੀ ਪੁਨ ਔਰਾ। ਚਲਿਬੇ ਕੋ ਤਯਾਰ ਭਾ ਗੌਰਾ ॥ ੨੮ ॥ ਜਥਾ ਜੋਗ ਸਭਿ ਸੋਂ ਮਿਲਿ ਕਰਿ ਕੈ। ਸ੍ਰੀ ਸਤਿਗੁਰ ਕੇ ਪਾਇਨਿ ਪਰਿਕੈ। ਜੰਗਲ ਦੇਸ਼ ਬਿਖੈ ਚਲਿ ਗਯੋ। ਅਪਨੋ ਜ਼ੋਰ ਜਨਾਵਤਿ ਭਯੋ ॥੨੯॥ ਅਧਿਕ ਗ੍ਰਾਮ ਤਿਹ ਕੇ ਅਪਨਾਇ। ਸਭਿ ਪਰ ਨਰ ਪਠਿ ਹੁਕਮ ਚਲਾਇ।ਮਹਾਂ ਕਠੋਰ ਹੋਇ ਕਿਯ ਰਾਜਾ[1]। ਘਰ ਮੈਂ ਬਰਧਯੋ ਸਕਲ ਸਮਾਜਾ ॥ ੩੦ ॥ ਰਹਯੋ ਬਠਿੰਡੇ ਮਹਿ ਚਿਰਕਾਲ। ਸੰਗ ਬਿਰਾਜਤਿ ਚਮੂੰ ਬਿਸਾਲ। ਅਬਿ ਸਤਿਗੁਰ ਕੀ ਕਥਾ ਸੁਨੀਜੈ।ਜਨਮ ਅਨੇਕ ਪਾਪ ਹਨਿ ਦੀਜੈ॥੩੧॥ਚਢਿ ਕਰਿ ਸਭਿ ਅਨੀਕ[2] ਲੇ ਸਾਥ।ਸਤੱਦ੍ਰਵ ਤਟ ਪਹੁੰਚੇ ਗੁਰ ਨਾਥ।ਕੇਵਟ ਕੋ ਤਤਕਾਲ ਬੁਲਾਯੋ। ਬ੍ਰਿੰਦ ਤਰੀ ਲੈ ਕਰਿ ਸੋ ਆਯੋ ॥ ੩੨ ॥ ਦ੍ਰਿਢ ਤਰਨੀ ਪਰ ਬੈਠਤਿ ਭਏ। ਪਰਲੇ ਪਾਰ ਉਤਰਿ ਗੁਰ ਗਏ।ਪੁਨ ਸਭਿ ਸੈਨਾ ਪਾਰਿ ਉਤਾਰੀ।ਕੇਵਟ ਕੋ ਬਖਸ਼ਯੋ ਧਨ ਭਾਰੀ ॥੩੩॥ਤਹਿੰ ਨਿਸ ਬਸਿ ਕੈ ਭੋਰ ਸਿਧਾਏ। ਮਗ ਮਹਿੰ ਕਰਿ ਬਿਲਾਸ ਸਮੁਦਾਇ। ਸ੍ਰੀ ਕਰਤਾਰ ਪੁਰੇ ਚਲਿ ਗਏ। ਧੀਰਮੱਲ ਆਗੂ ਹੁਇ ਲਏ ॥੩੪॥ ਗਨ ਪੁਰਿ ਜਨ ਬਹੁ ਲੀਨਿ ਅਕੋਰ। ਦਰਸ਼ਹਿ ਆਇ ਗੁਰੂ ਕਰ ਜੋਰਿ। ਕੁਸ਼ਲ ਪ੍ਰਸ਼ਨ ਕਰਿ ਸਭਿ ਕੇ ਸਾਥ। ਭਏ ਪ੍ਰਵੇਸ਼ ਨਗਰ ਮਹਿੰ ਨਾਥ ॥ ੩੫ ॥ ਦਲ ਉਤਰਯੋ ਬਾਗਨਿ ਕੀ ਛਾਯਾ। ਹੇਰਿ ਹੇਰਿ ਜਿਹ ਜਿਹ ਮਨ ਭਾਯਾ। ਅੰਤਹਿਪੁਰਿ ਗੁਰ ਕੋ ਤਹਿੰ ਗਯੋ। ਸਦਨ ਖ਼ਾਸ ਮਹਿ ਉਤਰਤਿ ਭਯੋ॥੩੬॥ਸਨੈ ਦਨ ਡੇਰੇ ਵਾਹਨ ਤਯਾਗੇ। ਸੁਖ ਕੇ ਸੰਗ ਬਸਨ ਘਰ ਲਾਗੇ। ਧੀਰਮੱਲ ਬੂਝੀ ਸੁ ਲਰਾਈ। 'ਕਿਮ ਆਵਤਿ ਇਹ ਬਾਦ ਮਚਾਈ? ॥੩੭॥ ਤੁਰਕਨਿ ਸੋਂ ਬਿਰੋਧ ਨਹਿੰ ਕਰੀਅਹਿ।ਛੇਮ ਸਹਤ ਘਰ ਸਮਾਂ ਗੁਜ਼ਰੀਅਹਿ'। ਸ੍ਰੀ ਹਰਿਰਾਇ ਸਕਲ ਸਮੁਝਾਈ। 'ਮੁਗ਼ਲਸਖਾਂ ਪੌਤ੍ਰੇ ਰਿਸ ਛਾਈ ॥੩੮॥ ਬੈਰ ਪਿਤਾਮੇ ਕੋ ਸੰਭਾਰਾ।ਹਮ ਸੋਂ ਚਹਯੋ ਕਰਨਿ ਕੋ ਰਾਰਾ। ਸੈਨਾ ਪ੍ਰੇਰੀ ਨਿਜ ਸਮੁਦਾਈ। ਸਭਿ ਵਹੀਰ ਹਮਰੇ ਪਰ ਆਈ ॥੩੯॥ ਸੁਧ ਪਾਈ ਹਮ ਜਾਤਿ ਅਗਾਰੀ[3]।ਬਹੁਰ ਪਿਤਾਮੇ ਗਿਰਾ ਬਿਚਾਰੀ। ਜੰਗ ਕਰਨ ਕੋ ਬਰਜੇ ਹੁਤੇ। ਹਮ ਹਟਿ ਰਹੇ ਜਾਨਿ ਸੋ ਮਤੇ[4] ॥ ੪੦

[1]ਤਕੜਾ ਹੋਕੇ ਰਾਜ ਕਰਨ ਲਗਾ।ਨਿਆਇ ਵਿਚ ਜੋਰਈ ਨਾ ਕਰੇ, ਇਨਸਾਫ ਤੇ ਕਰਦਾ ਰਹੇ, ਦੋਸ਼ੀਆਂ ਨੂੰ ਦੰਡ ਦੇਣ ਵਿਚ ਕਮਜ਼ੋਰੀ ਨਾ ਖਾਵੇ। [2]ਸੈਨਾ। [3]ਅੱਗੇ ਜਾਂਦਿਆਂ। [4]ਭਾਵ ਕੇਵੇਂ ਗੁਰਾਂ ਦਾ ਹੁਕਮ।

॥ ਭਗਤੂ ਸੁਤ ਬਡ ਹੁਤੋ ਪਿਛਾਰੀ। ਤਿਨ ਤੁਰਕਨਿ ਕੀ ਚਮੂੰ ਨਿਹਾਰੀ।
ਜਬਿ ਬਹੀਰ ਪਰ ਆਵਨ ਲਾਗੀ। ਹਤੇ ਸ਼ਸਤ੍ਰ ਤਬਿ ਤਿਹ ਰਿਸ ਜਾਗੀ॥
੪੧॥ ਅਪਨੇ ਸਭਿ ਬਚਾਇ ਸੋ ਮਾਰੇ। ਨਿਸਾ ਪਰੀ ਨਿਜ ਦਿਸ਼ਾ ਸਿਧਾਰੇ।
ਔਰਕ ਭੋਰ ਪਰਨੈ ਇਸ ਭਾਂਤਿ।ਦੁਹਿਦਿਸ਼ਿ ਹਟੇ ਪਰੀ ਲਖਿ ਰਾਤਿ[1]॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਕਰਤਾਰ ਪੁਰ ਆਵਨ' ਪ੍ਰਸੰਗ ਬਰਨਨੰ ਨਾਮ ਪੰਚ ਦਸਮੋ ਅੰਸੂ ॥ ੧੫ ॥

## ੧੬. [ਕਰਤਾਰ ਪੁਰ ਨਿਵਾਸ। ਦਿਜ ਪੁੱਤ੍ਰ ਮੋਇਆ]।

ਦੋਹਰਾ ॥ ਬਸਤਿ ਭਏ ਸ੍ਰੀ ਸਤਿਗੁਰੂ ਅਪਨੇ ਪੁਰਿ ਕਰਤਾਰ। ਬਿੰਦੂ ਸੰਗਤਾਂ ਦਿਸ਼ਨਿ[1] ਤੇ ਆਵਹਿਂ ਚਲੀ ਉਦਾਰ॥ ੧॥ ਚੌਪਈ ॥ ਪਰਬ ਦਿਵਸ ਮਹਿ ਲਾਗਹਿ ਮੇਲਾ। ਪੁਰਿ ਗ੍ਰਾਮਨਿ ਤੇ ਹੋਇ ਸਕੇਲਾ। ਸੰਤ ਮਹੰਤ ਮਸੰਦ ਬਿਸਾਲੇ।ਪਹੁੰਚੇ ਤਜਿ ਨਿਜ ਦੇਸ਼ਨ ਜਾਲੇ॥੨॥ਸੰਨਿਆਸੀ ਬੈਰਾਗੀ ਘਨੇ।ਸਿੱਖ ਸੰਗਤਾਂ ਕੇ ਕਿਮ* ਗਿਨੇ। ਭਾਂਤਿ ਭਾਂਤਿ ਕੀ ਲੈ ਉਪਹਾਰ।ਪਹੁੰਚਹਿਂ ਸਤਿ-ਗੁਰ ਕੇ ਦਰਬਾਰ ॥੩॥ ਦਰਸ਼ਨ ਪਰਸਹਿਂ ਬਾਂਛਤਿ ਪਾਵਹਿਂ। ਮੇਲਾ ਹੋਤਿ ਦਿਸ਼ਨਿ[1] ਤੇ ਆਵਹਿਂ। ਸੱਤਿਨਾਮ ਉਪਦੇਸ਼ਨਿ ਕਰੈਂ। ਸੁਨਿ ਗੁਰ ਤੇ ਮਨ ਮਹਿਂ ਸਿਖ ਧਰੈਂ ॥ ੪ ॥ ਕੇਤਿਕ ਬ੍ਰਹਮ ਗਯਾਨ ਕੋ ਪਾਇ। ਆਨੰਦ ਆਤਮ ਬਿਖੈ ਸਮਾਇ। ਕੇਤਿਕ ਨਵ ਨਿੰਧਿਨਿ ਕੋ ਪਾਵੈਂ। ਜਨਮ ਜਨਮ ਕੇ ਕਸ਼ਟ ਮਿਟਾਵੈਂ॥੫॥ਸਿੱਧਿ ਅਠਾਰਹਿਂ ਪ੍ਰਾਪਤਿ ਹੋਇ। ਅਜ਼ਮਤ ਸਕਲ ਭਾਂਤਿ ਕੀ ਕੋਇ। ਸਭਿ ਕਿਛੁ ਬਸਹਿ ਗੁਰੂ ਦਰਬਾਰ। ਦੇਤਿ ਸੇਵਕਨਿ ਸਦਾ ਉਦਾਰ ॥ ੬ ॥ ਇਸ ਬਿਧਿ ਕੇਤਿਕ ਦਿਵਸ ਬਿਤਾਏ। ਪੁਰਿ ਕਰ-ਤਾਰ ਬਸੇ ਸੁਖ ਪਾਏ। ਬਲਖ ਬੁਖਾਰਾ ਆਦਿਕ ਦੇਸ਼। ਆਨਹਿਂ ਅਰਪਹਿਂ ਹਯਨਿ ਵਿਸ਼ੇਸ਼ ॥ ੭ ॥ ਆਯੁਧ ਅਧਿਕ ਮੋਲ ਕੇ ਲਯਾਵਹਿਂ। ਪਸ਼ਮੰਬਰ ਆਦਿਕ ਅਰਪਾਵੈਂ। ਪੁਰਿ ਕਸ਼ਮੀਰ ਔਰ ਮੁਲਤਾਨ। ਥੱਠਾ[2] ਭੱਖਰ[3] ਦੇਸ਼ ਮਹਾਨ ॥੮॥ ਦੱਖਣ ਪੂਰਬ ਪਰਬਤਿ ਵਾਸੀ। ਤਪੀ ਦਿਗੰਬਰ ਜਪੀ ਉਦਾਸੀ। ਗ੍ਰਿਹਸਤੀ ਕੈ ਬਿਰਕਤ ਨਰ ਹੋਇ। ਦਰਸਹਿ ਆਨਿ ਗੁਰੂ ਸਭਿ ਕੋਇ॥੯॥ਸਿੱਖ ਜਿ ਦਰਬ ਕਮਾਵਨਿ ਕਰਿਹੀਂ। ਤਿਹ ਦਸਵੰਧ ਅੱਗ੍ਰ ਗੁਰ ਧਰਿਹੀਂ।ਭੂਰੀ[4]ਭੀਰ ਭਰੀ ਨਿਤ ਰਹੈ।ਸ੍ਰੀ ਸਤਿਗੁਰ ਦਰਬਾਰ ਜਿ ਅਹੈ ॥੧੦॥ਦੇਸ਼ਨਿ ਮਹਿਂ ਮਸੰਦ ਜੋ ਬ੍ਰਿੰਦ। ਪਹੁੰਚਹਿਂ ਗੁਰ ਧਨ ਲਿਯੇ ਬਿਲੰਦ। ਕੇਚਿਤ ਲੱਛ ਦਰਬ ਲੇ ਆਵੈਂ। ਕਿਤਿਕ ਹਜ਼ਾਰਨਿ ਕਰਿ ਇਕ

[1](ਚਾਰੋਂ) ਪਾਸਿਆਂ ਤੋਂ। [2]ਠੱਟਾ, ਸਿੰਧ ਦਾ ਇਕ ਨਗਰ। [3]ਦੁਆਬਾ ਸਿੰਧ ਸਾਗਰ ਦਾ ਇਕ ਨੱਗਰ, ਸੱਕਰ ਦੇ ਜ਼ਿਲੇ ਵਿਚ ਇਕ ਇਲਾਕਾ। [4]ਬਹੁਤੀ। *ਪਾ:-ਤਿਨ।

ਥਾਵੈਂ ॥੧੧॥ਖਸ਼ਟ ਮਾਸ ਮਹਿਂ ਕੋ ਚਲਿ ਆਇ। ਕੋ ਸੰਮਤ ਮਹਿਂ ਧਨ ਪਹੁੰ-ਚਾਇ। ਰਹੈਂ ਮਸੰਦ ਹਜ਼ਾਰਹੁੰ ਦੇਸ਼।ਲੇ ਸੰਗਤਿ ਤੇ ਦਰਬ ਵਿਸ਼ੇਸ਼॥੧੨॥ ਗੁਰ ਢਿਗ ਸੋ ਪਹੁੰਚਾਵਹਿ ਆਇ। ਵਸਤੁ ਅਮੋਲਕ ਲੇ ਅਰਪਾਇਂ। ਜਹਾਂ ਤਹਾਂ ਸਿਖ ਸੰਗਤਿ ਕੋਇ। ਸਿਮਰੇ ਗੁਰੂ ਸਹਾਇਕ ਹੋਇਂ॥ ੧੩ ॥ ਬਿਘਨ ਅਨੇਕ ਰੀਤਿ ਕੇ ਟਾਰਹਿਂ। ਪੁਨ ਚੱਛਾ ਪਰਲੋਕ ਸੁਧਾਰਹਿਂ। ਨਿਤ ਨਵੀਨ ਮਹਿੰਮਾਂ ਅਧਿਕਾਇ। ਸਾਗਰ ਕੇ ਟਾਪੂ ਲਗਿ ਜਾਇ॥ ੧੪ ॥ ਸਿੱਖੀ ਗੁਰ ਕੀ ਦੇਸ਼ ਬਿਦੇਸ਼। ਸ਼ੁਭ ਮਾਰਗ ਨਰ ਲਗੇ ਵਿਸ਼ੇਸ਼।ਰਾਤਿ ਪਾਛਲੀ ਕਰਹਿ ਸ਼ਨਾਨ। ਸਿਮਰਹਿ ਪ੍ਰਭੁ ਕੋ ਦੇ ਬਹੁ ਦਾਨ॥੧੫॥ ਕਰੈਂ ਨੇਮ ਗੁਰਬਾਨੀ ਪਢੈਂ। ਗੁਰ ਕੇ ਪ੍ਰੇਮ ਛੇਮ ਕੋ ਬਢੈਂ। ਕੇਤਿਕ ਮਾਸ ਬਾਸ ਕੋ ਕਰਨੈ। ਮਿਲਿ ਮਿਲਿ ਗੁਰ[1],ਸ਼ੁਭ ਮਗ ਜਗ ਪਰਨੈ ॥ ੧੬ ॥ ਮੇਲਾ ਬਹੁਰ ਬਸੋਏ[2] ਕੇਰਾ। ਚਹੁੰਦਿਸ਼ਿ ਤੇ ਆਗਮਨ ਘਨੇਰਾ। ਲਘੁ ਸੁਤ ਭਗਤੂ ਕੋ ਚਲਿ ਆਯੋ। ਜਿਸ ਕੋ ਜੀਵਣ ਨਾਮੁ ਸੁਹਾਯੋ ॥ ੧੭ ॥ ਗੌਰਾ ਬਡੋ ਰਾਜਸੀ ਲੱਛਨ। ਇਸ ਕੋ ਸੰਤ ਸੁਭਾਵ ਬਿਚੱਛਨ। ਸੰਗ ਬਿਰਾੜ ਸੰਗਤਾਂ ਕੇਈ। ਗੁਰੂ ਦਰਸ ਕੋ ਪਹੁੰਚੇ ਤੇਈ॥੧੮॥ ਅਪਰ ਕਹਾਂ ਲਗਿ ਗਿਨੀਅਹਿ ਮੇਲਾ। ਜੋ ਸਤਿਗੁਰ ਦਰਬਾਰ ਸਕੇਲਾ। ਖਰੇ ਮੇਵੜੇ ਸਭਾ ਮਝਾਰੈਂ। ਸਿੱਖਨਿ ਕੀ ਅਰਦਾਸ ਉਚਾਰੈਂ ॥ ੧੯ ॥ ਲੇ ਲੇ ਧਨ ਮਸੰਦ ਸਮੁਦਾਏ। ਆਨਿ ਗੁਰੂ ਕੋ ਦਰਸ਼ਨ ਪਾਏ। ਨਿਜ ਨਿਜ ਸੰਗ ਸੰਗਤਾਂ ਬ੍ਰਿੰਦ।ਕਰਹਿਂ ਜਨਾਵਨਿ ਜੁਗ ਕਰ ਬੰਦਿ ॥੨੦॥ ਭੂਤ ਸਮੈਂ ਕੀ ਭਾਖਹਿ ਕੇਈ। ਕੇਚਿਤ ਕਹੈਂ 'ਭਵਿੱਖਤ ਲੇਈਂ। ਬਰਤਮਾਨ ਕਾਮਨਾ ਜੁ ਬ੍ਰਿੰਦ। ਪੂਰੀ ਕਰੀ, ਪੂਰਹੁ[3] ਸੁਖਕੰਦ ! ॥ ੨੧ ॥ ਬਿਘਨ ਬਿਨਾਸ਼ਹੁ ਦਾਸਨ ਰਾਸ। ਬਨਹੁ ਸਹਾਇਕ ਅਨੰਦ ਪ੍ਰਕਾਸ਼'। ਦਰਸਹਿ ਚਹੁੰਦਿਸ਼ਿ ਮਹਿਂ ਨਰ ਭੀਰ।ਮੁੱਖਜ ਹਜ਼ਾਰਹੁੰ ਬੈਠੇ ਤੀਰ॥ ੨੨ ॥ ਦੂਰ ਦੂਰ ਲੌ ਠਾਂਢੇ ਬ੍ਰਿੰਦ। ਦੇਖਹਿਂ ਸਤਿਗੁਰ ਮੁਖ ਅਰਬਿੰਦ। ਕਰੁਨਾ ਭਰੇ ਸਲਾਜ ਬਿਲੋਚਨ। ਡਾਰਤਿ ਦ੍ਰਿਸ਼ਟਿ ਗੁਰੂ ਦੁਖ ਮੋਚਨ ॥ ੨੩ ॥ ਬਯਾਪਕ ਘਟ ਘਟ ਕੀ ਸਭਿ ਜਾਨਤਿ।ਆਸ ਕਹੇ ਬਿਨ ਪੂਰਨਠਾਨਤਿ[4]।ਜੋ ਸਹਿਕਾਮੀ ਦਾਸ ਮਹਾਨੇ। ਕਲਪ ਤਰੋਵਰ ਕੀ ਸਮ ਜਾਨੇ॥੨੪॥ਜੱਗਜਾਸੀ ਜੇਤਿਕ ਢਿਗ ਆਏ। ਬਿਸ਼ਨੁ ਸਰੂਪ ਲਖਹਿਂ ਮਨ ਭਾਏ। ਕਿਤਿਕ

[1]ਗੁਰਾਂ ਨੂੰ। [2]ਵਿਸਾਖੀ। [3](ਹੁਣ) ਪੂਰਨ ਕਰੋ। [4]ਬਿਨਾਂ ਕਹੇ ਹੀ ਆਸਾਂ ਪੂਰਨ ਕਰਦੇ ਹਨ।

ਮਮੋਖੀ[1] ਦਰਸ਼ਨ ਕਰੈਂ । ਪਿਖਹਿ ਗਗਨ ਕੋ ਸੂਰਜ ਚਰੈ ॥ ੨੫ ॥ ਇਸ
ਪ੍ਰਕਾਰ ਮੇਲਾ ਬਹੁ ਭਯੋ। ਦਰਸਤਿ ਚਿਤ ਬਾਂਛਤਿ ਕੋ ਲਯੋ। ਪੰਚ ਦਿਵਸ
ਲੌ ਸੰਗਤਿ ਰਹੀ। ਘਰ ਕੋ ਜਾਨਿ ਕਰਹਿਂ ਮਨ ਨਹੀਂ ॥ ੨੬ ॥ ਆਪਸ
ਮਹਿਂ ਸਿਖ ਸੰਗਤ ਮੇਲਾ। ਸ਼ਬਦ ਅਰਥ ਸੰਬਾਦ ਸੁਹੇਲਾ[2] । ਪਰਚਤਿ
ਅਤਿ ਅਨੰਤ ਕੋ ਪਾਇ। 'ਧੰਨ ਧੰਨ' ਗੁਰ ਸਤੁਤਿ ਸੁਨਾਇ ॥੨੭॥ ਬਹੁਰ
ਬਿਸਰਜਨਿ ਗੁਰ ਤੇ ਭਏ। ਹਰਖੇ ਸਿਰੋਪਾਵ ਨਿਜ ਲਏ।ਜਿਸ ਜਿਸ ਦੇਸ਼
ਮਸੰਦ ਜੁ ਛੋਰੇ। ਲੈ ਲੈ ਖੁਸ਼ੀ ਚਲੇ ਤਿਸ ਓਰੇ ॥੨੮॥ ਜੇ ਨਰ ਮੁੱਖਜ ਸੰਗਤਾਂ
ਮਾਂਹੀ। ਗੁਰ ਤੇ ਸਿਰੋਪਾਉ ਲੇ ਜਾਂਹੀਂ।ਧਨ ਧਾਮਨਿ ਕੀ ਕੁਸ਼ਲ ਬਿਲੰਦ।
ਗੁਰ ਦਿਸ਼ਿ ਤੇ ਚਹਿ ਚਲੇ ਅਨੰਦ ॥ ੨੯ ॥ ਸਾਗਰਾਂਤ ਅਵਿਨੀ ਲੌ[3]
ਜਾਵੈਂ। ਅਨਿਕ ਟਾਪੂਅਨਿ ਤੇ ਨਰ ਆਵੈਂ। ਸੁਜਸੁ ਮਹਾਨ ਬਖਾਨਤਿ
ਜਾਤੇ।'ਸਤਿਗੁਰ ਸਕਲ ਜਗਤ ਕੇ ਦਾਤੇ' ॥੩੦॥ ਬਹੁਰ ਕਿਤਿਕ ਜਬਿ
ਦਿਵਸ ਬਿਤਾਏ। ਸ੍ਰੀ ਕਰਤਾਰ ਪੁਰੇ ਸੁਖ ਪਾਏ।ਇਕ ਦਿਜ ਕੋ ਨੰਦਨ ਮਰਿ
ਗਯੋ। ਦ੍ਵਾਦਸ਼ ਸੰਮਤ ਕੋ ਜਬਿ ਭਯੋ ॥ ੩੧ ॥ ਗੁਰ ਦਸੌਂਧੀਆ ਦਿਜ ਸੁਤ
ਕਰਨੇ। ਤਊ ਨ ਜਿਯੋ ਅਚਾਨਕ ਮਰਨੇ। ਇਕ ਹੀ ਹੁਤੋ ਪ੍ਰਾਨ ਤੇ ਪਯਾਰੋ।
ਅਨਿਕ ਉਪਾਇ ਬਿੱਪ੍ਰ ਕਰਿ ਪਾਰੋ ॥ ੩੨ ॥ ਨਿਸ ਦਿਨ ਮੁਖ ਦੇਖਤਿ ਸੁਖ
ਪਾਵਤਿ। ਦਹਿਰ ਪ੍ਰਾਨ ਸਮਸਰ ਮਨ ਭਾਵਤਿ[4] । ਜਬਿ ਮਰਿ ਗਯੋ ਸ਼ੋਕ
ਉਪਜਾਯੋ। ਪਯਾਰੋ ਜਿਤਿਕ ਤਿਤਿਕ ਦੁਖ ਪਾਯੋ ॥ ੩੩ ॥ ਜਨਨੀ ਕਰਹਿ
ਬਿਲਾਪ ਘਨੇਰੇ। 'ਅਹੋ ਪੁੱਤ੍ਰ ! ਕਤੈਂ ਜਨਮਜੇ ਮੇਰੇ। ਮਰਨੇ ਕਸ਼ਟ ਅਤਿਸ਼ੈ
ਦੇ ਗਯੋ। ਅਜਹੁਂ ਨ ਜਗ ਕੁਛੁ ਦੇਖਤਿ ਭਯੋ' ॥ ੩੪ ॥ ਦਿਜ ਰੋਦਤਿ
ਕਰਿ ਊਚ ਪੁਕਾਰਾ। 'ਹੇ ਸੁਤ ! ਗੁਰ ਕੋ ਕਰਿ ਮੈਂ ਪਾਰਾ। ਨਹਿਂ ਸਹਾਇਤਾ
ਮੇਰੀ ਕੀਨਿ। ਜਮ ਨੇ ਆਇ ਕਰਨੇ ਬਯ ਹੀਨ[5]' ॥ ੩੫ ॥ ਇੱਤਯਾਦਿਕ
ਦਿਜ ਦੰਪਤਿ ਸੋਇ। ਕਰਤਿ ਬਿਲਾਪ ਸ਼ੋਕ ਮੈਂ ਹੋਇ। ਲੀਏ ਅੰਕ ਬਹੁ
ਰੋਦਨ ਠਾਨੇ। ਮਿਲੇ ਨਿਕਟਿ ਕੇ ਲੋਕ ਬਖਾਨੇ ॥ ੩੬ ॥ 'ਅਬਿ ਕਹਾ ਹੋਇ
ਸ਼ੋਕ ਬਡ ਧਰੋ। ਜਾਹੁ ਦਹਿਰ ਲੇ ਗਤਿ ਤਿਸ ਕਰੋ। ਨਹੀਂ ਆਰਬਲ ਲਿਖੀ
ਬਿਧਾਤੇ। ਕਤੈਂ ਦੁਖ ਪਾਵਤਿ ਰੁਦਨ ਮਹਾਂ ਤੇ' ॥ ੩੭ ॥ ਸੁਨਿ ਦੰਪਤਿ

---

[1]ਮੋਖ ਦੀ ਇੱਛਾ ਵਾਲੇ। [2]ਸ਼ਬਦ ਦੇ ਅਰਥ ਦੀ ਸੁਹਣੀ ਚਰਚਾ ਕਰਕੇ। [3]ਭਾਵ ਸਮੁੰਦਰ ਦੇ ਕਿਨਾਰਿਆਂ ਤਕ। [4](ਓਹੁ) ਮਨ ਭਾਂਵਦਾ ਭਾਵ ਪਿਆਰਾ ਸੀ (ਜਿਵੇਂ ਆਪਣੇ) ਪ੍ਰਾਣ ਹੀ ਪਿਆਰ (ਕਿਸੇ ਸਰੂਪ ਵਿਚ ਹੋਣ)। [5]ਭਾਵ ਮਾਰ ਲਿਆ।

ਲੋਕਨਿ ਸੰਗ ਕਹੈਂ। 'ਹਮਰੇ ਸ੍ਰੀ ਗੁਰ ਰਾਖੇ ਰਹੈਂ। ਸਦਾ ਭਰੋਸਾ ਹੈ ਤਿਨ ਕੇਰ। ਭਯੋ ਅਚਾਨਕ ਮ੍ਰਿਤੁ ਸੁਤ ਮੇਰਾ ॥੩੮॥ ਅਬਿ ਭੀ* ਵਹਿਰ ਨਹੀਂ ਲੈ ਜਾਵਹਿਂ। ਸਤਿਗੁਰ ਪੈਰ ਅਗਾਰੀ ਪਾਵਹਿਂ। ਕੈ ਹਮਰੋ ਦੇਂ ਪੁੱਤ੍ਰ ਜਿਵਾਇ। ਨਾਂਹਿ ਤ ਤਹਿਂ ਦੋਨਹੁਂ ਮਰਿ ਜਾਇਂ ॥ ੩੯॥ ਸੁਤ ਕੇ ਸ਼ੋਕ ਨ ਜਿਯਨਿ ਹਮਾਰੋ¹। ਗੁਰ ਬਿਨ ਅਪਰ ਨਹੀਂ ਉਪਚਾਰੋ'। ਇਮ ਕਹਿ ਸੁਤ ਕੋ ਲਿਯੋ ਉਠਾਇ। ਊਚੇ ਰੁਦਨ ਕਰਤਿ ਚਲਿ ਆਇ॥੪੦॥ ਦੋਹਰਾ ॥ ਸ੍ਰੀ ਸਤਿਗੁਰ ਹਰਿਰਾਇ ਕੋ ਹੁਤੋ ਜਹਾਂ ਬਰ ਪੌਰ। ਮ੍ਰਿਤੁ ਸੁਤ ਕੋ ਤਹਿਂ ਪਾਇ ਕਰਿ ਦੰਪਤਿ ਰੋਦਤਿ ਰੌਰ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਦਿਜ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥ ੧੬ ॥

### ੧੭. [ਬ੍ਰਾਹਮਣ ਦਾ ਪੁੱਤ੍ਰ ਜਿਵਾਇਆ]।

ਦੋਹਰਾ ॥ ਦ੍ਵਿਜ ਜਨਨੀ ਰੋਦਤਿ ਅਧਿਕ ਇਕਠੇ ਨਰ ਸਮੁਦਾਇ। ਸ਼ੋਕ ਬਿਲੋਕਤਿ ਰੋਕਤੇ 'ਰੌਰ ਨ ਰੁਦਨ ਉਠਾਇ' ॥੧॥ ਚੌਪਈ ॥ ਕੇਤਿਕ ਨਰ ਸਤਿਗੁਰ ਢਿਗ ਆਏ। ਹੇਤੁ ਰੌਰ ਕੋ ਸਕਲ ਸੁਨਾਏ। 'ਮ੍ਰਿਤਕ ਪੁੱਤ੍ਰ ਕੋ ਬਿੱਪ੍ਰ ਉਠਾਇ। ਪੌਰ ਆਪ ਕੇ ਦੀਨਸਿ ਪਾਇ ॥੨॥ ਰਹੇ ਹਟਾਇ ਹਟਤਿ ਕਿਮ ਨਾਂਹੀ। ਕਹੈ-ਕਿ ਸੁਧ ਦਿਹੁ ਸਤਿਗੁਰ ਪਾਹੀ।ਮੇਰੋ ਪੁੱਤ੍ਰ ਜਿਵਾਵਨਿ ਕਰੈਂ। ਨਾਤੁਰ ਹਮ ਦੋਨਹੁ ਭੀ ਮਰੈਂ-॥੩ ॥ ਸਮੁਝਤਿ ਨਹੀਂ, ਰਹੇ ਸਮੁਝਾਇ'। ਸੁਨਿ ਬੋਲੇ ਸ੍ਰੀ ਗੁਰ ਹਰਿਰਾਇ। 'ਕਹਹੁ ਬਿੱਪ੍ਰ ਸੋਂ-ਕਰਹੁ ਉਠਾਵਨਿ।ਪਰਾਲਬਧ ਪ੍ਰਾਨੀ ਭੁਗਤਾਵਨਿ॥੪॥ਪੂਰਬ ਜਨਮ ਕਰਮ ਜਿਮ ਕਰਿਹੀ। ਜਗ ਮਹਿ ਜੀਵ ਸਰੀਰਨਿ ਧਰਿਹੀ।ਦੁਖ ਸੁਖ ਜਿਤਿਕ ਭੋਗਿਬੋ ਹੋਇ। ਉੱਤਮ ਆਦਿ ਜਨਮ ਜੋ ਕੋਇ॥੫॥ਜਿਤਿਕ ਸਮੇਂ ਲਗਿ ਸ੍ਵਾਸਨਿ ਧਰਤਾ। ਤ੍ਰੈ ਕੋ² ਅਹੈ ਬਿਧਾਤਾ ਕਰਤਾ। ਜਨਮ ਹੋਨਿ ਤੇ ਪੂਰਬ ਕਾਲਾ। ਤੀਨਹੁ ਰਚੇ ਜੀਵ ਕੇ ਨਾਲਾ ॥ ੬॥ ਈਸੁਰ ਕੀ ਇਹ ਕਰੀ ਮ੍ਰਿਜਾਦ। ਕੋ ਨ ਹਟਾਇ ਸਕਹਿ ਸੁਰ ਆਦਿ-'। ਸੁਨਤਿ ਮਸੰਦ ਹਾਥ ਜੁਗ ਜੋਰਿ।ਪਾਇ ਰਜ਼ਾਇ ਗਯੋ ਦ੍ਵਿਜ ਓਰ ॥ ੭ ॥ ਕਹੀ ਗੁਰੂ ਕੀ ਸਕਲ ਸੁਨਾਈ। 'ਬਿੱਪ੍ਰ ! ਜਾਹੁ ਲੇ ਮ੍ਰਿਤਕ ਉਠਾਈ। ਇਹ ਕਿਮ ਹੋਇ ਮਰਯੋ ਪੁਨ ਜੀਵੈ। ਜੇ ਇਮ ਜਿਯਹਿ ਮਰਨ ਕਿਸ ਥੀਵੈ ॥ ੮ ॥ ਮੇਟਹਿ ਪ੍ਰਭੁ ਕੀ ਕੌਨ ਰਜ਼ਾਇ। ਜੋ

¹ਸਾਡਾ ਜੀਵਣਾ ਨਹੀਂ ਹੋਵੇਗਾ। ²ਤਿੰਨਾਂ (੧. ਉਚ ਨੀਚ ਜਾਤੀ ਵਿਚ ਜਨਮ। ੨. ਦੁਖ ਸੁਖ। ੩. ਉਮਰਾ) ਦਾ। *ਪਾਠਾਂਤ੍ਰ-ਭੀ।

ਸਗਰੇ ਜਗ ਪਰ ਚਲਿ ਆਇ'। ਸੁਨਿ ਦ੍ਵਿਜ ਕਹਨੈ 'ਗੁਰੂ ਸੁਤ ਦਿਯੋ। ਜਨਮਤਿ ਮੈਂ ਦਸਵੰਧੀ ਕਿਯੋ ॥ ੯ ॥ ਤਨ ਮਨ ਤੇ ਹੌਂ ਗੁਰ ਘਰ ਕੇਰਾ। ਅਪਰ ਅਲੰਬ ਨ ਕੋ ਜਗ ਮੇਰਾ। ਜੇ ਰਾਖੇ ਨਹਿੰ ਬਨਹਿ ਗੁਸਾਈਂ।ਕਹਹੁ ਪਰਹਿੰ ਕਿਸ ਕੇ ਦਰ ਜਾਈ ?॥੧੦॥ ਕੈ ਸੁਤ ਸੰਗ ਤਜਾਗਹੌਂ ਪ੍ਰਾਨੁ। ਕੈ ਜਿਵਾਇ ਹੈਂ ਕ੍ਰਿਪਾ ਨਿਧਾਨੁ'। ਇਮ ਕਹਿ ਲੋਚਨ ਮੋਚਿਤ ਜਲ ਕੋ। ਹਨਹਿ ਸੀਸ ਸੋਂ ਜੁਗ ਕਰ ਤਲ ਕੌ[1] ॥ ੧੧॥ ਕਹਿ ਬਹੁ ਰਹੇ ਨ ਮਾਨਹਿ ਸੋਇ। ਦਰ ਪਰਿ ਰਹੇ ਗੁਰੂ ਕੇ ਦੋਇ। ਬੀਤ ਗਏ ਇਮ ਜਾਮ ਅਢਾਈ। ਸੌਚ ਸ਼ਨਾਨ ਕੀਨਿ ਗੋਸਾਈਂ ॥ ੧੨ ॥ ਸਭਾ ਲਗਨਿ ਕੋ ਸਮੋ ਬਿਚਾਰਿ। ਸਿਖ ਮਸੰਦ ਪਹੁੰਚੇ ਦਰਬਾਰ। ਕੇਚਿਤ ਕਰਾਮਾਤ ਕੇ ਸਾਥ। ਬੈਠੇ ਜਾਇ ਬੰਦਿ ਕਰਿ ਹਾਥ ॥੧੩॥ ਦਾਸਨ ਤੇ ਪਰਵਾਰਤਿ ਭਏ। ਢੁਰਤਿ ਚੌਰ ਸਿਰ ਪਰ ਦੁਤਿ ਮਏ। ਕਮਲ ਬਿਲੋਚਨ ਚਾਰੁ ਬਿਸਾਲੇ[2]। ਭਰੇ ਲਾਜ ਕਰੁਨਾ ਅਨਿਧਾਲੇ[3] ॥੧੪ ॥ ਦਾਸਨਿ ਪਰ ਡਾਰਤਿ ਸ਼ੁਭ ਡੀਠ। ਬ੍ਰਹਮ ਗਜ਼ਾਨਿ ਆਦਿਕ ਜਨ ਈਠ। ਕਿਤਿਕ ਦੇਸ਼ ਕੇ ਰਹੈਂ ਮਸੰਦ। ਸੋ ਬੈਠੇ ਪਰਵਾਰਤਿ ਬ੍ਰਿੰਦ ॥ ੧੫ ॥ ਪੂਰਨ ਸਭਾ ਸ਼ੁਭਤਿ ਸਿਖ ਸਾਰੇ। ਉਡਗਨ ਜਥਾ ਚੰਦ ਪਰਵਾਰੇ। ਤਬਿ ਪ੍ਰਸੰਗ ਦ੍ਵਿਜ ਕੋ ਤਹਿੰ ਚਾਲਾ। 'ਪਰਜੋ ਬਿਹਾਲ ਸਸ਼ੋਕ ਬਿਸਾਲਾ ॥੧੬॥ ਸੁਤ ਬਿਨ ਜਿਸਕੇ ਜਿਯਨਿ ਨ ਆਸਾ। ਅਧਿਕ ਪ੍ਰੇਮ ਤੇ ਸੰਕਟ ਗ੍ਰਾਸਾ। ਕਰਹੁ ਕ੍ਰਿਪਾ ਜੇ ਆਪ ਕ੍ਰਿਪਾਲਾ। ਮਿਟਹਿ ਸਭਿਨਿ ਸੰਤਾਪ ਬਿਸਾਲਾ ॥ ੧੭ ॥ ਬਾਲਿਕ ਜਿਯੈ ਪੁੰਨ ਬਡ ਹੋਇ। ਮਰਹਿ ਜੁ ਦੰਪਤਿ ਉਬਰਹਿੰ ਸੋਇ[4]। ਗੁਰ ਕੋ ਸੁਤ ਦਸੌਂਧੀਆ ਕੀਨਿ। ਬਿਰਦ ਕ੍ਰਿਪਾਲ ਆਪ ਕੋ ਚੀਨਿ ॥ ੧੮ ॥ ਪੁਨ ਪਰਿ ਰਹਜੋ ਰਾਵਰੇ ਪੌਰ। ਦੰਪਤਿ ਕਹਤਿ –ਮਰਹਿੰ ਇਸ ਠੌਰ–'। ਸੁਨਤਿ ਸਭਾ ਤੇ ਸ਼੍ਰੀ ਹਰਿਰਾਇ:–'ਜੋ ਹੋਵਤਿ ਸੋ ਪ੍ਰਭੁ ਰਜ਼ਾਇ[5] ॥੧੯॥ਉਪਜਨਿ ਬਿਨਸਨਿ ਪ੍ਰਾਨੀ ਸਾਥ। ਜੌ ਲਗਿ ਕ੍ਰਿਪਾ ਕਰਹਿੰ ਨਹਿੰ ਨਾਥ। ਜੋਗ ਭਗਤਿ ਕੈ ਹੁਇ ਬ੍ਰਹਮਗਜ਼ਾਨ। ਇਨ ਤੇ ਜਨਮ ਮਰਣ ਹੁਇ ਹਾਨ ॥੨੦ ॥ ਮਰਨੋ ਜਿਵਾਵਨ ਭਲੀ ਨ ਬਾਤ। ਜੋ ਸਭਿ ਕੇ ਸਿਰ ਬੀਤਤਿ ਜਾਤਿ। ਰਾਵ ਰੰਕ ਗਨ ਨਿਤ ਹੀ ਮਰੈਂ। ਸੁਨਿ

---

[1]ਭਾਵ ਦੁਹੱਥੜ ਮਾਰਦਾ ਹੈ। [2]ਸੁਹਣੇ ਨੇਤ੍ਰ ਕਵਲਾਂ ਵਰਗੇ ਚੌੜੇ। [3]ਲਾਜ ਤੇ ਮਿਹਰ ਦੀਆਂ ਅਣੀਆਂ ਨਾਲ ਭਰੇ। [4]ਜੋ ਦੰਪਤੀ (ਪੁੱਤ੍ਰ ਨਾਲ) ਮਰ ਰਹੇ ਹਨ ਸੋ ਬੀ ਬਚ ਜਾਣਗੇ। [5]ਜੋ ਹੁੰਦਾ ਹੈ ਸਭ ਪ੍ਰਭੂ ਦੀ ਰਜ਼ਾ ਵਿਚ ਹੁੰਦਾ ਹੈ।

ਇਮ ਹਮਰੇ ਦਰ ਪਰ ਪਰੀ" ॥ ੨੧ ॥ ਗਰ ਤੇ ਸੁਨਤਿ ਸਭਾ ਉਪਕਾਰੀ। ਜਿਯਹਿ ਬਾਲ ਜਿਮ ਬਹੁਰ ਉਚਾਰੀ। 'ਰਾਵਰ ਕਹਹੁ ਸਕਲ ਹੀ ਸਾਚੀ। ਤੁਮਰੀ ਸ਼ਰਣ ਨਹੀਂ ਦੁਖ ਆਂਚੀ[1]' ॥੨੨॥ ਸਰਬ ਪ੍ਰਕਾਰ ਮਹਾਂ ਸਮਰੱਥ। ਭੰਜਨ ਗੜ੍ਹਨ ਆਪ ਕੇ ਹੱਥ। ਬਿੱਪ੍ਰ ਪਰਯੋ ਬੀਤਯੋ ਚਿਰਕਾਲ। ਕਸ਼ਟ ਸ਼ੋਕ ਤੇ ਹ੍ਵੈ ਬਿਕਰਾਲ ॥ ੨੩ ॥ ਅਨਿਕ ਲੋਕ ਅਵਿਲੋਕਨ ਕਰੈਂ। ਆਸ ਆਪ ਕੀ ਸਗਰੇ ਧਰੈਂ। ਜੇ ਨਹਿਂ ਜਿਯਹਿ ਨਿਰਾਸੇ ਹੋਇ। ਮਤਿ ਅਨੁਸਾਰ ਬਕੈਂ ਸਭਿ ਕੋਇ' ॥੨੪॥ ਸਭਾ ਸਮੇਤ ਮਨੋਰਥ ਸਭਿਹਿਨਿ।–ਦਿਜ ਸੁਤ ਜਿਯਹਿ ਭਲੀ ਹੁਇ ਤਿਸ ਛਿਨ–।ਬਾਰਿ ਬਾਰਿ ਸਿਖ ਦਾਸ ਮਸੰਦ। ਦਿਜ ਕੀ ਫੁਰਮਾਇਸ਼ ਕਹਿਂ ਬ੍ਰਿੰਦ ॥੨੫॥ ਸਭਿ ਤੇ ਸੁਨਿ ਕਰਿ ਸ੍ਰੀ ਹਰਿਰਾਇ। ਰਿਸ ਤੇ ਤਮਕ ਕੁਛੁਕ ਮਨ ਲਜਾਇ। ਕਹਯੋ ਸਭਿਨਿ ਮਹਿਂ ਉਚ ਸੁਨਾਯੋ। 'ਜੋ ਤੁਮ ਹਮ ਤੇ ਚਹਿਤਿ ਜਿਵਾਯੋ ॥੨੬ ॥ ਲਖਿ ਦਿਜ ਦੀਨ ਕਰਹੁ ਫੁਰਮਾਇਸ਼। ਇਕ ਉਪਕਾਰ ਕਰਹੁ ਹਮ ਆਇਸੁ। ਅਪਨੀ ਦੇਹੁ ਆਰਬਲ ਕੋਇ। ਦਿਜ ਕੋ ਪੁੱਤ੍ਰ ਜਿਵਾਵਹਿ ਸੋਇ' ॥ ੨੭ ॥ ਇਹ ਗੁਰ ਬਾਕ ਸਭਾ ਸੁਨਿ ਸਾਰੀ। ਭਈ ਤੂਸ਼ਨੀ ਕੁਛ ਨ ਉਚਾਰੀ। ਗ੍ਰੀਵ ਨੀਚ ਕੀਵਨਿ ਚਿਤਵੰਤੇ[2]।ਨਿਜ ਬਯ ਦੇਨੀ ਉਰ ਨ ਚਹੰਤੇ॥੨੮॥ ਸਮੁਖ ਨਹੀਂ ਸਤਿਗੁਰ ਕੇ ਹੇਰੈਂ। ਜਾਨਹਿ–ਮੁਝ ਕੋ ਨਹਿਂ ਇਤ ਪ੍ਰੇਰੈਂ[3]। ਮਰਹਿ ਕੌਨ ਦਿਜ ਪੁੱਤ੍ਰ ਜਿਵਾਵੈ–। ਧਰਯੋ ਤ੍ਰਾਸ ਨਹਿਂ ਧੀਰਜ ਪਾਵੈਂ ॥੨੯॥ ਸਭਿ ਕੇ ਮਨ ਕੀ ਸਤਿਗੁਰ ਜਾਨੀ। ਕਿਤਿਕ ਬਾਰ ਮਹਿਂ ਪੁਨ ਕਹਿ ਬਾਨੀ।'ਸਰਬ ਸਭਾ ਫੁਰਮਾਇਸ਼ ਕਾਰੀ। ਅਬਿ ਕਹਿ ਕਯੋਂ ਨ ਬਨਤ ਉਪਕਾਰੀ ॥੩੦॥ ਦੀਜਹਿ ਬਯ ਦਿਜ ਪੁੱਤ੍ਰ ਜਿਵਾਵਹੁ। ਭਲੋ ਕਰਮ ਕਰਿ ਜਸੁ ਜਗ ਪਾਵਹੁ। ਦੰਪਤਿ ਮਰਤਿ ਉਬਾਰਹੁ ਕੋਇ। ਧਰਹਿ ਧੀਰ ਸੁਭ ਗਤਿ ਲੇ ਸੋਇ' ॥੩੧॥ ਗੁਰੂ ਬਚਨ ਦੂਜੋ ਇਮ ਭਯੋ। ਕਿਨਹੁਂ ਨ ਉੱਤਰ ਮੁਖ ਤੇ ਦਯੋ। ਪੂਰਬ ਕਹਤਿ ਸਭਾ ਜਿਮ ਸਾਰੀ। ਤਿਮ ਹੀ ਤੂਸ਼ਨਿ ਭਈ ਬਿਚਾਰੀ ॥ ੩੨ ॥ ਸਮੁਖ ਨ ਦੇਖਹਿਂ ਨੀਚਹਿ ਨੈਨ। ਕੋ ਧੀਰਜ ਧਰਿ ਬੋਲਹਿ ਬੈਨ ?। ਚਹੁਂ-ਦਿਸ਼ਿ ਮਹਿਂ ਗੁਰ ਦ੍ਰਿਸ਼ਟਿ ਚਲਾਵੈਂ।–ਕੋ ਬਯ ਦੇਹਿ ਦਾਸ–ਪਤਿਆਵੈਂ ॥ ੩੩ ॥ ਏਕ ਘਰੀ ਲਗਿ ਥਿਰ ਸਭਿ ਰਹੇ। ਤੀਸਰ ਬਚਨ ਗੁਰੂ ਪੁਨ ਕਹੇ। 'ਭੋ ਸਿੱਖਹੁ ! ਪੂਰਬ ਸਭਿ ਭਾਖਤਿ। ਕਯੋਂ ਉਪਕਾਰ ਕਰਨਿ ਨਹਿਂ

[1]ਦੁਖ ਦਾ ਸੇਕ। [2]ਨੀਵੀਂ ਧੌਣ ਕਰਕੇ ਸੋਚਣ ਲਗ ਪਏ। [3]ਭਾਵ ਮੈਨੂੰ ਨਾ ਕਹਿ ਦੇਣ।

ਕਾਂਖਤਿ ॥੩੪॥ ਇਕ ਜੋ ਦੇਯ ਆਪਨੋ ਪ੍ਰਾਨ। ਜਿਯਹਿਂ ਭੀਨ, ਜਸੁ ਲਹੇ ਮਹਾਨ'। ਇਮ ਸੁਨਿ ਭਗਤੂ ਕੋ ਸੁਤ ਛੋਟਾ। ਪੀਛੇ ਬੈਠਯੋ ਗੁਰ ਦ੍ਰਿਗ ਓਟਾ[1] ॥ ੩੫ ॥ ਉਠਿ ਤੂਸ਼ਨਿ ਹੀਂ ਨਿਕਸਯੋ ਬਾਹਰ। ਪਰਉਪਕਾਰ ਹੇਤੁ ਕਰਿ ਅਹਾਰ। ਜੀਵਨ ਨਾਮ, ਆਇ ਕਰਿ ਡੇਰੇ। ਆਸਤਰਨ ਕਰਿ ਤ੍ਰਿਨਨਿ ਘਨੇਰੇ ॥੩੬॥ ਊਪਰ ਪੌਢਯੋ ਬਦਨ ਅਛਾਦਿ।ਕਿਹ ਸੋਂ ਕੀਨਸਿ ਨਹਿ ਸੰਬਾਦ। ਸਰਬ ਸ਼ਰੀਰ ਬਸਤ੍ਰ ਤੇ ਢਾਂਪਿ। ਚਾਹਸਿ ਪ੍ਰਾਣ ਤਜਨਾਗਿਬੇ ਆਪ॥ ੩੭ ॥ ਗੁਰ ਬਚ ਤੇ ਪਰਲੋਕ ਅਨੰਦ। ਚਿਤ ਮੈਂ ਚਾਹਤਿ ਭਯੋ ਬਿਲੰਦ।–ਜਿਯਨਿ ਝੂਠ ਜਗ ਮਹਿ ਸਚ ਮਰਨਾ। ਆਗੇ ਪਾਛੇ ਸਭਿ ਸਿਰ ਪਰਨਾ ॥੩੮॥ਅਬਿ ਤਨਿ ਲਗਹਿ ਸਕਾਰਥ ਮੇਰੋ। ਇਸ ਤੇ ਅਪਰ ਭਲੋ ਨਹਿ ਹੇਰੋਂ–। ਇੱਤਯਾਦਿਕ ਮਨ ਕਰੇ ਬਿਚਾਰਾ। 'ਧੰਨ ਸੁ ਜੀਵਨ ਸਭਾ ਮਝਾਰਾ[3] ॥੩੯॥ ਨਿਜ ਜੀਵਨ ਜੀਵਨ ਦਿਯ ਦਾਨ[4]। ਗੁਰ ਬਚ ਤੇ ਪਦ ਲਹਯੋ ਮਹਾਨ। ਤਤਛਿਨ ਅਪਨੇ ਪ੍ਰਾਨ ਨਿਕਾਰੇ। ਗੁਰ ਪੁਰਿ ਮਹਿ ਪਹੁੰਚਯੋ ਬਿਨ ਬਾਰੇ॥੪੦॥ਇਤ ਜੀਵਨ ਜਬਿ ਜੀਵਨ ਤਜਾਗਯੋ[5]ਗੁਰੂ ਪੌਰ ਸਿਸ ਤਤਛਿਨ ਜਾਗਯੋ। ਉਠਯੋ ਜੀਵ ਕਰਿ[6] ਦ੍ਰਿਗ ਪਿਤ ਮਾਤਾ। ਲੋਕ ਬਿਲੋਕਤਿ ਹੈਂ ਦ੍ਰਿਗ ਬ੍ਰਾਤਾ[7]॥੪੧॥ਦੋਹਰਾ॥ਭਯੋ ਅਨੰਦ ਬਿਲੰਦ ਹੀ ਰਿਦੇ ਰਹੇ ਬਿਸਮਾਇ।ਸੁਧ ਅੰਤਰ ਪਹੁੰਚੀ ਤਬੈ ਜਹਿਂ ਸ਼੍ਰੀ ਗੁਰ ਹਰਿਰਾਇ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਜਿਤ ਸੁਤ ਜਿਵਾਵਨਿ' ਪ੍ਰਸੰਗ ਬਰਨਨੰ ਨਾਮ ਸਪਤ ਦਸਮੋ ਅੰਸੂ ॥ ੧੭ ॥

## ੧੮. [ਸ਼ਕਰ ਗੰਗਾ ਲੱਗਣ ਦੀ ਕਥਾ]।

ਦੋਹਰਾ ॥ 'ਧੰਨ ਗੁਰੂ ਪੂਰਨ ਪ੍ਰਭੂ' ਨਰ ਕਹਿ ਆਪਸ ਮਾਂਹਿ। 'ਰਾਮਚੰਦ ਕੇ ਪੌਰ ਜਿਮ ਮ੍ਰਿਤਕ ਬਿੱਪ੍ਰ ਸੁਤ ਜਯਾਹਿ[*] ॥ ੧ ॥ ਚੌਪਈ ॥ ਸੁਨੀ ਕਥਾ ਮਹਿਂ[8] ਦਿਜ ਲੇ ਗਯੋ। ਅਧਿਕ ਬ੍ਰਿਲਾਪ ਰਾਮ ਦਰ ਕਿਯੋ। ਤਬਿ ਰਘੁਬਰ

---

[1]ਗੁਰੂ ਜੀ ਦੀ ਨਿਗਾਹ ਦੇ ਉਹਲੇ। [2]ਕਰਜੋਗਤੀ ਹੈ। [3](ਉਸ) ਸਭਾ ਵਿਚ ਜੀਵਨ (ਇੱਕ) ਧੰਨਜਤਾ ਯੋਗ (ਪੁਰਖ) ਸੀ। [4]ਆਪਣਾ ਜੀਵਨ ਦਾਨ ਦੇਕੇ (ਬ੍ਰਹਮਣ ਨੂੰ) ਪੁੱਤ੍ਰ ਦਾਨ ਦਿਤਾ। 'ਦਿਯ ਦਾਨ' ਦੇਹੁਰੀ ਦੀਪਕ ਲਗੇਗਾ। [ਸੰਸ: ਜੀਵਨ=ਜ਼ਿੰਦਗੀ, ਪਾਣੀ, ਪੁੱਤ੍ਰ ਆਦਿ] (ਅ) ਜੀਵਨ ਨੇ ਅਪਣਾ ਜੀਵਨ (ਬ੍ਰਹਮਣ ਨੂੰ) ਦਾਨ ਦਿੱਤਾ। [5]ਇਧਰ ਜੀਵਨ ਨੇ ਜਦ ਜੀਵਨ ਤਿਆਗਿਆ ਭਾਵ ਚਲਾਣਾ ਕੀਤਾ। [6]ਜਿਉਂ ਕੇ ਉੱਠ ਖਲੋਤਾ। [7]ਬਹੁਤੇ ਲੋਕੀ ਕੌਤਕ ਖੜੇ ਵੇਖਦੇ ਹਨ। [*]ਜੀਵਿਆ ਸੀ। [8]ਕਥਾ ਵਿਚ ਅਸਾਂ ਸੁਣਿਆਂ ਸੀ ਕਿ....।

*ਪਾ:–ਜਾਹਿ=ਗਿਆ ਸੀ।

ਬਹੁ ਕਰੈ ਉਪਾਇ। ਜਿਮ ਨਾਰਦ ਮਨਿ ਵਿਧੇ ਬਤਾਇ ॥ ੨ ॥ ਜਨੌਂ ਕਨੌਂ ਕਰਿ ਦਿਜ ਪੁੱਤ੍ਰ ਜਿਵਾਯੋ*। ਰਾਮ ਚੰਦ ਨਿਜ ਨੇਮ ਨਿਬਾਹਯੋ। ਸੋ ਗਤਿ ਭਈ ਗੁਰੂ ਦਰਬਾਰ। ਦਿਜ ਸੰਕਟ ਤੇ ਲੀਨਿ ਉਬਾਰਿ' ॥੩॥ ਇਮ ਸੰਬਾਦ ਕਰੈਂ ਨਰ ਨਾਰੀ। ਗੁਰ ਕੀਰਤਿ ਕੋ ਕਰੈਂ ਉਚਾਰੀ। ਸਭਾ ਬਿਖੈ ਜਬਿ ਸੁਧ ਚਲਿ ਗਈ। 'ਬਿੱਪ੍ਰ ਪੁੱਤ੍ਰ ਜੀਵਯੋ' ਸੁਧ ਭਈ ॥੪॥ ਸੁਨਯੋ ਅਚਾਨਕ ਸ੍ਰੀ ਹਰਿਰਾਇ। ਬੂਝਯੋ ਸ਼ੀਘ੍ਰ ਕਹਯੋ ਜਬਿ ਆਇ। 'ਕਿਹ ਸਿਖ ਅਪਨਿ ਆਰਬਲ ਦੀਨਿ ?। ਪਰਉਪਕਾਰ ਕਿਨਹੁ ਅਸ ਕੀਨਿ ?' ॥੫॥ ਸੁਨਤਿ ਸਭਾਸਦ ਬਿਸਮੈ ਭਏ। ਚਪਲ ਬਿਲੋਚਨ ਇਤ ਉਤ ਕਿਏ। ਨਿਜ ਨਿਜ ਨਿਕਟਿ ਪਿਖਹਿਂ ਸਭਿ ਤੈਸੇ।–ਮਰਯੋ ਕੌਨ–ਬੀਚਾਰਤਿ ਐਸੇ ॥੬॥ ਪੁਨਹਿ ਸ਼ੀਘ੍ਰ ਗੁਰ ਬੂਝਨਿ ਕੀਨਿ। 'ਕਯੋਂ ਨ ਕਹੋ ਕਿਨ ਜੀਵਨ ਦੀਨਿ ?'। ਛਰੀ ਦਾਰ ਕਰ ਜੋਰਿ ਉਚਾਰਾ। 'ਮਹਾਰਾਜ ! ਨਹਿ ਦੂਜੀ ਸਿਧਾਰਾ ॥ ੭॥ ਇਕ ਜੀਵਨ ਭਗਤੂ ਸੁਤ ਗਯੋ। ਹਠਿ ਕਰਿ ਸੋ ਨਹਿ ਆਵਤਿ ਭਯੋ। ਅਪਰ ਸਭਾ ਸਭਿ ਬੈਠੀ ਅਹੈ। ਬਿੱਪ੍ਰ ਪ੍ਰਸੰਗ ਸੁਨਤਿ, ਜੋ ਕਹੈ¹ ॥ ੮ ॥ ਸੋ ਚਾਵਰ ਕੋ ਹੁਤੋ ਪਿਚਾਰੀ। ਨਿਕਸਯੋ ਭੂਸ਼ਨਿ ਬੰਦਨ ਧਾਰੀ'। ਸੁਨਿ ਗੁਰ ਕਹਯੋ 'ਸ਼ੀਘ੍ਰ ਸੁਧ ਲੀਜੈ। ਤਿਸ ਬਿਲੋਕਿ ਹਮ ਸੰਗ ਕਹੀਜੈ' ॥ ੯ ॥ ਦੌਰੇ ਦਾਸ ਗਏ ਦੁਇ ਤੀਨ। ਡੇਰੇ ਪ੍ਰਥਮ ਜਾਇ ਪਿਖਿ ਲੀਨ। ਬਸਤ੍ਰ ਅਛਾਦਤਿ ਭੂਮਿਨਿ ਪਰਯੋ ਹੈ। ਪਿਖਿ ਉਚਾਰਿ: ਬਿਨ ਪ੍ਰਾਨ, ਮਰਯੋ ਹੈ† ॥੧੦॥ ਦੌਰੇ

¹ਜੋ ਪਏ ਕਹਿੰਦੇ ਇਕਠੇ ਸਨ। (ਅ) ਜੋ ਪ੍ਰਸੰਗ ਬ੍ਰਹਮਣ ਦਾ ਕਿਹਾ ਜਾ ਰਿਹਾ ਸੀ ਉਹ ਸੁਣਦਾ ਸੀ।

*ਵਾਲਮੀਕੀ ਰਾਮਾਇਣ ਵਿਚ ਲਿਖਿਆ ਹੈ ਕਿ ਜਦ ਸ੍ਰੀ ਰਾਮ ਚੰਦ੍ਰ ਜੀ ਬਨਬਾਸ ਕੱਟ ਵਾਪਸ ਆ ਤਖ਼ਤ ਤੇ ਬੈਠੇ ਤਾਂ ਇਕ ਦਿਨ ਇਕ ਬ੍ਰਾਹਮਣ ਨੇ ਆਪਣੇ ਮੁਰਦਾ ਪੁੱਤ੍ਰ ਨੂੰ ਉਠਾ ਕੇ ਇਨ੍ਹਾਂ ਅੱਗੇ ਲਿਆ ਰਖਿਆ ਤੇ ਕਿਹਾ ਕਿ ਇਹ ਲੜਕਾ ਸਾਡੇ ਵੇਖਦੇ ਨਹੀਂ ਮਰਨਾ ਚਾਹੀਦਾ ਸੀ, ਕਿਉਂਕਿ ਮੈਂ ਤੇ ਮੇਰੀ ਇਸਤ੍ਰੀ ਨੇ ਕੋਈ ਅਜਿਹਾ ਪਾਪ ਨਹੀਂ ਕੀਤਾ ਜਿਸ ਤੋਂ ਪੁੱਤ੍ਰ ਦੇ ਮਰਨ ਦਾ ਸੱਲ ਵੇਖਦੇ। ਸ੍ਰੀ ਰਾਮਚੰਦ੍ਰ ਜੀ ਲੜਕੇ ਦੀ ਮੌਤ ਦਾ ਕਾਰਨ ਲਭਦੇ ਇਕ ਜੰਗਲ ਵਿਚ ਗਏ ਉਥੇ ਸ਼ੰਬੂਕ ਨਾਮ ਦਾ ਇਕ ਮਨੁੱਖ ਪੁੱਠਾ ਲਟਕ ਤਪ ਕਰ ਰਿਹਾ ਸੀ। ਰਾਮ ਚੰਦਰ ਜੀ ਨੇ ਇਹ ਮਲੂਮ ਕਰਕੇ ਕਿ ਇਹ ਸ਼ੂਦਰ ਹੋਕੇ ਤਪ ਕਰ ਰਿਹਾ ਹੈ, ਜਿਸ ਦਾ ਕਿ ਇਸ ਨੂੰ ਵੇਦ ਨੇ ਅਧਿਕਾਰ ਨਹੀਂ ਦਿੱਤਾ, ਉਸ ਦਾ ਸਿਰ ਤਲਵਾਰ ਨਾਲ ਕੱਟ ਦਿਤਾ। ਜਿਸ ਤੋਂ ਬ੍ਰਹਮਣ ਦਾ ਲੜਕਾ ਜੀਉ ਪਿਆ। ਚੇਤੇ ਰਹੇ ਇਸ ਰਾਮਾਇਣ ਦੀ ਕਥਾ ਦੇ ਲੇਖਕ ਆਪਣੇ ਲਿਖੇ ਦੇ ਆਪ ਜ਼ਿੰਮੇਵਾਰ ਹੈਨ, ਗੁਰਮਤ ਵਿਚ ਹਰ ਊਚ ਨੀਚ ਨੂੰ ਭਜਨ ਬੰਦਗੀ ਦਾ ਸਮ ਅਧਿਕਾਰ ਹੈ।

†ਪਾ:–ਪਿਖਯੋ ਉਚਾਰਤਿ ਦੇਹ ਮਰਯੋ ਹੈ।

ਗਏ ਗੁਰੂ ਸੰਗ ਕਹਨੋ। 'ਜੀਵਨ ਜਾਇ ਅਜੀਵਨ ਲਹਨੋ[1]। ਬਸਤ੍ਰ
ਅਛਾਦਿ ਦੇਹਿ ਪਰ ਸਾਰੇ। ਦ੍ਵਿਜ ਸੁਤ ਹਿਤ ਦ੍ਵਿਧ ਪ੍ਰਾਨ ਨਿਕਾਰੇ' ॥੧੧॥
ਸੁਨਤਿ ਤਿਸੇ ਗੁਰ ਸਭਿਨਿ ਸੁਨਾਯੋ। 'ਮਮ ਸੁਤ ਹਤਿ ਦ੍ਵਿਜ ਪੁੱਤ੍ਰ ਜਿਵਾਯੋ।
ਪ੍ਰਭੁ ਭਾਣੇ ਕੋ ਮਾਨਹਿਂ ਨਾਂਹੀ। ਬੋਲਹਿਂ ਨਿਕਟਿ ਸਿਪਾਰਸ਼ ਮਾਂਹੀ' ॥੧੨॥
ਇੱਤ੍ਯਾਦਿਕ ਬਚ ਭਨੇ ਘਨੇਰੇ। ਪਠੇ ਦਾਸ ਪੁਨ ਤਿਸ ਕੇ ਡੇਰੇ। 'ਹੋਇ
ਪੁੱਤ੍ਰ ਇਸ ਕੋ ਲੇ ਆਵਹੁ। ਸ਼ੀਘ੍ਰ ਜਾਇ ਸਭਿ ਸੁਧ ਕੋ ਪਾਵਹੁ'॥੧੩॥ਹੁਤੇ
ਬਿਰਾਦਰ ਕੁਟੰਬਕ ਤਹਿਂ ਮਿਲੇ। ਬੂਝੇ ਸਕਲ ਜਾਇ ਕਰਿ ਭਲੇ। 'ਗੁਰੂ
ਹਕਾਰਤਿ ਸੁਤ ਇਸ ਜੋਇ। ਇਹਾਂ ਕਿਧੌਂ ਘਰ ਮਹਿ ਜੇ ਹੋਇ॥੧੪॥ਸ਼ੀਘ੍ਰ
ਚਲਹੁ ਲੇ ਕਿਧੌਂ ਹਕਾਰਹੁ। ਗੁਰ ਸੋਂ ਮਿਲਿ ਪੁਨ ਇਸ ਸਸਕਾਰਹੁ'।
ਦਾਸਨਿ ਸੋਂ ਬਿਰਾਦਰ ਚਲਿ ਆਏ।ਠਾਢੇ ਹੋਇ ਹਜ਼ੂਰ ਬਤਾਏ ॥੧੫॥'ਬਰਖ
ਅਸ਼ਟਦਸ ਕੋ ਇਹ ਭਯੋ।ਅਬਿ ਕੇ ਇਨ ਮੁਕਲਾਵਾ ਲਿਯੋ।ਅਬਿ ਲੌ ਪੁੱਤ੍ਰ
ਨ ਜਨਮਯੋ ਕੋਇ। ਗਰਭਵਤੀ ਇਸ ਕੇ ਘਰ ਜੋਇ ॥੧੬॥ ਗੁਰ ਦਰਸ਼ਨ
ਹਿਤ ਚਲਿ ਕਰਿ ਆਯੋ। ਗੁਰੂ ਬਾਕ ਤੇ ਤੂਰਨ ਸਮਾਯੋ'। ਸ਼੍ਰੀ ਹਰਿਰਾਇ
ਸੁਨਤਿ ਪੁਨ ਕਹੈਂ। 'ਜੋ ਇਸ ਤ੍ਰਿਯਾ ਗਰਭ ਮੈਂ ਅਹੈ ॥ ੧੭ ॥ ਸੰਤਦਾਸ
ਤਿਸ ਨਾਮ ਰਖੀਜੈ। ਅਧਿਕ ਬੰਸ ਜੁਤਿ ਹੋਇ ਜਨੀਜੈ। ਜਨਮਹਿ ਪੁੱਤ੍ਰ
ਪਸਾਰ ਕਰਿ ਪਾਰੋ। ਇਕ ਤੇ ਹਮ ਕਰਿ ਦੇਹਿਂ ਹਜ਼ਾਰੋਂ ॥੧੮॥ ਬ੍ਰਿੰਦ ਬੰਸ
ਫੈਲਹਿ ਜਗ ਮਾਂਹੀ। ਬ੍ਰਿਧੇ ਅਧਿਕ ਦੂਸਰ ਜਿਮ ਨਾਂਹੀ'। ਉਰ ਪ੍ਰਸੰਨ ਹ੍ਵੈ
ਕਰਿ ਬਰ ਦੀਨੇ। ਸੋ ਅਬ ਜ਼ਾਹਰ ਜਗ ਮਹਿਂ ਚੀਨੇ ॥ ੧੯ ॥ ਭਗਤੂ ਸੁਤ
ਗੌਰਾ ਬਡ ਜੋਇ। ਤਾਂਹਿ ਬੰਸ ਬੀਸਕ ਨਰ ਸੋਇ। ਸੰਤਦਾਸ ਜੋ ਜੀਵਨ
ਕੇਰਾ। ਤਿਸ ਕੋ ਬੰਸ ਹਜ਼ਾਰੋਂ ਹੇਰਾ॥ ੨੦ ॥ ਤੀਨ ਗ੍ਰਾਮ ਬਸਿ ਨਾਂਹਿ
ਸਮਾਵੈ[2]। ਬਹੁਰ ਅਗਾਰੀ ਬਧਤੋ ਜਾਵੈ। ਜਿਸ ਪ੍ਰਕਾਰ ਬਰ ਗੁਰੂ ਉਚਾਰਾ।
ਜਗਤ ਪ੍ਰਸਿੱਧ ਦੇਖਿ ਲਿਹੁ ਸਾਰਾ*॥੨੧॥ਪੁਨ ਭਾਈ ਜੀਵਨ ਸਸਕਾਰਾ।
ਜਿਨ ਦੇ ਪ੍ਰਾਨ ਕੀਨਿ ਉਪਕਾਰਾ। ਸਤਿਗੁਰ ਧੰਨ ਸਿੱਖ ਭੀ ਧੰਨੇ।
ਪ੍ਰਭੁ ਕੈ ਬਾਕ ਦਾਸ ਜਿਨ ਮੰਨੇ ॥ ੨੨ ॥ ਸ੍ਰੀ ਹਰਿਰਾਇ ਸੁ ਕੀਰਤਿ
ਝੂਲੀ। ਘਰ ਘਰ ਮਨਹੁੰ ਮਾਲਤੀ ਫੂਲੀ। ਦੇਸ਼ ਬਿਦੇਸ਼ਨਿ ਐਸੇ ਭਈ,

---

[1]ਭਾਵ ਮਰ ਗਿਆ ਹੈ। [2]ਤਿੰਨਾਂ ਪਿੰਡਾਂ ਵਿਚ ਵੱਸਕੇ ਬੀ (ਉਸ ਦਾ ਵੰਸ਼) ਸਮਾਉਂਦਾ ਨਹੀਂ।

*ਇਹ ਗਲ ਇੱਥੇ ਕਵਿ ਜੀ ਆਪਣੀ ਅੱਖੀਂ ਵੇਖੀ ਕਹਿ ਰਹੇ ਹਨ, ਜੋ ਅਪਣੇ ਸਮੇਂ ਉਨ੍ਹਾਂ ਨੇ ਸਹੀ ਕੀਤੀ ਤੇ ਸਬੂਤ ਲਈ ਆਖਦੇ ਹਨ ਦੇਖ ਲਓ।

ਪਾਂਤਿ ਮਰਾਲਨਿ ਜਨੁ ਉਡਗਈ॥੨੩॥ਕਿਧੌਂ ਚੰਦ੍ਰਿਕਾ ਜਗਤ ਬਿਥਾਰੀ। ਸੁਜਨ ਚਕੋਰਨਿ ਕੋ ਸੁਖਕਾਰੀ। ਦ੍ਵਿਜ ਅਨੰਦ ਭਾ ਨੰਦਨ ਜੀਯੋ।ਮਨਹੁਂ ਮ੍ਰਿਤਕ ਨੇ ਅੰਮ੍ਰਿਤ ਪੀਯੋ ॥ ੨੪ ॥ ਇਮ ਬਾਸੇ ਗੁਰ ਪੁਰਿ ਕਰਤਾਰਾ। ਕਰਹਿਂ ਚਰਿੱਤ੍ਰ ਅਨੇਕ ਪ੍ਰਕਾਰਾ। ਕੇਤਿਕ ਬਾਸੁਰ ਬਹੁਰ ਬਿਤਾਏ। ਦਾਸ ਉਧਾਰਤਿ ਹੈਂ ਸਮੁਦਾਏ ॥ ੨੫ । ਇਕ ਦਿਨ ਵਹਿਰ ਕੂਪ ਗੁਰ ਕੇਰਾ। ਛਕਰ ਰੀਂਗ ਜਿਹ ਪੁੰਨਕ[1] ਹੇਰਾ*।ਤ੍ਰਿਤੀ ਜਾਮਮਹਿਂ ਸਤਿਗੁਰ ਗਏ।ਪਿਖਿ ਰਮਣੀਕ ਥਾਨ ਖਿਤ ਭਏ ॥੨੬॥ ਸੌਚ ਸ਼ਨਾਨ ਕਰਨੇ ਹਰਖਾਏ। ਬੈਠਿ ਬਹੁਰ ਦੀਵਾਨ ਲਗਾਏ। ਹੁਤੇ ਬ੍ਰਿੱਧ ਜੇ ਨਿਕਟਿ ਨਿਹਾਰੇ। ਤਿਨ ਬੂਝਨਿ ਹਿਤ ਬੈਨ ਉਚਾਰੇ ॥ ੨੭ ॥ 'ਸ਼੍ਰੀ ਅਰਜਨ ਗੁਰ ਬਡੇ ਹਮਾਰੇ। ਜਗ ਪਰ ਜਿਨਹੁਂ ਕੀਨਿ ਉਪਕਾਰੇ। ਜਿਸ ਪ੍ਰਕਾਰ ਇਹ ਕੂਪ ਲਗਾਯੋ। ਫਲ ਬਿਸਾਲ ਇਸ਼ਨਾਨ ਬਤਾਯੋ ॥ ੨੮ ॥ ਸੋ ਤੁਮ ਜਾਨਤਿ ਹਮਹਿ ਬਤਾਵਹੁ। ਮਹਿਮਾ ਮਹਾਂ ਮਹਾਨ ਸੁਨਾਵਹੁ' । ਪੁਰਿ ਜਨ ਬ੍ਰਿੱਧ ਜੁ ਥੇ ਤਿਸ ਕਾਲ।ਜੋ ਜਾਨਤਿ ਸਭਿ ਕੂਪ ਹਵਾਲ॥੨੯॥ਸੋ ਸਤਿਗੁਰ ਕੀ ਆਗਜਾ ਪਾਇ। ਬੋਲੇ ਹਾਥ ਜੋਰਿ ਸਿਰ ਨਜਾਇ। 'ਸ਼੍ਰੀ ਪ੍ਰਭੁ ਜੀ! ਤੁਮ ਅੰਤਰਜਾਮੀ। ਭੂਤ ਭਵਿੱ-ਖਜ ਲਖਹੁ ਪ੍ਰਭੁ ਸ੍ਵਾਮੀ! ॥੩੦॥ ਤੁਮ ਆਗੇ ਹਮ ਕਹਾਂ ਬਿਚਾਰੇ।ਜੋ ਬੀਤਨੇ ਬਿਰਤਾਂਤ ਉਚਾਰੇਂ। ਜੇਤਿਕ ਗੁਪਤ ਬਿਦਤਿ ਹੈ ਬਾਤ। ਕਰ ਬੱਦਰੀ ਫਲ ਸਮ[2] ਬੱਖਜਾਤ ॥ ੩੧ ॥ ਤਊ ਆਪ ਨੇ ਬੂਝਨਿ ਕੀਨੀ। ਕਰੌਂ ਉਚਾਰਨਿ ਜਿਮ ਪਿਖਿ ਚੀਨੀ[3]। ਪੂਰਬ ਸ਼੍ਰੀ ਅਰਜਨ ਉਪਕਾਰੀ। ਪੁਰਿ ਕਰਤਾਰ ਬਸਾਯਹੁ ਭਾਰੀ ॥ ੩੨ ॥ ਪੁਨ ਇਕ ਦਿਨ ਆਏ ਇਸ ਥਾਨ। ਬੈਠੇ ਰੁਚਿਰ ਲਗਾਇ ਦਿਵਾਨ।ਪਾਵਨ ਥਲ ਕੋ ਹੇਰਿ ਬਿਚਾਰਾ।–ਲਗਹਿ ਇਹਾਂ ਉਦਪਾਨ[4] ਉਦਾਰਾ॥੩੩॥ਇਸ ਪੁਰਿ ਸੰਗਤਿ ਨਿਤ ਹੀ ਆਵੈ। ਗੁਰ ਥਲ ਦਰਸਹਿ ਉਰ ਹਰਖਾਵੈ। ਇਹਾਂ ਸ਼ਨਾਨਹਿ ਹੁਇ ਤਨ ਪਾਵਨ। ਯਾਂਤੇ ਕਰਹਿਂ ਕੂਪ ਲਗਵਾਵਨਿ–॥ ੩੪ ॥ ਕਹਨੇ ਤਬਹਿ–ਆਨਹੁ ਮਿਸ਼ਟਾਨ। ਬਹੁ ਨਤ ਸਿਰ ਉਚਰਾਇ ਮਹਾਨ–। ਸੁਨਿ ਕਰਿ ਹੁਕਮ ਮਸੰਦ ਪਧਾਨੇ। ਪੁਰਿ ਤੇ ਮੋਲ ਲੀਨਿ ਤਹਿਂ ਆਨੇ ॥੩੫॥ ਸ਼੍ਰੀ ਸਤਿਗੁਰ ਕੇ ਆਗੇ ਧਰਨੇ।

[1]ਪਵਿੱਤ੍ਰਤਾ ਵਾਲਾ। [2]ਹੱਥ ਤੇ (ਧਰੇ) ਬੇਰ ਵਾਂਙੂ। [3]ਦੇਖੀ (ਤੇ) ਜਾਣੀ ਹੈ। [4]ਖੂਹ।

*ਇਸ ਦਾ ਨਾਮ ਰੀਂਗ ਸਰ ਵੀ ਹੈ। ਪੰ: ਤਾਰਾ ਸਿੰਘ ਜੀ ਨਰੋਤਮ ਇਸ ਦੇ ਰਚੇ ਜਾਣ ਦਾ ਸੰਮਤ ੧੬੫੬ ਦੇਂਦੇ ਹਨ।

ਕਾਰੀਗਰਨਿ ਹਕਾਰਨਿ ਕਰਯੋ। ਭਾਈ ਬ੍ਰਿਧ ਤੇ ਭਬਿ ਅਰਦਾਸ। ਕਰਵਾ-
ਇਵ ਕਾਰਜ ਹੁਇ ਰਾਸ॥੩੬॥ ਸਭਿ ਸਤਿਗੁਰ ਕੇ ਨਾਮ ਸਿਮਰਿ ਕਰਿ।
ਮੂਰਤਿ ਰੁਚਿਰ ਧਯਾਨ ਕੋ ਉਰ ਧਰਿ। ਹਾਥ ਜੋਰਿ ਕਰਿ ਮਸਤਕ ਟੇਕਾ।
ਉਠੇ ਆਪ ਭਬਿ ਜਲਧਿ ਬਿਬੇਕਾ ॥ ੩੭ ॥ ਕਰ ਮਹਿਂ ਕਸੀ[੧] ਧਾਰਿ ਕਰਿ
ਖਰੇ। ਪੂਰਬ ਟੱਕ ਲਗਾਵਨਿ ਕਰੇ। ਪੁਨ ਸੰਗਤਿ ਦਰਸ਼ਨ ਜੋ ਆਇ।
ਸਭਿ ਕੋ ਮਹਿਮਾ ਕਹੈਂ ਸੁਨਾਇ ॥ ੩੮ ॥-ਖੁਸ਼ੀ ਗੁਰੂ ਕੀ ਕਾਰਜ ਕਰੇ[੨]।
ਪੁਰਹਿ ਕਾਮਨਾ ਜੋ ਉਰ ਧਰੇ-।ਰਹੈਂ ਸੰਗ ਜੋ ਸਿੱਖਯ ਹਮੇਸ਼। ਕਾਰ ਕਰਨਿ
ਕੋ ਲਗੇ ਅਸ਼ੇਸ਼ ॥ ੩੯ ॥ ਜੋ ਜੋ ਕਰਹਿ ਕਾਮਨਾ ਕੋਈ। ਕੂਪ ਕਾਰ ਤੇ
ਪੂਰਨ ਹੋਈ। ਭਏ ਅਨੰਦ ਸੰਗਤਾਂ ਸਾਰੇ। ਸੇਵਹਿਂ ਭਾਉ ਰਿਦੈ ਬਹੁ ਧਾਰੇ
॥੪੦॥ ਖਨਯੋ ਗਯੋ ਤਤਛਿਨ ਜਲ ਭਾਈ। ਪੁਨ ਕਾਸ਼ਟ ਕੋ ਚਕ ਘੜਿ-
ਵਾਈ। ਬਹੁ ਨਰ ਲਾਇ ਉਤਾਰਨੋ ਤਰੇ। ਊਪਰ ਮਹਿਲ ਨੀਵ ਕੋ ਧਰੇ[੩]
॥੪੧॥ਚੂਨਾ ਅਪਰ ਈਂਟਕਾ ਧਰਿਧਰਿ।ਚਿਨਿਚਿਨਿਊਚ ਉਤਾਇਲ ਕਰਿ
ਕਰਿ। ਬ੍ਰਿੰਦ ਨਰਨਿ ਤਹਿਂ ਸੇਵ ਕਮਾਈ ਕਾਰੀਗਰਨਿ ਰਚੀ ਚਤੁਰਾਈ
॥ ੪੨ ॥ ਤਰੇ ਉਤਾਰਨੋ ਕਰਨੋ ਉਪਾਇ। ਪਿਖਿ ਆਛੋ ਥਲ ਦੀਨਿ
ਟਿਕਾਇ। ਊਪਰ ਤੇ ਪੁਨ ਮਣ[੪] ਬੰਧਵਾਈ। ਸ਼੍ਰੀ ਮੁਖ ਤੇ ਭਬਿ ਮਹਿਮਾ
ਗਾਈ ॥ ੪੩ ॥-ਗੰਗਾ ਸ੍ਰੋਤ ਹਮਹੁਂ ਇਤ ਆਨਾ[੫]। ਪਾਵਨ ਕੀਨਿ ਲਾਇ
ਉਦਪਾਨਾ। ਜਿਮ ਇਸ਼ਨਾਨ ਸੁਰਸਰੀ ਕੇਰਾ। ਮਿਟਹਿਂ ਬ੍ਰਿੰਦ ਅਘ,
ਪਾਵਨ ਫੇਰਾ[੬]-॥੪੪॥ ਸ਼੍ਰੀ ਸਤਿਗੁਰ ਇਤ ਕਰਤਿ ਸ਼ਨਾਨੇ।ਕਈ ਬਾਰ ਸ੍ਰੀ
ਬਦਨ ਬਖਾਨੇ। ਯਾਂਤੇ ਮਾਹਮਾ ਯੁਤ ਉਦਪਾਨ*।ਕਰਹਿਂ ਸੰਗਤਾਂ ਆਨਿ
ਸ਼ਨਾਨ ॥ ੪੫ ॥ ਭਬਿ ਕੋ ਇਹ ਸ੍ਰੀ ਅਰਜਨ ਨਾਥ। ਕੂਪ ਕਰਾਯਹੁ
ਮਾਹਮਾ ਸਾਥ’। ਸ੍ਰੀ ਹਰਿਰਾਇ ਸੁਨਾਤ ਹਰਖਾਇ। ‘ਧੰਨ ਧੰਨ’ ਬਕਤਾ

[੧]ਕਹੀ। [੨]ਸੇਵਾ ਕੀਤਿਆਂ ਗੁਰੂ ਦੀ ਖੁਸ਼ੀ ਹੋਵੇਗੀ। [੩](ਉਸ ਚੱਕ) ਉਤੇ ਨੀਂਹ ਧਰਕੇ ਉਤੇ ਮਹਿਲ ( ਦੀ ਉਸਾਰੀ ਅਰੰਭੀ )। ਖੂਹ ਵਿਚ ਦੀ ਪੱਕੀ ਉਸਾਰੀ ਨੂੰ ਮਹਿਲ ਕਹਿੰਦੇ ਹਨ। [੪]ਮਣ। [੫](ਮਾਨੋਂ) ਗੰਗਾ ਦਾ ਪ੍ਰਵਾਹ ਅਸਾਂ ਇੱਥੇ ਲਿਆਂਦਾ ਹੈ। [੬]ਮੁੜਕੇ ਪਵਿੱਤ੍ਰ ਹੋ ਜਾਂਦਾ ਹੈ।

*ਖੂਹ ਮਹਿਮਾ ਵਾਲਾ ਹੈ। ਜਲ ਦੀ ਨਿਰਮਲਤਾ ਤੇ ਸ਼ੁੱਧਤਾ ਲਈ ਗੰਗਾ ਦਾ ਪਾਣੀ ਇਕ ਰੂਪਕ ਬਣ ਗਿਆ ਹੈ; ਕਬੀਰ ਜੀ ਬੀ ਨਿਰਮਲ ਹੋ ਗਏ ਮਨ ਨੂੰ ‘ਜੈਸੇ ਗੰਗਾ ਨੀਰ’ ਕਹਿੰਦੇ ਹਨ। ਸ਼ਕਰ ਗੰਗਾ ਦਾ ਅਰਥ ਨਰਬਦ ਜੀ ਨੇ ਦਿਤਾ ਹੈ, ਸ਼ੱਕਰ ਜੈਸਾ ਮਿਠਾ ਤੇ ਗੰਗਾ ਜੈਸਾ ਪਵਿੱਤ੍ਰ।

ਪ੍ਰਤਿ ਗਾਏ ॥੪੬॥ ਉਠਿ ਕਰਿ ਆਏ ਪੁਨ ਨਿਜ ਡੇਰੇ।ਖਾਨ ਪਾਨ ਸੁਪਤੇ ਇਸ ਬੇਰੇ।ਸਵਾਜਾਮ ਤੇ ਜਾਗ੍ਰਨਿ ਕਰੈਂ।ਸੌਚ ਸਨਾਨ ਆਦਿ ਸਭਿ ਧਰੈਂ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਧੂਪ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸਮੋ ਅੰਸੂ ॥ ੧੮ ॥

## ੧੯. [ਰਾਮਰਾਇ ਬਾਬਤ ਧੀਰਮਲ ਦਾ ਗੁਰੂ ਜੀ ਨੂੰ ਕਹਿਣਾ]।

ਦੋਹਰਾ ॥ ਰਾਮਰਾਇ ਪਾਤੀ ਲਿਖੀ ਧੀਰਮੱਲ ਕੇ ਸਾਥ। ਅਪਨੀ ਮਹਿੰਮਾ ਬਹੁਤ ਬਿਧਿ ਜਿਮ ਬੀਤੀ ਸਭਿ ਗਾਥ ॥੧॥ ਚੌਪਈ ॥ 'ਸੁਨਿ ਤਾਯਾ ਜੀ! ਇਹ ਬਿਪਰੀਤ। ਜਨੌਂ ਮੈਂ ਕਰੀ ਲਖਹੁ ਸ਼ੁਭ ਰੀਤਿ। ਦਿੱਲੀ ਪੁਰਿ ਮਹਿਂ ਅਵਰੰਗ[1] ਭੀਰ। ਮਿਲਨਿ ਹੇਤੁ ਕਿਸਹੁੰ ਨ ਧਰਿ ਧੀਰ[2] ॥੨॥ ਠਟਕ ਰਹੇ ਲਖਿ ਕੂਰ ਬਡੇਰਾ। ਮਾਨਹਿ ਗੁਰ ਨ ਸਾਧ ਕਿਸ ਬੇਰਾ[3]। ਅਜ਼ਮਤ ਜੁਤਿ ਕੇਤੇ ਮੈਂਰਿਵਾਏ। ਬਿਦਤਿ ਸਭਿਨਿ ਮਹਿਂ ਨਹਿਂ ਗੁਪਤਾਏ ॥ ੩ ॥ ਅਲਪ ਆਰਬਲ ਤਿਸ ਦਿਨ ਮੇਰੀ। ਆਇਸੁ ਮਾਨੀ ਗੁਰ ਪਿਤ ਕੇਰੀ। ਬਿਨ ਸੰਸੈ ਤਯਾਰੀ ਕਰਿ ਲੀਨਿ। ਸਤਿਗੁਰ ਬਚ ਪਰ ਨਿਸ਼ਚਾ ਕੀਨਿ ॥ ੪॥ ਮਰਨਿ ਆਦਿ ਕੋ ਭਯ ਨਿਰਵਾਰਾ। ਹੁਕਮ ਮਾਨਿ ਮਾਰਗ ਪਗ ਡਾਰਾ। ਪਹੁੰਚਯੋ ਜਾਇ ਤੁਰਕ ਪੁਰਿ ਬੀਰ। ਜਹਾਂ ਸੰਤ ਦ੍ਰੋਹੀ ਮਤਿ ਨੀਚ ॥ ੫ ॥ ਪੂਰਬ ਕੀਨਹਿ ਕਪਟ ਬਡੇਰਾ। ਛਾਗ[4] ਜਿਵਾਵਨਿ ਕੋ ਤਬਿ ਪ੍ਰੇਰਾ। ਖ਼ਾਲ ਅਸਥਿ ਮੈਂ ਸਾਂਭ ਸੁ ਧਰੇ। ਕਾਜ਼ੀ ਸਦਨ ਪਠਨਿ ਪਗ ਕਰੇ ॥੬॥ ਭਈ ਭੋਰ ਹਠ ਕੀਨਿ ਬਿਸਾਲਾ। -ਛਾਗ ਜਿਵਾਇ ਦੇਹੁ ਇਸ ਕਾਲਾ-। ਅਸਥੀ ਚਰਮ ਨਹੀਂ ਜੇ ਰਾਖੇਂ। ਕਹਾਂ ਜਿਵਾਵਨਿ ਪੁਨ ਅਭਿਲਾਖੇਂ ॥੭॥ ਬਿਗਰ ਸੁ ਪਰਤਿ* ਤੁਰਕ ਮਦ ਮੱਤਾ। ਸਭਿ ਜਾਨਹਿਂ ਦੁਰਮਤਿ ਰਦਗੱਤਾ। ਬਹੁਰ ਜ਼ਹਿਰ ਪੋਸ਼ਿਸ਼ ਕੋ ਪਠਿ ਕਰਿ। ਪਹਿਰ ਅਚਾਨਕ ਪ੍ਰਾਨਨਿ ਪਰਹਰਿ ॥੮॥ ਇਸ ਤੇ ਆਦਿ ਕਹਾਂ ਲੌ ਕਹੀਅਹਿ। ਸਗਰੇ ਜਗਤ ਬਿਦਤਿ ਹੀ ਲਹੀਅਹਿ। ਜਨੌਂ ਜਨੌਂ ਕਰਿ ਹਜ਼ਰਤ ਅਪਨਾਯੋ। ਰਸ ਰਾਖਨੇ ਜਸੁ ਸਭਿ ਪਰ ਛਾਯੋ॥੯॥ਅਨਿਕ ਭਾਂਤਿ ਕੀ ਕਰਿ ਚਤੁਰਾਈ। ਕਰਾਮਾਤ ਬਹੁਮਤਿ[5]† ਦਿਖਰਾਈ। ਦੁਸ਼ਟ ਸਭਾ ਅਵਰੰਗ ਕੀ ਸਾਰੀ। ਬਹੁ ਬਾਰੀ ਬਹੁ ਕੀਨ ਬਿਗਾਰੀ

[1] ਔਰੰਗਜ਼ੇਬ। [2] ਕਿਸੇ ਨੇ ਧੀਰਜ ਨਹੀਂ ਸੀ ਧਾਰਿਆ ਔਰੰਗਜ਼ੇਬ ਨੂੰ ਜਾ ਕੇ ਮਿਲਣ ਦਾ (ਗੁਰੂ ਜੀ ਵਲੋਂ)। [3] ਗੁਰੂ ਤੇ ਸਾਧ ਨੂੰ ਕਿਸੇ ਵੇਲੇ ਨਹੀਂ ਇਹ ਮੰਨਦਾ। [4] ਬਕਰਾ। [5] ਬਹੁਤੀ ਬੁੱਧੀ ਨਾਲ।

*ਪਾ:-ਬਿਗਰ ਪਰੇਤਿ। †ਪਾ:-ਬਹੁਸਤ=ਸਤ=ਸਤ੍ਯ=ਸ਼ਕਤੀ। ਬਹੁ=ਬਹੁਤ (ੲ) ਬਹੁਸ੍ਰੁਤ=ਬਹੁਤਿਆਂ ਨੇ ਜੋ ਸੁਣੀਆਂ। (ਸ) ਬਿਸਪ੍ਰਤਿ। ਬਿ=੨, ਸ੍ਪ੍ਰਤਿ=੭੦]=੭੨।

॥ ੧੦ ॥ ਨਿਜ ਮਤਿ ਬਲ ਕਰਿ ਸਕਲ ਦਬਾਏ। ਸ੍ਰੀ ਨਾਨਕ ਕੋ ਜਸੁ ਬਿਦਤਾਏ। ਤਨਕ ਬਾਤ ਪਰ ਪਿਤਾ ਰਿਸਾਏ। ਜੇ ਨਹਿਂ ਕਰਤਿ ਸਭਾ ਬਿਗਰਾਏ[1]॥੧੧॥ਕਹਿ ਭੇਜ੍ਯੋ[2]–ਨਿਜ ਮੁਖ ਨ ਦਿਖਾਵਹੁ। ਰਹਹੁ ਰਹਹੁ ਕੈ ਕਹੂੰ ਸਿਧਾਵਹੁ–। ਉਚਿਤ ਨਹੀਂ ਗੁਰਤਾ ਕੇ ਜਾਨਾ। ਬਿੰਦ ਦੋਸ਼ ਕੋ ਮੋ ਪਰ ਠਾਨਾ॥੧੨॥ਸਤਿਗੁਰ ਮਮ ਪਿਤ ਭ੍ਰਾਤ ਤੁਹਾਰੋ। ਅਬਿ ਲੌ ਕੁਛ ਨਹਿਂ ਧਰ੍ਯੋ ਬਿਗਾਰੋ। ਲਘੁ ਸੁਤ ਕੀ ਚਾਹਤਿ ਬਡਿਆਈ। ਅਰਪਹਿਂਗੇ ਜਗ ਕੀ ਗੁਰਿਆਈ ॥ ੧੩ ॥ ਆਪ ਕਰਹੁ ਸਮੁਝਾਵਨਿ ਆਛੇ। ਹ੍ਵੈ ਨ ਬਿਖੇਰਾ ਇਨ ਤੇ ਪਾਛੇ। ਯਾਂਤੇ ਜਥਾ ਜੋਗ ਕ੍ਰਿਤ ਬਨੈ। ਜਿਸ ਤੇ ਸਭਿ ਜਗ ਆਛੀ ਭਨੈ ॥੧੪॥ ਹੇਰਹੁ ਪੂਰਬ ਬਡੇ ਹਮਾਰੇ। ਸ੍ਰੀ ਗੁਰ ਰਾਮਦਾਸ ਮਤਿ ਭਾਰੇ। ਲਾਇਕ ਜੇਠੋ ਸੁਤ ਨ ਬਿਚਾਰਾ। ਦਿਯੋ ਅਲਪ ਕੋ ਨਿਜ ਅਧਿਕਾਰਾ ॥ ੧੫ ॥ ਆਪ ਅਛਤ ਕ੍ਰਿਤ ਤੌ ਕਰਿ ਗਏ। ਪੀਛੇ ਅਧਿਕ ਉਪੱਦ੍ਰਵ ਭਏ। ਸ੍ਰੀ ਅਰਜਨ ਦੁਸ਼ਟਨਿ ਘਰ ਜਾਇ। ਤਜ੍ਯੋ ਸਰੀਰ ਖੇਦ ਕੋ ਪਾਇ ॥ ੧੬॥ਪ੍ਰਿਥੀਏ ਕੀਨੇ ਦੁਖਦ ਉਪਾਊ। ਸੁਖ ਸੋਂ ਬੈਠਨਿ ਦਿਯ ਨ ਕਦਾਊ। ਬਿਦਤ ਜਗਤ ਮਹਿਂ ਲਖਹੁ ਕਹਾਨੀ। ਸੋ ਅਬਿ ਰੀਤਿ ਪਿਤਾ ਗੁਰ ਠਾਨੀ ॥ ੧੭ ॥ ਕ੍ਯਾ ਮੈਂ ਪ੍ਰਿਥੀਏ ਸਮਸਰ ਨਹੀਂ ? ਹਜ਼ਰਤ ਨਿਕਟਿ ਬਿਦਤ ਜਹਿਂ ਕਹੀ। ਸਮਰਥ ਹੋਂ ਸਭਿ ਜਤਨ ਬਨਾਵਨਿ। ਕਰਨ ਬਿਖੇਰਾ ਜਨੌਂ ਮਨ ਭਾਵਨਿ ॥ ੧੮ ॥ ਦਾਦੀ ਨੇਤੀ ਕਹੁ ਲੇ ਸੰਗ। ਕਰਹੁ ਸੰਬਾਦ ਉਚਾਰਿ ਪ੍ਰਸੰਗ।–ਕ੍ਯੋਂ ਨਿਜ ਘਰ ਮਹਿਂ ਚਹਹੁ ਬਿਖੇਰਾ। ਜਿਮ ਪ੍ਰਿਥੀਏ ਗੁਰ ਅਰਜਨ ਕੇਰਾ ॥੧੯॥ ਗੁਰਤਾ ਲੇਨ ਅਹੈ ਮਮ ਦਾਵਾ। ਅਲਪ ਪੁੱਤ੍ਰ ਕਿਮ ਚਹਹੁ ਬਨਾਵਾ–'। ਇੱਤ੍ਯਾਦਿਕ ਲਿਖਿ ਕਰਿ ਨਿਜ ਪਾਤੀ। ਪਠ੍ਯੋ ਦੂਤ ਸੁਲਗਤਿ ਜਿਸ ਛਾਤੀ॥੨੦॥ਸੋ ਲੇ ਧੀਰਮੱਲ ਢਿਗ ਆਯੋ।'ਮਸਤਕ ਟੇਕਹਿ'ਪ੍ਰਥਮ ਸੁਨਾਯੋ।'ਤੁਮਰੇ ਪਰ ਧਰਿਕਰਿ ਬਿਸਵਾਸਾ।ਦਈਪੱਤ੍ਰਿਕਾ ਭੇਜ੍ਯੋ ਪਾਸਾ' ॥੨੧॥ ਖੋਲਿ ਪਠੀ ਆਸ਼ੈ ਸਭਿ ਜਾਨਾ। ਹਿਤੂ ਆਪਨੋ ਕਰਿ ਬਹੁ ਮਾਨਾ।ਧੀਰਮੱਲ ਦੇ ਧੀਰ ਬਡੇਰੀ।ਰਾਖ੍ਯੋ ਨਿਕਟਿ ਦੂਤ ਤਿਸ ਬੇਰੀ॥ ੨੨॥ਇਕ ਦਿਨ ਮਾਤਾ ਨੇਤੀ ਸੰਗ।ਬਰਨਨਿ ਕੀਨੋ ਸਕਲ ਪ੍ਰਸੰਗ।'ਜਥਾ ਜੋਗ ਜੇ ਹੋਵਤਿ ਬਾਤ।ਤੌ ਨਹਿਂ ਹੋਇ ਸਕਹਿ ਉਤਪਾਤ॥੨੩॥ਕ੍ਰਿੱਤ ਅਨੁ-

[1](ਉਹ ਤਨਕ ਬਾਤ) ਜੇ ਮੈਂ ਨਾ ਕਰਦਾ ਤਾਂ ਸਭਾ ਵਿਗਾੜ ਦੇਂਦੀ (ਔਰੰਗੇ ਨੂੰ)। [2]ਗੁਰੂ ਜੀ ਨੇ ਮੈਨੂੰ ਕਹਿ ਘੱਲਿਆ ਹੈ।

ਚਿਤ ਬਨਹਿ ਦੁਖਦਾਈ। ਸ੍ਰੀ ਹਰਿਰਾਇ ਦੇਹੁ ਸਮੁਝਾਈ।ਜੇਸ਼ਟ ਪੁੱਤ੍ਰ ਭਲੋ ਅਧਿਕਾਰੀ। ਮਹਾਂ ਸੁਮਤਿ ਜੁਤਿ ਲੇਹੁ ਬਿਚਾਰੀ ॥ ੨੪ ॥ ਜਿਨ ਕੀਨੇ ਅਵਰੰਗ ਅਨੁਸਾਰੇ। ਅਵਰਨਿ ਕੀ ਕਲਾ ਬਾਤ ਬਿਚਾਰੇ'। ਇਮ ਸਮੁਝਾਇ ਮਾਤ ਕੋ ਭਲੇ। ਸ੍ਰੀ ਹਰਿਰਾਇ ਨਿਕਟ ਪੁਨ ਚਲੇ ॥ ੨੫ ॥ ਹੁਤੇ ਇਕਾਕੀ ਹੇਰੇ ਜਾਇ।ਸਤਿਗੁਰ ਸਾਦਰ ਲਏ ਬਿਠਾਇ।ਨੇਤ੍ਰੀ ਜਨਨੀ ਗਿਰਾਉਚਾਰੀ। 'ਆਪ ਪ੍ਰਬੀਨ ਸਕਲ ਮਤਿ ਭਾਰੀ ॥ ੨੬ ॥ ਬਾਲ ਆਰਬਲ ਮਹਿ ਨਿਜ ਗੁਨ ਤੇ। ਲਿਏ ਰਿਝਾਇ ਪਿਤਾਮਾ ਮਨ ਤੇ। ਜਿਸ ਤੇ ਉਚਿਤ ਪੁੱਤ੍ਰ ਸਭਿ ਤ੍ਯਾਗੇ। ਗੁਰਤਾ ਤੁਮਹਿ ਦਈ ਅਨੁਰਾਗੇ ॥੨੭॥ ਯਾਂ ਤੇ ਕਹਿਬੋ ਬਨਹਿ ਨ ਕੋਈ। ਜੋ ਕੁਛ ਕਰਹੁ ਭਲੀ ਬਿਧਿ ਸੋਈ। ਤੁਮਰੇ ਬਡੇ ਭ੍ਰਾਤ ਭੀ ਆਯੋ। ਕਹਨਿ ਹੇਤੁ ਜਿਸ ਬਿਧਿ ਬਨਿ ਆਯੋ' ॥ ੨੯ ॥ ਸ੍ਰੀ ਹਰਿਰਾਇ ਸੁਨਤਿ ਪੁਨ ਭਾਖਾ। 'ਕਹਹੁ ਜਥਾ ਉਰ ਕੀ ਅਭਿਲਾਖਾ। ਇਕ ਜਨਨੀ ਦੂਸਰ ਬਡ ਭ੍ਰਾਤਾ। ਤੁਮਰੇ ਸੁਨਿ ਹੈਂ ਸਰਬ ਬ੍ਰਿਤਾਂਤਾ' ॥ ੨੯ ॥ ਧੀਰਮੱਲ ਬੋਲ੍ਯੋ ਤਿਹ ਸਮੇ। 'ਜਿਮ ਆਛੀ ਹੁਇ ਸੋ ਕਹਿ ਤੁਮੇ। ਦੀਰਘ ਦ੍ਰਿਸ਼ਟਿ ਬਿਚਾਰਨਿ ਕਰੋ। ਪੂਰਬ ਕੋ ਪ੍ਰਸੰਗ ਚਿਤ ਧਰੋ ॥੩੦॥ ਸ੍ਰੀ ਗੁਰ ਰਾਮਦਾਸ ਜਿਮ ਕੀਨਿ।ਭਏ ਉਪੱਦ੍ਰਵ ਪਾਛੇ ਪੀਨ। ਲਘੁ ਸੁਤ ਕੋ ਨਿਜ ਥਲ ਬੈਠਾਰਾ। ਪ੍ਰਿਥੀਏ ਕੀਨੋ ਦ੍ਵੈਸ਼ ਉਦਾਰਾ ॥ ੩੧ ॥ ਅੰਤ ਸਮੇਂ ਲਗਿ ਢਿਗ ਤੁਰਕੇਸ਼। ਕਰਤੋ ਰਹ੍ਯੋ ਪੁਕਾਰ ਹਮੇਸ਼। ਸ੍ਰੀ ਅਰਜਨ ਕੋ ਕਸ਼ਟ ਉਪਾਵਨਿ। ਨਿਸ ਦਿਨ ਕੀਨੇ ਜਤਨ ਬਨਾਵਨਿ ॥੩੨॥ ਲਘੁਤਾ ਅਪਨੀ ਨਾਹਿਨ ਚੀਨੀ। ਅਧਿਕ ਸ਼ਰੀਕੇ ਮਹਿਂ ਮਤਿ ਭੀਨੀ। ਤਿਸ ਹੀ ਝਗਰੇ ਮਹਿਂ ਮਰਿ ਗਯੋ। ਨਹੀਂ ਮੇਲ ਭ੍ਰਾਤਾ ਸੰਗ ਕਿਯੋ ॥ ੩੩ ॥ ਸੋ ਬਿਧਿ ਮੈਂ ਨੀਕੇ ਕਰਿ ਜਾਨੀ। ਸਦਨ ਆਪ ਕੇ ਹੁਇ ਤਿਮ ਠਾਨੀ[1]*। ਉਚਿਤ ਪੁੱਤ੍ਰ ਕੋ ਤ੍ਯਾਗਨਿ ਕਰ੍ਯੋ। ਹਜ਼ਰਤ ਸਾਥ ਸੁਤ ਜਿਨ ਧਰ੍ਯੋ ॥੩੪॥ ਕਾਰਜ ਘਰ ਕੇ ਸਕਲ ਸੁਧਾਰੇ। ਕਰਿ ਚਤੁਰਾਈ ਜਸੁ ਬਿਸਤਾਰੇ। ਸੰਗਤ ਬ੍ਰਿੰਦ ਆਪਨੀ ਕੀਨੀ। ਜਿਤ ਕਿਤ ਤੇ ਪੂਜਾ ਬਹੁ ਲੀਨੀ ॥ ੩੫ ॥ ਸਰਬ ਭਾਂਤਿ ਤੇ ਭਾ ਸਮਰੱਥ। ਤੁਰਕੇਸ਼ੁਰ ਹੈ ਜਿਸ ਕੇ ਹੱਥ। ਜੌ ਤੁਮ ਗੁਰਤਾ ਦੇਹੁ ਨ ਤਾਂਹੀ। ਤਨ ਕੇ ਅਬ ਹੋਇ ਸੁਖ ਨਾਂਹੀ ॥ ੩੬ ॥ ਵਧਹਿ ਸਪਰਧਾ[2] ਭ੍ਰਾਤਨਿ ਬਿਖੇ। ਲਘੁ ਸੁਤ

[1]ਉਸੇ ਤਰ੍ਹਾਂ ਹੋਣੀ ਠਣ ਗਈ ਹੈ। (ਅ) ਠਾਣੀ=(ਮੈਂ) ਸਮਝੀ ਹੈ। [2]ਈਰਖਾ।

*ਪਾ:-ਹੁਇ ਤੁਮ ਠਾਨੀ=ਆਪ ਦੀ ਕੀਤੀ ਹੋਈ।

ਬੈਸ ਅਲਪ ਕੋ ਪਿਖੈਂ। ਗੁਰਤਾ ਕੋ ਬਿਗਾਰ ਸਭਿ ਦੈ ਹੈ। ਬਲ ਕੋ ਕਰਹਿ ਆਪ ਹੀ ਲੈ ਹੈ ॥ ੩੭ ॥ ਕਰੋਂ ਪੁੱਤ੍ਰਨਿ ਮਹਿਂ ਦ੍ਵੈਸ਼ ਉਪਾਵਹੁ? ਅਨਬਨ ਰਚਹੁ,ਕਸ਼ਟ ਮਹਿਂ ਪਾਵਹੁ। ਘਰ ਬਿਗਰਹਿ ਬਹੁ ਪਰਹਿ ਬਿਖੇਰਾ। ਇਸ ਮਹਿਂ ਕਹਾਂ ਭਲੋ ਤੁਮ ਹੇਰਾ? ॥੩੮॥ ਜੇਸ਼ਟ ਕੋ ਜਗ ਗੁਰੂ ਬਨੀਜੈ। ਲਘੁ ਤਿਸ ਕੇ ਅਨੁਸਾਰਿ ਕਰੀਜੈ। ਸਭਿ ਬਿਧਿ ਪੀਛੈ ਇਮ ਸੁਖ ਹੋਇ। ਪੁਨ ਕਿਸ ਬਿਧਿ ਉਤਪਾਤ ਨ ਕੋਇ' ॥੩੯॥ ਆਸ਼ੈ ਮਾਤ ਭ੍ਰਾਤ ਕੀ ਬਾਤ। ਸ੍ਰੀ ਹਰਿਰਾਇ ਸੁਨੀ ਸਭਿ ਭਾਂਤਿ। ਕਹਿਬੇ ਕਹੁ ਗੁਰ ਹੈ ਕਰਿ ਤਯਾਰ। ਜਥਾ ਜੋਗ ਸ੍ਰੀ ਪ੍ਰਭੁ ਕਰਤਾਰ[1]* ॥ ੪੦ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਧੀਰ ਮੱਲ ਕਹਿਨ' ਪ੍ਰਸੰਗ ਬਰਨਨੰ ਨਾਮ ਉਨਿਬਿੰਸਤੀ ਅੰਸੂ ॥੧੯॥

## ੨੦. [ਗੁਰ ਜੀ ਦਾ ਉੱਤਰ। ਵਾਪਸ ਕੀਰਤਪੁਰਿ ਆਉਣਾ।]

ਦੋਹਰਾ ॥ 'ਸੁਨਿ ਮਾਤਾ! ਭ੍ਰਾਤਾ! ਸੁਬ੍ਰਿੱਤ[2] ਇਹ ਨਹਿਂ ਕਿਸ ਕੇ ਹਾਥ। ਕਰੈ ਉਪਾਇ ਨ ਪ੍ਰਾਪਤੀ ਦਾਤਾ ਇਕ ਜਗ ਨਾਥ ॥ ੧ ॥ ਚੌਪਈ ॥ ਸਭਿ ਕੇ ਬਡੇ ਆਦਿ ਸ੍ਰੀ ਨਾਨਕ। ਪਰਖਤਿ ਗੁਨਨਿ ਗਯਾਨ ਮਨਿ ਮਾਨਿਕ। ਜਿਨ ਤੇ ਪਰੇ ਅਪਰ ਨਹਿਂ ਕੋਈ। ਮਹਤਿ ਮਹਤਿ ਮਹੀਆਨਹਿ ਸੋਈ[3] ॥ ੨ ॥ ਤਿਨ ਕੀ ਕਰੀ ਸਰਬ ਸਿਰ ਧਰੈਂ। ਬਿਨਾਂ ਬਿਚਾਰੇ ਮਾਨਯੋ ਕਰੈਂ। ਸਭਿ ਬਿਧਿ ਸ਼ੁਭ ਸੁਤ ਲਾਇਕ ਹੁਤੇ। ਨਹਿਂ ਆਇਸੁ ਇਕ ਮਾਨੀ ਕਿਤੇ[4] ॥੩॥ ਸੋ ਲਖਿ ਦੋਸ਼, ਦਾਸ ਕੋ ਦੀਨੀ। ਸ੍ਰੀ ਅੰਗਦ ਗੁਰਤਾ ਤਬਿ ਕੀਨੀ। ਦਾਸੂ ਦਾਤੂ ਜੁਗ ਸੁਤ ਭਏ। ਸਭਿ ਬਿਧਿ ਕੇ ਲਾਇਕ ਲਖਿ ਲਏ ॥ ੪ ॥ ਸ੍ਰੀ ਗੁਰੁ ਅਮਰ ਸਾਥ ਮਤਸਰੀ। ਨਹੀਂ ਸਰਲਤਾ ਉਰ ਮਹਿ ਧਰੀ। ਅੰਤ ਸਮੈਂ ਨਹਿ ਲਾਇਕ ਜਾਨੇ। ਨਹੀਂ ਥਿਰਾਏ ਅਪਨਿ ਸਥਾਨੇ[5] ॥ ੫ ॥ ਤਿਮ ਸ੍ਰੀ ਅਮਰਦਾਸ ਸੁਤ ਪਰਖੇ। ਨਹਿਂ ਆਗਯਾ ਕੋ ਸੁਨਿ ਮਨ ਹਰਖੇ। ਸ੍ਰੀ ਗੁਰ ਰਾਮਦਾਸ ਨਿਰਮਾਨ। ਮਤਸਰ ਆਦਿਕ ਦੋਸ਼ਨ ਜਾਨਿ ॥ ੬ ॥ ਨਿਜ ਸਥਾਨ ਪਰ ਆਪ ਬਿਠਾਇ। ਕਹਿ ਸਭਿਹਿਨ ਕੇ ਸੀਸ ਨਿਵਾਇ। ਤਿਨ ਕੋ ਪ੍ਰਿਥੀਆ ਜੇਸ਼ਟ ਨੰਦ। ਨਿਜ ਮਤਿ ਕੋ ਚਿਤ ਗਰਬ ਬਿਲੰਦ ॥੭॥ ਆਂਖ ਤਰੇ ਨਹਿਂ ਆਨਤਿ ਕਾਂਹੂ। ਦਰਬ ਬਟੋਰਯੋ ਬਹੁ ਨਿਜ ਪਾਹੂ। ਚਿਤ ਮਹਿ ਚਾਤੁਰਤਾ ਜਗ ਕੇਰੀ। ਸੁਮਤਿ ਨ ਸ਼ਾਂਤਿ ਸੰਤੋਖ ਵਡੇਰੀ ॥੮॥ ਤਿਸ ਪਰ

---

[1]ਭਾਵ ਗੁਰੂ ਜੀ। [2]ਸੁਵ੍ਰਿਤ=ਭਲੇ, ਨੇਕ। [3]ਵਡਿਆਂ ਦੇ ਵਡਿਆਂ ਤੋਂ ਵੀ ਵਡੇ ਹਨ ਓਹ।
[4]ਇਕੋ (ਇਹ ਦੋਸ਼) ਵੇਖਿਆ ਕਿ ਆਗਿਆ ਨਹੀਂ ਮੰਨੀ ਕਿਸੇ ਨੇ। [5]ਭਾਵ ਗੱਦੀ ਨਾ ਦਿੱਤੀ।
*ਪਾ:- ਕ੍ਰਿਤਿ ਕਾਰ=ਸਾਰੇ ਕਾਰਜਾਂ ਦੇ ਕਰਨ ਹਾਰ।

ਸਬਦ ਬਨਾਵਨਿ ਕੀਨਿ । ਧਰਨੈ ਗ੍ਰਿੰਥ ਮਹਿ ਗੁਰੂ ਪ੍ਰਬੀਨ । ਚਹੁ ਪੀੜ੍ਹੀ
ਮਹਿਂ ਆਦਿ ਜੁਗਾਦੀ । ਕਰਹਿ ਬਖੀਲੀ ਜੋ ਬਨਿ ਬਾਦੀ ॥ ੯ ॥ ਹਲਤ
ਪਲਤ ਮਹਿਂ ਤਿਹ ਮੁਖ ਕਾਰਾ । ਕਹੂੰ ਨ ਆਦਰ ਲਹੈ ਕੁਲਾਰਾ॥ਜੋ ਹੋਵਹਿ
ਗੁਰ ਕੇ ਅਨੁਸਾਰੀ । ਸੇਵਾ ਆਦਿ ਧਰਹਿ ਗੁਨ ਭਾਰੀ॥ ੧੦ ॥ ਸੋ ਲਾਇਕ
ਗੁਰਤਾ ਕੀ ਬਨਹਿ । ਮਤਸਰ ਆਦਿ ਹੰਕਾਰਹਿ ਹਨੈ । ਰੀਤਿ ਆਦਿ ਤੇ
ਇਹੁ ਚਲਿ ਆਈ । ਹਮ ਕਨੈਂਹੂ ਨਹਿਂ ਨਈ ਬਨਾਈ ॥ ੧੧ ॥ ਰਾਮਰਾਇ
ਹਮ ਤੇਜਨਿ ਕੀਨਿ । ਬਚਨ ਸ਼ਕਤਿ ਦੀਰਘ ਤਿਸ ਦੀਨਿ । ਕਰੀ ਸੁ
ਕਰੀ ਅਪਰ, ਹਮ ਮਾਨੀ[1] । ਕਰਾਮਾਤ ਨਿਤ ਦਈ ਮਹਾਨੀ ॥੧੨॥ ਨਿਤੁ
ਹੁਤੋ ਸਭਿ ਤੇ ਕਿਧ ਬਲੀ । ਤਿਨ ਭੀ ਜਾਨਿ ਲੀਨਿ ਬਿਧਿ ਭਲੀ । ਤਊ
ਸੁਨਹੁ ਸ੍ਰੀ ਨਾਨਕ ਬਾਨੀ॥ਦੈਵਹਿ ਲੋਕਨਿ ਸਿਰ ਧਰਿ ਮਾਨੀ ॥੧੩॥ ਜਥਾ
ਜੋਗ ਕੀ ਬਰਨਨਿ ਕਰੀ । ਜਿਸ ਮਹਿਂ ਗਰਬ ਰੀਤਿ ਪਰਹਰੀ । ਪਠਨੈ
ਸ਼ਲੋਕ, ਅਰਥ ਕੋ ਬੂਝਾ । ਗੁਪਤ ਬਿਦਤ ਜਿਸ ਕੋ[2] ਸਭਿ ਸੂਝਾ ॥ ੧੪ ॥
ਕਰਨਿ ਤੁਰਕੜੇ ਕੇਰ ਖ਼ੁਸ਼ਾਮਦ । ਜਾਨਿ ਦਰਬ ਕੀ ਤਿਸ ਤੇ ਆਮਦ ।
ਅਰਥ ਬਿਪਰਜੈ ਕੀਨਿ ਸੁਨਾਵਨਿ । ਹਮ ਕੋ ਭਈ ਨ ਇਹ ਮਨਭਾਵਨ॥
੧੫॥ਹੁਤੋ ਸਮਰਥ ਸਰਬ ਕੁਛ ਕਰਿਬੋ।ਨਹੀਂ ਭਰੋਸ ਅਪਨਿਬਲ ਧਰਿਬੋ[3]।
ਤਊ ਦੇਖੀਅਹਿ ਅਧਿਕ ਸਮਾਜਾ।ਤਿਧੋ ਤਿਸੀ ਕੋ ਜਨੁ ਬਨ ਰਾਜਾ[4] ॥੧੬॥
ਕਿਸੂ ਬਾਤ ਕੀ ਕਮੀ ਨ ਤਾਂਹੀ । ਬਨਨੈ ਪੂਜ ਬਡ ਜਗ ਕੇ ਮਾਂਹੀ । ਅਹੈਂ
ਭਵਿੱਖਨਤ ਮੈਂ ਬਡ ਹੇਤੂ।ਪਹੁੰਚੈ ਗੁਰਤਾ ਕਿਸੂ ਨਿਕੇਤ[5]॥੧੭॥ਭਾਵੀ ਰਚੀ
ਪ੍ਰਮੇਸ਼ੁਰ ਜਥਾ । ਹੁਈ ਚਹੈ ਸਾਰੀ ਸੋ ਤਥਾ । ਤਿਸ ਮਹਿਂ ਬਸ ਨਹਿਂ ਕਿਸ
ਹੂ ਕੇਰਾ । ਬ੍ਰਿਥਾ ਕਰੈ ਬਲ ਜਤਨ ਬਡੇਰਾ[6] ॥ ੧੮ ॥ ਸੁਨਿ ਮਾਤਾ ਭ੍ਰਾਤਾ
ਗੁਰ ਬੈਨ । ਨਹੀਂ ਭਈ ਚਿਤ ਮੈਂ ਕਿਮ ਚੈਨ । ਅਪਰ ਬਾਰਤਾ ਬਹੁਰ
ਉਚਾਰੀ । ਰਾਮਰਾਇ ਕੀ ਕੀਰਤਿ ਵਾਰੀ ॥੧੯॥ ਜਥਾ ਜੋਗ ਉੱਤਰ ਗੁਰ
ਦੀਨੇ । ਸੋ ਮਤਿ ਨਹੀਂ ਮਾਨਿਬੋ ਕੀਨੇ[7] । ਤਊ ਕਹਤਿ ਹੀ ਰਹੈਂ ਹਮੇਸ਼ ।

[1]ਹੋਰ ਜੋ ਕੀਤੀ ਸੋ ਕੀਤੀ, ਅਸਾਂ ਮੰਨ ਲਈ । [2]ਭਾਵ ਰਾਮਰਾਇ ਨੂੰ । [3]ਨਹੀਂ ਧਰਿਆ ਸੂ ।
[4]ਤਾਂ ਬੀ ਵੇਖ ਲਓ (ਉਸਦੇ ਪਾਸ) ਬਡੇਰਾ ਸਮਾਜ ਹੈ ਤੇ ਉਸੇ (ਸਮਾਜ) ਨਾਲ ਉਹ ਮਾਨੋ
ਰਾਜਾ ਬਣਿਆਂ ਹੋਇਆ ਹੈ । [5]ਭਵਿੱਖਤ ਵਿਚ ਬੜੇ ਕਾਰਨ ਹਨ (ਜਿਨ੍ਹਾਂ ਕਰਕੇ) ਗੁਰਿਆਈ
ਨੇ ਕਿਸੇ (ਹੋਰ) ਘਰ ਪਹੁੰਚਣਾ ਹੈ । (ਨਾਵੇਂ ਤੇ ਦਸਮੇਂ ਗੁਰਾਂ ਵਲ ਤੇ ਉਨ੍ਹਾਂ ਦੇ ਸਾਕਿਆਂ ਵਲ
ਇਸ਼ਾਰਾ ਹੈ) । [6](ਰਾਮ ਰਾਇ) ਬਲ ਤੇ ਬਹੁਤ ਜਤਨ ਬਿਅਰਥ ਕਰਦਾ ਹੈ । [7]ਸੋ ਸਲਾਹ
ਨਾ ਮੰਨੀ ।

'ਦਿਹੁ ਗੁਰਤਾ ਜੋ ਪੁੱਤ੍ਰ ਵਿਸ਼ੇਸ਼[੧]*'॥੨੦॥ਦਿਨ ਪ੍ਰਤਿ ਕਹਹਿ ਜਾਨਿ ਗੁਨ ਖਾਨੀ। ਰਾਮਰਾਇ ਕੀ ਉਪਮ ਮਹਾਨੀ। ਪੱਖੀ ਭਏ, ਟਰਤਿ ਨਹਿਂ ਟਾਰੇ। ਚਢਨਿ ਚਹਤੇ ਸਤਿਗੁਰੂ ਬਿਚਾਰੇ॥੨੧॥-ਅਹੈ ਅਨੁਚਿਤ[੨] ਨ ਉਚਿਤ ਸੁ ਚਿਤ ਮੈਂ। ਤਿਸ ਕੇ ਬਨਿ ਪੱਖੀ ਹੁਇ ਹਿਤ ਮੈਂ। ਦਿਨ ਪ੍ਰਤਿ ਕਹਤਿ ਬਿਚਾਰਤਿ ਨਾਂਹੀ॥ਸ੍ਰੀ ਨਾਨਕ ਘਟਤਾ ਜਿਸ ਮਾਂਹੀ-॥੨੨॥ਬੀਤ ਜਾਮਨੀ ਚਿਤਵਤਿ ਰਹੇ। ਪ੍ਰਾਤਿ ਸੌਚ ਮੱਜਨ ਚਿਤ ਚਹੇ। ਬਦਤਿ ਸਭਿਨਿ ਮਹਿਂ ਸੁਨਤਿ ਉਚਾਰੀ। 'ਦੁੰਦਭਿ ਦਿਹੁ ਬਜਾਇ ਹੈ ਤਯਾਰੀ॥ ੨੩ ॥ ਜ਼ੀਨ ਤੁਰੰਗਨਿ ਪਰ ਅਬਿ ਪਾਵਹੁ। ਦਿਵਸ ਨ ਚਢਹਿ, ਚਢਨਿ ਉਤਲਾਵਹੁ[੩]'। ਇਮ ਕਹਿ ਅਪਨੇ ਸ਼ਸਤ੍ਰ ਅਨਾਏ। ਕਰਾਚੋਲ ਤਰਕਸ਼ ਗਰ ਪਾਏ॥੨੪॥ ਸੌ ਪਾਲਨਿ ਕੋ ਜਾਮਾ ਫਬੈ। ਸੂਖਮ ਅਧਿਕ ਦਿਪਹਿ ਤਨ ਸਭੈ। ਕਟ ਸਨ ਦਿੜ੍ਹ ਲਪੇਟ ਪਟ ਲੀਨਿ। ਜ਼ੇਵਰ ਜਿਗਾ ਜ਼ਿਬਾਇਸ਼[੪] ਕੀਨ ॥੨੫॥ ਇਤਨੇ ਮਹਿਂ ਚੰਚਲ ਬਲ ਬਾਜੀ। ਆਵਤਿ ਮਨਹੁਂ ਕਰੇ ਨਟ ਬਾਜੀ। ਚਾਮੀਕਰ ਕੋ ਜ਼ੀਨ ਸੁਹਾਵਾ। ਜਟਤਿ ਨਗਨ ਗਨ ਤੇ ਦਮਕਾਵਾ ॥੨੬॥ ਮਾਤ ਭ੍ਰਾਤ ਕੋ ਮਿਲ ਤਤਕਾਲਾ। ਤੁਰੰਗ ਅਰੂਢਨਿ ਭਏ ਉਤਾਲਾ॥ਦੁੰਦਭਿ ਊਚੀ ਧੁਨਿ ਧੁੰਕਾਰਾ। ਚਢਨਿ ਗੁਰੂ ਸਭਿ ਕੇ ਸੁਤ ਭਾਰਾ ॥ ੨੭ ॥ ਚਮੂ ਹਜ਼ਾਰ ਤਤਛਿਨ ਹੁਇ ਆਈ। ਜ਼ਰੀ ਨਿਸ਼ਾਨ ਝੁਲਤਿ ਅਗੁਵਾਈ। ਕੀਰਤਿਪੁਰਿ ਕੇ ਮਾਰਗ ਚਾਲੇ। ਧਾਵਤਿ ਬੀਰਨਿ ਤੁਰੰਗ ਬਿਸਾਲੇ॥੨੮॥ ਬਾਈ ਸਹਸ ਸੈਨ ਸਮੁਦਾਈ। ਚਲੀ ਧੂਲ ਚਢਿ ਨਭ ਪਰ ਛਾਈ॥ ਉਲੰਘਿ ਪੰਥ ਕੋ ਕੋਸ ਕਿਤੇਕ। ਉਤਰਿ ਪਰੇ ਪ੍ਰਭੁ ਜਲਧਿ ਬਿਬੇਕ ॥੨੯॥ਸਕਲ ਬਹੀਰ ਸਿਵਰ ਕਹੁ ਘਾਲਾ। ਤ੍ਰਿਣ ਕਾਸ਼ਟ ਕੋ ਸੰਚਿ ਉਤਾਲਾ। ਖਾਨ ਪਾਨ ਕਰਿ ਨਿਸਾ ਬਿਤਾਈ। ਸ਼੍ਰਮ ਨਿਰਵਾਰਨੇ ਬਸਿ ਤਿਸ ਥਾਈਂ ॥੩੦॥ ਸੌਚ

---

[੧]ਵਡਾ। [੨](ਧੀਰਮਲ ਜੋ ਕਹਿੰਦਾ ਹੈ) ਸੋ ਅਯੋਗ ਹੈ। [੩]ਦਿਨ ਨਾਂ ਚੜ੍ਹਨ ਦਿਓ (ਉਸ ਤੋਂ ਪਹਿਲੋਂ) ਛੇਤੀ ਚੜ੍ਹ ਚਲੋ। [੪]ਫਬਾਉ।

*ਪ੍ਰਿਥੀਆ, ਧੀਰਮਲ; ਰਾਮਰਾਇ ਆਦਿ ਗੱਦੀ ਨੂੰ ਦੁਨਿਆਵੀ ਵਿਰਾਸਤ ਤੇ ਨਿਜ ਐਸ਼੍ਵਰਜ ਵਾਲੀ ਸਮਝਦੇ ਸਨ, ਤੇ ਗੁਰਤਾ ਸੀ ਆਤਮ ਪਦ ਤੇ ਨਿਜ ਸੁਖ ਵਾਰ ਕੇ ਸ੍ਰਿਸ਼ਟੀ ਦੀ ਰਖਿਆ ਤੇ ਉੱਧਾਰ ਦੀ ਜ਼ਿੰਮੇਵਾਰੀ ਦਾ ਕੰਮ ਤੇ ਧੁਰੋਂ ਮੁਕਰਰ ਹੋਈ ਬਾਤ। ਇਸ ਲਈ ਸਾਰੇ ਸਤਿਗੁਰਾਂ ਦੀ ਚੋਣ ਦੁਖਾਂ ਤੇ ਨਤੀਜਿਆਂ ਤੋਂ ਬੇਪਰਵਾਹ ਯੋਗ ਅਧਿਕਾਰ ਵਾਲੇ ਤੇ ਪੈਂਦੀ ਸੀ, ਹਰ ਇਕ ਉਨ੍ਹਾਂ ਦਾ ਰੂਹਾਨੀ ਤੇ ਇਖ਼ਲਾਕੀ ਕਮਾਲ ਤੇ ਇਤਿਹਾਸ ਵਿਚ ਰੋਸ਼ਨੀ ਦਾ ਮੀਨਾਰ ਹੈ।

ਸ਼ਨਾਨ ਪ੍ਰਾਤਿ ਕੋ ਕਰੇ। ਤੁਰਨ ਜ਼ੀਨ ਤੁਰੰਗ ਪਰ ਧਰੇ।ਤੰਗ ਐਂਚਿ ਤਬਿ ਕੀਨਸਿ ਤਯਾਰੀ[1]। ਗੁਰੂ ਚਹੀ ਸਿਵਕਾ ਅਸਵਾਰੀ ॥ ੩੧ ॥ ਤਤਛਿਨ ਆਇ ਅਰੂਢਤਿ ਭਏ। ਚਮੂੰ ਸਹਿਤ ਮਗ ਗਮਨਤਿ ਭਏ। ਇਮ ਦਿਨ ਪ੍ਰਾਤਿ ਸ੍ਰੀ ਸਤਿਗੁਰੁ ਚਾਲੇ। ਪੰਥ ਉਲੰਘਿ ਗਏ ਜਿਸ ਕਾਲੇ ॥ ੩੨ ॥ਪੁਨ ਸਤੁਦ੍ਰਵ ਸਲਿਤਾ ਅਗੁਵਾਈ। ਗਨ ਜਲ ਜੰਤੁਨਿ ਕੇ ਜੁਤਿ ਆਈ। ਥਿਰੇ ਉਤਰ ਕਰਿ ਤੀਰ ਕ੍ਰਿਪਾਲਾ। ਕੇਵਟ ਕੋ ਹਕਾਰਿ ਤਤਕਾਲਾ॥੩੩॥ ਸੁੰਦਰ ਨਈ ਨਾਉ ਅਨਵਾਈ। ਪ੍ਰਭੁ ਅਰੂਢਿ ਜਲ ਪਰ ਚਲਿਵਾਈ। ਪਰਲੇ ਪਾਰ ਉਤਰਿ ਥਿਰ ਹੋਏ। ਪੁਨ ਚਢਿ ਚਮੂੰ ਆਇ ਸਭਿ ਕੋਏ ॥ ੩੪ ॥ ਗੁਰੂ ਅਰੂ-ਢਤਿ ਚਲੇ ਅਗਾਰੀ। ਸੁਭਟ ਸਗਲ ਗਮਨੰਤਿ ਪਿਛਾਰੀ। ਕੀਰਤਿਪੁਰਿ ਸੁਧ ਗੀ ਸਭਿ ਭਵਨੂ। ਕ੍ਰਿਪਾ ਨਿਧਾਨ ਪ੍ਰਭੁ ਆਗਵਨੂ ॥ ੩੫ ॥ ਸੁਨਿ ਸੁਨਿ ਮੰਗਲ ਨਾਨਾ ਸਾਜੈਂ। ਨੌਬਤ ਪੁਰੀ ਪੌਰ ਪਰ ਬਾਜੈਂ। ਧੁਪ ਧੁਖਾਵਤਿ ਫੂਲਨ ਮਾਲਾ। ਗਰੀ ਮਾਰਜਨ ਕਰੀਂ[2] ਬਿਸਾਲਾ ॥ ੩੬ ॥ ਕਰਿ ਛਿਰ-ਕਾਵਨਿ ਧੂਰ ਦਬਾਈ। ਪੰਚਾਂਮ੍ਰਿਤ ਹੋਵਤਿ ਸਮੁਦਾਈ। ਸਭਿ ਕੇ ਉਰ ਆਨੰਦ ਭਰਿ ਆਏ।ਦਰਸ਼ਨ ਕੋ ਹਿਯਰੇ ਲਲਚਾਏ॥੩੭॥ਸ੍ਰੀ ਹਰਿਕ੍ਰਿਸ਼ਨ ਸ ਦਾਸ ਅਗਾਊ। ਮਿਲੇ ਨਿਮੇ ਨਰ ਗਨ ਧਰਿ ਭਾਊ। ਬੂਝੀ ਕੁਸ਼ਲ ਗੁਰੂ ਸਭਿਹਿਨਿ ਕੀ। ਕਰੀ ਬਤਾਵਨਿ ਤਿਨ ਤਨ ਮਨ ਕੀ ॥ ੩੮ ॥ ਸੁੰਦਰ ਸਦਨ ਬਿਰਾਜੇ ਜਾਇ। ਪੁਰਿ ਜਨ ਪਰਵਾਰੇ ਸਮੁਦਾਇ। ਆਇ ਛਿਹਾਵਲ ਬਹੁ ਬਰਛਾਯੋ। ਸਭਿਨਿ ਅਨੰਦ ਕਰੇ ਮੁਖ ਪਾਯੋ ॥੩੯॥ ਸੋਢੀ ਸੂਰਜਮਲ ਤੇ ਆਦਿ। ਮਿਲੇ ਆਇ ਧਰਿ ਧਰਿ ਅਹਿਲਾਦ। ਜਥਾ ਜੋਗ ਸ੍ਰੀ ਗੁਰ ਸਤਿਕਾਰੇ। ਕਿਤਿਕ ਸਮੇਂ ਥਿਰਿ ਸਦਨ ਸਿਧਾਰੇ ॥੪੦॥ ਸ੍ਰੀ ਹਰਿਕ੍ਰਿਸ਼ਨ ਉਛੰਗ[3] ਸੁਹਾਏ। ਬੰਦਹਿੰ ਸੁਭਟ ਹੇਰਿ ਸਮੁਦਾਏ। ਨਿਜ ਬਲ ਬਿਰਤਾ ਕਰਨਿ ਨਿਹਾਰੇ। ਗੁਨ ਗਨ ਧੀਰਜ ਆਦਿ ਉਦਾਰੇ ॥ ੪੧ ॥ ਭਯੋ ਸਪੂਤ ਪਰਮ ਪ੍ਰਿਯ ਪਿਤ ਕੋ। ਕਰਤਾ ਸਿਖ ਸੰਗਤਿ ਕੇ ਹਿਤ ਕੋ। ਬਸਤਿ ਭਏ ਕੀਰਤਿਪੁਰਿ ਆਇ। ਸਪਤਮ ਸ਼ਾਹੁ ਗੁਰੂ ਹਰਿਰਾਇ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਗੁਰੂ ਕੀਰਤਿਪੁਰਿ ਆਗਮਨ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥ ੨੦ ॥

## ੨੧. [ਗੁਰਬਾਣੀ ਮਹਿਮਾ। ਸਿੱਖੀ ਜਹਾਜ਼ ਡੁਬਿਆਂ ਦਾ ਬੇੜਾ]।

ਦੋਹਰਾ ॥ ਸ੍ਰੀ ਸਤਿਗੁਰ ਹਰਿਰਾਇ ਜੀ ਇਸ ਬਿਧਿ ਸਮਾਂ ਬਿਤਾਇ।

---

[1]ਤੰਗ ਖਿੱਚ ਕੇ ਤਿਆਰੀ ਕੀਤੀ (ਘਰ)......। [2]ਗਲੀਆਂ ਹੂੰਝੀਆਂ। [3]ਗੋਦੀ ਵਿਚ।

ਸਿਖਜਨਿ ਕੋ ਸੁਖ ਦੇਤਿ ਹੈਂ ਦੁਸ਼ਟਨਿ ਦੁਖ ਸਮੁਦਾਇ ॥੧॥ ਚੌਪਈ॥ ਏਕ
ਦਿਨੈਸ ਮਹਿਂ ਕ੍ਰਿਪਾ ਨਿਧਾਨਾ। ਬੈਠੇ ਰੁਚਿਰ ਪ੍ਰਯੰਕ ਮਹਾਨਾ। ਸਮੈਂ ਅਰਾਮ
ਕਰਨ ਕੋ ਜਾਨੇ। ਪੌਢਿ ਗਏ ਸੁਪਤੇ ਸੁਖ ਸਾਨੇ ॥੨॥ ਸੂਖਮ ਬਸਤ੍ਰ ਊਪਰੇ
ਤਾਨਾ। ਕੁਛ ਸਿਖ ਹੁਤੇ ਅਲਪ ਤਿਸ ਥਾਨਾ। ਕਿਤਿਕ ਸਮੇ ਜਬਿ ਏਵ
ਬਿਤਾਏ। ਕਿਸੂ ਦੇਸ਼ ਤੇ ਦੁਇ ਸਿਖ ਆਏ ॥੩॥ਉਰ ਸ਼ਰਧਾ ਧਰਿ ਸ਼ਬਦ
ਸੁ ਗਾਵਤਿ। ਬਹੁਤ ਪ੍ਰੇਮ ਸੁਨਿਬੇ ਉਪਜਾਵਤਿ। ਸੁੰਦਰ ਸੁਰ ਤੇ ਰਾਗ
ਬਸਾਵੈਂ। ਗਨ ਸੰਗਤਿ ਕੋ ਗਾਇ ਰਿਝਾਵੈਂ ॥ ੪ ॥ ਦਰਸ਼ਨ ਹਿਤ ਆਏ
ਦਰਬਾਰ। ਸੁਪਤੇ ਜਾਨੈਂ ਗੁਰੂ ਉਦਾਰ। ਉਰ ਮੈਂ ਕਰੈਂ ਬਿਚਾਰ ਬਿਸਾਲਾ।
–ਗਾਵਹਿਂ ਸ਼ਬਦ ਕਿ ਨਹਿਂ ਇਸ ਕਾਲਾ॥੫॥ ਸੁਧਿ ਧੁਨਿ ਜਾਗਹਿਂ ਕੋਪਹਿਂ
ਨਾਂਹੀ। ਹਮਰੀ ਨਿੰਦ੍ਰਾ ਇਨ ਉਚਟਾਹੀ–। ਕਹਹਿਂ ਪਰਸਪਰ 'ਸਤਿਗੁਰ
ਸਦਾ। ਤੁਰੀ ਅਵਸਥਾ ਮਹਿਂ ਜਦ ਕਦਾ ॥੬॥ ਤੀਨ ਅਵਸਥਾ ਸਾਖੀ ਰੂਪ[1]।
ਜਸੇਂ ਜਲ ਕਮਲ ਅਲੇਪ ਅਨੂਪ। ਸੁਨਿ ਹਰਿ ਸਿਮਰਨ ਆਨੰਦ ਧਰੈਂ।
ਹਮ ਪਰ ਖੁਸ਼ੀ ਆਪਨੀ ਕਰੈਂ' ॥੭॥ ਇਮ ਬਿਚਾਰ ਕਰਿ ਗਾਵਨ ਲਾਗੇ।
ਸੁਰ[2] ਸੁੰਦਰ ਤੇ ਉਰ ਅਨੁਰਾਗੇ। ਸੁਨਿ ਬਾਨੀ ਪੁਨ ਸਤਿਗੁਰ ਜਾਗੇ।
ਕਰੀ ਸ਼ੀਘ੍ਰਤਾ ਸਿਹਜਾ ਤ੍ਯਾਗੇ ॥੮॥ ਹਰਬਰਾਇ[3] ਜਬਿ ਨਿੰਦ੍ਰਾ ਤ੍ਯਾਗੀ।
ਪਾਟੀ[4] ਚੋਟ ਗੋਡ ਪਰ ਲਾਗੀ। ਤਜਿ ਪ੍ਰਯੰਕ ਕੋ ਉਠੇ ਕ੍ਰਿਪਾਲਾ। ਜਾਨੂ
ਲਗੀ ਉਤਾਰਿਬੇ ਕਾਲਾ ॥੯॥ ਪਾਟੀ ਚੋਟ ਸੁ ਦਾਸਨ ਹੇਰੀ। ਕਰ ਧਾਰ
ਮਰਦਨਿ ਕੀਨ ਘਨੇਰੀ।ਪੁਨ ਕਰ ਜੋਰੇ ਪੂਛਨਿ ਲਾਗੇ।'ਸ੍ਰੀ ਸਤਿਗੁਰ ਤੁਮ
ਕਿਸ ਬਿਧਿ ਜਾਗੇ?॥੧੦॥ ਬਚਨ ਆਪ ਕ ਸ਼ਬਦ ਬਨੇ ਹੈਂ। ਨਰ ਤਾਰਨਿ
ਹਿਤ ਸੁਖਦ ਭਨੇ ਹੈਂ। ਮੈਂਕਾਨ[5] ਕਿਸ ਕੀ ਰਾਵਰ ਧਰੀ?। ਕਾਜ ਕਵਨ
ਸ਼ੀਘ੍ਰਤਾ ਕਰੀ?॥੧੧॥ਹਰਬਰਾਇ ਅਬਿ ਐਸੇ ਜਾਗੇ।ਪਾਟੀ ਚੋਟ ਗੋਡ ਮਾਹਿਂ
ਲਾਗੇ'। ਸੁਨਿ ਕਰਿ ਸ੍ਰੀ ਹਰਿਰਾਇ ਉਚਾਰੇ। 'ਸੁਨਹੁ ਸਿੱਖ! ਤੁਮ ਹੋ ਮਮ
ਪਯਾਰੇ॥੧੨॥ਗੁਰ ਅਨਭੈ ਬਿਚ ਬਾਨੀ ਰੂਪ[6]।ਯਾਂਕੀ ਮਹਿਮਾ ਅਮਿਤ ਅਨੂਪ।
ਭਵ ਅਗਨੀ ਸਾਗਰ ਕਹੁ ਤਰਨੀ[7]। ਸਤਿਗੁਰ ਸਿੱਖਨਿ ਕੋ ਸੁਖ ਕਰਨੀ
॥੧੩॥ਪਾਠਕਰਿਦੈ ਬਿਕਾਰਨਿ ਹਰਨੀ।ਹਰਨੀ ਤ੍ਰਿਸ਼ਨਾ ਸਿੰਘਨਿ ਬਰਨੀ[1]।

---

[1]ਦੇ ਪ੍ਰਕਾਸ਼ਕ ਰੂਪ ਹਨ। [2]ਅਵਾਜ਼। [3]ਘਬਰਾ ਵਾਲੀ ਕਾਹਲੀ ਨਾਲ। [4](ਮੰਜੇ ਦੀ)ਬਾਹੀ ਦੀ। [5]ਹੈ। [6]ਗੁਰੂ ਦਾ ਅਨਭਵ ਬਾਣੀ ਦੇ ਰੂਪ ਵਿਚ ਹੈ, ਭਾਵ ਬਾਣੀ ਗੁਰੂ ਹੈ। [7]ਸੰਸਾਰ ਜੋ ਅੱਗ ਦਾ ਸਮੁੰਦਰ ਹੈ ਉਸ ਪੁਟੇਂ (ਤਾਰਨਹਾਰ) ਬੇੜੀ ਹੈ। [1]ਹਰਨੀ (ਰੂਪ) ਤ੍ਰਿਸ਼ਨਾ ਨੂੰ (ਮਾਰਨ ਲਈ) ਸ਼ੇਰਨੀ ਰੂਪ ਹੈ[ਸਿੰਘ:, ਵਡੂਰਕ=ਟੇਰਾ, ਸ਼ਾੜ, ਸ਼ੇਰ, ਅੱਖਰ, ਗੁਲ, ਜਸ, ਰੂਪ, ਮੇਨ, ਕੇਸਰ, ਚਿੱਤ੍ਰ ਆਦਿ]।

ਬਰਨੀ ਗੁਰ ਦੁਖ ਤਰੁ ਕੋ ਕਰਨੀ[1]। ਕਰਨੀ ਗ੍ਯਾਨ ਅਗਨਿ ਕੋ ਅਰਨੀ[2] ॥੧੪॥ ਜੋ ਸਿਖ ਗੁਰਬਾਨੀ ਭੈ ਕਰੈ। ਬਿਨ ਪ੍ਰਯਾਸ ਭਵ ਸਾਗਰ ਤਰੈ। ਗੁਰਬਾਨੀ ਮਹਿੰਮਾ ਮਹੀਯਾਨੇ। ਜੋ ਮਿਰਯਾਦਾ ਹਮ ਨਹਿੰ ਠਾਨੇ ॥੧੫॥ ਤੌ ਸਿਖ ਭੈ ਨ ਕਰੈ ਗੋ ਕੋਈ। ਬਿਨ ਭੈ ਕਰੇ ਸ਼ੁਧ ਨਹਿੰ ਹੋਈ। ਗੁਰਬਾਨੀ ਕੋ ਭੈ ਹਮ ਧਰਿ ਕੈ। ਤਜਨੋ ਪ੍ਰਥਿਕ ਸ਼ੀਘ੍ਰਤਾ ਕਰਿਕੈ ॥੧੬॥ ਜੋ* ਸਿਖ ਹੈ ਗੁਰ ਸ਼ਬਦ ਕਮਾਵੈ। ਸ਼ਬਦ ਕਮਾਇ ਪਰਮ ਪਦ ਪਾਵੈ। ਭਗਤਿ ਪ੍ਰਤੀਤਿ ਨਹੀਂ ਜਿਸ ਤਨ ਮੈਂ। ਤਿਹ ਗੁਰਬਾਨੀ ਭੈ ਨਹਿੰ ਮਨ ਮੈਂ ॥ ੧੭ ॥ ਬਿਨ ਭੈ ਭਗਤਿ ਨ ਪ੍ਰਾਪਤਿ ਹੋਇ। ਭਗਤਿ ਬਿਨਾ ਨ ਗ੍ਯਾਨ ਅਵਿਲੋਇ। ਗ੍ਯਾਨ ਬਿਨਾ ਮੁਕਤੀ ਕਿਮ ਪਾਇ। ਮੁਕਤਿ ਬਿਨਾ ਨ ਅਨੰਦ ਸਮਾਇ ॥ ੧੮॥ ਕਾਰਨ ਕਾਰਜ ਸ਼੍ਰਿੰਖਲ ਏਹੀ[3]। ਗੁਰਬਾਨੀ ਭੈ ਤੇ ਸੁਖ ਲੇਹੀ। ਬਿਨ ਭੈ ਭਗਤਿ ਨ ਜਗਤ ਤਰਾਵੈ†। ਤੀਰਥ ਬ੍ਰਤ ਜਗ ਜੋਗ ਕਮਾਵੈ ॥ ੧੯ ॥ ਜੋ ਗੁਰ ਭਗਤਿ ਸੁ ਸਿਖ ਹੈ ਮੇਰਾ। ਗੁਰਬਾਨੀ ਭੈ ਤਿਸੈ ਘਨੇਰਾ। ਜਿਨ ਭੈ ਅਦਬ ਨ ਬਾਨੀ ਧਾਰਾ। ਜਾਨਹੁ ਸੋ ਸਿਖ ਨਹੀਂ ਹਮਾਰਾ' ॥੨੦॥ ਇਮ ਸਤਿਗੁਰ ਤੇ ਸੁਨਿ ਉਪਦੇਸ਼। ਲਖ੍ਯੋ ਮਹਾਤਮ ਸ਼ਬਦ ਵਿਸ਼ੇਸ਼। ਹਾਥ ਜੋਰਿ ਬੰਦਤਿ ਕਰ ਬੰਦਿ। ਸਿਰ ਧਰਿ ਕਰਿ ਗੁਰ ਪਦ ਅਰਬਿੰਦ ॥੨੧॥ 'ਸ੍ਰੀ ਸਤਿਗੁਰ ਜੀ ਕਰੁਨਾ ਕਰੀਅਹਿ। ਸ੍ਰੀ ਮੁਖ ਤੇ ਬਰ ਇਹੀ ਉਚਰੀਅਹਿ। ਹੁਇ ਗੁਰਬਾਨੀ ਕੋ ਭੈ ਪ੍ਰਾਪਤਿ। ਜਿਸ ਤੇ ਮੁਕਤੀ ਕੋ ਦਰ ਜਾਪਤਿ ॥ ੨੨ ॥ ਲਗਹਿ ਪ੍ਰੇਮ ਗੁਰ ਸ਼ਬਦ ਮਝਾਰਾ। ਇਸ ਤੇ ਹੁਇ ਹਮਰੋ ਨਿਸਤਾਰਾ। ਬਸਹੁ ਰਿਦੇ ਮਹਿੰਮਾ ਇਸ ਕੇਰੀ। ਕਟਹਿੰ ਬ੍ਰਿੰਦ ਕਰਮਨਿ ਕੀ ਬੇਰੀ' ॥੨੩॥ ਸੁਨਿ ਪ੍ਰਸੰਨ ਭੇ ਸ੍ਰੀ ਹਰਿ-ਰਾਇ। ਦੀਨਸਿ ਬਰ ਬਾਨੀ ਭੈ ਭਾਇ[4]। 'ਗੁਰ ਉਪਦੇਸ਼ ਜਾਂਹ ਮਨ

---

[1]ਦੁਖ ਰੂਪ ਬ੍ਰਿਛ ਨੂੰ ਹਰਨੀ ਵਤ ਗੁਰੂ ਜੀ ਨੇ ਵਰਣਨ ਕੀਤੀ ਹੈ। [2]ਗਿਆਨ ਰੂਪੀ ਅਗਨੀ ਦੇ ਪ੍ਰਕਾਸ਼ ਕਰਨ ਨੂੰ ਅਰਨੀ (ਲਕੜੀ ਵਤ) ਹੈ। [ਅਰਣੀ=ਉਹ ਲਕੜੀ ਦਾ ਘੀੜੂ ਜਿਸ ਤੋਂ ਯੱਗਾਂ ਵਿਚ ਅਗਨੀ ਬਾਲੀਦੀ ਹੈ]। [3]ਕਾਰਨ ਕਾਰਜ ਦੀ ਸੰਗਲੀ ਇਹ (ਉਪਰ ਬੰਨ੍ਹੀ) ਹੈ:-(ਭੈ ਬਿਨਾ ਭਗਤੀ ਨਹੀਂ, ਭਗਤੀ ਬਿਨਾ ਗਿਆਨ ਨਹੀਂ, ਗਿਆਨ ਬਿਨਾ ਮੁਕਤੀ ਨਹੀਂ, ਮੁਕਤੀ ਬਿਨਾ ਅਨੰਦ ਨਹੀਂ, ਪਹਿਲਾ ਗੁਣ ਕਾਰਨ ਹੈ ਤੇ ਦੂਜਾ ਕਾਰਜ)। (ਅ) ਕਾਰਨ ਤੇ ਕਾਰਜ (ਦੀ ਸੰਗਲੀ ਦਾ ਬਣਿਆ) ਇਹ (ਸੰਸਾਰ ਇਕ) ਸੰਗਲ ਹੈ। (ੲ) ਕਾਰਨ (ਅਗਿਆਨ) ਕਾਰਜ (ਸੰਸਾਰ) ਦੋਵੇਂ ਸੰਗਲ (=ਬੰਧਨ) ਹਨ। [4]ਬਾਣੀ ਦੇ ਭੈ ਤੇ ਪ੍ਰੇਮ ਦਾ ਵਰ ਦਿਤਾ।

*ਪਾ:-ਸੋ। †ਗੁਰਵਾਕ ਹੈ:-ਬਿਨੁ ਭੈ ਭਗਤੀ ਤਰਨੁ ਕੈਸੇ॥ [ਬਿਲਾਵਲ ਮ: ੫

ਲਾਗਾ । ਕੋਟਿ ਜਨਮ ਕੋ ਸੋਵਤਿ ਜਾਗਾ॥ ੨੪ ॥ ਮਨ ਜਾਗੇ ਕੀ ਇਹੀ ਨਿਸ਼ਾਨੀ।ਪ੍ਰਿਯ ਲਾਗਹਿ ਉਰ ਸਤਿਗੁਰ ਬਾਨੀ। ਧੰਨ ਸਿੱਖ ਜਿਨ ਕੇ ਉਰ ਭਾਈ। ਸਮ ਸਲਿਤਾ ਮਨ ਮੀਨ ਬਨਾਈ ॥੨੫ ॥ ਪਰਮ ਸਿੱਖ ਜਿਨ ਕੋ ਮਨ ਕਾਨਨ[1] । ਬਿਚਰਹਿ ਨਿਤ ਗੁਰ ਸ਼ਬਦ ਪਚਾਨਨ[2] । ਤਾਰੋ ਭਰਮ[3] ਜਿਰਨੋ ਨਰ ਡੋਲਹਿ।ਗੁਰਬਾਨੀਤਾਰੀ[4] ਸੰਗ ਖੋਲਹਿ॥੨੬॥ਭਗਤਿ ਵਿਰਾਗ ਗਯਾਨ ਗੁਨ ਘਨੇ। ਪ੍ਰਵਿਸ਼ਹਿ ਕੋਸ਼ਠ, ਸੋ ਤਬਿ ਚੁਨੇ[5]। ਸਤਿਗੁਰ ਬਾਨੀ ਚੰਦਨ ਬਾਵਨ। ਮਨ ਦਾਸਨਿ ਤਰੁ ਕਰਹਿ ਸੁਖਾਵਨ[6] ॥ ੨੭ ॥ ਜਿਸ ਕੇ ਭਾਗ ਪੁਰਬਲੇ ਜਾਗਹਿ। ਗੁਰਬਾਣੀ ਤਿਸ ਮੀਠੀ ਲਾਗਹਿ। ਬਿਨਾਂ ਭਾਗ ਤੇ ਲਖਹਿ ਨ ਕੋਈ। ਕਿਮ ਕਲਿ ਬਿਖੈ ਪਾਇ ਗਤਿ ਸੋਈ' ॥੨੮॥

ਇਮ ਸਤਿਗੁਰ ਦੇ ਦੇਂ ਉਪਦੇਸ਼।ਦਾਸਨਿ ਕੀ ਸ਼੍ਰੇਯ ਚਹਤਿ ਵਿਸ਼ੇਸ।ਇਕ ਦਿਨ ਚੰਚਲ ਚਢੇ ਤੁਰੰਗ। ਗਏ ਵਹਿਰਿ ਬਹੁ ਸੰਗਤਿ ਸੰਗ ॥ ੨੯ ॥ ਚਲਤਿ ਚਲਤਿ ਐਸੋ ਥਲ ਪਾਯੋ। ਹੁਤੋ ਉਤੰਗ ਦੇਖਿ ਮਨ ਭਾਯੋ। ਊਚੋ ਪਰਬਤ ਤਿਸ ਕੇ ਤੀਰ। ਪਹੁੰਚੇ ਤਹਿਂ ਲੇ ਸੰਗਤਿ ਭੀਰ॥੩੦॥ਥਲ ਅਰੂਢ ਤਿਸ ਸਤਿਗੁਰ ਠਾਂਢੇ।ਸਿਖ ਭੀ ਖਰੇ ਪ੍ਰੇਮ ਕੇ ਗਾਢੇ।ਚਿਰੰਕਾਲ ਜਬਿ ਬੀਤਯੋ ਤਹਾਂ।ਸੰਗਤ ਭਈ ਬਿਸਮ ਉਰ ਮਹਾਂ॥੩੧॥ਥਕਤਿ ਚਰਨ ਸਭਿ ਕੇ ਹੁਇ ਗਏ।ਹਾਥ ਜੋਰ ਤਬਿ ਬੂਝਤਿ ਭਏ।'ਸ੍ਰੀ ਸਤਿਗੁਰ ਜੀ!ਅੰਤਰਜਾਮੀ!ਸੇਵਕ ਸ਼੍ਰੇਯ ਦੇਤਿ ਹੋ ਸ੍ਵਾਮੀ॥੩੨॥ਕੌਨ ਪ੍ਰਯੋਜਨ ਈਹਾਂ ਖਰੇ?। ਨਹਿ ਫੁਲਵਾਰੀ ਫੂਲਨਿ ਖਿਰੇ। ਸੈਲ ਨਿਕਟਿ ਹੈਂ, ਸੈਲ ਨ ਆਨ[7] । ਜਿਸ ਕੋ ਦੇਖਤਿ ਕ੍ਰਿਪਾ ਨਿਧਾਨ॥੩੩॥ਖਰੇ ਹੋਨ ਕੋ ਕਾਰਨ ਔਰ। ਨਹਿਂਨ ਬਿਲੋਕਤਿ ਹਮ ਇਸ ਠੌਰ।ਯਾਂਤੇ ਸਭਿ ਸੰਗਤਿ ਬਿਸਮਾਇ। ਕਹਿ ਅਰਜ਼ੀ, ਮਰਜ਼ੀ ਜਿਮ ਪਾਇ'॥੩੪॥ਸੁਨਿ ਕਰਿ ਬੋਲੇ ਸ੍ਰੀ ਹਰਿਰਾਇ।'ਸੁਨਹੁ ਸਿੱਖ ਸੰਗਤਿ ਸਮੁਦਾਇ।ਜਗ ਤਾਰਨ ਸ੍ਰੀ ਨਾਨਕ ਬਾਬ।ਖੰਡ ਪਖੰਡਨਿ ਸ਼ੇਰ ਸ਼ਰਾਬ॥੩੫॥ ਡਰਨੋ ਜਹਾਜ ਤਿਨਹੂੰ ਜੋ ਤਾਰਾ। ਪਰਯੋ ਭ੍ਰਮਰ ਮਹਿਂ ਭ੍ਰਮਤਿ ਉਦਾਰਾ[8] ।

---

[1]ਮਨ ਰੂਪੀ ਬਨ ਵਿਚ। [2]ਗੁਰ ਸ਼ਬਦ ਰੂਪੀ ਸ਼ੇਰ। [3]ਭਰਮ ਰੂਪੀ ਜੰਦਰਾ। [4]ਕੁੰਜੀ। [5]( ਜੰਦਰਾ ਖੁਹਲ ਕੇ) ਕੋਠੇ ਵਿਚ ਵੜੇ ਤਾਂ ਭਗਤੀ,ਵਿਰਾਗ, ਗਯਾਨ ਆਦਿ ਬਹੁਤੇ ਗੁਣ ਚੁਣੇਗਾ। [6]ਦਾਸਾਂ ਦੇ ਮਨ ( ਰੂਪੀ ) ਬ੍ਰਿਛ ਨੂੰ ( ਬਾਣੀ ਰੂਪੀ ਚੰਦਨ ) ਸੁਖਾਉਂਦਾ ਹੈ, ਭਾਵ ਸੁਗੰਧਿਤ ਕਰਦਾ ਹੈ। [7]ਪਹਾੜ ਹੀ ਨੇੜੇ ਹੈ ਸੈਰ (ਕੋਈ) ਫਿਰ ਨਹੀਂ ਹੈ। ਭਾਵ ਕੋਈ ਦਿਲ ਖੁਸ਼ ਕਰਨ ਵਾਲਾ ਨਜ਼ਾਰਾ ਸਾਹਮਣੇ ਨਹੀਂ। [8]ਬਹੁਤਾ ਭਰਮਦਾ ਹੋਇਆ (ਸਿਖਾਂ ਦਾ) ਜਹਾਜ ਭੰਵਰ ਵਿਚ ਪੈ ਗਿਆ ਹੈ।

ਘਾਟ ਪਹੁੰਚਿਬੇ ਮਗ ਛੁਟਿ ਗਯੋ[1]।ਖੰਡ ਖੰਡ ਹੁਇ ਨਜਾਰੋ ਭਯੋ॥੩੬॥ਜੁਦੇ ਜੁਦੇ ਸਗਰੇ ਹੁਇ ਗਏ।ਪਰੇ ਭੰਵਰ ਕੋ ਅਵਘਟ ਲਏ[2]। ਕੋ ਰਾਹ ਬੀਥ ਪਰੈਂ ਬਹਿ ਜਾਤੇ[3]। ਕੋ ਕੋ ਕੰਠੇ ਆਨਿ ਲਗਾਤੇ ॥੩੭॥ ਆਪ ਆਪ ਹੁਇ ਸਭਿ ਕੋ ਗਏ। ਤਿਸ ਕੋ ਹਮ ਅਬਿ ਦੇਖਤਿ ਭਏ'।ਸੁਨਿ ਕਰਿ ਬਚਨ ਭਯੰਕਰ ਗੁਰ ਕੇ। ਸਿੱਖਨਿ ਕੇ ਉਰ ਤਬਿ ਬਹੁ ਧਰਕੇ ॥੩੮॥ ਭਏ ਦੀਨ ਭਨਿਤੇ ਪੁਨ ਬਿਨਤੀ। 'ਸ੍ਰੀ ਗੁਰ ! ਭਈ ਸਭਿਨਿ ਕੋ ਗਿਨਤੀ। ਭੇਵ ਨ ਪਾਇ ਸਕੈਂ ਕਹਾ ਆਸੈ। ਸਮੁਝਾਵਹੁ ਇਹ ਕਰਹੁ ਪ੍ਰਕਾਸ਼ੈ॥੩੯॥ ਜਿਮ ਦਾਸਨਿ ਤੇ ਸਮੁਝੀ ਜਾਇ। ਤਿਸ ਪ੍ਰਕਾਰ ਦਿਹੁ ਹਮਹੁ ਬਤਾਇ'। ਕ੍ਰਿਪਾ ਸਿੰਧੁ ਸੁਨਿ ਕੈ ਮੁਸਕਾਏ। 'ਭੋ ਸਿੱਖਹੁ! ਬੂਝਹੁ ਇਸ ਭਾਏ ॥੪੦॥ ਸਿਖ ਸੇਵਕ ਅਬਿ ਭੂਲ ਗਏ ਹੈਂ।ਬਡ ਭੁਲਾਵਨੀ ਬਿਖੈ ਪਏ ਹੈਂ।ਅਰਥ ਲੋਭ ਕੇ[4] ਬਸੀ ਪਰੇ ਹੈਂ। ਪਾਖੰਡਨਿ ਕੀ ਪੂਜ ਕਰੇ ਹੈਂ॥੪੧॥ ਕਾਚੇ ਪਾਚੇ[5] ਗੁਰੂ ਕਹਾਵੈਂ। ਤਨਕ ਸਿੱਧਿ ਜਗ ਮੈਂ ਦਿਖਰਾਵੈਂ। ਕਾਚੀ ਮਤਿ ਕੇ ਹੁਇੰ ਤਿਨ ਪਾਛੇ। ਚਲਹਿਂ ਕੁ ਮਗ ਨਹਿਂ ਪ੍ਰਾਪਤਿ ਆਛੇ॥੪੨॥ਸਤਿ ਮਤਿ ਤਜਾਗਹਿ ਤਹਿਂ* ਅਨੁਰਾਗਹਿਂ[6]। ਕਾਚੇ ਕੀ ਸੰਗਤਿ ਮਹਿਂ ਲਾਗਹਿਂ। ਤਜਿ ਕਰਿ ਭਗਤਿ ਕੁਮਾਰਗ ਚਲੇ। ਕਿਸ ਪ੍ਰਕਾਰ ਪ੍ਰਾਪਤਿ ਹੁਇ ਭਲੇ ॥੪੩॥ ਜਿਸ ਤੇ ਮੰਤ੍ਰ ਕਰਹਿਂ ਮੁਖ ਜਾਪ। ਪੁਨ ਨਿੰਦਹਿਂ ਤਿਨ ਮੂਰਖ ਆਪ। ਇਮ ਜਹਾਜ ਭੌਰੀ ਪਰ ਫੂਟਯੋ। ਜੁਦੋ ਜੁਦੋ ਭਾ, ਜਬਿਹੂੰ ਟੂਟਯੋ' ॥ ੪੪ ॥ ਸੁਨਿ ਗੁਰਬਾਕ ਸਿੱਖ ਬਿਸਮਾਏ। ਕਿਤਿਕ ਕਾਲ ਧਰਿ ਮੋਨ ਬਿਤਾਏ।ਬਹੁਰ ਸਮੁਝਿ ਕਰਿ ਗੁਰੁ ਪ੍ਰਤਾਪ। ਬੋਲੀ ਸੰਗਤਿ ਛੋਰਿ ਸੰਤਾਪ ॥ ੪੫ ॥ 'ਸ੍ਰੀ ਪ੍ਰਭੁ ! ਤੁਮ ਹੋ ਬਖ਼ਸ਼ਨਹਾਰੇ। ਭਵਜਲ ਤੇ ਨਿਜ ਸਿੱਖਨ ਉਧਾਰੇ। ਬਡ ਕਸੂਤ ਸੰਗਤਿ ਮਹਿਂ ਭਯੋ। ਸ੍ਰੀ ਮੁਖ ਤੇ ਜੁ ਸੁਨਾਵਨਿ ਕਿਯੋ ॥੪੬॥ ਨਿਜ ਜਹਾਜ ਕਬਿ ਮੇਲੋ ਇਹੈ?ਜੁਦੋ ਜੁਦੋ ਕੈ ਇਸ ਬਿਧਿ ਰਹੈ?।ਤੁਮਰੋ ਨਾਮ ਲਾਜ ਤੁਮ ਹੀ ਕੋ। ਕਰਹੁ ਕਿ ਨਹਿਂ ਸੰਗਤਿ ਕੋ ਨੀਕੋ?॥੪੭॥ ਭਗਤਿ ਖਜ਼ਾਨੇ ਬਖ਼ਸ਼ਹੁ ਸਦਾ। ਗਈ ਬਹੋਰਤਿ ਹੋ ਜਦ ਕਦਾ। ਸਰਬ ਭਾਂਤਿ ਸਮਰੱਥ ਗੁਸਾਈਂ !

[1]ਕਿਨਾਰੇ ਤੇ ਪਹੁੰਚਣ ਦੇ ਰਾਹੋਂ ਉੱਕ ਗਿਆ ਹੈ। [2]ਘੁੰਮਣਘੇਰ ਵਿਚ ਪੈ ਕੇ ਔਖਾ ਰਾਹ ਲਿਆ ਹੈ। [3]ਕੋਈ ਤਾਂ ਔਖੇ ਰਾਹ ਪੈ ਕੇ ਰੁੜ੍ਹ ਜਾਂਦੇ ਹਨ। [4]ਧਨ ਦੇ ਲੋਭ ਦੇ। [5]ਕੱਚੇ ਪਿੱਲੇ। [6](ਸਤਿਗੁਰ ਜੀ ਦੀ) ਮਤ ਛਡ ਕੇ ਤਿਨ੍ਹਾਂ (ਢੋਂਗੀਆਂ) ਦੀ ਮਤ ਵਿਚ ਪਿਆਰ ਕਰਦੇ ਹਨ।

*ਪਾ:—ਵਿਸ਼ਯ।

ਕਾਰਨ ਕਰਨ ਸੁ ਅਧਿਕ ਬਡਾਈ' ॥ ੪੮ ॥ ਬਿਨਤੀ ਸੁਨਿਕੈ ਸ਼੍ਰੀ ਹਰਿਰਾਇ। ਬੋਲੇ ਸਭਿ ਕੋ ਬਾਕ ਸੁਨਾਇ। 'ਕਿਤਿਕ ਸਮੋ ਪਰਿ ਹੈ ਅਸ ਦੌਰਾ। ਬਿਗਰ ਜਾਹਿਂ ਸਭਿ ਠੌਰਹਿ ਠੌਰਾ ॥ ੪੯ ॥ ਆਦਿ ਮਸੰਦ ਸਿੱਖਨ ਬਿਰਮਾਇਂ। ਦਰਬ ਲੋਭ ਕੇ ਬਸਿਪਰ ਜਾਇਂ। ਸੰਗਤਿ ਭੂਲਹਿ ਇਨ ਕੋ ਦੇਖਿ। ਨਿਜ ਨਿਜ ਮਹਿ ਹੰਕਾਰ ਵਿਸ਼ੇਸ਼ ॥ ੫੦ ॥ ਤਬਿ ਦਸਮੋ ਮੈਂ ਧਰੌਂ ਸ਼ਰੀਰ। ਦੇਗ਼ ਤੇਗ਼ ਕੋ ਧਨੀ ਗਹੀਰ। ਦੁਸ਼ਟ ਪਖੰਡੀ ਕਰੌਂ ਬਿਨਾਸ਼। ਸੰਤ ਮਹਾਤਮ ਹੋਹਿਂ ਪ੍ਰਕਾਸ਼ ॥ ੫੧ ॥ ਤਬਿ ਜਹਾਜ ਮੈਂ ਕਰੌਂ ਇਕੱਤ੍ਰ। ਪ੍ਰਗਟ ਹੋਇਗੋ ਪੰਥ ਪਵਿੱਤ੍ਰ। ਦੰਡ ਉਚਿਤ ਕੌ ਦੈ ਹੈਂ ਦੰਡ। ਜਾਨਹਿਂ ਸਤਿਗੁਰ ਏਕ ਅਖੰਡ[1] ॥ ੫੨ ॥ ਛੂਟੇ ਛੂਟੇ ਜੋ ਤਬਿ ਹੋਇਂ। ਤਿਸ ਜਹਾਜ ਪਰ ਚਢਿ ਹੈਂ ਸੋਇ। ਭਵ ਸਾਗਰ ਤੇ ਪਾਰ ਉਤਾਰੌਂ। ਅਪਨੀ ਸੰਗਤਿ ਸਗਲ ਸੰਭਾਰੌਂ ॥ ੫੩ ॥ ਭਗਤਿ ਇਕੰਗੀ[2] ਭਜਨ ਅਧਾਰੇ। ਹੁਇ ਹੈਂ ਮੇਰੇ ਦਾਸ ਅਪਾਰੇ। ਭਰਿ ਕਰਿ ਪੂਰ ਕਰੌਂ ਸਭਿ ਪਾਰ। ਪ੍ਰਗਟਾਵੌਂ ਅਸ ਪੰਥ ਉਦਾਰ' ॥ ੫੪ ॥ ਸੁਨਿ ਸਤਿਗੁਰ ਕੇ ਬਾਕ ਸੁਹਾਏ। ਸੰਗਤਿ ਸੁਨਤਿ ਸਕਲ ਹਰਖਾਏ। 'ਧੰਨ ਧੰਨ ਸਤਿਗੁਰ ਗੁਨਖਾਨੀ। ਜਿਨ ਤੁਮ ਜਾਨੇ ਧੰਨ ਸਿ ਪ੍ਰਾਨੀ ॥ ੫੫ ॥ ਪਦ ਅਰਬਿੰਦ ਬਿਲੰਦ ਤੁਮਾਰੇ। ਧਰਹਿਂ ਧਿਆਨ, ਤਿਨ ਕਸ਼ਟ ਬਿਦਾਰੇ'। ਇਮ ਕਹਿ ਕਰੀ ਬੰਦਨਾ ਬ੍ਰਿੰਦ। ਗੁਰ ਬਿਲੰਦ ਬਲਿ ਸ਼੍ਰੀ ਗੋਬਿੰਦ[3] ॥ ੫੬ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਹਰਿਰਾਇ ਸਿੱਖਨ ਪ੍ਰਤਿ ਬਾਕ' ਪ੍ਰਸੰਗ ਬਰਨਨ ਨਾਮ ਏਕ ਬਿੰਸਤੀ ਅੰਸੂ ॥ ੨੧ ॥

## ੨੨. [ਪੌਰਾਣਕ ਪ੍ਰਸੰਗ—ਪੌਂਧ ਤੇ ਉਤੰਕ ਰਿਖੀ]।

ਦੋਹਰਾ ॥ ਸ਼੍ਰੀ ਸਤਿਗੁਰ ਹਰਿਰਾਇ ਜੀ ਲਾਖਹੁਂ ਸਿੱਖਨ ਉਧਾਰਿ। ਸੱਤਿਨਾਮ ਦੇ ਕਰਿ ਭਗਤਿ ਕਰੇ ਪੂਰ ਭਰਿ ਪਾਰ ॥ ੧ ॥ ਚੌਪਈ ॥ ਨਿਜ ਸ਼ਰੀਰ ਕੋ ਪਿਖਿ ਕਰਿ ਅੰਤ। ਚਿਤਵਤਿ ਚਿਤ ਸਤਿਗੁਰ ਭਗਵੰਤ। ਬੈਸ ਅਲਪ ਮਹਿ ਗੁਨ ਤੇ ਮਹਾਂ। ਤਖਤ ਬਿਠਾਵਨਿ ਕੋ ਚਿਤ ਚਹਾ ॥ ੨ ॥ ਪੂਰਬ ਅਰੁ ਦੱਖਨ ਸਿਖ ਜੇਈ। ਪਸ਼ਚਮ ਉੱਤਰ ਬਾਸੀ ਕੇਈ। ਸਭਿ ਥਲ ਹੁਤੇ ਮਸੰਦ ਮਹਾਨੇ। ਲਾਖਹੁਂ ਧਨ ਲੇਤੇ ਤਿਸ ਥਾਨੇ ॥ ੩ ॥ ਲਿਖੇ ਹੁਕਮਨਾਮੇ ਗੁਰ ਪੂਰੇ। 'ਦੇਖਤਿ ਆਵਹੁ ਇਹਾਂ ਹਜ਼ੂਰੇ। ਜੇਤਿਕ ਸੰਗਤਿ ਆਵਹਿ ਸੰਗ। ਆਨਹੁ ਸਰਬ ਹਕਾਰਿ ਉਮੰਗਿ' ॥ ੪ ॥ ਲੇ ਕਰਿ ਹਲਕਾਰੇ ਗਨ ਦੌਰੇ।

[1](ਹੋਰ ਕੇਵਲ) ਇੱਕ ਸਤਿਗੁਰੂ ਨੂੰ ਅਬਿਨਾਸ਼ੀ ਜਾਣਨਗੇ। [2]ਇਕ (ਵਾਹਿਗੁਰੂ) ਦੇ ਪ੍ਰੇਮ ਵਾਲੀ ਭਗਤੀ। [3]ਗੁਰੂ ਬੜੇ ਬਲਵਾਨ ਪਰਮੇਸ਼ੁਰ ਸਰੂਪ।

ਪਹੁੰਚੇ ਜਾਇ ਸੁ ਜਿਤ ਕਿਤ ਠੌਰੇ। ਸਹਤ ਮਸੰਦਨਿ ਸੰਗਤਿ ਸਾਰੀ। ਪਹੁੰਚੇ ਕੀਰਤਿਪੁਰੀ ਹਕਾਰੀ ॥ ੫ ॥ ਚਹੂੰ ਦਿਸ਼ਨਿ ਤੇ ਸੰਗਤਿ ਆਈ। ਸੁੰਦਰ ਅਨਿਕ ਉਪਾਇਨ ਲ੍ਯਾਈ। ਅਪਨੇ ਅਪਨੇ ਅਵਸਰ ਪਾਇ। ਦਰਸਹਿਂ ਸ਼੍ਰੀ ਸਤਿਗੁਰ ਹਰਿਰਾਇ ॥ ੬ ॥ ਆਪ ਜਾਇ ਲੰਗਰ ਕੇ ਮਾਂਹੀ। ਕਰੈਂ ਅਹਾਰ ਅਨਿਕ ਬਿਧਿ ਤਾਂਹੀ। ਸੰਗਤਿ ਕੀ ਪੰਗਤਿ ਬੈਠਾਇ। ਨਿਜ ਕਰ ਤੇ ਸਭਿ ਕੋ ਤ੍ਰਿਪਤਾਇ ॥ ੭ ॥ ਭਗਤਿ ਕਰਹਿਂ ਉਪਦੇਸ਼ ਬਿਸਾਲਾ। ਜਿਸ ਤੇ ਹੋਵਹਿ ਬਸੀ ਕ੍ਰਿਪਾਲਾ। ਰਿਖਿ ਕੇ ਪ੍ਰੇਰੇ ਦੈਤ ਸੰਘਾਰ੍ਯੋ*। ਸੰਗਤਿ ਪੂਛੀ ਪ੍ਰਸੰਗ ਉਚਾਰ੍ਯੋ ॥੮॥ "ਅਸ ਕਾਰਜ ਜਗ ਦ੍ਰਿਸ਼ਟਿ ਨ ਪਰੈ। ਪ੍ਰੇਰੈਂ ਭਗਤ[1] ਜੁ ਪ੍ਰਭੁ ਨਹਿ ਕਰੈ। ਤਿਸ ਪਰ ਕਥਾ ਪੁਰਾਤਨ ਸੁਨੀਅਹਿ। ਪ੍ਰੇਮ ਬਸੀ ਪਰਮੇਸ਼ੁਰ ਗੁਨੀਅਹਿ ॥੯॥ ਦੋਹਰਾ ॥ ਮਧੁਕੈਟਭ ਕੇ ਦੇਹਿ ਤੇ ਉਪਜ੍ਯੋ ਪੁਤ੍ਰ ਬਿਸਾਲ। 'ਧੁੰਧ' ਨਾਮ ਜਿਸ ਕੇ ਭਯੋ ਮਹਾਂ ਸਰੀਰ ਕਰਾਲ ॥ ੧੦ ॥ ਚੌਪਈ ॥ ਮਹਦ ਤਾਪ ਕੋ ਤਪ ਬਹੁ ਕੀਨਸਿ। ਖਾਨ ਪਾਨ ਮੁਖ ਕਛੁ ਨ ਲੀਨਸਿ। ਇਕ ਚਰਨ ਪਰ ਠਾਂਢੇ ਰਹੈ। ਬਾਨੀ ਜੀਤ[2]† ਨ ਕਬਿਹੂੰ ਕਹੈ ॥ ੧੧ ॥ ਊਰਧ ਬਾਹੁ, ਬਿਨਾ ਅਲੰਬ। ਸੰਕਟ ਸਹੇ ਸਰੀਰ ਕਦੰਬ[3]। ਮਨ ਥਿਰ,ਰੋਕਿ ਰਿਖੀਕਿਨਿ ਸਾਰੀ। ਰਹਿਤ ਅਚਲ, ਭਾ ਪੌਨ ਅਹਾਰੀ ॥੧੨॥ ਇੱਤ੍ਯਾਦਿਕ ਤਪ ਤਪੇ ਘਨੇਰੇ। ਲੇ ਦੇਵਨਿ ਤੇ ਬਰ ਬਹੁਤੇਰੇ। ਮਹਾਂ ਬਾਹੁ ਬਲਵਾਨ ਮਹਾਨਾ। ਜਹਿਂ ਕਹਿਂ ਦੌਰਤਿ ਮਨ ਅਭਿਮਾਨਾ ॥੧੩॥ ਲੀਨਸ ਜੀਤ ਸੁਰਨਿ ਕੇ ਥਾਨ। ਕੋ ਨਹਿਂ ਅਟਕਹਿ ਰਣ ਮੈਦਾਨ। ਮਹਾਂ ਭਯੰਕਰ ਦਾੜ੍ਹ ਬਿਸਾਲਾ। ਲੋਚਨ ਲਾਲ ਕਰਾਲ ਸੁ ਕਾਲਾ ॥ ੧੪ ॥ ਰਹ੍ਯੋ ਬਿਸ਼ਨੁ ਕੋ ਖੋਜਤਿ ਸੋਈ। ਜਹਿਂ ਜਹਿਂ ਸੁਨਹਿ ਜਾਇ ਥਲ ਸੋਈ। ਨਹਿਂ ਪਾਯੋ ਨਹਿਂ ਕੀਨਿ ਲਰਾਈ। ਅਪਰ ਦੇਵ ਕਨਾ ਤਿਹ ਅਗੁਵਾਈ ॥ ੧੫ ॥ ਸਭਿ ਭਾਜੇ ਭੈ ਭੀਤ ਸੁ ਹ੍ਵੈ ਕੈ। ਕਿਨਹੂੰ ਜੁੱਧ ਨ ਕੀਨਿ ਥਿਰੈ ਕੈ। ਮਹਾਂ ਗਰਬ ਕੋ ਧਰਿ ਧਰਿ ਉਰ ਮੈਂ। ਜਹਿਂ ਕਹਿਂ ਧਾਇ ਸੁਰਨਿ ਕੇ ਘਰ ਮੈਂ ॥ ੧੬ ॥ ਸਕਲ ਦਿਸ਼ਨਿ ਕੋ ਜੀਤਨਿ ਕੀਨਸਿ। ਜਿਤ ਗਮਨੈ ਤਿਤ ਤ੍ਰਾਸਨਿ

[1]ਭਗਤਾਂ ਦਾ ਪ੍ਰੇਰਿਆ ਹੋਇਆ। [2]ਬਾਣੀ ਜਿੱਤ ਭਾਵ ਮੋਨੀ ਹੋ ਗਿਆ। [3]ਬਹੁਤ ਸਾਰੇ।

*ਉਤੰਕ ਰਿਸ਼ੀ ਨੇ ਰਾਜਾ ਬ੍ਰਿਹਦਸ਼ਵ ਨੂੰ ਪ੍ਰੇਰਿਆ ਕਿ 'ਧੁੰਧੁ' ਨਾਮੇ ਰਾਕਸ਼ ਨੂੰ ਮਾਰੇ, ਉਹ ਬਾਨ ਪ੍ਰਸਤੀ ਹੋ ਚੁੱਕਾ ਸੀ, ਅਪਣੇ ਪੁੱਤ੍ਰ 'ਕੁਵਲਯਾਸ਼ਵ' ਵਲ ਘੱਲਿਆ, ਜਿਸ ਨੇ 'ਧੁੰਧੁ' ਰਾਖਸ਼ ਨੂੰ ਮਾਰਿਆ। ਇਹ ਕਥਾ ਕਵਿ ਜੀ ਨੇ 'ਹਰਿਵੰਸ਼' ਤੋਂ ਲਈ ਜਾਪਦੀ ਹੈ।

†ਪਾ:-ਜੀਰ।

ਭੀਨਸਿ[1]। ਇਸ ਪ੍ਰਕਾਰ ਦਿਗਬਿਜੈ ਸੁ ਕਰਿਕੈ।ਸੁਮਤਿ ਹੋਇ ਸੁਪਤਨੈ ਧਰ ਪਰਿ ਕੈ ॥੧੭॥ ਚਿਰੰਕਾਲ ਸੋ ਪੌਢਨੇ ਰਹਨੇ। ਸੁਪਤਿ ਪਰੈ ਨਹਿ ਜਾਗ੍ਰਨਿ ਲਹਨੇ। ਊਪਰ ਪਰੀ ਮ੍ਰਿਤਕਾ ਬ੍ਰਿੰਦ। ਨਿਪਜੇ ਤਰੁਵਰੁ ਅਨਿਕ ਬਿਲੰਦ। ॥ ੧੮ ॥ ਇਕ ਸੰਮਤ ਮਹਿ ਲੈ ਇਕ ਸ੍ਵਾਸ। ਉਡਤਿ ਧੂਲ ਜਿਸ ਤੇ ਚਹੁ ਪਾਸ। ਗਮਨਹਿ ਕੰਕਰ ਸਹਿਤ ਅੰਧੇਰੀ।ਦੇਸ਼ਨਿ ਕੋ ਆਛਾਦਿ ਤਿਸ ਬੇਰੀ। ੧੯॥ਸਭਿ ਜੀਵਨਿ ਕੋ ਪੀੜਨ ਕਰਿਹੀ। ਜਬਹਿ ਨਾਸਕਾ ਸ੍ਵਾਸ ਉਸਰਿਹੀ। ਭੂਮਚਾਲ ਤਬਿ ਹੋਇ ਬਿਸਾਲਾ। ਡਗਮਗ ਡੋਲਤਿ ਮਹਦ ਕਰਾਲਾ॥੨੦॥ ਕੇਤਿਕ ਬ੍ਰਿੱਛ ਉਖਰਿ ਗਿਰ ਪਰੈਂ। ਅਧਿਕ ਪੌਨ ਜਬਿ ਸ੍ਵਾਸ ਨਿਕਰੈ। ਸਰਬ ਸਰੀਰ ਆਛਾਦਨ ਹੋਵਾ। ਲਖਨੇ ਪਰੈ ਨਹਿ ਜਬਿ ਕੋ ਸੋਵਾ ॥੨੧॥ ਜਹਾਂ ਨਾਸਕਾ ਬਿਵਰ[2] ਮਹਾਨਾ। ਸੈਲ ਕੰਦਰਾ ਕੇਰ ਸਮਾਨਾ[3]। ਅਪਰ ਸਰੀਰ ਜੁ ਸਕਲ ਬਿਸਾਲਾ। ਪਰਨੋ ਪੌਨ ਤੇ ਸਿਕਤਾ[4] ਜਾਲਾ॥੨੨॥ ਤਨ ਕੋ ਚਿੰਨ੍ਹ ਨ ਦੇਤਿ ਦਿਖਾਈ। ਅਸ ਮ੍ਰਿਤਕਾ ਬਹੁ ਲੀਨਿ ਦਬਾਈ। ਨਿਕਸਹਿ ਪੌਨ ਨਾਸਕਾ ਜਹਿੰਵਾ। ਜਾਨਹਿ ਲੋਕ ਕੰਦਰਾ ਤਹਿੰਵਾ ॥੨੩॥ ਇਸ ਪ੍ਰਕਾਰ ਸੋ ਦੇਤ ਬਿਸਾਲਾ। ਪਰਨੋ ਆਛਾਦਨੋ ਦੇਹਿ ਕਰਾਲਾ। ਆਸ਼੍ਰਮ ਤਹਾਂ ਉਤੰਕ ਮੁਨੀ ਕੋ। ਬਿਸ਼ਨੁ ਭਗਤਿ ਤਪ ਤਾਪਤਿ ਨੀਕੋ ॥ ੨੪ ॥ ਪੰਚਾਗਨ[5] ਕੋ ਤਾਪਹਿ ਮਹਾਨਾ। ਹਿਮ ਰਿਤੁ ਜਲ ਮਹਿ ਕੰਠ ਪ੍ਰਮਾਨਾ।ਫਲ ਫੂਲਨਿ ਕਹੁ ਕਰਹਿ ਅਹਾਰਾ। ਸਿਮਰਹਿ 'ਬਿਸ਼ਨ ਬਿਸ਼ਨੁ' ਇਕ ਸਾਰਾ ॥ ੨੫ ॥ ਹੋਯੋ ਰਿਦਾ ਸ਼ੁੱਧ ਜਿਸ ਕੇਰਾ। ਇਸ ਪ੍ਰਕਾਰ ਤਪ ਤਪੇ ਘਨੇਰਾ। ਸਮ ਦਮ ਸਹਿ ਅਨਸੂਯਕ[6] ਸਾਚੋ। ਜੀਤੇ ਸਭਿ ਬਿਕਾਰ ਨਹਿ ਬਾਚੋ[7]॥੨੬ ॥ ਮਹਾਂ ਜਿਤਿੰਦ੍ਰੀ ਧੀਰਜਵੰਤਾ। ਧਰਮ ਆਤਮਾ, ਬੇਦ ਪਠੰਤਾ। ਮਨਿਨ ਸ਼ੀਲ, ਬੁਧਿਵਾਨ ਮਹਾਨਾ। ਮ੍ਰਿਦੁਲ ਸਰਲ ਆਦਿਕ ਗੁਨ ਨਾਨਾ ॥ ੨੭ ॥ ਰੋਕਿ ਬਾਯੁ ਕੋ ਲਾਇ ਸਮਾਧਾ। ਕਰਤਿ ਅਰਾਧਨਿ ਬਿਸ਼ਨੁ ਅਗਾਧਾ। ਮ੍ਰਿਦੁਲ ਲਾਲ[8] ਸ਼ੁਭ ਲਲਿਤ ਬਿਸਾਲਾ। ਪਾਵਨ ਪਰਮ ਚਰਨ ਦੁਤਿ ਜਾਲਾ ॥੨੮॥ ਜੰਘ ਜੁਗਲ ਇਕ ਸਮ ਜਨੁ ਕੇਲਾ। ਪੀਤ ਬਸਤ੍ਰ ਸ਼ੋਭਤਿ ਤਨ ਮੇਲਾ। ਆਯਤ ਛਾਤੀ ਬਾਹੁ ਬਿਸਾਲਾ। ਸ਼ਸਤ੍ਰ ਧਰੇ ਉਰ ਪਰ ਬਨ-

[1]ਭਾਵ ਲੋਕੀ ਤੋਂ ਭੀਤ ਹੁੰਦੇ ਹਨ। [2]ਨੱਕ ਦੀਆਂ ਗਲੀਆਂ, ਮੋਰੀਆਂ। [3]ਪਹਾੜ ਦੀਆਂ ਖੁੰਡਾਂ ਸਮਾਨ। [4]ਰੇਤ। [5]ਪੰਜ ਧੂਣੀਆਂ। [6]ਈਰਖਾ ਰਹਿਤ। [7]ਠਗਿਆ ਨ ਗਿਆ। [8]ਕੋਮਲ ਲਾਲ (ਚਰਨ)।

ਮਾਲਾ[1] ॥੨੯॥ ਨੂਪਰ[2] ਛੁੱਦ੍ਰ ਘੰਟਕਾ[3] ਕੁੰਡਲ। ਸ਼੍ਯਾਮਲ ਬਰਨ ਸੁਭਤਿ ਮੁਖ ਮੰਡਲ। ਮੁਕਟ ਉਤੰਗ ਸੀਸ ਪਰ ਭ੍ਰਾਜੈ[4]। ਮੇਚਕ ਚਿੱਕ੍ਨ ਚਿਕੁਰ[5]* ਬਿਰਾਜੈ ॥ ੩੦ ॥ ਅਸ ਸਰੂਪ ਕੋ ਧਰਿ ਕੈ ਧ੍ਯਾਨਾ। ਨਿਸ਼ਚਲ ਬੈਠਹਿ ਮੁਨੀ ਮਹਾਨਾ। ਉਗ੍ਰ[6] ਤਪਸੇ ਤਪ ਜਬਿ ਧਰਿ ਧੀਰ। ਮੁਨਿ ਮਨ ਕੀ ਲਖਿ ਪ੍ਰਭੁ ਗੰਭੀਰ ॥ ੩੧ ॥ ਮਹਾਂ ਕ੍ਰਿਪਾਲੁ ਕ੍ਰਿਪਾ ਕਰਿ ਆਇ। ਰਿਖਿ ਉਤੰਕ ਆਸ਼੍ਰਮ ਜਿਸ ਥਾਇਂ। ਦੇਖਤਿ ਦਰਸ਼ਨ ਭਯੋ ਨਿਹਾਲ। ਕਰੀ ਡੰਡ-ਵਤਿ ਮੁਨਿ ਤਤਕਾਲ ॥ ੩੨ ॥ ਹਾਥ ਜੋਰਿ ਦਰਸ਼ਨ ਕੋ ਦੇਖਾ। ਤਪ ਸਾਧਨ ਫਲ ਪਾਇ ਅਸ਼ੇਖਾ। ਰਿਖਿ ਉਤੰਕ ਕੇ ਉਰ ਕੀ ਜਾਨੀ। ਪੁਰਸ਼ੋਤਮ ਪ੍ਰਭੁ ਸਮਿਤ[7] ਬਖਾਨੀ ॥ ੩੩ ॥ 'ਹੁਇ ਬਿਬੇਕ ਸੱਤਾਸਤਿ ਕੇਰ। ਪਾਵਹਿ ਗ੍ਯਾਨ ਆਤਮਾ ਹੇਰਿ। ਪਦਵੀ ਪਰਮ ਪਾਇ ਹੈਂ ਮੋਰੀ। ਚਰਨ ਪਰਾਇਨ ਬੁਧਿ ਬਰ ਤੋਰੀ ॥ ੩੪ ॥ ਤਵ ਤਪ ਮਹਿਂ ਜੋ ਬਿਘਨ ਕਰੰਤਾ। ਤਿਸ ਕੋ ਬਨਵਿ ਆਪ ਮੈਂ ਹੰਤਾ। ਸੁਰ ਬਰ ਲਬਧਿ ਦੈਂਤ ਜੋ ਅਹੈ[8]। ਇਸ ਬਿਧਿ ਕਰੇ ਮ੍ਰਿੱਤੁ ਕੋ ਲਹੈ ॥ ੩੫ ॥ ਕੁਲ ਇੱਖ੍ਵਾਕ ਬਿਖੈ ਜੋ ਰਾਜਾ। ਧਰਮ ਆਤਮਾ ਅਧਿਕ ਸਮਾਜਾ। ਇਸ ਮਾਰਨਿ ਹਿਤ ਪ੍ਰੇਰਹੁ ਜਾਇ। ਦੀਜਹਿ ਧੀਰਜ ਤਿਹ ਬੰਧਵਾਇ ॥੩੬॥ ਦੈਤ ਸਰੀਰ ਅਕਾਰ ਮਹਾਨਾ। ਪ੍ਰਕ੍ਰਮ ਤੇਜ ਬਿਖੈ ਬਲਵਾਨਾ। ਭੂ ਪਾਲਕ ਤਿਸ ਕੇ ਨ ਸਮਾਨਾ। ਈਖਦ[9] ਓਜ ਤਾਂਹਿ ਅਗੁਵਾਨਾ ॥ ੩੭ ॥ ਯਾਂਤੇ ਮੈਂ ਪ੍ਰਵਿਸ਼ੋਂ ਤਿਸ ਮਾਂਹੀ। ਤੇਜ ਓਜ ਤੇ ਹ੍ਵੈ ਉਤਸਾਹੀ। ਨ੍ਰਿਪਤਿ ਸਰੂਪ ਧਾਰਿ ਕੈ ਆਪੀ। ਰਚੌਂ ਜੁੱਧ ਹਿਤ ਤਵ ਰਿਪੁ ਖਾਪੀ ॥੩੮॥ ਸੁਰ ਗਨ ਕੋ ਕੰਟਕ ਬੁਰਿਆਰੀ। ਨਰ ਤਨ ਬਨਿ ਮੈਂ ਲਿਉਂ ਅਰਿ ਮਾਰੀ। ਇਸ ਤਨ ਤੇ ਨਹਿਂ ਮਾਰਨਿ ਬਨੇ। ਅਭੈ ਹੋਨਿ ਕੇ ਬਰ ਲਿਯ ਘਨੇ' ॥ ੩੯ ॥ ਇਸ ਪ੍ਰਕਾਰ ਕਹਿ ਕਰਿ ਗੋਸਾਈਂ। ਅੰਤਰ ਧ੍ਯਾਨ ਭਏ ਤਿਸ ਥਾਈਂ। ਰਿਖਿ ਉਤੰਕ ਨੇ ਸਭਿ ਬਿਧਿ ਜਾਨੀ। ਜਿਸ ਪ੍ਰਕਾਰ ਸ੍ਰੀ ਬਿਸ਼ਨੁ ਬਖਾਨੀ ॥੪੦॥ ਤਪ ਫਲ ਲਬਧਿ[10] ਕ੍ਰਿਤਾਰਥ ਹੋਵਾ। ਲੋਚਨ ਗੋਚਰ ਸ੍ਰੀ ਪ੍ਰਭੁ ਜੋਵਾ। ਹਰਖਤਿ ਕਰਤਿ ਭਯੋ ਪ੍ਰਸਥਾਨਾ। ਨਗਰ ਅਯੁੱਧ੍ਯਾ ਕੋ

---

[1]ਬੈਜੰਤੀ ਮਾਲਾ। [2]ਝਾਂਜਰਾਂ। [3]ਤੜਾਗੀ। [4]ਸ਼ੋਭ ਰਿਹਾ ਹੈ। [ਸੰਸ:, ਭ੍ਰਾਜ੍=ਚਮਕਣਾ]। [5]ਕਾਲੇ ਕੇਸ ਚਮਕੀਲੇ। [6]ਕਠਨ। [7]ਮੁਸਕ੍ਰਾ ਕੇ। (ਅ) ਸਹਿਤ ਮਿਰਜਾਦਾ ਦੇ (ੲ) ਸ਼ਾਂਤੀ ਨਾਲ। [8]ਦੇਵਤਿਆਂ ਦਾ ਵਰ (ਜਿਸ ਨੂੰ) ਲੱਭਿਆ ਹੈ (ਐਸਾ ਜੋ) ਦੈਂਤ ਹੈ ਭਾਵ ਧੁੰਧੂ। [9]ਥੋੜ੍ਹਾ ਜਿਹਾ। [10]ਤਪ ਦਾ ਫਲ ਲੱਭ ਕੇ (ਉਹ ਰਿਖੀ)। *ਪਾ:-ਚੁਚਿਰ।

ਸਮੁਹਾਨਾ[1] ॥ ੪੧ ॥ ਧਰਮ ਆਤਮਾ ਮੁਨੀ ਪ੍ਰਤਾਪੀ। ਜਿਨ ਰਿਖੀਕ ਬਹੁ ਤਪ ਤੇ ਤਾਪੀ। ਹਤਨਿ ਲਾਲਸਾ ਦੈਂਤ ਬਡੇਰੀ। ਤਿਹ ਮਿੰਤ੍ਰ ਪ੍ਰਾਪਤਿ ਕੀ ਬਿਧਿ ਹੇਰੀ" ॥੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਹਰਿਰਾਇ ਕਥਾ' ਪ੍ਰਸੰਗ ਬਰਨਨੰ ਨਾਮ ਦੁਇ ਬਿੰਸਤੀ ਅੰਸੂ ॥ ੨੨ ॥

## ੨੪. [ਧੁੰਧੁ ਨਾਲ ਜੰਗ ਦੀ ਤਿਆਰੀ]।

ਦੋਹਰਾ॥ "ਗਮਨਯੋ ਮੁਨੀ ਉਤੰਕ ਮਗ ਪੁਰੀ ਅਯੁੱਧਜਾ ਜਾਇ। ਦ੍ਵਾਰਪਾਲ ਸੋਂ ਤਿਹ ਕਹਯੋ 'ਨ੍ਰਿਪ ਕੋ ਦੇਹੁ ਜਨਾਇ ॥ ੧ ॥ ਚੌਪਈ ॥–ਮੁਨੀ ਉਤੰਕ ਆਇ ਥਿਤ ਦ੍ਵਾਰੇ। ਮਿਲਿਬੋ ਚਹਿਤਿ ਤੁਮਹਿ ਇਕ ਬਾਰੇ–'। ਸੁਨਤਿ ਤੁਰਤ ਹੀ ਅੰਤਰ ਗਯੋ। ਮੁਨਿ ਆਗਵਨਿ ਜਨਾਵਤਿ ਭਯੋ ॥ ੨॥ ਮਹਿ-ਪਾਲਕ ਸੁਨਿਰਿਖਿ ਕੀਸੁਧ ਕੋ।ਉਠਯੋ ਝਟਤਿ ਕਰਿਕੈ ਸੁਧਿਬੁਧਿ ਕੋ।ਕਰਿ ਧਰਿ ਪੂਜਾ ਸਰਬ ਪ੍ਰਕਾਰ। ਚਲਿ ਆਯੋ ਤੂਰਨ ਨਿਜ ਦ੍ਵਾਰ ॥ ੩ ॥ ਕਰਿ ਬੰਦਨ ਪਾਦਾਰਘ[2] ਦੀਨਸਿ। ਆਦਰ ਸਭਿ ਬਿਧਿ ਕੋ ਬਹੁ ਕੀਨਸਿ। ਅਪਨੇ ਸੰਗ ਸਭਾ ਮੈਂ ਆਨਯੋ।ਪ੍ਰਸ਼ਨ ਅਨਾਮੈ ਨੰਮ੍ਰਿ ਬਖਾਨਯੋ[3] ॥੪॥'ਬਡੇ ਭਾਗ ਮੇਰੇ ਸਭਿ ਭਾਂਤੀ। ਦੀਨਸਿ ਦਰਸ ਬਿਘਨ ਗਨ ਘਾਤੀ। ਆਵਨਿ ਸਫਲ ਆਪਨੋ ਕਰੀਏ। ਨਿਜ ਆਗਵਨ ਸੁ ਹੇਤੁ ਉਚਰੀਏ*' ॥ ੫॥ ਸੁਨਤਿ ਮੁਨੀ ਨੇ ਨਿਜ ਭਿੱਪ੍ਰਾਇ। ਮਹਿਪਾਲਕ ਕੋ ਦੀਨਿ ਜਨਾਇ।'ਧੁੰਧੁ ਦੈਤ ਬਰ ਪਾਇ ਮਹਾਨਾ। ਮੁਨਿ ਸੁਰ ਕੰਟਕ ਨਿਤ ਦੁਖ ਦਾਨਾ ॥ ੬ ॥ ਤਿਹ ਹਤਿਬੇ ਕੋ ਕਰਿ ਉਤਸਾਹੁ। ਮਹਾਂ ਬੀਰ ਤੂੰ ਛੱਤ੍ਰਜਨਿ ਮਾਂਹੁ। ਨਿਜ ਬਲ ਸੰਸੇ ਕੋ ਨ ਬਿਚਾਰਹੁ। ਪ੍ਰਭੁ ਸ਼ਕਤਿ ਲੇ ਅਸੁਰ ਸੰਘਾਰਹੁ ॥੭॥ ਜਸੁ ਬਿਸਾਲ ਲੀਜਹਿ ਅਬਿਨਾਸ਼ੀ। ਬਿਦਤਹਿਂ ਜਗਤ ਮਹਦ ਬਲ ਰਾਸੀ[4]। ਅਭੈ ਦਾਨ ਦੀਜਹਿ ਸਭਿ ਲੋਕ। ਹਤਹੁ ਓਜ ਕਰਿ ਕੈ ਰਿਪੁ ਰੋਕ ॥ ੮ ॥ ਜੀਵਤਿ ਥੀਵਹੁ ਕੀਰਤਿਵੰਤਿ। ਪੁਨ ਅਪਵਰਗ[5] ਪਾਇ ਹੋ ਅੰਤ। ਛੱਤ੍ਰੀ ਕੁਲ ਕੋ ਧਰਮ ਵਿਚਾਰਿ। ਲਘੁ ਦੀਰਘਤਾ ਰਿਦੈ ਨ ਧਾਰਿ ॥ ੯॥ ਬਹੁਤ ਭਾਂਤਿ ਕੇ ਗੁਨ ਗਨ ਪਾਵੈਂ। ਅਤਿ ਉੱਤਮਤਾ ਤਵ ਕਰ ਆਵੈ।ਪਾਰਬ੍ਰਹਮ ਕੇ ਰੂਪ ਮਝਾਰ। ਹੋਇ ਏਕਤਾ ਅਨੰਦ ਉਦਾਰ ॥ ੧੦॥ ਤਪ ਤਾਪਯੋ ਮੈਂ ਦੀਰਘ ਜਬੈ। ਲੋਚਨ ਗੋਚਰ ਭੇ ਪ੍ਰਭੁ ਤਬੈ। ਤਿਨ ਕੋ ਪ੍ਰੇਰਯੋ ਮੈਂ ਚਲਿ ਆਯੋ। ਚਹਤਿ ਦੈਤ ਕੋ ਨਾਸ਼ ਕਰਾਯੋ' ॥੧੧॥ ਸੁਨਿ ਮਹਿਪਾਲ ਬਿਸਾਲ

[1]ਸਾਹਮਣੇ। [2]ਚਾਕ ਚਰਨ ਧੋਏ। [3]ਸੁਖ ਸਾਂਦ ਦੀ ਪੁਛ ਨਿੰਮ੍ਰਤਾ ਨਾਲ ਕੀਤੀ। [4]ਬਲ ਦਾ ਪੁੰਜ ਤੂੰ ਜਗਤ ਵਿਚ ਪ੍ਰਗਟੇਂਗਾ। [5]ਮੁਕਤਿ। *ਪਾ:–ਬਿਚਾਰੀਏ।

ਅਨੰਦਾ। 'ਮੈਂ ਜਾਨਜੋ ਮੁਝ ਹ੍ਵੈ ਰਨ ਬ੍ਰਿੰਦਾ। ਇਕ ਤੌ ਧਰਮ ਜੰਗ ਕੋ ਮੇਰਾ। ਦੁਤਿਯ ਮੁਨੀਬਰ! ਕਹਿਬੋ ਤੇਰਾ॥੧੨॥ ਤ੍ਰਿਤੀਏ ਜਗਤ ਨਾਥ ਕੇ ਸਾਥਾ। ਹੁਇ ਇਕਤਾ ਜਿਹ ਬੰਦਹਿ ਮਾਥਾ। ਛੁਟਹਿਂ ਕਲੇਸ਼ ਅਸ਼ੇਸ਼ ਦੁਰਾਧਰ[1]। ਮੈਂ ਬਡਭਾਗ ਲਖੌਂ ਹੇ ਮੁਨਿਵਰ!' ॥੧੩॥ ਇਮ ਭੂਪਤਿ ਕਰਿ ਕੈ ਉਤ-ਸਾਹੂ। ਭਯੋ ਸਨੱਧ ਬੱਧ ਬਡ਼ ਬਾਹੂ[2]। ਨੰਦਨਿ ਹੁਤੇ ਇਕੀਸ ਹਜ਼ਾਰ। ਸ਼ਸਤ੍ਰ ਪਹਿਰ ਸਗਰੇ ਭੇ ਤਯਾਰ ॥੧੪॥ ਛੂਹਨਿ[3] ਏਕ ਅਨੀਕਨਿ[4] ਚਲੀ। ਗਜ ਬਾਜਨਿ ਰਥ ਕਰਿ ਕਲਮਲੀ[5]। ਧੁਜਾ[6] ਪਤਾਕਾ[7] ਬਸਤ੍ਰਨਿ* ਛੋਰੇ। ਬਾਦਤਿ ਬਾਜ ਉਠੇ ਬਡ ਘੋਰੇ ॥ ੧੫॥ ਕਰਿ ਕੈ ਮੰਗਲ ਅਨਿਕ ਪ੍ਰਕਾਰਾ। ਨਿਕਸਜੋ ਨ੍ਰਿਪਤਿ ਆਪਨੇ ਦ੍ਵਾਰਾ। ਭਏ ਸਹਾਇਕ ਸੁਰ ਗਨ ਸਾਰੇ। ਚਹਿਤਿ ਜੁੱਧ ਮਹਿਂ ਧੁੰਧੁ ਮਾਰੇ ॥ ੧੬ ॥ ਚਾਂਪਨਿ ਅਪਨਿ ਟੰਕਾਰ ਕਰੰਤੇ। ਬਾਨ ਨਿਖੰਗਨਿ ਮਾਹਂ ਭਰਿਯੰਤੇ। ਚੰਦ੍ਰਹਾਸ[8] ਨਿਰਮਲ ਚਮਕੰਤੇ। ਕਟ ਸੋਂ ਕਸਹਿਂ ਸੂਰ ਬਲਵੰਤੇ ॥ ੧੭ ॥ ਬਿੱਪ੍ਰ ਜਿਤੇ ਦ੍ਵਿ ਬੇਦਨ ਬੇਤਾ[9]। ਆਸ਼ਿਖਬਾਦ ਕਹੈਂ 'ਬਨਿ ਜੇਤਾ[10]'। ਗਜ ਬਾਜੀ ਸਯੰਦਨ ਦੁਤਿ ਭਾਰੀ। ਸਭਿ ਸਜਾਇ ਕਰਿ ਪਾਖਰ[11] ਡਾਰੀ ॥ ੧੮ ॥ ਸਯੰਦਨ ਫੇਰਹਿਂ ਹਯਨਿ ਕੁਦਾਵਹਿਂ। ਲਰਿਬੇ ਕੋ ਜੋਧਾ ਉਤਸਾਵਹਿਂ। ਭਿੰਡਪਾਲ[12], ਤੋਮਰ, ਅਸਿ ਧਾਰੇ। ਪਾਂਸੀ[13], ਮੁਦਗਰ ਗਹਿ ਕਰ ਭਾਰੇ ॥ ੧੯ ॥ ਅਨਿਕ ਪ੍ਰਕਾਰ ਕਰਹਿਂ ਰਨ ਤਯਾਰੀ। ਨਿਕਸਜੋ ਭੂਪਤਿ ਪੁਰਿ ਕੇ ਦ੍ਵਾਰੀ। ਬਹੁ ਜਾਂਬੂਨਦ ਰਤਨ ਮੰਗਾਏ। ਭਿਛਕਨਿ[14] ਦਏ ਦਾਨ ਮਨ ਭਾਏ॥੨੦॥ ਸਭਿਨਿ ਪ੍ਰਸੰਨ ਕਰਜੋ ਮਹਿਪਾਲਾ। ਦੈਤ ਦਿਸ਼ਾ ਕੇ ਮਾਰਗ ਚਾਲਾ। ਤੁਰਰੀ ਦੁੰਦਭਿ ਗੋਮੁਖ[15] ਬਾਜੇ। ਪਟਹਿ ਢੋਲ ਰਵ ਸੁਨਿ ਭਟ ਗਾਜੇ ॥੨੧॥ ਬਿਨ ਅਤੰਕ ਤੇ ਤਪੀ ਉਤੰਕ। ਲਿਯੋ ਸੰਗ ਨ੍ਰਿਪ ਗਮਜੋ ਨਿਸ਼ੰਕ। ਸਗਰੇ ਪੁੱਤ੍ਰ ਸਾਥ ਹੀ ਲੀਨੇ। ਚੌਂਪ ਅਸੁਰ ਸੋਂ ਲਰਿਬੇ ਭੀਨੇ॥ ੨੨ ॥ ਦਿਨ ਪ੍ਰਤਿ ਕਰਤਿ ਨਿਵੇਸੁ[16] ਨ੍ਰਿਪਾਲਾ। ਸਭਿਨਿ ਸੰਭਾਰਤਿ ਮਾਰਗ ਚਾਲਾ। ਬਿਮਨ[17] ਸੁਭਟ ਨਹਿਂ ਸੈਨਾ ਮਾਂਹੀ। ਨ੍ਰਿਪ ਹਿਤ ਅਪਨਿ ਪ੍ਰਾਨ ਅਰਪਾਹੀਂ ॥ ੨੩॥ ਰਿਸ਼ਟ ਪੁਸ਼ਟ

---

[1]ਕਠਨ ਧਾਰੇ ਦੇਇ। [2]ਬੜੀਆਂ ਬਾਹਾਂ ਵਾਲਾ, ਮੁਹਾਵਰਾ ਹੈ, ਜਿਸ ਦੇ ਮਦਦਗਾਰ ਬਹੁਤੇ ਹੋਣ। [3]ਖੂਹਣੀ। [4]ਸੈਨਾ। [5]ਸ਼ੋਰ ਕਰਦੀ। [6]ਵਡਾ ਝੰਡਾ। [7]ਛੋਟੀ ਝੰਡੀ [8]ਤਲਵਾਰਾਂ। [9]ਵੇਦਾਂ ਦੇ ਗਿਆਤਾ। [10]ਜਸ ਵਾਲੇ ਬਣੋ। [11]ਕਾਠੀਆਂ। [12]ਇਕ ਪ੍ਰਕਾਰ ਦਾ ਗੋਫੀਆ [ਮਿਸ:, ਭਿੰਡਪਾਲ]। [13]ਫਾਹੀਆਂ [14]ਮੰਗਤਿਆਂ ਨੂੰ। [15]ਨਰਸਿੰਗੇ। [16]ਡੇਰਾ। [17]ਉਦਾਸ, ਭਾਵ ਕਾਇਰ। *ਪਾ:-ਛੋਰੇ।

ਬਾਹਨ ਗਨ ਨਾਨਾ। ਅਲੰਕਾਰ ਪਹਿਰੇ ਦੁਤਿਵਾਨਾ। ਉਤਸਾਹਤਿ ਜੋਧਾ ਗਨ ਚਲੈਂ।ਕਹਤਿ 'ਦੈਤ ਕੋ ਹਮ ਦਲ ਮਲੈਂ"॥੨੪॥ ਸਿਕਤਾ ਸਾਗਰ ਕੋ ਬਿਸਤਾਰਾ। ਕਿਤ ਜੋਜਨ ਲੌ ਪੁਲਨ ਉਦਾਰਾ[1]। ਤਿਸ ਮਹਿਂ ਸੁਪਤਯੋ ਦੈਤ ਕਰਾਲਾ। ਚਿਰੰਕਾਲ ਕੋ ਦੇਹਿ ਬਿਸਾਲਾ ॥ ੨੫ ॥ ਰਿਖਿ ਉਤੰਕ ਨੇ ਭੇਤ ਜਨਾਵਾ। 'ਇਹ ਉਤੰਗ ਥਲ[2] ਜੋ ਦ੍ਰਿਸ਼ਟਾਵਾ। ਤਿਸ ਮਹਿਂ ਦੈਤ ਦਬਯੋ ਪਾਰ ਰਹਯੋ। ਚਿਰੰਕਾਲ ਤੇ ਨਿੰਦ੍ਰਾ ਲਹਯੋ ॥ ੨੬ ॥ ਤਬਿ ਸੈਨਾ ਕੇ ਭਟ ਮਿਲਿ ਸਾਰੇ। ਸਗਰੀ ਮ੍ਰਿਤਕਾ ਦੇਂ ਜਬਿ ਟਾਰੇ।ਕਰੈਂ ਪ੍ਰਹਾਰ ਉਠਹਿ ਤਬਿ ਏਹੀ। ਸ਼ਸਤ੍ਰ ਪ੍ਰਹਾਰਹੁ ਆਪਨਿ ਤੇਹੀ' ॥ ੨੭॥ ਇਮ ਸੁਨਿ ਭੂਪ ਸਿਵਰ ਕਰਿਵਾਯੋ।ਸਭਿ ਸੈਨਾਂ ਕੋ ਤਹਾ ਪਠਾਯੋ।ਕਸੀ[3] ਕੁਦਾਲਿ[4] ਨਾਲ ਬਿਸਾਲੇ। ਖਨਹਿ ਤਹਾਂ ਮਿਲਿ ਕੈ ਭਟ ਜਾਲੇ[5] ॥ ੨੮ ॥ ਅਨਿਕ ਪ੍ਰਕਾਰ ਮਚਾਵਹਿਂ ਰੌਰਾ। ਕੂਦਹਿਂ ਕਿਲਕਹਿਂ ਖੋਦਹਿਂ ਠੌਰਾ। ਸਵਾਧਾਨ ਹੁਇ ਸ਼ਸਤ੍ਰ ਸੰਭਾ-ਰਹਿਂ। ਕਰੇ ਓਜ ਕੋ ਪੈਰ ਪ੍ਰਹਾਰਹਿਂ ॥੨੯ ॥ ਅਨਿਕ ਜਤਨ ਤੇ ਮ੍ਰਿਤਕਾ ਟਾਰੈਂ। 'ਪਿਖਹਿਂ ਅਸੁਰ ਕੋ ਅਬਿ ਹਮ ਮਾਰੈਂ"। ਸਪਤ ਦਯੋਸ ਬੀਤੇ ਇਸ ਭਾਂਤੀ। ਕਰਤਿ ਜਤਨ ਕੋ ਸ਼ੱਤ੍ਰੁਨਿ ਘਾਤੀ ॥ ੩੦ ॥ ਪਿਖਯੋ ਸਰੀਰ ਦੈਤ ਕਹੁ ਕਾਰਾ। ਲੀਨਿ ਸ੍ਵਾਸ ਬਹੁ ਪੌਨ ਨਿਕਾਰਾ। ਨਰ ਅਨੇਕ ਉਡ ਗਏ ਗਗਨ ਮੈਂ। ਪਰੇ ਸੁ ਦੂਰ ਜਾਇ ਕਿਤ ਬਨ ਮੈਂ ॥ ੩੧ ॥ ਸ਼ਬਦ ਕੁਲਾਹਲ ਅਤਿਸ਼ੈ ਹੋਵਾ। ਪਰਯੋ ਅਸੁਰ ਕੋ ਤਨ ਜਬਿ ਜੋਵਾ। ਅੰਗ ਹਲਾਵਨਿ ਕੀਨਿ ਤਦਾਈ। ਉਠਯੋ ਦੈਤ ਦਾਰੁਨਤਾ ਛਾਈ ॥ ੩੨ ॥ ਮ੍ਰਿਤਕਾ ਤਨ ਪਰ ਤੇ ਸੁ ਉਤਾਰੀ। ਪੁਨਹਿ ਬਾਹਨੀ ਬਡੀ ਨਿਹਾਰੀ। ਮਚਯੋ ਰੌਰ ਸੋ ਸੁਨਿ ਕਰਿ ਕਾਨ। ਮਹਾਂ ਕਾਯ[6] ਹੋਯਹੁ ਸਵਧਾਨ" ॥ ੩੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਦਸਮਿ ਰਾਸੇ 'ਸ੍ਰੀ ਹਰਿਰਾਇ ਕਥਾ' ਪ੍ਰਸੰਗ ਬਰਨਨੰ ਨਾਮ ਤ੍ਰੈਬਿੰਸਤੀ ਅੰਸੂ ॥ ੨੩ ॥

੨੪. [ਧੁੰਧੁ ਬੱਧ ਕਥਾ]।

ਦੋਹਰਾ ॥ "ਸੁਨਤਿ ਕੁਲਾਹਲ ਕਰਨ ਮਹਿ[7] ਜਾਗਯੋ ਅਸੁਰ ਸੁਚੇਤ। ਸੈਲ ਸ਼੍ਰਿੰਗ ਉਤੰਗ ਜਯੋਂ ਸਭਿ ਅਵਨੀ ਜਨੁ ਕੇਤ[8] ॥ ੧ ॥ ਚੌਪਈ ॥ ਇਸ

---

[1] ਕਿਤਨੇ ਜੋਜਨ ਤਕ ਬੜੀ ਬਟੇਤੀ ਸੀ। [2] ਉੱਚਾ ਥਾਉਂ। [3] ਕਹੀਆਂ। [4] ਰੰਬਾਏ, ਰੋੜੀ। [5] ਸਾਰੇ। [6] ਵੱਡੇ ਸਰੀਰ ਵਾਲਾ। [7] ਕੰਨਾਂ ਵਿਚ। [8] ਉੱਚੀ ਚੋਟੀ ਸਹਤ ਪਹਾੜ, ਜਿਵੇਂ ਸਾਰੀ ਪ੍ਰਿਥਵੀ ਦਾ ਮਾਨੋ ਝੰਡਾ ਰੂਪ ਹੁੰਦਾ ਹੈ। (ਇਸ ਤਰ੍ਹਾਂ ਦਾ ਉੱਚਾ ਉਹ ਦੈਂਤ ਸੀ)। (ਅ) ਪਹਾੜ ਵਰਗੇ ਦੈਂਤ ਦੇ ਸਿੰਗ ਬੀ ਅਰਥ ਲਾਉਂਦੇ ਹਨ। (ੲ) ਸਾਰੀ ਪ੍ਰਿਥਵੀ ਵਿਚ ਮਾਨੋਂ ਝੰਡਾ ਹੈ।

ਪ੍ਰਕਾਰ ਠਾਂਢੋ ਬਡ ਦੈਤ। '[1]ਉਤਸਾਹੀ, ਪ੍ਰਾਕ੍ਰਮਿ, ਸੁਰ ਜੈਤ'। ਤਿਤ ਤੇ ਨ੍ਰਿਪਤਿ ਸਥਿਤਿ ਭਾ ਸੈਨਦਨ। ਜਗ ਕੰਟਕ ਕੌ[2] ਚਹਿਤਿ ਨਿਕੰਦਨ॥੨॥ ਸੁਭ ਗਨ ਸਹਤ ਬਾਹਨੀ ਸਾਰੀ। ਸ਼ਸਤ੍ਰ ਅਸਤ੍ਰ ਧਾਰੇ ਤਨ ਭਾਰੀ। ਦੈਤ ਬਧਨਿ ਕੀ ਕਾਂਖਾਵਾਨ[3]। ਛੋਰਨਿ ਕਰੇ ਮਹਾਂ ਖਰ ਬਾਨ॥ ੩ ॥ ਦੇਖਤਿ ਧੁੰਧੁ ਬਦਨ ਮੁਸਕਾਨਯੋ। ਦਾਰੁਨ ਮਹਿਦੈ ਬਾਕ ਬਖਾਨਯੋ[4]। 'ਭੋ ਭੋ ਭੂਪ! ਕਵਨ ਤੂੰ ਅਹੈਂ ?। ਮਮ ਪ੍ਰਾਕ੍ਰਮ ਕੋ ਤੂੰ ਨਹਿਂ ਲਹੈਂ ?॥ ੪ ॥ ਏਕ ਗ੍ਰਾਸ ਭੀ ਹੋਇਂ ਨ ਮੇਰਾ। ਕਯਾ ਤੂੰ ਠਾਂਢੋ ਮੂੜ੍ਹ ਬਡੇਰਾ। ਸੁਪਤਿ ਸ਼ੇਰ ਕਯੋਂ ਆਨਿ ਜਗਾਵਾ। ਮੈਂ ਸਗਰੇ ਸੁਰ ਕਟਕ ਪਲਾਵਾ॥ ੫ ॥ ਕੋ ਨਹਿ ਅਟਕਯੋ ਮੋਹਿ ਅਗਾਰੀ। ਮਮ ਡਰ ਤੀਨ ਲੋਕ ਮਹਿ ਭਾਰੀ। ਤੈਂ ਕੈਸੇ ਕਰਿ ਜਾਨਯੋ ਨਾਂਹੀ। ਆਨਿ ਪਰਯੋ ਜਮ ਕੇ ਮੁਖ ਮਾਂਹੀ' ॥ ੬ ॥ ਸੁਨਤਿ ਨ੍ਰਿਪਤ ਨਹਿ ਧੀਰਜ ਛੋਰਾ। ਕਹਯੋ ਬਾਕ 'ਜੇ ਮੈਂ ਬਲ ਥੋਰਾ। ਤਉ ਧਰਮ ਛੱਤ੍ਰੀ ਕੋ ਮੋਰਾ। ਕਰਿਹੌਂ ਸੰਘਰ ਘੋਰ ਘਨੇਰਾ॥੭॥ ਦੈਵ ਅਧੀਨ ਹਾਰ ਅਰੁ ਜੀਤ'। ਅਸ ਕਹਿ ਕਰਿ ਧਰਿ ਕ੍ਰੋਧ ਸੁ ਚੀਤ। ਸ਼ਸਤ੍ਰ ਪ੍ਰਹਾਰਨਿ ਆਇਸੁ ਦੀਨਿ। ਛੂਟੇ ਤੀਰ ਤੀਖਨ ਭਨ ਲੀਨਿ॥ ੮ ॥ ਨ੍ਰਿਪ ਕੇ ਸੁਭਨਿ ਅਗਾਰੀ ਘੇਰਾ। ਮਹਾਂ ਸ਼ਸਤ੍ਰ ਛੋਰੇ ਇਕ ਬੇਰਾ। ਬਾਨ ਅਨੇਕ ਬਡੇ ਬਰਖਾਏ। ਪਰਘ[5],ਭਸੁੰਡੀ[6], ਤੋਮਰ[7] ਛਾਏ॥੯॥ ਅਨਿਕ ਪ੍ਰਹਾਰ ਗਦਾ ਕੇ ਕੀਨਿ। ਸੰਗ ਖੜਗ ਤੇ ਕਰ ਖਰ ਲੀਨੇ[8]। ਬਾਦਿਤ ਸੰਖ ਅਨੇਕ ਬਜਾਏ ਮਚਯੋ ਕੁਲਾਹਲ ਰਨ ਅਧਿਕਾਏ॥ ੧੦ ॥ ਕਰਯੋ ਧੁੰਧੁ ਨੇ ਕ੍ਰੋਧ ਬਡੇਰੇ। ਸ਼ਸਤ੍ਰ ਲਗੇ, ਤਨ ਧਸੇ ਘਨੇਰੇ। ਕੋ ਪਾਇਨਿ ਤੇ ਪਕਰਿ ਬਗਾਯੋ।ਕੋ ਗਹਿ ਕੈ ਅਵਨੀ ਪਟਕਾਯੋ ॥ ੧੧ ॥ ਕੋ ਪਾਇਨਿ ਸੋਂ ਦਪਟ[9] ਗਿਰਾਏ। ਕਿਤਿਕ ਧਕੇਲਤਿ ਪ੍ਰਾਨ ਨਸਾਏ। ਕੇਤਿਕ ਕੋ ਭੱਖਨਿ ਕਰਿ ਲੀਨਸਿ। ਕਿਸਹੂੰ ਗਹਿ ਗਹਿ ਪੀਸਨਿ ਕੀਨਸਿ[10] ॥ ੧੨ ॥ ਕੇਤਿਕ ਕੋ ਪਕਰਯੋ ਪਗ ਚੀਰਯੋ। ਕਰਦਮ ਆਮਿਖ ਰੁਧਿਰ ਬਿਥੀਰਯੋ। ਗਗਨ ਗਰਦ ਸੋਂ ਛਾਦਯੋ ਸਾਰਾ। ਪਕਰਿ ਪਕਰਿ ਭਟ ਚੀਰਤਿ ਡਾਰਾ[11] ॥੧੩॥ ਇਮ ਪਰਬਿਰਤਯੋ ਜੰਗ ਬਿਲੰਦਾ। 'ਮਾਰ ਮਾਰ'

---

[1]ਉਤਸ਼ਾਹਵਾਲਾ, ਬਲੀ, ਦੇਵਤਿਆਂ ਦੇ ਜਿੱਤਣ ਵਾਲਾ। [2]ਭਾਵ ਦੈਂਤ ਨੂੰ। [3]ਇੱਛਾਵਾਨ। [4]ਬੜਾ ਭਿਆਨਕ ਵਾਕ ਉਚਾਰਿਓਸ। [5]ਲੋਹੇ ਦੀ ਗਦਾ। ਲੋਹੇ ਮੜਿਆ ਡੰਡਾ। ਗੰਡਾਸਾ। [6]ਮਹਾਂ ਭਾਰਤ ਦੇ ਜੁਧ ਸਮੇਂ ਦਾ ਇਕ ਅਸਤ੍ਰ। ਇਕ ਪਕਾਰ ਦਾ ਗੋਫੀਆ ਜਿਸ ਵਿੱਚ ਪੱਥਰ ਭਰਕੈ ਵੈਰੀ ਤੇ ਸੁੱਟਦੇ ਸਨ। ਇਹ ਚਮੜੇ ਦਾ ਹੁੰਦਾ ਸੀ ਤੇ ਤ੍ਰਿੰਨ ਹਥ ਲੰਮਾ ਹੁੰਦਾ ਸੀ। [7]ਭਾਲੇ ਵਰਗਾ ਇੱਕ ਹਥਿਆਰ। ਨੇਜ਼ਾ। [8]ਨਾਲ ਹੀ ਹੱਥ ਵਿਚ ਤ੍ਰਿੱਖੀਆਂ ਤਲਵਾਰਾਂ ਲੈਕੇ (ਵਾਰ ਕੀਤੇ)। (ਅ) ਨਾਲ ਹੀ ਤਲਵਾਰਾਂ ਹੱਥ ਵਿਚ ਤੇ ਤਿੱਖੇ (ਤੀਰ ਲੀਤੇ)। [9]ਦਰੜਕੇ। [10]ਪੀਹ ਦਿੱਤਾ। [11]ਚੀਰ ਸਿੱਟੇ

ਬੋਲਹਿ ਭਟ ਬ੍ਰਿੰਦਾ। ਕੁੰਭਕਰਨ ਜਿਮ ਦੂਸਰ ਭਯੋ। ਖਰੋ ਦੈਤ ਰਿਸ ਜਿਸ ਕੇ ਛਯੋ ॥੧੪॥ ਇਮ ਪ੍ਰਾਕ੍ਰਮ ਜਬਿ ਕੀਨਿ ਮਹਾਨਾ। ਰਾਜਪੁੱਤ੍ਰ ਗਹਿ ਆਯੁਧ ਨਾਨਾ। ਜਿਮ ਗਿਰ ਪਰ ਕੋ ਬਿਹੰਗ ਸਿਧਾਰੈਂ। ਪਹੁੰਚਹਿੰ ਨਿਕਟਿ ਸ਼ਸਤ੍ਰ ਗਨ ਮਾਰੈਂ ॥ ੧੫ ॥ ਮਚਯੋ ਰੌਰ ਕਛ ਸੁਨਯੋ ਨ ਕਾਨਾ। ਛਾਯੋ ਗਗਨ ਮਹਾਂ ਗਨ ਬਾਨਾ[1]। ਦੈਤ ਸਰੀਰ ਬਿਖੇ ਪਰਵੇਸ਼॥ਜਥਾ ਸਰਪ ਗਿਰ ਬਰਹਿੰ[2] ਬਿਸ਼ੇਸ਼॥੧੬॥ਚਮਕਹਿੰ ਚੰਦ੍ਰਹਾਸ[3] ਲਗਿ ਅੰਗਹਿੰ। ਜਨੁ ਤੜਿਤਾ ਪਰਤੀ ਗਿਰ ਸ਼੍ਰਿੰਗਹਿ[4]। ਪਰਘ[5] ਸ਼ਕਤਿ[6] ਤੋਮਰ ਬਡ ਭਾਲੇ। ਹਤਹਿ ਬਾਰ ਇਕ ਦੈਤ ਕਰਾਲੇ ॥੧੭॥ ਧੁੰਧੁ ਕ੍ਰੋਧ ਕੈ ਅਧਿਕ ਉਮਾਹਾ। ਸੁਭਟਨਿ ਮਾਰਤਿ ਬਹੁ ਰਣ ਮਾਂਹਾ। ਥਿਰ ਨ ਅਗਾਰੀ ਹੋਵਨਿ ਦੇਤਿ। ਜਿਤ ਕਿਤ ਹਤਿ ਹਤਿ ਭਟ ਰਣਖੇਤ ॥ ੧੮ ॥ ਮਾਰਿ ਮਾਰਿ ਕਰਿ ਢੇਰ ਲਗਾਯੋ। ਮਹਾਂ ਤ੍ਰਾਸ ਰਣ ਮਹਿਂ ਉਪਜਾਯੋ। ਰੁਧਰਿ ਲਿਪਤਿ[7] ਤਨ ਨਿਕਸਹਿ ਧਾਰਾ। ਜਨੁ ਗਿਰ ਗੇਰੂ ਕੇਰ ਪ੍ਰਨਾਰਾ[8] ॥ ੧੯ ॥ ਗਰਜਤਿ ਗਹੂਓ ਮੇਘ ਸਮਾਨਾ। ਸੰਘਾਰਤਿ ਸੁਭਟਨਿ ਗਹਿ ਪਾਨਾ। ਘਾਇਲ ਪਰੇ ਕਿਤਿਕ ਤਰਫਾਵੈਂ। ਕਿਤੇ ਗਗਨ ਮਹਿਂ ਉਡੇ ਭ੍ਰਮਾਵੈਂ ॥੨੦॥ ਪੈਰਨਿ ਸੋਂ ਦਲਮਲ ਬਹੁ ਗੇਰੇ। ਪ੍ਰਾਕ੍ਰਮ ਕਰਤਿ ਹਤਹਿ ਪਿਖਿ ਨੇਰੇ। ਹਾਥਨਿ ਸੋਂ ਹਾਥੀ ਗਹਿ ਮਾਰਹਿ। ਸ੍ਯੰਦਨ ਕੋ ਸ੍ਯੰਦਨ ਪਰ ਡਾਰਹਿ[9] ॥ ੨੧ ॥ ਗਹੇ ਤੁਰੰਗ ਉਤੰਗ ਬਗਾਵੈ। ਨਹਿਂ ਆਗੇ ਕੋ ਠਹਰਨਿ ਪਾਵੈ। ਬਹੁਤ ਗਏ ਮਰਿ ਕੇਤਿਕ ਰਹੇ। ਮਹਾਂ-ਬੀਰ ਨੇ ਸੋ ਭੀ ਦਹੇ ॥ ੨੨॥ ਨ੍ਰਿਪ ਕੇ ਪੁੱਤ੍ਰ ਇਕੀਸ ਹਜ਼ਾਰ। ਕ੍ਰੋਧ ਧੁੰਧ ਨੇ ਦੀਏ ਸੰਘਾਰ। ਸਾਠ ਸਹੰਸ੍ਰ ਸਗਰ[10] ਕੇ ਸੁਤ ਜਿਮ। ਕਪਲ ਮਹਾਂ ਮੁਨਿ ਦਹੇ, ਹਰੇ ਤਿਮ[11] ॥ ੨੩ ॥ ਨ੍ਰਿਪ ਸੁਤ ਤੀਨ ਸ਼ੇਸ਼ ਰਹਿ ਜਬੈ। ਆਪ ਕ੍ਰੋਧ ਕੋ ਧਰਿ ਕਰਿ ਤਬੈ। ਰਣ ਕੇ ਸਨਮੁਖ ਭਾ ਸਵਧਾਨਾ। ਗਹਯੋ ਹਾਥ ਮਹਿਂ ਚਾਪ ਮਹਾਨਾ ॥ ੨੪ ॥ ਕੰਚਨ ਕਵਚ[12] ਸਜਾਇ ਸਰੀਰ। ਗਯੋ ਦੈਤ ਕੇ ਅੱਗ੍ਰ ਸਧੀਰ। ਕਮਲਾਪਤਿ ਤਿਹ ਛਿਨ ਚਲਿ ਆਏ। ਨਹਿਂ ਆਪਾ ਕਿਸ-ਹੂੰ ਦਰਸਾਏ ॥ ੨੫ ॥ ਭਏ ਪ੍ਰਵੇਸ਼ ਭੂਪ ਕੇ ਤਨ ਮੈਂ। ਜਿਸ ਤੇ ਬਡ ਉਤ-

[1]ਬਹੁਤੇ ਬਾਣਾਂ ਨਾਲ। [2]ਪਹਾੜ ਵਿਚ ਵੜ ਜਾਣ। [3]ਤਲਵਾਰਾਂ। [4]ਮਾਨੋਂ ਬਿਜਲੀ ਪੈਂਦੀਆਂ ਹਨ ਪਹਾੜ ਦੀ ਚੋਟੀ ਤੇ। [5]ਗੰਡਾਸੇ। [6]ਬਰਛੇ। [7]ਲਹੂ ਨਾਲ ਲਿਬੜੇ। [8]ਗੇਰੀ ਦੇ ਪਹਾੜ ਦਾ ਮਾਨੋਂ ਪ੍ਰਨਾਲਾ ਹੈ। [9]ਰਥ ਤੇ ਰਥ ਸੁੱਟ ਦੇਂਦਾ ਹੈ। [10]ਇਕ ਰਾਜੇ ਦਾ ਨਾਮ ਹੈ। [11]ਕਪਲ ਮਹਾ ਮੁਨੀ ਨੇ (ਜਿਵੇਂ) ਮਾਰੇ ਸਨ ਤਿਵੇਂ ਹੀ ਮਾਰ ਦਿਤੇ। [12]ਸੰਜੋਅ। *ਪਾਠ-ਪਗ।

ਸਾਹਨੋ ਮਨ ਮੈਂ। ਅਤਿ ਪ੍ਰਕ੍ਰਮ ਅਧਿਪਤਿ[1] ਕੋ ਹੇਰਾ। ਦੈਤ ਓਜ ਕੋ
ਈਖਦ ਜੇਰਾ[2] ॥ ੨੬ ॥ ਤਜੇ ਬਾਨ ਅਨਗਨ ਰਿਪੁ ਹੇਤਾ। ਬੀਧਯੋ ਦੈਤ
ਰੁਧਿਰ ਬਹੁ ਰੇਤਾ[3]। ਕ੍ਰੋਧਿ ਧੁੰਧੁ ਨੇ ਸੈਲ ਉਖਾਰਾ। ਹਿਤ ਸੰਘਾਰਨਿ ਨ੍ਰਿਪ
ਪਰ ਡਾਰਾ ॥੨੭॥ ਆਵਤਿ ਗਿਰ ਪਿਖਿ ਓਜ ਸੰਭਾਰਾ[4]। ਸਰ ਅਧ ਚੰਦ੍ਰਾ-
ਕਾਰ[5] ਨਿਕਾਰਾ। ਤਾਨ ਧਨੁਖ ਤੇ ਸਮੁਖ ਪ੍ਰਹਾਰਾ। ਅਰਧ ਪੰਥ ਮਹਿਂ ਗਿਰ
ਕਟਿ ਡਾਰਾ ॥ ੨੮ ॥ ਅਨਿਕ ਤਰੋਵਰ ਧੁੰਧੁ ਬਗਾਵੈ। ਸਭਿ ਕੋ ਕਾਟਤਿ
ਨ੍ਰਿਪਤਿ ਗਿਰਾਵੈ। ਦ੍ਵੰਦ ਜੁੱਧ ਹੋਵਨਿ ਜਬਿ ਲਾਗਾ। ਤਜਹਿ ਨਹੀਂ ਦੋਨਹੁ
ਤਬਿ ਆਗਾ॥੨੯॥ ਲੈ ਇਕ ਸਿਲਾ ਭੂਪ ਪਰ ਆਵਾ। ਢਿਗ ਹੁਇ ਮਾਰਨਿ
ਹਿਤ ਲਲਚਾਵਾ। ਕਰਿ ਲਾਘਵਤਾ[6] ਨ੍ਰਿਪ ਨੇ ਡਾਟਾ। ਚੰਦ੍ਰਹਾਸ ਤੇ[7]
ਤਿਹ ਕਰ ਕਾਟਾ ॥੩੦॥ ਸਹਤ ਸਿਲਾ ਕਰ ਧਰਨੀ ਪਰਯੋ। ਧੁੰਧੁ ਅਧਿਕ
ਕ੍ਰੋਧ ਮੈਂ ਭਰਯੋ।ਦੁਤਿਯ ਹਾਥਕੇ ਤਲ ਕੋ ਮਾਰਾ[8]। ਹਯਨਿ ਸਹਤ ਸਾਰਥਿ[9]
ਸੰਘਾਰਾ॥੩੧॥ ਪੁਨ ਤੂਰਨ ਹੀ ਸੈਲ ਬਗਾਵਾ। ਆਵਤਿ ਨਿਕਟਿ ਨ੍ਰਿਪਤ
ਦ੍ਰਿਸ਼ਟਾਵਾ।ਮਾਰ ਕੁਲਾਂਚ[10]* ਤਜੀ ਤਬਿ ਸਯੰਦਨ।ਖਰਯੋ ਧਰਾ ਤਲ ਸ਼ੱਤ੍ਰੂ
ਨਿਕੰਦਨ॥੩੨॥ਪਰਯੋ ਸੈਲ ਰਥ ਚੂਰਨ ਕੀਨਸਿ।ਧਾਇ ਭੂਪ ਲਲਕਾਰੋ†
ਦੀਨਸਿ।ਪੁਨਹਿ ਖੜਗ ਕਰਿ ਜ਼ੋਰ ਚਲਾਵਾ।ਦੁਸਰ ਕਰ ਕੋ ਕਾਟਿ ਗਿਰਾਵਾ
॥੩੩॥ਹ੍ਵੈ ਧੁੰਧੁ ਦ੍ਵੈ ਹਾਥ ਬਿਹੀਨਾ। ਸ੍ਰਵਤਿ ਰੁਧਰ ਦਾਰੁਣਤਾ ਲੀਨ[11]। ਨ੍ਰਿਪ
ਪਰ ਮੁਖ ਪਸਾਰ ਕਰਿ ਆਯੋ। ਬੱਜ੍ਰ ਪਾਤ੍ਰ ਕੇ ਸਮ[12] ਗਰਜਾਯੋ ॥ ੩੪॥
ਅਧਿਪਤਿ ਧਨੁਸ਼ ਧਾਰਿ ਕੈ ਤੂਰਨ।ਸਰਨਿ ਸਾਥ ਮੁਖ ਕੀਨਸਿ ਪੂਰਨ[13]।
ਆਯਹੁ ਜਬਿ ਹ੍ਵੈ ਨਿਕਟਿ ਕਰਾਲਾ। ਵਿਢ ਨਰਿੰਦ ਹ੍ਵੈ ਕਰਿ ਤਤਕਾਲਾ
॥ ੩੫ ॥ ਖੜਗ ਸੰਗ ਤਿਸ ਕੋ ਸਿਰ ਛੇਦਾ। ਗਿਰਯੋ ਮਹੀਤਲ ਸਹਿਤ ਸੁ
ਖੇਦਾ[14]।ਕਿਤਿਕ ਦਬੇ ਤਿਸ ਤਨ ਕੇ ਤਰੇ।ਲਗੇ ਧਕੇ ਲਾਕੇ ਕਿਤਿਕ ਮਰੇ॥੩੬॥
ਇਸ ਪ੍ਰਕਾਰ ਜਬਿ ਧੁੰਧੁ ਮਾਰਾ। ਨਿਰਮਲ ਰਜ ਤੇ ਭਾ ਨਭ ਸਾਰਾ।
ਇੱਤ੍ਯਾਦਿਕ ਉਤਪਾਤ ਜੁ ਅਹੇ। ਸਰਬ ਨਾਸ਼ ਤੇ ਜਗ ਸੁਖ ਲਹੇ ॥੩੭॥
ਸੁਰ ਸਭਿ ਭੂਪਤ ਕੇ ਢਿਗ ਆਏ। ਮਧੁਰ ਗਿਰਾ ਕਹਿ ਆਸ਼ਿਖ ਗਾਏ।

[1]ਰਾਜੇ ਦਾ। [2]ਥੋੜਾ ਜਿਹਾ ਡਿੱਠਾ। [3]ਡਿੱਗਾ। [4](ਰਾਜੇ ਨੇ) ਬਲ ਸੰਭਾਲਿਆ। [5]ਅੱਧੇ ਚੰਦਰਮਾਂ
ਦੀ ਸ਼ਕਲ ਦਾ ਤੀਰ। [6]ਫੁਰਤੀ ਕਰਕੇ। [7]ਤਲਵਾਰ ਨਾਲ। [8]ਹੱਥ ਦੀ ਤਲੀ ਮਾਰੀ (ਦੈਂਤ ਨੇ)।
[9]ਰਥਵਾਹੀ। [10]ਛਾਲ। [11]ਡਾਢਾ ਬੜਾ ਡਰਾਉਣਾ ਜਿਹਾ ਹੋ ਗਿਆ। [12]ਬੱਜ੍ਰ ਦੇ ਪੈਣ ਵਾਂਙ।
[13]ਤੀਰਾਂ ਨਾਲ ਮੂੰਹ ਭਰ ਦਿਤਾ। [14]ਦੁਖ ਸਹਿਤ। *ਪਾ:-ਕਿ ਛਾਲ। †ਪਾ:-ਸਾਥ।

'ਮਹਾਂ ਦੁਸ਼ਟ ਕੰਟਕ[1]' ਤੈਂ ਮਾਰਾ । ਸਕਲ ਜਗਤ ਕੋ ਕੀਨਿ ਸੁਖਾਰਾ
॥੩੮॥ ਅਬਿ ਤੇ ਤੇਰੋ ਨਾਮ ਮਹਾਨਾ ।–ਧੁੰਧੁਮਾਰ–ਪ੍ਰਗਟਹਿ ਬਲਵਾਨਾ ।
ਅਧਿਕ ਸੁਜਸੁ ਲੋਕਨਿ ਮਹਿ ਲਇ ।ਰਨ ਤੇ ਬਚਿ ਸੁਤ ਤ੍ਰੈ ਤਵ ਰਹੇ॥੩੯॥
ਤਿਨ ਤੇ ਚਲਿ ਹੈ ਬੰਸ ਅਗਾਰੀ । ਜਿਸ ਮਹਿਂ ਰਾਮਚੰਦ ਭੁਜ ਭਾਰੀ ।
ਕਮਲਾਪਤਿ ਹੋਵੈ ਅਵਤਾਰਾ । ਪ੍ਰਵਿਸ਼ਯੋ ਤਵ ਤਨ ਮਹਿਂ ਜੁ ਉਦਾਰਾ ॥
੪੦॥ ਜਿਸ ਕੇ ਪ੍ਰਾਕ੍ਰਮ ਕੋ ਅਬਿ ਪਾਇ। ਮਾਰਯੋ ਦੈਤ ਹੁਤੋ ਬਡ ਕਾਇ[2]" ।
ਇਮ ਕਹਿ ਦੇਵ ਸਰਬ ਹੀ ਗਵਨੇ । ਭੂਪਤਿ ਗਯੋ ਆਪਨੇ ਭਵਨੇ ॥੪੧॥
ਤਬਿ ਤੇ 'ਧੁੰਧੁਮਾਰ' ਇਹ ਨਾਮ । ਜਗ ਮਹਿ ਬਿਦਤ ਭਯੋ ਅਭਿਰਾਮ* ।
ਰਾਮਾਇਨ ਆਦਿਕ ਇਤਿਹਾਸ । ਲਿਖਯੋ ਨਾਮ ਤਿਹ ਕਬਿਨਿ[3] ਪ੍ਰਕਾਸ਼"
॥੪੨॥ਇਹ ਸਭਿ ਕਥਾ ਗੁਰੂ ਹਰਿਰਾਇ।ਸਭਿ ਸੰਗਤਿ ਕੋ ਦਈ ਸੁਨਾਇ।
"ਅਪਰਨਿ[4] ਮਹਿਂ ਪ੍ਰਵੇਸ਼ ਹੁਇ ਮਾਰ॥ਭਗਤ ਉਤੰਕਹਿ[5] ਕਾਜ ਸੁਧਾਰ॥†
॥ ੪੩ ॥ ਇੰਤ੍ਰਆਦਿਕ ਲਖਿ ਪ੍ਰਭੁ ਵਡਿਆਈ । ਜਪਹੁ ਨਾਮ ਹੁਇ ਅੰਤ
ਸਹਾਈ॥ਜਨਮ ਮਰਨ ਤੇ ਛੂਟਹੁ ਫੇਰ॥ਅਚਲਪਦਵੀਲੇਹੁਬਡੇਰ"॥੪੪॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਹਰਿਰਾਇ ਕਥਾ' ਪ੍ਰਸੰਗ ਬਰਨਨੰ ਨਾਮ ਚਤੁਰਬਿੰਸਤੀ ਅੰਸੂ ॥ ੨੪ ॥

## ੨੫. [ਗਾਫ਼ਲ ਦੇ ਛੇ ਸੌ ਘੋੜਾ ਪ੍ਰਾਪਤ ਕਰਨ ਦੀ ਕਥਾ]।

ਦੋਹਰਾ ॥ "ਅਬਹਿ ਕਥਾ ਸਤਿਸੰਗ ਕੀ ਅਰੁ ਗੁਰ ਮਾਨਨਿ ਕੇਰ। ਸੁਨਹੁ
ਪ੍ਰੇਮ ਕਰਿ ਉਰ ਧਰਹੁ ਲਿਹੁ ਕੱਲਜਾਨ ਬਡੇਰ‡ ॥ ੧ ॥ ਚੌਪਈ ॥ ਬਿਸ੍ਰਾ-

---

[1]ਦੁਖਦਾਈ । [2]ਵੱਡੇ ਸਰੀਰ ਵਾਲਾ । [3]ਕਵੀਆਂ ਨੇ । [4]ਦੂਜੇ ਭਾਵ ਰਾਜੇ ਦੇ ਸਰੀਰ ਵਿਚ । [5]ਰਿਖੀ ਦਾ ਨਾਮ ਹੈ ।

*ਪਾ:–ਜਸੁ ਧਾਮ ।

†ਕਵਿ ਜੀ ਦਾ ਆਸ਼ਯ ਇਸ ਕਥਾ ਤੋਂ ਪਰਮੇਸ਼ੁਰ ਦੇ ਭਗਤਾਂ ਨੂੰ ਸਹਾਇਤਾ ਦੇਣ ਦੇ ਅਸੂਲ ਨੂੰ ਪ੍ਰਗਟ ਕਰਨ ਤੋਂ ਹੈ, ਪਰ ਕਥਾ ਪੌਰਾਣਕ ਹੈ,ਜੋ ਗਾਲਬਨ ਉਸ ਜ਼ਮਾਨੇ ਦੇ ਹੋਏ ਸਾਕਿਆਂ ਦੇ ਅਤਯੋਕਤੀ ਵਰਨਣਾਂ ਵਿਚੋਂ ਇਕ ਹੈ ਜਦੋਂ ਕਿ ਪੰਜਾਬ ਤੇ ਹਿੰਦ ਦੇ ਅਸਲੀ ਵਸਨੀਕਾਂ ਨਾਲ,ਜਿਨ੍ਹਾਂ ਨੂੰ ਓਹ ਰਾਖਸ਼ ਤੇ ਦਸਯੂ ਸੱਦਿਆ ਕਰਦੇ ਸਨ, ਆਰਯ ਕਲ ਦੇ ਹਮਲਾ ਆਵਰਾਂ ਦੇ ਜੁੱਧ ਜੰਗ ਤੇ ਘੋਲ ਹੋਏ । ਸਤਿਗੁਰਾਂ ਨੂੰ ਐਸੀਆਂ ਕਥਾਂ ਸੁਨਾਉਣ ਦੀ ਲੋੜ ਕਾਹਨੂੰ ਪੈਣੀ ਸੀ ਜਦ ਕਿ ਆਪ ਉਹ ਸਹਾਇਕ ਹੋ ਹੋਕੇ ਪ੍ਰਤੱਖ ਭਗਤ ਵੱਛਲਤਾ ਵਰਤਕੇ ਦਿਖਾ ਰਹੇ ਸਨ । ਕਥਾ ਕਵਿ ਲਿਖਿਤ ਮਸਬਰੀ ਚਾਹੀਏ ।

‡ਕਈ ਪੁਰਾਤਨ ਲਿਖਤੀ ਨੁਸਖਿਆਂ ਵਿਚ ਇੱਥੇ ਇਕ ਹੋਰ ਦੋਹਰਾ ਭੀ ਮਿਲਦਾ ਹੈ ਜਿਸ ਦਾ ਪਾਠ ਇਹ ਹੈ:–ਸੁਨਿ ਸਿਖ ਗੁਰੁ ਕੀ ਦੱਛਨਾ ਦੈਬੇ ਹਿਤ ਮੁਨਿ ਏਕ । ਮਹਾਂ ਜਤਨ ਕੇ ਕਰਤਿ ਭਾ ਸੰਕਟ ਸਹੇ ਅਨੇਕ ॥ ੨ ॥

ਮਿੱਤ੍ਰ ਮਹਾਂ ਮੁਨਿ ਰਾਯਾ । ਕਰਿ ਤਪ ਜਿਸ ਨੇ ਬ੍ਰਹਮ ਪਦ ਪਾਯਾ । ਤਿਸ ਕੋ ਸਿਖ ਗਾਲਵ ਰਿਖਿ[1] ਭਯੋ। ਸਭਿ ਬਿਧਿ ਕੋ ਉਪਦੇਸ਼ ਸੁ ਲਯੋ॥੨॥ਗੁਰ ਸੰਗ ਕਹ੍ਯੋ 'ਦੱਛਨਾ ਲੀਜੈ । ਚਹਹੁ ਜੁ ਆਗਜਾ ਮੋ ਕਹੁ ਦੀਜਹਿ'। ਬਿੱਸ੍ਵਾਮਿੱਤ੍ਰ ਬਖਾਨ੍ਯੋ ਬੈਨਾ'ਦਛਨਾ ਲੈਨ ਚਾਹਿ ਮੁਝ ਹੈ ਨਾ॥੩॥ਕਹ੍ਯੋ ਦੇਨ ਕੋ ਤੈਂ ਕਰਿ ਭਾਯਿ।ਯਾਂਤੇ ਹਮ ਨੇ ਲੀਨਸਿ ਪਾਇ'। ਗਾਲਵ ਨੇ ਪੁਨ ਬਾਕ ਬਖਾਨਾ । 'ਬਿੱਦ੍ਯਾ ਨਿਫਲਹਿ ਬਿਨ ਦਿਯ ਦਾਨਾ ॥ ੪ ॥ ਯਾਂਤੇ ਉਚਿਤ ਉਚਾਰਨ ਅਹੋ[2] । ਅਰਪੌਂ ਦਛਨਾ ਜ੍ਯੋਂ ਤੁਮ ਲਹੋ । ਬਿਨਾ ਦਿਯੇ ਮੁਹਿ ਸ਼ਾਂਤਿ ਨ ਆਵੈ । ਦਿਹੁ ਆਇਸੁ ਜੈਸੇ ਚਿਤ ਭਾਵੈ' ॥ ੫ ॥ ਬਿਸ੍ਵਾਮਿੱਤ੍ਰ ਹਟਾਵਨਿ ਕੀਨਸਿ । ਬਾਰ ਬਾਰ ਬਰਜ੍ਯੋ ਹਿਤ ਭੀਨਸਿ । ਗਾਲਵ ਨਹਿਂ ਮਾਨੀ ਸੋ ਬਾਤ । 'ਲਿਹੁ ਲਿਹੁ ਦਛਨਾ' ਕਹਿ ਬੱਖ੍ਯਾਤ ॥ ੬ ॥ ਸੁਨਿ ਕੌਸਕ ਨੇ[3] ਕ੍ਰੋਧ ਬਧਾਵਾ । ਤਿਹ ਅਸ਼ਕ੍ਤਿ ਲਖਿ ਬਾਕ ਅਲਾਵਾ।'ਸ਼੍ਯਾਮ ਕਰਨ ਤਨ ਸਸੀ ਸਮਾਨਾ[4] । ਉੱਜਲ ਬਰਨ, ਮਹਿਦ ਬਲਵਾਨਾ ॥ ੭ ॥ ਤੁਰਿਰ ਅਸ਼ਟ ਸਤ[5] ਬਾਜੀ ਐਸੇ । ਦੇਹੁ ਲ੍ਯਾਇ ਕਰਿ, ਬੋਲਤਿ ਜੈਸੇ'। ਇਵ ਸੁਨਿ ਕੈ ਗਾਲਵ ਦੁਚਿਤਾਈ[6]। ਬਿਨ ਉਪਾਇ ਤੇ ਅਧਿਕ ਉਪਾਈ[7] ॥੮॥ਬਾਰਿ ਬਾਰਿ ਸੋਚਤਿ ਅਕੁਲਾਵਾ ।–ਕਿਤ ਤੇ ਲ੍ਯਾਵਹੁਂ, ਗੁਰੂ ਅਲਾਵਾ । ਬਿਨ ਦੀਨੇ ਮੁਝ ਮਰਿਬੋ ਨੀਕਾ । ਕੈਸੇ ਪੂਰੌਂ ਮਨੋਰਥਿ ਜੀ ਕਾ ॥ ੯ ॥ ਕਿਸ ਥਲ ਮੈਂ ਅਬਿ ਖੋਜਨਿ ਜਾਵੌਂ । ਅਸ ਤੁਰੰਗ ਕੀ ਸੁਧ ਨਹਿ ਪਾਵੌਂ–। ਭਯੋ ਬਿਹਾਲ ਬਿਸਾਲ ਮੁਨੀ ਜਬਿ । ਬਿਨਤਾਸੁਤ ਨੇ[8] ਜਾਨਿ ਰਿਦੇ ਤਬਿ॥੧੦॥ ਹੁਤੋ ਮਿੱਤ੍ਰ ਮੁਨਿ ਕੋ,ਤਬਿ ਆਯੋ।ਬਿਹਬਲ ਕੋ ਲਖਿ ਬਾਕ ਅਲਾਯੋ । 'ਤੋ ਗਾਲਵ ! ਕ੍ਯੋਂ ਬ੍ਯਾਕੁਲ ਹੋਵਾ । ਕੌਨ ਮਨੋਰਥ ਸਿੱਧ ਨ ਜੋਵਾ ? ॥ ੧੧ ॥ ਤੋਹਿ ਸਖਾ ਮੈਂ ਆਵਾ ਪਾਸ । ਨਿਜ ਕਾਰਜ ਕੋ ਕਰਹੁ ਪ੍ਰਕਾਸ਼ । ਜਿਤੀ ਸਮਰਥ ਮੋਹਿ ਮੈਂ ਹੋਹਿ । ਪੂਰਨ ਕਰਵਿ ਮਨੋਰਥ ਤੋਹਿ ॥ ੧੨ ॥ ਇਹ ਪੂਰਬ ਦਿਸ਼ਿ ਮਹਾਂ ਪ੍ਰਕਾਸ਼ਤਿ । ਉਤਮ ਬ੍ਰਿੰਦ ਦੇਵਤਾ ਬਾਸਤਿ।ਇਤ

[1]ਇਹ ਰਾਜਰਿਖੀ ਸੀ,ਪਰ ਅੰਤ ਵਿਸ਼੍ਵਾਮਿਤ੍ਰ ਨੇ ਇਸਨੂੰ ਬ੍ਰਹਮਰਿਸ਼ੀ ਦੇ ਦਰਜੇ ਦਾ ਰਿਸ਼ੀ ਪ੍ਰਵਾਣ ਕੀਤਾ। [2]ਕਹਿਣੇ ਯੋਗ ਹੈ (ਦਾਨ ਦੀ ਆਗਿਆ)। [3]ਵਿਸ਼੍ਵਾਮਿੱਤ੍ਰ ਨੇ। [4]ਕਾਲੇ ਕੰਨਾਂ ਤੇ ਚੰਦ੍ਰਮਾ ਵਰਗੇ ਸ਼ਰੀਰ ਵਾਲੇ। [5]ਅੱਠ ਸੌ। [6]ਚਿੰਤਾ। [7]ਉਪਾਵ ਨਾ ਸੁੱਝਣ ਕਰਕੇ (ਦੁਚਿਤਾਈ) ਬਹੁਤ ਉਪਜੀ। [8]ਗਰੁੜ ਨੇ।

ਹੀ ਪ੍ਰਿਥਵੀ ਕੋ ਮੁਖ ਅਹੈ[1] । ਪੁਰਬੋਦੈ ਰਵਿ ਪੂਰਬ ਕਹੈ[2] ॥ ੧੩ ॥ ਇਤ ਦੱਛਨ ਜਮ ਕੋ ਇਸਥਾਨ । ਦ੍ਵਾਰ ਪਤਾਲਨਿ ਕੋ ਮਗ ਜਾਨਿ[3] । ਅਨਿਕ ਗਨਨਿ ਤੇ ਸੰਜੁਤਿ[4] ਏਹ । ਬਹੁਤ ਭਾਂਤਿ ਕੀ ਸ਼ੋਭਾ ਲੇਹਿ ॥ ੧੪ ॥ ਪੱਛਮ ਦਿਸ਼ਾ ਬਰੁਨ ਤੇ ਪਾਲਤਿ[5] । ਜਹਿਂ ਰਵਿ ਅਸਤਹਿ ਗਮਹਿਂ ਉਤਾਲਤਿ[6] । ਇਤ ਉੱਤਰ ਦਿਸ਼ਿ ਬਹੁ ਗੁਨਵੰਤੀ । ਜਿਤ ਕੁਬੇਰ ਕੀ ਪੁਰੀ ਬਸੰਤੀ ॥ ੧੫ ॥ ਜਿਤ ਚਾਹਿਤ ਤਿਤ ਕਰਹੁ ਪਯਾਨਾ । ਪਹੁੰਚਾਵੈਂ ਚਾਹਹੁ ਜਿਤ ਜਾਨਾ' । ਸੁਨਿ ਗਾਲਵ ਨੇ ਕਾਰਜ ਕਹਯੋ । 'ਗੁਰ ਨੇ ਅਸੁ ਸਮੂਹ[7] ਕੋ ਚਹਯੋ ॥ ੧੬ ॥ ਸ਼ਯਾਮ ਕਰਨ ਤਨ ਚੰਦ੍ਰ ਪ੍ਰਭਾਕਰ[8] । ਅਸ ਤੁਰੰਗ ਕਹੁ ਹੈਂ ਕਿਸ ਕੇ ਘਰ ? ਹੋਹਿ ਆਠ ਸੈ ਗਿਨਤੀ ਮਾਂਹਿ । ਕਿਤ ਤੇ ਮੈਂ ਲ੍ਯਾਵੌਂ ਮਗ ਜਾਹਿ ॥੧੭॥ ਜੇ ਗੁਰ ਦਛਨਾ ਦਈ ਨ ਜਾਇ । ਤੌਂ ਮੈਂ ਪ੍ਰਾਨ ਧਰੌਂ ਨਹਿਂ ਕਾਇ । ਮਰਨ ਨੀਕ, ਜੀਵਨ ਧਿਕ ਮੇਰਾ । ਆਨ ਪਰਯੋ ਅਸ ਕਸ਼ਟ ਬਡੇਰਾ' ॥੧੮॥ ਬਿਨਤਾ ਸੁਤ ਨੇ ਧੀਰਜ ਦੀਨਿ । ਨਿਜ ਪਰ ਮੁਨਿ ਉਠਾਇ ਕਰਿ ਲੀਨਿ । ਉਡ ਕਰਿ ਬਿਚਰਯੋ ਬਹੁਤ ਸਥਾਨ । ਚਹਿਤਿ ਮਿੱਤ੍ਰ ਕੋ ਸੰਕਟ ਹਾਨਿ॥੧੯॥ ਫਿਰਤਿ ਫਿਰਤ ਜਹਿਂ ਭੂਪ ਜੁਜਾਤੀ[9] । ਤਹਾਂ ਪਹੂੰਚਯੋ ਪਤਿਖਗ ਜਾਤੀ[10] । ਮੁਨਿ ਨੇ ਜਾਇ ਜਾਚਨਾ ਕੀਨਿ । 'ਹੇ ਮਹਿਪਾਲ ! ਬਿਸਾਲ ਪ੍ਰਬੀਨ ! ॥ ੨੦॥ ਦੇਹੁ ਤੁਰੰਗ ਆਠ ਸੈ ਮੋਹਿ । ਗੁਰਦਛਨਾ ਹਿਤ ਜਾਚੌਂ ਤੋਹਿ' । ਸੁਨਤਿ ਜੁਜਾਤੀ ਬਾਕ ਬਖਾਨਾ । 'ਮੈਂ ਬਹੁ ਕਰਤਿ ਭਯੋ ਮਖ[11] ਦਾਨਾ ॥੨੧॥ ਸਰਬ ਪਦਾਰਥ ਕੀਨੇ ਦਾਨ । ਅਬਿ ਘਰ ਮਹਿ ਕੁਛ ਦ੍ਰਿਸ਼ਟਿ ਪਰਾ ਨਾ ਜੋ ਤੁਝ ਕੋ ਮੈਂ ਦੇਵਨਿ ਕਰੌਂ । ਪੂਰਬ ਮਨੋਰਥ ਚਿੰਤਾ ਹਰੌਂ ॥੨੨॥ ਅਬਿ ਇਕ ਕੰਨਯਾ ਹੈ ਘਰ ਮੇਰੇ । ਲੇਹੁ, ਮਨੋਰਥ ਪੂਰਵੈ ਤੇਰੇ । ਜਿਸ ਮਹਿਪਾਲਕ ਕੋ ਇਹ ਦੇਹੁ । ਪਲਟੈ[12] ਅਸ੍ਵ ਆਠ ਸੈ ਲੇਹੁ ॥ ੨੩ ॥ ਬਹੁ ਗੁਨਵੰਤ ਸਰੂਪ ਮਹਾਨਾ । ਜਗ ਮੈਂ ਜਿਸ ਕੇ ਨਹਿਂਨ ਸਮਾਨਾ' । ਸੁਨਤਿ ਜੁਜਾਤੀ ਤੇ ਇਹ ਬਾਤ । ਲਈ ਤਪੋ ਧਨ ਨੇ[13] ਹਰਖਾਤ ।

[1]ਇਧਰ ਹੀ ਪ੍ਰਿਥਵੀ ਦਾ ਮੂੰਹ ਹੈ । (ਅ) ਇਸੇ ਕਰਕੇ ਪੂਰਬ ਦਿਸ਼ਾ (ਵਲ ਹੀ) ਧਰਤੀ ਦਾ ਮੁਖ ਹੈ । [2]ਪਹਿਲੇ ਸੂਰਜ (ਇੱਧਰੋਂ) ਉਦੇ ਹੁੰਦਾ ਹੈ (ਇਸ ਕਰਕੇ ਇਸ ਦਿਸ਼ਾ ਨੂੰ) ਪੂਰਬ ਦਿਸ਼ਾ ਕਹਿੰਦੇ ਹਨ । [3]ਪਤਾਲਾਂ ਦੇ ਦਰਵੱਜੇ ਦਾ ਰਾਹ । [4]ਸਹਿਤ । [5]ਵਰੁਣ ਤੋਂ ਪਾਲੀ ਜਾਂਦੀ ਹੈ, ਭਾਵ ਵਰੁਣ ਰਹਿੰਦਾ ਹੈ । [6]ਡੁਬਦਾ ਹੈ ਛੇਤੀ ਜਾਕੇ । [7]ਘੋੜਿਆਂ ਦਾ ਝੁੰਡ । [8]ਚੰਦ੍ਰਮਾਂ ਦੀ ਸ਼ੋਭਾ ਵਾਲੇ । [9]ਨਾਮ ਹੈ ਰਾਜੇ ਦਾ ਯਯਾਤੀ। [10]ਖਗ ਜਾਤੀਆਂ ਪਤੀ ਭਾਵ ਗਰੁੜ। [11]ਯੱਗ। [12]ਬਦਲੇ ਵਿਚ। [13]ਤਪੱਸ੍ਵੀ ਨੇ।

॥੨੪॥ ਗਰੁੜ ਆਪਨੇ ਸਦਨ ਸਿਧਾਰਾ।ਮੁਨਿ ਕੰਨਜਾ ਲੈ ਆਨ ਪਧਾਰਾ। ਗਯੋ 'ਅਯੁੱਧਯਾ' ਨਗਰ ਮਝਾਰੀ। ਪੁਨ ਭੂਪਤਿ ਕੇ ਪਹੁੰਚਯੋ ਦ੍ਵਾਰੀ॥੨੫॥ ਮਹਿਪਾਲਕ ਕੈ ਜਾਇ ਬਖਾਨਾ। 'ਭੋ ਨਰਿੰਦ੍ਰ! ਮੁਝ ਤੇ ਸੁਨਿ ਕਾਨਾ। ਇਹ ਕੰਨਜਾਂ ਦਾਰਾ ਹਿਤ ਲੇਵਹੁ। ਸ਼੍ਯਾਮ ਕਰਨ ਅਸੁ ਅਠ ਸੈ ਦੇਵਹੁ ॥੨੬॥ ਬਰ ਸੁਮੱਧ੍ਯਮਾ ਸੁੰਦਰ ਰੂਪਾ। ਪੁੱਤ੍ਰ ਉਪਾਵੈ ਬਲੀ ਅਨੂਪਾ। ਤੋਹਿ ਜੋਗ ਲੋਚਨ ਬਿਸਥਾਰਾ[1]। ਅੰਗ ਮਨੋਹਰ ਤਨ ਸੁ-ਕੁਮਾਰਾ'॥੨੭॥ ਤਬਿ ਨਰਿੰਦ੍ਰ ਨੇ ਬਾਕ ਬਖਾਨਾ। 'ਸੁਨਹੁ ਤਪੋਧਨ ਤੇਜ ਨਿਧਾਨਾ[2]। ਦ੍ਵੈ ਸ਼ਤਿ ਤੁਰੰਗ ਨਿਕਟਿ ਮੁਝ ਤੈਸੇ।ਤੁਮ ਕੋ ਅਤਿ ਬਾਂਛਤਿ ਹੈਂ ਜੈਸੇ ॥੨੮॥ ਅਪਰ ਨਹੀਂ ਮੇਰੇ ਢਿਗ ਕੋਈ। ਆਪ ਬਿਲੋਕਿ ਲੇਹੁ ਥਲ ਜੋਈ'। [3]'ਭੋ ਮਹਿ-ਪਾਲ! ਲੇਹੁ ਇਹ ਕੰਨਜਾਂ। ਜਾਂਹਿ ਸਮਾਨ ਆਨ ਨਹਿੰ ਧੰਨਜਾਂ[4] ॥ ੨੯ ॥ ਇਸ ਮਹਿੰ ਏਕ ਪੁੱਤ੍ਰ ਉਪਜਾਇ। ਹੁਇ ਮਹਾਤਮਾ ਗੁਨ ਸਮੁਦਾਇ। ਦੋ ਸ਼ਤ ਤੁਰੰਗ ਸੁ ਕੰਨਜਾਂ ਏਹੁ। ਮੋ ਕਹੁ ਫੇਰਿ ਆਪ ਤਬਿ ਦੇਹੁ'॥੩੦॥ਇਮ ਸੰਕੇਤ ਕਰਿ ਕੰਨਜਾਂ ਦੈ ਕੈ।ਮੁਨਿ ਗਮਨ੍ਯੋ ਬਨ ਤਪ ਹਿਤ ਕੈ ਕੈ।ਨ੍ਰਿਪਤਿ ਭਾਰਜਾ ਕਰਿ ਘਰ ਰਾਖੀ। ਮੈਥੁਨ ਕੀਨਿ ਪੁੱਤ੍ਰ ਅਭਿਲਾਖੀ ॥ ੩੧ ॥ ਕੇਤਿਕ ਸਮਾਂ ਬਿਤੇ ਇਸ ਭਾਂਤੀ। ਗਰਭ ਧਰ੍ਯੋ ਕੰਨਜਾ ਬੱਖ੍ਯਾਤੀ।ਬਹੁਰੋ ਪੁੱਤ੍ਰ ਪ੍ਰਸੂਤਾ ਭਈ। ਬਹੁ ਸੁੰਦਰਤਾ ਤਨ ਨਿਰਮਈ[5] ॥੩੨॥ ਸਮੋ ਜਾਨਿ ਕੈ ਗਾਲਵ ਆਵਾ। 'ਦਿਹੁ ਕੰਨਜਾਂ' ਨ੍ਰਿਪ ਸਾਥ ਅਲਾਵਾ। ਦਿਪਤਿ ਤੇਜ ਮੁਨਿਵਰ ਕੋ ਜਾਨਾ। 'ਲਿਹੁ ਅਸੁ ਕੰਨਜਾਂ[6]' ਭੂਪ ਬਖਾਨਾ ॥ ੩੩ ॥ ਮੁਨੀ ਭਨ੍ਯੋ 'ਯਹਿ ਤੁਰੰਗ ਹਮਾਰੇ। ਸੋ ਮਮ ਧ੍ਰੋਹਰ[7]' ਰਹੇ* ਤੁਮਾਰੇ। ਜਬਿ ਸਭਿ ਕਾਜ ਸਿੱਧ ਹ੍ਵੈ ਜਾਇ। ਤੋਹਿ ਸਦਨ ਤੇ ਲੈ ਹੌਂ ਆਇ' ॥੩੪॥ ਇਮ ਕਹਿ ਕੰਨਜਾਂ ਕੋ ਲੇ ਸਾਥ। ਗਮਨ੍ਯੋ ਮੁਨਿ ਤਕ 'ਕਾਸ਼ੀ' ਨਾਥ। ਸਨੇ ਸਨੇ ਪਹੁੰ-ਚ੍ਯੋ ਪੁਰਿ ਜਾਈ। ਮਿਲਿ ਨਰਿੰਦ੍ਰ ਸੋਂ ਗਿਰਾ ਅਲਾਈ ॥ ੩੫ ॥ 'ਭੋ ਪ੍ਰਭੁ ਦਿਵੋਦਾਸ[8] ਸੁਨਿ ਬਾਤੀ। ਇਹੁ ਕੰਨਜਾਂ ਬਡ ਗੁਨ ਬੱਖ੍ਯਾਤੀ। ਹੇਤੁ ਭਾਰਜਾ ਇਸ ਕੋ ਲੇਹੁ। ਖਟ ਸ਼ਤ ਤੁਰੰਗ ਮੋਹਿ ਕੋ ਦੇਹੁ'॥੩੬॥ਦਿਵੋਦਾਸ ਨੇ ਸੁਨਤਿ ਬਖਾਨਾ। 'ਦ੍ਵੈ ਸ਼ਤ ਹਯ ਸ਼੍ਯਾਮਲ ਦ੍ਵੈ ਕਾਨਾ। ਉੱਜਲ ਰੰਗ ਚੰਦ੍ਰਮਾਂ ਜੈਸੇ। ਹੇ ਮੁਨਿਬਰ! ਮੁਝ ਤੇ ਲਿਹੁ ਐਸੇ' ॥੩੭॥ ਭਨ੍ਯੋ ਤਪੋਧਨ

[1]ਚੌੜੇ ਨੇਤਰਾਂ ਵਾਲੀ। [2]ਤੇਜ ਦੇ ਖ਼ਜ਼ਾਨੇ। [3]ਰਿਖੀ ਬੋਲਿਆ। [4]ਧੰਨਜਤਾ ਯੋਗ। [5]ਜਿਸ ਦੇ ਤਨ ਤੇ ਬਹੁਤ ਸੁੰਦਰਤਾ ਰਚੀ ਗਈ ਹੈ। [6]ਘੋੜੇ ਤੇ ਕੰਨਿਆਂ। [7]ਅਮਾਨਤ। [8]ਨਾਮ ਰਾਜਾ ਦਾ।

*ਪਾ:—ਸੋ ਸਭਿ ਥੀਹਾਂ ਰਹੈਂ।

'ਜੋ ਇਮ[1] ਲੇਹੁ।ਇਕ ਸੁਤ ਜਨਹਿ ਪੁਨਹਿ ਮੁਝ ਦੇਹੁ'। ਇਮ ਸੰਕੇਤ ਕਰਿ ਮੁਨਿ ਬਰ ਗਯੋ। ਤਪ ਬਿਸਾਲ ਕੋ ਸਾਧਤਿ ਭਯੋ ॥ ੩੮ ॥ ਦਿਵੋਦਾਸ ਦਾਰਾ ਕਰਿ ਤਾਂਹਿ। ਮੈਥੁਨ ਕੀਨਸਿ ਆਨੰਦ ਮਾਂਹਿ। ਜਬਿ ਸੰਮਤਸਰ ਏਕ[2] ਬਿਤੀਤਾ। ਭਯੋ ਪੁੱਤ੍ਰ ਬਡ ਬਲੀ ਅਭੀਤਾ॥੩੯॥ ਨਾਮ ਪੁੱਤ੍ਰ 'ਦਨੁ' ਜਗ ਬੱਖਯਾਤੀ। ਬਡ ਉਤਸਾਹੀ ਹਤੇ ਅਰਾਤੀ। ਏਕ ਸਮੈ ਇਹ ਗਾ ਸੁਰਲੋਕ। ਜੁੱਧ ਸੁਰਨਿ ਸੋਂ ਕੀਨਿ ਅਰੋਕ ॥ ੪੦ ॥ ਇੰਦ੍ਰ ਸਮੇਤ ਅਮਰ ਸਮੁਦਾਏ। ਏਕ ਬਾਨ ਸੋਂ ਜਿਨ ਮੁਰਛਾਏ। ਇਮ ਸ੍ਰੁਤਿ ਮਹਿਂ ਇਸ ਕੋ ਇਤਿਹਾਸਾ।ਦਿਵੋਦਾਸ ਅਸ ਪੁੱਤ੍ਰ ਪ੍ਰਕਾਸ਼ਾ ॥ ੪੧ ॥ ਲੱਖਿ ਸੰਕੇਤ ਪੁਨਹਿ ਮੁਨਿ ਆਵਾ। 'ਦਿਹੁ ਕੰਨਯਾ' ਨ੍ਰਿਪ ਸਾਥ ਅਲਾਵਾ। ਦ੍ਵੈ ਸ਼ਤ ਹਯ ਤਿਸ ਤ੍ਰਿਯਹਿ ਸਮੇਤ। ਅਰਪੇ ਭੂਪਤਿ ਨੇ ਸਚ ਹੇਤੁ ॥ ੪੨ ॥ ਮੁਨਿ ਨੇ ਭਨਯੋ 'ਤੁਰੰਗ ਘਰ ਰਾਖੋ। ਮੈਂ ਲੈਹੌਂ ਜਬਿ ਹ੍ਵੈ ਅਭਿਲਾਖੋ'।ਇਮ ਕਹਿ ਕੰਨਯਾ ਲੈ ਕੈ ਸੰਗ।ਗਾਲਵ ਗਮਨਯੋ ਤਪੀ ਉਤੰਗ ॥੪੩॥ ਗਯੋ 'ਉਸੀਨਰ' ਭੂਪਤਿ ਪਾਸ। ਕੰਨਯਾਂ ਕੀ ਬਿਧਿ ਕੀਨਿ ਪ੍ਰਕਾਸ। ਨ੍ਰਿਪ ਨੇ ਭਨਯੋ 'ਦੋਇ ਸ਼ਤ ਹਯ[3] ਹੈਂ। ਇਕ ਸੁਤ ਕੋ ਉਪਾਇ ਪੁਨ ਦਿਯ ਹੈ" ॥ ੪੪ ॥ ਪੂਰਬ ਸਮ ਸੰਕੇਤ ਮੁਨੀ ਕਰਿ। ਗਮਨਯੋ ਪੁਨ ਬਨ ਕੋ ਤਪ ਹਿਤ ਧਰਿ। ਗਾਲਵ ਕੇ ਗਮਨੇ,ਨਰਨਾਥ।ਮਿਲਤਿ ਭਯੋ ਤਿਸ ਕੰਨਯਾਂ ਸਾਥ॥ ੪੫॥ ਸੰਮਤ ਏਕ ਬਿਤੀਤਯੋ ਜਬੈ। ਧਰਮਾਤਮ ਸੁਤ ਉਪਜਯੋ ਤਬੈ। ਨਾਮ 'ਸ਼ਿਵੀ' ਜਿਸਕੋ ਜਗ ਭਯੋ। ਹੇਤੁ ਕਪੋਤ[4] ਦੇਹਿ ਨਿਜ ਦਯੋ ॥੪੬॥ ਪੁਨ ਮੁਨਿਬਰ ਤਿਸ ਢਿਗ ਚਲਿ ਆਯੋ।ਨਿਜ ਸੰਕੇਤ ਕੋ ਬਾਕ ਅਲਾਯੋ। ਸੁਨਿ ਨ੍ਰਿਪ ਨੈ ਨਿਜ ਧਰਮ ਬਿਚਾਰਾ। ਸਹਿਤ ਤੁਰੰਗਮ ਦੀਨਸਿ ਦਾਰਾ ॥ ੪੭ ॥ ਤਿਹ ਛਿਨ ਬਿਨਤਾ-ਸੁਤ ਕੋ ਦੇਖਾ। ਗਾਲਵ ਸੋਂ ਕਹਿ ਬਾਤ ਅਸ਼ੇਖਾ। 'ਇਹ ਸਭਿ ਖਟ ਸੈ ਹੁਤੇ ਤੁਰੰਗ। ਅਪਰ ਨ ਛਿਤ ਮਹਿ ਇਨ ਸਮ ਅੰਗ॥੪੮॥ ਸਭਿ ਹਯ ਲੇਹੁ ਖਸ਼ਟ ਸ਼ਤ ਚਾਰੁ[5]। ਇਹ ਕੰਨਯਾਂ ਲੇ ਸੰਗ ਸਿਧਾਰਿ। ਦ੍ਵੈ ਸ਼ਤ ਅਸੁ ਹਿਤ[6] ਗੁਰ ਕੋ ਦੇਹੁ। ਪੂਰ ਮਨੋਰਥ ਨਿਜ ਕਰਿ ਲੇਹੁ" ॥ ੪੯ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਕਥਾ ਸੁਹਾਵਣ ਸ੍ਰੀ ਹਰਿਰਾਇ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥ ੨੫ ॥

---

[1]ਜੋ ਇਸ ਤਰ੍ਹਾਂ (ਛਾਮ ਦੇ ਸੈ ਘੋੜਿਆਂ ਦੇ ਬਦਲੇ)। [2]ਇਕ ਵਰ੍ਹਾ। [ਸੰਸ:, ਸੰਵਤਸਰ=ਸਾਲ, ਵਰ੍ਹਾ] [3]ਦੋ ਸੈ ਘੋੜਾ। [4]ਕਬੂਤਰ। [5]ਛੇ ਸੈ ਸੁਹਣੇ ਘੋੜੇ। [6]ਦੋ ਸੈ ਘੋੜਿਆਂ ਦੇ ਬਦਲੇ (ਇਹ ਕੰਨਯਾਂ)।

## ੨੬. [ਗਾਲਵ ਦੀ ਟੈਂਟਾ । ਰਾਜਾ ਜਜਾਤੀ] ।

ਦੋਹਰਾ ॥ "ਬਿਨਤਾਸੁਤ ਮੁਨਿ ਕੇ ਪ੍ਰਤੀ ਬੋਲਯੋ ਬਹੁਰ ਸੁ ਗਾਥ । 'ਜਿਮ ਖਟ ਸ਼ਤ[1] ਇਹ ਤੁਰੰਗ ਥੇ ਉਚਰੌਂ ਸੋ ਤੁਝ ਸਾਥ ॥ ੧ ॥ ਚੌਪਈ ॥ ਗਾਂਧੀ ਨਾਮ ਭੂਪ ਬਲਿ ਮਹਾਂ।ਬਿਸ੍ਵਾ ਮਿੱਤ੍ਰ ਪੁਤ੍ਰ ਜਿਸ ਅਹਾ। ਤਿਸ ਕੀ ਸੁਤਾ ਮਹਾਂ ਗੁਨਵੰਤੀ। ਸੁੰਦਰ ਰੂਪ ਸੁਮਤਿ ਜਸੁਵੰਤੀ ॥ ੨ ॥ ਭ੍ਰਿਗੁ ਸੁਤ ਮੁਨਿ ਰਿਚੀਕ[2] ਤਹਿਂ ਗਯੋ । ਗਾਂਧੀ ਸਾਥ ਕਹਤਿ ਇਮ ਭਯੋ ।–ਤੋ ਮਹਿਪਾਲ ! ਬਾਕ ਸੁਨਿ ਲੇਹੁ।ਅਪਨੀ ਕੰਨਯਾਂ ਮੁਝ ਕੋ ਦੇਹੁ॥੩॥ ਹੇਤੁ ਭਾਰਜਾ ਜਾਚਨਿ ਕਰੀ। ਸੁਤ ਉਪਜਾਵੌਂ ਮਨਸਾ ਧਰੀ। ਤਜਹੁ ਸਿਆਨਪ ਕਰਹੁ ਨ ਕੋਈ। ਮਮ ਪ੍ਰਾਰਥਨਾਂ ਪੂਰਹੁ ਸੋਈ–॥੪॥ਧਰਮਾਤਮ ਗਾਂਧੀ ਨਰ ਨਾਥ । ਸੁਨਤਿ ਕੀਨਿ ਮਨ ਚਿੰਤਾ ਸਾਥ।–ਮਮ ਪੁਤ੍ਰੀ ਕੰਨਯਾ ਬਧ ਥੋਰੀ। ਬ੍ਰਿੱਧ ਮੁਨੀਸ਼ਰ ਕਿਮ ਇਹ ਜੋਰੀ[3] ॥ ੫ ॥ ਨਹਿ ਜਿ ਦੇਉਂ ਮੁਨਿ ਰਿਸ ਤੇ ਡਰੌਂ । ਜੇ ਦੇਵੌਂ ਅਸ ਚਿੰਤਾ ਜਰੌਂ। ਕੌਨ ਉਪਾਇ ਬਿਚਾਰਨਿ ਕਰੌਂ। ਜਿਸ ਤੇ ਇਹ ਸੰਕਟ ਬਡ ਤਰੌਂ–॥ ੬ ॥ ਉਰ ਬਿਚਾਰਿ ਕੈ ਨ੍ਰਿਪਤ ਬਖਾਨਾ ।–ਤੋ ਤਪੁਧਨ[4] ! ਸੁਨਿਯੈ ਦੇ ਕਾਨਾ । ਸ਼ਯਾਮ ਕਰਨ ਉੱਜਲ ਤਨ ਰੰਗ । ਲਯਾਵਹੁ ਅਸ਼ਟ ਸ਼ਤ[5] ਏਵ ਤੁਰੰਗ ॥੭॥ ਪੁਨ ਇਹ ਕੰਨਯਾਂ ਗ੍ਰਹਣ ਕਰੀਜੈ । ਪ੍ਰਥਮੇ ਅਸੁ ਐਸੇ ਮੁਝ ਦੀਜੈ।–ਮੁਨਿ ਰਿਚੀਕ ਸੁਨਿਕੈ ਨ੍ਰਿਪ ਬੈਨ । ਗਮਨਯੋ ਤੁਰਤ ਬਰੁਣ ਕੇ ਐਨ ॥ ੮ ॥ ਅਪਨਿ ਮਨੋਰਥ ਤਹਿ ਪ੍ਰਗਟਾਵਾ ।–ਸ੍ਵੇਤ ਅਸ੍ਵ ਲੈਬੇ ਹਿਤ ਆਵਾ । ਬਿਨਾਂ ਲਿਏ ਮਮ ਸਰੈ ਨ ਕਾਜਾ । ਦਿਏ ਬਿਨਾ ਨ ਬਨਹਿ, ਜਲਰਾਜਾ !–॥੯॥ ਅਗਨਿ ਸਮਾਨ ਤਪੋਧਨ[4] ਹੇਰਾ। ਦਿਨਕਰ[6] ਨਯਾਈਂ ਤੇਜ ਬਡੇਰਾ । ਅਸ਼ਟਸਹਸ ਅਸੁ[5] ਬਰਨ ਬਿਚਾਰ । ਕਰਿ ਦੀਨੇ ਮੁਨਿ ਕੇ ਸੰਗਾਰ ॥ ੧੦ ॥ ਲੇ ਤੁਰੰਗ ਨ੍ਰਿਪ ਕੇ ਢਿਗ ਆਯੋ । –ਦਿਹੁ ਕੰਨਯਾਂ–ਅਸ ਬਾਕ ਸੁਨਾਯੋ। ਪੁਨ ਗਾਂਧੀ ਪੁੱਤ੍ਰੀ ਨਿਜ ਦੀਨੀ । ਹਯ ਲੇ ਕਰਿ ਬਹੁ ਬਿਨਤੀ ਕੀਨੀ ॥ ੧੧ ॥ ਸੋ ਇਹ ਤੁਰੰਗ ਧਰਾ ਬਿਸਤੀਰੇ। ਲੀਨੇ ਭੂਪਨਿ ਮੋਲ ਗੰਭੀਰੇ । ਦ੍ਵੈਸ਼ਤ ਮਰੇ[7], ਨਹੀਂ ਕਰ ਆਏ । ਖਸ਼ਟ ਸਹਸ ਤੈਂ ਲੀਨਸਿ ਪਾਏ ॥ ੧੨ ॥ ਦ੍ਵੈ ਸ਼ਤ ਜੋ ਆਏ ਨਹਿ ਪਾਨ। ਦਿਹੁ ਕੰਨਯਾਂ ਤਿਨ ਪਲਟੇ ਥਾਨ। ਅਪਰ ਸੋਚ ਸਭਿ ਤਯਾਗਨਿ ਕਰੀਏ।

---

[1]ਛੇ ਸੌ । [2]ਠਾਮ ਹੈ । [3]ਜੋੜੀ (ਬਣੇਗੀ) । [4]ਤਪੱਸ੍ਵੀ। [5]ਅੱਠ ਸੌ ਘੋੜੇ। [6]ਸੂਰਜ । [7](ਇਨ੍ਹਾਂ ਵਿਚੋਂ) ਦੋ ਸੌ (ਘੋੜੇ) ਮਰ ਗਏ ।

ਲੈ ਅਸ ਕੰਨਯਾ ਸੰਗ ਸਿਧਰੀਏ'॥੧੩॥ ਬਿਨਤ੍ਰਾਸਤ ਤੇ ਸਨਿ ਮਨਿਕਾਨਾ। ਬਿਸ੍ਵਾਮਿੱਤ੍ਰ[1] ਹਤੋ ਜਿਸ ਥਾਨਾ।ਪਹੁੰਚਯੋ ਜਾਇ ਬੰਦਨਾ ਕੀਨਸਿ। ਗਾਰਦਫਨਾ ਅਸ੍ਵ ਕੰਨਯਾਂ ਦੀਨਸਿ ॥ ੧੪ ॥ ਖਸ਼ਟ ਸਹਸ ਕੌਸਕ[1] ਹਯ ਲੀਨਿ। ਕੰਨਯਾਂ ਲਈ ਭਾਰਜਾ ਕੀਨਿ। ਤਿਸ ਨੈ ਏਕ ਪੁੱਤ੍ਰ ਉਪਜਾਵਾ। ਨਾਮ 'ਅਰਿਸ਼ਟ' ਜਾਂਹਿ ਕੋ ਗਾਵਾ ॥ ੧੫ ॥ ਤਿਸ ਕੰਨਯਾਂ ਤੇ ਭੇ ਸੁਤ ਚਾਰ। ਮਹਾਂਬਲੀ ਅਰੁ ਮਹਾਂ ਉਦਾਰ। ਚਾਰਹੁ ਨਈਮਖਾਰ[2] ਮਹਿਂ ਆਏ। ਅਨਿਕ ਭਾਂਤਿ ਕੇ ਜੱਗਯ ਰਚਾਏ॥੧੬॥ ਤਿਨ ਜਨਨੀ ਕੋ ਪਿਤਾ[3] ਜਜਾਤੀ। ਬਡ ਧਰਮਾਤਮ ਭਾ ਬੱਖਜਾਤੀ। ਨਿਜ ਸੁੱਕ੍ਰਿਤ ਕੇ ਬਲ ਕਰਿ ਮਹਾਂ। ਪਹੁੰਚਯੋ ਸੁਰਗ ਬ੍ਰਿੰਦ ਸੁਰ ਜਹਾਂ ॥ ੧੭ ॥ ਉਪਜਯੋ ਰਿਦੇ ਹੰਕਾਰ ਮਹਾਨਾ।–ਕਿਤ ਹੂੰ ਮੋਹਿ ਸਮਾਨ ਨ ਆਨਾ। ਬਡ ਸਵੱਛਨਾ ਮਖ[4]ਗਨ ਕਰੇ।ਏਵ ਨ ਕਿਸ ਭੂਪਤਿ ਤੇ ਸਰੇ–॥ ੧੮ ॥ ਇਸ ਪ੍ਰਕਾਰ ਹੰਕਾਰ ਉਦਾਰਾ। ਕਰਤਿ ਭਯੋ ਸੁਰਲੋਕ ਮਝਾਰਾ। ਤਹਿਂ ਬਾਸੀ ਸਗਰੇ ਅਨੁਖਾਏ। ਅਧਿਕ ਧਿਕਾਰਤਿ ਕ੍ਰੋਧ ਬਧਾਏ ॥ ੧੯ ॥ 'ਹੋਹੁ ਪਤਿਤ ਤੂੰ ਅਧੋ[5] ਸਥਾਨਾ। ਇਹਾਂ ਰਹਨਿ ਕੇ ਉਚਿਤ ਨ ਜਾਨਾ। ਪੁਰਸ਼ ਹੰਕਾਰੀ ਸੁਰਗ ਨ ਰਹੈਂ। ਕਾਮ ਕ੍ਰੋਧ ਕੇ ਨਿਤ ਬਸਿ ਅਹੈਂ' ॥ ੨੦ ॥ ਇਤਨੇ ਮਹਿਂ ਆਯੋ ਇਕ ਦੂਤ। ਪਠਯੋ ਉਤਾਇਲ ਕਰਿ ਪੁਰਹੂਤ[6]। ਭਨਯੋ ਆਨ 'ਭੋ ਭੂਪ ਜਜਾਤੀ ! ਸੁਰਪਤਿ ਕਹੀ ਗਿਰਾ ਸੁਖ ਕਾਤੀ[7]॥੨੧॥ਗਿਰਹੁ ਉਤਾਇਲ ਕਰਹੁ ਨ ਦੇਰੀ'। ਸੁਨਿ ਮਹਿਪਾਲਕ ਚਿਤ ਬਡੇਰੀ। ਸੂਸ਼ਕ ਗਈ ਹੈ ਫੂਲਨਿ ਮਾਲਾ। ਬਦਨ ਗਯੋ ਮੁਰਝਾਇ ਬਿਸਾਲਾ ॥੨੨॥ ਡੂਬਯੋ ਸ਼ੋਕ ਸਿੰਧੁ ਮਹਿਂ ਭਾਰੀ। ਦੀਨ ਮਨੇ ਹੁਇ ਗਿਰਾ ਉਚਾਰੀ। 'ਨਿਸ਼ਚੈ ਕਰੋ ਜਿ ਮੇਰੋ ਪਰਨਾ[8]। ਇਮ ਕੀਜੈ ਜਿਮ ਕਰਥਿ ਉਚਰਨਾ[9] ॥ ੨੩ ॥ ਪੁਰਸ਼ ਬਡੇ ਪੁੰਨਜਾਤਮ ਜਹਾਂ। ਸਤਿਸੰਗੀ ਸਾਧੂ ਮਨ ਮਹਾਂ।ਅਨਸੂਯਕ[10] ਮਦ ਮਾਨ ਬਿਹੀਨ। ਸਮ ਦਮ ਜੁਤਿ ਸਤਿਸੰਧਿ[11] ਪ੍ਰਬੀਨ ॥ ੨੪ ॥ ਤਿਨ ਮਝਾਰ ਮੁਝ ਗੇਰਨਿ ਕਰੀਅਹਿ। ਮੋ ਪਰ ਇਹ ਉਪਕਾਰ ਸੁ ਧਰੀਅਹਿ'। ਸੁਨਿ ਕੈ ਗੇਰ ਦੀਨਿ ਤਿਸ ਤਹਾਂ। ਨਈਮਖਾਰ

---

[1]ਵਿਸ਼੍ਵਾਮਿੱਤ੍ਰ ਨੇ। [2]ਨੈਮਖਾਰ, ਤੀਰਥ.ਜੋ ਅਵਧ ਵਿਖੇ ਸੀਤਾਪੁਰ ਜ਼ਿਲੇ ਵਿਚ ਹੈ [ਸੰਸ:, ਨੈਮਿਸ਼ਾਰਣ੍ਯ]। [3]ਭਾਵ ਨਾਨਾ। [4]ਜਗ। [5]ਨੀਵੇਂ। [6]ਇੰਦ੍ਰ ਨੇ। [7]ਸੁਖ ਦੇ ਕੱਟਣ ਵਾਲੀ। [8]ਪਰਨਾ—ਡੇਗਣਾ। [9]ਉਚਾਰਨ ਕਰਦਾ ਹਾਂ। [10]ਈਰਖਾ ਰਹਿਤ। [11]ਸਮ ਦਮ ਆਦਿ ਗੁਣਾਂ ਵਾਲੇ ਅਤੇ ਸਤਿ ਨੂੰ ਨਿਬਾਹੁਣ ਵਾਲੇ।

ਮਹਿ ਦੋਹਿਤ[1] ਤਹਾਂ ॥੨੫॥ਚਾਰਹੁਂ ਬਿਖੈ[2] ਗਿਰਨਿ ਲਗਿ ਜਬੈ। ਜਨਨੀ ਪਿਤਾ[3] ਬਿਲੋਕਨੋ ਤਬੈ। ਮਹਾਂ ਦੁਖਿਤ ਤੱਖਕ ਜਿਸ ਨਾਂਹੀ। ਕਰਤਿ ਪਕਾਰ ਸ਼ੋਕ ਬਡ ਮਾਂਹੀ ॥੨੬॥ਚਤੁਰ ਦੋਹਿਤੇ ਤਿਹ ਛਿਨ ਮਿਲੇ। ਚਿਤ ਮੈਂ ਚਾਹਿਤ ਹੈਂ ਸੋ ਭਲੇ। ਨਿਜ ਸੁੱਕ੍ਰਿਤ ਕੇ ਬਲ ਕਰਿ ਸਾਰੇ। ਕਹਯੋ 'ਜਾਹ ਸੁਰਲੋਕ ਮਝਾਰੇ' ॥ ੨੭ ॥ ਚਤੁਰ ਦੋਹਿਤੇ ਕੋ ਲੇ ਪੁੰਨ। ਭਯੋ ਸਜਾਤੀ ਭੂਪਤਿ ਧੰਨ। ਸਾਦਰ ਪੁਨ ਪਹੁੰਚਯੋ ਸੁਰਲੋਕ। ਬਾਸ ਕਰਯੋ ਸੁਖ ਭੋਗਿ ਅਸ਼ੋਕ ॥੨੮॥ ਇਮ ਗੁਰ ਦੱਛਨਾ ਗਾਲਵ ਦੀਨਿ। ਗੁਰੂ ਉਪਾਸਿ ਪ੍ਰਸੰਨ ਸੁ ਕੀਨਿ। ਦੁਰਲਭ ਹਯ ਜਨੋਂ ਕਨੋਂ ਲੇ ਆਯੋ। ਅਪਨੋ ਆਪ ਮਹਦ ਸਫਲਾਯੋ॥੨੯॥ਇਮ ਸਤਿਗੁਰ ਕੀ ਮਹਿਮਾ ਮਹਾਂ। ਜਾਨਹਿਂ ਸਿੱਖ ਭੇਦ ਜਿਨ ਲਹਾ।ਸਦਾ ਗੁਰਨਿ ਕੋ ਕਰਹਿ ਪ੍ਰਸੰਨ। ਕਰੁਨਾ ਪਾਇ ਕਹੈ 'ਗੁਰ ਧੰਨ'॥੩੦॥ ਗੁਰ ਸਮ ਅਪਰ ਹਿਤੂ ਨਹਿ ਕੋਈ। ਕੋਟ ਜਨਮ ਕੇ ਦੁਖ ਹਤਿ ਸੋਈ। ਸਤਿ ਸੰਤੋਖ ਆਦਿ ਗੁਨ ਧਰਿ ਕੈ। ਗੁਰ ਸੇਵਹਿ ਹੰਕਾਰ ਨਿਵਰਿ ਕੈ॥੩੧॥ ਗੁਰ ਸੇਵੈ ਨਰ ਤਨ ਸਫਲਾਵੈ। ਗੁਰ ਸੇਵਾ ਪਦ ਊਚੋ ਪਾਵੈ। ਗੁਰੂ ਬਡੋ ਸਭਿ ਇੱਛਨਾ ਦਾਤਾ। ਚਾਰ ਜੁਗਨਿ ਮਹਿ ਜਿਨ ਕਿਨ ਜਾਤਾ ॥੩੨॥ ਸਤਿ ਗੁਰ ਮਹਿ ਜੋ ਦੇ ਬ੍ਰਹਮ ਗਯਾਤਾ। ਸੋ ਬਿਸਾਲ ਜਾਨਹੁ ਸੁਖਦਾਤਾ। ਜਿਨ ਸੇਵਾ ਕਰਿ ਗੁਰੂ ਰਿਝਾਏ। ਸਗਲੇ ਤਪ ਜਪ ਕੇ ਫਲ ਪਾਏ ॥ ੩੩ ॥ ਬਰਖ ਹਜ਼ਾਰਨਿ ਸੰਕਟ ਨਾਨਾ। ਸੀਤ ਉਸ਼ਨ ਤਪ ਤਪਨਿ ਮਹਾਨਾ। ਊਰਧ ਬਾਹੁ ਇਕ ਪਗ ਠਾਂਢੇ। ਚੰਦ੍ਰਾਇਣ[4] ਨਖ ਸ਼ਿਖ ਜੋ ਬਾਢੇ ॥ ੩੪ ॥ ਅਪਰ ਕਹਾਂ ਲਗਿ ਤਪ ਕੋ ਗਿਨੀਅਹਿ। ਹੇਮ ਦਾਨ ਮਖ ਕਰਿਬੋ[5] ਜਨੀਯਹਿ। ਧਰਾ ਦਾਨ ਤੀਰਥ ਕੋ ਨ੍ਹੈਬੋ[6]। ਗਜ ਬਾਜੀ ਗਨ ਦਾਨ ਕਰੈਬੋ ॥੩੫॥ ਗੁਰ ਸੇਵਾ ਕੇ ਸਮ ਕੁਛ ਨਾਂਹੀ। ਖੋਜਨਿ ਕਰਹੁ ਸਕਲ ਛਿਤ ਮਾਂਹੀ। ਹੰਕਾਰਾਦਿਕ ਕਰਨਿ ਬਿਕਾਰ। ਦਿਯੋ ਜਜਾਤਿ ਸੁਰਗ ਤੇ ਟਾਰਿ ॥੩੬॥ ਸੁਖ ਨਾਸ਼ਕ ਇਨ ਗਨ ਕੋ ਜਾਨਹੁ। ਯਾਂਤੇ ਭੂਲ ਨ ਮਨ ਮਹਿ ਠਾਨਹੁ। ਕਰਹੁ ਭਗਤਿ ਸਤਿਨਾਮ ਜਪੀਜੈ। ਗੁਰ ਸੇਵਾ ਕੇ ਤਤਪਰ ਥੀਜਹਿ ॥੩੭॥ ਪ੍ਰਭੁ ਪ੍ਰਸੰਨ ਹੁਇ ਬਨਹਿ ਸਹਾਇ। ਜਨਮ ਮਰਨ ਕੇ ਕਸ਼ਟ ਮਿਟਾਇਂ। ਰਿਖਿ ਉਤੰਕ ਕੋ ਕਾਜ ਸੁਧਾਰਯੋ। ਕਹਯੋ

[1]ਦੋਹਤ੍ਰੇ। [2]ਚਾਰਾਂ (ਦੋਹਤ੍ਰਿਆਂ) ਵਿੱਚ। [3]ਨਾਨੇ ਨੂੰ। [4]ਵਰਤ ਦਾ ਨਾਮ। [5]ਸੋਨਾ ਦਾਨ ਤੇ ਯੱਗ ਕਰਨਾ। [6]ਨ੍ਹਾਵਣਾ।

ਸੁਨਤੈਂ ਥਰ ਦੈਂਤ ਸਿਧਾਰਤੇ ॥੩੮॥ ਸਭਿ ਜਗ ਕੋ ਸੁਖ ਭਵਿ ਉਪਜਾਯੋ। ਦੈਂਤ ਕਰਤਿ ਉਤਪਾਤ ਮਿਟਾਯੋ"। ਇੱਤ੍ਯਾਦਿਕ ਗੁਰ ਭਨੇ ਪ੍ਰਸੰਗ*। ਮਹਿਮਾ ਹੋਤੁ ਮਹਾਂ ਸਤਿਸੰਗ ॥ ੩੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਹਰਿਰਾਇ ਕਥਾ ਪ੍ਰਸੰਗ' ਪ੍ਰਸੰਗ-ਬਰਨਨ ਨਾਮ ਸਪਤਬਿੰਸਤੀ ਅੰਸੂ ॥ ੨੭ ॥

## ੨੮. [ਸ੍ਰੀ ਹਰਿਰਾਇ ਬੈਕੁੰਠ ਗਮਨ]।

ਦੋਹਰਾ ॥ ਬ੍ਰਿਧ ਕੇ ਬੰਸ ਸਪੁੱਤ੍ਰ ਜੋ ਝੰਡਾ ਨਾਮ ਸੁਗਜਾਨ²। ਨਿਜ ਸੁਤ ਗੁਰਦਿੱਤਾ ਲਿਏ ਸੁਨਤਿ ਕਥਾ ਸੁਖ ਮਾਨਿ ॥੧॥ ਚੌਪਈ॥ ਸਕਲ ਦੇਸ਼ ਕੇ ਧਨੀ ਮਸੰਦ। ਸਭਿ ਇਕਠੇ ਥਿਰ ਸਭਾ ਬਿਲੰਦ। ਲਿਖੇ ਹੁਕਮ ਨਾਵੇਂ ਜਹਿ ਕਹਾਂ। ਸੁਨਿ ਸੁਨਿ ਆਨਿ ਪਹੂਚੇ ਤਹਾਂ ॥ ੨॥ ਬ੍ਰਿੰਦ ਸੰਗਤਾਂ ਆਨੀ

---

¹ਕਹਿ ਸੁਣਾਏ। ²ਗਜਾਨਵਾਨ, ਗਿਆਨੀ।

*ਕਵਿ ਜੀ ਵੇਦਾਂਤ ਅਤੇ ਪੌਰਾਣਕ ਕਥਾਵਾਂ ਦੇ ਬੜੇ ਗਜਾਤਾ ਸਨ, ਉਹ ਗਜਾਤ ਉਨਾਂ ਦੀ ਕਲਮ ਤੋਂ ਫੁੱਟ ਫੁੱਟਕੇ ਨਿਕਲਦੀ ਹੈ। ਇਸ ਦਾ ਇੱਕ ਲਾਹਾ ਬੀ ਹੈ ਕਿ ਸੰਸਕ੍ਰਿਤ ਵਿੱਦਿਆ ਤੋਂ ਨਾਵਾਕਫ ਪਾਠਕਾਂ ਨੂੰ ਵਾਕਫੀਅਤ ਹੋ ਜਾਂਦੀ ਹੈ ਤੇ ਇਸ-ਪ੍ਰਕਾਰ ਦੇ ਪ੍ਰਸੰਗਾਂ ਦੀ ਹਾਸੋਹੀਣੀ ਦਸ਼ਾ ਬੀ ਵਿਚਾਰ ਸ਼ੀਲ ਪੁਰਖਾਂ ਨੂੰ ਖੁੱਲ੍ਹ ਜਾਂਦੀ ਹੈ ਕਿ ਜਦ ਗਾਲਵ ਨੂੰ ਗੁਰੂ ਨੇ ਦੱਖਣਾ ਮਾਫ ਕਰ ਦਿਤੀ ਤਾਂ ਉਸਨੂੰ ਦੱਖਣਾ ਦੇਣ ਦਾ ਝਗੜਨਾ ਕੀਹ ਖੂਬੀ ਸੀ। ਫਿਰ ਸ੍ਰਾਪ ਦੇ ਡਰ ਹੇਠ ਰਾਜੇ ਦੀ ਬੇਟੀਆਂ ਲੈਕੇ ਉਸ ਨੂੰ ਇੱਕ ਤੋਂ ਵਧੀਕ ਪਤੀਆਂ ਦੀ ਇਸਤ੍ਰੀ ਬਣਾਉਣਾ ਤੇ ਘੋੜੇ ਲੈਣ ਦੀ ਖਾਤਰ ਉਸਨੂੰ ਦਰ ਦਰ ਰੁਲਾਉਣਾ ਕਿਸ ਤਰ੍ਹਾਂ ਵਿਹਤ ਸੀ? ਅੰਤ ਇਸ ਤਰ੍ਹਾਂ ਕਈਆਂ ਦੀ ਬਣ ਚੁੱਕੀ ਇਸਤ੍ਰੀ ਨੂੰ ਗੁਰੂ ਦੀ ਇਸਤ੍ਰੀ ਬਣਾ ਕੇ ਰਿਣ ਤੋਂ ਹਲਕੇ ਹੋਣਾ ਕਿਸ ਤਰ੍ਹਾਂ ਦੀ ਅਜੀਬ ਕੁਰਹੇਂਤਣਾ ਹੈ। ਇਹ ਖਿਆਲ ਕਰਨਾ ਕਿ ਐਸੀਆਂ ਕਥਾ ਸ੍ਰੀ ਗੁਰੂ ਹਰਿਰਾਇ ਜੀ ਸੰਗਤਾਂ ਨੂੰ ਸੁਣਾ ਸੱਕਦੇ ਸਨ, ਸੂਰਜ ਨੂੰ ਹਨੇਰਾ ਮੰਨ ਲੈਣੇ ਤੁੱਲ ਹੋਵੇਗਾ। ਚੰਗਾ ਹੁੰਦਾ ਕਿ ਐਸੇ ਪ੍ਰਸੰਗ ਨਾ ਆਉਂਦੇ, ਆਉਂਦੇ ਤਾਂ ਕਵਿਉਕਤੀਆਂ ਵਿੱਚ ਆਉਂਦੇ। ਸਤਿਗੁਰੋਕਤੀਆਂ ਇਸ ਪ੍ਰਕਾਰ ਦੇ ਕਥਨਾ ਤੋਂ ਅਤਿ ਉੱਚੀਆਂ ਹਨ, ਅਰ ਉਹ ਆਦਰਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੌਜੂਦ ਹੈ, ਜਿੱਥੇ ਧਨ ਪਿਰ ਨੂੰ ਇਕ ਜੋਤ ਹੋਣਾ ਲਿਖਿਆ ਹੈ। ਪਸ਼ੂਆਂ ਤੇ ਡੰਗਰਾਂ ਦੀ ਪ੍ਰਾਪਤੀ ਲਈ ਸ਼ੀਲਵੰਤੀ ਇਸਤ੍ਰੀਆਂ ਦੇ ਇਸ ਤਰ੍ਹਾਂ ਵਰਤਣ ਨੂੰ ਵਿਹਤ ਮੰਨ ਲੈਣਾ ਗੁਰੂ ਆਸ਼ੇ ਦੇ ਵਿਰੁੱਧ ਹੈ। ਹਾਂ ਇਕ ਇਤਿਹਾਸਕ ਕੀਮਤ ਇਨ੍ਹਾਂ ਪ੍ਰਸੰਗਾਂ ਦੀ ਹੈ ਕਿ ਏਹ ਰਿਵਾਜ ਉਸ ਸਮੇਂ ਦੇ ਹਨ ਕਿ ਜਦੋਂ ਆਰਯ ਕੁਲ ਵਿਚ ਹੋਰ ਸਾਰੇ ਇਖਲਾਕ ਪੁੱਤ੍ਰ ਉਤਪਤੀ ਤੋਂ ਹੇਠਾਂ ਸਨ ਤੇ ਜਿਵੇਂ ਯੂਨਾਨੀ ਮੈਗਸਥਨੀਜ਼ ਤੇ ਆਰਾਈਨ ਨੇ ਲਿਖਿਆ ਹੈ ਕਿ ਹਿੰਦ ਵਿਚ ਇਸ ਵੇਲੇ ਹਾਥੀ ਲੈਕੇ ਸ਼ੀਲ ਧਰਮ ਦੇਣਾ ਸ਼ੀਲ ਧਰਮ ਦਾ ਗੁਆਚਣਾ ਨਹੀਂ ਸਮਝਿਆ ਜਾਂਦਾ, ਤਿਵੇਂ ਦੋ ਸੌ ਕਾਲੇ ਕੰਨ ਤੇ ਚਿੱਟੇ ਰੰਗ ਦੇ ਘੋੜਿਆਂ ਬਦਲੇ ਸ਼ੀਲ ਦੇਣਾ ਤਾਂ ਹੋਰ ਬੀ ਕੀਮਤੀ ਸਮਝਿਆ ਗਿਆ ਹੋਊ। ਉਦ ਪਾਰਾਸ਼ਰ ਨੇ ਬੀ ਇਸ ਪ੍ਰਕਾਰ ਦੀਆਂ ਗੱਲਾਂ ਕਲਜੁਗ ਲਈ ਵਰਜਿਤ ਲਿਖੀਆਂ ਹਨ।

ਸੰਗ। ਦਰਸ਼ਨ ਹਿਤ ਚਿਤ ਧਰੇਂ ਉਮੰਗ॥ ਸੁਨਹਿਂ ਗੁਰੂ ਕੇ ਬਾਕ ਸੁਹਾਇ। ਧਰਹਿਂ ਰਿਦੇ ਮਹਿਂ, ਸੁਖ ਉਪਜਾਇ ॥੩॥ ਜਿਨ ਕੇ ਹੈਂ ਪੂਰਬ ਬਡਭਾਗ। ਸੋ ਰੰਗੇ ਗੁਰ ਕੇ ਅਨੁਰਾਗ। ਕੀਰਤ ਪੁਰਿ ਮਹਿਂ ਭੀਰ ਬਿਸਾਲਾ। ਦੀਰਘ ਦੇਗ ਬਨਹਿ ਜੁਗ ਕਾਲਾ ॥ ੪ ॥ ਅਨਿਕ ਪ੍ਰਕਾਰ ਅਹਾਰ ਬਨੰਤੇ। ਸਕਲ ਅਰਹਿਂ ਮਿਲਿ ਮਨ ਭਾਵੰਤੇ[1]। ਕੇਤਿਕ ਦਸੇਸ ਬਾਸ ਤਹਿਂ ਕੀਨਿ। ਗੁਰ ਕੇ ਪ੍ਰੇਮ ਬਿਖੈ ਹੁਇ ਲੀਨ ॥੫॥ ਅਪਰ ਜਹਾਂ ਕਹਿਂ ਸਿੱਖ ਮਸੰਦ। ਸੁਨਹਿ ਮੇਲ ਚਲਿ ਆਇਂ ਅਨੰਦ। ਡੇਰੇ ਪਰੇ ਪੁਰਹਿਂ ਚੌਫੇਰ। ਦਰਸ਼ਨ ਦਿਨ ਮਹਿਂ ਦੇਂ ਇਕ ਬੇਰ॥੬॥ਜਿਸ ਤੇ ਹੁਇ ਸਿੱਖਜਨਿ ਕੱਲਜਾਨ॥ ਉਪਦੇਸ਼ਹਿਂ ਗੁਰ ਕਰਤਿ ਬਖਾਨ। ਜਹਿਂ ਕਹਿਂ ਹੋਇ ਰਹਜੋ ਜੈਕਾਰ। 'ਵਾਹੁ ਵਾਹੁ ਗੁਰ' ਕਰਹਿਂ ਉਚਾਰ॥੭॥ਕਰਹਿਂ ਬਿਚਾਰਨਿ–ਕਜਾ ਗੁਰ ਮਰਜ਼ੀ। ਕਿਧ ਸੰਗਤਿ ਇਕਠੀ ਹੁਇ ਗ਼ਾਰਜ਼ੀ। ਕਹਾਂ ਕਰਹਿਂਗੇ, ਕਹਾਂ ਸੁਨਾਵੈਂ–। ਇਮ ਸਭਿ ਮਿਲ ਕਰਿ ਬਾਕ ਅਲਾਵੈਂ ॥ ੮ ॥ ਦੋਹਰਾ ॥ ਸ੍ਰੀ ਸਤਿਗੁਰ ਹਰਿਰਾਇ ਜੀ ਤਖਤ ਦੇਨਿ ਚਿਤਵੰਤਿ। ਬਡੋ ਪੁੱਤ੍ਰ ਤਜਾਗਨਿ ਕਰਜੋ, ਲਾਇਕ ਨਹੀਂ ਲਖੰਤਿ ॥੯॥ ਚੌਪਈ॥ ਦੇਹ ਅੰਤ ਕੋ ਸਮਾਂ ਪਹੂਚਾ। ਦਿਯੋ ਚਹਤਿ ਹੈਂ ਨਿਜ ਪਦ ਊਚਾ॥ ਛਮੀ,ਸਧੀਰ,ਅਭੀਰ, ਗਹੀਰ। ਸਤਿ ਸੰਤੋਖੀ ਸ਼ਾਂਤਿ ਸਰੀਰ ॥੧੦॥ ਅਜਰ ਜਰਹਿ ਚਾਹਹਿਂ ਦਿਖਰਾਵੈਂ। ਸਦਾ ਅਡੋਲ ਅਤੋਲ ਅਲਾਵੈਂ। ਲਘੁ ਸੁਤ ਸ੍ਰੀ ਹਰਿਕ੍ਰਿਸ਼ਨ ਬਿਚਾਰ॥ ਸਰਬ ਸਹਾਰਹਿ ਗੁਰਤਾ ਭਾਰ ॥ ੧੧ ॥ ਅਵਿਚਲ ਛਮਾ ਮਨਹੁੰ ਮਨ ਛੌਨੀ। ਮ੍ਰਿਦੁਲ ਰਿਦਾ ਬਰ ਬਾਨੀ ਨੌਨੀ॥ਕਮਲ ਸਮਾਨ ਪ੍ਰਫੁੱਲਿਤ ਆਨਨ[2]।ਸ਼ੁਭ ਗੁਨ ਪੂਰਨ ਜਿਨ ਸਮ ਆਨ ਨ[3] ॥ ੧੨ ॥ ਸਿਮਰਹਿਂ ਨਾਮ ਕਿ ਸੁਨਿ ਹੈਂ ਕਾਨਨਿ[4]। ਦੁੱਖ ਮ੍ਰਿਗਨਿ ਕੋ ਸਿੰਘ ਜਿਮ ਕਾਨਨ[5]। ਤਖਤ ਬਿਠਾਵਨਿ ਕਰਿ ਅਭਿਲਾਖਾ। ਬਾਕ ਸਮੀਪੀ ਸਿਖ ਸੋਂ ਭਾਖਾ॥੧੩॥'ਬੇਦੀ ਤੇਹਨ ਭੱਲਜਨਿ ਬੰਸ।ਸਕਲ ਹਕਾਰਹੁ ਸ਼ੁਭ ਜਨ ਹੰਸ।ਕੁਲ ਭਾਈ ਬੁੱਢੇ ਬੁਲਵਾਵਹੁ। ਜੇ ਕੀਰਤਪੁਰਿ ਸਭਿਨਿ ਸੁਨਾਵਹੁ ॥ ੧੪ ॥ ਸਿਖ ਸੰਗਤਿ ਜੇ ਬਡੇ ਮਸੰਦ। ਦਰਸਹਿਂ ਸਗਰੇ ਅਲਪ ਬਿਲੰਦ। ਸਭਿ ਡੇਰਨਿ ਮਹਿਂ ਸੁਧ ਪਹੁੰਚਾਵਹੁ। ਦਰਸ਼ਨ ਕਰਨਿ ਗੁਰਨਿ ਕੇ ਆਵਹੁ' ॥੧੫ ॥ ਇਮ ਆਸ਼ੈ ਲਖਿ ਸਤਿਗੁਰ ਕੇਰਾ। ਸ਼ੁਭ ਨਰ ਸਭਿ ਡੇਰਨਿ ਮਹਿਂ ਫੇਰਾ। ਬਹੁ ਦੇਸ਼ਨਿ ਕੀ ਸੰਗਤਿ ਆਈ।

---

[1] ਮਨ ਭਾਂਵਦੇ। [2] ਮੂੰਹ। [3] ਤੁੱਲ ਹੋਰ ਨਹੀਂ ਕੋਈ। [4] ਕੰਨੀਂ। [5] ਜਿਵੇਂ ਦੁਖਾਂ ਰੂਪੀ (ਮ੍ਰਿਗਾਂ ਨੂੰ ਬਨ ਦਾ ਸ਼ੇਰ।

ਸੁਨਿਸੁਨਿ ਦਰਸਹੇਤੁ ਲਲਚਾਈ॥੧੬॥ਸੁਭਟ ਚਮੂੰਕੇ ਆਯੁਧ ਧਰਿਧਰਿ। ਬਾਗੋਂ* ਸੂਖਮ ਸੁੰਦਰ ਕਰਿ ਕਰਿ। ਦੇਸ਼ ਬਿਦੇਸ਼ਨਿ ਬ੍ਰਿੰਦ ਮਸੰਦ। ਲੇਕਰਿ ਸੰਗਤਿ ਸੰਗ ਬਿਲੰਦ ॥ ੧੭ ॥ ਅਨਿਕ ਉਪਾਇਨ ਕਰਿ ਕਰਿ ਤਯਾਰੇ। ਸਭਿਨਿ ਆਨ ਸਤਿਗੁਰ ਪਰਵਾਰੇ।ਦਰਸ਼ਨ ਕਰਹਿਂ ਨਮੋਂ ਕਰਿ ਪਾਇਨਿ। ਅਰਪਹਿਂ ਅਨਿਕ ਪ੍ਰਕਾਰ ਉਪਾਇਨ॥੧੮॥ ਖਰੇ ਮੇਵੜੇ ਕਰਿ ਅਰਦਾਸ। ਸੰਗਤਿ ਬੈਠਹਿ ਸਤਿਗੁਰ ਪਾਸ। ਮੇਲ ਬਿਲੰਦ ਮਿਲਯੋ ਜਬਿ ਆਇ। ਬੈਠੇ ਸੁਭਟ ਹੁਤੇ ਸਮੁਦਾਇ ॥ ੧੯ ॥ ਸ੍ਰੀ ਫਲ ਤਬਿ ਸਤਿਗੁਰੂ ਮੰਗਾਵਾ। ਲਘੁ ਸੁਤ ਸਭਿ ਕੇ ਬੀਚ ਬਿਠਾਵਾ।ਚੌਰਦਾਰ ਕੋ ਕਿਯ ਫੁਰਮਾਵਨਿ।'ਇਨ ਪਰ ਕੀਜਹਿ ਚਮਰ ਝੁਲਾਵਨਿ' ॥ ੨੦ ॥ ਸਭਿਨਿ ਦੇਖਿਤੇ ਸਤਿਗੁਰ ਉੱਠੇ। ਦੇਨਿ ਹੇਤੁ ਗੁਰਤਾ ਉਰ ਤੁੱਠੇ। ਤੀਨ ਪ੍ਰਕ੍ਰਮਾ ਕਰਿ ਤਿਹ ਸਮੇਂ। ਨਾਲਿਯੇਰ ਅਰਪਯੋ ਤਬਿ ਨਮੇਂ॥੨੧॥ਪੁਨ ਸਭਿਹਿਨਿਕਹੁ ਆਇਸੁਦਈ। 'ਜਗ ਗੁਰਤਾ ਅਬਿ ਇਨਹੂੰ ਲਈ। ਸਰਬ ਉਪਾਇਨ ਉਠਿ ਅਰਪੀ-ਜਹਿ। ਹਮ ਸਮ ਜਾਨਿ ਬੰਦਨਾ ਕੀਜਹਿ॥੨੨॥ ਮਾਲਿਕ ਲੋਕ ਪ੍ਰਲੋਕਹਿ ਕੇਰਾ। ਫਲ ਪ੍ਰਾਪਤਿ ਜਿਹ ਭਾਉ ਘਨੇਰਾ।ਸਕਲ ਭਾਂਤਿ ਕਰਿਬੇ ਸਮਰੱਥ। ਭੰਜਨ ਘੜਨ ਇਨਹੁ ਕੇ ਹੱਥ' ॥੨੩॥ ਇਮ ਸੁਨਿ ਉਠੇ ਮਸੰਦ ਅਨੇਕ। ਕਰਿ ਕਰਿ ਬੰਦਨ ਜਲਧਿ ਬਿਬੇਕ। ਅਰਪਨਿ ਲਗੇ ਉਪਾਇਨ ਸਾਰੇ। ਜੈ ਜੈ ਕਾਰ ਸੁ ਬਾਕ ਉਚਾਰੇ ॥ ੨੪ ॥ ਹੋਤਿ ਭਯੋ ਉਤਸਾਹ ਬਿਸਾਲਾ। ਨਮੋ ਸਕਲ ਕੀਨਸਿ ਤਿਹ ਕਾਲਾ। ਚਮਰ ਚਾਰੁ ਢੋਰਤਿ ਚਹੁੰ ਓਰ। ਅਨਿਕ ਭਏ ਸੰਖਨਿ ਕੇ ਸ਼ੋਰ ॥੨੫॥ ਦਰ ਪਰ ਬਾਜਿ ਉਠੇ ਸ਼ਾਦਿਯਾਨੇ। ਮੰਗਤ ਜਨ ਧਨ ਪਾਇ ਮਹਾਨੇ। ਗਾਵਹਿਂ ਸ਼ਬਦ ਰਬਾਬੀ ਘਨੇ। ਸੁਨਹਿ ਜੁ ਹਿਤ ਕਰਿ ਕਲਮਲ ਹਨੇ ॥ ੨੬ ॥ ਮੰਗਲ ਵਸਤੁ ਅਨੇਕ ਪ੍ਰਕਾਰਾ। ਕੀਰਤਿਪੁਰਿ ਮਹਿਂ ਕਰਤਿ ਉਦਾਰਾ। ਅਧਿਕ ਤਿਹਾਵਲ ਆਇ ਹਜ਼ੂਰ। ਬਾਂਟਤਿ ਸਭਿਨਿ ਨਿਕਟਿ ਅਰੁ ਦੂਰ ॥ ੨੭॥ ਤਖਤ ਗੁਰੂ ਹਰਿਕ੍ਰਿਸ਼ਨ ਬਿਠਾਏ। ਸੁਨਿ ਸੁਨਿ ਕੀਨੇ ਅਧਿਕ ਬਧਾਏ।ਝਲਮਲ ਝਮਕਤਿ ਝੂਲਤਿ ਛੀਤਾ। ਭਈ ਬੰਦੂਕਨਿ ਸ਼ਲਖ ਪ੍ਰਚੰਡਾ॥੨੮॥ਧੁਜਨੀ ਮਹਿ ਧੌਂਸੇ ਧੁੰਕਾਰੇ। ਬਾਜ ਉਠੇ ਜੈਕਾਰ ਉਚਾਰੇ। ਇਮ ਲਘੁ ਸੁਤ ਕੋ ਗੁਰਤਾ ਦੇ ਕੈ। ਪ੍ਰਗਟ ਕਰਯੋ ਉਤਸਾਹ ਬਧੈ ਕੈ ॥ ੨੯ ॥ ਤਯਾਗਾਨ ਕੀਨਸਿ ਬਡੋ ਜੁ ਭਾਤ।

*ਧਪਣੇ।[ਇਹੀ ਬਾਗਾ—ਇਕ ਪ੍ਰਕਾਰ ਦਾ ਗੋਡਿਆਂ ਤਕ ਲੰਮਾ ਜਾਮਾ]।

ਸਭਿ ਸੰਗਤਿ ਮਹਿਂ ਭਾ ਬੱਖ੍ਯਾਤ। ਦਿਵਸ ਆਗਲੇ ਸਤਿਗੁਰ ਧੀਰ।
ਤਜਿਬੇ ਕੋ ਭਏ ਤ੍ਯਾਰ ਸਰੀਰ॥੩੦॥ਸੁੰਦਰ ਮੰਦਰ ਅੰਦਰ ਬਾਹਰ।ਲਿਪ-
ਵਾਇਵ ਭੂਰਨ ਕਰਿ ਆਹਰ। ਸਕਲ ਸੁਗੰਧੈਂ ਸੀਚਨਿ ਕਰੀਂ।ਗਾਵਹਿਂ
ਸ਼ਬਦ ਅਧਿਕ ਧੁਨਿ ਭਰੀ॥ ੩੧ ॥ ਸਿਖ ਸੰਗਤਿ ਸਭਿ ਪਹੁੰਚੀ ਪਾਸ।
ਕਰਤਿ ਅਨੇਕ ਖਰੇ ਅਰਦਾਸ। ਸ੍ਰੀ ਗ੍ਰੰਥ ਸਾਹਿਬ ਕੇ ਪਾਠ। ਹੋਤਿ ਬੇਦ
ਧੁਨਿ ਕੇ ਬਹੁ ਠਾਠ[1]॥੩੨॥ਜਹਿਂ ਕਹਿਂ ਸਤਿਗੁਰ ਕੈ ਗੁਨ ਕਹੈਂ।-ਜਗਤ
ਉਧਾਰਨਿ ਕੇ ਹਿਤ ਅਹੈ।ਨਿਜ ਇੱਛਾ ਤੇ ਤਨ ਧਰਿ ਅਪਨੇ।ਕਰਹਿਂ ਕਦਾ-
ਚਿਤ ਦਰਸ ਸੁ ਸੁਪਨੇ ॥੩੩ ॥ ਕਲਮਲ ਕਸ਼ਟਨਿ ਤੇ ਹੁਇ ਮੋਚਨ। ਜੋ
ਸ਼ਰਧਾ ਧਰਿ ਪਿਖਹਿਂ ਬਿਲੋਚਨ। ਤਿਨ ਕੀ ਮਹਿਮਾਂ ਬਰਨੈ ਕੌਨ। ਜਾਇ
ਸਮਾਵਹਿ ਆਨੰਦ ਭੌਨ ॥੩੪॥ ਜਿਮ ਘਨ ਅਪਨੋ ਤਨ ਬਿਦਤਾਵੈ। ਜਲ
ਬਰਸਾਇ ਸਿਧਰ[2] ਬਰਤਾਵੈ। ਸਭਿ ਜਗ ਪਰ ਉਪਕਾਰ ਕਰੰਤਾ। ਪੇਖਤਿ
ਹੈ ਬਹੁ ਤਪਤ ਮਿਟੰਤਾ॥ ੩੫ ॥ ਤਿਮ ਸਤਿਗੁਰ ਜਗ ਬ੍ਯਾਕੁਲ ਦੇਖਿ
। ਬਿਸ਼ਯ ਤਪਤ ਤੇ ਤਪਹਿਂ ਵਿਸ਼ੇਖ। ਪਚਹਿਂ ਪਾਪ ਮਹਿ ਪੁਨ ਪੁਨ ਲਾਗੇ
। ਪਰਹਿਂ ਨਰਕ ਮਹਿਂ ਮਹਿਦ ਅਭਾਗੇ॥੩੬॥ਤਿਨ ਪਰ ਦਯਾ ਕਰਨਿ ਕੇ
ਕਾਰਨ। ਸਤਿਗੁਰ ਕਰਹਿਂ ਸਰੀਰਨਿ ਧਾਰਨਿ। ਲਾਖਹੁੰ ਸਿੱਖ੍ਯਨਿ ਕਹੁ
ਸੁਖ ਦੀਨੋ।ਹਲਤ ਪਲਤ ਦ੍ਵੈ ਉਜਲ ਕੀਨੋ॥੩੭॥ਇਨ ਕੇ ਸਮ ਦਾਤਾ ਕਿਤ
ਹੋਰੇ। ਦੇਵਨ ਆਦਿਕ ਬ੍ਰਿੰਦ ਘਨੇਰੇ। ਅਲਪ ਸੁਖਨਿ ਕੇ ਹੈਂ ਸਭਿ ਦਾਨੀ
। ਦੁਖ ਮਿੱਸ੍ਰਤ ਨੱਸ੍ਵਰ ਪਹਿਚਾਨੀ[3]॥੩੮॥ਹਰਖ ਨ ਸ਼ੋਕ ਨ ਰਾਗ ਨ ਦ੍ਵੈਸ਼।
ਸਦਾ ਅਲੇਪ ਕਮਲ ਜਲ ਜੈਸੇ। ਹੰਤਾ, ਮਮਤਾ ਲੇਸ਼ ਨ ਮੋਹੁ। ਮਾਨ
ਨ, ਲੋਭ ਨ, ਕਾਮ ਨ ਕ੍ਰੋਹੁ ॥੩੯॥ ਰਿਦਾ ਏਕ ਰਸ ਪਰਮ ਪੁਨੀਤਾ।ਸਭਿ
ਚੇਤਨ ਆਨੰਦ ਸੁ ਚੀਤ। ਦਰਸ਼ਨ ਦੁਰਲਭ ਲੇਹੁ ਦਰਸ ਕਰਿ। ਕਰ
ਜੋਰਹੁ ਬੰਦਹੁ ਪਦ ਸਿਰ ਧਰਿ॥੪੦॥ਇੱਤ੍ਯਾਦਿਕ ਉਚਰਤਿ ਗੁਰ ਗੁਨ ਕੋ।
ਕਹਤਿ ਸੁਨਤਿ ਸ਼ਬਦਨਿ ਕੀ ਧੁਨਿ ਕੋ। ਸ੍ਰੀ ਸਤਿਗੁਰ ਪੂਰਨ ਹਰਿਰਾਇ

---

[1]ਜਿਸ ਠਾਠ ਨਾਲ ਵੇਦ ਧੁਨੀਆਂ ਕਰਦੇ ਸਨ, ਉਸ ਤਰ੍ਹਾਂ ਗੁਰੂ ਗ੍ਰੰਥ ਜੀ ਦੇ ਸੁਰ ਬੰਨ੍ਹਕੇ ਪਾਠ ਹੁੰਦੇ ਸਨ। (ਅ) ਜੇ ਇਸ ਦੇ ਅਰਥ ਲਾਈਏ ਕਿ ਨਾਲ ਵੇਦ ਪੜ੍ਹਦੇ ਸਨ ਤਾਂ""ਵੇਦ ਤਦੋਂ ਪੰਜਾਬ ਵਿਚ ਸਮੱਗ੍ਰ ਰੂਪ ਵਿਚ ਸਨ ਨਹੀਂ ? ਹੁਣ ਬੀ ਲੋਕਾਂ ਨੇ ਮੁਕੰਮਲ ਵੇਦ ਜਰਮਨੀ ਤੋਂ ਮੰਗਾਏ ਹਨ, ਤੇ ਪੰਜਾਬ ਵਿਚ ਵੇਦ ਤੇ ਵੇਦ ਪਾਠੀ ਉਸ ਸਮੇਂ ਕਿੱਥੋਂ ਲੱਭਦੇ ਸਨ ? [2]ਠੰਢਕ। [3]ਦੁੱਖ ਨਾਲ ਮਿਲੇ ਹੋਏ(ਸੁਖ ਅਤੇ)ਨਾਸ਼ ਹੋਣ ਵਾਲ (ਸੁਖ) (ਇਨ੍ਹਾਂ ਦੇ ਦਾਤੇ ਦੇਵਤਿਆਂ ਨੂੰ)ਸਮਝੋ।

। ਇਮ ਦਰਸ਼ਨ ਦੇ ਗਏ ਸਮਾਇ ॥ ੪੧ ॥ ਕੁਸ਼ ਬਿਸਤਰ[1] ਬਿਸਤਾਰਨਿ ਕੀਨਸਿ। ਆਸਤਰਨ ਛੁਸਵਾਇ ਸੁ ਦੀਨਸਿ। ਤਿਸ ਪਰ ਪੌਢੇ ਸਹਜ ਸੁਭਾਇ। ਬਦਨ ਜੋਤਿ ਦੂਨੀ ਦਿਪਤਾਇ ॥ ੪੨ ॥ ਭਰੇ ਅਨੰਦ ਬਿਲੰਦ ਬਿਲੋਚਨ। ਸਿੱਖ ਪਿਖਹਿੰ ਕਰਿ ਸੋਚ ਬਿਮੋਚਨਿ[2]।ਮਹਿਲਾਂ ਸਭਿਨਿ ਕਰਯੋ ਦਰਸੰਨ। ਬੰਦਹਿੰ ਚਰਨ ਗਈ ਬਚ ਮੰਨਿ ॥੪੩॥ ਸੁੰਦਰ ਬਸਤ੍ਰ ਦੇਹਿ ਪਰ ਤਾਨਾ। ਬ੍ਰਿਤਿ ਸੰਕੋਚਿ ਕੀਨਿ ਇਕ ਥਾਨਾ। ਅਨਦ ਆਤਮਾ ਮਾਂਹਿ ਸਮਾਏ।ਜਿਮ ਜਲ ਮਹਿਂ ਦੀਜੇ ਜਲ ਪਾਏ ॥੪੪॥ ਸ੍ਰੀ ਹਰਿਕ੍ਰਿਸ਼ਨ ਸਾਥ ਮਿਲਿ ਗਏ।ਪੂਰਬ ਕੋ ਸਰੀਰ ਤਜਿ ਦਏ। ਤਿਸ ਛਿਨ 'ਧੰਨ ਧੰਨ ਗੁਰ' ਹੋਵਾ। 'ਲਿਯੋ ਲਾਭ ਦਰਸ਼ਨ ਜਿਨ ਜੋਵਾ' ॥ ੪੫ ॥ ਸਕਲ ਜਥਾਵਤ ਬਿਧਿ ਕਰਿਵਾਈ। ਆਦਿ ਸ਼ਨਾਨ ਕਰਨਿ ਸਮੁਦਾਈ। ਸਿੱਖਨਿ ਬਹੁਤ ਉਠਾ ਇ ਬਿਮਾਨ। ਮਿਲੇ ਸੰਬੂਹ ਸ਼ਬਦ ਕਰਿ ਗਾਨ ॥੪੬॥ ਜਾਇ ਚਿਤਾ ਪਰ ਪੁਨ ਪੌਢਾਏ।ਜਬਿ ਚੰਦਨ ਤੇ ਸਭਿ ਦਿਸ਼ ਛਾਏ। ਅੰਤਰ ਧਯਾਨ ਦੇਹ ਹੁਇ ਗਈ।ਪੀਛੇ ਪਾਵਕ ਪਰਜੁਲਤਈ[3]॥੪੭॥ ਕਾਸ਼ਟ ਜਰੇ ਭਸਮ ਤਿਸ ਥਾਵਾ।ਬੀਨਤਿ ਫੁਲ ਨਹੀਂ ਕੁਛ ਪਾਵਾ।'ਸ੍ਰੀ ਹਰਿਰਾਇ! ਦੇਤਿ ਸੁਖਦਾਸ। ਕਹਾਂ ਆਪ ਕਰਿ ਗਏ ਤਮਾਸਾ' ॥ ੪੮ ॥ ਸਿੱਖਜ ਸੁਭਟ ਸੰਗਤਿ ਬੈਰਾਗੇ। ਸਿਮਰਿ ਸਿਮਰਿ ਗੁਰ ਗੁਨ ਅਨੁਰਾਗੇ। ਪੁਨਹਿ ਪਰਸਪਰ ਧੀਰਜ ਧਰਿ ਕੈ। ਸ੍ਰੀ ਹਰਿਕ੍ਰਿਸ਼ਨ ਸਰੂਪ ਨਿਹਰਿਕੈ ॥ ੪੯ ॥ ਹੋਤਿ ਪ੍ਰਸੰਨ ਰਹਤਿ ਭੇ ਪਾਸ। ਤਿਸੀ ਰੀਤ ਹੋਵਤਿ ਅਰਦਾਸ। ਬੈਠਿ ਸੁਹਾਵਤਿ ਭੇ ਗੁਰ ਗਾਦੀ। ਨਾਨਾਂ ਭਾਂਤਿ ਪ੍ਰਬਿਰਤਹਿ ਸ਼ਾਦੀ ॥੫੦॥ ਸ੍ਰੀ ਹਰਿਕ੍ਰਿਸ਼ਨ ਜਗਤ ਗੁਰ ਭਏ।ਦੇਸ਼ ਬਿਦੇਸ਼ਨਿ ਮਹਿੰ ਬਿਦਤਏ।ਸਰਬੋਤਮ ਕੇ ਤਖਤ ਬਿਰਾਜੇ। ਜਿਨ ਦਰਸ਼ਨ ਤੇ ਸੰਕਟ ਭਾਜੇ ॥ ੫੧ ॥ ਅਪਰ ਜਿ ਸੋਢੀ ਸੰਗਤਿ ਸਿਰ ਜੇ[4]। ਕਰਤਿ ਪ੍ਰਭਾਵ ਸੁ ਨਿਜ ਨਿਜ ਦਰਜੇ। ਜਥਾ ਸੁਹਾਵਤਿ ਹੈਂ ਉਡ਼ ਬ੍ਰਿੰਦ। ਸ੍ਰੀ ਹਰਿਕ੍ਰਿਸ਼ਨ ਸਪੂਰਨ ਚੰਦ ॥ ੫੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਹਰਿਰਾਇ ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥ ੨੭ ॥

## ੨੮. [ਸ੍ਰੀ ਰਾਮਰਾਇ ਜੀ ਦੀ ਈਰਖਾ]।

ਦੋਹਰਾ ॥ ਅਸ਼ਟਮ ਤਨ ਧਰਿ ਸ੍ਰੀ ਗੁਰੂ ਤਖਤ ਬਿਰਾਜੇ ਦੀਹ। ਮੂਰਤਿ ਅਲਪ ਸਰੀਰ ਹੈ, ਰਿਦਾ ਗੂਢ, ਬਚ ਲੀਹ[5] ॥ ੧ ॥ ਸੈਯਾ ॥ ਸੁੰਦਰ ਸੂਰਤ

[1](ਦਾ) ਵਿਛਾਵਣਾ। [2]ਸਿੱਖਾਂ ਵਲ ਤੱਕ ਕੇ (ਉਨ੍ਹਾਂ ਦੀਆਂ) ਸੋਚਾਂ ਦੂਰ ਕਰ ਰਹੇ ਹਨ। [3]ਬਾਲ ਦਿੱਤੀ। [4]ਹੋਰ ਸੋਢੀ ਤੇ ਜੋ ਸੰਗਤਾਂ ਵਿਚ ਮੁਖੀ ਸੇ। [5]ਅੰਮ੍ਰਿਤ (ਵਰਗੇ) [ਸੰਸਃ ਲੇਹਯ=ਅੰਮ੍ਰਿਤ]। (ਅ) ਬਰਕ ਪ੍ਰਸਨੇ ਹਨ। [ਪੰਜਾ, ਲੀਹ=ਲੀਕ, ਪ੍ਰਸਨੇ]।

ਮਾਧੁਰੀ ਮੂਰਤੀ, ਪੂਰਤਿ ਕਾਮਨਾ ਸਿੱਖਜਨਿ ਕੀ। ਸ਼ਾਂਤਿ ਸਰੂਪ ਧਰੇ ਪ੍ਰਭੁ ਪੂਰਬ, ਆਤਮ ਦੇਹ ਸੁ ਨੌਤਨ[1] ਕੀ। ਜਨੌਂ ਮਹਿਪਾਲਕ ਪੋਸ਼ਿਸ਼ ਕੋ ਤਜਿ, ਪੈ[2] ਪਹਿਰੈ ਹਿਤ ਭਾਂਤਨ ਕੀ[3]। ਸ੍ਰੀ ਹਰਿਕ੍ਰਿਸ਼ਨ ਤਥਾ ਦੁਤਿ ਪਾਵਤਿ ਸੰਗਤਿ ਪ੍ਰੀਤਿ ਕਰੇ ਮਨ ਕੀ ॥ ੨ ॥ ਗੁਰ ਨਾਨਕ ਆਦਿ ਤੇ ਜਨੌਂ ਨਿਸ਼ਚਾ ਮਨ, ਤਨੌਂ ਬ੍ਰਹਮ ਗਯਾਨ ਮਹਾਂ ਰਸ ਹੋਵਾ। ਸਿਖ ਸੰਗਤ ਕੇ ਅਘ ਨਾਸ਼ਨਿ ਕੋ ਦਰਸੰਨ ਦਿਖਾਇ, ਭੁਲੇ ਦੁਖ ਖੋਵਾ। ਪਰ ਪੌਤ੍ਰ ਗੁਰੂ ਹਰਿਗੋਵਿੰਦ ਕੋ, ਗੁਰਤਾ ਕਹੁ ਭਾਰ ਸਹਾਰਿ ਖਰੋਵਾ। ਗਨ ਮੇਲ ਮਸੰਦ ਬਿਲੰਦ ਮਿਲੇ ਜਿਮ ਸ੍ਰੀ ਹਰਿਰਾਇ, ਸਭੈ ਤਿਮ ਜ਼ੋਵਾ ॥ ੩ ॥ ਨਿਜ ਪਾਸ ਕਰੈਂ ਅਰਦਾਸ ਤਿਸੀ ਬਿਧਿ, ਪਾਇਨਿ ਪੰਕਜ ਸੀਸ ਨਿਵਾਵੈਂ। ਗਨ ਆਨਿ ਉਪਾਇਨ ਕੋ ਅਰਪੈਂ, ਮਨ ਕਾਮਨਾ ਆਪ ਅਨੇਕ ਉਠਾਵੈਂ। ਸਮੁਦਾਇ ਸਦਾ ਮਨ ਬਾਂਛਤਿ ਪਾਵਤਿ ਜਨੌਂ ਧਰਿ ਭਾਵਨਾ ਕੋ ਢਿਗ ਆਵੈਂ। ਨਿਜ ਸਿੱਖਨਿ ਕੀ ਬਹੁ ਸ਼ੋਧ ਕਰੈਂ ਉਪਦੇਸ਼ਤਿ ਗਯਾਨ ਕੋ ਭੇਦ ਜਨਾਵੈਂ॥ ੪ ॥ ਕਬਿੱਤ ॥ ਦੁੱਖ ਹਰਿ ਲੇਤਿ, ਸਿਖਬਾਂਛਤਿ ਕੋ ਦੇਤਿ ਗੁਰ, ਸੱਤਨਾਮ ਹੇਤੁ[4] ਲਾਇ ਚੇਤਨਾ[5] ਚਿਤਾਵਈ[6]। ਮਨ ਕੇ ਬਿਕਾਰ ਨਾਸ਼ ਕਰੈਂ ਏਕ ਬਾਰ ਗਨ ਧੀਰਜ ਧਰਮ, ਦਯਾ ਗੁਨ ਕੋ ਬਧਾਵਈ। ਸਮਤਾ, ਸੰਤੋਖ ਸੋਂ ਸੰਤੋਖ ਸਿੰਘ ਰਿਦੇ ਬਾਸ ਸਿੱਖੀ ਕੋ ਪ੍ਰਕਾਸ਼ ਨੀਕੇ ਸੁਗਮ ਬਤਾਵਈਂ। ਜਾਨਿ ਸਿੱਖ ਆਪਨੇ, ਹਰਤਿ ਤੀਨ ਤਾਪਨੇ, ਬਿਨਾਂ ਹੀ ਤਪ ਤਾਪਨੇ ਸੁ ਫਲ ਮਹਾਂ ਪਾਵਈਂ॥੫॥ ਆਇ ਦੇਸ਼ ਦੇਸ਼ ਤੇ ਬਿਸ਼ੇਸ਼ ਭੇਟ ਦੇਯ ਨਿਜ, ਦਰਸ ਅਸ਼ੇਸ਼ ਲੇ, ਕਲੇਸ਼ਨਿ ਬਿਨਾਸਤੇ। ਪਸਰਨੋ ਸੁਜਸੁ ਜਹਾਂ ਕਹਾਂ ਸਭਿ ਲੋਕ ਕਰੈਂ–ਬਾਲਕ ਸਰੂਪ ਤੇਜ ਅਧਿਕ ਪ੍ਰਕਾਸ਼ਤੇ–। ਧਰਾ ਸਿੰਧੁ ਮੇਖਲਾ ਸਕਲ ਥਾਨ ਮਾਨੈਂ ਮਨ, ਆਨਤਿ ਮਨੌਤ ਕੋ ਮਨੋਰਥ ਕੇ ਵਾਸਤੇ[7]। ਭੀਰ ਆਸ ਪਾਸ ਤੇ ਨ ਤਜਾਰੈਂ ਸੁਖ ਆਸ ਤੇ[8], ਸ਼ਬਦ ਕੇ ਬਿਲਾਸ ਤੇ ਭਗਤ ਮੈਂ ਹੁਲਾਸਤੇ ॥ ੬ ॥ ਗੁਰੂ ਹਰਿਕ੍ਰਿਸ਼ਨ ਬਿਦਤਿ ਭਏ ਪੁਰਿ ਪੁਰਿ, ਸੰਗਤਿ ਅਨੇਕ ਇਕ ਆਵਹਿ ਇਕ ਜਾਤਿ ਹੈ। ਕੀਰਤਿ ਕਰਤਿ, ਦੁਖ ਹਰਤਿ ਦਰਸ ਕਰਿ, ਪਰਮ ਪ੍ਰਸੰਨਤਾ

[1]ਨਵੀਨ (ਸਰੀਰ ਧਰਿਆ)। [2]ਫਿਰ, ਹੋਰ। [3]ਹਿਤ ਕਰਕੇ ਕਈ ਤਰ੍ਹਾਂ ਦੀ। [4](ਵਿਚ) ਪ੍ਰੇਮ। [5]ਬੁਧੀ ਵਿਚ। [6]ਜਾਦ ਕਰਾਂਵਦੇ ਹਨ। [7]ਸਮੁੰਦਰ ਨਾਲ ਘੇਰੀ ਹੋਈ ਧਰਤੀ ਦੇ ਸਭ ਥਾਵਾਂ ਵਿਚ ਮਨ ਕਰਕੇ ਮੰਨਦੇ ਹਨ, ਤੇ ਮਨੋਰਥਾਂ ਦੀ (ਪੂਰਨਾ) ਵਾਸਤੇ, ਮਨੌਤਾਂ ਲੈਕੇ ਆਉਂਦੇ ਹਨ। [8]ਸੁਖ ਦੀ ਆਸ਼ਾ ਵਿਚ ਭੀੜ ਕੋਲੋਂ ਹਟਦੀ ਨਹੀਂ।

ਕੌ ਉਰ ਉਪਜਾਤਿ ਹੈ । ਜ਼ੇਵਰ ਜਰਾਵ ਜਰਜੋ ਜ਼ਾਹਰ ਜਗਤ ਜੋਤਿ ਜ਼ੇਬ
ਦੇ ਅਜਾਇਬ ਜਬਰ ਜਾਨੈਂ ਜਾਤਿ ਹੈਂ । ਗਯਾਨ ਅਵਦਾਤ ਹੈਂ[1], ਅਨੰਦ
ਉਮਗਾਤ ਹੈਂ, ਬਿਲੰਦ ਸਭਿ ਭਾਂਤਿ ਹੈਂ, ਮਨਾਵੈਂ ਸਭਿ ਜਾਤਿ ਹੈਂ[2] ॥੭॥
ਦੋਹਰਾ ॥ ਕਿਤਿਕ ਕਾਲ ਬੀਤਤਿ ਭਯੋ ਗੁਰਤਾ ਲਘੁ ਸੁਤ ਦੀਨਿ । ਰਾਮ-
ਰਾਇ ਬਡ ਪੁੱਤ੍ਰ ਸੁਨਿ ਪਛੁਤਾਵਤਿ ਮਨ ਦੀਨ ॥ ੮ ॥ ਸੈਯਾ ॥ 'ਦੇਖੋ ਕਹਾਂ
ਇਹ ਬਾਤ ਭਈ, ਪਹਿਲੇ ਮੁਝ ਕੋ ਬਹੁ ਦੇ ਬਡਿਆਈ। ਮਾਥ ਪੈ ਹਾਥ
ਧਰਜੋ ਹਿਤ ਸਾਥ ਕਰਜੋ ਸਮਰੱਥ,ਲਖਜੋ ਸਮੁਦਾਈ।ਕੀਨਿ ਕ੍ਰਿਪਾ ਸ਼ਕਤੀ
ਬਡ ਦੀਨਿ–ਜਥਾ ਕਹਿ ਬਾਕ ਤਥਾ ਹੁਇ ਜਾਈ–। ਆਪ ਪ੍ਰਸੰਨ ਹ੍ਵੈ ਮੋਹਿ
ਪਠਜੋ ਇਤ ਸੰਗਤਿ ਸਿੱਖਨਿ ਸੰਗ ਰਲਾਈ॥੯॥ਮੈਂ ਪੁਰਿ ਆਇਕੈ ਸ਼ਾਹੁ
ਕੇ ਸਾਥ ਮਿਲਜੋ ਸਭਿ ਰੀਤਿ ਕੇ ਕਾਜ ਸਵਾਰੇ। ਰਾਖਜੋ ਭਲੋ ਰਸ ਰੰਗ
ਇਹਾਂ, ਧਨ ਲੀਨੋ ਸਮੂਹ ਸਦਾ ਸੁਖ ਭਾਰੇ।ਆਪਨੋ ਦੀਹ ਪ੍ਰਤਾਪ ਦਿਖਾਇ
ਕੈ ਸਿੱਖੀ ਕੀ ਰੀਤ ਮਹਾਂ ਬਿਸਤਾਰੇ। ਸੇਵਕ ਸਿੱਖਜ ਹਜ਼ਾਰੋਂ ਕਰੇ ਗੁਰ
ਕੀਰਤਿ ਕੋ ਬਿਥਰਾਇ ਅਪਾਰੇ' ॥੧੦॥ ਬਹਿਲੋ ਕੁਲ ਕੋ ਗੁਰਦਾਸ ਹੁਤੋ
ਕਰ ਜੋਰਿ ਕੈ ਬਾਕ ਕਹਜੋ ਸਮੁਝਾਈ। 'ਪਛੁਤਾਵਤਿ ਕਯੋਂ ਤੁਮ ਜੇਸ਼ਠ
ਨੰਦਨ ! ਆਪ ਗੁਰੂ ਨੇ ਦਈ ਬਡਿਆਈ। ਜਗ ਮੈਂ ਸਮੁਦਾਇ ਭਏ
ਸਿਖ ਸੇਵਕ ਆਵਤਿ ਭੇਟ ਤੇ ਤੋਟ ਨ ਕਾਈ। ਇਸ ਤੇ ਬਹੁ ਕਯਾ ਰਿਤ
ਮੈਂ ਅਬਿ ਚਾਹਤ ਮਾਨੈਂ ਮਨੌਤ ਕੋ ਸੀਸ ਨਿਵਾਈ ॥ ੧੧ ॥ ਜੋ ਸਗਰੇ
ਜਗ ਕੋ ਅਬਿ ਮਾਲਿਕ ਨੌਰੰਗ ਸ਼ਾਹ ਪ੍ਰਤਾਪਿ ਬਿਸਾਲਾ। ਤਾਂ ਸੰਗ ਰਾਵਰ
ਕੋ ਬਹੁ ਮੇਲ ਸਭਾ ਮਹਿਂ ਜਾਤਿ, ਲਗੈ ਜਿਸ ਕਾਲਾ। ਸਾਦਰ ਦੇਤਿ
ਬਡਾਈ ਬਡੀ ਨਿਤ ਬੂਝਨਿ ਬੋਲਨਿ ਹੋਤਿ ਰਸਾਲਾ। ਸ੍ਰੀ ਹਰਿ ਗੋਵਿੰਦ
ਕੇਰ ਮਨਿੰਦ ਬਿਠਾਵਤਿ ਊਚ ਜਹਾਂ ਨਰ ਜਾਲਾ ॥੧੨॥ ਦੇਤਿ ਅਜਾਇਬ
ਹੀ ਫੁਰਮਾਇਸ਼ ਜੋ ਦੁਸ਼ਪ੍ਰਾਪਤ ਹਾਥ ਨ ਆਵੈਂ[3]। ਸੋ ਅਰਪੈ ਤੁਮ ਕੋ
ਧਰਿ ਭਾਉ ਰਹੋ ਥਿਰ ਡੇਰੇ ਹੀ ਆਪ ਪਠਾਵੈ। ਕੌਨ ਕਰੈ ਗਿਨਤੀ ਧਨ ਕੀ
ਜਬਿ ਕੇ ਪੁਰਿ ਆਇ ਹੋ ਰੋਜ ਚਢਾਵੈ। ਆਜ ਕਮੀ ਤੁਮ ਕੋ ਕੁਛ ਨਾਹਿਨ
ਸ਼ਾਹੁ ਸਦਾ ਉਰ ਕੋ ਹਰਖਾਵੈ॥੧੩॥ਜੋ ਸਿਖ ਸੰਗਤਿ ਹੈਂ ਜਗ ਮੈਂ ਬਿਦਤਯੋ

[1]ਸ਼ੁਧ ਗਿਆਨ (ਸਰੂਪ) ਹੈਨ। [2]ਸਭ ਜ਼ਾਤਾਂ ਮੰਨਾਂਦੀਆਂ ਹਨ। [3]ਅਚਰਜ ਤੇ ਕਠਨਤਾ ਨਾਲ
ਪ੍ਰਾਪਤ ਹੋਣ ਵਾਲੀਆਂ ਵਸਤੂਆਂ ਜੋ ਹਥ ਨਹੀਂ ਆਉਂਦੀਆਂ, ਤੁਸਾਡੀ ਫਰਮਾਇਸ਼ (ਕਰਨ
ਨਾਲ ਹੀ) ਦੇ ਦੇਂਦਾ ਹੈ। (ਅ) ਜੋ ਅਜੀਬ ਹਨ, ਕਠਨ ਪ੍ਰਾਪਤ ਹਨ, ਫੁਰਮਾਯਸ਼ ਨਾਲ ਬੀ
ਹੱਥੀਂ ਨਹੀਂ ਆਉਂਦੀਆਂ, ਦੇਂਦਾ ਹੈ।

ਸਭਿ ਮੈਂ ਗੁਰਤਾ ਪਦ ਪਾਇ। ਹੋਵਤਿ ਆਪ ਹੀ ਗਾਦੀ ਦਈ ਜਬਿ ਦੈ ਸ਼ਕਤੀ ਫਿਰ ਸ਼ਾਹੁ ਪਠਾਇ। ਦੇਖਹੁ ਕਯੋਂ ਨ ਬਿਚਾਰਿ ਭਲੇ ਤੁਮ ਆਇਸੁ ਪਾਇ ਜਬੈ ਇਤ ਆਇ।ਕਯਾ ਤਬਿ ਥੇ ਅਬਿ ਕੈਸੇ ਭਇ,ਸਭਿ ਰੀਤਿਕੈ ਦੀਹ ਸਮਾਜ ਬਧਾਇ' ॥੧੪॥ ਸ੍ਰੀ ਹਰਿਰਾਇ ਕੋ ਪੁੱਤ੍ਰ ਬਿਸਾਲ ਸੁਨੇ ਬਚ ਧੀਰਜ ਕੇ ਜੁ ਕਹੇ।ਹੋਤਿ ਪ੍ਰਸੰਨ ਭਯੋ ਨ ਤਊ ਮੁਰਝਾਇ ਰਹਯੋ ਚਿਤ ਚਿੰਤ ਲਹੇ। 'ਭੋ ਗੁਰਦਾਸ ! ਉਚਾਰਤਿ ਜੋਗ ਤਥਾਪਿ ਸੁਨੋ ਉਰ ਮੋਰ ਦਹੇ। ਆਪ ਗੁਰੂ ਪਿਤ ਨੇ ਇਤ ਓਰ ਪਠਾਵਨਿ ਕੀਨਿ ਅਵੱਸ਼ਯ ਚਹੇ ॥੧੫॥ ਜੇ ਇਤ ਓਰ ਨ ਆਵਤਿ ਮੈਂ ਤਬਿ ਸ਼ਾਹੁ ਰਿਸੈ ਰਿਪੁ ਦੀਹ ਸਮਾਨਾ। ਬ੍ਰਿੰਦ ਅਨੀਕ ਪਠਾਵਤਿ ਫੇਰ ਬਡੋ ਜਿਹ ਓਜ ਰਿਦੇ ਗਰਬਾਨਾ। ਪੀਰ ਫਕੀਰਨਿ ਸੋਂ ਬਿਗਰੈ ਇਹ ਠਾਨਤਿ ਦ੍ਵੈਸ਼ਨਿ ਬਾਦੀ ਮਹਾਨਾ।ਤ੍ਰਾਸ ਕਰੈ ਨਹਿੰ ਤਾਂ ਗਹਿ ਲੇਤਿ, ਬਡੋ ਪੁਨ ਤਾੜਤ ਜਯੋਂ ਅਨਜਾਨਾ[1] ॥ ੧੬ ॥ ਜੇ ਪੁਰਿ ਕੀਰਤਿ ਜਾਤਿ ਚਮੂੰ ਤਬਿ ਕਯਾ ਕਰਤੇ ਨਹਿੰ ਹੋਤਿ ਉਪਾਈ। ਸ੍ਰੀ ਗੁਰ ਨੇ ਪ੍ਰਣ ਧਾਰਯੋ ਹੁਤੋ-ਸੁ ਮਲੇਛ ਕੇ ਪਾਸ ਨ ਜਾਹਿੰ ਕਦਾਈ। ਨਾ ਦਰਸੈਂ ਤਿਸ ਆਨਨ ਕੋ ਅਪਨੋ ਦਰਸੰਨ ਨਹੀਂ ਦਰਸਾਈਂ-। ਬੈਠਨਿ ਬੋਲਨਿ ਕਯੋਂ ਬਨਿ ਹੈ ਜਬਿ ਧੌਂ ਅਭਿਲਾਖ ਰਿਦੇ ਮੈਂ ਉਠਾਈ ॥ ੧੭ ॥ ਕੋਸ ਹਜ਼ਾਰ ਦ੍ਵੈ ਊਪਰ ਸੌ ਪੁਨ ਰਾਜ ਕਰੈ ਇਹ ਸ਼ਾਹ ਦੁਰੱਤਾ। ਬਾਈਸ ਲਾਖ ਚਮੂੰ ਸੰਗ ਹੈ ਬਲਵਾਨ ਬਡੋ ਸੋ ਹੰਕਾਰ ਮੈਂ ਮੱਤਾ। ਪੰਚ ਦੁਗੁਨ ਹਜ਼ਾਰ[2] ਹੈਂ ਤੋਪ ਸਕੋਪ ਚਵੈ ਕਰਿ ਲੋਚਨ ਰੱਤਾ। ਤੈਸੇ ਪਚਾਸ ਹਜ਼ਾਰ ਜਮੂਰੇ ਹੈਂ ਛੂਟੇ ਤੇ ਛੋਨੀ ਮਹਾਂ ਧਮਕੱਤਾ ॥੧੮॥ ਕੌਨ ਅਰੈ ਇਹ ਸੰਗ ਲਰੈ ਸਭਿ ਦੇਸ਼ ਡਰੈ ਭਰ ਦੇਤਿ ਹੈ ਹਾਲਾ। ਭੂਪਤਿ ਜੇ ਰਜਪੂਤ ਹੁਤੇ ਕਰਿ ਤ੍ਰਾਸ ਗਏ ਦਬਿ, ਦੇਖਿ ਕਰਾਲਾ। ਦ੍ਰੋਹੀ ਫਿਰੈ ਇਸ ਕੀ ਸਭਿ ਦੇਸ਼ਨਿ, ਦੇਸ਼ ਬਿਲੋਕਤਿ ਦੇਤਿ ਨਿਕਾਲਾ। ਬਾਦ ਕਰੈ ਹਠ ਧਾਰਿ ਬਡੋ ਗੁਰ ਪੀਰ ਤੇ ਤ੍ਰਾਸਤਿ ਨਾ ਕਿਸ ਕਾਲਾ ॥੧੯॥ ਸ਼ਾਹਜਹਾਂ ਜਬਿ ਸ਼ਾਹ ਹੁਤੋ ਤਿਹ ਸੰਗ ਬਿਰੋਧ ਭਯੋ ਗੁਰ ਕੋ। ਜੰਗ ਭਯੋ,ਬਲ ਧਾਰਿ ਬਡੋ ਹਥਿਆਰ ਪ੍ਰਹਾਰ ਕਰੈਂ ਅਰਿ ਕੋ। ਆਨਿ ਲਰਯੋ ਦਲ ਤੀਰ ਸੁਧਾਸਰ, ਪਾਇ ਫਤੇ ਸੁ ਦਯੋ ਡਰਕੈ[3]। ਜੰਗਲ ਬੀਚ ਪ੍ਰਵੇਸ਼ ਭਏ ਪੁਨ ਦ੍ਵੈ ਹਯ ਲੇ ਕਿਯ ਸੰਘਰ[4] ਕੋ ॥ ੨੦॥ ਸ੍ਰੀ

[1](ਉਨ੍ਹਾਂ ਪੀਰਾਂ ਫਕੀਰਾਂ ਨੂੰ) ਤਾੜਦਾ ਹੈ ਅਨਜਾਣਾਂ ਵਾਂਙੂ। [2]ਦਸ ਹਜ਼ਾਰ ਤੋਪਾਂ। [3]ਭਾਵ ਛੇਵੇਂ ਗੁਰੂ ਜੀ ਨੇ। [4]ਜੰਗ।

ਕਰਤਾਰ ਪੁਰੇ ਰਣ ਕੀਨਸਿ ਪੈਂਦੇ ਕੇ ਸੰਗ ਅਨੇਕ ਸੰਘਾਰੇ।ਸ਼ਾਹਜਹਾ ਕਰਿ ਟਾਲ ਰਹਾ,ਹਠ ਨਾਂਹਿ ਕਰਯੋ ਹਟਿ ਗਾ ਜਿਮ ਹਾਰੇ। ਸ੍ਰੀ ਹਰਿਗੋਵਿੰਦ ਜੋਧੇ ਮਹਾਂ ਜਿਨ ਕੋ ਬਡ ਸ਼ੀਲਬਡੋ ਬਲ ਧਾਰੇ।ਦੈਨ ਬਡੀ,ਉਤਸਾਹ ਬਡੋ,ਨਿਜ ਬੈਰ ਪੁਜਾਇ ਮਹਾਂ ਰਿਪੁ ਮਾਰੇ ॥ ੨੧ ॥ ਸ਼ਾਹਿਜਹਾਂ ਤੇ ਬਡੋ ਇਹ ਸ਼ਾਹ ਬਿਲੰਦ ਬਲੀ ਧੁਜਨੀ ਸੁ ਬਨਾਈ। ਪੀਰ ਫਕੀਰਨਿ ਤੇ ਨ ਡਰੈ, ਕਰਿ ਬਾਦ ਗਹੈ ਤਿਸ ਕੋ ਮਰਿਵਾਈ।ਧਾਰਿ ਰਿਦੇਜਿਦਨਾਹਕ ਦਰਪ ਤੇ[੧]ਰੈਲ ਪਰੈ ਨ ਟਰੈ ਹਠ ਪਾਈ।ਯਾਂਤੇ ਪੁਗੈ ਨਹਿਂ ਬੈਰ ਇਸੀ ਸੰਗ, ਮੈਂ ਨਹਿਂ ਆਇ ਜਿ, ਕਯੋਂ ਬਨਿ ਆਈ[੨]॥੨੨॥ਔਰ ਅਨੇਕ ਹੁਤੇ ਬਿਘਨਾ ਸਭਿ ਦੂਰ ਕਰੇ ਢਿਗ ਸ਼ਾਹੁ ਮੈਂ ਆਯੋ।ਬਾਸ ਕਰਯੋ ਸੁਖ ਸੋਂ ਪੁਰਿ ਕੀਰਤ[੩],ਸੇਵਕ ਕੇ ਸਮ ਸ਼ਾਹੁ ਬਨਾਯੋ। ਬ੍ਰਿੰਦ ਲੀਓ ਧਨ ਆਪ ਪੁਜਾਇ ਕੈ ਸ੍ਰੀ ਗੁਰ ਕੋ ਬਹੁ ਭਾਉ ਬਧਾਯੋ। ਲਾਯਕੀ[੪] ਯੌਂ ਸਭਿ ਰੀਤਿ ਕਰੀ ਪਿਤ ਸ੍ਰੀ ਗੁਰ ਕ੍ਰੋਧ ਹ੍ਵੈ ਮੋਹਿ ਹਟਾਯੋ ॥੨੩॥ ਲਘੁ ਨੰਦਨ ਮੈਂ ਗੁਨ ਕੌਨ ਲਖੇ ਸਭਿ ਸੰਗਤਿ ਮੈਂ ਜਿਸ ਕੋ ਬਡਿਆਈ। ਹੁਇ ਆਪ ਖਰੇ ਗੁਰਤਾ ਅਰਪੀ ਪੁਨ ਸੇਵਕ ਬ੍ਰਿੰਦਨਿ ਪਾਇੰ ਲਗਾਈ। ਸਭਿ ਪੁੰਜ ਮਸੰਦਨਿ ਕੋ ਕਹਿ ਕੈ ਅਰਪਾਇ ਉਪਾਇਨ ਕੋ ਸਮੁਦਾਈ। ਰਿਪੁ ਕੇ ਸਮ ਜਾਨਿ ਨਹੀਂ ਸਿਮਰਯੋ ਮੁਝ,ਐਸੁ ਬਿਚਾਰਤਿ ਮੈਂ ਦੁਖ ਪਾਈ ॥੨੪॥ ਮੈਂ ਅਬਿ ਕਾਨ ਸੁਨੀਂ ਬਹੁ ਪਾਸ ਤੇ ਸੰਗਤਿ ਬ੍ਰਿੰਦ ਹੀ ਆਵਤਿ ਹੈ।ਕਾਬਲ ਔ ਕਸ਼ਮੀਰ ਤੇ ਆਦਿਕ ਦੇਸ਼ ਬਿਸਾਲ ਸੁਹਾਵਤਿ ਹੈਂ। ਆਗੇ ਮਸੰਦ ਹ੍ਵੈ ਲਯਾਵਤਿ ਸਿਖਯਨਿ ਭੇਟ ਸਮੂਹ ਚਢਾਵਤਿ ਹੈਂ। ਭੀਰ ਰਹੈ ਪੁਰਿ ਕੀਰਤਿ ਮੈਂ ਨਿਤ ਕੀਰਤਿ ਉੱਜਲ ਗਾਵਤਿ ਹੈਂ ॥੨੫॥ ਮੋਤੇ ਬਿਸਾਲ ਪ੍ਰਤਾਪ ਭਯੋ ਤਿਸ, ਯੌਂ ਸੁਨਿ ਮੋਹਿ ਨ ਚੈਨ ਪਰੈ। ਰੈਨ ਦਿਨਾ ਚਿਤ ਚਿੰਤ ਬਧੈ, ਅਸਹੋਇ ਨ, ਮੋ ਸਭਿ ਤ੍ਯਾਗ ਕਰੈਂ। ਲੋਕਨਿ ਕੇਰ ਸੁਭਾਵ ਅਹੈ, ਅਵਿਲੋਕਤਿ ਆਪ ਮੈਂ ਰੀਸ ਧਰੈਂ। ਪੂਜਨ ਤਾਂਹਿ ਨਹੀਂ ਲਗਿ ਜਾਹਿਂ, ਜੁ ਹੈਂ ਮਮ ਸੇਵਕ ਸੋ ਨ ਟਰੈਂ"॥ ੨੬॥ ਦੋਹਰਾ ॥ ਰਾਮਰਾਇ ਉਰ ਈਰਖਾ ਲਘੁ ਭ੍ਰਾਤਾ ਸੰਗ ਧਾਰਿ। ਚਿਤਵਤਿ ਅਨਿਕ ਉਪਾਇ ਕੋ ਨਿਤ ਚਿਤ ਚਿੰਤ ਮਝਾਰ ॥ ੨੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਰਾਮ ਰਾਇ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥ ੨੮ ॥

[੧]ਟਕਾਰ ਨਾਲ। [੨]ਜੇ ਮੈਂ ਨਾਂ ਆਉਂਦਾ ਤਾਂ ਕਿਵੇਂ (ਸ਼ਾਹ ਨਾਲ) ਬਣ ਆਉਂਦੀ। [੩]ਭਾਵ ਪਿਤਾ ਗੁਰੂ ਜੀ ਨੇ। [੪](ਮੈਂ) ਲਾਇਕੀ (ਕੀਤੀ)।

## ੨੯. [ਸ੍ਰੀ ਰਾਮਰਾਇ ਜੀ ਦੀ ਈਰਖਾ]

ਦੋਹਰਾ ॥ ਸ੍ਰੀ ਹਰਿਰਾਇ ਤਨੁਜ ਤੇ[1] ਸੁਨਿ ਭਾਈ ਗੁਰਦਾਸ। ਅਪਰ ਮਸੰਦ
ਜਿ ਮੁਖਿ ਹੁਤੇ ਕਰਤਿ ਭਏ ਅਰਦਾਸ ॥ ੧ ॥ ਸੈਯਾ ਛੰਦ। 'ਕਯੋਂ ਤੁਮ
ਹੌਲ ਕਰਤਿ ਹਹੁ ਉਰ ਮਹਿਂ, ਚਿਤ ਅਤਿ ਚਿੰਤਾ ਮਹਿਂ ਪਛੁਤਾਇ।
ਸਾਵਧਾਨ ਹੁਇ ਸਭਿ ਸੁਖ ਪਾਵਹੁ ਅਪਨੋ ਸੁਜਸੁ ਪ੍ਰਤਾਪ ਬਧਾਇ। ਸਿਖ
ਸੇਵਕ ਸਮੁਦਾਇ ਤੁਮਾਰੇ ਸ਼ਰਧਾਲੂ ਸਦ ਹੀ ਚਲਿ ਆਇਂ। ਪਾਇਨਿ
ਨਿਮਹਿਂ,ਉਪਾਇਨ ਅਰਪਹਿਂ,ਤਰਪਹਿਂ ਗੁਰਕੀ ਵਸਤੁ ਚਢਾਇ॥੨॥ਬ੍ਰਿੰਦ
ਮਸੰਦ ਸੰਗਤਾਂ ਮਾਂਹੀਕਰਹੁ ਪਠਾਵਨਿ ਸਗਰੇਦੇਸ਼॥ਸਿੱਖੀ ਕਉ ਨਿਤਪ੍ਰਤਿ
ਬਿਸਤਾਰਹਿਂ ਤੁਮਰੀ ਦਿਸ਼ਿ ਕੋ ਦੇ ਉਪਦੇਸ਼।–ਸ੍ਰੀ ਸਤਿਗੁਰ ਕੋ ਜੇਠੋ
ਨੰਦਨ ਨਿਮਹਿ ਸ਼ਾਹੁ ਜਿਹ ਚਰਨ ਹਮੇਸ਼। ਕਰਾਮਾਤ ਕੇ ਧਨੀ ਸੰਪੂਰਨ
ਜਿਨ ਮਹਿਂ ਜਾਗਤ ਜੋਤਿ ਵਿਸ਼ੇਸ਼॥੩॥ਬਹੁਤ ਬਾਰ ਅਜ਼ਮਤ ਦਿਖਰਾਈ,
ਦਿੱਲੀ ਪੁਰਿ ਅਰੁ ਦਿੱਲੀ ਨਾਥ। ਦੇਖਿ ਦੇਖਿ ਬਿਸਮਤ ਚਿਤ ਹੋਇ[2],
ਸਗਲ ਅਜਾਇਬ ਕੀਨਸਿ ਗਾਥ–। ਕੋ ਜਾਨਹਿ ਕੋ ਨਾਹਿਨ ਜਾਨਹਿ
ਸਭਿਨਿ ਸੁਨਾਵਹਿਂ ਹਿਤ ਕੇ ਸਾਥ। ਨਿਸ਼ਚਾ ਗਿਰਨਿ ਦੇਹਿਂਗੇ ਕਾਹੁ ਨ,
ਕਹਿ ਕਹਿ ਆਨਹਿਂ ਟੇਕਹਿਂ ਮਾਥ ॥੪॥ ਅਪਰ ਉਪਾਵ ਕਰਹੁ ਜਿਮ ਹਮ
ਕਹਿਂ ਸ੍ਰੀ ਹਰਿਕ੍ਰਿਸ਼ਨ ਆਪ ਕੋ ਭ੍ਰਾਤ। ਇਸ ਤੇ ਆਦਿਕ ਅਪਰ ਜਿ
ਸੋਢੀਹੈਂ ਅਨੇਕਜਗ ਮੈਂ ਬੱਖਯਾਤ॥ਨਿਜ ਸੰਗਤਿ ਕਹੁਬਰਜਨਿ ਕਰਿਯਹਿ
ਕਿਹ ਸੋਂ ਮਿਲਹਿਂ ਨਹੀਂ ਕਿਸ ਭਾਂਤਿ। ਧੀਰਮੱਲ ਹੈ ਚਚਾ ਆਪ ਕੋ
ਤਿਸ ਤੇ ਭੀ ਬਰਜਹੁ ਕਹਿ ਬਾਤ ॥ ੫ ॥ ਅਪਨੇ ਸਿਖ ਸੰਗਤਿ ਹੈਂ ਖੇਤੀ
ਕਰਹਿਂ ਕਮਾਈ ਦਰਬ ਚਢਾਇਂ[3]। ਸਭਿ ਤੇ ਬਰਜਨ ਕਰਹੁ ਬਾਤ ਇਹ
ਜਿਸਤੇ ਨਿਤਪ੍ਰਤਿ ਬਧਤੀ ਜਾਇ।–ਬਡੇ ਬਿਰੋਧੀ ਹਮਰੇ ਸੋਢੀ–ਇਮ
ਕਹਿ ਸਭਿ ਮਾਹਂ ਵਿਹੁ ਬਿਦਤਾਇ॥ ਬਹੁਰ ਨ ਕਰਹਿਂ ਮੇਲ ਕਿਹ ਕੇ ਸੰਗ
ਇਕ ਤੁਮਰੇ ਹੀ ਪੂਜਹਿਂ ਪਾਇ ॥ ੬ ॥ ਪੂਰਬਲੇ ਅਨੁਸਾਰੀ ਰਹਿਂ ਸਿਖ
ਅਪਰ ਨਵੀਨ ਹੋਇਂ ਸਮੁਦਾਇ॥ ਸੰਗਤਿ ਬਧਹਿ ਰੀਤਿ ਇਮ ਕਰਤੇ ਧਨ
ਅਨਗਿਨਤ ਚਢਾਵਹਿਂ ਲਯਾਇ।–ਅਬਿ ਸ੍ਰੀ ਰਾਮਰਾਇ ਗੁਰ ਟਿੱਕਯੋ–
ਇਮ ਕਹਿ ਬਿਸਥਾਰਹਿਂ ਸਭਿ ਥਾਇਂ। ਸ੍ਰੀ ਹਰਿਰਾਇ ਬਿਕੁੰਠ ਸਿਧਾਰੇ

---

[1]ਰਾਮਰਾਇ ਤੋਂ। [2]ਔਰੰਗਾ ਤੇ ਦਿਲੀ ਸ਼ਹਿਰ ਵਾਲੇ ਦੇਖ ਦੇਖ ਅਚਰਜ ਹੋਏ। [3]ਸਿਖ ਸੰਗਤ ਆਪਣੇ ਹੱਥ ਦੀ ਖੇਤੀ ਕਮਾਈ ਕਰਕੇ ਦਰਬ ਲਿਆਉਂਦੇ ਹਨ।

ਤਿਨ ਸਥਾਨ ਤੇ ਤਥਾ ਸੁਹਾਇ ॥ ੭ ॥ ਜੋ ਲਘੁ ਜਾਤਿ ਅਨੇਕ ਬਿਧਿਨਿ ਕੀ ਝੀਵਰ ਅਰੁ ਕੁਮ੍ਹਿਆਰ ਚਮਾਰ। ਇੱਤਜਾਦਿਕ ਸਭਿ ਕਹੁ ਦਿਹੁ ਸਿੱਖੀ ਸਕਲ ਆਇ ਤੁਮ ਕਰਹਿਂ ਜੁਹਾਰ[1]। ਜਹਿਂ ਕਹਿਂ ਸੁਜਸੁ ਸੁਨਾਵਹਿਂ ਰਾਵਰਿ ਇਸੀ ਰੀਤਿ ਸਭਿ ਜਗ ਬਿਸਤਾਰ। ਗੁਰਤਾ ਬਿਦਤਹਿ ਤੁਮਰੇ ਤਨ ਕੋ,ਆਇਂ ਅਪਾਰ ਸਦਾ ਉਪਹਾਰ[2]॥੮॥ਬਡੋ ਪੁਤ੍ਰ ਬੈਠਤਿ ਹੈ ਗਾਦੀ ਲਘੁ ਸੁਤ ਰਹਿ ਬਡ ਕੇ ਅਨੁਸਾਰਿ। ਇਮ ਜਾਨਹਿਂ ਉੱਚਾਵਚ ਸਗਰੇ[3], ਲਖਹਿਂ ਤੁਮਹਿਂ ਸਤਿਗੁਰੂ ਉਦਾਰ। ਰਹਿ ਹੈਂ ਅਲਪ ਸੰਗਤਾਂ ਜੇਈ ਹਠ ਕਰਿ ਗਮਨਹਿਂ ਤਿਨ ਕੇ ਦ੍ਵਾਰ।ਕਜਾ ਅਚਰਜ ਹੈ ਜਾਨਿ ਦੇਹੁ ਤਿਨ, ਗੁਰ ਸੁਤ ਹੈ ਅਰੁਭ੍ਰਾਤ ਤੁਮਾਰ॥੯॥ਸ੍ਰੀਗੁਰ ਰਾਮਦਾਸ ਕੇ ਤ੍ਰੈ ਸੁਤ ਗੁਰਤਾ ਤ੍ਰਖਤ ਏਕ ਹੀ ਲੀਨਿ। ਸ੍ਰੀ ਅਰਜਨ ਕੇ ਪੂਜਤਿ ਪਾਇਨਿ ਅਰਪਹਿਂ ਭੇਟਨਿ ਹ੍ਵੈ ਸਿਖ ਦੀਨ।ਪ੍ਰਿਥੀਆ ਮਹਾਂਦੇਵ ਦ੍ਵੈ ਸ਼ੇਸ਼[4] ਜੁ ਪਿਤ ਨੇ ਭਿਨਕੀ ਸੰਗਤਿ ਕੀਨਿ*।ਸੋ ਸੇਵਕ ਤਿਨ ਕੇ ਹੁਇ ਚਾਲੇ ਅਰਪਤਿ ਵਸਤੂ ਰਹਤਿ ਅਧੀਨ॥੧੦॥ਪੁਨ ਸਤਿਗੁਰ ਸੁਤ ਸ੍ਰੀਗੁਰਦਿੱਤਾ ਤਿਨ ਕੇ ਸੁਤ ਉਪਜਤਿ ਭੇ ਦੋਇ। ਇਕ ਤੁਮ ਪਿਤ ਅਰੁ ਧੀਰਮੱਲਜ ਹੈ ਗੁਰਤਾ ਉਚਿਤ ਬਡੌ ਸੁਤ ਜੋਇ।ਲਘੁ ਕਉ ਸੰਗਤਿ ਪੂਜਤਿ ਹੈ[5], ਕੁਛ ਰਹਿ ਕਰਤਾਰਪੁਰੇ ਬਿਚ ਸੋਇ[6]।ਚਿਤ ਮਹਿਂ ਚਹਤਿ ਰਹਜੋ ਗੁਰਤਾ ਕਹੁ ਕਿਮ ਪ੍ਰਾਪਤਿ ਭਾਗਨ ਬਿਨ ਹੋਇ ॥੧੧॥ ਤਿਮ ਤੁਮਰੋ ਇਕ ਅਨੁਜ ਸੁ ਜਾਨਹੁ ਕੇਤਿਕ ਸੰਗਤਿ ਰਹਿ ਤਿਨ ਪਾਸ।ਪਿਖਿ ਕਜੋਂ ਤਪਹੁ,ਭ੍ਰਾਤ ਹੈ ਰਾਵਰਿ,ਅਰੁ ਸਭਿ ਮਾਤਾ ਰਹਤਿ ਅਵਾਸ। ਸੋ ਭੀ ਸਦਨ ਆਪਨੇ ਜਾਨਹੁ ਬਨਹਿ ਪਠਾਵਨਿ ਧਨ ਕੋ ਰਾਸ। ਸਾਤ ਬਿਧਿ ਕੀ ਸੁਧ ਤੁਮ ਹੀ ਲੀਜਹਿ ਕੀਜਹਿ ਮੇਲ ਅਨੰਦ ਪ੍ਰਕਾਸ਼' ॥ ੧੨॥ ਦੋਹਰਾ ॥ ਸ੍ਰੀ ਸਤਿਗੁਰ ਹਰਿਰਾਇ ਕੇ ਜੇਠੇ ਸੁਤ ਸੁਨਿ ਬਾਤ। ਮਾਨੀ ਨਹਿਂ ਮਾਨੀ ਕਛੂ[7] ਕਹਤਿ ਭਯੋ ਬੱਖਜਾਤ ॥ ੧੩ ॥ ਸੈਯਾ ਛੰਦ ॥ 'ਮਲਨਿ

---

[1]ਨਮਸਕਾਰ। [2]ਭੇਟਾ। [3]ਸਾਰੇ ਉੱਚੇ ਨੀਵੇਂ ਜਾਣਨਗੇ। [4]ਬਾਕੀ। [5]ਛੋਟੇ ਭਾਵ ਸ੍ਰੀ ਗੁਰੂ ਹਰਿਰਾਇ ਜੀ ਨੂੰ ਸੰਗਤ ਪੂਜਦੀ ਹੈ। [6]ਸੋ ( ਧੀਰਮੱਲ ) ਕਰਤਾਰ ਪੁਰ ਵਿਚ ਰਹਿੰਦਾ ਹੈ ਕੁਛ (ਸੰਗਤ ਤਿਸ ਨੂੰ ਪੂਜਦੀ ਹੈ)। [7]ਟੇਕਾਰੀ ਨੇ ਕੁਛ ਨਾ ਮੰਨੀ। (ਅ) ਕੁਛ ਮੰਨ ਲਈ ਤੇ ਕੁਛ ਨਾ ਮੰਨੀ।

*ਮਸੰਦ ਇਹ ਗਲ ਠੀਕ ਨਹੀਂ ਕਹਿ ਰਹੇ ਜਾਪਦੇ। ਪ੍ਰਿਥੀਏ ਨੂੰ ਦੁਆਰਾ ਖੁੱਲ੍ਹਾ ਦਿਤਾ ਪਰ ਸੰਗਤ ਤਾਂ ਤਾਰਨਹਾਰ ਦੇ ਮਗਰ ਲਗਦੀ ਸੀ।

ਹਮਾਰੇ ਹੋਇ ਨ ਕਿਮ ਹੀ, ਪਰਜੋ ਅੰਤਰੋ[1] ਅਬਹਿ ਬਿਸਾਲ । ਸ੍ਰੀ ਸਤਿਗੁਰ ਪਿਤ ਨੇ ਜੁ ਕਹੇ ਬਚ,ਸਭਿ ਨੇ ਸੁਨੇ ਹੁਤੇ ਤਿਸ ਕਾਲ । ਯਾਂ ਤੇ ਮਿਲਹਿਂ ਨ ਸੰਗ ਮੋਹਿ ਸੋਂ ਜਿਨ ਕੇ ਮਨ ਮਹਿਂ ਹਟਕ ਅਚਾਲ[2] । ਤਿਨਹੁੰ ਬਤਾਯੋ ਲਘੁ ਸੁਤ ਪੂਜਨਿ,ਭਏ ਰਿਦੇ ਤਿਤ ਸ਼ਰਧਾ ਨਾਲ[3] ॥੧੪॥ ਪਠਹੁ ਮਸੰਦਨਿ ਦੇਸ਼ਨਿ ਮਾਂਹੀ ਜਿਸ ਸੰਗਤਿ ਪਰ ਜੋ ਚਲਿ ਜਾਇ । ਤਹਿਂ ਕੀ ਤਿਹ ਦਸਤਾਰ ਬੰਧਾਵਹੁ, ਦੇਹੁ ਦਰਬ ਮਨ ਅਧਿਕ ਬਧਾਇ । ਸਿੱਖਜਨਿ ਸਭਿ ਮਹਿਂ ਰਹਿਂ ਉਪਦੇਸ਼ਤਿ ਇਤ ਕੋ ਸੁਜਸੁ ਬਿਸਾਲ ਸੁਨਾਇ । ਬੰਦੁਬਸਤ ਕਰਿ ਕੈ ਬਿਧਿ ਨੀਕੇ ਲੇ ਆਵਹਿਂਗੇ ਹਮਰੇ ਥਾਇਂ ॥ ੧੫ ॥ ਸ੍ਰੀ ਹਰਿਕ੍ਰਿਸ਼ਨ ਸਮੀਪ ਨ ਜਾਵਹਿਂ,-ਖਾਰਜਸਿੱਖੀਤੇ-ਡਰਪਾਇਂ।ਬਰਜਨ ਕਰਹਿਂ ਜਾਹਿਂ ਸਭਿ ਦੇਸ਼ਨਿ ਲਘੁ ਬਿਲੰਦ ਕੋ[4] ਦੇਂ ਸਮੁਝਾਇ । ਤਿਮ ਸਭਿ ਸੋਢੀ ਗੁਰੂ ਕਹਾਵਹਿਂ, ਨਹੀਂ ਨਿਕਟਿ ਤਿਨ ਕੇ ਭੀ ਜਾਇਂ । ਅਪਨੀ ਸੰਗਤਿ ਰਹੈ ਨਿਰਾਲੀ, ਕਰਹਿਂ ਕੜਾਹੀ ਭਾਉ ਬਧਾਇ*' ॥ ੧੬ ॥ ਇਮ

---

[1]ਫਰਕ । [2]ਅਟੱਲ ਹਟਕ (ਭਾਵ ਸ੍ਰੀ ਗੁਰੂ ਹਰਿਰਾਇ ਜੀ ਨੇ ਸੰਗਤ ਨੂੰ ਮੇਰੀ ਤਰਫੋਂ ਜੋ ਹਟਕਿਆ ਹੈ ਸੋ ਅਟੱਲ ਹੈ) ਇਸ ਲਈ ਉਹ ਸੰਗਤ ਮੇਰੇ ਨਾਲ ਕਦੇ ਨਹੀਂ ਮਿਲ ਸਕਦੀ । [3]ਤਿਸੀ ਭਾਵ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਸ਼ਰਧਾ ਵਾਲੇ ਹੋ ਗਏ ਹਨ । [4]ਵੱਡੇ ਛੋਟੇ ਨੂੰ ।

*ਪ੍ਰਿਥੀਆ, ਧੀਰਮਲ, ਰਾਮਰਾਇ ਆਦਿਕਾਂ ਨੂੰ ਜੋ ਜੋ ਲਗ ਪਗ ਹਰ ਗੁਰੂ ਜੀ ਦੇ ਸਮੇਂ ਗਦੀ ਦੇ ਖਾਹਸ਼ਮੰਦ ਹੋਏ, ਸਤਿਗੁਰਾਂ ਗੱਦੀ ਨਹੀਂ ਦਿੱਤੀ । ਉਸ ਦੇ ਕਾਰਨ ਕਈ ਹੁੰਦੇ ਸਨ ਪਰ ਇੱਕ ਵੱਡਾ ਕਾਰਨ ਸਫੁਟ ਦਿੱਸ ਪੈਂਦਾ ਹੈ ਕਿ ਏਹ ਲੋਕ ਸਿੱਖੀ ਨੂੰ ਆਪਣੇ ਐਸ਼੍ਵਰਜ ਦਾ ਵਸੀਲਾ ਸਮਝਦੇ ਹਨ; ਹਾਲਾਂਕਿ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸਾਰੇ ਗੱਦੀ ਨਸ਼ੀਨ ਗੁਰੂ ਸਾਹਿਬ ਸੰਗਤਾਂ ਨੂੰ ਰੱਬ ਰਸਤੇ ਲਾਉਣਾ ਤੇ ਉਧਾਰ ਕਰਨਾ ਆਪਣਾ ਫਰਜ਼ ਸਮਝਦੇ ਸਨ, ਤੇ ਨਾਮ ਨਾਲ ਜੀ ਉਠੇ ਸੱਜਣਾਂ ਨੂੰ ਉੱਚਾ ਦਰਜਾ ਦੇਂਦੇ ਸਨ । ਓਹ ਜਗਤ ਨੂੰ ਮੁਕਤਿ ਦਾਨ ਦੇਣਾ ਪ੍ਰਯੋਜਨ ਰੱਖਦੇ ਸਨ, ਤੇ ਆਪ ਨੂੰ ਨਿਆਰੇ ਰੱਖਦੇ ਸਨ । ਸਤਿਗੁਰੂ ਜੀ ਮਾਇਆ ਨੂੰ ਸੇਵਾ ਪਰ ਖਰਚਦੇ ਸਨ ਤੇ ਅੰਤਰ ਆਤਮੇ ਵਾਹਿਗੁਰੂ ਜੀ ਨਾਲ ਜੁੜੇ ਹੋਏ ਵਾਹਿਗੁਰੂ ਜੀ ਦੇ ਪ੍ਰੇਮ ਤੇ ਨਿਰਮਲ ਭਉ ਵਿਚ ਵੱਸਦੇ ਸੇ ਤੇ ਗੁਰਿਆਈ ਨੂੰ 'ਗੋਰੀ ਪੋਟ' ਕਹਿਕੇ ਇਸ ਤੋਂ ਡਰਦੇ ਸੇ, ਕੇਵਲ ਆਪਣੇ ਸਤਿਗੁਰ ਦਾ ਹੁਕਮ ਹੋਣ ਕਰਕੇ ਸਿਰ ਤੇ ਜ਼ਿੰਮੇਂਵਾਰੀ ਚਾਉਂਦੇ ਸਨ । ਰਾਮਰਾਇ ਜੀ ਇਸ ਨੂੰ ਨਿਜ ਐਸ਼੍ਵਰਜ ਸਮਝ ਕੇ ਜੋ ਮਸੰਦਾਂ ਨੂੰ ਅਪਣਾ ਕੇ ਵਰਤਨ ਲਗੇ ਹਨ, ਓਹੋ ਉਨ੍ਹਾਂ ਦੇ ਦੁੱਖ ਦਾ ਕਾਰਨ ਬਣਿਆ ਕਿ ਮਸੰਦ ਲੋਕ ਅਪਣੇ ਆਪ ਨੂੰ ਗੁਰਿਆਈ ਦਾ ਵਸੀਲਾ ਸਮਝ ਕੇ ਸਰਕਸ਼ ਹੋ ਗਏ ਤੇ ਇਹ ਮੰਨ ਬੈਠੇ ਕਿ ਗੁਰੂ ਸਾਡੀ ਆਸਤੀਨ ਵਿਚ ਹੈ, ਜਿਸ ਨੂੰ ਚਾਹੀਏ ਬਣਾ ਦੇਈਏ । ਦੇਖੋ ਇਸੇ ਅੰਸੂ ਦਾ ਅੰਕ ੨੦ ਤੇ ੨੧ ।

ਕਹਿ ਅਨਿਕ ਮਸੰਦ ਪਠੇ ਹੈਂ ਮਾਨ ਦਾਨ ਦੇ ਦਰਬ ਅਪਾਰ। ਸਿਰ ਦਸ-
ਤਾਰ ਬੰਧਾਵਨਿ ਕਰਿ ਕੈ ਲਿਖੇ ਹੁਕਮ ਨਾਮੇ ਕਰਿ ਧਾਰਿ। ਜਿਹ ਕੋ ਜਹਿਂ
ਭੇਜਯੋ ਤਿਹ ਆਖਯ[1] ਲਿਖਯੋ 'ਹਮਾਰੋ ਇਹ ਮੁਖਤਯਾਰ। ਗੁਰ ਮਨੌਤ
ਹੁਇ ਸੋ ਇਸ ਦੀਜਹਿ, ਕਹੈ ਜੁ ਮਾਨਹੁ, ਹੋਇ ਉਦਾਰ ॥ ੧੭ ॥ ਰਹਹੁ
ਸਦਾ ਅਨੁਸਾਰੀ ਇਸ ਕੇ, ਆਵਹੁ ਦਰਸ਼ਨ ਕੋ ਸੰਗ ਲੇਯ। ਜੌਨ ਆਇ ਧਨ
ਅਰਪਹਿ ਇਸ ਸਭਿ, ਹਮ ਕੋ ਪਹੁੰਚਹਿ ਗੋ ਜੋ ਦੇਯ। ਗੁਰ ਕੀ ਖੁਸ਼ੀ ਹੋਹਿ
ਤੁਮ ਊਪਰ ਕਰਹੁ ਕਾਮਨਾ ਪੂਰਹਿਂ ਸੇਯ। ਸ਼ਬਦ ਪਠਹੁ ਅਰੁ ਜਨਮ
ਸੁਧਾਰਹੁ ਨਹਿਂ ਭਰਮਹੁ ਨਿਜ ਧਰਮ ਗਹੇਯ' ॥ ੧੮ ॥ ਗਹੇ ਹੁਕਮਨਾਵੇ
ਸਭਿ ਧਾਏ, ਜਾਇ ਸੰਗਤਿਨਿ ਮਹਿਂ ਧਨ ਲੀਨਿ। ਅਪਰ ਗੁਰੂ ਕੇ ਨਿੰਦਕ
ਬਨਿ ਬਨਿ ਅਪਨੇ ਪਰ ਭਰਮਾਇਂ ਪ੍ਰਬੀਨ। ਝੂਠ ਬੋਲਨੋ ਕਪਟ ਕਮਾਵਨਿ
ਜਨੋਂ ਕਨੇ ਦਰਬ ਲੇਹਿਂ ਲਬ ਭੀਨ[2]। ਭੋਲੀ ਸੰਗਤਿ ਕਰਿ ਬਸਿ ਅਪਨੇ
ਅਪਰਨਿ ਢਿਗ ਪਹੁੰਚਨਿ ਨਹਿਂ ਦੀਨਿ ॥੧੯॥ ਅਧਿਕ ਦਰਬ ਸੰਗਤਿ ਤੇ
ਆਵਹਿ ਕੁਛ ਸ੍ਰੀ ਰਾਮਰਾਇ ਢਿਗ ਦੇਹਿਂ। ਔਰ ਸਕਲ ਅਪਨੇ ਢਿਗ
ਰਾਖਹਿਂ ਭਏ ਧਨੀ ਸਿੱਖਨਨਿ ਧਨ ਲੇਹਿ। ਪਾਇ ਪਦਾਰਥ ਭਏ ਹੰਕਾਰੀ,
ਬਡੇ ਅਸ਼ਰਧਕ ਲਖਹਿਂ ਨ ਕੇਹਿ।–ਗੁਰੂ ਬਨਾਵਨਿ ਹਮਰੇ ਬਸ ਹੈ ਜਿਸ
ਕੋ ਚਾਹਹਿਂ ਤਿਸਹਿਂ ਪੁਜੇਹਿਂ ॥੨੦॥ ਸਗਲ ਸੰਗਤਾਂ ਸੰਗ ਹਮਾਰੇ, ਜਿਸ
ਢਿਗ ਚਾਹਹਿਂ ਤਹਿਂ ਲੇ ਜਾਹਿਂ। ਨਿਜ ਅਸਤੀਨ ਹਿਲਾਵਨਿ ਕਰਿ ਕੈ[3]
ਗੁਰੂ ਨਿਕਾਸਹਿਂ ਦੇਹਿਂ ਬਿਠਾਇ। ਜੋ ਗੁਰ ਰਹੈ ਅਧੀਨ ਹਮਾਰੇ ਤਿਸ ਹੀ
ਕੇ ਪੁਜਵਾਵਹਿਂ ਪਾਇ। ਨਾਂਹਿ ਤ ਅਪਰ ਥਾਨ ਲੇ ਗਮਨਹਿਂ, ਤਿਹ ਘਟਿ
ਕਰਿ ਦਾਂ ਔਰ ਬਧਾਇ–॥੨੧॥ ਇੱਤਯਾਦਿਕ ਲਖਿ ਮੂਰਖ ਗਰਬੇ ਨਿਤ
ਪ੍ਰਤਿ ਚਲਤੇ ਭਏ ਕੁਚਾਲ। ਪਾਨ ਬਾਰੁਨੀ ਬਾਰਬਧੂ ਰਤਿ[4], ਲਗੇ ਪਾਪ
ਮਹਿਂ ਦੁਸ਼ਟ ਬਿਸਾਲ। ਨਿਰਧਨ ਸਿੱਖਨਨਿ ਕਹੁ ਦੁਖਦਾਯਕ ਝਿਰਕਹਿਂ
ਕਹਿ ਕਹਿ ਬੋਲ ਕਰਾਲ। 'ਗੁਰ ਮਾਰਯੋ ਤੂੰ ਦਰਬ ਨ ਦੇਤੇ ਨਿਤ
ਕੁਟੰਬ ਕਰਤੇ ਪ੍ਰਤਿਪਾਲ ॥੨੨॥ ਮੈਂ ਗੁਰ ਕੋ ਸਿਖ ਨਹਿਂ, ਤੁਮ ਲਿਖ
ਦਿਹੁ' ਇਮ ਡਰਪਾਇ ਲੇਤਿ ਧਨ ਛੀਨਿ। ਘਰ ਕੀ ਵਸਤੁ ਬਿਕਾਵਹਿਂ

[1]ਤਿਸ ਦਾ ਨਾਮ। [2]ਲੋਭ ਵਿਚ ਭਿੱਜੇ। [3]ਚੋਲੇ ਦੀ ਬਾਂਹ ਹਿਲਾ ਕਰਕੇ। [4]ਸ਼ਰਾਬ ਪੀਣ ਵਾਲੇ ਤੇ ਵੇਸਵਾ ਪ੍ਰੇਮੀ।

ਬਲ ਤੇ ਕਰਹਿਂ ਤੰਗ ਅਰੁ ਅਧਿਕ ਸੁ ਦੀਨ।*ਕਬਿ ਸ੍ਰੀ ਰਾਮਰਾਇ ਢਿਗ ਪਹੁੰਚਹਿਂ ਕਰਹਿਂ ਪੁਕਾਰ[1] 'ਹਮਹਿ ਦੁਖ ਦੀਨਿ'। ਤਦਪਿ ਮਸੰਦਨਿ ਤੇ ਨ ਭਨਹਿਂ ਕੁਛ ਕਹਿਬਾਕਨ ਕੋ ਖ਼ਾਤਰ ਕੀਨਿ*॥੨੩॥ਦੋਹਰਾ॥ਇਸਬਿਧਿ ਅਪਨੀ ਸੰਗਤਾਂ ਬਾਂਟ ਮਸੰਦਨਿ ਦੀਨਿ। ਬੰਦੁਬਸਤ ਸਭਿ ਰੀਤਿ ਕਰਿ ਰਾਖੀ ਸਕਲ ਅਧੀਨ ॥ ੨੪ ॥ ਦੇਤਿ ਬਡਾਈ ਅਧਿਕ ਨਿਤ ਜੋ ਮਸੰਦ ਬਿਚਿ ਦੇਸ਼। ਜਿਮ ਅਧੀਨ ਮੇਰੇ ਰਹੈਂ ਕਰਤਿ ਉਪਾਇ ਵਿਸ਼ੇਸ਼ ॥ ੨੫ ॥ ਸਿਰੋਪਾਉ ਅਰੁ ਦਰਬ ਬਹੁ ਦੇਤਿ ਦਾਨ ਸਨਮਾਨ। ਸਿੱਖਜਨਿ ਕੇ ਦੁਖ ਦਾਇਕਨਿ[2] ਨਹਿਂ ਬਰਜਤਿ ਰਿਸ ਠਾਨਿ॥੨੬॥ਬਿਗਰੇ ਕਾਰ ਗੁਰੂਨਿ ਤੇ ਧਰਤਿ ਮਹਾਂ ਹੰਕਾਰ।ਪਾਤਸ਼ਾਹ ਦਸਮੇ ਬਿਨਾਂ ਕੌਨ ਸੁਧਾਰੇ ਮਾਰਿ[3]॥੨੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਉਨਤ੍ਰਿੰਸਤੀ ਅੰਸੂ ॥ ੨੯ ॥

## ੩੦. [ਰਾਮਰਾਇ ਜੀ ਦੀ ਦ੍ਵੈਸ਼]।

ਦੋਹਰਾ ॥ ਸ੍ਰੀ ਹਰਿ ਕ੍ਰਿਸ਼ਨ ਪ੍ਰਤਾਪ ਬਡ ਸੁਜਸੁ ਸੁਨਹਿਂ ਨਿਤ ਕਾਨ। ਧੀਰ ਮਹਾਂ ਗੰਭੀਰ ਹੈਂ ਕਰਾਮਾਤ ਮਹੀਯਾਨ ॥ ੧ ॥ ਚੌਪਈ ॥ ਅਨਿਕ ਸੰਗਤਾਂ ਨਿਤ ਪ੍ਰਤਿ ਆਵੈਂ।ਅਰਪਿ ਉਪਾਇਨ ਦਰਸ਼ਨ ਪਾਵੈਂ।ਪੁਰ ਕਾਮਨਾ ਸਿੱਖਜ ਅਨੇਕੁ। ਕੇਤਿਕ ਪਾਵਤਿ ਦਾਤ ਬਿਬੇਕੁ ॥ ੨ ॥ ਕੀਰਤਿ ਪਸਰੀ ਪੁਰਿ ਪੁਰਿ ਘਰ ਘਰ। ਸੰਕਟ ਪਰਹਰਿ ਦਰਸ਼ਨ ਕਰਿ ਕਰਿ। ਆਨਿ ਆਨਿ ਗੁਨ ਅਧਿਕ ਸੁਨਾਵੈਂ। ਸੁਨਿ ਸੁਨਿ ਰਾਮਰਾਇ ਦੁਖ ਪਾਵੈ ॥ ੩ ॥ ਜਰੀ ਨ ਜਾਇ ਅਨੁਜ ਬਡਿਆਈ। ਚਿਤਵਤਿ ਚਿਤ ਮਹਿਂ ਅਤਿ ਤਪਤਾਈ। ਜਨੌਂ ਜਨੌਂ ਗੁਨ ਗਨ ਸੁਨਿ ਹੈ ਕਾਨ। ਤਨੌਂ ਤਨੌਂ ਛੋਭ ਰਿਦੇ ਬਹੁ ਠਾਨਿ ॥ ੪ ॥ ਬਸਿ ਨ ਬਸਾਵਹਿ ਚਿਤਵਹਿ ਜਤਨਾ। ਕਿਮ ਪ੍ਰਾਪਤਿ ਹੈ ਗੁਰਤਾ ਰਤਨਾ। ਸਿੱਖਜ ਮਸੰਦ ਮੇਵੜੇ ਬ੍ਰਿੰਦ। ਸਭਿ ਮਹਿਂ ਬੈਠੇ ਚਿੰਤ ਬਿਲੰਦ ॥ ੫ ॥ ਰਿਦੇ ਬਿਖੇ ਜਿਮ ਗਿਨਤੀ ਗਿਨਤਿ। ਮੁੱਖਜਨਿ ਸਾਥ ਬਾਕ ਕਹੁ ਭਨਤਿ। 'ਕਰਤਿ ਪ੍ਰਤੀਖਨਿ ਮੈਂ ਨਿਤ ਰਹਯੋ।ਬਿਨਅਧਿਕਾਰ ਅਨੁਜ ਪਦ ਲਹਯੋ ॥ ੬ ॥ ਦਿੱਲੀ ਪੁਰਿ ਆਵਨਿ ਢਿਗ ਸ਼ਾਹੁ। ਨਹਿਂ

---

[1]ਸਿੱਖ ਪੁਕਾਰ ਕਰਦੇ ਹਨ। [2]ਸਿਖਾਂ ਨੂੰ ਦੁੱਖ ਦੇਣੇ ਵਾਲੇ (ਮਸੰਦਾਂ ਨੂੰ)। [3]ਮਾਰ ਕਰਕੇ।

*ਇਹ ਦੋ ਤੁਕਾਂ ਲਿਖਤੀ ਨੁਸਖਿਆਂ ਵਿਚ ਹੈਨ, ਛਾਪੇ ਦਿਆਂ ਵਿਚ ਨਹੀਂ ਹਨ, ਤੇ ਇਨ੍ਹਾਂ ਦੀ ਥਾਵੇਂ ਇਹ ਦੋ ਤੁਕਾਂ ਹਨ:-ਕਹਿ ਕਰਿ ਜੋਰ ਗਰੀਬਨ ਊਪਰ ਨਹਿਂ ਤਿਨ ਦੇਖਹਿ ਧਨ ਤੇ ਹੀਨ। ਮੂਰਖ ਅਪਨਾ ਆਪ ਜਨਾਵਨ ਪਰਮੇਸਰ ਤੇ ਕਉ ਨਹਿ ਭੀਨ।

ਕਿਨ ਕੀਨਸਿ ਤਬਿ ਉਤਸਾਹੂ। ਸਭਿ ਤੇ ਅੱਗ੍ਰ ਕੀਏ ਮੁਝ ਭੇਜਾ। ਨਾਮ ਸੁਨੇ ਜਿਸ ਧਰਕ ਕਰੇਜਾ ॥ ੭ ॥ ਮੈਂ ਅਪਨੀ ਬੁਧਿ ਕੋ ਬਲ ਕਰਿਕੈ। ਅਜਮਤ ਅਨਿਕ ਪ੍ਰਕਾਰ ਦਿਖਰਿਕੈ। ਕਹਿਬੇ ਸੁਨਿਬੇ ਕੀ ਚਤੁਰਾਈ। ਕਰੀ ਬਹੁਤ ਮਿਲਿ ਤੁਰਕਨਿ ਰਾਈ ॥ ੮ ॥ ਜਹਿਂ ਬਾਦੀ ਸਮੁਦਾਇ ਸਦੀਵਾ। ਸਭਿਹਿਨਿ ਕਹੁ ਹੰਕਾਰ ਕਰਿ ਨੀਵਾ। ਰਸ ਰਾਖ੍ਯੋ ਬਡ ਨੌਰੰਗ ਸੰਗ। ਤਹਿਂ ਬੈਠਕ ਸ਼ੁਭ ਲਈ ਉਤੰਗ॥੯॥ ਨਿਜ ਅਨੁਸਾਰ ਸ਼ਾਹੁ ਕਰਿ ਰਾਖਾ। ਨਹੀਂ ਦਿਯੋ ਬਿਗਰਨਿ, ਹਿਤ ਕਾਂਖੀ[1]। ਇਤ ਮੁਹਿ ਪਠਯੋ ਰਹਯੋ[2] ਢਿਗ ਸ਼ਾਹੂ। ਪਿਤ ਜੁਤਿ ਤੇ ਨਚਿੰਤ ਸੁਖ ਮਾਂਹੂ ॥ ੧੦ ॥ ਆਯਹੁ ਸਮਾ ਲੇਨਿ ਬਡਿ-ਆਈ। ਮੇਰੋ ਤ੍ਯਾਗ ਕਰਯੋ ਰਿਸ ਪਾਈ। ਸ਼੍ਰੀ ਹਰਿ ਕ੍ਰਿਸ਼ਨ ਲਿਯੋ ਸਭਿ ਸਾਜ[3]। ਹੁਤੋ ਪਿਤਾ ਢਿਗ ਜਿਤਿਕ ਸਮਾਜ ॥੧੧॥ ਗੁਰਤਾ ਕੇ ਸੰਗ ਸਭਿ ਕਿਛ ਲੀਨਿ। ਸਰਬੋਤਮ ਪਦ ਪਾਵਨ ਕੀਨਿ। ਅਬਿ ਤੌ ਅਪਰ ਉਪਾਇ ਨ ਬਨੇ। ਏਕ ਜਤਨ ਆਵਤਿ ਮੁਝ ਮਨੇ॥੧੨॥ ਸੋ ਮੈਂ ਕਰਿਹੌਂ ਟਰੌਂ ਨ ਕੈਸੇ। ਸੁਨਿ ਤੁਮ ਭਨਹੁ ਆਇ ਚਿਤ ਜੈਸੇ। ਨੌਰੰਗ ਕੋ ਸਮੁਝਾਵਨਿ ਕਰਿਕੈ। ਅਨਿਕ ਭੇਦ ਕੇ ਬਾਕ ਉਚਰਿਕੈ॥੧੩॥ ਕਰਿ ਅਪਨੇ ਤੇ ਅਧਿਕ ਬਡਾਈ। –ਤਿਸ ਢਿਗ ਕਰਾਮਾਤ ਅਧਿਕਾਈ। ਕਰਹੁ ਹਕਾਰਨਿ ਲੇਹੁ ਨਿਹਾਰੀ। ਬਹੁ ਪ੍ਰਕਾਰ ਸੋਂ ਦੇਹਿ ਦਿਖਾਰੀ॥੧੪॥ ਕਿਤਿਕ ਕਾਜ ਅਪਨੇ ਸੁਧਰਾਵਹੁ। ਅਜਮਤ ਤੇ ਸੁ ਕਰਹਿ ਤੁਮ ਪਾਵਹੁ। ਬਸਹਿ ਤੁਮਾਰੇ ਦੇਸ਼ਨਿ ਮਾਂਹੀ। ਪਠਹੁ ਬੁਲਾਵਨਿ ਆਵਹਿ ਪਾਹੀ–॥ ੧੫ ॥ ਇੱਤ੍ਯਾਦਿਕ ਕਹਿ ਸ਼ਾਹੁ ਸਿਖਾਇ। ਪਠਹਿਂ ਦੂਤ ਤੇ ਲਿਉਂ ਬੁਲਵਾਇ। ਜਬਿ ਇਸ ਥਲ ਮੇਂ ਆਵਨਿ ਕਰਿ ਹੈ। ਤਬਹਿ ਸ਼ਾਹੁ ਕੋ ਬਹੁਤ ਸਿਖਰਿਹੈਂ॥੧੬॥ ਇਸ ਪ੍ਰਕਾਰ ਕੋ ਪਾਵੈਂ ਭੇਦ[4]। ਪਰਹਿ ਬੈਰ ਜਿਸ ਤੇ ਦੇ ਖੇਦ। ਸਰਬ ਪ੍ਰਕਾਰ ਕਰਾਵਹੁਂ ਹੌਰਾ। ਜਬਿ ਢੀਕੌ ਪਰਿ ਹੈ ਇਸ ਠੌਰਾ ॥ ੧੭ ॥ ਲਘੁਤਾ ਜਹਿਂ ਕਹਿਂ ਜ਼ਾਹਰ ਹੋਇ। ਕਰਹਿ ਅਸ਼ਰਧਾ ਪੁਨ ਸਭਿ ਕੋਇ। ਨਹੀਂ ਉਪਾਇਨ ਅੰਰਪਨ ਕਰੈਂ। ਬਹੁਰ ਮੋਹਿ ਪਰ ਨਿਸ਼ਚੈ ਧਰੈਂ ॥੧੮॥ ਰਸ ਨਹਿਂ ਰਹਨਿ ਦੇਹੁਂ ਸੰਗ ਸ਼ਾਹੂ। ਬਦੀ ਕਰਹਿਂ ਸਭਿ ਤੁਰਕ ਜਿ ਪਾਹੂ। ਕਰਾਮਾਤ ਕੌਤਕ ਦਿਖਰਾਵੈ। ਨਿਤਪ੍ਰਤਿ ਰੀਤਿ ਨਵੀਨ ਸਿਖਾਵੈਂ ॥੧੯॥ ਆਇ ਜਿ ਮਿਲਹਿ ਬਿਗਰ ਇਮ ਜਾਇ।

---

[1](ਸ੍ਰੀ ਗੁਰੂ ਜੀ ਦੇ) ਪ੍ਰੇਮ ਦੀ ਚਾਹ ਵਾਲਾ (ਰੱਖਿਆ)। [2](ਮੈਂ) ਰਿਹਾ। [3]ਸਾਮਾਨ। [4]ਫ਼ਰਕ ਪਾ ਦੇਵਾਂਗਾ।

ਜੈ ਨਿਜ ਪਿਤ ਪਰ ਕਰਹਿ ਸੁਭਾਇ। ਕਰੇ ਹਕਾਰਨ ਜੇ ਨਹਿਂ ਆਵਹਿ।ਸ਼ਾਹ
ਦੂਤ ਛੂਛੇ ਉਲਟਾਵਹਿ॥ ੨੦॥ ਤੌ ਭੀ ਹਮ ਕੋ ਹੈ ਬਿਧਿ ਨੀਕੀ। ਪੂਜਹਿ
ਭਾਵਨਾ ਹਮਰੇ ਜੀ ਕੀ। ਸ਼ਾਹੁ ਕਰਹਿ ਤਬਿ ਜ਼ੋਰ ਬਡੇਰਾ। ਰਿਸ ਕਰਿ ਸੈਨ
ਪਠਾਵਹਿ ਵੇਰਾ ॥੨੧॥ ਲਰਸੈ ਜਾਇ ਕਿਮ ਇਸ ਕੇ ਸਾਥ। ਅਤਿ ਜ਼ੋਰਾ-
ਵਰ ਦਿੱਲੀ ਨਾਥ। ਅਪਰ ਉਪਾਇ ਬਨਹਿ ਤਬਿ ਨਾਂਹੀ। ਜੰਗਲ ਦੇਸ਼
ਪ੍ਰਵੇਸ਼ਹਿ ਜਾਹੀ ॥੨੨॥ ਛੋਰਿ ਜਾਇਗੋ ਕੀਰਤਿਪੁਰਿ ਕੋ। ਕਰਨੋ ਬਸਾਵਨਿ
ਜੋ ਸ੍ਰੀ ਗੁਰ ਕੋ। ਜਿਮ ਮੈਂ ਨਿਕਸਿ ਰਹਨੋ ਅਨ ਠੌਰਾ। ਸੋ ਭੀ ਬਸਹਿ ਹੋਹਿ
ਤਿਮ ਹੌਰਾ ॥੨੩॥ ਇਮ ਭੀ ਹੋਇ ਤ ਮੁਝ ਕਉ ਨੀਕੀ। ਮਹਿੰਮਾ ਪਰਹਿ
ਅਨੁਜ ਕੀ ਫੀਕੀ।ਮੋਹਿ ਪ੍ਰਤਾਪ ਬ੍ਰਿਧਾਇ ਬਧੇਰਾ।ਅਜ਼ਮਤ ਤੇ ਰਸ ਨੌਰੰਗ
ਕੇਰਾ ॥੨੪॥ ਦੋਨਹੁੰ ਬਿਧਿਨਿ ਲਾਭ ਹੈ ਮੋਹੀ। ਹੌਰਾ ਅਨੁਜ, ਕਰੇ ਇਮ,
ਹੋਹੀ'। ਇਮ ਸ੍ਰੀ ਰਾਮਰਾਇ ਨੇ ਕਹਨੋ। ਸਕਲ ਮਸੰਦ ਮੇਵਕਨਿ ਲਹਨੋ
॥੨੫॥ ਤਿਸ ਕੇ ਬਾਕਨਿ ਕਹੁ ਸਨਮਾਨਤਿ। ਤਬਿ ਗੁਰਦਾਸਹਿ ਆਦਿ
ਬਖਾਨਤਿ। 'ਕੋ ਤੁਮ ਤੇ ਬੁਧਿਵਾਨ ਬਿਸਾਲਾ?।ਉਰ ਸਰਬੱਗਜ ਸਰਬ ਹੀ
ਕਾਲਾ ॥ ੨੬ ॥ ਹਾਨ ਲਾਭ ਜਸੁ ਅਪਜਸੁ ਦੋਨ। ਗੌਰਾ ਅਰੁ ਹੌਰਾ ਜਗ
ਹੌਨ। ਗੁਰ ਘਰ ਕੀ ਜੇਤਿਕ ਬਡਿਆਈ। ਹਸਤਾਮਲ[1] ਜਿਮ ਲਖਹੁ
ਸਦਾਈ ॥੨੭॥ ਜਿਮ ਰਾਵਰ ਕੋ ਨੀਕੋ ਹੋਇ। ਤਿਮ ਚਿਤ ਚਾਹਤਿ ਹਮ
ਸਭਿ ਕੋਇ। ਚਢੇ ਆਪ ਕੇ ਬੇਰੇ[2] ਮਾਂਹਿ। ਹਾਨ ਲਾਭ ਤੁਮਰੇ ਸੰਗ
ਪਾਹਿ ॥੨੮॥ ਅਬਿ ਤੌ ਦੋਨਹੁ ਭ੍ਰਾਤਨਿ ਕੇਰਾ। ਨੀਕੀ ਰੀਤਿ ਸਮਾਜ
ਘਨੇਰਾ।ਸੁਜਸੁ ਦੁਹਨਿ ਕੋ ਜਗ ਮੈਂ ਫੈਲਾ। ਉੱਜਲ ਜਥਾ ਹਿਮਾਲਯ ਸੈਲਾ
॥੨੯॥ ਜੇ ਬਿਰੋਧ ਬਧਿ ਗਯੋ ਘਨੇਰਾ। ਕੋ ਜਾਨਹਿ ਕਿਮ ਹੋਵਹਿ ਫੇਰਾ।
ਐਸੀ ਬਾਤ ਕਰਨਿ ਬਨਿ ਆਵਹਿ। ਤੁਮ ਘਰ ਤੇ ਗੁਰਤਾ ਨਹਿਂ ਜਾਵਹਿ
॥੩੦॥ਨਾਂਹਿਤ ਸੋਢੀ ਬਾਂਛਤਿ ਸਾਰੇ। ਗੁਰਤਾ ਹੇਤੁ ਕਰਤਿ ਉਪਚਾਰੇ।
ਬਧੇ ਕ੍ਰੋਧ ਅਸ ਨਹਿਂ ਹੁਇ ਜਾਇ। ਅਰਪਹਿਂ ਗੁਰਤਾ ਅਪਰ ਸੁ ਥਾਇ
॥੩੧॥ ਸ਼ਾਹੁ ਮਹਾਂ ਬਾਦੀ ਬਿਗਰੈ ਹੈ। ਜੇ ਕਿਛੁ ਬਿਘਨ ਤਹਾਂ ਹ੍ਵੈ ਜੈ ਹੈ।
ਤੁਮਹਿ ਕਲੰਕ ਚਢਹਿ ਨਹਿ ਜੈਸੇ। ਕਰਨੋ ਬਨੈ ਆਪ ਕੋ ਤੈਸੇ ॥ ੩੨ ॥
ਕਰਹਿ ਬਾਦ ਜਬਿ ਨੌਰੰਗ ਮਹਾਂ। ਲਗਹਿ ਬਿਗਾਰਨਿ[3] ਜੋ ਕਿਛ ਤਹਾਂ।
ਕਰਹਿ ਅਜੋਗ ਤੁਰਕ ਗਨ ਕਹੇ। ਅਸ ਨਹਿਂ ਹੋਇ ਬਸ ਨ ਤੁਮ ਰਹੇ॥

[1]ਪ੍ਰਤੱਖ, ਜਾਂ ਹੱਥ ਤੇ ਧਰਿਆ ਔਲੇ ਵਾਂਗ। [2]ਜਹਾਜ਼। [3](ਕੀਰਤਪੁਰ ਵਿਚ) ਵਿਗਾੜ ਕਰਨ ਲਗ ਜਾਵੇਗਾ।

॥੩੩॥ ਜਥਾ ਮਤੰਗ ਬਲੀ ਕੀ ਸੁੰਡਾ। ਦੇ ਪਕਰਾਇ ਪ੍ਰਥਮ ਤਿਹ ਤੁੰਡਾ[1]। ਪੁਨਹਿ ਮੁਚਾਵਨਿ ਚਾਹੇ ਕੋਈ। ਕਿਮ ਛੂਟਹਿ ਗਹਿ ਲੀਨਸਿ ਜੋਈ ॥੩੪॥ ਐਸੀ ਬਾਤ ਨਹੀਂ ਕੁਛ ਕੀਜੈ। ਜਿਸ ਤੇ ਲਘੁਤਾ ਅਪਨਿ ਲਖੀਜੈ। ਰਾਵਰ ਕੀ ਚਾਹਤਿ ਭਲਿਆਈ। ਇਸ ਕਾਰਨ ਤੇ ਭਾਖਿ ਸੁਨਾਈ' ॥ ੩੫॥ ਤਬਿ ਸ੍ਰੀ ਰਾਮਰਾਇ ਸੁਨਿ ਕਹਯੋ। 'ਇਮ ਨ ਹੋਇ ਜਿਮ ਤੁਮ ਮਨ ਲਹਯੋ। ਸ੍ਰੀ ਨਾਨਕ ਜੀ ਨੀਕੀ ਕਰੈਂ। ਅਧਿਕ ਬਿਰੋਧ ਨਹੀਂ ਹਮ ਧਰੈਂ ॥੩੬॥ ਇਮ ਕਹਿ ਕਰਿ ਨੌਰੰਗ ਸਿਖਰਾਵੈਂ। ਏਕ ਬਾਰ ਜਿਮ ਇਹਾਂ ਬੁਲਾਵੈ। ਜਥਾ ਸਦਨ ਹਮ ਨਿਕਸੇ ਬੈਸੇ। ਸ੍ਰੀ ਹਰਿਕ੍ਰਿਸ਼ਨ ਅਨਾਵੈਂ ਐਸੇ ॥੩੭॥ ਸੌਂਪਿ ਆਇ ਦਿੱਲੀ ਕਹੁ ਦਰਸੈ। ਬੋਲਨਿ ਤੁਰਕਨਿ ਸਾਥ ਸਪਰਸ਼ੈ ॥ ਮੋਹਿ ਸਮਾਨ ਕਰਹਿ ਸਭਿ ਆਇ। ਕੈ ਕੀਰਤਿਪੁਰਿ ਤੇ ਸੁ ਪਲਾਇ ॥੩੮॥ ਦੋ ਮੈਂ ਕਰਿ ਹੌਂ ਏਕ ਜ਼ਰੂਰ। ਤੌ ਮੇਰੀ ਭਾਵਨ ਹੁਇ ਪੂਰ। ਤੁਮ ਸਯਾਨੇ ਹਹੁ ਕਰਹੁ ਬਿਚਾਰਿ। ਜੇ ਨ ਕਰੌਂ ਮੈਂ ਇਸ ਬਿਧਿ ਕਾਰ ॥ ੩੯ ॥ ਤੌ ਮੇਰੋ ਨਿਸ਼ਫਲ ਬਲ ਅਹੈ। ਜੋ ਨਿਸ਼ਚਿੰਤ ਅਨੁਜ ਮਮ ਰਹੈ। ਗੁਰਤਾ ਗਾਦੀ ਕੋ ਅਧਿਕਾਰੇ। ਹੁਤੋ ਸੁ ਮੇਰੋ ਜਾਨਤਿ ਸਾਰੇ ॥੪੦॥ ਸ੍ਰੀ ਹਰਿ ਕ੍ਰਿਸ਼ਨ ਲੀਨਿ ਸੋ ਗਾਦੀ। ਬਹੁਰੋ ਭਏ ਪਰਸਪਰ ਬਾਦੀ। ਤੌ ਤੂਸ਼ਨਿ ਮੈਂ ਕੈਸੇ ਰਹੌਂ। ਜੇ ਕਰਿ ਦ੍ਵੈਸ਼ ਰਿਦਾ ਨਹਿੰ ਦਹੌਂ[2]' ॥੪੧॥ ਦੋਹਰਾ ॥ ਇਸ ਪ੍ਰਕਾਰ ਕਰਿ ਕੈ ਮਤੋ ਦ੍ਰਿੜ੍ਹ ਨਿਸ਼ਚਾ ਉਰ ਕੀਨਿ। ਅਨੁਜ ਹਕਾਰੈਂ ਸ਼ਾਹਿ ਢਿਗ ਕਵਿ ਸੰਤੋਖ-ਸਿੰਘ ਚੀਨ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥ ੩੦ ॥

### ੩੧. [ਸ੍ਰੀ ਰਾਮਰਾਇ ਜੀ ਦੀ ਦ੍ਵੈਸ਼]।

ਦੋਹਰਾ ॥ ਅਨੁਜ ਹਕਾਰਨਿ ਕਾਰਨੇ ਚਿਤਵਹਿ ਅਨਿਕ ਉਪਾਇ। ਪਿਖਹਿ ਕਹਿਨਿ ਅਵਕਾਸ਼ ਕੋ[3] ਜਬਹਿ ਸ਼ਾਹੁ ਢਿਗ ਜਾਇ ॥ ੧ ॥ ਚੌਪਈ ॥ ਇਕ ਦਿਨ ਪੁਨਹਿ ਪ੍ਰਸੰਗ ਚਲਾਯੋ। 'ਸ੍ਰੀ ਸਤਿਗੁਰ ਹਰਿਰਾਇ ਸਮਾਯੋ'। ਬੂਝਨਿ ਲਗਯੋ ਸ਼ਾਹੁ ਸਭਿ ਬਾਤ। 'ਪਿਤਾ ਤੁਮਾਰੇ ਜਗ ਬੱਖਯਾਤ ॥ ੨ ॥ ਕਿਸ ਪ੍ਰਕਾਰ ਸੋ ਗਏ ਸਮਾਇ। ਤੁਮ ਨਹਿੰ ਮਿਲੇ ਤੀਰ ਤਿਨ ਜਾਇ। ਕਿਮ ਨਹਿੰ

---

[1] ਸੁੰਡ ਵਿਚ ਤੁੰਡਾ ਫੜਾ ਦੇਵੇ। [2] ਜੇ ਮੈਂ ਦ੍ਵੈਸ਼ ਨਾਲ ਅਪਣਾ ਰਿਦਾ ਨਹੀਂ ਸਾੜਨਾ ਤਾਂ ਮੈਂ ਚੁੱਪ ਕੀਕੂੰ ਰਹਾਂ, ਭਾਵ ਚੁੱਪ ਰਹਾਂ ਤਾਂ ਦ੍ਵੈਸ਼ ਮੇਰਾ ਰਿਦਾ ਸਾੜੇਗੀ, ਜੇ ਉੱਦਮ ਕਰਾਂਗਾ ਤਾਂ ਉਨ੍ਹਾਂ ਨੂੰ ਦੁੱਖ ਪੁੱਜੇਗਾ, ਜਿਸ ਨਾਲ ਮੇਰਾ ਦਿਲ ਠਰੇਗਾ। [3] ਕਹਿਣ ਦਾ ਸਮਾਂ ਦੇਖਦਾ ਹੈ।

ਗਏ ਕਿ ਸੁਧ ਨਹਿਂ ਆਈ। ਕੋ ਕਾਰਨ ਭਾ ਕਹਹੁ ਬੁਝਾਈ ॥੩॥ ਸਕਲ ਸਮਾਜ ਤਿਨਹੁਂ ਤੇ ਪਾਛੇ।ਕਿਨਹੁਂ ਸੰਭਾਰਯੋ ਰਾਖਯੋ ਆਛੇ। ਕਿਨ ਲੀਨਸਿ ਗੁਰਤਾ ਬਰ ਗਾਦੀ ?।ਤਿਨ ਪਾਛੈ ਤਿਮ ਕੀਨਿ ਅਬਾਦੀ' ॥੪॥ ਸੁਨਿ ਸ੍ਰੀ ਰਾਮਰਾਇ ਤਬਿ ਕਹਯੋ।-ਅਬਿ ਅਵਕਾਸ਼ ਕਹਨਿ ਕਹੁ ਲਹਯੋ-।'ਸੁਨਹੁਂ ਸ਼ਾਹੁ! ਮੁਝ ਇਤੇ ਪਠਾਯੋ।ਪਿਤ ਆਇਸੁ ਤੇ ਮੈਂ ਚਲਿ ਆਯੋ।੫॥ ਅਧਿਕ ਸਮਾਜ ਮੋਹਿ ਸੰਗਿ ਤੇਜਾ।ਹੁਇ ਪ੍ਰਸੰਨ ਭਾਖਯੋ-ਸਭਿ ਲੇਜਾ-।ਜਬਿ ਕੇ ਹਮ ਆਏ ਤੁਮ ਪਾਸ। ਭਏ ਸਿੱਖਨ ਬਹੁ ਸੰਗਤਿ ਰਾਸ॥੬॥ ਮਿਲਨਿ ਆਪ ਕੇ ਸਾਥ ਘਨੇਰਾ।ਅਜ਼ਮਤ ਪਤਾ ਪੁਨਹਿ ਬਹੁ ਹੇਰਾ।ਯਾਂਤੇ ਭਾ ਸਮਾਜ ਅਧਿ-ਕਾਈ।ਸਿਖ ਸੰਗਤਿ ਨਿਤ ਬਧਹਿ ਸਵਾਈ॥੭॥ਦੇਸ਼ਨਿ ਮਹਿਂ ਸਿੱਖੀ ਬਿਸ-ਤਾਰੀ।ਦਰਸਹਿਂ ਆਇਪੁੰਜ ਨਰਨਾਰੀ।ਅਨਿਕ ਉਪਾਇਨ ਆਨਚਢਾਵੈਂ। ਗ਼ਨੀ ਗ਼ਰੀਬ ਦਰਬ ਅਰਪਾਵੈਂ ॥੮॥ ਸ੍ਰੀ ਗੁਰ ਪਿਤਾ ਸੁਨੀ ਸੁਧ ਸਾਰੀ। -ਭਯੋ ਸੁਚੇਤ ਸਮਾਜ ਸੰਭਾਰੀ-। ਮੁਝ ਕੋ ਸਮਰਥ ਸਭਿ ਬਿਧਿ ਜਾਨਾ। ਲਘੁ ਸੁਤ ਜਾਨਯੋਂ-ਅਹੈ ਅਯਾਨਾ-॥ ੯ ॥ ਅਪਨਿ ਸਮਾਜ ਤਿਸੀ ਕਉ ਦੀਨਾ। ਨਿਕਟਿ ਰਹਿਨ ਤੇ ਅਤਿ ਪ੍ਰਿਯ ਚੀਨਾ। ਤਹਿਂ ਤੇ ਸਿਖ ਸੰਗਤਿ ਸਮੁਦਾਈ। ਸਭਿਹਿਨਿ ਕੀ ਤਿਹ ਬਾਂਹੁ ਗਹਾਈ ॥ ੧੦ ॥ ਕਾਰਨ ਭਯੋ ਅਪਰ ਭੀ ਜੋਇ। ਰਿਸ ਜਿਮ ਕਰੀ ਸੁਨਾਵੈਂ ਸੋਇ। ਸਾਥ ਆਪ ਕੇ ਮੇਲ ਹਮਾਰਾ। ਭਯੋ ਅਧਿਕ ਹੀ ਦਿਨਪ੍ਰਤਿ ਭਾਰਾ ॥ ੧੧ ॥ ਜਯੋਂ ਜਯੋਂ ਤੁਮ ਫੁਰਮਾਇਸ਼ ਕੀਨਸਿ।ਅਜ਼ਮਤ ਬਲ ਤੇ ਤਯੋਂ ਕਰਿ ਦੀਨਸਿ।ਪਿਤਾ ਸਮੀਪ ਜਾਤਿ ਸੁਧ ਸਾਰੀ। ਤਿਨਹੁਂ ਬਾਤ ਨਹਿਂ ਨੀਕ ਬਿਚਾਰੀ ॥ ੧੨ ॥ ਸੁਨਿ ਸੁਨਿ ਕ੍ਰੋਧ ਭਏ ਇਮ ਭਾਖਾ।-ਸ਼ਾਹੁ ਸਾਥ ਜੋ ਅਸ ਰਸ ਰਾਖਾ।ਬਾਰ ਬਾਰ ਅਜ਼ਮਤ ਦਿਖਰਾਵਤਿ। ਜੋ ਬਿਧਿ ਅਨਬਨ ਦੁਲਭ ਬਨਾਵਤਿ ॥ ੧੩ ॥ ਦੀਨ ਪਦਮਨੀ ਅਸੁ ਦਰਿਆਈ।ਇੱਤਯਾਦਿਕ ਜੋ ਅਪਰ ਬਨਾਈ।ਇਹ ਆਛੀ ਨਹਿਂ ਕੀਨਸਿ ਤਾਂਹਿ। ਜਿਮ ਭਾਖਹਿ ਤਿਮ ਕਰਿ ਦਿਖਰਾਹਿ ॥ ੧੪ ॥ ਹੋਯਹੁ ਜਿਸ ਕੇ ਅਸ ਅਨੁਸਾਰੀ। ਆਇਸੁ ਮਾਨਿ, ਸਕਹਿ ਨਹਿਂ ਟਾਰੀ[1]। ਤੌ ਤਿਸ ਪਾਸ ਰਹਹੁ ਹਿਤ ਕਰਿ ਕੈ।ਹਮਰੇ ਨਿਕਟਿ ਨ ਆਵਹੁ ਫਿਰਿ ਕੈ ॥੧੫॥ ਸ਼ਾਹੁ ਸਮੀਪੀ ਰਹਹੁ ਸਦੀਵਾ।ਉਤ ਬਸਿ,ਆਇ ਨ ਇਤ ਕੀ ਸੀਵਾ[2]। ਲਾਗਹਿ ਨਹੀਂ ਸੁ ਬਦਨ ਹਮਾਰੇ। ਕਰਾਮਾਤ ਨਿਤਪ੍ਰਤਿ ਜੁ

[1]ਟਾਲ ਨਹੀਂ ਸਕਦਾ। [2]ਉਸੇ ਪਾਸੇ ਵੱਸ, ਇਸ ਤਰਫ ਦੀ ਹੱਦ ਵਿਚ ਨਹੀਂ ਆਵਣਾ।

ਵਿਖਾਰੋ-॥੧੬॥ਪਠਯੋ ਹੁਕਮਨਾਮਾ ਮੁਝ ਪਾਸ।ਸੁਨਿ ਤਬਿ ਤੇ ਮੈਂ ਤਜਾਗੀ
ਆਸ।ਕਰੇ ਤ੍ਰਾਸ ਉਰ ਗਯੋ ਨ ਤੀਰ।-ਰਿਸ ਤੇ ਸ੍ਰਾਪ ਨ ਦੇਹਿੰ ਅਭੀਰ[1]-॥
੧੭॥ ਲਗੇ ਸਮਾਵਨਿ ਕੋ ਜਿਸ ਕਾਲਾ। ਲਘੁ ਸੁਤ ਕੋ ਗਾਦੀ ਬੈਠਾਲਾ।
ਸਭਿ ਸਿਖ ਸੰਗਤਿ ਚਰਨੀ ਪਾਇ। ਸੌਂਪਿ ਸਮਾਜ ਸਗਲ ਅਧਿਕਾਇ॥
੧੮॥ ਬ੍ਰਿੰਦ ਮਸੰਦ ਜਿ ਅਪਰ ਅਸ਼ੇਸ਼[2]। ਸੇ ਬਿਚਰਤਿ ਗਨ ਦੇਸ਼ ਬਿਦੇਸ਼।
ਸਭਿ ਕੋ ਤਿਸ ਕੇ ਪਾਇਂ ਲਗਾਇ। ਨੀਕੀ ਰੀਤਿ ਸੌਂਪਿ ਸਮੁਦਾਇ॥੧੯॥
ਲਘੁ ਸੁਤ ਕੋ ਸਮੁਝਾਵਨਿ ਕੀਨਿ। ਅਪਨੀ ਕਰਾਮਾਤ ਸਭਿ ਦੀਨਿ।
-ਦਿੱਲੀਪਤਿ ਸੋਂ ਮਿਲੋ ਨ ਜਾਇ।ਨਹਿ ਦਰਸਹੁ, ਨਹਿਂ ਨਿਜ ਦਰਸਾਇ।
੨੦॥ਅਜ਼ਮਤ ਕਬਹੂੰ ਲਗਾਵਹੁ ਨਾਂਹੀ। ਕਰਹੁ ਛਪਾਵਨਿ ਅਪਨੇ ਮਾਂਹੀ।
ਕਹੈ ਕੋਇ,ਕੈਸਿਹੁੰ ਬਨਿ ਜਾਇ। ਧੀਰਜ ਧਰਹੁ ਧਰਾ ਸਮਤਾਇ[3]-॥੨੧॥
ਇਸ ਪ੍ਰਕਾਰ ਦੇ ਕਰਿ ਬਹੁ ਸੀਖਾ। ਕ੍ਰਿਪਾ ਦ੍ਰਿਸ਼ਟਿ ਤੇ ਸੁਤ ਕੋ ਦੀਖਾ।
ਪਿਤ ਮਹਾਨ ਸ੍ਰੀ ਗੁਰ ਹਰਿਰਾਇ। ਸਭਿ ਕੇ ਦੇਖਤਿ ਗਏ ਸਮਾਇ॥੨੨॥
ਰਾਵਰਿ ਨਿਕਟਿ ਆਵਨੋ ਕਿਯੋ। ਤਿਸ ਤੇ ਮੁਝ ਫਲ ਐਸੋ ਭਯੋ। ਜੋ ਸਭਿ
ਬਿਧਿ ਤੇ ਮਮ ਅਧਿਕਾਰਾ। ਸੋ ਲਘੁ ਭ੍ਰਾਤਾ ਨੇ ਸੰਭਾਰਾ' ॥੨੩॥ ਸੁਨਿ ਸ੍ਰੀ
ਰਾਮਰਾਇ ਕੇ ਬੈਨ। ਬੋਲਯੋ ਸ਼ਾਹੁ ਚਪਲ[4] ਕਰਿ ਨੈਨ। 'ਤੁਮ ਕਹੁ,ਕਹਹੁ
ਕਹਾਂ ਪਰਵਾਹੁ ?। ਸਰਬ ਸਮਾਜ ਅਧਿਕ ਹੈ ਪਾਹੁ॥੨੪॥ ਤੁਮ ਇਤ
ਦਿਸ਼ ਕੇ ਗੁਰ ਬਨਿ ਰਹੋ। ਸਿੱਖਜਨਿ ਤੇ ਭੇਟੈਂ ਗਨ ਲਹੋ। ਹਮਰੇ ਨਿਕਟਿ
ਰਹਹੁ ਹੋ ਜਾਵਤ। ਸਰਬੋਤਮ ਦਿੱਲੀ ਬਸਿ ਭਾਵਤ[5] ॥੨੫॥ਪੁਨ ਜੋ ਦੇਸ਼
ਤੋਹਿ ਲਗਿ ਨੀਕਾ। ਜਹਾਂ ਹਰਖ ਬਿਰਧਾਵਹਿ ਜੀਕਾ।ਤਹਿਂ ਸਥਾਨ ਆਛੇ
ਬਨਵਾਇ। ਦੈ ਹੈਂ ਗ੍ਰਾਮ ਜਗੀਰ ਲਗਾਇ॥੨੬॥ ਸਭਿ ਸੁਖ ਪਾਇ
ਬਾਸ ਤਹਿਂ ਕਰੀਅਹਿ।ਹ੍ਵੈ ਜਿ ਮਨੋਰਥ ਮੋਹਿ ਉਚਰੀਅਹਿ।ਸਭਿ ਮੈਂ ਪੂਰਨ
ਕਰਵਿ ਤੁਮਾਰੇ। ਬਾਂਛਤਿ ਲੀਜਹਿ ਨਿਕਟਿ ਹਮਾਰੇ॥੨੭॥ ਧਾਰਤਿ
ਕਰਾਮਾਤ ਕਹੁ ਭਾਰੇ। ਜੋ ਜੋ ਕਾਰਜ ਕਹੇ ਸੁਧਾਰੇ। ਤੁਝ ਪਰ ਮੈਂ ਸੁ ਪ੍ਰਸਿੰਨ
ਮਹਾ ਹੌਂ। ਚਹੈਂ[6] ਬਾਸ ਕਰਵਾਇ ਤਹਾਂ ਹੌਂ॥੨੮॥ ਤਿਸ ਦਿਸ਼ਿ ਤੇ ਨਹਿਂ
ਬਨਿ ਦਿਲਗੀਰ।ਸੋ ਭੀ ਅਹੇ ਤੁਮਾਰੋ ਬੀਰ।ਨਿਜ ਸੰਗਤਿ ਤੇ ਸੋ ਪੁਜਵਾਵੈ।
ਨਹਿਂ ਤੇਰੋ ਕੁਛ ਕਾਜ ਗਵਾਵੈ॥੨੯॥ ਅਲਪ ਆਰਬਲ ਮਹਿਂ ਸੋ ਅਹੇ।

[1]ਨਿਰਭੈ(ਸ੍ਰਿਸ਼ਟ ਗੁਰੂ ਜੀ)। [2]ਸਾਰੇ। [3]ਧਰਤੀ ਦੇ ਤੁੱਲ। [4]ਚੰਚਲ। [5]ਸਰਬ ਤੋਂ ਉੱਤਮ ਦਿੱਲੀ ਸ਼ਹਿਰ ਵਿਚ ਵਸੋ ਚੰਗੇ ਲੱਗ। [6]ਜਿੱਥੇ ਚਾਹੇ।

ਜਾਤਿ ਨਹੀਂ ਕਿਤ, ਨਿਜ ਘਰ ਰਹੈ। ਕੁਤੋ[1] ਈਰਖਾ ਤਿਹ ਸੰਗ ਕਰਨੀ। ਕਰਨੀ ਨੀਕ, ਲੇਹੁ ਉਰ ਧਰਨੀ' ॥ ੩੦॥ ਸੁਨੇ ਸ਼ਾਹੁ ਕੇ ਬਾਕ ਭਲੇਰੇ। ਕਹਿ ਸ੍ਰੀ ਰਾਮਰਾਇ ਤਿਸ ਬੇਰੇ। 'ਮੋਹਿ ਨਹੀਂ ਰੰਚਕ ਪਰਵਾਹੂ। ਸੰਗਤਿ ਬ੍ਰਿੰਦ ਦੋਸ਼ ਮਮ ਪਾਹੂ ॥੩੧॥ ਬਹੁਰ ਮੇਲ ਹੈ ਸਾਥ ਤੁਮਾਰੇ। ਸਭਿ ਜਹਾਨ ਕੇ ਸ਼ਾਹੁ ਉਦਾਰੇ। ਪਠਹੁ ਦਰਬ ਅਰੁ ਵਸਤੂ ਨਾਨਾ। ਜੋ ਬਹੁ ਦੁਰਲਭ ਜਗ ਕਹੁ ਜਾਨਾ ॥ ੩੨ ॥ ਆਜ ਕਮੀ ਮੁਝ ਕੋ ਨਹਿੰ ਕੋਊ। ਜਿਮ ਚਿਤ ਚਹਤਿ ਕਰਤਿ ਹਾਂ ਸੋਊ। ਉਤੇ ਬਾਤ ਅਸਮੰਜਸ[2] ਅਹੈਂ। ਜਿਨ ਚਿਤਵਤਿ ਚਿਤ ਚਿੰਤਾ ਦਹੈ:-॥੩੩॥ ਇਕ ਤੌ ਮੈਂ ਗਾਦੀ ਅਧਿਕਾਰੀ। ਲਘੁ ਭ੍ਰਾਤਾ ਨੇ ਸੋ ਸੰਭਾਰੀ। ਸਕਲ ਸਮਾਜ ਸੰਗ ਹੀ ਲੀਨਸਿ। ਅਜ਼ਮਤਿ ਜੁਤਿ ਪਿਤ ਸੰਗਤਿ ਦੀਨਸਿ ॥ ੩੪ ॥ ਕੀਨਸਿ ਮੁਝ ਤੇ ਅਧਿਕ ਬਡਾਈ। ਸਰਬ ਮਸੰਦ ਲਗਾਇਸਿ ਪਾਈ। ਇਹ ਜੋ ਕਰੀ ਅਜੋਗ ਜਦਾਪੀ। ਇਸ ਪਰ ਬਸ ਨ ਬਸਾਇ ਤਦਾਪੀ ॥ ੩੫ ॥ ਸ੍ਰੀ ਗੁਰ ਆਪ ਅੱਛਤ ਜੋ ਦਈ। ਨਹਿਂ ਸਮਰਥ ਕੋ, ਤਿਸ ਉਲਟਈ। ਹੋਨਹਾਰ ਸੋ ਬੀਤ ਗਈ ਹੈ। ਪਰਾਲਬਧ ਸ਼ੁਭ ਤੇ ਸੁ ਲਈ ਹੈ॥੩੬॥ ਦੁਤਿਯੇ ਸੁਨਹੁੰ ਜੁ ਤੁਮ ਢਿਗ ਆਵਨਿ। ਇਸ ਮਹਿਂ ਦੋਸ਼ ਕਰਹਿਂ ਅਰਪਾਵਨਿ। ਕਹੇ ਆਪ ਕੇ ਹਮ ਕੁਛ ਕੀਨਾ। ਅਜ਼ਮਤ ਬਲ ਤੇ ਜਿਸ ਬਿਧਿ ਚੀਨਾ ॥੩੭॥ ਜਨੌਂ ਜਨੌਂ ਸ਼ਾਹੁ ਕਰਨੋ ਫੁਰਮਾਵਨਿ। ਤਨੌਂ ਤਨੌਂ ਅਜ਼ਮਤ ਕਿਯ ਦਿਖਰਾਵਨਿ। ਪਠਨੋ ਪਿਤਾ ਨੇ ਇਸ ਹੀ ਕਾਮ। ਕਰੌਂ ਨ ਕੈਸੇ, ਹੈ ਗੁਰ ਨਾਮੁ[3] ॥ ੩੮ ॥ ਸ੍ਰੀ ਗੁਰ ਪਿਤਾ ਕਹਤਿ ਕੁਛ ਥੋਰਾ। ਅਬਿ ਬਿਸਤ੍ਰਿਤਿ ਸਕਲ ਦਿਸ਼ਿ ਓਰਾ। ਬ੍ਰਿੰਦ ਮਸੰਦ ਸੰਗਤਾਂ ਮਾਂਹੀ। ਨਿਤ ਕਹਿ ਕਹਿ ਦੋਸ਼ਨਿ ਅਰਪਾਹੀਂ ॥ ੩੯ ॥ ਮੋਲ ਸ-ਦੋਸ਼ ਉਚਾਰਿ ਤੁਮਾਰੇ। ਅਪਜਸੁ ਸਭਿ ਮਹਿਂ ਬਹੁ ਬਿਸਤਾਰੇ। ਇਹ ਮੇਰੇ ਉਰ ਜਰੀ ਨ ਜਾਈ। ਹਮ ਤੁਮ ਦੋਨਹੁੰ ਕੋ ਲਘੁਤਾਈ॥੪੦॥ ਯਾਂਤੇ ਅਬਿ ਲਿਹੁ ਰਿਦੇ ਬਿਚਾਰਾ। ਜਿਸ ਪ੍ਰਕਾਰ ਜਾਨਹਿ ਜਗ ਸਾਰਾ। ਪਠਹੁ ਦੂਤ ਕੋ ਤਿਨ ਕੇ ਪਾਸ। ਕਰਹੁ ਹਕਾਰਨਿ ਅਪਨਿ ਅਵਾਸ ॥ ੪੧ ॥ ਮੋ ਤੇ ਸਹਸ ਗੁਨੀ ਅਜ਼ਮਤ ਹੈ। ਸ੍ਰੀ ਸਤਿਗੁਰ ਗਾਦੀ ਪਰ ਥਿਤ ਹੈ। ਜਿਮ ਚਿਤ ਚਹਹੁ ਤਥਾ ਬਨਿਵਾਵਹੁ। ਏਕ ਬਾਰ ਦਿੱਲੀ ਮੰਗਵਾਵਹੁ ॥ ੪੨ ॥ ਪੁਨ

[1]ਕਿਸ ਲਈ। [2]ਕਠਨ, ਦੁਬਿਧਾ ਵਾਲੀ, ਅਜੋਗ। [3](ਕਿਉਂਕਿ) ਇਸ ਵਿਚ ਗੁਰੂ ਜੀ ਦਾ ਹੀ ਨਾਮ ਹੈ, ਭਾਵ ਵਡਿਆਈ ਹੈ।

ਕਹਿਬੇ ਤੇ ਸਭਿ ਹਟਿ ਰਹੈਂ। ਹਮ ਸਮ ਆਯਹੁ ਤਿਸ ਕਹੁ ਲਹੈਂ[1]। ਸੋ ਪਿ
ਤਨਹਿ ਨਹਿਂ ਸੰਗਤਿ ਮਾਂਹੂ। ਮੁਹਿ ਸਮ ਮਿਲਹਿ ਆਇ ਤੁਮ ਪਾਹੂ॥੪੩॥
ਇਹ ਮੇਰੇ ਉਰ ਕਰਕ ਬਿਸਾਲ।ਨਿਸ ਦਿਨ ਪੀਰਤਿ ਜਿਮ ਨਟਸਾਲ[2]।
ਹਾਥ ਆਪ ਕੇ ਕਰਿਬੋ ਐਸੇ'। ਕਵਿ ਸੰਤੋਖ ਸਿੰਘ 'ਭਾਖਯੋ ਜੈਸੇ' ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

## ੩੨. [ਸ੍ਰੀ ਰਾਮਰਾਇ ਜੀ ਦੀ ਦ੍ਵੈਖਤਾ]।

ਦੋਹਰਾ ॥ ਸ੍ਰੀ ਗੁਰ ਜੇਸ਼ਠ ਪੁੱਤ੍ਰ ਨੇ ਕਰਿ ਮਤਸਰ ਮਨ ਮਾਂਹਿ। ਨਿਜ ਸਮ ਕਰਿਬੇ ਅਨੁਜ ਕਹੁ ਕਹੀ ਸ਼ਾਹੁ ਕੇ ਪਾਹਿ ॥੧॥ ਚੌਪਈ ॥ ਸੁਨਿ ਨੌਰੰਗ ਨੇ ਰਿਦੇ ਬਿਚਾਰਾ।–ਇਨ ਮਤਸਰ ਕਰਿ ਬਾਕ ਉਚਾਰਾ। ਆਰਬਲਾ ਹੈ ਅਲਪ ਤਿਨਹੁੰ ਕੀ। ਰਹਨਿ ਮਾਤ ਢਿਗ ਬੈਸ ਜਿਨਹੁੰ ਕੀ ॥ ੨ ॥ ਕਿਮ ਆਵਹਿਂ ਹਮ ਕਰਹਿਂ ਹਕਾਰਨਿ। ਨਹਿਂ ਨਿਕਸਹੋਂ ਘਰ ਤੇ ਕਿਸ ਕਾਰਨ। ਭ੍ਰਾਤਪਨੇ ਮਹਿਂ ਅਧਿਕ ਸ਼ਰੀਕਾ। ਕਰਹਿ ਦ੍ਵੈਸ਼, ਨਹਿਂ ਚਾਹਹਿ ਨੀਕਾ ॥੩॥ ਜਿਮ ਹੋਯਹੁ ਹੈ ਸਦਨ ਹਮਾਰੇ। ਰਾਜ ਕਰਯੋ ਨਿਜ ਭ੍ਰਾਤਨਿ ਮਾਰੇ। ਤਿਮ ਸਗਰੇ ਜਗ ਮੈਂ ਬਰਤਾਰਾ। ਹੋਤਿ ਸ਼ਰੀਕੇ ਮਹਿਂ ਦੁਖ ਭਾਰਾ ॥ ੪ ॥ ਤੈਸੀ ਰੀਤਿ ਇਨਹੁੰ ਮਹਿਂ ਭਈ। ਮਮ ਸਮ ਲਘੁ ਨੇ ਗਾਦੀ ਲਈ। ਤਿਨ ਪਠਿ ਦੂਤ ਹਕਾਰੋਂ ਜਬੈ। ਰਿਸ ਕਰਿ ਸ੍ਰਾਪ ਨ ਕੁਛ ਕਹਿਂ ਤਬੈ॥੫॥ਪ੍ਰਥਮ ਹਕਾਰੇ ਇਹ ਚਲਿ ਆਯਹੁ। ਅਜ਼ਮਤ ਜੁਤਿ ਕਰ ਇਤਹਿ ਪਠਾਯਹੁ। ਜੋ ਹਮ ਚਹਤਿ ਸਕਲ ਕਰਿਵਾਯਹੁ। ਸਰਬ ਰੀਤਿ ਨੀਕੇ ਪਤਿਆਯਹੁ ॥ ੬ ॥ ਅਬਿ ਜੇਕਰਿ ਕਰਿ ਜ਼ੋਰ ਹਕਾਰਹਿਂ। 'ਸ਼ਾਹੁ ਦ੍ਵੈਸ਼ ਕਉ ਠਰਹਿ' ਬਿਚਾਰਹਿਂ[3]। 'ਬਡੋ ਭ੍ਰਾਤ ਜੇ ਪਹੁੰਚਯੋ ਪਾਸ।ਮਮ ਅਧੀਨ ਪੁਨ ਰਹਿ ਕਯਾ ਆਸ[4]'–॥੭॥ਇਮ ਬਿਚਾਰਿ ਉਰ ਨੌਰੰਗਕਹੋ'ਕਯਾਕਹਿ ਬਾਤ ਬੁਲਾਵਨਿ ਚਹੈ।ਅਜ਼ਮਤ ਹੇਰਨਿ ਕੇਰ ਹਕਾਰਨ।ਸੋਤੁਮ ਕੀਨਸਿ ਪ੍ਰਥਮ ਦਿਖਾਰਨਿ ॥੮॥ ਅਬ ਨਿਸ਼ਫਲ ਹੀ ਦੂਤ ਪਠਨਿ ਹੈ। ਲਘੁ ਬਯ ਆਵਨਿ ਤਿਨਹੁ ਕਠਨ ਹੈ।ਇਕ ਸ੍ਰੀ ਗੁਰ ਕੇ ਸੁਤ ਹਹੁ ਦੋਊ।ਅਤਿ ਅਜ਼ਮਤ ਮਹਿਂ ਸਮਸਰ ਹੋਊ[5] ॥ ੯ ॥ ਕਿਧੌਂ ਸੁ ਲਘੁ ਗਾਦੀ ਪਰ ਫੀਕਾ। ਤੁਮ ਤੇ ਹ੍ਵੈ ਹੈ ਅਧਿਕ

[1] ਮੇਰੇ ਤੁੱਲ (ਤੁਸਾਂ ਪਾਸ) ਆਇਆ ਹੋਇਆ ਤਿਸ (ਸ੍ਰੀ ਹਰਿਕ੍ਰਿਸ਼ਨ ਜੀ) ਨੂੰ ਬੀ ਜਾਣਨਗੇ।
[2] ਤੀਰ ਜਾਂ ਬਰਛੇ ਦੀ ਨੋਕ ਜੋ ਟੁੱਟ ਕੇ ਜ਼ਖਮ ਵਿਚ ਰਹਿ ਜਾਵੇ। [ਸੰਸ:, ਨਮ੍ਰ ਸ਼ਲਜ]।
[3] 'ਬਾਦਸ਼ਾਹ ਦ੍ਵੈਸ਼ ਕਰਦਾ ਹੈ' (ਇਹ) ਵਿਚਾਰਨਗੇ (ਗੁਰੂ ਜੀ)। [4] ਫਿਰ ਮੇਰੇ ਗੋਚਰੀ ਕੀ ਆਸ਼ਾ (ਪੂਰੀ ਕਰਨੀ) ਬਾਕੀ ਰਹਿ ਗਈ ਹੈ। [5] ਬਹੁਤ ਕਰਾਮਾਤਾਂ ਵਿਚ ਇਕੋ ਜਿਹੇ ਹੋਵੇਗੇ।

ਬਧੀਕਾ[1]। ਲਘੁ ਬਯ ਤੇ ਜਬਿ ਹੋਇ ਬਿਸਾਲਾ। ਕਰਹਿਂ ਹਕਾਰਨਿ ਕੋ ਤਿਸ ਕਾਲਾ॥੧੦॥ਅਬਿ ਤੌ ਅਨੁਚਿਤ ਬਾਤ ਬਿਚਾਰੌਂ। ਪਠਿਕੈ ਦੂਤ ਨ ਨਿਕਟਿ ਹਕਾਰੌਂ"। ਸੁਨਿ ਸ਼੍ਰੀ ਰਾਮਰਾਇ ਤਬਿ ਕਹਯੋ। 'ਇਮ ਬਿਚਾਰ ਤੁਮ ਨੀਕੇ ਲਹਯੋ ॥ ੧੧ ॥ ਹੋਤਿ ਹਕਾਰਨਿ ਕੀ ਜੁਗ ਬਾਤੀ। ਗਰਬਤਿ ਕਰਿ, ਕੈ ਬਲ ਬੱਖਯਾਤੀ[2]। ਸੋ ਨਹਿਂ ਆਛੀ ਬਿਘਨ ਪਰਤਿ ਹੈ। ਦੇਤਿ ਸ੍ਰਾਪ ਕੌ ਕ੍ਰੋਧ ਕਰਤਿ ਹੈ[3] ॥੧੨॥ ਬਿਨੈ ਬਖਾਨਿ ਬੁਲਾਵਨਿ ਕਰਨੋ। ਇਹ ਨੀਕੋ ਪੁਰ-ਸ਼ੋਤਮ ਬਰਨੋ। ਇਮ ਕਰਤੇ ਸਭਿ ਬਿਘਨ ਬਿਨਾਸਹਿਂ।ਨਿਤਪ੍ਰਤਿ ਮੰਗਲ ਮਹਿਦ ਪ੍ਰਕਾਸ਼ਹਿਂ ॥ ੧੩ ॥ ਯਾਂਤੇ ਕਰਹੁ ਬਿਚਾਰਨਿ ਐਸੇ। ਸੋ ਆਵਹਿ ਅਰੁ ਸੁਖ ਹੁਇ ਜੈਸੇ।ਕਰਿ ਸਨਮਾਨ ਹਕਾਰਹੁ ਤਾਂਹੂ। ਦਰਸਹੁ ਪਰਸਹੁ ਬੈਸਹੁ ਪਾਹੂ'॥੧੪॥ਤਿਸ ਛਿਨ ਨ੍ਰਿਪ ਜੈ ਸਿੰਘ ਸਵਾਈ*। ਸੁਨਿ ਬ੍ਰਿਤਾਂਤ ਸਭਿ ਕਹਯੋ ਬੁਝਾਈ। 'ਇਹੁ ਜੁ ਬਾਤ ਗੁਰ ਸੁਤ ਨੇ ਕਹੀ। ਸੋ ਹਮ ਨੇ ਮਨ ਆਛੀ ਲਹੀ ॥੧੫॥ ਪੂਰਬ ਭੀ ਪ੍ਰਸੰਗ ਅਸ ਭਇਊ। ਇਨ ਕੇ ਬਡੇ

---

[1]ਬਹੁਤ ਵਧੀਕ ਹੋਵੇਗਾ। [2]ਸੱਦਣ ਦੀ ਗਲ ਦੋ ਤਰ੍ਹਾਂ ਹੀ ਹੋ ਸਕਦੀ ਹੈ ਯਾ ਤਾਂ ਹੰਕਾਰ ਕਰਕੇ ਭਾਵ ਰੋਅਬ ਪਾਕੇ, ਯਾ ਪ੍ਰਗਟ ਬਲ ਦਿਖਾ ਕੇ। [3](ਕਿਉਂਕਿ ਦੋਹਾਂ ਤਰ੍ਹਾਂ ਨਾਲ ਸੱਦਿਆਂ) ਕ੍ਰੋਧ ਆਉਂਦਾ ਹੈ, (ਤੇ ਕ੍ਰੋਧ ਵਿਚ ਓਹ ਸਮਰਥ ਹਨ) ਸ੍ਰਾਪ ਦੇ ਦੇਣਗੇ।

*ਕਵਿ ਜੀ ਨੇ ਜੈ ਸਿੰਘ ਨਾਮ ਤਾਂ ਦਰੁਸਤ ਦਿੱਤਾ ਹੈ, ਪਰ 'ਸਵਾਈ' ਇਸ ਜੈ ਸਿੰਘ ਦਾ ਖ਼ਿਤਾਬ ਨਹੀਂ ਸੀ। ਇਹ ਜੈ ਸਿੰਘ ਅੰਬਰ ਸ਼ਹਿਰ (ਜੈ ਪੁਰ ਰਿਆਸਤ) ਦਾ ਰਾਜਾ ਸੀ। ਇਹ ਸ਼ਾਹਜਹਾਂ ਦਾ ਅਹਿਲਕਾਰ ਸੀ, ਤੇ 'ਮਿਰਜ਼ਾ ਰਾਜਾ' ਦਾ ਖ਼ਿਤਾਬ ਰੱਖਦਾ ਸੀ। ਔਰੰਗਜ਼ੇਬ ਪਾਸ ਬੀ ਇਸ ਨੇ ਇੱਜ਼ਤ ਪਾਈ। ਸੇਵਾ ਜੀ ਪਰ ਬਾਦਸ਼ਾਹ ਵਲੋਂ ਜਾ ਕੇ ਇਸ ਨੇ ਉਸ ਨਾਲ ਸੁਲਹ ਕਰਕੇ ਕੇਵਲ ੧੨ ਕਿਲੇ ਉਸਨੂੰ ਦਿੱਤੇ ਤੇ ਬਾਦਸ਼ਾਹ ਦਾ ਕੁਮਕੀ ਬਣਾ ਲਿਆ। ਜੈ ਸਿੰਘ ਨੇ ਤਦੋਂ ਹੀ ਸੇਵਾ ਜੀ ਦੀ ਕੁਮਕ ਨਾਲ ਬੀਜਾਪੁਰ ਤੇ ਫਤੇ ਪਾਈ ਸੀ। ਇਹ ਵਿਦਵਾਨ, ਜੋਧਾ, ਤੇ ਨੀਤੀਵੇਤਾ ਸੀ। ਇਹ ੧੭੨੩ ਸੰਮਤ ਦੇ ਲਗ ਪਗ ਹੋਇਆ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਇਹੋ ਜੈ ਸਿੰਘ ਸੀ, ਤੇ ਗੁਰੂ ਘਰ ਪਰ ਬੀ ਇਸ ਦੀ ਸ਼ਰਧਾ ਹੈ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਲੋਕ ਗਮਨ ਚੇਤ ਸੰਮਤ ੧੭੨੧ ਵਿਚ ਹੋਇਆ ਸੀ। ਜੈ ਸਿੰਘ ਸਵਾਈ ਇਸੇ ਜੈ ਸਿੰਘ ਦੀ ਵੰਸ਼ ਵਿੱਚੋਂ ਮਗਰੋਂ ਹੋਇਆ ਹੈ। ਉਸ ਨੇ ਅੰਬਰ ਤੋਂ ਬਦਲਕੇ ਰਾਜਧਾਨੀ ਜੈ ਪੁਰ ਵਸਾਕੇ ਐਥੇ ਆਂਦੀ ਸੀ। ਇਹ ੧੭੫੫ ਸੰਮਤ ਬਿ: ਦੇ ਲਗ ਪਗ ਗੱਦੀ ਬੈਠਿਆ ਤੇ ੧੭੯੯ ਸੰਮਤ ਬਿ: ਦੇ ਲਗ ਪਗ ਮੋਇਆ। ਇਹ ਜਜੋਤਸ਼ੀ ਬੀ ਸੀ, ਦਿੱਲੀ ਦਾ ਜੰਤ੍ਰ ਮੰਤਰ, ਜੋਤਿਸ਼ ਵਿਦਿਆ ਦਾ ਟਿਕਾਣਾ ਇਸੇ ਦਾ ਰਚਿਆ ਹੋਇਆ ਹੈ।

ਸ਼ਾਹਿ ਢਿਗ ਅਇਉ। ਜਹਾਂਗੀਰ ਪਤਿਸ਼ਾਹੁ ਬਿਸਾਲਾ। ਬਡੋ ਆਪ ਕੋ ਸ਼ੁਭ ਮਗ ਚਾਲਾ ॥੧੬॥ ਤਿਨਹੁਂ ਹਕਾਰੇ ਬਿਨੈ ਬਖਾਨੀ। ਸ਼੍ਰੀ ਹਰਿਗੋਵਿੰਦ ਸਰ ਧਨ ਪਾਨੀ[੧]। ਮਿਲੇ ਆਨਿ ਬਡ ਰਸ ਕੋ ਰਾਖਾ। ਸ਼ਾਹੁ ਜੋਰਿ ਕਰ[੨] ਤਿਨ ਸੋਂ ਭਾਖਾ ॥੧੭॥–ਮੋਹਿ ਨਾਮ ਕੀ ਫੇਰਹੁ ਮਾਲਾ। ਜਿਸ ਤੇ ਸੰਕਟ ਕਟਹਿਂ ਕਰਾਲਾ–। ਕਹੇ ਨਜੂਮੀ ਕੇ ਇਮ ਕੀਨਿ। ਦੁਰਗ ਗੁਾਲਿਯਰ ਪਠਿਬੇ ਕੀਨਿ ।੧੮। ਜਹਾਂ ਕੈਦਖਾਨਾ ਬਹੁਤੇਰਾ। ਸਭਿ ਬਧ ਕੈਦੀ ਤਹਾਂ ਬਸੇਰਾ। ਸੁਨਤਿ ਸ਼ਾਹੁ ਕੀ ਬਿਨੈ ਪ੍ਰਸੀਜੇ। ਪ੍ਰਵਿਸ਼ੇ ਦੁਰਗ ਜਾਇ ਜਪੁ ਕੀਜੇ ॥੧੯॥ ਜੋ ਰਜਪੂਤ ਕੈਦ ਮਹਿਂ ਤਹਾਂ। ਅਸਨ ਬਸਨ ਸਭਿ ਕੋ ਦਿਯ ਤਹਾਂ। ਪੁਨਹਿ ਬੁਲਾਏ ਕਰਿ ਚਾਲੀਸਾ। ਕਹਿ ਮੁਚਵਾਏ[੩] ਸਕਲ ਮਹੀਸ਼ਾ[੪] ॥੨੦॥ ਸਭਿ ਰਜਪੂਤਨਿ ਮੈਂ ਬਿਰਤਾਂਤ। ਅਬਿ ਲੌ ਕਹੈਂ ਸੁਨਹਿਂ ਬੱਖਜਾਤ। ਪੁਰਸ਼ੋਤਮ ਜੇ ਹੈਂ ਜਗ ਮਾਂਹੀਂ। ਬਿਨੈ ਸੁਨਤਿ ਹੀ ਬਸਿ ਹ੍ਵੈ ਜਾਹੀਂ ॥੨੧॥ ਤਿਮ ਸ਼੍ਰੀ ਸਤਿਗੁਰ ਕੋ ਇਹ ਬੈਸ। ਕਨੌਂ ਨ ਪ੍ਰਸੰਨਹਿ ਕਰੇ ਪ੍ਰਸੈਸ। ਆਵਹਿੰਗੇ, ਨਹਿਂ ਬਿਲਮ ਲਗਾਵਹਿਂ। ਕਰਿ ਸਨਮਾਨ ਜਿ ਆਪ ਬੁਲਾਵਹਿਂ? ॥੨੨॥ ਇਮ ਜੋ ਸਿੰਘ ਸਵਾਈ ਕਹਯੋ। ਸੁਨਯੋ ਸ਼ਾਹੁ ਮਨ ਨੀਕੇ ਲਹਯੋ। ਚਿਤਵਤਿ ਚਿਤ ਮਹਿਂ–ਇਸ ਕੇ ਹਾਥ। ਕਰਹਿਂ ਹਕਾਰਨਿ ਬਿਨਤੀ ਸਾਥ ॥੨੩॥ ਜੇ ਰਿਸ ਹੋਇ ਤ ਇਸ ਪਰ ਹੋਇ। ਜੇ ਪ੍ਰਸੰਨ,ਦਰ-ਸਹਿਂ ਸਭਿ ਕੋਇ–। ਇਮ ਬਿਚਾਰਿ ਕਰਿ ਨੌਰੰਗ ਭਨਿਯੋ। 'ਭੋ ਜੈ ਸਿੰਘ ਸਵਾਈ! ਸੁਨਿਯੋ ॥੨੪॥ ਆਛੀ ਬਾਤ ਕਹੀ ਇਮ ਕਰਹੁ। ਤੁਮਹਿ ਬੁਲਾ-ਵਨਿ ਉੱਦਮ ਧਰਹੁ। ਅਪਨੋ ਪਠੀਅਹਿ ਨਰ ਪਰਧਾਨ। ਜੋ ਲਜਾਵੈ ਬਹੁ ਬਿਨੈ ਬਖਾਨਿ ॥੨੫॥ ਜਿਸ ਤੇ ਰਿਸ ਨ ਕਰਹਿਂ ਸੁਨਿ ਕੈਸੇ। ਦਿੱਲੀ ਪੁਰਿ ਲਗਿ ਆਨਹਿ ਜੈਸੇ। ਕਰਹੁ ਪਠਾਵਨਿ ਸਭਿ ਅਸਵਾਰੀ। ਅਪਰ ਸਕਲ ਬਿਧਿ ਕੀਜਹਿ ਤਯਾਰੀ ॥੨੬॥ ਅਭਿਲਾਖਤਿ[੫] ਪਰ ਹੁਇ ਆਰੂਢਿ। ਬਾਲ ਬੈਸ ਜਿਨ ਆਸ਼ੇ ਗੂਢ। ਦੇਹੁ ਪਠਾਇ ਉਪਾਇਨ ਨਾਨਾ। ਹਮਰੀ ਦਿਸ਼ਿ ਕੋ ਲਿਹੁ ਪਰਵਾਨਾ ॥੨੭॥ ਸਹਿਤ ਪ੍ਰਸੰਨਤਾ ਜਿਮ ਚਲਿ ਆਵੈਂ। ਤਿਮ ਕਰੀਅਹਿ ਪੁਨ ਦਰਸ਼ਨ ਪਾਵੈਂ। ਬਹੁ ਸਨਮਾਨ ਸਾਥ ਅਨਵਾਵਉ। ਰੁਚਿਰ ਉਪਾਇਨ ਪ੍ਰਥਮ ਪਠਾਵਉ ॥੨੮॥ ਨਿਜ ਦਿਸ਼ਿ ਤੇ ਬਹੁ ਬਿਨਤੀ

[੧]ਧਨੁਖ ਬਾਣ ਹੱਥ ਵਿਚ ਧਾਰਨ ਵਾਲੇ। [੨]ਹੱਥ ਜੋੜ ਕੇ। [੩]ਛੁਡਵਾਏ। [੪]ਰਾਜੇ। [੫]ਮਨ ਬਾਂਛਤ (ਅਸਵਾਰੀ) ਉਤੇ।

ਲਿਖੀਅਹਿ।–ਆਪ ਆਇ ਦਿੱਲੀ ਪੁਰਿ ਦਿਖੀਅਹਿ। ਸਭਿ ਸੰਗਤਿ ਕੌ ਦਰਸ਼ਨ ਦੈ ਕੈ। ਹਮਹੂੰ ਮੋਦ ਉਪਜਾਵਨਿ ਕੈ ਕੈ ॥ ੨੯ ॥ ਕਰਹੁ ਸਨਾਥ ਦਾਸ ਮੁਹਿ ਜਾਨਹੁ–। ਇੱਤਯਾਦਿਕ ਲਿਖਿਬੋ ਤੁਮ ਠਾਨਹੁ'।ਸੁਨਤਿ ਸ਼ਾਹੁ ਤੇ ਜੈ ਪੁਰਿ ਰਾਜਾ। ਕਹਤਿ ਭਯੋ 'ਮੈ ਕਰਿਹੌਂ ਕਾਜਾ ॥੩੦॥ ਜਿਤਿਕ ਸੇਵ ਮੁਝ ਤੇ ਬਨਿ ਜੈ ਹੈ। ਤਿਤਿਕ ਭਲੇ ਸਤਿਗੁਰ ਕਰਿ ਦੈ ਹੈਂ।ਇਕ ਤੌ ਕਹਨਿ ਆਪ ਕੌ ਭਇਊ। ਦੁਤਿਯ ਸੇਵ ਕਰਿ ਦਰਸ਼ਨ ਲਇਊ ॥ ੩੧ ॥ ਕ੍ਰਿਪਾ ਕਰਹਿੰਗੇ ਬਰ ਕੋ ਦੈ ਹੈਂ। ਯਾਂਤੇ ਹਮ ਸਭਿ ਰੀਤਿ ਰਿਝੈਂ ਹੈਂ। ਆਇੰ ਆਪ ਕੇ ਨਿਕਟਿ ਜ਼ਰੂਰ।ਸੁਨਯੋ ਸੁ ਤਿਨ ਦੇਖੇ ਦੁਖ ਦੂਰ[1]॥੩੨॥ਅਧਿਕ ਪ੍ਰਤਾਪ ਤਿਨਹੂੰ ਕੌ ਅਹੈ। ਨਰ ਸਮੁਦਾਇ ਜਹਾਂ ਕਹਿਂ ਕਹੈਂ"। ਇਮ ਬ੍ਰਿਤਾਂਤ ਭਾ ਸਭਾ ਮਝਾਰ। ਠਹਿਰੀ ਠੀਕ ਹਕਾਰਨਿ ਕਾਰ[2] ॥ ੩੩ ॥ ਉਠਯੋ ਸ਼ਾਹੁ ਅੰਤਹ ਪੁਰਿ ਗਇਊ। ਅਪਰ ਸਰਬ ਦੁਰਗਹਿਂ ਨਿਕਸਇਊ।ਆਪ ਆਪਨੇ ਪਹੁੰਚੇ ਡੇਰੇ। ਚਢਿ ਚਢਿ ਸਿਵਕਾ ਸ਼ੁਭਤਿ ਬਧੇਰੇ ॥੩੪॥ ਕੌ ਸ੍ਰੀ ਰਾਮਰਾਇ ਕਹਿ ਨੀਕਾ। 'ਕਰਾਮਾਤ ਸਾਹਿਬ ਸ਼ੁਭ ਟੀਕਾ'। ਕੋ ਕਹਿ 'ਆਛੋ ਨਹਿਂ ਇਨ ਕੀਨਾ। ਅਨੁਜ ਸੰਗ ਦ੍ਵੈਸ਼ ਜੁ ਰਚਿ ਲੀਨਾ ॥ ੩੫ ॥ ਦਈ ਪਿਤਾ ਨੇ ਜਿਸ ਬਡਿਆਈ। ਸੌਂਪਯੋ ਸਭਿ ਸਮਾਜ ਸਮੁਦਾਈ। ਸ੍ਰੀ ਹਰਿ-ਕ੍ਰਿਸ਼ਨ ਰੂਪ ਜਿਨ ਬਾਲਕ। ਤਿਨ ਦੂਤੀ[3] ਕੀਨਸਿ ਤਤਕਾਲਕ ॥੩੬॥ ਸ਼ਾਹੁ ਸਿਖਾਯਹੁ–ਇਹਾਂ ਹਕਾਰਹੁ। ਕਰਾਮਾਤ ਸਭਿ ਭਾਂਤਿ ਨਿਹਾ-ਰਹੁ–।ਅਬਿ ਲੌ ਬਾਲਿਕ ਰੂਪ ਸਹਾਈ।ਇਸ ਕੇ ਸਾਥ ਨ ਚਹਿ ਖੁਟਿਆਈ ॥੩੭॥ ਦਈ ਪਿਤਾ ਨੇ ਵਸਤੁ ਸੰਭਾਰੀ। ਹਰੀ ਨਹੀਂ ਕਿਹ ਤੇ ਬਲਧਾਰੀ। ਸ੍ਰੀ ਹਰਿਰਾਇ ਰਿਦੇ ਰਿਸ ਆਈ।–ਆਇ ਨ ਹਮ ਕੌ ਮੁਖ ਦਿਖਲਾਈ– ॥ ੩੮ ॥ ਇਸ ਮਹਿਂ ਦੋਸ਼ ਤਿਨਹੁੰ ਕੋ ਕਹਾਂ। ਜਿਨ ਸੋਂ ਦ੍ਵੈਸ਼ ਰਚਤਿ ਹੈ ਮਹਾਂ। ਟਰਤਿ ਸ਼ਾਹੁ ਇਨ ਟਰਨਿ ਨ ਦੀਨਾ। ਠੀਕ ਹਕਾਰਨਿ ਕੋ ਮਤਿ ਕੀਨਾ ॥ ੩੯ ॥ ਅਜ਼ਮਤ ਮਹਿਂ ਪੂਰਨ ਜੁਗ ਭਾਈ। ਮਿਲੇ ਪਰਸਪਰ ਜਬਿ ਇਕ ਥਾਂਈ। ਕੋ ਜਾਨਹਿ ਤਬਿ ਕਯਾ ਹੁਇ ਜਾਇ। ਕਿਸ ਬਿਧਿ ਕੋ ਮੁਖ ਬਚ ਨਿਕਸਾਇਂ ॥ ੪੦ ॥ ਕਹਯੋ ਨਿਫਲ ਹੋਵਹਿ ਨਹਿਂ ਕੈਸੇ। ਲੱਛ ਹਤਸਿ ਅਭਿਆਸੀ ਜੈਸੇ[4]। ਧਨੁ ਬਿੱਦਯਾ[5] ਜਿਨ ਭਲੇ ਕਮਾਈ।

[1](ਮੈਂ ਇਹ) ਸੁਣਿਆਂ ਹੈ ਕਿ ਉਨ੍ਹਾਂ ਦੇ ਦਰਸ਼ਨ ਨਾਲ ਦੁਖ ਦੂਰ ਹੁੰਦੇ ਹਨ। [2]ਸੱਦਣੇ ਦਾ ਕੰਮ। [3]ਉਨ੍ਹਾਂ ਦੀ ਚੁਗਲੀ। [4](ਤੀਰ ਚਲਾਉਣ ਦਾ) ਅਭਿਆਸੀ ਜਿਵੇਂ ਨਿਸ਼ਾਨਾ ਫੁੰਡਦਾ ਹੈ। [5]ਤੀਰਅੰਦਾਜ਼ੀ ਦੀ ਵਿਦਯਾ।

ਚੁਕਹਿ ਨਹੀਂ ਬਾਨ ਗਨ ਘਾਈ[1]॥ ੪੧ ॥ ਦੋਹਰਾ ॥ ਇੱਤ੍ਯਾਦਿਕ ਸੂਬੇ ਕਹੈਂ ਭਲੀ ਬੁਰੀ ਬਿਧਿ ਜਾਨਿ। ਗੁਰ ਸੁਤ ਪਹੁੰਚ੍ਯੋ ਸਿਵਰ ਨਿਜ ਉਰ ਅਨੰਦ ਕਹੁ ਠਾਨਿ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਦੁਇ ਤ੍ਰਿੰਸਤੀ ਅੰਸੂ ॥ ੩੨ ॥

### ੩੩. [ਸਤਿਗੁਰੂ ਜੀ ਨੂੰ ਲੈਣ ਜੈ ਸਿੰਘ ਦਾ ਦੂਤ ਗਿਆ]।

ਦੋਹਰਾ ॥ ਸੀਖ ਸਿਖਾਈ ਸ਼ਾਹੁ ਕੋ ਮਤੋ ਠੀਕ ਠਹਿਰਾਇ। ਸ੍ਰੀ ਗੁਰ ਸੁਤ ਪਹੁੰਚ੍ਯੋ ਸਿਵਰ ਬੈਠ੍ਯੋ ਬਿਚ ਸਮੁਦਾਇ ॥ ੧ ॥ ਚੌਪਈ ॥ ਬਹਿਲੋ ਕੇ ਗੁਰਦਾਸ ਜਿ ਆਦਿਕ। ਕਹਿਤਿ ਭਯੋ ਸਭਿ ਸੋਂ ਅਹਿਲਾਦਿਕ[1]। 'ਸ੍ਰੀ ਗੁਰ ਨਾਨਕ ਕਾਜ ਸੁਧਾਰੇ। ਪੂਰਨ ਭਏ ਮਨੋਰਥ ਸਾਰੇ ॥ ੨ ॥ ਸ੍ਰੀ ਹਰਿਕ੍ਰਿਸ਼ਨ ਸੁ ਸ਼ਾਹੁ ਹਕਾਰੇ। ਨ੍ਰਿਪ ਜੈ ਸਿੰਘ ਬੀਚ ਕੋ ਡਾਰੇ। ਅਬਿ ਆਵਹਿਗੋ ਦਿੱਲੀ ਪੁਰਿ ਮੈਂ। ਸੁਖ ਸੋਂ ਬੈਸ ਰਹੈ ਜੋ ਘਰ ਮੈਂ ॥ ੩ ॥ ਬਿਘਨ ਅਨੇਕ ਪਾਇ ਹੈਂ ਇਹਾਂ। ਬਿਗਰਹਿ ਸ਼ਾਹੁ ਜਾਇ ਗੋ ਕਹਾਂ। ਸ਼ਾਹ ਬੁਲਾਏ ਜੇ ਚਲਿ ਆਯਹੁ। ਕਰ੍ਯੋ ਨੇਮ ਪ੍ਰਣ ਸੋ ਬਿਨਸਾਯਹੁ[2] ॥ ੪ ॥ –ਨਹਿਂ ਮਲੇਛ* ਕੋ ਦਰਸ਼ਨ ਪਾਊਂ। ਅਪਨੋ ਦਰਸ਼ਨ ਤਿਸ ਨ ਦਿਖਾਊਂ–। ਕਰੀ ਪ੍ਰਤੱਗ੍ਯਾ ਇਸ ਬਿਧਿ ਜੋਇ। ਆਵੈ ਇਤੈ ਬਿਨਸਿ ਹੈ ਸੋਇ ॥ ੫ ॥ ਸੰਗਤਿ ਸਗਲ ਮਸੰਦਨਿ[3] ਜਾਨੀ। ਪੈਜ[4] ਸਭਿਨਿ ਮਹਿਂ ਬੈਠਿ ਜੁ ਠਾਨੀ। –ਕਹ੍ਯੋ ਕੂਰ–ਜਾਨਹਿਂਗੇ ਸਭੈ[5]। –ਇਹ ਕੈਸੋ ਗੁਰ ਭਾਖਹਿਂ ਤਬੈ[6] ॥ ੬ ॥ ਬਿਗਰ ਜਾਇਗੀ ਪੁਨਿ ਗੁਰਿਆਈ। ਤਜਾਗਹਿਂ ਸ਼ਰਧਾ ਨਰ ਸਮੁਦਾਈ। ਇਮ ਇਤ ਕੇ ਆਵਨਿ ਮਹਿਂ ਦੋਸ਼ੂ। ਤਿਨਬਚ ਕੋ ਛੁਟਿ ਜਾਇ ਭਰੋਸੂ ॥ ੭ ॥ ਜੁ ਕੁਛ ਕਿਸੀ ਕੋ ਕਹੈ ਬਨਾਈ। ਨਹਿਂ ਮਾਨਹਿਂ –ਇਹ ਕੂਰ ਕਹਾਈ[7]–। ਜੋ ਇਸ ਪੈਜ ਛੁਟਨਿ ਤੇ ਡਰਹਿ। ਨਹੀਂ ਆਇਬੋ

[1] ਪ੍ਰਸੰਨ ਹੋਕੇ। [2] ਜੋ ਨਿਯਮ ਪੂਰਬਕ ਪ੍ਰਣ ਕੀਤਾ ਸੀ ਉਹ ਟੁੱਟੇਗਾ। [3] ਸਾਰੇ ਮਸੰਦਾਂ ਤੇ ਸੰਗਤ ਨੇ। [4] ਪ੍ਰਤੱਗ੍ਯਾ। [5] ਸਾਰੇ ਜਾਣ ਲੈਣਗੇ ਕਿ ਇਨ੍ਹਾਂ ਨੇ ਝੂਠ ਕਿਹਾ ਸੀ। [6] ਤਦ ਆਖਣਗੇ ਕਿ ਇਹ ਕਾਹਦਾ ਗੁਰੂ ਹੈ। [7] (ਲੋਕੀਂ) ਮੰਨਣਗੇ ਨਹੀਂ (ਕਹਿਣਗੇ ਕਿ) ਇਹ ਝੂਠ ਕਹਿ ਰਹੇ ਹਨ।

*ਮਲੇਛ ਪਦ ਦੇ ਆਮ ਅਰਥ ਮੈਲ ਦੀ ਇੱਛਾ ਵਾਲਾ ਹੈ, ਤੇ ਇਸ ਦਾ ਵਰਤਾਉ ਤੁਰਕ ਆਦਿਕਾਂ ਪਰ ਹੁੰਦਾ ਹੈ, ਪਰ ਅਸਲ ਵਿਚ ਇਸ ਦੇ ਅਰਥ ਬਿਦੇਸ਼ੀ ਦੇ ਹਨ ਜੋ ਹਿੰਦ ਦੇ ਵਿਰੋਧੀ ਹੋਣ। ਜਿਸ ਸਮੇਂ ਹਿੰਦ ਦੇ ਲੋਕ ਸੱਭ੍ਯ ਸਨ, ਤੇ ਸੁਛ ਰਹਿੰਦੇ ਸਨ ਤਦੋਂ ਦੂਸਰਿਆਂ ਦੇਸ਼ਾਂ ਦੇ ਵਿਰੋਧੀ ਵਾਸੀਆਂ ਨੂੰ, ਜੋ ਇਨ੍ਹਾਂ ਤੋਂ ਘਟ ਸੱਭ੍ਯ ਸਨ ਯਾ ਅਸੱਭ੍ਯ ਸਨ, ਮਲੇਛ ਕਿਹਾ ਕਰਦੇ ਸਨ। ਇਥੇ ਮਲੇਛ ਤੋਂ ਮੁਰਾਦ ਔਰੰਗਜ਼ੇਬ ਦੀ ਹੈ, ਜੋ ਧਰਮ ਦਾ ਵਿਰੋਧੀ ਦੂਸਰੇ ਮਤ ਦਾ ਤੇ ਦੂਸਰੇ ਦੇਸ਼ ਤੋਂ ਆਇਆਂ ਦੀ ਔਲਾਦ ਸੀ।

ਦਿੱਲੀ ਕਰਹਿ॥੮॥ ਤੌ ਬਸਿਬੋ ਕੀਰਤਿਪੁਰਿ ਅਪਨੋ। ਹੋਵਹਿ ਨਹੀਂ ਬੀਚ ਭੀ ਸੁਪਨੋ॥ਅਪਰ ਥਾਨ ਜੈਬੇ ਕਹੁ ਹੋਇ ਨਾਨ੍ਰਿਪ ਆਦਿਕ ਰਖਿ ਸਕਿ ਹੈ ਕੋਇ ਨਾ॥੯॥ਸ਼ਕਤਿ ਨ ਹੋਹਿ ਲਰਨਿ ਕੀ ਜਬੈ।ਛੋਰਿ ਦੇਸ਼ ਕਹੁ ਗਮਨਹਿੰ ਤਬੈ। ਜੰਗਲ ਕੇ ਥਲ ਜੋ ਜਲ ਹੀਨ।–ਜਾਇ ਨ ਸਕੇ ਸੈਨ–ਇਮ ਚੀਨ॥੧੦॥ਤਹਿਂ ਕੋ ਜਾਇ ਪ੍ਰਵੇਸ਼ਨਿ ਕਰਿ ਹੈ। ਕੀਰਤਿਪੁਰਿ ਤੇ ਬਸਤਿ ਨਿਕਰਿ ਹੈ[1]। ਅਧਿਕ ਸਮਾਜ ਬਿਰਾਜਹਿ ਜੋਇ। ਤਿਸ ਥਲ ਪਹੁੰਚਿ ਬਿਨਾਸੀ ਹੋਇ॥੧੧॥ਇਕ ਤੌ ਡਰਹਿਂ ਸ਼ਾਹੁ ਤੇ ਲੋਕ। ਮਿਲਹਿਂ ਨ, ਹੋਹਿ ਸਭਿਨਿ ਮੈਂ ਰੋਕ[2]। ਦੁਤੀਏ ਜੰਗਲ ਦੇਸ਼ ਮਝਾਰ। ਨਰ ਰਹਿਂ ਦੁਖੀ ਨ ਪ੍ਰਾਪਤਿ ਬਾਰਿ[3] ॥੧੨॥ ਬਸਨਹਾਰ ਜੇ ਜਲ ਨਹਿਂ ਪਾਵਹਿਂ।ਕਹਿਂ ਤੇ ਪਾਨ ਕਰਹਿਂ ਜੋ ਜਾਵਹਿਂ।ਰੋਜ਼ ਹਜ਼ਾਰਹੁੰ ਆਵਹਿਂ ਜੈਸੇ[4]।ਜੰਗਲਦੇਸ਼ ਨ ਪਹੁਂਚਹਿ ਤੈਸੇ ॥ ੧੩ ॥ ਹਟਤਿ ਹਟਤਿ ਸੰਗਤ ਰਹਿ ਜਾਇ। ਕੌਨ ਕਸ਼ਟ ਧ੍ਰਤਿ ਦਰਸ਼ਨ ਪਾਇ। ਪੁਨਹਿ ਮੋਹਿ ਗੁਰਤਾ ਬਿਦਤਾਵੈ। ਸਿਖ ਸੰਗਤਿ ਸਗਰੇ ਚਲਿ ਆਵੈਂ ॥੧੪॥ ਧਨੀ ਮਸੰਦਨਿ ਕੋ ਧਨ ਦੇਹੈਂ। ਸਿਰੋਪਾਉ ਬਖਸ਼ੀਸ਼ ਕਰੈ ਹੈਂ। ਬਹੁ ਸਨਮਾਨਹਿ ਆਵਨ ਜਾਨੈ। ਤਿਸ ਤੇ ਹਟਿ ਇਤ ਹੀ ਕੋ ਮਾਨੈਂ ॥੧੫॥ ਸਭਿ ਮਾਨਵ ਸੁਖ ਕੇ ਬਸਿ ਅਹੈਂ। ਪਹੁੰਚਹਿਂ ਤਹਾਂ ਜਹਾਂ ਬਹੁ[5] ਲਹੈਂ। ਇਹ ਉਪਾਇ ਅਬਿ ਮੈਂ ਕਰਿ ਆਵਾ। ਸਤਿਗੁਰ ਜਾਨਹਿਂ ਕਿਮ ਬਨਿ ਜਾਵਾ ॥ ੧੬ ॥ ਮੁਝ ਮਨ ਮੈਂ ਨਿਸ਼ਚੈ ਅਸ ਪਾਵਤਿ। ਸ੍ਰੀ ਹਰਿਕ੍ਰਿਸ਼ਨ ਨਹੀਂ ਇਤ ਆਵਤਿ। ਨਹੀਂ ਪ੍ਰਤੱਗਜਾ ਕਹੁ ਪਰਹਰੈ। ਕਹਨੇ ਬਾਕ ਕੋ ਪਾਲਨਿ ਕਰੈ ॥੧੭॥ ਦੋਨੋ ਬਿਧਿਨਿ ਮੋਹਿ ਗੁਨ ਹੋਇ। ਆਵਹਿ ਕਿਧੌਂ ਨ ਆਵਹਿ ਸੋਇ'। ਇਮ ਨਿਜ ਲੋਕਨਿ ਮਹਿਂ ਕਹਿ ਬਾਤੀ।ਭਰਨੇ ਹਰਖ ਕੁਛ ਸੀਤਲ ਛਾਤੀ ॥ ੧੮ ॥ ਹੋਨਹਾਰ ਕਹੁ ਜਾਨਹਿ ਨਾਹੀ। ਲਖਹਿ ਕਿ–ਗੁਰਤਾ ਹੁਇ ਮੁਝ ਪਾਹੀ–। ਖਾਨ ਪਾਨ ਕਰਿ ਸੁਪਤੇ ਰਾਤੀ। ਸੁਖ ਸੋਂ ਬਿਤੀ ਸੁ ਭਈ ਪ੍ਰਭਾਤੀ ॥੧੯ ॥ ਉਠਿ ਜੈ ਸਿੰਘ ਸਵਾਈ ਰਾਜਾ। ਕਹਨੇ ਸ਼ਾਹੁ ਚਿਤਵਤਿ ਸੋ ਕਾਜਾ[6]। ਨਿਤ ਕੀ ਕ੍ਰਿਆ ਕੀਨਿ ਸ਼ੁਭ ਰੀਤਿ। ਬੈਠਨੋ ਨਿਜ ਆਸਨ ਮੁਦ ਚੀਤ ॥੨੦॥ ਏਕ ਪ੍ਰਧਾਨ ਹਕਾਰਨਿ ਕਰਨੋ। ਸਨਮਾਨਤਿ ਬਹੁ ਬਾਕ ਉਚਰਨੋ। ਬ੍ਰਿੱਧ ਸੁਸ਼ੀਲ ਅਧਿਕ ਬੁਧਿਵਾਨਾ।

[1]ਵੱਸਣ ਤੋਂ ਨਿਕਲ ਜਾਣਗੇ। [2]ਸਭ ਵਿਚ ਰੁਕਾਵਟ ਹੋ ਜਾਏਗੀ। [3]ਜਲ। [4]ਜਿਵੇਂ (ਕੀਰਤ ਪੁਰ ਵਿਚ) ਰੋਜ਼ ਹਜ਼ਾਰਾਂ ਹੀ ਆਉਂਦੇ ਹਨ। [5]ਬਹੁਤ ( ਸੁਖ )। [6]ਸ਼ਾਹ ਦਾ ਕਹਿਆ ਹੋਇਆ ਕਾਜ ਚਿਤਵਦਾ ਹੈ।

ਨੀਕੇ ਸਕਲ ਰੀਤਿ ਤੇ ਜਾਨਾ ॥੨੧॥ 'ਹੁਕਮ ਸ਼ਾਹੁ ਕੋ ਹਮ ਪਰ ਹੋਵਾ।
–ਸ੍ਰੀ ਹਰਿਕ੍ਰਿਸ਼ਨ ਰੂਪ ਲਿਹੁ ਜੋਵਾ॥ਸਾਦਰ ਤਿਨ ਕਹੁ ਲੇ ਕਰਿ ਆਵਹੁ।
ਜੁਤਿ ਅਸੁਵਾਰੀ ਅਬੈ ਸਿਧਾਵਹੁ–॥ ੨੨ ॥ ਸੁੰਦਰ ਸਨੈਦਨ ਗਨ ਨਗ
ਜਰੇ। ਬਲੀ ਬਾਹੁ[1] ਜਿਸ ਜੋਰਨਿ ਕਰੇ। ਜ਼ਰੀਦੋਜ਼ ਜਗਮਗ ਚਮਕੰਤਾ।
ਅਸ ਉਛਾਰ ਊਪਰ ਦੁਤਿਵੰਤਾ ॥੨੩॥ਰੁਚਿਰ ਪਾਲਕੀ ਮੁਕਰ ਜਰਾਊ[2]।
ਲੇਹੁ ਕਹਾਰ ਸੰਗ ਸਮੁਦਾਊ। ਹਿਤ ਮਾਤਨਿ ਕੇ ਲੀਜਹਿ ਡੋਰੇ। ਜੇਕਰਿ
ਸਾਥ ਆਇਂ ਇਤ ਓਰੇ ॥ ੨੪ ॥ ਦਾਸੀ ਦਾਸ ਜਿਤਿਕ ਹੁਇਂ ਸਾਥ।
ਉਚਿਤ ਦੇਹੁ ਅਸੁਵਾਰੀ ਪਾਥ[3]। ਸੰਗ ਤੁਰੰਗਮ ਕੁਛ ਲੇ ਜਾਹੁ। ਅਪਰ
ਉਪਾਇਨ ਅਰਪਹੁ ਪਾਹੁ ॥ ੨੫॥ ਦਰਬ ਪਟੰਬਰ ਅਰੁ ਪਸ਼ਮੰਬਰ।
ਬਰਨ ਬਰਨ ਕੇ ਬਹੁ ਬਰ ਅੰਬਰ। ਪ੍ਰਥਮ ਪ੍ਰਸੰਨ ਕਰਹੁ ਸਭਿ ਰੀਤਿ।
ਬਿਨਤੀ ਭਨਹੁ ਠਾਨਿ ਮਨਪ੍ਰੀਤਿ॥੨੬॥ਸ਼ਾਹੁ ਦਿਸ਼ਾ ਤੇ ਅਰੁਦਿਸ਼ਮੇਰੀ[4]।
ਕਰਹੁ ਬੰਦਨਾ ਬਿਨੈ ਬਡੇਰੀ।–ਇਕ ਬੇਰ ਚਲਿ ਦਰਸ਼ਨ ਦੀਜਹਿ।
ਸੰਗਤਿ ਪੂਰ ਮਨੋਰਥ ਕੀਜਹਿ–॥੨੭॥ਜਿਸ ਬਿਧਿ ਕ੍ਰੋਧ ਹੀਨ ਉਰ ਹ੍ਵੈਕੈ।
ਆਵਹਿਂ ਨਿਜ ਪ੍ਰਸੰਨਤਾ ਕੋ ਕੈ। ਅਪਨੀ ਬੁਧਿ ਤੇ ਸੋ ਬਿਧਿ ਕਰੀਏ।
ਗਮਨਹੁ ਤਿਤੇਬਿਲਮਪਰਹਰੀਏ'॥੨੮॥ਇਮਰਾਜਾਜੈਸਿੰਘਸਵਾਈ।ਨੀਕੀ
ਬਿਧਿ ਤਯਾਰੀ ਕਰਿਵਾਈ। ਦਈ ਉਪਾਇਨ ਰੁਚਿਰ ਮਹਾਨ। ਕਰਯੋ
ਪਠਾਵਨਿ ਨਿਜ ਪਰਧਾਨ॥੨੯॥ਸਨੈ ਸਨੈ ਮਾਰਗ ਚਲਿ ਪਰਯੋ।ਪਸ਼ਚਮ
ਦਿਸ਼ਿ ਮੁਖ ਸਨਮੁਖ ਕਰਯੋ।ਜਿਮਜਿਮ ਜੈਸਿੰਘ ਕਰੀ ਤਿਆਰੀ।ਪਠਿ ਨਰ
ਲੈਤਿ ਰਹਯੋ ਸੁਧ ਸਾਰੀ ॥੩੦॥ ਚਿਤ ਸ੍ਰੀ ਰਾਮਰਾਇ ਚਿਤਵੰਤਾ।–ਆਇ
ਕਿ ਨਹਿਂ ਸੋ–ਗਟੀ ਗਿਨੰਤਾ।–ਜੈ ਪੁਰਿ ਨਾਥ ਭਾਉ ਬਹੁ ਕਰਯੋ। ਅਧਿਕ
ਨੰਮ੍ਰਤਾ ਬਾਕ ਉਚਰਯੋ॥੩੧॥ਬਸਤ੍ਰ ਬਿਭੂਖਨ ਬਿਤ ਬਹੁ ਭੇਜਾ।ਅਸਵਾਰੀ
ਆਦਿਕ ਅਰੁ ਸੇਜਾ। ਸੁਮਤਿਵੰਤਿ ਨਰ ਧਨੀ ਮਹਾਨਾ। ਪਠਯੋ ਲੇਨਿ
ਕੀਰਤਿਪੁਰਿ ਥਾਨਾ॥੩੨॥ਅਧਿਕ ਭਾਉ ਹੇਰਹਿ ਨ੍ਰਿਪ ਕੇਰਾ। ਰੁਚਿਰ ਭੇਟ
ਅਰੁਦਰਬ ਘਨੇਰਾ।ਸ੍ਰੀ ਹਰਿਕ੍ਰਿਸ਼ਨ ਸਮੀਪੀਜੇਈ।ਦੇਖਿ ਦੇਖਿ ਹਰਖਹਿੰਗੇ
ਸੋਈ ॥ ੩੩ ॥ ਕਹਿ ਕਹਿ ਬਹੁਤ ਬਾਰਿ ਗੁਨ ਨੀਕੇ। ਲੇ ਆਵਹਿੰਗੇ
ਦਿਸ਼ਿ ਦਿੱਲੀ ਕੇ। ਜੈ ਸਿੰਘ ਕਰਹਿ ਪੱਖ ਤਿਨ ਕੇਰਾ। ਸ਼ਾਹੁ ਪਾਸ ਕਹਿ
ਸੁਜਸੁ ਘਨੇਰਾ॥੩੪॥ ਮੁਝ ਤੇ ਅਧਿਕ ਭਾਉ ਕਰਿਵਾਵਹਿ। ਮੇਰੋ ਕਾਜ ਨ

[1]ਬਲਵਾਨ ਘੋੜੇ। [2]ਸ਼ੀਸ਼ਿਆਂ ਨਾਲ ਜੜੀ ਹੋਈ। [3]ਰਸਤੇ ਲਈ ਜੋਗ ਅਸਵਾਰੀ ਦਿਓ। [4]ਤੇ ਮੇਰੀ ਵਲੋਂ।

ਕੁਝ ਬਿਗਰਾਵਹਿ[1]। ਇਕ ਦੁਇ ਅਪਰ ਹੋਹਿਂ ਦਿਸ਼ਿ ਤਾਂਹੀ। ਜੇ ਨਰ ਜਾਹਿ
ਸ਼ਾਹੁ ਕੇ ਪਾਹੀ ॥੩੫॥ ਇਤ ਕੋ[2] ਬਡ ਮਰਾਤਬਾ ਜੋਇ। ਆਇ ਨਹੀਂ ਸੰਭਾ-
ਰਹਿ ਸੋਇ। ਇਹ ਤੇਂ ਰੀਤਿ ਨ ਨੀਕੀ ਬਨਹਿ। ਤਿਨਹੁੰ ਮਿਲੈ ਅਰੁ ਜਸ ਕੋ
ਭਨਹਿ[3] ॥੩੬॥ ਕਰਾਮਾਤ ਮੁਝ ਤੇ ਸੁ ਬਿਲੰਦ। ਆਇ ਕਰਹਿ ਨਹਿਂ ਮਮ
ਜਸੁ ਮੰਦ। ਨਹਿਂ ਆਵਹਿ ਦਿੱਲੀ ਪੁਰਿ ਮਾਂਹੀ। ਅਰੁ ਨਹਿਂ ਜਾਹਿ ਸ਼ਾਹੁ ਕੇ
ਪਾਹੀ ॥ ੩੭ ॥ ਡਰ ਭਾਗਹਿ ਜੰਗਲ ਦਿਸ਼ਿ ਜਾਇ। ਇਹੀ ਬਾਤ ਨੀਕੀ
ਬਨਿ ਆਇ। ਇਤ ਆਵਨ ਮਹਿਂ ਸੰਸੈ ਮਹਾਂ। ਕੋ ਜਾਨਹਿਂ ਹ੍ਵੈ ਜੈ ਹੈ ਕਹਾਂ-
॥ ੩੮ ॥ ਦੋਹਰਾ ॥ ਇਸ ਪ੍ਰਕਾਰ ਨਿਤ ਚਿਤ ਬਿਖੈ ਗਨਤੀ ਗਿਨਹਿ ਅਪਾਰ
। ਰਹਿ ਸਚਿੰਤ,-ਕਿਮ ਹੋਇ ਹੈ ਅਨੁਜ ਸਾਥ ਬਿਵਹਾਰ-॥੩੯॥ ਇਤਿ ਸ੍ਰੀ ਗੁਰੁ
ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਨ੍ਰਿਪ ਜੈ ਸਿੰਘ ਨਰ ਭੇਜਨ' ਪ੍ਰਸੰਗ ਬਰਨਨੰ ਨਾਮ ਤ੍ਰੈਤ੍ਰਿੰਸਤੀ ਅੰਸੂ ॥ ੩੩ ॥

## ੩੪. [ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪਾਸ ਰਾਜਾ ਜੈ ਸਿੰਘ ਦਾ ਪਰਧਾਨ ਪੁੱਜਾ]।

ਦੋਹਰਾ ॥ ਜੈਪੁਰਿ ਪਤਿ ਪਰਧਾਨ ਨਿਜ ਪਠਜੋ ਪਰਜੋ ਮਗ ਮਾਂਹਿ। ਸਨੈ ਸਨੈ
ਪੁਰਿ ਗ੍ਰਾਮ ਲੰਘਿ ਸਤਿਗੁਰ ਮਿਲਨਿ ਉਮਾਹਿ ॥ ੧ ॥ ਚੌਪਈ ॥ ਕੀਰਤਿ ਪੁਰਿ
ਮੈਂ ਪਹੁੰਚਜੋ ਜਾਈ। ਕਰਜੋ ਸਿਵਰ ਜੇ ਨਰ ਸਮੁਦਾਈ। ਸ੍ਰੀ ਸਤਿਗੁਰ ਢਿਗ
ਜਬਿ ਸੁਧਿ ਹੋਈ*। ਭੋਜਨ ਪਠਜੋ ਦੇਗ ਕੋ ਜੋਈ ॥ ੨ ॥ ਅਪਰ ਲਈ
ਸੁਧਿ ਸਰਬ ਪ੍ਰਕਾਰ। ਖਾਨ ਪਾਨ ਜੇਤਿਕ ਬਿਵਹਾਰ। ਕਰੀ ਬਿਤਾਵਨਿ
ਸੁਖ ਸੋਂ ਰਾਤੀ। ਸੁਪਤਿ ਉਠੇ ਜਬਿ ਭਈ ਪ੍ਰਭਾਤੀ ॥੩॥ ਸਕਲ ਸੌਚ ਜੁਤਿ
ਕੀਨਿ ਸ਼ਨਾਨ। ਪੋਸ਼ਿਸ਼ ਪਹਿਰੀ ਰੁਚਿਰ ਮਹਾਨ। ਪੁਨਹਿ ਪਠਜੋ ਇਕ
ਨਰ ਗੁਰ ਪਾਸ। ਕਰ ਜੋਰੇ ਭਾਖਤਿ ਅਰਦਾਸ ॥੪॥ 'ਬਡ ਰਾਜਾ ਜੈ ਸਿੰਘ
ਸਵਾਈ। ਜੈ ਪੁਰਿ ਕੋ ਪਤਿ ਬਿਦਤਿ ਮਹਾਂਈ। ਅਵਰੰਗਸ਼ਾਹੁ ਨਿਕਟਿ ਨਿਤ
ਰਹਿਈ। ਅਨਿਕ ਨਰਨ ਕਾਰਜ ਨਿਰਬਹਿਈ ॥ ੫ ॥ ਤਿਸ ਨ੍ਰਿਪ ਨੇ
ਭੇਜਜੋ ਪਰਧਾਨ। ਨਿਸ ਆਯਹੁ ਕੀਰਤਿ ਪੁਰਿ ਥਾਨ। ਸਰਬ ਰੀਤਿ ਕੀ ਸੁਧਿ
ਬਹੁਤੇਰੀ। ਗੁਰ ਘਰ ਤੇ ਹੋਈ ਸਭਿ ਹੇਰੀ ॥੬॥ ਅਬਿ ਰਾਵਰ ਕੇ ਦਰਸ਼ਨ
ਹੇਤੁ। ਬੂਝਨਿ ਭੇਜਜੋ ਹੋਇ ਸੁਚੇਤ। ਆਇਸੁ ਪਾਇ ਤੁਮਾਰੀ ਜਬੈ।
ਕਰਹਿ ਸਫਲਤਾ ਅਪਨੀ ਤਬੈ' ॥੭॥ ਸੁਨਿ ਸ੍ਰੀ ਗੁਰ ਹਰਿਕ੍ਰਿਸ਼ਨ ਸੁਜਾਨਾ।
ਅੰਤਰਜਾਮੀ ਕੀਨਿ ਬਖਾਨਾ। 'ਪਾਛਲ ਪਹਿਰ ਦਿਵਸ ਕੇ ਆਵਹੁ।

[1]ਨਾਂ ਕੁਛ ਬਿਗਾੜ ਦੇਵੇ। [2]ਭਾਵ ਮੇਰੀ ਤਰਫ ਦਾ। [3]ਤਿਨ੍ਹਾਂ (ਭਾਵ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ
ਨੂੰ) ਬਾਦਸ਼ਾਹ ਮਿਲ ਪ੍ਰਵੇ ਅਤੇ ਤਿਨ੍ਹਾਂ ਦਾ ਜਸ ਉਚਾਰੇ।

*ਪਾ:-ਸੁਧ ਜਬਿ ਗਈ।

ਸਤਿਸੰਗਤ ਕਹੁ ਦਰਸ਼ਨ ਪਾਵਹੁ ॥੮॥ ਦੂਰ ਪੰਥ ਤੇ ਚਲਿ ਕਰਿ ਆਏ। ਬਿਸਰਾਮਹਿੰ ਸਭਿ ਬਿਧਿ ਸੁਖ ਪਾਏ'। ਛਰੀਦਾਰ ਸੁਨਿ ਸਤਿਗੁਰ ਬਿਸੈ[੧]। ਸਗਰੋ ਜਾਇ ਸੁਨਾਯਹੁ ਤਿਸੈ ॥ ੯ ॥ ਭਯੋ ਦਿਵਸ ਕੋ ਪਾਛਲ ਜਾਮ। ਬੋਲੇ ਸਤਿਗੁਰ ਮੁਖ ਅਭਿਰਾਮ। 'ਸਭਾ ਲਗਾਵਨਿ ਕੇ ਹਿਤ ਤਯਾਰੀ। ਕਰਹੁ ਸ਼ੀਘ੍ਰ ਬਡ ਫਰਸ਼ ਸੁਧਾਰੀ ॥੧੦॥ ਅਪਰ ਸਮਾਜ ਬਨਾਵਹੁ ਨੀਕਾ। ਪਿਖਤਿ ਹੋਇ ਹੁਲਸਾਵਨ ਜੀ ਕਾ'। ਸੁਨਿ ਸੇਵਕ ਸਮੁਦਾਇ ਸਿਧਾਏ। ਸਭਾ ਸਦਨ ਸੁੰਦਰ ਸੁਧਰਾਏ ॥੧੧॥ ਤਨਯੋ ਚੰਦੋਵਾ ਝਾਲਰ ਜ਼ਰੀ। ਜਰੀ ਨਗੋਂ ਤੇ ਸੋਭਤਿ ਖਰੀ[੨]। ਖਰੀ ਚੋਬ ਚਿੱਤ੍ਰਤਿ ਮੈਂ ਚਾਰੁ[੩]। ਚਾਰ ਓਰ ਚਮਕਤਿ ਗਚਕਾਰ[੪] ॥ ੧੨ ॥ ਸੁੰਦਰ ਫਰਸ਼ ਮਖ਼ਮਲੀ ਹੋਵਾ। ਹਰਖ ਉਪਾਵਤਿ ਜਿਨ ਜਿਨ ਜੋਵਾ। ਰਾਜ ਸਮਾਜ ਸਰਬ ਹੀ ਬਨਯੋ। ਚਹੁੰਦਿਸ਼ਿ ਸਦਨ ਸੁਦੁਤਿ ਤੇ ਸਨਯੋ ॥੧੩॥ ਸਰਬ ਪ੍ਰਕਾਰ ਤਯਾਰ ਜਬਿ ਜੋਯੋ। ਸ੍ਰੀ ਸਤਿਗੁਰ ਕਹੁ ਆਵਨਿ ਹੋਯੋ। ਸੁੰਦਰ ਬੀਚ ਪ੍ਰਯੰਕ ਡਸਾਵਾ। ਉੱਜਲ ਆਸਤਰਨ[੫] ਸੋਂ ਛਾਵਾ ॥ ੧੪ ॥ ਸੇਜਬੰਦ ਗੁੰਫੇ ਜੁਤਿ ਜ਼ਰੀ। ਊਪਰ ਆਇ ਬਿਰਾਜੇ ਹਰੀ। ਭਾਟ ਨਕੀਬ ਬਢਾਵਤਿ ਜਸੁ ਕੋ। ਆਏ ਸੁਭਟ ਸਿਪਰ ਗਹਿ ਅਸਿ ਕੋ ॥੧੫॥ ਬ੍ਰਿੰਦ ਮਸੰਦ ਮੇਵੜੇ ਠਾਢੇ। ਜੋ ਅਰਦਾਸ ਕਰਹਿ ਸੁਖ ਬਾਢੇ। ਚਵਰਦਾਰ ਲੇ ਚਵਰ ਖਰੇ ਹੈਂ। ਪਹਿਰੇ ਬਸਤ੍ਰਨਿ ਬੇਸ ਖਰੇ ਹੈਂ ॥੧੬॥ ਚਾਰਹੁੰ ਓਰ ਚਲਾਵਹਿੰ ਕਰ ਤੇ। ਢੋਰਤਿ ਚਵਰ ਹੰਸ ਜਨੁ ਚਰਤੇ। ਸ੍ਰੀ ਹਰਿਕ੍ਰਿਸ਼ਨ ਬਿਰਾਜਤਿ ਬੈਸੇ। ਬ੍ਰਹਮ ਗਯਾਨ ਕੀ ਮੂਰਤਿ ਜੈਸੇ ॥ ੧੭ ॥ ਬਾਲਿਕ ਰੂਪ ਅੰਗ ਸੁ-ਕੁਮਾਰਾ । ਬ੍ਰਿੱਧ ਬੁਧਿ ਕੇ ਮਹਿਦ ਉਦਾਰਾ[੬]। ਰੁਚਿਰ ਰਕਤ ਚਰਣਾਂਬੁਜ ਸੋਹੇ। ਜਿਨਹੁੰ ਹੇਰਿ ਜੋਗੀ ਜਨ ਮੋਹੇ ॥੧੮॥ ਸੂਖਮ ਬਸਤ੍ਰ ਗਰੇ ਮਹਿੰ ਜਾਮਾ। ਤੁੰਗ ਸਿਕੰਧ ਦੁਕੂਲ ਭਿਰਾਮਾ। ਜਰੇ ਜਰਾਵਨਿ ਕੁੰਡਲ ਕਰਨ[੭]*। ਕਰਨਿ[੮] ਕਟਕ ਹਾਟਿਕ[੯] ਸ਼ੁਭ ਬਰਨ ॥ ੧੯ ॥ ਸਿਰ ਪਰ ਚੀਰਾ ਚਿੱਤ੍ਰਤਿ ਰੰਗ। ਤਿਸ ਪਰ ਸੋਭਤਿ

[੧]ਸਤਿਗੁਰੂ ਜੀ (ਦਾ) ਤਾਤਪਰਜ। [੨]ਨਗਾਂ ਨਾਲ ਜੜੀ ਹੋਈ ਚੰਗੀ ਸ਼ੋਭ ਰਹੀ ਹੈ। [੩]ਚਿਤ੍ਰਕਾਰੀ ਵਾਲੀਆਂ ਸੁਹਣੀਆਂ ਚੋਬਾਂ ਖੜੀਆਂ ਹਨ। [੪]ਚਾਰੋਂ ਪਾਸੇ ਜੜਤਕਾਰੀ ਚਮਕ ਰਹੀ ਹੈ। (ਅ) ਚਾਰੇ ਪਾਸੇ (ਕੁਛ ਦੂਰੀ ਤੇ) ਚੂੰਨੇ (ਦੀਆਂ ਕੰਧਾਂ ਆਦਿ) ਸੋਭਾਇਮਾਨ ਹਨ। [੫]ਵਿਛਾਵਣਾ। [੬](ਪਰੰਤੂ) ਬੁੱਧੀ ਦੇ ਬਜ਼ੁਰਗ ਹਨ ਤੇ ਬੜੇ ਉਦਾਰ ਹਨ। [੭]ਕੰਨਾਂ ਵਿਚ। [੮]ਹੱਥਾਂ ਵਿੱਚ। [੯]ਹਥਾਂ ਵਿੱਚ ਸੋਨੇ ਦੇ ਕੜੇ। *ਦੇਖੋ ਰਾਸ ੪ ਅੰਸੂ ੪੫ ਅੰਕ ੨੭ ਤੇ ਰਾਸ ੧੦ ਅੰਸੂ ੧੨ ਅੰਕ ੧੮ ਦੀ ਹੇਠਲੀ ਟੂਕ।

ਜਿਗਾ ਉਤੰਗ। ਜਰਜੋ ਜਰਾਉ ਦਮਕਤਿ ਹੀਰੇ। ਕੋਰਦਾਰ ਸੁੰਦਰ ਬਿਧਿ ਚੀਰੇ ॥੨੦॥ ਸ਼ਾਰਦ ਚੰਦ ਸਪੂਰਨ ਬਦਨ। ਹੋਤਿ ਚਾਂਦਨੀ ਮੁਸਕਤਿ ਰਦਨ[1]। ਸਿੱਖਜਨਿ ਕੇਰ ਬਿਲੋਚਨ ਜੋਰਾ[2]। ਮਨਹੁੰ ਨਿਹਾਰਤਿ ਚਾਰ ਚਕੋਰਾ ॥੨੧॥ ਸਰਬ ਸਭਾ ਜਬਿ ਪੂਰਨ ਭਈ। ਬਸਤ੍ਰ ਬਿਭੂਖਨ ਤੇ ਦੁਤਿ ਮਈ। ਗਾਵਹਿਂ ਸ਼ਬਦ ਰਾਗ ਧੁਨਿ ਪਾਇ। ਹੋਤਿ ਨਿਹਾਲ ਜਿਨਹੁੰ ਮਨ ਲਾਇ ॥ ੨੨ ॥ ਨ੍ਰਿਪ ਜੈ ਸਿੰਘ ਨਰ ਭੇਜਜੋ ਜੋਇ। ਤਿਹ ਛਿਨ ਕਰਜੋ ਹਕਾਰਨਿ ਸੋਇ। ਨੌਬਤ ਬਾਜਤਿ ਦ੍ਵਾਰ ਅਗਾਰੀ। ਆਇ ਤਹਾਂ ਬੰਦਨ ਕਹੁ ਧਾਰੀ ॥੨੩॥ ਸਗਲ ਉਪਾਇਨ ਆਗੇ ਧਰਿ ਕੈ। ਨੰਮ੍ਰੀ ਹੋਇ ਭਾਉ ਉਰ ਕਰਿਕੈ। ਸ਼੍ਰੀ ਸਤਿਗੁਰ ਕੇ ਆਇ ਹਜੂਰਾ। ਕੀਨਿ ਬਿਲੋਕਨ ਦਰਸ਼ਨ ਰੂਰਾ ॥ ੨੪ ॥ ਬਸਤ੍ਰ ਬਿਭੂਖਨ ਸੁੰਦਰ ਪਹਿਰੇ। ਸਭਿਨਿ ਬੀਚ ਬੈਠੇ ਚਿਤ ਠਹਿਰੇ[3]। ਆਨਿ ਆਨਿ ਸੰਗਤਿ ਦਰਸੰਤੀ। ਭਾਂਤਿ ਭਾਂਤਿ ਭੇਟਨਿ ਅਰਪੰਤੀ ॥੨੫॥ ਮਨੋ ਕਾਮਨਾ ਪੂਰਨ ਹੋਵਤਿ। ਹਿਤ ਅਰਦਾਸਨਿ ਅੱਗ੍ਰ ਖਰੋਵਤਿ। ਨਰ ਨਾਰੀ ਪਿਖਿ ਹ੍ਵੈਂ ਬਲਿਹਾਰੀ। ਅਨਿਕ ਦੇਸ਼ ਕੇ ਕਰਹਿਂ ਜੁਹਾਰੀ[4] ॥ ੨੬ ॥ ਗੁਰ ਸਮਾਜ ਕੋ ਪਿਖਿ ਪਰਧਾਨਾ। ਹਰਖ ਭਰਜੋ ਜੋਰਤਿ ਜੁਗ ਪਾਨਾ। ਧਰ ਪਰ ਧਰਿ ਸਿਰ ਬੰਦਨ ਕੀਨਿ। ਬੈਠਜੋ ਸਨਮੁਖ ਸ਼ਰਧਾ ਭੀਨ ॥ ੨੭ ॥ ਪਾਨ ਬੰਦਿ ਪੁਨ ਬਿਨੈ ਬਖਾਨੀ। 'ਜੈ ਪੁਰਿ ਮਹਿਂ ਜਿਸ ਕੀ ਰਜਧਾਨੀ। ਨਾਮ ਨ੍ਰਿਪਤ ਜੈ ਸਿੰਘ ਸਵਾਈ। ਸ਼ਾਹਿ ਸਮੀਪੀ ਰਹੈ ਸਦਾਈ ॥ ੨੮ ॥ ਤਿਨ ਅਰਜ਼ੀ ਕਰ ਜੋਰਿ ਗੁਜ਼ਾਰੀ। ਨਮਸਕਾਰ ਪਦ ਪਦਮ ਉਚਾਰੀ। ਰਾਵਰਿ ਦਰਸ਼ਨ ਤਰਨਿ[5] ਮਨਿੰਦ। ਅੰਧਕਾਰ ਗਨ ਕਸ਼ਟ ਬਿਲੰਦ ॥ ੨੯॥ ਕਰਤਿ ਲਾਲਸਾ ਰਿਦੇ ਮਹਾਨੀ। –ਦੀਜਹਿ ਆਇ ਦਰਸ ਇਸ ਥਾਨੀ। ਦਿੱਲੀ ਪੁਰਿ ਕੀ ਸੰਗਤਿ ਭਾਰੀ। ਕਰਹੁ ਨਿਹਾਲ ਆਪ ਇਕ ਬਾਰੀ– ॥੩੦॥ ਕਾਰਨ ਔਰ ਏਕ ਇਸ ਮਾਂਹੂ। ਜੈ ਸਿੰਘ ਨ੍ਰਿਪ ਅਵਲੋਕਜੋ ਪਾਹੂ[6]। ਕਹਜੋ ਸ਼ਾਹੁ ਅਵਰੰਗ ਨੇ ਐਸੇ। –ਗੁਰੂ ਹਕਾਰਹੁ ਜੈਸੇ ਕੈਸੇ– ॥੩੧॥ ਸ਼ਾਹੁ ਲਿਖਾਇ ਪਠਜੋ ਪਰਵਾਨਾ'। ਇਮ ਕਹਿ ਨਵੀਸਿੰਦ ਦਿਯ ਪਾਨਾ। ਲੇ ਕਰਿ ਪਠਜੋ ਸੁਨਾਯੋ ਗੁਰ ਕੋ। ਆਸ਼ੈ ਲਖਜੋ ਸ਼ਾਹੁ ਕੇ ਉਰ ਕੋ ॥ ੩੨॥ ਅਰੁ ਭੁਪਤਿ ਕੀ ਬਿਨੈ ਪਛਾਨੀ।

[1]ਹੱਸ ਰਹੇ (ਮੁਖ ਦੇ) ਦੰਦਾਂ ਤੋਂ। [2]ਨੇਤ੍ਰਾਂ ਦਾ ਜੋੜਾ। [3]ਠਹਿਰੇ ਚਿਤ ਨਾਲ। [4]ਬੰਦਨਾ। [5]ਸੂਰਜ।
[6](ਬਾਦਸ਼ਾਹ ਨੇ) ਆਪਣੇ ਪਾਸ ਦੇਖਕੇ।

ਦੂਤੀ ਜੇਤੀ ਭ੍ਰਾਤ ਬਖਾਨੀ। ਕਾਰਨ ਸਕਲ ਜਾਨਿ ਮਨ ਮਾਂਹੀ। ਸ੍ਰੀ ਹਰਿ ਕ੍ਰਿਸ਼ਨ ਜਿਨਹੁੰ ਗ਼ਮ ਨਾਂਹੀ ॥ ੩੩ ॥ ਸੰਧਯਾ ਲਗਿ ਸਭਿ ਸਭਾ ਮਝਾਰੇ। ਦਰਸ਼ਨ ਦੇਤਿ ਥਿਰੇ ਸਖ ਧਾਰੇ। ਗਾਵਤਿ ਸ਼ਬਦ ਭੋਗ ਜਬਿ ਪਰਯੋ।ਕਿਯ ਅਰਦਾਸ ਮੇਵਰੇ ਖਰਯੋ ॥ ੩੪ ॥ ਉਠਿ ਸਤਿਗੁਰ ਗਮਨੇ ਨਿਜ ਮੰਦਿਰ। ਬੈਠੇ ਸੇਜ ਮਨੋਹਰ ਅੰਦਰ। ਸਨੇ ਸਨੇ ਸਗਰੇ ਨਿਜ ਥਾਨ। ਪਹੁੰਚੇ ਨਰ ਸਮੇਤ ਪਰਧਾਨ॥੩੫॥ 'ਰਾਮਰਾਇ ਮਤਸਰ ਕੋ ਧਰਿ ਕੈ। ਕੀਨਸਿ ਦੂਤੀ ਸ਼ਾਹੁ ਸਿਖਰਿ ਕੈ। ਸਤਿਗੁਰ ਸ੍ਰੀ ਹਰਿਕ੍ਰਿਸ਼ਨ ਹਕਾਰੇ'। ਕੀਰਤਪੁਰਿ ਬ੍ਰਿਤਾਂਤ* ਬਿਸਤਾਰੇ ॥ ੩੬ ॥ 'ਨਹਿਂ ਕੀਨੀ ਇਹ ਨੀਕੀ ਬਾਤ। ਅਨੁਜ ਸਾਥ ਦ੍ਵੈਸ਼ੀ ਬੱਖਯਾਤ। ਲਰਕਾਪਨ ਮਹਿਂ ਅਹੈ ਸਰੀਰ। ਕਰੈ ਹਕਾਰਨਿ ਨੌਰੰਗ ਭੀਰ ॥ ੩੭ ॥ ਦੁਸ਼ਟ ਮਹਾਂ ਬਾਦੀ ਦੁਖਦਾਈ। ਹਠ ਬਿਲੰਦ ਜੋ ਕਰਤਿ ਸਦਾਈ। ਕੌ ਜਾਨਹਿ ਕਯਾ ਕਹਹਿ ਇਨਹੁੰ ਕੋ। ਦ੍ਵੈਖਕ ਭ੍ਰਾਤਾ ਨਿਕਟਿ ਜਿਨਹੁੰ ਕੋ ॥ ੩੮ ॥ ਸੰਤ ਫਕੀਰ ਗਹਿਤਿ ਜੋ ਘਨੇ। ਬਹਿਸ ਤਿਨਹੁੰ ਸੋਂ ਪ੍ਰਾਨਨਿ ਹਨੇ। ਕਰਤਿ ਨਹੀਂ ਪਰਮੇਸੁਰ ਤ੍ਰਾਸ। ਮਹਾਂ ਮੂਢ ਚਹਿ ਸ਼ਰ੍ਹਾ ਪ੍ਰਕਾਸ਼' ॥੩੯॥ ਇਮ ਕੀਰਤਪੁਰਿ ਮੈਂ ਬਹੁ ਕਹੈਂ। ਨਹੀ ਬਾਤ ਇਹ ਨੀਕੀ ਲਹੈਂ। ਅਨਬਨ ਅਹੈ ਸੁ ਕਿਮ ਬਨਿ ਆਵੈ। ਲਘੁ ਬਯ ਸਤਿਗੁਰ, ਦੁਸ਼ਟ ਬੁਲਾਵੈ ॥ ੪੦ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਹਰਿਕ੍ਰਿਸ਼ਨ ਹਕਾਰਨ' ਪ੍ਰਸੰਗ ਬਰਨਨੋ ਨਾਮ ਚਤੁਰ ਤ੍ਰਿੰਸਤੀ ਅੰਸੂ ॥ ੩੪ ॥

## ੩੫. [ਪਰਧਾਨ ਗੁਰੂ ਜੀ ਪਾਸ]।

ਦੋਹਰਾ ॥ ਸੁਨਯੋ ਮਸੰਦਨਿ ਮੇਵਰਨਿ ਪ੍ਰਚੁਰ ਭਯੋ[1] ਬਿਰਤਾਂਤ।ਸ੍ਰੀ ਜਨਨੀ ਤੇ ਆਦਿ ਸਭਿ ਕਰਤਿ ਚਿੰਤ ਬਹੁ ਭਾਂਤਿ ॥ ੧ ॥ ਚੌਪਈ ॥ ਜੇਤਿਕ ਮੁੱਖਯ ਹੁਤੇ ਗੁਰ ਘਰ ਕੇ। ਸਭਿ ਇਕੱਤ੍ਰ ਹੋਏ ਧ੍ਰਿਤ ਧਰਿ ਕੇ। ਕੇਤਿਕ ਕਰੇ ਹਕਾਰਨਿ ਆਏ। ਕਿਤਿਕ ਆਪ ਹੀ ਗੇ ਤਿਸ ਥਾਂਏ ॥ ੨॥ ਪਹੁੰਚੇ ਸ੍ਰੀ ਮਾਤਾ ਕੇ ਪਾਸ। ਨਮੋਂ ਕਰਹਿਂ ਬਹੁ ਬਿਨੈ ਪ੍ਰਕਾਸ਼। ਬੈਠੇ ਬ੍ਰਿੰਦ ਬ੍ਰਿਤਾਂਤ ਬਖਾਨੇ। 'ਸ੍ਰੀ ਹਰਿਕ੍ਰਿਸ਼ਨ ਹਕਾਰਨਿ ਠਾਨੇ ॥੩॥ ਦੁਸ਼ਟ ਬਡੋ ਬਾਦੀ ਹਠ ਕ੍ਰੂਰੋ। ਨੌਰੰਗ ਸ਼ਾਹੁ ਸ਼ਰ੍ਹਾ ਕੋ ਪੂਰੋ। ਰੋਕਿ ਸਭਿਨਿ ਕੋ ਅਜ਼ਮਤ ਚਾਹੇ।ਨਤੁ ਨਿਜ ਮਤ ਮੈਂ ਲਯਾਇ ਉਮਾਹੇ[2] ॥੪॥ ਪੁਨ ਭ੍ਰਾਤਾ ਤਹਿ ਮਤਸਰ ਭਰਯੋ। ਜਿਨੈ ਬੁਲਾਵਨਿ ਕੋ ਮਤ ਕਰਯੋ। ਮਿਲਿ ਤਿਨ[3], ਘਾਤ ਅਨੇਕ ਰਚਤਿ

[1]ਫੈਲਿਆ। [2]ਆਪਣੇ ਮਤ ਵਿਚ ਲਿਆ ਕੇ ਖੁਸ਼ ਹੁੰਦਾ ਹੈ। [3]ਤਿਨ੍ਹਾਂ (ਭਾਵ ਬਾਦਸ਼ਾਹ ਆਦਿਕ ਨਾਲ) ਮਿਲਕੇ। *ਪਾ:-ਇਹ ਬਿਧਿ।

ਹੈ । ਅਨਜ ਬਡਾਈ ਦੇਖਿ ਤਚਤਿ ਹੈ[1] ॥ ੫ ॥ ਸ੍ਰੀ ਹਰਿਕ੍ਰਿਸ਼ਨ ਬੈਸ ਲਘੁ ਤਿਨ ਕੀ । ਤਹਿਂ ਸਹਾਇਤਾ ਨਾਂਹਿਨ ਜਿਨ ਕੀ । ਪਿਤਾ ਧੀਰ ਬੈਕੁੰਠ ਸਿਧਾਇ।ਸਕਲ ਕਲਾ ਸਮਰਥ ਸੁਖਦਾਇ ॥੬॥ ਇਹ ਅਸਮੰਜਸ[2] ਹੈ ਸਭਿ ਬਾਤ । ਹੁਇ ਤਹਿਂ ਕਹਾਂ, ਨ ਜਾਨੀ ਜਾਤਿ[3]'। ਇਤਨੇ ਮਹਿਂ ਚਲਿ ਸਤਿਗੁਰ ਆਇ। ਬਾਲ ਆਰਬਲ ਧੀਰ ਬ੍ਰਿਧਾਇ ॥੭॥ ਹਾਥ ਬੰਦਿ ਸਭਿ ਹੂੰ ਕਰਿ ਠਾਢੇ । ਨਿਮਹਿ ਪ੍ਰੇਮ ਪਦ ਪੰਕਜ ਬਾਢੇ । ਸਤਿਕਾਰਤਿ ਥਿਰ ਸਭਿ ਕੋ ਬੈਸੇ । ਸ਼ੋਭਤਿ ਗਯਾਨ ਮੂਰਤੀ ਜੈਸੇ॥੮॥ਸ੍ਰੀ ਜਨਨੀ ਬੂਝੇ ਸਤਿ ਭਾਇ। 'ਹ੍ਰਿਦੈ ਆਪ ਕੇ ਕਿਮ ਉਪਜਾਇ ?। ਭ੍ਰਾਤਾ ਨੇ ਬਹੁ ਧਾਰਿ ਸ਼ਰੀਕਾ। ਸੁਜਸੁ ਤੁਮਾਰੋ ਲਗਹਿ ਨ ਨੀਕਾ ॥੯॥ ਸ਼ਾਹਿ ਸਿਖਾਇ ਹਕਾਰਨਿ ਕਰੇ। –ਮਮ ਸਮ ਮਿਲਹਿ–,ਦ੍ਵੈਸ਼ ਕੋ ਧਰੈ[4]। ਬਨਹਿ ਜਾਇਬੋ ਤਹਾਂ ਜ਼ਰੂਰ। ਨਤੁ ਬਧਿ ਜਾਇ ਬਖੇਰੋ ਭੂਰ ॥੧੦॥ ਨੌਰੰਗ ਕੇ ਨਰ ਛੂਛੇ ਜਾਹਿਂ । ਦੁਸ਼ਟ ਤਬੈ ਰਿਸ ਹੈ ਮਨ ਮਾਂਹਿ । ਰਿਦੇ ਹੰਕਾਰਹਿ ਜ਼ੋਰ ਕਰੈਗੋ । ਲਸ਼ਕਰ ਪਠਹਿ, ਬਿਰੋਧਧਰਹਿਗ ॥੧੧॥ ਬਿਗਰ ਜਾਇ ਪੁਨ ਸੁਧਰਹਿ ਨਾਂਹੀ।ਬੁਰਾ ਕਰਤਿ ਜਿਸ ਬੈਸਹਿਂ ਪਾਹੀ[5]। ਕਠਨ ਬਨੀ, ਕਿਮ ਕਰਹਿਂ ਸੁਧਾਰਨਿ ?। ਜਿਸ ਤੇ ਹੁਇ ਅਨੰਦ ਕੋ ਕਾਰਨ' ॥੧੨॥ ਸੁਨਿ ਕੈ ਸ੍ਰੀ ਹਰਿਕ੍ਰਿਸ਼ਨ ਸੁਜਾਨਾ। ਸਭਿਨਿ ਸੁਨਾਵਤਿ ਬਾਕ ਬਖਾਨਾ । 'ਨਹਿ ਮਲੇਛ ਕੋ ਦਰਸ਼ਨ ਦੇ ਹੈਂ। ਹੁਇ ਸਮੀਪ ਤਿਸ ਕੋ ਨਹਿਂ ਲੈ ਹੈਂ ॥ ੧੩ ॥ ਇਹੀ ਨੇਮ ਪਿਤ ਕੀਨਿ ਹਮਾਰੇ। ਤਿਸ ਪ੍ਰਕਾਰ ਹਮ ਭੀ ਉਰ ਧਾਰੇਂ । ਨਿਜ ਬਚ ਪਿਤ ਜਿਮ ਕਿਯ ਪ੍ਰਤਿਪਾਰਨਿ। ਤਿਮ ਹਮ ਕਰਹਿਂ ਨ ਹੁਇ ਹੈ ਟਾਰਨਿ ॥ ੧੪ ॥ ਅਟਲ ਸੁਮੇਰ ਟਲਹਿ ਨਹਿਂ ਜੈਸੇ। ਸਤਿਗੁਰ ਬਾਕ ਅਚਲ ਨਿਤ ਤੈਸੇ। ਬਿਘਨ ਪੌਨ ਤੇ ਕਿਮ ਚਲਿ ਪਰੈ। ਸਦਾ ਗੰਭੀਰ ਧੀਰ ਜੋ ਵਰੈ' ॥ ੧੫ ॥ ਅਚਲ ਬਾਕ ਸੁਨਿ ਕੈ ਤਿਸ ਕਾਲਾ। ਤ੍ਰਸੇ ਮਸੰਦ ਰੁ ਮਾਤ ਬਿਸਾਲਾ। 'ਪਿਤਾ ਸਮਾਨ ਨੇਮ ਜੇ ਧਾਰਨੋ । ਤੌ ਅਬਿ ਸਭਿ ਹੂੰ ਕਾਜ ਬਿਗਾਰਨੋ' ॥ ੧੬ ॥ ਸਭਿਨਿ ਜੋਰਿ ਕਰ ਬਿਨੈ ਬਖਾਨੀ। 'ਤੁਮ ਸਰਬੱਗਯ ਸਕਲ ਗੁਨਖਾਨੀ। ਜਥਾ ਹੋਇ ਸਭਿ ਹੂੰ ਕਹੁ ਨੀਕੀ। ਬਾਤ ਆਪ ਕੀ ਪਰਹਿ ਨ ਫੀਕੀ। ॥ ੧੭ ॥ ਕਰਨੀ ਕਾਰ ਤਥਾ ਤੁਮ ਬਨਿ ਹੈ। ਮਾਤ ਆਪ ਕੀ ਗਿਨਤੀ ਗਿਨਿ

---

[1]ਸੜਦਾ ਹੈ। [2]ਕਠਨ। [3]ਨਹੀਂ ਜਾਣਿਆਂ ਜਾਂਦਾ। [4]ਮੇਰੇ ਵਾਂਙ ਆਕੇ ਮਿਲਨਿ (ਬਾਦਸ਼ਾਹ ਨੂੰ) ਇਹ ਦ੍ਵੈਸ਼ ਧਰਦਾ ਹੈ। [5]ਬੁਰਾ ਕਰਨ ਵਾਲੇ ਜਿਸ ਪਾਸ ਬੈਠਦੇ ਹਨ।

ਹੈ। ਕਰੀਅਹਿ ਸਭਿ ਕੋ ਸੁਖ ਉਪਜਾਵਨਿ। ਇਮ ਇੱਛਾ ਕੋ ਠਟਹੁ ਪੁਜਾਵਨ[1]॥੧੮॥ਜੇ ਨ ਕਰਹੁ ਗੇ ਦਿੱਲੀ ਜਾਨਾ। ਬਾਦੀ ਨੌਰੰਗ ਦੁਸ਼ਟ ਮਹਾਨਾ। ਬਿਗਰ ਪਰਹਿਗੋ ਕਰਹਿ ਕੁਚਾਲੀ॥ਇਹਾਂ ਪਠਾਵਹਿ ਸੈਨ ਬਿਸਾਲੀ॥੧੯॥ ਪਰਹਿ ਬਿਰੋਧ ਲਰਨਿ ਕਹੁ ਭਾਰੀ। ਨਹਿਂ ਠਹਿਰਨੋ ਕਿਮ ਜਾਇ ਅਗਾਰੀ। ਸਭਿ ਦੇਸ਼ਨਿ ਮਹਿਂ ਰਾਜ ਤਿਸੀ ਕੋ। ਰਹਿਨ ਦੇਤਿ ਆਕੀ ਨ ਕਿਸੀ ਕੋ'॥ ੨੦॥ ਸੁਨਿਕੈ ਸ਼੍ਰੀ ਹਰਿਕ੍ਰਿਸ਼ਨ ਸਭਿਨਿ ਤੇ। ਧੀਰਜ ਕੋ ਸਮੇਤ ਬਚ ਭਨਤੇ। 'ਸ਼੍ਰੀ ਨਾਨਕ ਜੀ ਨੀਕੀ ਕਰਿ ਹੈਂ। ਸਕਲ ਰੀਤਿ ਕੇ ਕਾਜ ਸੁਧਰਿ ਹੈਂ"॥ ੨੧॥ ਇਮ ਕਹਿ ਉਠਿ ਕਰਿ ਬਾਹਰਿ ਆਏ। ਜਹਿਂ ਦਰਸਹਿ ਸੰਗਤਿ ਸਮੁਦਾਏ।ਜੈਸਿੰਘ ਨ੍ਰਿਪ ਕੋ ਦੂਤ ਹਕਾਰਨੋ।ਸਾਦਰ ਸਭਾ ਮਝਾਰ ਬਿਠਾਰਨੋ। ॥੨੨॥ਕਹਨੋ ਤਾਂਹਿ ਸੋਂ 'ਹਮ ਪ੍ਰਣ ਏਹੀ।ਦਰਸ਼ਨ ਦੇਹਿਂ ਤੁਰਕ ਨਹਿਂ ਲੇਹੀ। ਕੌਨ ਕਾਜ ਹੈ ਸਾਥ ਹਮਾਰੇ। ਜਿਸ ਤੇ ਪਠਿ ਕਰਿ ਦੂਤ ਹਕਾਰੇ॥੨੩॥ ਪਿਤਾ ਹਮਾਰੇ ਕੀ ਜਿਮ ਰੀਤਿ।ਹੈ ਸੋ ਸਹੀ, ਨ ਹ੍ਵੈ ਬਿੱਪ੍ਰੀਤਿ। ਅੰਤ ਪ੍ਰਯੰਤ ਨਿਬਾਹਨੋ ਨੇਮ।ਤੈਸੇ ਹਮ ਕਰਿ ਹੈਂ ਸਹਿ ਪ੍ਰੇਮ॥੨੪॥ਗੁਰ ਘਰ ਤੇ ਅਜ਼ਮਤ ਚਹਿ ਸ਼ਾਹੂ। ਤਿਸ ਹਿਤ ਗਯੋ ਭ੍ਰਾਤ ਪੁਰਿ ਮਾਂਹੂ। ਜਿਮ ਜਿਮ ਨੌਰੰਗ ਚਾਹਤਿ ਦੇਖਾ। ਕਰਾਮਾਤ ਤਿਮ ਕੀਨਿ ਵਿਸ਼ੇਖਾ॥ ੨੫॥ ਅਬਿ ਲਗਿ ਨਿਕਟਿ ਸ਼ਾਹੁ ਕੇ ਰਹੇ। ਕਹਿ ਅਵਲੋਕਹਿ ਜਿਮ ਉਰ ਚਹੇ। ਬਿਨਾ ਕਾਜ ਤੇ ਗਮਨਿ ਹਮਾਰੋ। ਕਿਮ ਹੋਵਹਿ ਨਿਜ ਰਿਦੇ ਬਿਚਾਰੋ'॥੨੬॥ ਬਾਕ ਸੁਨੇ ਸ਼੍ਰੀ ਸਤਿਗੁਰ ਕੇਰੇ। ਨ੍ਰਿਪ ਮੰਤ੍ਰੀ ਬੋਲਯੋ ਤਿਸ ਬੇਰੇ। ਕਰ ਜੋਰਤਿ ਬਹੁ ਕਰਤਿ ਨਿਹੋਰਨਿ[2]। 'ਸੁਨਹੁ ਪ੍ਰਭੂ! ਤੁਮ ਕੋ ਕੁਛ ਲੋਰ ਨ॥ ੨੭॥ ਸਭਿ ਜਗ ਮੰਗਤ ਕੇ ਤੁਮ ਦਾਤਾ। ਕਰਾਮਾਤ ਕੋ ਘਰ ਬਖਸ਼ਾਤਾ। ਤੀਨ ਲੋਕ ਤੁਮਰੇ ਬਸਿ ਅਹੈਂ। ਪ੍ਰੇਮੀ ਕੇ ਬਸਿ ਰਾਵਰ ਰਹੈਂ॥੨੮॥ ਯਾਂਤੇ ਨ੍ਰਿਪ ਜੈ ਸਿੰਘ ਸਵਾਈ। ਸਹਿਤ ਪ੍ਰੇਮ ਕਿਯ ਬਿਨੈ ਬਡਾਈ।–ਮੋ ਪਰ ਕ੍ਰਿਪਾ ਠਾਨਿ ਕੈ ਆਵਹੁ। ਕਰਹੁ ਕ੍ਰਿਤਾਰਥ ਦਰਸ ਦਿਖਾਵਹੁ॥ ੨੯॥ ਮੋ ਕਹੁ ਦਾਸ ਆਪਨੋ ਜਾਨਹੁ। ਅਪਰ ਬਾਰਤਾ ਰਿਦੈ ਨ ਆਨਹੁ। ਜਬਿ ਦਿੱਲੀ ਪੁਰ ਪ੍ਰਵਿਸ਼ਹੁ ਜਾਇ। ਸੰਗਤਿ ਸਗਰੀ ਦਰਸ਼ਨ ਪਾਇ॥੩੦॥ ਕਰਹੁ ਆਪ ਫੁਰਮਾਵਨਿ ਜੈਸੇ। ਹਮ ਅਨੁਸਾਰੀ ਬਰਤਹਿਂ ਤੈਸੇ।ਮਿਲੋ ਸ਼ਾਹੁ ਸੋਂ ਜੇ ਰੁਚਿ ਹੋਇ।ਜੋ ਨ ਰੁਚਹਿ ਤੌ ਫਿਕਰ ਨ ਕੋਇ॥ ੩੧॥ ਮੈਂ ਢਿਗ ਸ਼ਾਹੁ ਪ੍ਰਤੱਗਯਾ ਕਰੀ। ਸ਼੍ਰੀ

[1]ਇਉਂ ਇੱਛਾ ਪੂਰਨ ਕਰੋ। [2]ਬੇਨਤੀ।

ਹਰਿਕ੍ਰਿਸ਼ਨ ਲਜਾਇ ਹੌਂ ਪੁਰੀ। ਸੋ ਰਾਵਰ ਕੇ ਬਸੀ ਪਛਾਨਹੁ[1]। ਮਮ ਡੇਰੇ ਮਹਿੰ ਆਵਹਿ ਠਾਨਹੁ ॥ ੩੨ ॥ ਮਿਲਿਬੇ ਕਾਰਨ ਸ਼ਾਹੁ ਮਹਾਨ। ਹਠ ਨਹਿੰ ਕਰਹਿ, ਸ਼ਾਹੁ ਲਿਯ ਜਾਨਿ[2]। ਕਰਤਿ ਬਾਰਤਾਲਾਪ ਘਨੇਰੇ। ਕਹਿ ਸ੍ਰੀ ਰਾਮਰਾਇ ਜਿਸ ਬੇਰੇ ॥ ੩੩ ॥ ਤਬਹਿ ਸ਼ਾਹੁ ਬੋਲਤਿ ਮੈਂ ਲਹਯੋ। ਕੋਮਲ ਹਠ ਬਿਹੀਨ ਹੀ ਰਹਯੋ[3]। ਤਉ ਭ੍ਰਾਤ ਤੁਮਰੇ ਬਹੁ ਕਹਯੋ। ਤਬਹਿ ਹਕਾਰਨਿ ਕੋ ਚਿਤ ਚਹਯੋ ॥ ੩੪ ॥ ਹਮ ਨਿਤ ਜਾਤਿ ਸ਼ਾਹੁ ਕੇ ਪਾਸ। ਕਰਹਿੰ ਆਪ ਕੀ ਮਹਿਮਾ ਰਾਸ। ਅਲਪ ਆਰਬਲ ਬਿਖੈ ਸ਼ਰੀਰ। ਗੁਨ ਮਹਿੰ ਮਹਿਦ ਆਦਿ ਜੇ ਧੀਰ ॥ ੩੫ ॥ ਜੇ ਹਠ ਹੋਰਹਿੰ ਨੌਰੰਗ ਕੇਰਾ। ਨਿਕਟਿ ਮਿਲਯੋ ਚਹਿ, ਫੇਰ ਸੁਫੇਰਾ[4]। ਮੈਂ ਹੋ ਬੀਚ ਨਿਵਾਰਨਿ ਕਰੌਂ[5]। ਤੁਮਰੇ ਹਿਤ ਮਹਿੰ ਨਿਤ ਅਨੁਸਰੌਂ॥੩੬॥ਹਿੰਦੂ ਜਨਮ ਧਰਮੰਗਜ ਸਦਾ ਹੌਂ। ਬਿੱਪ੍ਰ ਕਰੌਂ ਨ ਆਪ ਕਦਾ ਹੌਂ। ਜੇ ਕਰਿ ਪਿਖਤਿ ਸ਼ਾਹੁ ਹਠ ਕਰਤਾ। ਰਹਤਿ ਨਿਰਾਲੋ, ਬੀਚ ਨ ਪਰਤਾ[6] ॥੩੭॥ ਰਿਦਾ ਸ਼ੁੱਧ ਮੈ ਜਾਨਯੋਂ ਜਬੈ। ਦੂਤ ਪਠਯੋ ਤੁਮਰੀ ਦਿਸ਼ਿ ਤਬੈ। ਰਾਵਰ ਕੇ ਭ੍ਰਾਤਾ ਬਹੁ ਕਹਯੋ। ਯਾਂਤੇ ਤੁਮਹੁ ਅਨਾਵਨ ਚਹਯੋ ॥ ੩੮ ॥ ਦਿੱਲੀ ਮਹਿੰ ਪ੍ਰਵਿਸ਼ਹੁ ਇਕ ਬਾਰੀ। ਹੁਇ ਹੌਂ ਸਭਿ ਤੁਮਰੇ ਅਨੁਸਾਰੀ। ਮਿਲਨਿ ਸ਼ਾਹੁ ਕੋ ਜੇ ਨਹਿੰ ਚਾਹੋ। ਰਹਹੁ ਸਦਨ ਮਮ, ਜਾਹੁ ਨ ਪਾਹੋ ॥ ੩੯ ॥ ਮਿਲਨਿ ਅਮਿਲਨਿ ਜਥਾ ਤੁਮ ਉਰ ਮੈਂ[7]।ਕਰਹਿੰ ਤਥਾ,ਆਵਹੁ ਇਸ ਪੁਰਿ ਮੈਂ।ਇਸ ਪ੍ਰਕਾਰ ਰਹਿ ਹੈ ਪਤਿ ਮੇਰੀ। ਦਰਸ਼ ਕਾਮਨਾ ਪੁਰਹੁ ਬਡੇਰੀ–॥ ੪੦ ॥ ਇਮ ਜੈ ਸਿੰਘ ਮਹੀਸ਼ ਮਹਾਨਾ। ਬਿਨੈ ਕੀਨਿ ਮਨ ਪ੍ਰੇਮ ਬੰਧਾਨਾ। ਅਬਿ ਰਾਵਰ ਕੇ ਜਿਮ ਚਿਤ ਆਵੈ। ਕਰਹੁ ਕਾਰ ਤਿਮ ਸਭਿ ਹਰਖਾਵੈ" ॥ ੪੧ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਦੂਤ ਬਾਕ ਕਹਨਿ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥ ੩੫ ॥

## ੩੬. [ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਦਿੱਲੀ ਨੂੰ ਜਾਣਾ]।

ਦੋਹਰਾ॥ਇਮ ਨ੍ਰਿਪ ਜੈ ਸਿੰਘ ਦੂਤ ਕੇ ਬਾਕ ਸੁਨੇ ਸਭਿ ਕਾਨ॥ਭਗਤ ਵਛਲ ਨਿਜ ਬਿਰਦ ਕੋ ਸਤਿਗੁਰ ਸਿਮਰਨਿ ਠਾਨਿ ॥੧॥ ਚੌਪਈ॥ ਬਿਨੈ ਸ ਪ੍ਰੇਮ ਡੋਰ ਕੇ ਸਾਥ। ਬੰਧਮਾਨ ਹੋਵਤਿ ਜਗ ਨਾਥ॥ਅੰਚਯੋ ਚਿਰਾਤ ਭਗਤ ਕੇ

[1]ਸੋ ( ਮੇਰੀ ਪ੍ਰਤੱਗਯਾ ਪੂਰੀ ਕਰਨੀ ) ਆਪ ਦੇ ਵੱਸ ਜਾਣੋ। [2]( ਜੋ ) ਬਾਦਸ਼ਾਹ ਨੇ ( ਆਪ ਦੀ ਪ੍ਰਤੱਗਯਾ) ਜਾਣ ਲਈ ਤਾਂ ਹਠ ਨਹੀਂ ਕਰੇਗਾ। [3]ਹਠ ਤੋਂ ਬਿਨਾਂ ਤੇ ਕੋਮਲ ਹੀ ਰਿਹਾ ਸਾ। [4]ਫੇਰ (ਉਸਨੂੰ) ਹਟਾ ਦਿਆਂਗੇ। [5](ਸ਼ਾਹ ਨੂੰ)ਵਿਚ ਪੈਕੇ ਮੈਂ ਟਾਲ ਦਿਆਂਗਾ। [6](ਮੈਂ) ਨਿਰਾਲਾ ਰਹਿੰਦਾ ਵਿਚ ਨਾਂ ਪੈਂਦਾ। [7](ਸ਼ਾਹ ਨਾਲ) ਮਿਲਨਾ, ਨਾ ਮਿਲਨਾ ਜਿਵੇਂ ਆਪ ਜੀ ਦੇ ਚਿੱਤ ਵਿਚ ਹੈ।

ਸੰਗ। ਤ੍ਯਾਗ ਨ ਸਕਹਿਂ ਸਦਾ ਇਕ ਰੰਗ ॥ ੨ ॥ ਕਿਤਿਕ ਕਾਲ ਜਗ ਗੁਰ ਰਹਿ ਮੌਨ। ਕੇਸਨੇਂ ਦਿਯੋ ਨ ਉੱਤਰ ਕੌਨ[1]। ਪੁਨਹਿ ਭਵਿੱਖ੍ਯਤ ਸਕਲ ਬਿਚਾਰੀ। ਹੁਇ ਹੈ ਜਥਾ ਈਸ਼ ਗਤਿ ਭਾਰੀ ॥ ੩ ॥ ਸੋ ਬਿਚਾਰ ਕਰਿ ਚਿਤ ਮਹਿਂ ਨੀਕੇ।ਚਲਿਬੋ ਚਹ੍ਯੋ ਸੁ ਦਿਸ਼ਿ ਦਿੱਲੀ ਕੇ। ਤਿਸ ਦਿਨ ਪੁਨ ਜੇ ਮੁੱਖ੍ਯ ਮਸੰਦ। ਕਰੇ ਹਕਾਰਨਿ ਸੁਮਤਿ ਬਿਲੰਦ ॥੪॥ ਸਭਿਹਿਨਿ ਸੋਂ ਸ਼੍ਰੀ ਮੁਖ ਤੇ ਕਹ੍ਯੋ। 'ਗਮਨਿ ਬ੍ਰਿਤਾਂਤ ਕਥੇ ਚਿਤ ਲਹ੍ਯੋ[2]। ਪਰਣ ਅਡੋਲ ਹਮਾਰੇ ਏਹੀ। ਦਰਸ਼ਨ ਤੁਰਕ ਦੇਹਿਂ ਨਹਿਂ ਲੇਹੀ ॥੫॥ ਨ੍ਰਿਪ ਜੈ ਸਿੰਘ ਕੀ ਪ੍ਰੀਤਿ ਘਨੇਰੀ। ਬਿਨਤੀ ਕੀਨਿ ਬਖਾਨਿ ਬਡੇਰੀ।ਤਿਸਕੋ ਭਾਉ ਨ ਫੇਰ੍ਯੋ ਜਾਇ। ਅਨਿਕ ਉਪਾਇਨ ਪ੍ਰੇਮ ਬਢਾਇ ॥ ੬॥ ਤਿਸ ਕੇ ਦੂਤ ਨ ਛੂਛੇ ਫੇਰਹਿਂ। ਉਚਿਤ, ਜਾਇ[3] ਦਿੱਲੀ ਪੁਰਿ ਹੇਰਹਿਂ। ਕੈਸਿਹੁਂ ਬਨਹਿਂ ਤਹਾਂ ਸਭਿ ਸਹੀਐ। ਸੇਵਕ ਕੋ ਸੁ ਪ੍ਰੇਮ ਨਿਰਬਹੀਐ' ॥ ੭ ॥ ਇਮ ਸੁਨਿ ਕੈ ਮਸੰਦ ਸਮੁਦਾਏ। ਸ਼੍ਰੀ ਮਾਤਾਦਿ ਭਏ ਹਰਖਾਏ। 'ਮਨ ਬਾਂਛਤਿ ਸਭਿਹਿਨਿ ਕੋ ਭਇਉ। ਰਹ੍ਯੋ ਸੁਤ, ਇਸਥਿਰਤਾ ਲਇਉ[4] ॥ ੮ ॥ ਜੇ ਨਹਿ ਜਾਤਿ ਸ਼ਾਹੁ ਬਡ ਬਾਦੀ। ਕੋ ਜਾਨਹਿ ਕਯਾ ਕਰਤਿ, ਪ੍ਰਮਾਦੀ। ਕੀਰਤਪੁਰਿ ਬਸਿਬੇ ਮਹਿਂ ਭਯੈ।ਸੰਸੈ ਹੁਤੋ,ਕਹਤਿ ਬਿਧ ਸਬੈ॥੯॥ਅਬਿ ਰਸ ਰਹ੍ਯੋ,ਪੁਰੀ ਗਮਨੇ ਹੈਂ।ਤਹਿਂ ਭੀ ਜੈ ਸਿੰਘ ਨ੍ਰਿਪ ਸੁਰਿਝੈ[5]ਹੈਂ'॥ਇੱਤ੍ਯਾਦਿਕ ਆਪਸ ਮਹਿਂ ਕਹਿ ਕਹਿ। ਚਿਤ ਥਿਰ ਭਏ ਭਲੋ ਬਿਧਿ ਲਹਿ ਲਹਿ ॥੧੦॥ ਠਹਿਰੀ ਠੀਕ ਗਮਨ ਕੀ ਏਵ। ਸਰਬ ਸਰਾਹਹਿਂ ਸ਼੍ਰੀ ਗੁਰਦੇਵ। ਮਸਲਤ ਕਰਤਿ ਸੁ ਦਿਵਸ ਬਿਤਾਯੋ। ਤ੍ਯਾਰੀ ਕਰਨਿ ਹੇਤੁ ਹਿਤ ਲਾਯੋ ॥ ੧੧ ॥ ਭਈ ਪ੍ਰਭਾਤਿ ਕੀਨਿ ਇਸ਼ਨਾਨਾ। ਬਸਤ੍ਰ ਬਿਭੂਖਨ ਪਹਿਰੇ ਨਾਨਾ। ਸਭਾ ਬੈਠਿ ਬੁਲਵਾਯਹੁ ਦੂਤ। ਬੋਲੇ ਸ਼੍ਰੀ ਹਰਿਰਾਇ ਸਪੂਤ ॥ ੧੨ ॥ 'ਕਹ੍ਯੋ ਪ੍ਰੇਮ ਨ੍ਰਿਪ ਕੋ ਤੈਂ ਨਾਨਾ। ਯਾਂਤੇ ਗਮਨ ਕਰਨਿ ਹਮ

---

[1]ਕਿਸੇ ਨੂੰ ਕੋਈ ਉੱਤਰ ਨਾ ਦਿਤਾ। [2]ਕੈਸਾ ਚਿਤ ਵਿਚ ( ਤੁਸਾਂ ) ਜਾਣਿਆਂ ਹੈ। [3]ਯੋਗ ਹੈ ਕਿ ਜਾਕੇ। [4]( ਬਾਦਸ਼ਾਹ ਨਾਲ ) ਸੁਤ ਰਹਿਆ ( ਤੇ ਕੀਰਤਪੁਰ ਦਾ ) ਟਿਕਾਉ ਪ੍ਰਾਪਤ ਰਹੇਗਾ। [5]ਰਾਜਾ ਬੀ ਖੁਸ਼ ਹੋਵੇਗਾ। ( ਅ ) ਐਉਂ ਬੀ ਅਰਥ ਲਗਾਉਣ ਦਾ ਯਤਨ ਹੁੰਦਾ ਹੈ:—ਰਾਜੇ ਨੂੰ ਗੁਰੂ ਜੀ ਖੁਸ਼ ਕਰਨਗੇ। ( ੲ ) ਗੁਰੂ ਜੀ ਨੂੰ ਯਾ ਪਾਤਸ਼ਾਹ ਨੂੰ ਓਹ ਰਾਜ਼ੀ ਕਰੇਗਾ। ( ਸ ) (ਕੋਈ ਮੁਸ਼ਕਲ ਪਵੀ ਤਾਂ) ਰਾਜਾ ਸੁਲਝੇ ਹੈ—ਸੁਲਝਾਵੇਗਾ।

ਮਾਨਾ । ਪੁਰ ਮਹਿਂ ਪ੍ਰਵਿਸ਼ੇ ਮਿਲਿ ਹੈ ਜਬੈ[1] । ਬਿਨਤੀ ਸਹਿਤ ਨ ਕੁਛ ਕਹਿ ਤਬੈ[2] ॥ ੧੩ ॥ ਮਿਲਹਿਂ ਨ ਤੁਰਕ ਸਾਥ ਤਹਿਂ ਕਬਿਹੂੰ । ਹਮ ਇਹ ਬਾਤ ਕਹਤਿ ਲੇ ਅਬਿਹੂੰ । ਇਮ ਪੂਰਬ ਲਿਖਿ ਪਠਿ ਪਰਵਾਨਾ' । ਸੁਮਤਿਵੰਤਿ ਭੂਪਤਿ ਪਰਧਾਨਾ ॥ ੧੪ ॥ ਤਬਿ ਕਰ ਜੋਰੇ ਬਾਕ ਉਚਾਰਾ । 'ਸੁਨਹੁ ਗੁਰੂ ਜੀ ! ਮਹਦ ਉਦਾਰਾ । ਨ੍ਰਿਪ ਕੀ ਏਕ ਹਕਾਰਨਿ ਕਾਰ[3] । ਚਾਹਤਿ ਤੁਮਰੋ ਕਰਨੋ ਦਿਦਾਰ ॥ ੧੫ ॥ ਪੁਨ ਰਾਵਰ ਕੇ ਰਹਿ ਅਨੁਸਾਰੀ । ਨਹਿਂ ਕੈਸਿਹੁੰ ਹੋਵਹਿ ਤਕਰਾਰੀ[4] । ਇਹ ਤੋ ਪ੍ਰਥਮ ਮਤੋ ਤਿਸ ਕੇਰਾ । ਮਨ ਕਰਿ ਲਖਹੁ ਆਪਨੋ ਚੇਰਾ ॥ ੧੬ ॥ ਲਿਖਿ ਪਠਿਹੋਂ ਅਬਿ ਕਹੇ ਤੁਮਾਰੇ । ਦ੍ਰਿਢ ਮਤ ਹੁਇ ਹੈ ਜਥਾ ਉਚਾਰੇ । ਸ਼ਰਧਾਲੂ ਭੂਪਤਿ ਕਹੁ ਜਾਨਹੁ।ਹਿਤ ਕਰਤਾ ਨਿਤ ਬੁਧਿ ਮਤ[5] ਮਾਨਹੁ' ॥ ੧੭ ॥ ਇਮ ਸਤਿਗੁਰ ਕੀ ਮਰਜ਼ੀ ਲਖਿਕੈ। ਪਠਨੋ ਬ੍ਰਿਤਾਂਤ ਸਕਲ ਹੀ ਲਿਖਿਕੈ । 'ਤੁਮਰੋ ਪ੍ਰੇਮ ਜਾਨਿ ਤੁ ਤਯਾਰ । ਮਿਲਹੁ ਇਨਹਿ ਜਬਿ, ਰਹੁ ਅਨੁਸਾਰਿ ॥ ੧੮॥ ਜਸੋਂ ਮਨ ਹੋਇ, ਸੁ ਮੁਖ ਤੇ ਕਹੀਐ । ਜੋ ਮੁਖ ਕਹਹਿਂ ਸੁ ਮਨ ਥਿਰ ਰਹੀਅਹਿ।ਸਭਿ ਘਟ ਘਟ ਕੇ ਜਾਨਨ ਹਾਰੇ । ਹੋਰਹਿਂ ਕਪਟ ਤ ਸੂਪ ਉਚਾਰੇਂ ॥ ੧੯ ॥ ਅਪਨੋ ਭਲੋ ਜਾਨੀਅਹਿ ਜੈਸੇ । ਇਨ ਕੇ ਸਾਥ ਬਰਤੀਅਹਿ ਤੈਸੇ । ਸ਼ਾਹੁ ਨਿਕਟਿ ਜੋ ਤੁਮ ਪ੍ਰਨ ਠਾਨਾ । ਲਯਾਵਨਿ ਸ਼੍ਰੀ ਗੁਰ ਕੋ ਇਸਥਾਨਾ ॥ ੨੦ ॥ ਤੋਹਿ ਭਾਗ ਤੇ ਪੂਰਨ ਭਇਊ । ਕੇ ਦਿਨ ਮਹਿਂ ਪਹੁੰਚਹਿਂ ਸੰਗ ਲਇਊ' । ਇੱਤਯਾਦਿਕ ਲਿਖਿ ਭੇਜਯੋ ਨ੍ਰਿਪ ਪਹਿ।ਪਠਿ ਕਰਿ ਹਰਖ ਭਯੋ ਅਤਿ ਉਰ ਮਹਿਂ ॥ ੨੧ ॥ ਜਬਿ ਕੋ ਪਠਯੋ ਹਕਾਰਨਿ ਗੁਰ ਕੋ।ਮਿਟਯੋ ਨ ਫਿਕਰ ਭੂਪ ਕੇ ਉਰ ਕੋ । ਨਿਸ਼ਚੈ ਜਾਨਯੋ ਆਵਹਿਂ ਇਹਾਂ । ਜਨੁ ਜਲ ਮਿਲਯੋ ਚਹਿਤ ਤਰੁ ਮਹਾਂ[6] ॥੨੨॥ ਅਧਿਕ ਤਿਹਾਵਲ ਕੋ ਬਨਵਾਇ।ਕਰਿ ਅਰਦਾਸ ਦੀਨਿ ਬੰਡਵਾਇ । ਬਧੀ ਲਾਲਸਾ ਹੇਰਨਿ ਕੇਰੀ।ਮਿਲੇ ਨੀਰ ਜਨੁ ਲਤਾ[7] ਬਡੇਰੀ ॥੨੩॥ਕਰਤਿ ਪ੍ਰਤੀਖਨਿਕਬਿਪੁਰਿਆਵਹਿਂ।ਬਾਰਬਾਰਲਿਖਪੱਤ੍ਰ ਪਠਾਵਹਿ। ਬਿਨੈ ਲਿਖੀ ਪਹੁੰਚੇ ਗੁਰ ਪਾਸ । ਅਧਿਕ ਬਧਾਵਹਿ ਪ੍ਰੇਮ ਪ੍ਰਕਾਸ਼ ॥ ੨੪ ॥ ਨ੍ਰਿਪ ਕੋ ਦੂਤ ਨਿਕਟਿ ਨਿਤ ਜਾਇ । ਚਲਿਨ ਹਿਤ ਅਰਦਾਸ ਕਰਾਇ ।

[1]ਪ੍ਰਵੇਸ਼ ਕੀਤਿਆਂ ਜਦੋਂ (ਰਾਜਾ) ਮਿਲੇ (ਸਾਨੂੰ) ...। [2]ਨਾਂ ਕਹੇ (ਸ਼ਾਹ ਨੂੰ ਮਿਲਨ ਬਾਬਤ) । [3]ਰਾਜਾ ਦਾ ਸੱਦਣੇ ਦਾ ਕੰਮ ਇਕੋ ਹੀ ਹੈ। [4]ਝਗੜਾ ਕਰਨ ਵਾਲਾ । [5]ਬੁਧੀਵਾਨ । [6]ਅਤੀ ਚਾਹੁੰਦੇ ਬ੍ਰਿੱਛ ਨੂੰ ਮਾਨੋ ਜਲ ਮਿਲਿਆ । [7]ਵੇਲ ।

ਅਨਿਕ ਪ੍ਰਕਾਰਨਿ ਕੇ ਕਹਿ ਬੈਨਾ।'ਕਰਹੁ ਕ੍ਰਿਪਾ ਸਤਿਗੁਰ ਸੁਖਦੈਨ!'॥੨੫॥
ਸਭਿ ਅਸਵਾਰੀ ਹਾਜ਼ਰ ਕਰੀ।ਰੁਚਿਰ ਪਾਲਕੀ ਨਗ ਗਨ ਜਰੀ।ਸੀਛਤਿ[1]*
ਹੈਂ ਕਹਾਰ ਜਿਸ ਲਾਗੇ। ਚਲਹਿਂ ਉਠਾਇ ਜਾਹਿਂ ਜਨੁ ਭਾਗੇ ॥ ੨੬ ॥
ਸੁੰਦਰ ਸਜੰਦਨ ਸਕਲ ਸੁਹਾਵਨਿ। ਮਖ਼ਮਲ ਕੋ ਉਛਾਰ ਕਿਯ ਪਾਵਨਿ।
ਜ਼ਰੀਦੋਜ਼ ਚਮਕਾਹਿਂ ਸਿਤਾਰੇ।ਜਨੁ ਅਸਮਾਨ ਬਿਖੈ ਦੁਤਿ ਤਾਰੇ॥੨੭॥ਚਾਰ
ਚੱਕ੍ਰ[2] ਤੇ ਸ਼ਬਦ ਗੰਭੀਰ। ਜਨੁ ਘਨੁ ਘੋਖਤਿ[3] ਸਹਤ ਸਮੀਰ[4] । ਬਲੀ
ਤੁਰੰਗ ਸੰਗ ਜਿਸ ਲਾਗੇ। ਸਹਿਤ ਬਿਭੂਖਨ ਜਿਨ ਦੁਤਿ ਜਾਗੇ ॥ ੨੮ ॥
ਦਿਨਪ੍ਰਤਿ ਸੰਗਤਿ ਦੇਸ਼ ਬਿਦੇਸ਼। ਹੋਹਿ ਆਗਮਨਿ ਭੀਰ ਵਿਸੇਸ਼। ਯਾਂਤੇ
ਤਯਾਰ ਭੁਏ ਰਹਿ ਜਾਇਂ। ਇਮ ਬਾਸੁਰ ਕੁਛ ਦਏ ਬਿਤਾਇ ॥ ੨੯ ॥
ਨਹਿਂ ਅਵਕਾਸ਼ ਚਲਨਿ ਕੋ ਪਾਵੈਂ। ਦੌਰ ਦੌਰ ਇਕ ਦੁਇ ਨਰ ਆਵੈਂ।
ਆਇ ਆਇ ਸੋ ਕਹੈਂ ਅਗਾਊ। 'ਗੁਰ ਜੀ! ਸੰਗਤਿ ਹੈ ਸਮੁਦਾਊ ॥੩੦॥
ਹਮ ਦਸ ਕੋਸ ਛੋਰਿ ਕਰਿ ਆਏ।ਕੋ ਕਹਿ ਬੀਸ ਕੋਸ ਪਰ ਛਾਏ[5]।ਕੋ ਤਿਨ
ਤੇ ਪੀਛੇ ਬਹੁ ਆਵਤਿ । ਸਿੱਖਨ ਹਜ਼ਾਰਹੁਂ ਭੇਟਨਿ ਲਯਾਵਤਿ ॥ ੩੧ ॥
ਕੋ ਦੱਖਣ ਦਿਸ਼ਿ ਤੇ ਚਲਿ ਆਇ।ਕੋ ਪਸ਼ਚਮ ਤੇ ਦਰਸ਼ਨ ਚਾਇ।ਉੱਤਰ
ਪੂਰਬ ਦੇਸ਼ ਘਨੇਰੇ । ਚਲੇ ਆਇਂ, ਕੋ ਗਿਨਹਿ ਬਡੇਰੇ' ॥ ੩੨ ॥
ਨ੍ਰਿਪ ਕੇ ਦੂਤ ਕਹਤਿ ਹਿਤ ਤਯਾਰੀ।ਪਠਹਿ ਦੂਤ, ਉਤ ਸੰਗਤਿ ਭਾਰੀ[6]।
ਨਿਤ ਪ੍ਰਤਿ ਭੀਰ ਸੁ ਹੋਹਿ ਨਵੀਨ।ਦਰਸਹਿਂ ਦਰਸ਼ਨ ਗੁਰੂ ਪ੍ਰਬੀਨ॥੩੩॥
ਇਮ ਕੇਤਿਕ ਦਿਨ ਬੀਤ ਗਏ ਹੈਂ। ਦੂਤ ਕਹੇ ਪੁਨ ਤਯਾਰ ਭੁਏ ਹੈਂ।ਸ਼੍ਰੀ
ਗੁਰ ਨਾਨਕ ਰਿਦੇ ਧਿਆਏ। ਕੀਰਤਿਪੁਰਿ ਤੇ ਪੁਨ ਨਿਕਸਾਏ ॥ ੩੪ ॥
ਸਿਖ ਸੇਵਕ ਚਾਲੇ ਸਮੁਦਾਏ। ਚਹਿਯ ਜਿ ਵਸਤੂ ਬ੍ਰਿੰਦ ਉਠਾਏ। ਤੰਬੂ
ਗਨ ਕਨਾਤ ਸ਼ਮਿਯਾਨੇ। ਲਾਦੇ ਉਸ਼ਟਰ[7] ਭਾਰ ਸੁ ਪਯਾਨੇ॥੩੫॥ਕੁਛਕ
ਸੈਨ ਗਮਨੀ ਗੁਰ ਸੰਗ। ਸ਼ਸਤ੍ਰ ਬਸਤ੍ਰ ਮਹਿਂ ਸ਼ੁਭਤਿ ਸੁਰੰਗ। ਭਯੋ ਕੂਚ
ਧੌਂਸਾ ਧੁੰਕਾਰਨੇ। ਬਲੀ ਤੁਰੰਗਮ ਦਲ ਸ਼ਿੰਗਾਰਨੇ ॥ ੩੬ ॥ ਫਰਰਾ ਛੁਟਸੇ
ਚਾਰੁ ਨੀਸਾਨ ।ਚਲਸੇ ਅਗਾਉ ਸ਼ੁਭਤਿ ਮਹਾਨ।ਛੂਛਾ ਕਰਿ ਕੀਰਤਿ ਪੁਰਿ
ਚਾਲੇ। ਲੀਨਸਿ ਸੰਗ ਸਮਾਜ ਬਿਸਾਲੇ ॥ ੩੭ ॥ ਨਹੀਂ ਆਵਨੋ ਪੁਨ
ਇਸ ਥਾਨੇ। ਇਕ ਸਤਿਗੁਰਿ ਹੀ ਉਰ ਮਹਿਂ ਜਾਨੇ। ਅਪਰ ਕੌਨ ਗਤਿ

[1]ਸਿੱਖੇ ਹੋਏ। [2]ਚੌਹਾਂ ਪਹੀਆਂ। [3]ਗੱਜਦਾ ਹੈ ਬੱਦਲ ਮਾਨੋ। [4]ਵਾਯੂ ਨਾਲ । [5]ਟਿਕੇ ਹੋਏ ਹੁਨ। [6]ਉਧਰ ਭਾਰੀ ਸੰਗਤ ਦੂਤ ਭੇਜਦੀ ਹੈ। [7]ਊਠ। *ਪਾঃ-ਹੀ ਸਤ।

ਜਾਨਹਿ ਗੁਰ ਕੀ।ਜਿਸ ਲਖਿ ਚਲੇ ਤੁਰਕ ਦਿਸ਼ਿ ਪੁਰਿ ਕੀ[1]॥੩੮॥ਨ੍ਰਿਪ ਕੋ ਦੂਤ ਸੰਗ ਤਬਿ ਚਾਲਾ। ਕੀਨਿ ਸੰਪੂਰਨ ਕਾਜ ਬਿਸਾਲਾ। ਉਰ ਮੈਂ ਹਰਖ ਭਰਯੋ ਗੁਰ ਧਯਾਵਤਿ। ਪੂਰਬ ਦਿਸ਼ਿ ਮੁਖ ਕਰਿ ਮਗ ਜਾਵਤਿ ॥ ੩੯ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਹਰਿ ਕ੍ਰਿਸ਼ਨ ਗਮਨ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿਸਤੀ ਅੰਸੂ ॥ ੩੬ ॥

## ੩੭. [ਸੰਗਤਾਂ ਦੇ ਮੇਲੇ]।

ਦੋਹਰਾ ॥ ਕੀਰਤਪੁਰਿ ਤੇ ਸਤਿਗੁਰੂ ਪ੍ਰਿਥਮ ਸਿਵਰ ਕੋ ਕੀਨਿ। ਨਿਸਾ ਬਸੇ ਬਿਸ੍ਰਾਮ ਕੈ ਪੁਨ ਪ੍ਰਭਾਤਿ ਕੋ ਚੀਨ॥੧॥ਚੌਪਈ॥ਚਲਿਬੇ ਕਹੁ ਤਯਾਰ ਜਬਿ ਭਏ। ਲੰਮੇ ਦੇਸ਼ਨਿ ਕੇ ਸਿਖ ਅਏ। ਮਸਤਕ ਟੇਕਤਿ ਅਰਜ਼ ਗੁਜ਼ਾਰੀ। 'ਗੁਰ ਜੀ! ਸੰਗਤਿ ਆਵਤਿ ਭਾਰੀ॥੨॥ਦਰਸ਼ਨ ਕਰਿ ਸਿਖ ਜੋ ਘਰ ਜਾਤੇ। ਤਿਨਹੁਂ ਸੁਨਾਵਨਿ ਕੀਨੀ ਬਾਤੇਂ।–ਸਤਿਗੁਰ ਹੈਂ ਤਿਆਰ ਉਤ ਜਾਨੇ–। ਸੁਨਿ ਕਰਿ ਮਾਰਗ ਅਧਿਕ ਪਯਾਨੇ ॥ ੩ ॥ ਸ਼੍ਰਮਤਿ ਭਏ ਜਹਿਂ ਗਮਨਯੋਂ ਜਾਈ। ਦਰਸ ਲਾਲਸਾ ਰਿਦੈ ਬਧਾਈ। ਇਸਤ੍ਰੀ ਪੁਰਖ ਬ੍ਰਿੱਧ ਗਨ ਬਾਲ। ਆਵਤਿ ਚਾਲੇ ਸ਼੍ਰਮਤਿ ਬਿਸਾਲ॥੪॥ਸਭਿ ਮਿਲਿ ਹਮ ਕੋ ਪਠਯੋ ਅਗਾਰੀ। ਦਰਸ ਦੇਹੁ ਗੁਰ ਬਿਰਤਾ ਧਾਰੀ। ਨਿਜ ਸੰਗਤਿ ਪਰ ਕਰੁਨਾ ਕੀਜੈ। ਮਗ ਬਿਸਾਲ ਆਏ ਲਖਿ ਲੀਜੈ ॥ ੫ ॥ ਚਲਤਯੋਂ ਮਿਲਯੋ ਜਾਇ ਨਹਿਂ ਕਯੋਂਹੂ। ਉਤਲਾਵਤਿ ਚਾਲਤਿ ਮਗ ਜਯੋਂਹੂ।ਸੰਗਤਿ ਥਕਤਿ ਜਾਨਿ ਥਿਰ ਰਹੀਅਹਿ। ਬਿਰਦ ਸਹਾਇਕ ਸੇਵਕ ਲਹੀਅਹਿ' ॥੬॥ ਸ੍ਰੀ ਹਰਿਕ੍ਰਿਸ਼ਨ ਗੁਰੂ ਗਤਿ ਦਾਨੀ। ਸੁਨਿ ਸੰਗਤਿ ਕੀ ਬਿਨੈ ਮਹਾਨੀ।–[2] ਭਏ ਥਕਤਿ ਬਿਰਤਾ ਕਹੁ ਧਾਰੇ। ਦੇਤਿ ਕਾਮਨਾ ਸੰਗਤਿ ਪਯਾਰੇ[3]!–॥ ੭ ॥ ਤਿਹਠਾਂ ਰਾਖਯੋ ਸਿਵਰ ਮੁਕਾਮ।ਬਾਲ ਆਰਬਲ ਗੁਨ ਗਨ ਧਾਮ। ਅਗਲੇ ਦਿਵਸ ਸੰਗਤਾਂ ਆਈ। ਤ੍ਰਿਖਤਿ ਧੇਨੁ ਜਨੁ ਜਲ ਹਿਤ ਧਾਈ॥੮॥ ਬੈਠੇ ਸਤਿਗੁਰ ਲਾਇ ਦਿਵਾਨ।ਦਰਸਹਿ ਸੰਗਤ ਬੰਦਨ ਠਾਨਿ।ਅਨਿਕ ਉਪਾਇਨ ਕੋ ਅਰਪਾਵੈਂ।ਹੁਇ ਠਾਢੇ ਅਰਦਾਸ ਕਰਾਵੈਂ॥੯॥'ਅਮਕੀ ਮੋਹਿ ਕਾਮਨਾ ਪੂਰੀ'। ਕੋ ਕਹਿ 'ਕਰੇ ਬਿਘਨ ਗਨ ਦੂਰੀ[4]'।ਕੋ ਕਹਿ 'ਸਤਿਗੁਰ ਮੁਝ ਸੁਤ ਦੀਜੈ'। ਕੋ ਕਹਿ 'ਮਮ ਧਨ ਧਾਮ ਭਰੀਜੈ' ॥ ੧੦ ॥ ਕੋ ਕਹਿ 'ਤਨ ਕੋ ਕਸ਼ਟ

---

[1]ਤੁਰਕ ਦੀ ਪੁਰੀ (ਦਿੱਲੀ) ਵਲ। [2](ਸੰਗਤ ਦੀ ਬਿਨੈ ਜੋ ਸਤਿਗੁਰੂ ਜੀ ਨੇ ਸਮਝੀ ਸੀ ਇਹ ਸੀ:–) ਕਾਮਨਾ ਪੂਰਨ ਕਰਨ ਵਾਲੇ ਤੇ ਸੰਗਤ ਦੇ ਪਿਆਰੇ (ਸਤਿਗੁਰੂ ਜੀਓ!) (ਸੰਗਤ) ਥੱਕੀ ਹੋਈ ਹੈ (ਆਪ) ਠਹਿਰ ਜਾਓ। [4](ਮੇਰੇ) ਸਾਰੇ ਵਿਘਨ ਦੂਰ ਕੀਤੇ ਹਨ।

ਬਿਦਾਰਹੁ ਕੀ ਕਹਿ ਸੰਭ੍ਰ ਜਨ ਨਿਰਧਾਰਹ ।[1] ਅਨਿਕ ਕਾਮਨਾ ਇਸ ਤੇ ਆਦਿ । ਜਾਚਤਿ ਗੁਰ ਤੇ ਉਰ ਅਹਿਲਾਦਿ ॥੧੧॥ ਧਰਿ ਧਰਿ ਰਿਦੈ ਕਾਮਨਾ ਜੈਸੀ । ਦਰਸਹਿ, ਸਤਿਗੁਰ ਪੂਰਹਿ ਤੈਸੀ । ਸੱਤਨਾਮ ਕਹ ਜਾਚਤਿ ਕੋਈ । ਪਦਪੰਕਜ ਪ੍ਰੇਮੀ ਉਰ ਜੋਈ ॥ ੧੨ ॥ ਸ੍ਰੀ ਹਰਿਕ੍ਰਿਸ਼ਨ ਕ੍ਰਿਪਾ ਜਬਿ ਦੇਖਿ । ਦਾਸਨਿ ਚਾਹਤਿ ਦੇਹਿ ਅਸ਼ੇਖ । ਜਥਾ ਜੋਗ ਦੀਨੇ ਸਿਰੁਪਾਇ । ਪਾਇ ਪ੍ਰਸਾਦਿ[1] ਧਰਹਿ ਉਰ ਭਾਇ ॥੧੩॥ ਸੰਗਤਿ ਬਿਦਾ ਕੀਨਿ ਸਮੁਦਾਉ । ਸਾਦਰ ਸਭਿ ਕੌ ਰਖਿ ਕਰਿ ਭਾਉ । ਆਪ ਗੁਰ ਪੂਰਬ ਮੁਖ ਕੀਨਾ । ਪਹੁੰਚਨਿ ਹਿਤ ਪੁਰਿ[2] ਮਾਰਗ ਲੀਨਾ ॥ ੧੪ ॥ ਤਿਸ ਦਿਨ ਗਮਨੇ ਗਏ ਅਗਾਰੀ । ਕੀਨਹੁ ਸਿਵਰ ਨਿਸਾ ਸੁਖ ਭਾਰੀ । ਖਾਨ ਪਾਨ ਕਰਿ ਸੁਪਤੇ ਸਭਿ ਹੂੰ । ਭਈ ਪ੍ਰਭਾਤਿ ਤਯਾਰ ਤੇ ਤਬਿਹੂੰ ॥ ੧੫ ॥ ਮਾਰਗ ਚਲੇ ਜਾਹਿ ਸਮੁਦਾਈ । ਜਗ ਗੁਰ ਕੌ ਬੰਦਹਿ ਜਿਤ ਜਾਈ । ਤਿਸ ਦਿਨ ਪੁਨਹਿ ਸਿੱਖਜ ਬ੍ਰਿੰਦ ਆਏ । ਬੰਦਤਿ ਪਾਇਨਿ ਬਾਕ ਸੁਨਾਏ ॥ ੧੬ ॥ 'ਕਾਬਲ ਅਰੁ ਪਸ਼ੌਰ ਕਸ਼ਮੀਰ । ਇੱਤ੍ਯਾਦਿਕ ਦੇਸ਼ਨਿ ਨਰ ਭੀਰ । ਸੰਗਤਿ ਆਵਤਿ ਕਈ ਹਜ਼ਾਰ । ਦਰਸ਼ਨ ਚਾਹਤਿ ਚਾਹਿ ਉਦਾਰ ॥ ੧੭ ॥ ਲਾਘਵ ਕਰਤਿ ਪੰਥ ਮਹਿ ਆਵਤਿ । ਸੁਨੀ ਤੁਮਾਰੀ ਸੁਧਿ ਉਤ ਜਾਵਤਿ । ਧਾਂਤੇ ਮਾਰਗ ਚਲਹਿ ਬਿਸਾਲਾ । ਇਕ ਦਿਨ ਟਿਕੋ, ਮਿਲਹਿ ਤੁਮ ਨਾਲਾ' ॥ ੧੮ ॥ ਸੁਨਿ ਸਤਿਗੁਰ ਪੁਨਿ ਕੀਨਿ ਮੁਕਾਮੂ । ਲਖਿ ਸੰਗਤਿ ਕੋ ਪ੍ਰੇਮ ਭਿਰਾਮੂ । ਕਰਤਿ ਪ੍ਰਤੀਛਨ[3] ਦਰਸ਼ਨ ਦੈਨ । ਕਰੁਨਾ ਭਰੇ ਰਸੀਲੇ ਨੈਨ ॥ ੧੯ ॥ ਦਿਵਸ ਆਗਲੇ ਸੰਗਤਿ ਆਈ । ਗਾਵਹਿਂ ਸ਼ਬਦ ਪ੍ਰੇਮ ਅਧਿਕਾਈ । ਬਜਹਿ ਮ੍ਰਿਦੰਗ ਸਤਾਰ ਦੁਤਾਰੇ । ਪਾਇ ਰਾਗ ਧੁਨਿ ਊਚ ਉਚਾਰੇ ॥ ੨੦ ॥ ਸਤਿਗੁਰ ਬੈਠੇ ਲਾਇ ਦਿਵਾਨ । ਝੂਲਤਿ ਝੰਡਾ ਝਮਕ ਮਹਾਨ । ਚਵਰ ਢੁਰਾਵਤਿ ਚਾਰੁ ਚੰਦੋਵਾ । ਬਾਜਤਿ ਨੌਬਤ ਨਾਦਤਿ ਹੋਵਾ ॥ ੨੧ ॥ ਅਰਪਨਿ ਲਗੇ ਉਪਾਇਨ ਬ੍ਰਿੰਦ । ਦਰਬ ਚਢਾਯਹੁ ਭਯੋ ਬਿਲੰਦ । ਹਾਥ ਜੋਰਿ ਅਰਦਾਸ ਕਰੰਤੇ । ਨਿਜ ਨਿਜ ਕਾਮਨ[4] ਸਗਲ ਕਹੰਤੇ ॥ ੨੨ ॥ ਜਥਾ ਜੋਗ ਸਤਿਗੁਰ ਸਭਿ ਕਈ । ਸੰਗਤ ਕਉ ਬਿਦਾਇਗੀ ਦਈ । ਅਪਰ ਕਹੌਂ ਕਹਿਂ ਲਗਿ ਬਿਵਹਾਰ । ਸਤਿਗੁਰ ਅਰੁ ਸਿੱਖਜਨਿ ਕੀ ਕਾਰ ॥ ੨੩ ॥ ਪੁਨ ਸਤਿਗੁਰ ਮਾਰਗ ਚਲਿ ਪਰੇ । ਇਕ ਦੁਇ

[1]ਕ੍ਰਿਪਾ ਨੂੰ ਪਾ ਕੇ । [2]ਸ਼ਹਿਰ ਦਿੱਲੀ ਦਾ । [3]ਉਡੀਕ । [4]ਕਾਮਨਾ, ਮਨੋਰਥ ।

ਦਿਵਸ ਅਗਾਰੀ ਤੁਰੇ।ਚਲਤਿ ਚਲਤਿ ਆਏ ਤਿਸ ਥਾਇ।ਜਹਿਂ ਪੰਜੋਖਰਾ ਗ੍ਰਾਮ ਸੁਹਾਏ ॥ ੨੪ ॥ ਡੇਰਾ ਕਰਯੋ ਆਇ ਕਰਿ ਜਬੈ । ਸਿੱਖ ਬਿਦੇਸ਼ੀ ਪਹੁੰਚਯੋ ਤਬੈ । ਖਰੇ ਹੋਇ ਅਰਦਾਸ ਉਚਾਰੀ । 'ਗੁਰ ਜੀ ! ਸੰਗਤਿ ਆਵਤਿ ਭਾਰੀ ॥ ੨੫ ॥ ਇਕ ਦਿਨ ਇਹਾਂ ਮੁਕਾਮ ਕਰੀਜੈ । ਪ੍ਰੇਮੀ ਸਿੱਖਨਨਿ ਦਰਸ਼ਨ ਦੀਜੈ'।ਸੁਨਿ ਸ਼੍ਰੀ ਸਤਿਗੁਰ ਰਿਦੇ ਬਿਚਾਰੀ।–ਨਿਤਪ੍ਰਤਿ ਸੰਗਤਿ ਪਹੁੰਚਤਿ ਭਾਰੀ ॥ ੨੬ ॥ ਹਮ ਕੋ ਗਮਨਤਿ ਸੁਨਿ ਬਹੁ ਧਾਵਹਿਂ । ਮਾਰਗ ਬਿਖੈ ਸ਼੍ਰਮਤਿ ਅਕੁਲਾਵਹਿਂ । ਯਾਂਤੇ ਕੁਛ ਉਪਾਇ ਅਸ ਕੀਜੇ । ਸਭਿ ਸਿੱਖਨਨਿ ਕਹਿ ਬਾਕ ਥਿਰੀਜੈ–॥ ੨੭ ॥ਇਤਨੇ ਮਹਿਂ ਜੈ ਸਿੰਘ ਕੋ ਦੂਤ । ਆਯੋ ਜਹਿਂ ਬੈਠੇ ਗੁਰ ਪੂਤ[1] । ਨਮਸਕਾਰ ਕਰਿ ਬੈਸਯੋ ਪਾਸ । ਹਾਥ ਬੰਦਿ ਬੋਲਯੋ ਅਰਦਾਸ ॥੨੮॥ 'ਕੀਰਤਪੁਰਿ ਤੇ ਜਬਿ ਨਿਕਸਾਏ । ਕੇਤਿਕ ਦਿਵਸ ਮੁਕਾਮ ਬਿਤਾਏ।ਇਸ ਪ੍ਰਕਾਰ ਪਹੁੰਚਹਿਂ ਕਬਿ ਜੈ ਕੇ।ਮਗ ਮਹਿ ਦਿਹੁ ਬਹੁ ਕਾਲ ਬਿਤੈ ਕੈ ॥ ੨੯ ॥ ਚਹੁੰਦਿਸ਼ ਕੀ ਗਨ ਸੰਗਤਿ ਆਵੈ। ਸਭਿ ਦਰਸ਼ਨ ਚਿਤ ਚਾਹਤਿ ਧਾਵੈ । ਕਰਹੁ ਉਪਾਉ ਆਪ ਕੋ ਐਸੇ । ਮਗ ਮਹਿਂ ਬਹੁ ਦਿਨ ਬਿਤਹਿਂ ਨ ਜੈਸੇ'।॥ ੩੦ ॥ ਸੁਨਿ ਸਤਿਗੁਰ ਨੇ ਧੀਰਜ ਦੀਨਸੋ।"ਇਮ ਹੀ ਕਰਹਿਂ ਜਥਾ ਤੁਮ ਚੀਨਯੋ" । ਉਤਰਯੋ ਹੁਤੋ ਜਹਾਂ ਸਭਿ ਡੇਰਾ। ਤਹਿਂ ਸਿਕਤਾ[2] ਥਲ ਸੁੰਦਰ ਹੇਰਾ ॥੩੧॥ ਸ਼੍ਰੀ ਸਤਿਗੁਰ ਚਲਿ ਤਿਸ ਥਲ ਬੈਸੇ । ਖੇਲਨਿ ਲਗੇ ਅਪਰ ਸਿਸ ਜੈਸੇ[3] । ਸਹਿਤ ਬਿਭੂਖਨ ਕੋਮਲ ਹਾਥ । ਸ਼ੁਭ ਕੰਚਨ ਕੇ ਹੀਰਨਿ ਸਾਥ ॥ ੩੨ ॥ ਸਿਕਤਾ ਲਗੇ ਸਕੇਲਨਿ ਰਾਸ । ਪਸਰਯੋ ਪਰਯੋ ਪ੍ਰਿਥੀ ਚਹੁੰ ਪਾਸ।ਇਤ ਉਤ ਹਾਥ ਚਲਾਇ ਚਲਾਇ । ਕਰਯੋ ਢੇਰ ਓਚੋ ਤਿਸ ਥਾਇ ॥ ੩੩ ॥ ਚਹੁੰਦਿਸ਼ਿ ਤੇ ਨਿਜ ਕਰ ਸੋਂ ਪ੍ਰੇਰਤਿ । ਇਕ ਸਮ ਕਰਯੋ ਦਾਸ ਗਨ ਹੇਰਤਿ । ਜਾਨਹਿ ਬਾਲਕ ਲੀਲ੍ਹਾ ਕਰਿਹੀਂ । ਕੋ ਬੈਠੇ ਕੋ ਖਰੇ ਨਿਹਰਿਹੀ ॥ ੩੪ ॥ ਸਿਕਤਾ ਢੇਰ ਲਾਇ ਗੁਰ ਕਹੈਂ । 'ਜੋ ਸਿਖ ਹਮ ਕੋ ਹੇਰਯੋ ਚਹੇ । ਸੋ ਇਸ ਥਾਨ ਲਗੋ ਚਲਿ ਆਇ । ਕਰਹਿ ਭਾਵਨਾ ਸੀਸ ਨਿਵਾਇ ॥ ੩੫ ॥ ਲ੍ਯਾਇ ਉਪਾਇਨ ਜੋ ਹਮ ਕਾਰਨ । ਅਰਪਹਿ ਇਹਾਂ ਹੋਹਿਂ ਦੁਖ ਟਾਰਨਿ । ਖਰੋ ਹੋਇ ਅਰਦਾਸ ਕਰਾਵੈ । ਸੋ ਨਰ ਹਮਰੇ ਪਾਸ ਪੁਚਾਵੈ ॥ ੩੬ ॥ ਨਿਸ਼ਚਾ ਧਰਹਿ ਇਹਾਂ ਲਗਿ ਆਇ । ਆਗੈ ਧਰਹਿ ਨਹੀਂ ਪੁਨ ਪਾਇ[4] । ਜੋ ਹਮ

[1]ਪਵਿੱਤ੍ਰ । [2]ਰੇਤ । [3]ਹੋਰਨਾਂ ਬਾਲਕਾਂ ਵਾਂਗ । [4]ਚਰਨ੍ਹ, ਪੈਰ ।

ਦਰਸ਼ਨ ਲਾਭ ਬਿਸਾਲੇ। ਇਸ ਥਲ ਦਰਸੇ ਲਹਹਿ ਸੁਖਾਲੇ ॥ ੩੭ ॥ ਹਮਰੀ ਆਗਯਾ ਕਉ ਇਮ ਜਾਨੈਂ। ਇਸ ਥਲ ਤੇ ਨਹਿਂ ਅੱਗ੍ਰ ਪਯਾਨੈ। ਜਿਮ ਹਮ ਸੈਂ ਮਿਲਿ ਪ੍ਰੇਮ ਬਢਾਇ। ਤਿਮ ਇਸ ਥਲ ਤੇ ਫਲ ਕੋ ਪਾਇ' ॥ ੩੮ ॥ ਗਨ ਸਿੱਖਨਿ ਸੁਖ ਦੈਬੇ ਕਾਰਨ। ਸਭਿਨਿ ਸੁਨਾਵਤਿ ਕੀਨਿ ਉਚਾਰਨਿ। ਇਕ ਨਿਸ਼ਾਨ ਤਹਿਂ ਖਰੋ ਕਰਾਇ। ਕੁਛਕ ਸਿੱਖ ਤਿਸ ਥਾਨ ਟਿਕਾਇ ॥ ੩੯ ॥ ਇਮ ਸਤਿਗੁਰ ਜਬਿ ਕੀਨਿ ਬਖਾਨੀ। 'ਧੰਨ ਧੰਨ' ਕਹਿ ਸਭਿ ਨਰ ਬਾਨੀ। ਤਿਸ ਦਿਨ ਕਰਿ ਮੁਕਾਮ ਤਹਿਂ ਰਹੇ। ਕਰਹਿਂ ਕ੍ਰਿਪਾ ਸਿੱਖਜਨਿ ਦੁਖ ਦਹੇ ॥ ੪੦ ॥ ਤਬਿ ਸੰਗਤਿ ਗਨ ਪਹੁੰਚੀ ਆਇ। ਦੇਖਤਿ ਸਿਵਰ ਰਿਦੇ ਹਰਖਾਇ। ਸ੍ਰੀ ਸਤਿਗੁਰ ਸਭਿ ਅੰਤਰਜਾਮੀ। ਕਰੇ ਨਿਹਾਲ ਦਰਸ ਦੇ ਸੁਆਮੀ ॥ ੪੧ ॥ ਭਾਉ ਜਾਨਿ ਕਰਿ ਸੰਗਤਿ ਕੇਰਾ। ਰਾਖ੍ਯੋ ਗੁਰ ਮੁਕਾਮ ਨਿਜ ਡੇਰਾ। ਪਾਛਲ ਪਹਿਰ ਲਗਾਇ ਦਿਵਾਨ। ਬੈਠੇ ਸਤਿਗੁਰ ਸੁੰਦਰ ਥਾਨ ॥ ੪੨ ॥ ਸਭਿ ਸੰਗਤਿ ਕੋ ਦਰਸ਼ਨ ਦੀਨਸਿ। ਪੂਰਿ ਕਾਮਨਾ ਸਿੱਖਜਨਿ ਕੀਨਸਿ। ਜਥਾ ਜੋਗ ਪੂਰਬਲੀ ਰੀਤਿ। ਸਕਲ ਕਰੀ ਹਰਖਾਇ ਸੁ ਚੀਤ ॥ ੪੩ ॥ ਦੋਹਰਾ ॥ ਦਰਸ਼ਨ ਦੇ ਗਨ ਭੇਟ ਲੇ ਬਾਂਛਤਿ ਸਿੱਖਨਨਿ ਪਾਇ। ਭਈ ਬਿਦਾ ਸੰਗਤਿ ਤਹਾਂ ਚਿਤ ਮਹਿਂ ਮੋਦ ਬਢਾਇ ॥ ੪੪ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸੰਗਤਿ ਮਿਲਨਿ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥ ੩੭ ॥

## ੩੮. [ਸ਼ੰਕਰ ਤੋਂ ਗੀਤਾ ਦੇ ਅਰਥ]।

ਦੋਹਰਾ ॥ ਸਕਲ ਬਿਤਾਈ ਜਾਮਨੀ ਭਈ ਪੁਨਹਿ ਪਰਭਾਤ। ਕਰਿ ਸ਼ਨਾਨ ਸ੍ਰੀ ਸਤਿਗੁਰੂ ਚਾਹਤਿ ਪੰਥ ਪ੍ਰਯਾਤ[1] ॥੧॥ ਚੌਪਈ ॥ ਤਜਿ ਪੰਜੋਖਰੇ ਗ੍ਰਾਮ ਮਸੰਦ। 'ਅਟਕਹਿ ਸੰਗਤਿ ਇਹਾਂ ਬਿਲੰਦ। ਗੁਰ ਕੋ ਬਾਕ ਸੁਨਾਵਹਿ ਜੌਨ। ਆਗੇ ਗਮਨ ਕਰਹਿ ਨਹਿਂ ਕੌਨ ॥ ੨ ॥ ਇਸ ਥਲ ਦਰਸ਼ਨ ਕਰਿ ਹਟਿ ਜਾਇ। ਇਮ ਸਤਿਗੁਰ ਕੀ ਅਹੇ ਰਜਾਇ'। ਇਮ ਸਿੱਖਨਿ ਸੋਂ ਕਹਿ ਗੁਰ ਚਾਲੇ। ਸਨੇਦਨ ਪਰ ਆਰੂਢਿ ਸੁਖਾਲੇ ॥ ੩ ॥ ਬਲੀ ਤੁਰੰਗ ਸੰਗ ਜਿਸ ਲਾਗੇ। ਗਤਿ ਚੰਚਲ ਜਨੁ ਚਲਿ ਹੈਂ ਭਾਗੇ। ਅਪਰ ਸੁਭਟ ਅਰੁ ਮਹਾਂ ਮਸੰਦ। ਸ਼ਸਤ੍ਰ ਬਸਤ੍ਰ ਤੇ ਸ਼ੁਭਤਿ ਉਤੰਗ ॥੪॥ ਸਤਿਗੁਰ ਕੇ ਪਾਛੇ ਲਗਿ ਚਾਲੇ। ਦਿਨ ਮਹਿਂ ਗਮਨਹਿਂ ਪੰਥ ਬਿਸਾਲੇ। ਸਿਵਰ ਕਰਹਿਂ ਜਾਮਨਿ ਕੋ ਪਾਇ। ਖਾਨ ਪਾਨ ਕਰਿ ਕੈ ਸਮੁਦਾਇ ॥ ੫ ॥ ਸੁਖ ਸੋਂ ਸੁਪਤਹਿਂ ਨਿਸ।

[1]ਰਾਹੇ ਚੱਲਣਾ।

ਗੁਜ਼ਾਰਹਿਂ। ਭਈ ਪ੍ਰਾਤਿ ਪੁਨ ਪੰਥ ਸਮ੍ਹਾਰਹਿਂ[1]। ਗਮਨਹਿਂ ਮਾਰਗ ਇਸੀ ਪ੍ਰਕਾਰੇ। ਇਕ ਨਗਰ ਤਬਿ ਆਇ ਅਗਾਰੇ ॥ ੬ ॥ ਕਰਨੋ ਸਿਵਰ ਤਹਿਂ ਉਤਰਿ ਪਰੇ ਹੈਂ। ਵਾਹਨ ਪਾਏ ਜ਼ੀਨ ਖਰੇ ਹੈਂ। ਤਹਿਂ ਇਕ ਪੰਡਿਤ ਬਿਦ੍ਯਾ ਘਨੀ।ਬੁੱਧੀ ਬਡ ਹੰਕਾਰ ਸੋਂ ਸਨੀ[2]॥੭॥ਇਕ ਤੌ ਬਿੱਦ੍ਯਾ ਕਹੁ ਮਦ ਭਾਰੀ। ਬਿੱਪ੍ਰ ਜਾਤਿ ਮਦ ਰਿਦੇ ਮਝਾਰੀ। ਅਪਨੇ ਸਮ ਨਹਿਂ ਜਾਨਹਿ ਕਾਹੂ। ਜੋ ਸਬਿੱਦ੍ਯ ਬਾਦਹਿ ਸੰਗ ਤਾਹੂ[3] ॥ ੮ ॥ ਬਿਜੈ ਕਰਹਿ ਬਹੁ ਮਾਨ ਘਟਾਵਹਿ। ਬਿੱਦ੍ਯਾ ਬਲ ਤੇ ਮਦ ਉਪਜਾਵਹਿ।ਸਹਜ ਸੁਭਾਇਕ ਸੋ ਤਹਿਂ ਜਾਇ। ਜਹਿਂ ਸਤਿਗੁਰ ਡੇਰੋ ਉਤਰਾਇ॥੯॥ ਇਕ ਸਿਖ ਸੋਂ ਤਬਿ ਬੂਝਨਿ ਲਾਗਾ। 'ਉਤਰ੍ਯੋ ਆਨਿ ਕੌਨ ਇਸ ਜਾਗਾ ?। ਕਿਸ ਬਲ ਤੇ ਆਯੋ ਕਿਤ ਜਾਤਿ ?। ਕੌਨ ਨਾਮ ਹੈ ਕਹੁ ਸਭਿ ਬਾਤ ?' ॥ ੧੦ ॥ ਕਹ੍ਯੋ ਸਿੱਖ ਨੇ 'ਸਤਿਗੁਰ ਅਹੈਂ। ਸ੍ਰੀ ਹਰਿਕ੍ਰਿਸ਼ਨ ਨਾਮ ਜਗ ਕਹੈਂ।ਸ੍ਰੀ ਨਾਨਕ ਗਾਦੀ ਪਰ ਥਿਤ ਹੈਂ। ਹਰਿ ਅਵਤਰੇ ਸੁਭਤਿ ਸਮ ਚਿਤ ਹੈਂ'॥੧੧॥ਸੁਨਿ ਸਹਿ ਸਕ੍ਯੋ ਨ, ਖੁਨਸ੍ਯੋ ਮਾਨੀ। ਮਦ ਸੋਂ ਅੰਧਾ ਬੁੱਧਿ ਹਿਰਾਨੀ[4]।ਕਹਿ ਦਿਜ 'ਭੇ ਸ੍ਰੀ ਕ੍ਰਿਸ਼ਨ ਮਹਾਨੇ। ਧਰ ਅਵਤਰੇ ਸਰਬ ਜਗ ਜਾਨੇ ॥ ੧੨॥ ਤਿਨ ਤੇ ਭੀ ਨਿਜ ਨਾਮ ਬਡੇਰਾ। ਸ੍ਰੀ ਹਰਿਕ੍ਰਿਸ਼ਨ ਰਖਾਇ ਬਿਖੇਰਾ[5]। ਤਿਨਹੁਂ ਕਰੀ ਗੀਤਾ ਸੁਭ ਗ੍ਰੰਥ। ਜਿਹ ਪਠਿ ਸੁਨਿ ਨਰ ਚਲਹਿਂ ਸੁ ਪੰਥ ॥ ੧੩ ॥ ਤਿਹ ਸ਼ਲੋਕ ਕੇ ਅਰਥ ਮਹਾਨੇ। ਇਨ ਤੇ ਸੋ ਪਿ ਨ ਜਾਹਿਂ ਬਖਾਨੇ। ਨਾਮ ਧਰਾਵਨਿ ਅਹੇ ਸੁਖੇਨ। ਤਿਨ ਕੇ ਗੁਨ ਸ਼ੁਭ ਕਿਸ ਮਹਿਂ ਹੈ ਨ ॥ ੧੪ ॥ ਜੇ ਸਾਰਥ ਇਹ ਨਾਮ ਧਰਾਵਹੁ। ਕਰਿ ਗੀਤਾ ਕੇ ਅਰਥ ਸੁਨਾਵਹੁ। ਨਾਂਹਿ ਤ ਕੂਰ ਕਹਨਿ ਇਨ ਕੇਰੋ।ਹਮ ਨਹਿਂ ਮਾਨਹਿਂ ਕਹਿਬੋ ਤੇਰੋ*' ॥੧੫॥ ਸੁਨਤਿ ਸਿੱਖ ਕਹਿ 'ਰਹੁ ਤੂੰ ਖਰੋ।ਮੈਂ ਅਬਿ ਜਾਇ ਬੂਝਿਬੋ ਕਰੋਂ। ਗੁਰ ਸਮਰਥ ਹੈਂ ਸਭਿ ਹੀ ਭਾਂਤਿ। ਦੇਂ ਉੱਤਰ ਜੋ ਬੂਝਹਿਂ ਬਾਤ' ॥ ੧੬ ॥ ਇਮ ਕਹਿ ਸਿੱਖ ਗਯੋ ਗੁਰ ਪਾਸ। ਸਿਰ ਨਿਵਾਇ ਕੀਨਸਿ ਅਰਦਾਸ। ਦਿਜ ਕੀ ਕਹਿਵਤ ਸਕਲ ਸੁਨਾਈ।'ਖਰੋ ਅਹੈ[6], ਕਿਮ ਕਹੌਂ ਬੁਝਾਈ[7]' ॥ ੧੭॥ ਮੁਸਕਾਵਤਿ ਸ੍ਰੀ ਮੁਖ ਤੇ ਕਹ੍ਯੋ। 'ਬਿੱਪ੍ਰ ਅਸ਼ਰਧਕ

[1]ਸੰਭਾਲਦੇ ਹਨ। [2]ਦੇ ਸਮੇਤ। ਨਾਲ ਮਿਲੀ ਹੋਈ। [3]ਜੋ (ਬੀ) ਵਿਦਵਾਨ (ਮਿਲੇ) ਤਿਸ ਨਾਲ ਝਗੜਦਾ ਸੀ। [4]ਹਿਰੀ ਗਈ, ਮਾਰੀ ਗਈ। [5]ਵੇਲਾ ਰਖਿਆ ਨੇ। [6](ਬ੍ਰਾਹਮਣ) ਖੜਾ ਹੈ। [7]ਕੀਹ ਕਹਿ ਕੇ ਸਮਝਾਵਾਂ। (ਅ) ਸਮਝਾਓ (ਉਸ ਨੂੰ) ਕੀ ਕਹਾਂ? *ਪਾ:—ਕਹਿ ਬਹੁਤੇਰੋ।

ਸੋ ਹਮ ਲਹਨੈ। ਚਹਿਤ ਜਿ ਉੱਤਰ ਦੈਬੋ ਤਾਂਹੀ। ਕਰਹੁ ਹਕਾਰਨਿ ਹਮਾਰੇ ਪਾਹੀ ॥ ੧੮ ॥ ਜਿਮ ਚਿਤ ਚਹਿ ਤਿਮ ਦੇਹੁ ਬੁਝਾਈ। ਤਰਕਤਿ ਮਹਾਂ ਮੂਢ ਕੀ ਨਸਾਂਈਂ। ਬੁੱਧਿ ਬਿਲੋਚਨ ਨਿਰਮਲ ਚਾਰੁ।ਹੋਤਿ ਮੋਤੀਆ ਦੁਖ ਹੰਕਾਰ[1] ॥ ੧੯ ॥ ਅਪਨਿ ਆਪ ਕੋ ਲਖਨਿ ਬਿਸਾਲ। ਇਹੀ ਅੰਧ ਹੋਵਨਿ ਸਭਿ ਕਾਲ। ਦ੍ਰਿਸ਼ਟਿ ਨ ਆਵਹਿਂ ਸ਼ੁਭ ਗੁਨ ਬ੍ਰਿੰਦ। ਮਗ ਪ੍ਰਭੁ ਮਿਲਨਿ ਸੁ ਦੂਰ ਬਿਲੰਦ ॥ ੨੦ ॥ ਇਹ ਦੁਖ ਹਤਨਿ[2], ਬੈਦ ਸਤਿਗੁਰ ਹੈਂ। ਔਖਧਿ ਬਾਕ ਬਸਾਇ ਜਿ ਉਰ ਹੈਂ[3]।ਬਿੱਪ੍ਰ ਜਾਤਿ ਉਰ* ਬਿੱਦ੍ਯਾ ਮਦ ਹੈ। ਯਾਂਤੇ ਅਧਿਕ ਅੰਧ ਦੁਇ ਗਦ ਹੈਂ[4]॥੨੧॥ਸੋ ਇਸ ਕੋ ਦੁਖ ਹਤਹਿਂ[5], ਬੁਲਾਵਹੁ। ਸਿਖ ਉਪਕਾਰ ਕਰਤਿ, ਬਿਦਤਾਵਹੁ[6]'। ਸੁਨਿ ਕਰਿ ਗਯੋ ਬਿੱਪ੍ਰ ਸੋਂ ਭਾਖਾ। 'ਗੁਰ ਢਿਗ ਚਲਹੁ ਬੂਝਿ ਅਭਿਲਾਖਾ॥੨੨॥ ਸਭਿ ਤੁਝ ਕਾਹਬੋ ਜਾਇ ਸੁਨਾਯੋ। ਸੁਨਿ ਸ੍ਰੀ ਪ੍ਰਭੁ ਨੇ ਨਿਕਟਿ ਬੁਲਾਯੋ'। ਇਮ ਸੁਨਿ ਬਿੱਪ੍ਰ ਚੌਂਪ ਕਰਿ ਚਾਲ॥ ਸੰਸੈ ਪ੍ਰਸ਼ਨ ਬਿਚਾਰਿ ਬਿਸਾਲ॥੨੩॥ ਗਰਬਤਿ ਬੈਠਯੋ ਜਾਇ ਨਜੀਕਾ। ਪਿਖਿ ਬੋਲੇ ਸੋਢੀ ਕੁਲ ਟੀਕਾ।'ਕਹੁ ਦਿਜਬਰ! ਕਯਾ ਬੂਝਨੋ ਚਹੈਂ। ਬਿਦਤ ਬਤਾਵਹੁ ਜਿਮ ਚਿਤ ਅਹੈ' ॥ ੨੪ ॥ ਦਿਜ ਤਬਿ ਕਹਯੋ 'ਕ੍ਰਿਸ਼ਨ ਅਵਤਾਰ। ਰਿਦੇ ਜਿਨਹੁਂ ਕੇ ਗ੍ਯਾਨ ਉਦਾਰ। ਬ੍ਰਹਮਗ੍ਯਾਨ ਮਧ ਗੀਤਾ ਕੀਨਸਿ।ਜਿਹ ਪਠਿ ਸੁਨਿਕੇ ਲੇ ਸਭਿ ਚੀਨਸਿ॥੨੫॥ਤਿਨ ਨਾਮਨਿ ਤੇ ਤੁਮ ਅਧਿਕਾਯੋ।ਸ੍ਰੀ ਹਰਿਕ੍ਰਿਸ਼ਨ ਨਾਮ ਰਖਵਾਯੋ। ਪੁਨ ਗੁਰ ਗਾਦੀ ਪਰ ਥਿਤ ਅਹੈ। ਗੁਰੂ ਨਾਮ ਅਪਨੋ ਜਗ ਲਹੈ ॥ ੨੬ ॥ ਗੀਤਾ ਬਿਖੈ ਪ੍ਰਸ਼ਨ ਬਡ ਮੇਰੇ। ਉੱਤਰ ਦਿਹੁ, ਤੁਮ ਸੁਨੇ ਬਡੇਰੇ'। ਜੋ ਸ੍ਰੀ ਕ੍ਰਿਸ਼ਨ ਬਨਾਵਨਿ ਕੀਨਿ। ਅਰਥ ਕਰਹੁ ਜੇ ਲੋਵੈਂ ਚੀਨ ॥ ੨੭ ॥ ਸਾਰਥ ਜਾਨੋ ਨਾਮ ਤੁਮਾਰੋ। ਨਾਂਹਿ ਤ ਨੀਕੇ ਨਹੀਂ ਨਿਹਾਰੋ[7]'। ਸ੍ਰੀ ਹਰਿ-ਕ੍ਰਿਸ਼ਨ ਸੁਨਤਿ ਬਚ ਕਹਯੋ। 'ਬਾਦੀ ਬਿੱਪ੍ਰ ਜਾਤਿ ਕੋ ਲਹਯੋ ॥ ੨੮ ॥ ਜੋ ਕੀਰ ਹਮ ਤੁਝਿ ਅਰਥ ਸੁਨਾਵਹਿਂ। ਤਊ ਕਲਪਨਾ ਆਨਿਕ ਉਠਾਵਹਿਂ। ਧਨੀ ਪੁਰਖ ਇਹ, ਭਾਗ ਬਲੀ ਹੈ। ਕਿਨਹੁਂ ਪਢਾਏ ਭਾਂਤਿ ਭਲੀ ਹੈ॥੨੯॥

[1](ਬੁੱਧੀ ਨੂੰ) ਹੰਕਾਰ ਰੂਪੀ ਮੋਤੀਆਬਿੰਦ ਇਕ ਦੁਖ ਹੁੰਦਾ ਹੈ। [2]ਦੂਰ ਕਰਨ ਵਾਲੇ। [3]ਰਿਦੇ ਵਿਚ ਜੋ ਬਚਨ ਵਸਾਵਦੇ ਹਨ ਇਹ ਦਵਾਈ ਹੈ। [4]ਦੋ ਰੋਗ ਹਨ ( ਜ਼ਾਤ ਦਾ ਤੇ ਵਿਦ੍ਯਾ ਦਾ ਮਦ)। [5]ਨਾਸ਼ ਕਰੀਏ। [6](ਤੁਸੀਂ) ਪ੍ਰਗਟ ਕਰਿਆ ਕਰਦੇ ਹੋ ਕਿ ਸਿਖ (ਸਦਾ) ਉਪਕਾਰ ਕਰਦੇ ਹਨ (ਜਾਓ ਲਿਆਓ ਉਸ ਦਾ ਦੁੱਖ ਦੂਰ ਕਰੀਏ ਤੇ ਤੁਹਾਡਾ ਬੀ ਉਪਕਾਰ ਹੋਵੇ)। [7]ਤੁਸੀਂ ਝੂਠੇ ਸੁਣੀਦੇ ਹੋ।

*ਪਾਠ-ਮਦ।

॥ ਪ੍ਰਥਮ ਪਠੀ ਹੁਇ ਗੀ ਕਿਸ ਪਾਸ। ਇਮ ਜਾਨਹਿਂ, ਨਹਿਂ ਹੁਇ ਬਿੱਸ੍ਵਾਸ। ਯਾਂਤੇ ਪ੍ਰਥਮ ਕਾਰ ਇਮ ਕੀਜੈ। ਆਪ ਨਗਰ ਮਹਿਂ ਜਾਇ ਪਿਖੀਜੈ ॥ ੩੦ ॥ ਜੋ ਅਪਠਤਿ ਹੁਇ ਮੂਢ ਬਿਸਾਲਾ। ਤਿਹ ਬੁਲਾਇ ਆਨਹੁ ਇਸ ਕਾਲਾ। ਸੋ ਉੱਤਰ ਦੇ ਹੈ ਤੁਝ ਚਾਹਤਿ। ਜਿਨ ਬੂਝਨਿ ਹਿਤ ਨੀਤ ਉਮਾਹਤਿ' ॥ ੩੧ ॥ ਸੁਨਿ ਸਤਿਗੁਰ ਕੋ ਬਾਕ ਰਸੀਲਾ। ਬਿੱਪ੍ਰ ਭਯੋ ਮਦ ਤੇ ਕੁਛ ਢੀਲਾ। ਗਯੋ ਨਗਰ ਮਹਿ ਧੀਵਰ[1] ਹੇਰਾ। ਘਰ ਘਰ ਨਿਤ ਜਲ ਢੋਇ ਘਨੇਰਾ ॥ ੩੨ ॥ ਮਹਾਂ ਮੂਢ ਬੋਲਿਬ ਨਹਿ ਜਾਨੈ। ਪੇਟ ਭਰਨਿ ਲੈ ਕਾਰਜ ਠਾਨੈ। ਕਾਰੇ ਬਰਨ ਬਸਤ੍ਰ ਤਨ ਫਾਰੇ[2]। ਜਿਨ ਪਢਤੇ ਨਰ ਨਹੀਂ ਨਿਹਾਰੇ ॥ ੩੩ ॥ ਆਪ ਪਛਾਨਿ ਤੌ ਜਾਨਹਿ ਕਹਾਂ। ਬਹੁ ਕੁਰੂਪ ਮਤਿ ਮੂਰਖ ਮਹਾਂ। ਤਿਹ ਗਹਿ ਬਾਂਹ ਗਯੋ ਸਮੁਝਾਈ। 'ਇਕ ਕਾਰਜ ਮੇਰੋ ਕਰਿ ਆਈ ॥ ੩੪ ॥ ਘਟਿਕਾ ਚਾਰਿਕ ਮਹਿਂ ਪੁਨ ਆਵਹੁ। ਅਪਨੋ ਕਾਜ ਕਰਨਿ ਲਗਿ ਜਾਵਹੁ'। ਇਮ ਕਹਿ ਸੰਗ ਲਿਯੋ ਚਲਿ ਆਯੋ। ਜਹਿਂ ਸ੍ਰੀ ਸਤਿਗੁਰ ਬੈਠਿ ਸੁਹਾਯੋ ॥ ੩੫ ॥ ਤਿਹ ਬਿਠਾਇ ਬੈਸਨੋ ਕਰਿ ਚਾਉ। ਬਿਸਮਤਿ ਚਾਹਤਿ ਪਿਖਨਿ ਪ੍ਰਭਾਉ। ਚਿਤਵਤਿ ਪ੍ਰਸ਼ਨ ਰਿਦੇ ਬਡ ਗਾਢੇ। -ਇਹ ਧੀਵਰ ਕੀ ਬੁਧਿ ਕਿਮ ਬਾਢੇ-॥ ੩੬ ॥ ਸ੍ਰੀ ਹਰਿਕ੍ਰਿਸ਼ਨ ਜਾਨਿ ਮਨ ਕੇਰੀ। ਕ੍ਰਿਪਾ ਦ੍ਰਿਸ਼ਟਿ ਧੀਵਰ ਦਿਸ਼ਿ ਹੇਰੀ। ਮੁਖ ਮੁਸਕਾਵਤਿ ਬਾਕ ਬਖਾਨਾ। 'ਬਿੱਪ੍ਰ ਮਨੋਰਥ ਜਿਮ ਉਰ ਠਾਨਾ ॥ ੩੭॥ ਸੋ ਤੈਂ ਬੂਝਨਿ ਕਰਿ ਕੈ ਅਬਿ ਹੂੰ। ਸ਼ਕਤਿ ਕੋ ਉੱਤਰ ਦਿਹੁ ਸਭਿ ਹੂੰ। ਸਮਾਧਾਨ ਕਰਿ ਨੀਕੇ ਯਾਂਕੋ। ਸੂਧੇ ਹੋਇ ਸੁਨਤਿ ਮਨ ਬਾਂਛੈ[3]' ॥ ੩੮ ॥ ਦੋਹਰਾ॥ ਸ਼ਾਸਤ੍ਰਗਯ[4] ਧੀਵਰ[1] ਬਨ੍ਯੋ ਸੁਰਬਾਨੀ[5] ਕਹਿ ਤਾਹਿ। 'ਕਸਮਿਨ ਸ਼ਾਸਤ੍ਰ ਪ੍ਰਬ੍ਰਿਤਿ ਦਿਜ! ਕਹੁ ਪੂਰਬ ਮੁਝ ਪਾਹਿ[6]' ॥ ੩੯ ॥ ਚੌਪਈ ॥ ਇੱਤਜਾਦਕ ਸੁਰ ਗਿਰਾ ਬਖਾਨੀ। ਜਨੌਂ ਸਬਿੱਦਨ[7] ਹ੍ਵੈ ਬੁੱਧਿ ਮਹਾਨੀ। ਸ਼ੰਕਾ ਪ੍ਰਸ਼ਨ ਬਿੱਪ੍ਰ ਮਨ ਜੈਸੀ। ਕਰਹਿ ਆਪ ਪੁਨ ਉੱਤਰ ਦੇਸੀ ॥੪੦॥ ਸ਼ੰਕਾ ਦਸਕ ਹਤੀ ਦਿਜ ਮਨ ਮੈਂ। ਤਿਨ ਬੀਸਕ ਭਾਖੀ ਤਿਹ ਛਿਨ ਮੈਂ। ਬ੍ਰਿੰਦ ਮਸੰਦ ਸੁਭਟ ਸਭਿ ਜੇਵਤਿ। ਹੇਰਿ ਹੇਰਿ ਬਿਸਮਤਿ ਚਿਤ ਹੋਵਤਿ ॥ ੪੧ ॥-ਇਹ ਬਡ ਪਠਤਿ ਬੇਦ ਕਾ ਬਾਤ। ਤਨ ਮਲੀਨ ਕੋ ਜਾਤਿ ਸਨਾਤ[8]। ਨਹਿ ਦਿਜਬਰ ਕੋ

---

[1]ਧੀਵਰ। [2]ਪਾਟੇ ਹੋਏ। [3]ਟੋਲਾ। [4]ਸ਼ਾਸਤ੍ਰ ਜਾਣਨਹਾਰਾ। [5]ਸੰਸਕ੍ਰਿਤ। [6]ਕਿਸ ਸ਼ਾਸਤ੍ਰ ਵਿਚ ਪ੍ਰਵਿਰਤੀ ਹੈ? ਹੇ ਬ੍ਰਾਹਮਣ ਕਹੁ ਮੈਨੂੰ ਤੂੰ ਪਹਿਲੋਂ। [7]ਵਿਦਵਾਨ। [8]ਨੀਚ।

ਬੋਲਨਿ ਦਿਯੋ। ਸੁਨਤਿ ਬਿਲੋਕਤਿ ਤੂਸ਼ਨਿ ਭਯੋ ॥੪੨॥ ਨਹੀਂ ਪ੍ਰਸ਼ਨ ਭੀ ਕਛੂ ਉਚਾਰਾ। ਬਿੱਦਯਾ ਮਦ ਜਿਸ ਬਡੋ ਅਫਾਰਾ¹। ਜਾਗੇ ਪੂਰਬ ਭਾਗ ਬਿਸਾਲਾ।ਭਯੋ ਨੰਮ੍ਰਿ ਮਨ ਤੇ ਤਿਸ ਕਾਲਾ ॥੪੩॥ ਹਾਥ ਜੋਰਿ ਕਰਿ ਪਰਯੋ ਅਗਾਰੀ।ਕਰੀ ਡੰਡੌਤ ਪ੍ਰੇਮ ਕਰਿ ਭਾਰੀ।ਬੋਲਯੋ'ਮਹਿਮਾ ਲਖੀ ਅਨੂਪ। ਸ੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਰੂਪ ॥ ੪੪ ॥ ਭੇਦ ਨ ਫੁਰਤਿ ਮੋਹਿ ਮਨ ਮਾਂਹੀ। ਵਹੀ ਜੋਤਿ ਤੁਮ ਹੋ ਅਨ ਨਾਂਹੀ¹।ਭਵ ਸਾਗਰ ਤੇ ਮੋਹਿ ਉਧਾਰਹੁ। ਧਾਰਹੁ ਕਰੁਨਾ ਬਿਰਦ ਸੰਭਾਰਹੁ' ॥੪੫॥ ਸੁਨਿ ਬੋਲੇ ਸਤਿਗੁਰੂ ਅਨੂਪਾ।'ਉੱਤਮ ਜਾਤੀ ਤੁਮ ਦਿਜ ਰੂਪ। ਪੁਨ ਸਬਿੱਦਯ ਕਯੋਂ ਅਨੁਚਿਤ ਠਾਨਹੁ। ਸਿਮਰਨ ਸੱਤਿਨਾਮ ਮਨ ਮਾਨਹੁ' ॥ ੪੬ ॥ ਸੁਨਿ ਦਿਜ ਨੇ ਗਰ ਸੂਤ੍ਰ ਉਤਾਰਾ²*। 'ਮੈਂ ਭਾ ਸਿੱਖਯ ਰਾਵਰੇ ਦ੍ਵਾਰਾ। ਨਹੀਂ ਜਾਤਿ ਕੋ ਮਦ ਮੁਝ ਰਹਯੋ। ਏਕ ਆਸਰੋ ਤੁਮਰੋ ਗਹਯੋ' ॥ ੪੭ ॥ ਪੁਨ ਗੁਰ ਨੇ ਬਰਜਯੋ 'ਤਿਮ ਰਹੀਅਹਿ†।ਸਿਮਰਹੁ ਸੱਤਯਨਾਮ ਗਤਿ ਚਹੀਅਹਿ' ।ਨਹਿੰ ਦ੍ਵਿਜ ਮਾਨੇ ਬਾਰੰਬਾਰੀ। ਕਹੈ 'ਗਹੀ ਮੈਂ ਸ਼ਰਨ ਤੁਮਾਰੀ' ॥ ੪੮ ॥ ਤਬਿ ਸਤਿਗੁਰ ਕੇ ਚਰਨ ਪਖਾਰੇ। ਪਾਹੁਲ ਲਈ ਭਯੋ ਅਨੁਸਾਰੇ। ਪਰਮਾਰਥ ਮਗ ਨਦਰੀ ਆਯੋ। ਗੁਰੂ ਮਹਾਤਮ ਕੋ ਲਖਿ ਪਾਯੋ ॥ ੪੯ ॥

¹ਹੋਰ ਨਹੀਂ ਹੋ। ²ਗਲੇ ਤੋਂ ਜਨੇਊ ਲਾਹ ਸੁੱਟਿਆ। *ਪਾ:-ਪੁਨਿ ਉਰ ਉਚਾਰਾ।

†ਬ੍ਰਹਮਨ ਦਾ ਗਲੇ ਤੋਂ ਸੂਤ ਉਤਾਰਨਾ ਦੱਸਦਾ ਹੈ ਕਿ ਕਿ ਗੁਰ ਨਾਨਕ ਦੇਵ ਜੀ ਦੇ ਜਨੇਊ ਬਾਬਤ ਆਸਾ ਵਾਰ ਵਿਚ ਆਏ ਕਥਨ ਤੋਂ ਸਿੱਖਾਂ ਵਿੱਚ ਨਵੇਂ ਜਨਮ ਦਾ ਸਿਮਬਾਲ 'ਗੁਰ ਦੀਖਜਤ' ਹੋਣਾ ਸੀ, ਗੁਰਵਾਕ ਬੀ ਹੈ 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ' ॥ ਇਸ ਨੂੰ ਨਵਾਂ ਜਨਮ ਤੇ ਦੂਸਰਾ ਜਨਮ ਸਮਝਦੇ ਸਨ। ਜਨੇਊ ਸਿੱਖਾਂ ਵਿਚ ਦ੍ਵਿਜ ਹੋਣ ਦੀ ਨਿਸ਼ਾਨੀ ਨਹੀਂ ਸੀ ਰਿਹਾ। ਇਸ ਦਾ ਉਤਾਰਨਾ ਕੋਈ ਪੁੰਨ ਕਰਮ ਸੀ ਜਾ ਨਹੀਂ ਖੋਜ ਤਲਬ ਹੈ, ਪਰ ਇਸ ਵਾਕਿਆ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਦੀ ਲੋੜ ਤੇ ਧਾਰਨ ਦੀ ਆਵੇਸ਼ਕਤਾ ਕੋਈ ਨਹੀਂ ਸੀ, ਸਗੋਂ ਇਸ ਨੂੰ ਛੋਡ ਕੇ ਗੁਰੂ ਜੀ ਤੋਂ ਦੀਖਜਤ ਹੋਣਾ ਇਹੋ ਦ੍ਵਿਜ ਹੋਣਾ ਸੀ ਸਿੱਖੀ ਮਾਰਗ ਵਿੱਚ। ਨਾਕਿ ਇਸ ਦੇ ਇਹ ਅਰਥ ਹਨ ਕਿ ਜਿਵੇਂ ਮੁਸਲਮਾਨ ਜੰਞੂ ਉਤਾਰਦੇ ਸਨ, ਸਿੱਖ ਉਸਤਰ੍ਹਾਂ ਦਾ ਕੋਈ ਜ਼ੁਲਮ ਰਵਾ ਰੱਖਦੇ ਸਨ, ਸਗੋਂ ਤੁਰਕ ਜ਼ਾਲਮਾਂ ਤੋਂ ਹਿੰਦੂਆਂ ਦੀ ਰੱਖਿਆ ਕਰਦੇ ਸਨ, ਤੇ ਨਾਂਹੀ ਇਸ ਦੇ ਏਹ ਅਰਥ ਸਨ ਕਿ ਜੰਞੂ ਪਹਿਨਣਾ ਸਿੱਖੀ ਮਾਰਗ ਵਿਚ ਦਰਜ ਹੋਣ ਦਾ ਕੋਈ ਨਿਸ਼ਾਨ ਮੰਨਿਆਂ ਜਾਂਦਾ ਸੀ। ਗੁਰੂ ਜੀ ਦੇ ਵਾਕ ਦਾ ਇਹੋ ਭਾਵ ਹੈ। ਗੁਰੂ ਜੀ ਤੋਂ ਦੀਖਜਤ ਹੋਣਾ, ਦ੍ਵਿਜ ਹੋਣਾ ਸਿਖੀ ਦਾ ਅਸੂਲ ਸਮਝ ਕੇ ਬ੍ਰਾਹਮਣ ਨੇ ਜਨੇਊ ਵਾਧੂ ਤੇ ਫ਼ਜ਼ੂਲ ਸਮਝਿਆ ਤੇ ਉਤਾਰ ਕੇ ਦੀਖਜਤ ਹੋਇਆ ਤੇ ਸਿਖ ਬਣ ਗਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਦਿਜ ਗ੍ਯਾਤਾ' ਪ੍ਰਸੰਗ ਬਰਨਨ ਨਾਮ ਆਠਤ੍ਰਿੰਸਤੀ ਅੰਸੂ ॥ ੩੮ ॥

## ੩੯. [ਦਿੱਲੀ ਪੁੱਜੇ]।

ਦੋਹਰਾ ॥ ਜਬਿ ਡੇਰੇ ਤੇ ਵਹਿਰ ਭਾ ਧੀਵਰ ਤਿਸ ਛਿਨ ਮਾਂਹਿ। ਪੂਰਬ ਸਮ ਮਤਿ ਮਹਿਂ ਬਨ੍ਯੋ ਗ੍ਯਾਤਾ ਕਛੂ ਨ ਤਾਂਹਿ ॥ ੧ ॥ ਚੌਪਈ ॥ ਸਤਿਗੁਰ ਸੁਜਸੁ ਜਾਨਿ ਦਿਜ ਸੋਊ। ਜਿਸ ਕੇ ਰਿਦੇ ਗ੍ਯਾਨ ਦ੍ਰਿੜ੍ਹ ਹੋਊ। ਸਿੱਖ੍ਯ ਬਨ੍ਯੋ ਨਿਜ ਜਨਮ ਸੁਧਾਰਾ। ਹ੍ਵੈ ਸੁਤੰਤ੍ਰ ਜਗ ਫਿਰ੍ਯੋ ਸੁਖਾਰਾ ॥ ੨ ॥ ਸ੍ਰੀ ਹਰਿ ਕ੍ਰਿਸ਼ਨ ਨਿਸਾ ਤਹਿਂ ਬਸਿ ਕੈ। ਪ੍ਰਾਤੀ ਭਏ ਤ੍ਯਾਰ ਕਟ ਕਸਿ ਕੈ। ਦਿੱਲੀ ਕੇ ਮਗ ਮਹਿਂ ਪ੍ਰਸਥਾਨੇ। ਪਾਛੈ ਸੈਨਾ ਸਕਲ ਪਧਾਨੇ ॥ ੩॥ ਧੌਂਸਾ ਧੁੰਕਾਰਤਿ ਅਗਵਾਏ। ਹੋਤ ਅਗ੍ਰ ਜਾਤਿ ਨਕੀਬ ਸੁਹਾਏ। ਸਿਵਕਾ ਪਰ ਅਰੂਢਿ ਗੁਰ ਚਾਲੇ। ਦੁਹੂੰ ਦਿਸ਼ਿ ਢੋਰਤਿ ਚਮਰ ਬਿਸਾਲੇ ॥ ੪ ॥ ਬਸਤ੍ਰ ਬਿਭੂਖਨ ਪਹਿਰੇ ਸੋਹਤਿ। ਹਾਥ ਛਰੀ ਫੇਰਤਿ ਮਨ ਮੋਹਤਿ। ਮਾਰਗ ਮਹਿਂ ਹੇਰਤਿ ਨਰ ਨਾਰੀ। ਬਾਲਕ ਰੂਪ ਹੋਤਿ ਬਲਿਹਾਰੀ ॥ ੫ ॥ ਏਕ ਦਿਵਸ ਮਗਿ ਚਲਿਬੋ ਰਹ੍ਯੋ। ਜੈ ਸਿੰਘ ਦੂਤ ਆਨਿ ਤਬਿ ਕਹ੍ਯੋ। 'ਲਿਖ ਸੁਧਿ ਮੈਂ ਅਬਿ ਪਠੌਂ ਅਗਾਰੀ। ਸੁਨਹਿ ਨ੍ਰਿਪਤ, ਹ੍ਵੈ ਹਰਖਤਿ ਭਾਰੀ ॥ ੬॥ ਰਾਵਰ ਕੇ ਆਵਹਿ ਅਗੁਵਾਈ। ਆਦਰ ਰਾਖਹਿ ਅਧਿਕ ਬਡਾਈ। ਬਡ ਸਮਾਜ ਸੋਂ ਪੁਰੀ ਪ੍ਰਵੇਸ਼ਹਿਂ। ਦਰਸਹਿਂ ਤੁਮ ਕੋ ਸਿੱਖ੍ਯ ਅਸ਼ੇਸ਼ਹਿਂ' ॥ ੭ ॥ ਸੁਨਿ ਸਤਿਗੁਰ ਨੇ ਬਚ ਫੁਰਮਾਯੋ। 'ਮਤ ਹਮਰੋ ਜਿਮ ਤੁਮ ਲਖਿ ਪਾਯੋ। ਤੈਸੇ ਤਹਾਂ ਜਾਇ ਤੁਮ ਭਾਖੋ। ਪ੍ਰਨ ਪੂਰਨ ਕੌ ਉਰ ਅਭਿਲਾਖੋ॥੮॥ਤੁਰਕੇਸ਼ੁਰ ਸੋਂ ਮਿਲਹਿਂ ਨ ਜੈਸੇ। ਉਚਿਤ ਕਰਨਿ ਕੋ ਤੁਮ ਹੋ ਤੈਸੇ। ਆਪ ਜਾਇ ਸਮੁਝਾਵਹੁ ਰਾਜਾ। ਹਮ ਆਵਤਿ ਲੇ ਮਿਲਹੁ ਸਮਾਜਾ ॥੯॥ ਗੁਰ ਸੰਗਤਿ ਕੋ ਦੇਹੁ ਸੁਨਾਈ। ਮੁੱਖ੍ਯ ਮਸੰਦ ਮਿਲਹਿਂ ਸਭਿ ਆਈ'। ਇਮ ਸਤਿਗੁਰ ਆਇਸੁ ਜਬਿ ਦੀਨਸਿ। ਦੂਤ ਤ੍ਯਾਰ ਹ੍ਵੈ ਚਲਿਬੋ ਕੀਨਸਿ ॥ ੧੦॥ ਪੰਥ ਬਿਸਾਲ ਉਲੰਘਿ ਉਤਾਲ। ਪੁਰਿ ਮਾਂਹਿ ਪਹੁੰਚ੍ਯੋ ਆਨੰਦ ਨਾਲ। ਜਾਇ ਮਿਲ੍ਯੋ ਜੈ ਸਿੰਘ ਸਵਾਈ। ਸਕਲ ਹਕੀਕਤ ਕਥਤਿ ਸੁਨਾਈ ॥ ੧੧ ॥ 'ਮਹਾਰਾਜ ! ਸੁਨਿ ਮੇਰੀ ਬਾਤ। ਰਾਵਰਿ ਭਾਗ ਮਹਦ ਬੱਖ੍ਯਾਤ। ਬਹੁਤ ਬਾਰ ਪੂਰਬ ਪਤੀਆਯੋ। ਅਨਬਨ ਕਾਰਜ ਭੀ ਬਨਿ ਜਾਯੋ ॥ ੧੨॥ ਇਤ ਆਵਨਿ ਕੋ ਜਿਨਹੁਂ ਨ ਆਸ਼ੈ। ਕਿਮਹੁਂ ਨ ਮਾਨਹਿਂ, ਕਥੈ ਪ੍ਰਕਾਸ਼ੈ*। ਸੋ ਤੁਮ ਨਾਮ ਸੁਨਤਿ ਚਲਿਆਏ। ਦੀਨ ਦੁਨੀ ਜੋ ਹੋਤਿ

*ਕਿਸੇ ਤਰ੍ਹਾਂ ਕਹਿਆਂ ਬੀ ਕਿਵੇਂ ਨਹੀਂ ਸੀ ਮੰਨਦੇ।

ਸਹਾਏ॥੧੩॥ਨਹਿ ਆਵਨਿ ਕਹੁ ਕਾਰਨ ਭਾਰੀ। ਸੁਨਹ ਆਪ ਮੈਂ ਕਰਹੁ
ਉਚਾਰੀ ।-ਨਹਿ ਮਲੇਛ ਕੋ ਦਰਸ਼ਨ ਲੇਨਾ। ਨਿਕਟਿ ਜਾਇ ਅਪਨੋ
ਨਹਿ ਦੇਨਾ-॥੧੪॥ ਪ੍ਰਥਮ ਕੀਓ ਪ੍ਰਨ ਸ੍ਰੀ ਹਰਿਰਾਇ। ਦੇਹਿ ਅੰਤ ਲੌ ਸੋ
ਨਿਬਹਾਇ। ਗਾਦੀ ਬੈਠਿ ਇਨਹੁ ਪ੍ਰਨ ਕੀਨਾ। ਪਿਤ ਸਮ ਚਹੈਂ ਨਿਬਾਹ
ਪ੍ਰਬੀਨਾ॥੧੫॥ ਕਿਮਹੁੰ ਕਰਤਿ ਇਤ ਆਵਤਿ ਨਾਂਹੀ[1]। ਜਾਇ ਪਵੇਸ਼ਤਿ
ਜੰਗਲ ਮਾਂਹੀ॥ਮੈਂ ਭ੍ਰਮਰੀ ਇਸ਼ਿ ਤੇ ਕਹਿ ਪ੍ਰੇਮ:-ਕਰਿ ਦਰਸ਼ਨ ਚਾਹਤਿ
ਨਿਜ ਛੇਮ ॥ ੧੬ ॥ ਬਾਰਿ ਬਾਰਿ ਨ੍ਰਿਪ ਬੰਦਨ ਠਾਨੀ। ਪੁਰਹੁ ਪੈਜ ਮੈਂ
ਕਥਾ ਬਖਾਨੀ। ਸ਼ਾਹੁ ਨਿਕਟਿ ਸਭਿ ਮੈਂ ਕਰਿ ਆਯਹੁ[2]। ਦੀਨਬੰਧੁ ਤੁਮ
ਬਿਰਦ ਸਦਾਯਹੁ ॥੧੭॥ ਏਕ ਬਾਰ ਪੁਰਿ ਦਰਸ ਦਿਖਾਵਹੁ। ਪੁਨ ਇਤ
ਚਾਹ ਤਥਾ ਸੁਖ ਪਾਵਹੁ। ਮਿਲਨਿ ਸ਼ਾਹੁ ਸੋਂ ਰਾਵਰਿ ਮਰਜ਼ੀ। ਹਮ
ਨਹਿ ਕਹੈਂ ਬਹੁਰ ਕੁਛ ਅਰਜ਼ੀ-॥ ੧੮ ॥ ਇੱਤਯਾਦਿਕ ਬਹੁ ਕੀਨਸਿ
ਬਿਨਤੀ। ਸੁਨਤਿ ਪ੍ਰੇਮ ਤਜਿ ਦੀਨਸਿ ਗਿਨਤੀ॥ਦਾਸ ਸਮਾਨ ਜਾਨਿ ਕਰਿ
ਆਏ। ਜਿਨ ਢਿਗ ਨਿਤ ਪਹੁੰਚਹਿ ਸਮੁਦਾਏ[3] ॥ ੧੯ ॥ ਸੰਗਤਿ ਦੇਸ਼
ਬਿਦੇਸ਼ ਹਜ਼ਾਰਨਿ। ਕਰਹਿ ਪ੍ਰੇਮ ਆਨਹਿ ਉਪਹਾਰਨਿ। ਦਰਬ ਪਦਾਰਥ
ਕੇਰ ਅਬਾਰ। ਅਰਪਹਿ ਪਦ ਪੰਕਜ ਸਿਰ ਧਾਰਿ ॥ ੨੦॥ ਚਤੁਰ ਕੂਟ ਕੇ
ਸਗਰੇ ਦੇਸ਼ਾ।ਮਾਨਹਿ ਜਿਨ ਕੋ ਲਖਹਿ ਵਿਸ਼ੇਸ਼ਾ। ਸਭਿ ਕੀ ਕਰਹਿ ਕਾਮਨਾ
ਪੂਰੀ। ਬਾਲਿਕ ਮੂਰਤਿ ਮਾਧੁਰ ਰੂਰੀ ॥ ੨੧ ॥ ਕਹੌਂ ਕਹਾਂ ਲਗਿ ਗੁਨ
ਤਿਨ ਕੇਰੇ। ਸ਼ਬਦ ਸਿੰਧੁ ਲਘੁ ਗੁਨੀ ਬਡੇਰੇ[4]।ਬਡੇ ਭਾਗ ਰਾਵਰ ਕੇ ਭਏ।
ਆਇ ਜਿਸੀ ਤੇ ਦਰਸ਼ਨ ਦਏ ॥੨੨॥ ਰਹਹੁ ਸਦਾ ਆਇਸੁ ਅਨੁਸਾਰੀ।
ਬਿਪ੍ਰ ਹੋਹੁ ਨ, ਬਨਿ ਹਿਤਕਾਰੀ। ਭ੍ਰਾਤਾ ਰਾਮਰਾਇ ਸਮ ਤਾਲ[5]।ਸੋ ਅਗ-
ਮਤ ਕੇ ਸਿੰਧੁ ਬਿਸਾਲ[6]।੨੩॥ਲਖਿ ਪਰੈਤਿ[7] ਧੀਰਜ ਸਮ ਧਰਨੀ। ਮਹਾਂ
ਗੰਭੀਰ ਜਿਨਹੁੰ ਕੀ ਕਰਨੀ। ਭੋਰ ਹੋਤਿ ਅਗਵਾਊ ਚਲੀਏ। ਸਾਦਰ ਦੇ
ਉਪਹਾਰਨਿ ਮਿਲੀਏ॥੨੪॥ਰਹਹੁ ਨੰਮ੍ਰਿ ਬਾਂਛਤਿ ਚਿਤ ਲੀਜਹਿ। ਸਹਿਤ
ਪ੍ਰੇਮ ਬਹੁ ਸੇਵਾ ਕੀਜਹਿ'। ਇੱਤਯਾਦਿਕ ਸਭਿ ਕਥਾ ਸੁਨਾਈ। ਸੰਗਤਿ

---

[1]ਕਿਸੇ (ਜਤਨ ਦੇ) ਕੀਤਿਆਂ ਕਿਧਰੇ ਨਹੀਂ ਆਵਣਾ ਸੀ। [2]ਮੈਂ ਸਭ ( ਬਾਤ ) ਕਰ ਸਕਦਾ
ਹਾਂ। [3]ਭਾਵ, ਸਾਰੀ (ਸੰਗਤ)। [4](ਜੇ ਕਹਾਂ ਕਿ ਓਹ ਗੁਣਾਂ ਦੇ ਸਮੁੰਦਰ ਹਨ ਤਾਂ ਇਹ ) ਪਦ
('ਗੁਣਾਂ ਦੇ) ਸਮੁੰਦਰ' ਬੀ ਛੋਟਾ ਹੈ (ਓਹ) ਜਿਸ ਤੋਂ ਬੀ ਵਡੇ ਗੁਣੀ ਹਨ। [5]ਸਰੋਵਰ ਤੁੱਲ ਹੈ।
[6]ਅਸਗਾਹ ਸਮੁੰਦਰ। [7]ਜਾਣਿਆਂ ਪੈਂਦਾ ਹੈ ਕਿ।

ਮਿਲੀ ਜਥਾ[1] ਮਗ ਆਈ ॥੨੫॥ ਸੁਨਿ ਸਨਿ ਰਾਜਾ ਹਰਖਤਿ ਭਇਊ। ਬੰਦਹਿ ਮਨ ਕਰਿ ਸ਼ਰਧਾ ਲਇਊ।ਖਿਰਯੋ ਕਮਲ ਸਮ ਬਦਨ ਬਿਸਾਲਾ। ਕਰਯੋ ਸਮਾਜਤਯਾਰ ਤਤਕਾਲਾ॥੨੬॥ਭਈ ਪ੍ਰੀਤਿ ਚਢਿ ਚਲਯੋ ਅਗਾਊ। ਗੁਰੂ ਸਰੂਪ ਪਿਖਨਿ ਕਉ ਚਾਊ। ਅਧਿਕ ਸੈਨ ਚਢਿ ਚਲੀ ਪਿਛਾਰੀ। ਮਿਲਯੋ ਜਾਇ ਦ੍ਵੈ ਕੋਸ ਅਗਾਰੀ ॥ ੨੭ ॥ ਨਗਨ ਚਰਨ ਕਰਿ ਤਜਿ ਅਸਵਾਰੀ। ਨੰਮ੍ਰਿ ਹੋਇ ਕਰਿ ਬੰਦਨ ਧਾਰੀ। ਸ੍ਰੀ ਗੁਰ ਸ਼ਿਵਕਾ ਤਬਹਿ ਥੰਭਾਈ।ਬੂਝੀ ਸਕਲ ਕੁਸ਼ਲ ਨ੍ਰਿਪ ਤਾਂਈ॥੨੮॥ਹਾਥ ਜੋਰਿ ਨ੍ਰਿਪ ਸਕਲ ਉਚਾਰੀ। ਗੁਰ ਆਇਸੁ ਤੇ ਚਢਿ ਅਸਵਾਰੀ। ਸਨੇ ਸਨੇ ਗਮਨਤਿ ਪੁਰਿ ਓਰਾ। ਪਿਖਤਿ ਪਰਸਪਰ ਪ੍ਰੇਮ ਨ ਥੋਰਾ ॥ ੨੯ ॥ ਪੁਨ ਮੰਦ ਲੇ ਸੰਗਤਿ ਸਾਰੀ। ਮਿਲੇ ਆਇ ਦੇ ਦੇ ਉਪਹਾਰੀ। ਸਭਿਹਿਨਿ ਕਹੁ ਸਮੋਧ[2] ਕਰਿ ਨੀਕੇ।ਬੀਚ ਪ੍ਰਵੇਸ਼ੇ ਪੁਰਿ ਦਿੱਲੀ ਕੇ॥੩੦॥ਜੈਸਿੰਘਪੁਰਾ* ਹੁਤੋ ਜਿਸ ਥਾਨ। ਜੈਸਿੰਘ ਲੈ ਤਹਿਂ ਕੀਨਿ ਪਯਾਨ। ਜਿਸ ਜਿਸ ਬੀਥੀ ਜਾਤਿ ਚਲੇ ਹੈਂ। ਤਿਸ ਤਿਸ ਮਹਿਂ ਨਰ ਹੋਤਿ ਖਲੇ ਹੈਂ ॥ ੩੧ ॥ ਕਰ ਜੋਰਹਿ ਅਰੁ ਬੰਦਨ ਠਾਨਹਿ।ਦੇਖਿ ਪਰਸਪਰ ਸੁਜਸੁ ਬਖਾਨਹਿ।'ਜੋ ਸ੍ਰੀ ਰਾਮਰਾਇ ਪ੍ਰਥਮਾਏ[3]। ਤਿਨ ਕੇ ਭ੍ਰਾਤਾ ਏ ਅਬਿ ਆਏ ॥ ੩੨ ॥ ਗੁਰ ਗਾਦੀ ਪਰ ਇਸਥਿਤ ਏਹੀ। ਅਜ਼ਮਤ ਧਰਿ ਸ੍ਰੀ ਨਾਨਕ ਜੇਹੀ। ਬਾਲ ਆਰਬਲ ਬੁੱਧਿ ਗੰਭੀਰ। ਧੀਰਨ ਧੀਰ ਸੁ ਪੀਰਨਿ ਪੀਰ' ॥ ੩੩ ॥ ਗਰੀ ਬਜ਼ਾਰਨਿ ਮਹਿ ਚਲਿ† ਜਾਤੇ।ਅਨਿਕ ਭਾਂਤਿ ਨਰ ਬੋਲਤਿ ਜਾਤੇ। ਬਡੀ ਭੀਰ ਜੁਤਿ ਚਮਰ ਢੁਰਾਵਤਿ। ਮੰਦਮੰਦ ਸਿਵਕਾ ਗਮਨਾਵਤਿ ॥੩੪॥ ਗਮਨਤਿ ਜਬਿ ਡੇਰਾ ਨਿਕਟਾਯਹੁ।ਜੈ ਸਿੰਘ ਭੂਪ ਉਤਰਿ ਕਰਿ ਆਯਹੁ।ਹਾਥ ਜੋਰਿ ਕਰਿ ਗੁਰੂ

[1]ਜਿਵੇਂ ਰਾਹ ਵਿਚ ਆਈ ਸੰਗਤ ਮਿਲੀ ਸੀ। [2]ਉਪਦੇਸ਼। [3]ਪਹਿਲੋਂ ਆਏ ਸੇ।

*ਜਿੱਥੇ ਹੁਣ ਗੁਰਦੁਆਰਾ ਬੰਗਲਾ ਸਾਹਿਬ ਹੈ, ਏਥੇ ਰਾਜਾ ਜੈ ਸਿੰਘ ਦਾ ਬਾਗ ਸੀ, ਵਿਚ ਬੰਗਲਾ ਸੀ। ਉਸ ਨੇ ਸਭ ਤੋਂ ਚੰਗਾ ਥਾਂ ਜਾਣਕੇ ਅੱਠਵੇਂ ਗੁਰੂ ਜੀ ਨੂੰ ਉਤਾਰਾ ਉਥੇ ਦਿਤਾ ਸੀ। ਬਾਗ ਹੁਣ ਨਹੀਂ ਹੈ, ਗੁਰਦੁਆਰਾ ਕਾਇਮ ਹੈ। ਇਹ ਟਿਕਾਣਾ ਨਵੀਂ ਦਿੱਲੀ ਵਿਚ ਆ ਗਿਆ ਹੈ। ਰਾਜਾ ਜੈ ਸਿੰਘ ਦੇ ਸਮੇਂ ਇਸ ਦੇ ਨੇੜੇ ਉਸ ਦਾ ਡੇਰਾ ਹੁੰਦਾ ਸੀ ਤੇ ਬਾਜ਼ਾਰ ਤੇ ਬਸਤੀ ਸੀ, ਜਿਸ ਨੂੰ ਜੈ ਸਿੰਘ ਪੁਰਾ ਆਖਦੇ ਸਨ। ਹੁਣ ਇਹ ਬਸਤੀ ਵਿਸਰਜਨ ਕਰ ਦਿਤੀ ਗਈ ਹੈ। ਜੈ ਸਿੰਘ ਦੇ ਨਾਮ ਤੇ 'ਜੈ ਸਿੰਘ ਰੋਡ' ਇਕ ਸੜਕ ਨੂੰ ਨਾਮ ਦੇ ਦਿਤਾ ਗਿਆ ਹੈ। ਜੰਤ੍ਰ ਮੰਤ੍ਰ ਤੋਂ ਬੰਗਲਾ ਸਾਹਿਬ ਤਕ ਇਹ ਬਸਤੀ ਹੁੰਦੀ ਸੀ। ਕਲਰਕਾਂ ਦੇ ਕੁਝ ਕੁਆਰਟਰ ਇਸੇ ਬਸਤੀ ਦੀ ਥਾਂਏਂ ਬਣੇ ਹਨ।

†ਪਾਠ—ਚਲਤ।

ਉਤਾਰੇ । ਚਲਯੋ ਸੰਗ ਲੇ ਸਦਨ ਮਝਾਰੇ ॥ ੩੫ ॥ ਮੰਦਰ ਸੁਖਦ ਖਸ਼ਟ ਰਿਤੁ ਮਹੀਆ । ਚਾਰ ਪ੍ਰਯੰਕ ਡਸਾਯੋ ਤਹੀਆ । ਆਸਤਰਨ ਬਡ ਬਿਸਦ ਬਿਛਾਵਾ । ਰੁਚਿਰ ਚੰਦੋਵਾ ਬੰਧਿ ਤਨਾਵਾ ॥ ੩੬ ॥ ਸਾਦਰ ਤਹਾਂ ਜਾਇ ਬੈਠਾਰੇ । ਨਿਕਟਿ ਸਖਿਤ ਭਾ ਬੰਦਨ ਧਾਰੇ । ਹਰਖ ਕਰਨਿ ਕਹੁ ਆਪਸ ਮਾਂਹਿ । ਰੁਚਿਰ ਬਾਰਤਾਲਾਪ ਕਰਾਹਿਂ ॥ ੩੭ ॥ ਸਭਿ ਸੰਗਤਿ ਕੋ ਕਹ੍ਯੋ ਮਸੰਦ । ਜੋ ਦਰਸ਼ਨ ਹਿਤ ਇਕਠੀ ਬ੍ਰਿੰਦ । 'ਸਫਲ ਬਿਲੋਚਨ ਕਰਿ ਹਹੁ ਕਾਲੀ[1] । ਇਮ ਮਰਜ਼ੀ ਸਤਿਗੁਰੂ ਬਿਸਾਲੀ' ॥ ੩੮ ॥ ਸੁਨਿ ਆਇਸੁ ਪੁਰਿ ਕੇ ਸਿਖ ਜੇਈ । ਕਰਿ ਕੈ ਬੰਦਨ ਤਹਿਂ ਤੇ ਤੇਈ । ਆਪ ਆਪਨੇ ਸਦਨ ਸਿਧਾਰੇ । 'ਦਰਸ਼ਨ ਕਰਿ ਹੈਂ ਫੇਰ ਸਕਾਰੇ' ॥ ੩੯ ॥

ਇਤਿ ਸ੍ਰੀ ਗੁਰਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਹਰਿਕ੍ਰਿਸ਼ਨ ਪੁਰਿ ਪ੍ਰਵਿਸ਼ਨ' ਪ੍ਰਸੰਗ ਬਰਨਨੰ ਨਾਮ ਨਵ ਤ੍ਰਿੰਸਤੀ ਅੰਸੂ ॥ ੩੯ ॥

## ੪੦. [ਦਿੱਲੀ ਵਿਖੇ ਨਿਵਾਸ] ।

ਦੋਹਰਾ ॥ ਇਸ ਪ੍ਰਕਾਰ ਸ਼੍ਰੀ ਸਤਿਗੁਰੂ ਪੁਰੀ ਪ੍ਰਵੇਸ਼ੇ ਜਾਇ। ਸਰਬ ਭਾਂਤਿ ਕੀ ਸੇਵ ਕਰਿ ਹਰਖ੍ਯੋ ਜੈ ਸਿੰਘ ਰਾਇ ॥ ੧ ॥ ਚੌਪਈ ॥ ਖਾਨ ਪਾਨ ਕਰਿ ਬਿਬਿਧ ਪ੍ਰਕਾਰੇ । ਕਰੀ ਜਾਮਨੀ ਸੈਨ ਸੁਖਾਰੇ । ਉਠਤਿ ਭਏ ਪੁਨ ਬਡ਼ੀ ਸਕਾਰੇ[2]।ਸਕਲਸੌਚ ਜੁਤਿ ਮੱਜਤਿਬਾਰੇ॥੨॥ਜੈਪੁਰ ਨਾਥ ਸੁ ਪੇਸ਼ਿਸ਼ ਪਾਏ। ਚਹਿਤਿ ਸ਼ਾਹੁ ਢਿਗ ਖ਼ਬਰ ਬਤਾਏ । ਪ੍ਰਥਮ ਆਇ ਸ਼੍ਰੀ ਗੁਰੂ ਸਮੀਪ । ਪਦ ਪਰ ਬੰਦਨ ਕੀਨਿ ਮਹੀਪ॥੩॥ 'ਸ਼ਾਹੁ ਨਿਕਟਿ ਮੈਂ ਚਾਹਤਿ ਜਾਯੋ । ਨਮੋ ਹੇਤੁ ਰਾਵਰ ਕੇ ਆਯੋ । ਸਹਿਤ ਪ੍ਰਸੰਸਾ ਸੁਧਿ ਕਹਿ ਦੈਹੌਂ । ਨੰਮ੍ਰੀ-ਭੂਤ ਭਲੇ ਤਿਸ ਕੈਹੌਂ' ॥੪॥ਸੁਨਿ ਸਤਿਗੁਰ ਤਿਸ ਕਹ੍ਯੋ ਬੁਝਾਈ।'ਹਮਰੋ ਮੇਲ ਨ ਬਨਹਿ ਕਦਾਈ । ਇਮ ਕਹਿਬੋ ਸੁਨਿਬੋ ਤੁਮ ਕਰਨਾ।ਤੁਰਕੇਸ਼ੁਰ ਸੰਗ ਬਨਹਿ ਨ ਅਰਨਾ[3] । ੫ ॥ ਤੋਰਿ ਪ੍ਰੀਤਿ ਕਰਿ ਹਮ ਚਲਿ ਆਏ । -[4]ਕਰਨੋ ਪ੍ਰਨ ਕੋ-ਦੂਤ ਸੁਨਾਏ।-ਸ਼ਾਹੁਸਮੀਪ ਰਾਖਿਯੋ ਪਤਿ ਕੋ । ਚਲਿ ਇਕ ਬਾਰ ਕੀਜੀਏ ਹਿਤ ਕੋ[4]-॥੬॥ਇੱਤਯਾਦਿਕ ਸੁਨਿ ਕੈ ਤਵ ਆਸ਼ੇ। ਮਿਲੇ ਆਇ ਇਕ ਪ੍ਰੇਮ ਪ੍ਰਿਯਾਸੈ[5] । ਨਾਂਹਿ ਤ ਕਿਮਹੂੰ ਨ ਆਵਨ ਹੋਇ। ਕਰਿਓ ਪ੍ਰਨ ਹਮ ਪੂਰਹਿਂ ਸੋਇ ॥ ੭ ॥ ਤੁਰਕ ਦਰਸ ਲੈਨੋ ਨਹਿਂ ਦੇਨਾ। ਇਹ ਦ੍ਰਿੜ੍ਹ ਜਾਨਹੁ ਕਬਹੂੰ ਚਲੈ ਨਾ।ਨਿਜ ਨਿਸ਼ਚੈ ਹਮ ਨੇ ਕਹਿ ਦੀਨਸਿ

[1]ਕਲ ਨੂੰ । [2]ਵਡੀ ਸਵੇਰੇ । [3]ਵਾਹ ਪੈਣਾ। [4](ਤੇਰੀ ਵਲੋਂ)ਦੂਤ ਨੇ(ਸਾਨੂੰ)ਸੁਣਾਇਆ ਸੀ,ਕਿ ਪ੍ਰਣ (ਆਪਣਾ ਪੂਰਾ) ਕਰਨਾ, (ਪਰ) ਇਕ ਵਾਰ ਪਾਤਸ਼ਾਹ ਕੋਲ ਪਤ ਰਖਾ ਦਿਓ, ਤੇ ਹਿਤ ਕਰਕੇ ਚਲ ਚਲੋ । [5]ਪ੍ਰੇਮੀ ਦੀ ਆਸ਼ਾ ਕਰਕੇ ।

। ਤੂੰ ਬੁਧਿਵਾਨ ਲੇਹੁ ਮਨਿ ਚੀਨਸਿ' ॥ ੮ ॥ ਇਮ ਦ੍ਰਿੜ੍ਹ ਮਤਿ ਸੁਨਿ ਕੈ ਗੁਰ ਕੇਰਾ । ਸੋਚਤਿ ਜੈਸਿੰਘ ਰਾਵ ਘਨੇਰਾ । ਮਸਤਕ ਟੇਕਿ ਸ਼ਾਹੁ ਢਿਗ ਗਯੋ । ਸਭਾ ਮਝਾਰ ਪ੍ਰਵੇਸ਼ਤਿ ਭਯੋ॥੯॥ਕਰ ਜੋਰਤਿ ਕਹਿ ਬਾਕ ਸੁਨਾਯੋ। 'ਮੋ ਸੰਗ ਰਾਵਰ ਨੇ ਫੁਰਮਾਯੋ । ਸ੍ਰੀ ਹਰਿਕ੍ਰਿਸ਼ਨ ਪੁਰੀ ਮਹਿੰ ਲ੍ਯਾਵਹੁ । ਸਭਿ ਸੰਗਤਿ ਕਉ ਦਰਸ ਕਰਾਵਹੁ ॥ ੧੦ ॥ ਕਰਾਮਾਤ ਕੇ ਧਨੀ ਬਡੇਰੇ । ਉਤਰੇ ਆਇ ਸਦਨ ਮਹਿੰ ਮੇਰੇ।ਆਗੇ ਮਰਜ਼ੀ ਤੁਹ ਦਿਸ਼ਿ ਜੈਸੀ। ਕਰਿਬੇ ਬਿਖੇ ਆਇ ਹੈ ਤੈਸੀ ॥ ੧੧ ॥ ਸਭਾ ਬਿਖੇ ਮੈਂ ਜਿਸ ਬਿਧਿ ਕਹਯੋ। ਤਿਮ ਪੂਰਨ ਭਾ ਆਨੰਦ ਲਹਯੋ'।ਸੁਨਤਿ ਸ਼ਾਹੁ ਨੇ ਇਕ ਉਮਰਾਵ।ਦੇ ਕੁਛ ਦਰਬ ਪਠਯੋ ਤਿਸ ਥਾਂਵ ॥੧੨॥ 'ਜ਼ਾਫਤ ਦੇਹੁ ਬੰਦਗੀ ਕਰਿਕੈ । ਬਹੁਰੋ ਬੂਝਯੋ ਬਿਨੈ ਉਚਰਿਕੈ । ਦਰਸ਼ਨ ਪਰਸਨਿ ਕਰਿਬੋ ਕਬੈ। ਮਿਲਨਿ ਹੋਹਿ ਤੁਮ ਭਾਖਹੁ ਜਬੈ' ॥ ੧੩ ॥ ਇਮ ਸੁਨਿ ਸਤਿਗੁਰ ਕੇ ਢਿਗ ਗਯੋ।ਅੰਤਰ ਸੁਧਿ ਪਹੁੰਚਾਵਤਿ ਭਯੋ।'ਪਠਯੋ ਸ਼ਾਹੁ ਨੇ ਅਪਨਿ ਮੁਸਾਹਬ । ਆਯੋ ਚਹਤਿ ਨਿਕਟਿ ਗੁਰ ਸਾਹਿਬ' ॥੧੪॥ ਸ੍ਰੀ ਹਰਿਕ੍ਰਿਸ਼ਨ ਸੁਨਯੋ ਜਬਿ ਆਵਾ।ਆਗੈ ਅਪਨਿ ਕਨਾਤ ਤਨਾਵਾ। ਸੁਭਟਨਿ ਗਨ ਦੀਵਾਨ ਲਗਾਯੋ । ਦਹਿਰ ਕਨਾਤ ਸੁ ਦਿਯੋ ਬਿਠਾਯੋ ॥ ੧੫ ॥ ਮਹਾਂ ਮਸੰਦ ਮੇਵਰੇ ਖਰੇ। ਸੰਗਤਿ ਕੀ ਅਰਦਾਸਨਿ ਕਰੇ।ਦਿੱਲੀ ਪੁਰਿ ਕੇ ਸਿਖ ਸਭਿ ਆਵੈਂ।ਭਾਂਤਿ ਭਾਂਤਿ ਭੇਟਨਿ ਅਰਪਾਵੈਂ ॥ ੧੬ ॥ ਪਢਹਿੰ ਰਬਾਬੀ ਸ਼ਬਦ ਸ-ਰਾਗਾ । ਸੁਨਹਿੰ ਪ੍ਰੇਮ ਤੇ ਜਿਨ ਬਡਭਾਗਾ । ਚਵਰਦਾਰ ਲੇ ਚਵਰ ਢੁਰਾਵਤਿ । ਸਿਖ ਦਰਸਹਿੰ ਮਨ ਮੋਦ ਉਪਾਵਤਿ॥੧੭॥ਤਿਹ ਛਿਨ ਅੰਤਰ ਆਨਿ ਪ੍ਰਵੇਸ਼ਾ।ਪਠਯੋ ਮੁਸਾਹਿਬ ਜੋ ਤੁਰਕੇਸ਼ਾ। ਸੁਭਤ ਸਭਾ ਮਹਿੰ ਕਹਿ ਬੈਠਾਰਾ । ਮਸਤਕ ਟੇਕਨਿ ਮੁਖਹੁੰ ਉਚਾਰਾ ॥ ੧੮ ॥ ਅਪਨਿ ਸ਼ਾਹੁ ਕੀ ਅਰਜ਼ ਗੁਜ਼ਾਰੀ । ਦਰਬ ਪ੍ਰਚਾਯਹੁ ਧਰਯੋ ਅਗਾਰੀ । 'ਇਹ ਜ਼ਾਫਤ ਹਿਤ ਤੁਮ ਕਉ ਦੀਨਾ । ਅਰ ਚਾਹਤਿ ਹੈ ਦਰਸ਼ਨ ਲੀਨਾ ॥ ੧੯ ॥ ਜਿਮ ਰਾਵਰ ਕੀ ਹੋਇ ਰਜ਼ਾਇ । ਤਯੋਂ ਮੈ ਕਹੌਂ ਸ਼ਾਹੁ ਸੰਗ ਜਾਇ' । ਥਿਤ ਕਨਾਤ ਕੇ ਅੰਤਰ ਅਹੇ । ਸ੍ਰੀ ਹਰਿਕ੍ਰਿਸ਼ਨ ਬਾਕ ਸੁਨਿ ਕਹੇ ॥ ੨੦ ॥ 'ਬਡੋ ਭ੍ਰਾਤ ਹਮਰੋ ਸਭਿ ਲਾਇਕ। ਜਿਮ ਚਾਹਤਿ ਤਿਮ ਅਜ਼ਮਤ ਦਾਇਕ।ਸੋ ਨਿਤ ਪਹੁੰਚਤਿ ਹੈ ਢਿਗ ਸ਼ਾਹੂ। ਜਿਮ ਬੂਝਤਿ ਉੱਤਰ ਦੇ ਪਾਹੂ ॥ ੨੧ ॥ ਸਤਿਗੁਰ ਪੂਰਨ ਪਿਤਾ ਹਮਾਰੇ। ਤਿਨ ਕੇ ਬਰਤਹਿੰ ਹੁਕਮ ਬਿਚਾਰੇ । ਸ੍ਰੀ ਮੁਖ ਤੇ ਇਮ ਕੀਨਿ ਉਚਾਰਨ।

ਭਲੇ ਹੋਨਿ ਹਿਤ ਸੀਖ ਸਿਖਾਰਨ[1] ॥ ੨੨ ॥[2]–ਬਡੋ ਭ੍ਰਾਤ ਮਤਿਵੰਤ ਤੁਮਾਰਾ। ਗਯੋ ਪੁਰੀ ਮਹਿਂ ਸ਼ਾਹੁ ਹਕਾਰਾ। ਲਾਯਕ ਕੋ ਲਖਿ ਤਿਸਹਿ ਪਠਾਯੋ। ਕਰਾਮਾਤ ਮਹਿਂ ਅਧਿਕ ਬਨਾਯੋ ॥ ੨੩ ॥ ਜਥਾ ਸ਼ਾਹੁ ਚਾਹੈ ਤੀ ਹੇਰਾ। ਸੋ ਦਿਖਾਇ ਹੈ ਸੁਘਰ ਬਡੇਰਾ। ਤੁਮ ਨੇ ਤਹਿਂ ਪਹੁੰਚਨਿ ਕੀ ਚਾਹੂ। ਨਹਿਂ ਕਰਨੀ ਅਪਨੇ ਮਨ ਮਾਂਹੂ ॥ ੨੪ ॥ ਕਿਸੀ ਹੇਤੁ ਕਰਿ ਦਿੱਲੀ ਜਾਵਹੁ। ਸਿਖ ਸੰਗਤਿ ਕੋ ਦਰਸ ਦਿਖਾਵਹੁ। ਤਉ ਸ਼ਾਹੁ ਸੰਗ ਮੇਲ ਜੁ ਕਰਨਾ। ਇਹ ਨ ਮਨੋਰਥ ਕਰਹੁ ਅਚਰਨਾ ॥੨੫॥ ਏਕ ਸਬਲ ਹੋਵਹਿ ਜੁਗ ਭ੍ਰਾਤ। ਮਤਸਰ ਉਪਜਹਿ ਉਰ ਬੱਖ੍ਯਾਤ। ਅਪਰ ਸਖਾ ਨਹਿਂ ਭ੍ਰਾਤ ਸਮਾਨ। ਜੇ ਕਰਿ ਹਿਰਦੇ ਪ੍ਰੇਮ ਮਹਾਨ ॥ ੨੬ ॥ ਭਾਇ ਪਨੋ ਮਹਿਂ ਮੁਖਤਾ ਅਹੈ।ਰਾਮ ਲਖਨ ਆਦਿਕ ਜਬਿ ਕਹੈ।ਸਹਤਿ ਪ੍ਰੇਮ ਕੇ ਜਹਿਂ ਜੁਗ ਭਾਈ। ਦੁਲਭ ਬਾਤ ਸੋ ਭੀ ਬਨਿ ਜਾਈ ॥੨੭॥ ਦੁਤੀਏ ਸੁਨਹੁ ਭ੍ਰਾਤ ਸਮ ਬੈਰੀ। ਅਪਰ ਨਹੀਂ ਖੋਟੇ ਸਿਰ ਪੈਰੀ। ਦਸਮੁਖ[3] ਭ੍ਰਾਤ ਬਭੀਖਨ ਭਯੋ। ਬਾਲੀ ਅਰ ਸੁੱਗ੍ਰੀਵ ਜੁ ਬਿਧੋ ॥ ੨੯ ॥ ਦਾਰਸ਼ਕੋਹ ਸ਼ਾਹੁ ਕੋ ਭ੍ਰਾਤਾ।ਬੁਰਿਆਈ ਇਨ ਕੀਨਿ ਬੱਖ੍ਯਾਤਾ[4]।ਇੱਤ੍ਯਾਦਿਕ ਜਗ ਭਏ ਅਨੇਕ।ਗਿਨਹਿ ਸਭਿਨਿ, ਕੋ ਕਰਹਿ ਬਿਬੇਕ ॥ ੨੯ ॥ ਜੋ ਨਹਿਂ ਮਰਤਿ ਕਿਸੂ ਕੇ ਮਾਰੇ। ਸੋ ਭ੍ਰਾਤਾਨ ਛਲ ਕਰਿ ਸੰਘਾਰੇ–। ਇਮ ਲਖਿ ਕਰਿ ਉਰ ਪਿਤਾ ਹਮਾਰੇ। ਮਿਲਨਿ ਸ਼ਾਹੁ ਸੋਂ ਕਹਿ ਹਟਕਾਰੇ ॥ ੩੦ ॥ ਇਤੀ ਸ਼ਕਤਿ ਹਮ ਧਰਹਿਂ ਨ ਕੈਸੇ। ਪਿਤਾ ਬਾਕ ਤਜਿ ਬਰਤਹਿਂ ਜੈਸੇ। ਕਹਨੋ ਗੁਰਨਿ ਕੋ ਦ੍ਰਿਢ ਬਚ ਮਾਨਾ। ਜਿਮ ਸੁਮੇਰ ਨਾਹਿਂ ਕਬਹੁਂ ਪਧਾਨਾ ॥ ੩੧ ॥ ਪ੍ਰਾਨ ਜਾਨਿ ਲੌ ਬਚ ਮਾਹਿਂ ਰਹਿ ਹੌਂ। ਨਹੀਂ ਚਲਾਇਮਾਨਤਾ ਲਹਿਹੌਂ। ਇਹ ਆਸ਼ੈ ਹਮਰੇ ਉਰ ਕੇਰਾ। ਕਹਹੁ ਸ਼ਾਹੁ ਸੋਂ ਇਮਹੁ ਬਡੇਰਾ ॥ ੩੨ ॥ ਇਹ ਸਭਿ ਬਾਤ ਦੇਹੁ ਸਮੁਝਾਈ।–ਪਿਤ ਆਇਸੁ ਮਹਿਂ ਚਲਹਿਂ ਸਦਾਈ–'। ਸੁਨਿ ਉਮਰਾਉ ਬਾਕ ਗੰਭੀਰ। 'ਬੈਸ ਅਲਪ ਮਹਿਂ ਬੁਧਿ ਬਰਬੀਰ ॥੩੩॥ ਦੀਰਘ ਦਰਸ਼ੀ ਮਹਦ ਮਹਾਨੇ। ਕਰਾਮਾਤ ਸਾਹਿਬ ਪਹਿਚਾਨੇ। ਨਾਹਿ ਤ ਪਾਤਿਸ਼ਾਹ ਕੋ ਸੰਗ। ਕੋ ਨਹਿਂ ਚਾਹਤਿ ਸਹਿਤ ਉਮੰਗ ॥ ੩੪ ॥ ਜਿਸੁ ਢਿਗ ਜੈਬੋ

---

[1]ਸਾਡੇ ਭਲੇ ਦੀ ਸਿੱਖਿਆ ਸਿਖਾਉਣ ਹਿਤ ਉਚਾਰਨ ਕੀਤਾ। [2]ਗੁਰੂ ਹਰਿਕ੍ਰਿਸ਼ਨ ਜੀ ਹੁਣ ਆਪਣੇ ਪਿਤਾ ਜੀ ਦੇ ਵਾਕ ਕਹਿਣ ਲੱਗੇ ਹਨ:–। [3]ਰਾਵਣ। [4]ਇਸ ਸ਼ਾਹ ਨੇ ਪ੍ਰਗਟ ਉਸ ਨਾਲ ਬੁਰਿਆਈ ਕੀਤੀ ਹੈ।

ਮਹਦ ਬਡਾਈ । ਤਿਸ ਕਰਿਬੇ ਕਉ ਨਹਿੰ ਲਲਚਾਈ । ਆਜ ਜਗਤ ਮਹਿੰ ਕੋਇ ਨ ਐਸੇ । ਹਿਤ ਕਰਿ ਸ਼ਾਹੁ ਹਕਾਰਹਿ ਕੈਸੇ॥੩੫॥ਨਹਿੰ ਮਾਨੈ ਧੀਰਜ ਧਰਿ ਰਹੇ । ਇਨ ਕੇ ਸਮ ਏਹੀ ਇਕ ਅਹੈਂ । ਹਿੰਦੂ ਤੁਰਕ ਪੀਰ ਗੁਰ ਹੋਈ । ਕਹੈ ਸ਼ਾਹੁ, ਨਹਿੰ ਅਟਕਹਿ ਕੋਈ' ॥ ੩੬ ॥ ਕਰਿ ਤਰੀਫ ਉਮਰਾਉ ਬਡੇਰੀ । ਹਾਥ ਜੋਰਿ ਬੰਦੇ ਤਿਸ ਬੇਰੀ॥ਬਿਸਮਧ ਹੋਇ ਗਮਨਿ ਕੇ ਠਾਨਾ । ਰਿਦੇ ਬਡਾਈ ਗੁਨਤਿ ਮਹਾਨਾ ॥ ੩੭ ॥ ਜਾਇ ਸ਼ਾਹੁ ਸੰਗ ਕੀਨਿ ਸਲਾਮ । ਕਹੀ ਹਕੀਕਤ ਗਾ ਜਿਸ ਕਾਮ। 'ਕਰੀ ਆਪ ਪਰ ਖੁਸ਼ੀ ਘਨੇਰੀ । ਭਨੀ ਪ੍ਰਤਿਗਜਾ ਅਪਨਿ ਬਡੇਰੀ ॥ ੩੮ ॥ ਪਿਤ ਆਇਸੁ ਹਮਰੇ ਗਿਰ ਜੈਸੀ । ਚਲੈ ਨ ਬਿਘਨ ਬਾਯੁ ਬਹਿ ਕੈਸੀ' । ਇੱਤਯਾਦਿਕ ਸਭਿ ਬਾਤ ਸੁਨਾਈ । ਜਿਮ ਭ੍ਰਾਤਨਿ ਕੀ ਹੋਤਿ ਸਦਾਈ ॥ ੩੯ ॥ ਸੁਨਿ ਨੌਰੰਗ ਸਮੁਝਨੇ ਮਨ ਮਾਂਹੀ ।–ਇਹ ਗੰਭੀਰਤਾ ਅਤਿ ਲਖਿ ਪਾਹੀ॥ਬਡੇ ਭ੍ਰਾਤ ਕੌ ਆਸ਼ੇ ਕਹਾਂ । ਕਹਿ ਬੁਲਵਾਇ ਮਤਸਰੀ ਮਹਾਂ ॥੪੦॥ ਤਉ ਛਿਮਾਂ ਜੁਤਿ ਇਨ ਕੀ ਬਾਨੀ । ਨਹੀਂ ਦ੍ਵੈਸ਼ ਕੀ ਬਿਧਿ ਕਿਮ ਠਾਨੀ । ਅਰ ਗਾਦੀ ਪਰ ਬੈਠਨੋ ਜੋਈ । ਅਜ਼ਮਤ ਬਿਖੇ ਅਧਿਕਤਾ ਹੋਈ ॥ ੪੧ ॥ ਤਿਨ ਕੀ ਰੁਚਿ ਕੋ ਬਿਨਾ ਬੁਲਾਵਨਿ । ਮੁਝ ਕੋ ਨੀਕ ਨ ਕਰਬਿ ਅਵਾਹਨ–। ਇਮ ਸਮੁ-ਝਨੋ ਨੌਰੰਗ ਮਤਿ ਕਰਿ ਕੈ । ਹੋਯੋ ਤੂਸ਼ਨਿ ਰਿਦੇ ਬਿਚਰਿ ਕੈ ॥ ੪੨ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਹਰਿਕ੍ਰਿਸ਼ਨ' ਪ੍ਰਸੰਗ ਬਰਨਨੰ ਨਾਮ ਚਤਵਾਰਿੰਸਤੀ ਅੰਸੂ ॥ ੪੦ ॥

### ੪੧. [ਗੁਰੂ ਜੀ ਦੀ ਮਹਿਮਾਂ ਸੁਣਕੇ ਰਾਮਰਾਇ ਦੀ ਈਰਖਾ । ਸ੍ਰਾਪ]।

ਦੋਹਰਾ ॥ ਦਿੱਲੀ ਪੁਰਿ ਕੀ ਸੰਗਤਾਂ ਆਇ ਉਪਾਇਨ ਲਯਾਇ । ਦਰਸ਼ਨ ਪਰਸੈਂ ਗੁਰੂ ਕੋ ਚਹੈਂ ਕਾਮਨਾ ਪਾਇ ॥ ੧॥ ਚੌਪਈ ॥ ਤਨ ਕੇ ਰੋਗੀ ਤਪ, ਦ੍ਰਿਗ, ਖਾਂਸਾ । ਮਹਿਮਾ ਸੁਨਤਿ ਜਾਹਿੰ ਗੁਰ ਪਾਸਾ । ਧਰਹਿੰ ਰਿਦੇ ਸ਼ਰਧਾ ਸੁਖਰਾਸੀ । ਦਰਸਤਿ ਰੁਜ ਗਨ ਤੁਰਤ ਬਿਨਾਸੀ ॥ ੨ ॥ ਗੁਰ ਸਿੱਖਗਨ ਕੇ ਜਬਿ ਦੁਖ ਗਏ । ਅਪਰ ਸਮੀਪ ਤਿਨਹੁ ਸੁਨਿ ਲਏ । ਰੁਜ ਪੀੜਤਿ ਤਨ ਸੰਕਟ ਪਾਏ । ਸੁਨਤਿ ਸੁਜਸੁ ਗੁਰ ਸ਼ਰਨ ਸਿਧਾਏ॥ ੩ ॥ ਦ੍ਰਿਗ ਤੇ ਦਿਖਹਿੰ ਨ ਦਰਸ਼ਨ ਜਾਵਦ । ਆਨਕ ਰੀਤਿ ਰੁਜ ਪੀੜਹਿ ਤਾਵਦ । ਚਾਰੁ ਮੁਖਾਰਬਿੰਦ ਜਬਿ ਦਰਸੈਂ । ਤਾਤਕਾਲ ਹੁਇ ਆਵਤਿ ਹਰਸ਼ੈ[1] ॥੪॥ ਪੁਰਿ ਮਹਿਂ ਘਰ ਘਰ ਕੀਰਤ ਫੂਲੀ । ਮਨਹੁੰ ਮਾਲਤੀ ਬਿਗਸਤਿ ਫੂਲੀ ।

---

[1]ਆਨੰਦ, ਸੁਖ ।

ਸੁਨਿ ਸੁਕ੍ਸ਼ਿ ਪਹੁੰਚਤਿ ਹੈਂ ਰੁਜਵਾਰੇ[1]। ਭਰੀ ਭੀਰ ਰਹਿ ਸਤਿਗੁਰ ਦ੍ਵਾਰੇ
॥੫॥ ਹੋਹਿ ਰੋਗ ਕੋ, ਦੋਖ ਬਿਨਾਸ਼ੇ। ਜਿਮ ਤਮ ਤੋਮ ਤਰਨਿ ਕੇ ਪਾਸੈ[2]।
ਦਰਸ਼ਨ ਸਫਲ ਹੋਤਿ ਗੁਰ ਕੇਰਾ। ਪਸਰ੍ਯੋ ਪੁਰੀ ਬ੍ਰਿਤਾਂਤ ਬਡੇਰਾ॥ ੬॥
ਇਕ ਦਿਨ ਸਭਾ ਸੁਭਟ ਗਨ ਕੇਰੀ।ਸ਼ਸਤ੍ਰ ਬਸਤ੍ਰ ਧ੍ਰਿਤਿ ਸਜਤਿ ਘਨੇਰੀ
। ਮਹਾਂ ਮਸੰਦ ਧਨੀ ਦਿਸ਼ਿ ਏਕ। ਬੈਠਹਿਂ ਸਤਿਗੁਰ ਨਿਕਟਿ ਅਨੇਕ॥
੭॥ ਖਰੇ ਮੇਵਰੇ ਹੁਇ ਅਰਦਾਸ। ਕਰ ਜੋਰਹਿਂ ਸਿਖ ਠਾਢੇ ਪਾਸ। ਕੋ
ਮਾਂਗਹਿ 'ਸਿਮਰਨਿ ਸਤਿਨਾਮੁ'। ਕੋ ਜਾਚਤਿ 'ਸੁਖ,ਸੁਤ,ਧਨ,ਧਾਮ'॥੮॥
ਕੋ ਮਨ ਤੇ ਹੀ ਮਾਂਗਨਿ ਕਰੇ। ਕੋ ਮੁਖ ਤੇ ਕਰਿ ਬਿਨੈ ਉਚਰੇ। ਸਤਿਗੁਰ
ਬ੍ਯਾਪ ਰਹੇ ਸਭਿ ਮਾਂਹਿ। ਜਾਨਹਿਂ ਸਭਿ ਕੀ, ਦੇਂ ਪੁਨ ਤਾਂਹਿ[3]॥ ੯॥
ਅਨਿਕ ਭਾਂਤਿ ਰੁਜਗਨਕੋ ਡੇਰਾ।ਪੁਰਿ ਤੇ ਉਠਿ ਗਮਨ੍ਯੋ ਤਿਸ ਬੇਰਾ।ਜ੍ਵਰ
ਆਦਿਕ ਰੁਜ ਕਹਿਂ ਲੌ ਕਹੈਂ। ਨਹੀਂ ਸਥਿਰਤਾ ਤਿਸ ਥਲ ਲਹੈਂ॥੧੦॥
ਜਹਿਂ ਕਹਿਂ ਮਿਲਿ ਨਰ ਨਾਰਿ ਕਹੰਤੇ। 'ਪਰਮ ਪੁਰਖ ਇਨ ਪੁਰਿ ਦੁਖ
ਹੰਤੇ। ਬਡੋ ਭੂਤ ਸਭਿ ਅਜ਼ਮਤ ਲਾਇਕ। ਤਊ ਦਿਖਾਇ ਤੁਰਕ ਗਨ
ਨਾਇਕ॥੧੧॥ ਇਹ ਤੋ ਸਭਿ ਦੀਨਨਿ ਕੇ ਦਾਨੀ। ਦਰਸ਼ਨ ਦਿਖੇ ਦੋਖ
ਦੁਖ ਹਾਨੀ'। ਇੱਤ੍ਯਾਦਿਕ ਜਸੁ ਭਨਤਿ ਸੁਨਤਿ ਹੈਂ। ਮਹਿਮਾਂ ਸਭਿ ਤੇ
ਅਧਿਕ ਗੁਨਤਿ ਹੈਂ॥੧੨॥ਗੁਰ ਸਿਮਰੇ ਪੁਨ ਇਕ ਦਿਨ ਸ਼ਾਹੁ। ਕਰਤਿ
ਬਾਰਤਾਲਾਪ ਜਿ ਪਾਹੁ।ਸੁਜਸੁ ਬਖਾਨ੍ਯੋ ਸਤਿਗੁਰ ਕੇਰਾ। 'ਪੁਰਿ ਤੇ ਨਾਸ਼
ਕੀਨਿ ਰੁਜ ਡੇਰਾ॥ ੧੩॥ ਮਹਾਂ ਗੰਭੀਰ ਧੀਰ ਸੁਖ ਸਾਗਰ। ਬਯ ਲਘੁ
ਬੁੱਧੀ ਬ੍ਰਿਧ, ਬਡ ਨਾਗਰ। ਸਰਬ ਲੋਕ ਜਸੁ ਪਾਵਨ ਕਹੈਂ। ਧਨੀ ਰੰਕ
ਜਿਨ ਕੋ ਸਮ ਅਹੈਂ'॥ ੧੪॥ ਇਤਨੇ ਮਹਿਂ ਜੇਠੋ ਗੁਰ ਤਾਤ। ਨਾਮ ਸੁ
ਰਾਮਰਾਇ ਬੱਖ੍ਯਾਤ। ਸੁਨਿ ਸੁਨਿ ਅਨੁਜ ਸੁਜਸੁ ਸੁਖ ਨਾਂਹੀ। ਜਥਾ
ਬਿਲੋਕਿ ਚੰਦ੍ਰ ਬ੍ਰਿਹੁਮਾਂਹੀ[4]*॥੧੫॥ਸਭਾ ਮਝਾਰਆਇ ਸੋ ਗਯੋ।ਜਥਾਜੋਗ
ਤਹਿਂ ਬੈਠਤਿ ਭਯੋ। ਅਨੁਜ ਪ੍ਰਸੰਗ ਸੁਨ੍ਯੋ ਜਸੁ ਕੇਰਾ। ਮਤਸਰ
ਪਾਵਕ ਜ੍ਵਲਤਿ ਬਡੇਰਾ॥ ੧੬॥-ਮਮ ਕੀਰਤਿ ਤੇ ਹੁਇ ਅਧਿਕਾਈ।
ਸੁਨਹਿ ਸ਼ਾਹੁ ਮੁਝ ਤੇ ਫਿਰਿ ਜਾਈ।ਹਟ੍ਯੋ ਨ ਆਵਨਿ ਤੇ, ਚਲਿ ਆਯੋ।

[1]ਰੋਗੀ। [2]ਜਿਵੇਂ ਗਾੜ੍ਹਾ ਅੰਧੇਰਾ ਸੂਰਜ ਦੇ ਪਾਸ (ਗਿਆਂ ਨਾਸ਼ ਹੁੰਦਾ ਹੈ)। [3]ਤਿਸ ਨੂੰ (ਮਨ ਬਾਂਛਤ) ਦੇਂਦੇ ਹਨ। [4]ਜਿਵੇਂ ਚੰਦ ਵੇਖ ਕੇ (ਬਿਰਹਨੀ) ਵਿਛੋੜੇ ਵਿਚ (ਦੁਖੀ ਹੁੰਦੀ)।

*ਪਾ:-ਜਸੇਂ ਪਿਖਿ ਸਸਿ ਬਿਰਹਨ ਦੁਖ ਪਾਹੀਂ।

ਗੁਰਗਾਦੀ ਪਾਇ ਨ ਤ੍ਰਿਪਤਾਯੋ ॥੧੭॥ ਸ਼ਾਹੁ ਸਮੀਪ ਰਹਨਿ ਕੋ ਚਾਹਤਿ। ਲੈਨਿ ਬਡਾਈ ਦਰਬ ਉਮਾਹਤਿ। ਮਝ ਸਮ ਹੋਇ ਕਿ ਹੁਇ ਅਧਿਕਾਈ। ਕਰਾਮਾਤ ਕੁਛ ਦੇਹਿ ਦਿਖਾਈ ॥ ੧੮ ॥ ਅਬਿ ਲੌ ਪੁਰਿ ਮਹਿਂ ਮਮ ਬਡਿਆਈ। ਹੁਤੀ ਬਿਸਾਲ ਬਧਤਿ ਅਧਿਕਾਈ। ਤਿਹ ਰੋਕਨਿ ਕਹੁ ਇਹ ਚਲਿ. ਆਏ। ਅਪਨਿ ਪ੍ਰਭਾਵ ਬਿਲੰਦ ਦਿਖਾਏ ॥ ੧੯ ॥ ਇਹ ਤੇ ਮੋ ਤੇ ਜਰੀ ਨ ਜਾਇ। ਦੈ ਹੌਂ ਸ੍ਰਾਪ ਦੇਹੁਂ ਬਿਨਸਾਇ। ਅਪਰ ਉਪਾਇ ਚਲਨੇ ਨਹਿਂ ਕੋਈ। ਬੁਰੀ ਕਰਤਿ ਭਲ ਹੋਵਤਿ ਸੋਈ ॥ ੨੦ ॥ ਇਹਾਂ ਬੁਲਾਯਹੁ ਕਾਜ ਬਿਗਾਰਨਿ। ਸੋ ਨ ਭਯੋ ਸਭਿ ਕੀਨਿ ਸੁਧਾਰਨਿ। ਸ਼ਾਹੁ ਸਮੀਪੀ ਤਿਹ ਜਸੁ ਕਹੈਂ। ਅਪਰਨਿ ਕੀ ਕਨਾ ਗਿਨਤੀ ਅਹੈ ॥ ੨੧ ॥ ਮੁਝ ਤੇ ਕਰਹਿ ਬਡੋ ਅਧਿਕਾਰ।ਮਮ ਜਸੁ ਹੁਇ ਹੈ ਅਲਪ ਅਕਾਰ[1]।ਸਿਖ ਸੰਗਤਿ ਫਿਰ ਜਾਵਹਿਂ ਸਾਰੇ। ਦੇਖਾ ਦੇਖੀ ਅਪਨਿ ਮਝਾਰੇ ॥ ੨੨ ॥ ਯਾਤੇ ਇਨ ਕੋ ਰਹਨਿ ਨ ਨੀਕੋ। ਇਸ ਤੇ ਬਧਹਿ ਮੋਹਿ ਦੁਖ ਜੀਕੋ–। ਇੱਤਜਾਦਿਕ ਨਿਤ ਗਟੀ ਗਿਨੰਤਾ। ਜਬਿ ਕੇ ਪੁਰਿ ਪ੍ਰਵਿਸ਼ੇ ਦੁਖ ਹੰਤਾ[2] ॥ ੨੩ ॥ ਸ਼ਾਹੁ ਸਮੀਪ ਸੁਨਤਿ ਜਸੁ ਸੁੰਦਰ।ਜਰ ਬਰ ਗਯੋ ਰਿਦੇ ਕੇ ਅੰਦਰ।ਕਹਨਿ ਲਗਨੋ ਸਭਿ ਸਭਾ ਮਝਾਰੀ। 'ਜਿਹ ਤੁਮ ਕੀਰਤਿ ਕਰਤਿ ਉਚਾਰੀ ॥ ੨੪॥ਬਾਲਕ ਬਯ ਮਹਿਂ ਬਿਘਨ ਬਿਸਾਲੇ।ਆਦਿ ਸੀਤਲਾ ਕਰਤੀ ਕਾਲੇ[3]। ਇਨ ਤੇ ਉਬਰਨਿ ਦੁਸ਼ਤਰ ਅਹੈ। ਬਡੇ ਹੋਨਿ ਪੁਨ ਪਾਛੇ ਲਹੈ ॥ ੨੫ ॥ ਦੋਹਰਾ ॥ ਖਾਜ[4] ਸੀਤਲਾ ਕੋ ਅਹੈ ਕਹਾਂ ਭਯੋ ਜੇ ਆਇ।ਕਿਮ ਉਬਰੈ ਜਬਿ ਨਿਕਸਿ ਹੈ ਸਮਾ ਭਯੋ ਨਿਕਟਾਇ ॥੨੬॥ਚੌਪਈ॥ਨਹੀਂ ਸੀਤਲਾ ਨਿਕਸੀ ਆਗੇ। ਅਬਿ ਨਿਕਸੈ ਤੌ ਪ੍ਰਾਨਨਿ ਤਜਾਗੇ। ਜਬਿ ਉਬਰਹਿ ਤਬਿ ਜੀਵਨ ਆਸਾ। ਤੌ ਲਗਿ ਨਹਿਂ ਤਿਨ ਕੋ ਭਰਵਾਸਾ'॥੨੭॥ਨੌਰੰਗ ਸਹਿਤ ਸੁਨਤਿ ਬਿਸਮਾਏ।–ਦ੍ਵੈਸ਼ ਅਨੁਜ ਸੋਂ ਸ੍ਰਾਪ ਅਲਾਏ।ਹਮ ਸੋਂ ਨਹਿਂ ਮਿਲਿਬੇ ਤਿਸ ਚਾਹੂ[5]। ਤਉ ਦੁਖਹਿ ਛੋਭਤਿ ਮਨ ਮਾਂਹੂ ॥੨੮॥ ਅਲਪ ਆਰਬਲ ਛਿਮਾ ਕਰਤਿ ਹੈ। ਇਹ ਜੇਠੋ ਹੌਰਵਤਿ[6] ਧਰਤਿ ਹੈ। ਲਖੀ ਜਾਇ ਇਨ ਮਹਿ ਬਿੱਪ੍ਰੀਤ। ਹੌਰਵ ਅਰੁ ਗੰਭੀਰ ਜੁ ਚੀਤ[7]–॥੨੯॥ਇੱਤਜਾਦਿਕ ਸਭਿ ਰਿਦੇ

[1]ਮੇਰੇ ਜਸ ਦਾ ਆਕਾਰ ਛੋਟਾ ਹੋ ਜਾਊ। (ਅ) ਮੇਰਾ ਜਸ ਥੋੜਾ ਤੇ (ਅ+ਕਾਰ=) ਵਿਅਰਥ ਹੋ ਜਾਊ। [2]ਦੁਖ ਦੂਰ ਕਰਨ ਵਾਲੇ ਗੁਰੂ ਜੀ। [3]ਕਾਲ ਕਰਨ ਵਾਲੀ। [4]ਖਾਣਾ। [5]ਭਾਵ ਗੁਰੂ ਜੀ ਨੂੰ ਚਾਹ ਨਹੀਂ। [6]ਹੌਲਾਪਨ। [7]ਇਨ੍ਹਾਂ (ਦੋਹਾਂ) ਵਿਚ ਗੁਣਾਂ ਦੀ ਵਿਪ੍ਰੀਤੀ (ਉਲਟਤਾ) ਦਿੱਸਦੀ ਹੈ, (ਇਕ ਦੇ ਚਿਤ) ਹੌਲਾਪਨ ਹੈ ਦੂਸਰੇ ਦੇ ਗੰਭੀਰਤਾ।

ਬਿਚਾਰਤਿ।ਸੁਨਿ ਕੈ ਨੌਰੰਗਸ਼ਾਹੁ ਉਚਾਰਤਿ।'ਕਸੋਂ ਤੁਮ ਰਿਸਹੁਭ੍ਰਾਤਢਿਗ ਜਾਨੇ[1] । ਹਮ ਸੰਗ ਮੇਲ ਨਹੀਂ ਸੋ ਮਾਨੇ॥ ੩੦ ॥ਪੂਰਬ ਕਹਤਿ ਅਵਾਹਨਿ ਤਾਂਹੀ।ਅਬਿ ਕਸੋਂ ਦੂਖਹੁ ਆਵਤਸੋਂ ਪਾਹੀ।ਹੋਹੁ ਸੁਸ਼ੀਲ ਕਰਹੁਨਿਜ ਮੇਲਾ। ਆਪਸ ਮਹਿ ਨਹਿੰ ਕਹੌ ਦੁਹੇਲਾ[2]॥੩੧॥ਤੁਮ ਦੋਨਹੁੰ ਕੇ ਨਿਫਲ ਨ ਬੈਨ। ਕਹੋ ਸੁ ਹੋਇ ਦੁਖ ਕੈ ਸੁਖ ਚੈਨ । ਅਬਿ ਰਿਸ ਕਰਿ ਬੋਲਹੁ ਜਿਮ ਆਪ। ਉਚਰਹਿੰ ਸੋਪਿ, ਪਰਹਿ ਸੰਤਾਪ ॥ ੩੨ ॥ ਛਿਮਾ ਕਰੇ ਸੁਖ ਪ੍ਰਾਪਤਿ ਦੋਊ। ਸਿਖ ਸੇਵਕ ਮਾਨਹਿ ਸਭਿ ਕੋਊ । ਹਿੰਦੁਨਿ ਮਹਿੰ ਤੁਮ ਸੁਜਸੁ ਬਿਸਾਲ। ਅਰਪਹਿ ਧਨ ਕੋ ਸ਼ਰਧਾ ਨਾਲ' ॥੩੩॥ ਸੁਨਿ ਸ਼੍ਰੀ ਰਾਮਰਾਇ ਪੁਨ ਕਹਯੋ। 'ਪਿਤ ਕੋ ਸਭਿ ਸਮਾਜ ਤਿਨ ਲਹਯੋ । ਦ੍ਵੈ ਬਿੰਸਤ ਸ਼ਤ[3] ਬਲੀ ਤੁਰੰਗ । ਬਹੁਤ ਸਮਾਜ ਅਪਰ ਤਿਨ ਸੰਗ ॥ ੩੪ ॥ ਸਜੰਦਨ ਸ਼ਿਵਕਾ ਬਾਹਨ ਘਨੇ । ਸਦਨ ਸਮੱਗ੍ਰੀ ਕੋ ਸਭਿ ਗਿਨੇ। ਅਨਿਕ ਪਦਾਰਥ ਪਿਤ ਕੇ ਲੀਨੇ। ਮੁਝ ਕੋ ਸਭਿ ਤੇ ਖਾਰਜ ਕੀਨੇ ॥ ੩੫ ॥ ਅਬਿ ਦਿੱਲੀਪੁਰਿ ਸੰਗਤਿ ਸੇਵਾ। ਸਭਿ ਕੋ ਆਨਿ ਬਨਯੋ ਗੁਰੁਦੇਵਾ। ਅਪਰ ਕਹਾਂ ਲਗ ਕਹੈਂ ਘਨੇਰੇ । ਨਹਿੰ ਐਸ਼੍ਵਰਜ ਚਾਹਤੇ ਮੇਰੇ ॥ ੩੬ ॥ ਸਭਿ ਬਿਧ ਸੋਂ ਮੇਰੋ ਅਧਿਕਾਰਾ । ਅਬਿ ਲੌ ਜਹਿੰ ਕਹਿੰ ਕਰਤਿ ਸੰਭਾਰਾ'। ਸੁਨਿ ਕੈ ਸ਼ਾਹੁ ਸਭਾ[4] ਸਭਿ ਕਹਿਈ। 'ਤੁਮ ਜੇਠੇ ਕੋ ਛਿਮਾ ਸੁ ਚਹਿਈ' ॥੩੭॥ ਸਭਿ ਨੇ ਕਹਿ ਨੀਕੇ ਸਮੁਝਾਯੋ । ਮਤਸਰ ਕਰਤਿ ਨ ਕਿਸ ਕੋ ਭਾਯੋ। ਸਭਾ ਬਿਖੈ ਇਮ ਭਾ ਬਿਰਤਾਂਤ। ਕਹਤਿ ਸੁਨਤਿ ਸਭਿ ਨਿਜ ਘਰ ਜਾਤਿ ॥ ੩੮ ॥ ਪਸਰਯੋ ਪੁਰਿ ਮਹਿੰ ਜਹਿੰ ਕਹਿੰ ਭਾਖਤਿ । ਦੋਨਹੁ ਪੱਖਨਿ ਕਹੁ ਸਿਖ ਰਾਖਤਿ[5]। ਕੋ ਕਹਿ 'ਸ਼੍ਰੀ ਹਰਿਕ੍ਰਿਸ਼ਨ ਬਡੇਰੇ।ਥਿਤ ਗਾਦੀ ਪਰ ਗੁਨ ਬਹੁਤੇਰੇ॥੩੯॥ ਛਿਮਾ ਆਦਿ ਤਿਨਹੂੰ ਮਹਿੰ ਪਈਅਤਿ। ਕਰਾਮਾਤ ਮਹਿੰ ਅਧਿਕ ਲਖਈਅਤਿ'। ਕੋ ਕਹਿ 'ਰਾਮਰਾਇ ਬਡ ਨੰਦ। ਕਰਾਮਾਤ ਦਿਖਰਾਇ ਬਿਲੰਦ' ॥ ੪੦ ॥ ਇੱਤਯਾਦਿਕ ਸਿਖ ਝਗਰਾ ਪਾਈ। ਭਾਖਹਿੰ ਲਘੁਤਾ ਅਰੁ ਬਡਿਆਈ। ਤਊ ਗੁਰੂ ਹਰਿਕ੍ਰਿਸ਼ਨ ਮਹਾਨਾ। ਉਦੈ ਹੋਤਿ ਨਿਤ ਭਾਨੁ ਸਮਾਨਾ॥੪੧॥ਨਿੰਦਕ ਸਮ ਉਲੂਕ ਦੁਖ ਪਾਵਤਿ । ਸਿੱਖ ਤਾਮਰਸ[6] ਬਿਕਸਿ ਸੁਹਾਵਤਿ । ਜਹਿੰ ਕਹਿੰ ਹੋਤਿ ਬਡੀ ਬਡਿਆਈ। ਇੱਤਯਾਦਿਕ

[1]ਭਰਾ ਨੂੰ ਨੇੜੇ ਜਾਣਕੇ । [2]ਦੁਖਦਾਈ (ਵਾਕ) ਨਾ ਕਹੋ । [3]ਬਾਈ ਸੈ। [4]ਸ਼ਾਹ ਦੀ ਸਭਾ । [5]ਸਿੱਖ ਰੱਖਦੇ ਹਨ । [6]ਕੌਲ ।

ਗੁਨ ਲਖਿ ਸਮੁਦਾਈ ॥ ੪੨ ॥ ਭਰੀ ਭੀਰ ਰਹਿ ਸਤਿਗੁਰ ਦ੍ਵਾਰੇ । ਹੋਹਿ ਅਰੁਜ[1] ਆਨਹਿੰ ਉਪਹਾਰੇ । ਬੰਦਹਿੰ ਬੋਲਹਿੰ ਬਡਿ ਬਡਿਆਈ । ਜਪਹਿੰ ਨਾਮ ਦਰਸਹਿੰ ਸੁਖ ਪਾਈ ॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਰਾਮਰਾਇ' ਪ੍ਰਸੰਗ ਬਰਨਨੰ ਨਾਮ ਏਕ ਚਤੁਵਾਰਿੰਸਤੀ ਅੰਸੂ ॥ ੪੧ ॥

## ੪੨. [ਰਾਮਰਾਇ ਬਾਬਤ ਭਵਿੱਖਤ ਵਾਕ]।

ਦੋਹਰਾ ॥ ਅਗਲੀ ਭਈ ਪ੍ਰਭਾਤਿ ਜਬਿ ਸੌਚ ਸਮੇਤ ਸ਼ਨਾਨ । ਕਰਿ ਬੈਠੇ ਸ੍ਰੀ ਸਤਿਗੁਰੂ ਜਿਨ ਦਰਸ਼ਨ ਸੁਖ ਖਾਨ ॥ ੧ ॥ ਚੌਪਈ ॥ ਆਦਿ ਗੁਰਬਖਸ਼ ਮਸੰਦ ਬਿਲੰਦ । ਅਰੁ ਪੁਰਿ ਕੇ ਸਿਖ ਸੇਵਕ ਬ੍ਰਿੰਦ । ਸਭਿ ਮਿਲਿ ਕਰਿ ਦਰਸ਼ਨ ਕਉ ਆਏ । ਕਰਿ ਜੋਰਹਿੰ ਪਗ ਸੀਸ ਨਿਵਾਏ॥੨॥ਦਰਸ਼ਨ ਪਰ ਹੋਵਤਿ ਬਲਿਹਾਰੀ । ਉਰ ਸ਼ਰਧਾ ਧਰਿ ਕਰਿ ਨਰ ਨਾਰੀ । ਬਾਲ ਆਰਬਲ ਮਾਧੁਰ ਮੂਰਤਿ । ਦਿਪਤਿ ਬਿਭੂਖਨ ਸੁੰਦਰ ਸੂਰਤਿ॥੩॥ਚਪਲ ਬਿਲੋਚਨ ਬੋਲਤਿ ਬਾਤੀ । ਦੰਤ ਪੰਕਤੀ ਹੀਰਨ ਕ੍ਰਾਂਤੀ[2] । ਜਿਸ ਦਿਸ਼ਿ ਦੇਖਤਿ ਦ੍ਰਿਗਨਿ ਚਲਾਇ । ਰੁਜ ਹਰਿ, ਜਨੁ ਅੰਮ੍ਰਿਤ ਬਰਖਾਏ ॥ ੪ ॥ 'ਧੰਨ ਗੁਰੂ ਗੁਰ ਧੰਨ' ਉਚਾਰੈਂ।'ਸੁਖਦ ਸੁਸ਼ੀਲ ਸਿੱਖਜ ਹਿਤਕਾਰੈ'।ਤਿਸ ਛਿਨ ਮਹਿ ਗੁਰਬਖ਼ਸ਼ ਮਸੰਦ।ਬੋਲਤੋ ਬਾਕ ਹਾਥ ਜੁਗ ਬੰਦਿ॥੫॥'ਪੁਰਿ ਮਹਿ ਬਿਦਤਿ ਬਿਲੰਦ ਬ੍ਰਿਤਾਂਤ । ਮਿਲਿ ਮਿਲਿ ਕਰਤਿ ਪਰਸਪਰ ਬਾਤ । ਨੌਰੰਗ ਸ਼ਾਹੁ ਸਭਾ ਮਹਿਂ ਕਾਲ੍ਹੀ[3] । ਜ਼ਿਕਰ ਆਪ ਕੋ ਭਯੋ ਬਿਸਾਲੀ ॥ ੬ ॥ ਬਡੋ ਭ੍ਰਾਤ ਭੁਮਰੋ ਤਹਿਂ ਗਯੋ । ਤਿਨ ਭੀ ਕਹਨਿ ਸੁਨਨਿ ਬਹੁ ਕਿਯੋ[4] । ਹੁਤੋ ਬੀਚ ਤਹਿਂ ਜੈਪੁਰਿ ਨਾਥ । ਸੁਨੀ ਹੋਇਗੀ ਸਗਲੀ ਗਾਥ ॥ ੭ ॥ ਜਥਾ ਜੋਗ ਸੋ ਕਹੈ ਸੁਨਾਇ । ਸੁਨੀ ਸੁਨਾਈ ਕਹੀਅਹਿ ਕਾਇ[5]' । ਏਵ ਬਾਰਤਾਲਾਪ ਕਰੰਤੇ । ਬੋਲੇ ਸਤਿਗੁਰ ਧੀਰਜਵੰਤੇ ॥੮॥ 'ਜਿਮ ਭਾਣਾ ਪਰਮੇਸ਼ਰ ਕੇਰਾ। ਹੋਇ ਅਵੱਸ਼ਜ, ਫਿਰੈ ਨਹਿੰ ਫੇਰਾ । ਕਿਸ ਕੀ ਸਯਾਨਪ ਚਲਿ ਹੈ ਨਾਂਹੀ । ਪਚਹਿ ਸਿਆਨੇ ਬੁਧਿ ਬਲ ਮਾਂਹੀ ॥ ੯ ॥ ਅੰਗੀਕਾਰ ਸਭਿਨਿ ਕਹੁ ਸੋਈ । ਜਿਮ ਰਜ਼ਾਇ ਈਸੁਰ ਕੀ ਹੋਈ।ਸਹਿਜ ਸੁਭਾਇਕ ਹੋਇ ਸੁ ਹੋਇ। ਹਰਖਹਿਂ ਹੇਰਿ ਭਗਤ ਜਨ ਜੋਇ ॥ ੧੦ ॥ ਬੇਮੁਖ ਦੋਸ਼ ਅਰੋਪਹਿੰ ਹਰਿ ਮੈਂ । ਲਖਹਿੰ ਆਪ ਕੋ ਆਛੋ ਉਰ ਮੈਂ।ਜੋ ਪਰਲੋਕ ਸੁਧਾਰਨੋ ਚਾਹਤਿ। ਭਾਣੋ ਮਾਨਿ ਪ੍ਰਸੰਨ ਉਮਾਹਤਿ ॥ ੧੧ ॥ ਸੱਤਿਨਾਮ ਕੋ ਸਿਮਰਹਿੰ ਸਦਾ।

---

[1]ਅਰੋਗ। [2]ਹੀਰਿਆਂ ਵਾਂਗ ਸੋਭ ਰਹੀ ਹੈ। [3]ਕੱਲ੍ਹ । [4]ਬਹੁਤਾ ਕਹਿਣਾ ਸੁਣਨਾਂ ਕੀਤਾ । [5](ਅਸੀਂ) ਸੁਣੀ ਸੁਣਾਈ ਕਾਹਨੂੰ ਕਹੀਏ ।

ਤਨ ਹੈਤਾ ਕਉ ਤਜਾਗਹਿਂ ਤਦਾ॥ਕੇਤਿਕ ਦਿਨ ਇਸ ਲੋਕ ਮਝਾਰ॥ਪੁਨ ਪਹੁੰਚਤਿ ਹਰਿ ਪ੍ਰਭੁ ਕੇ ਦ੍ਵਾਰਾ ॥੧੨॥ ਪਰਮਾਰਥ ਕਹੁ ਸਦਾ ਸੰਭਾਰਤਿ। ਇਸ ਜਗ ਲਾਗਿ ਜਨਮ ਨਹਿਂ ਹਾਰਤਿ। ਸਤਿਗੁਰ ਅੰਗ ਸੰਗ ਤਿਸ ਰਹੈਂ। ਇਮ ਸੋ ਭਵਸਾਗਰ ਤਟ ਲਹੈ[1] ॥੧੩॥ ਚਤੁਰ ਘਟੀ ਬੀਤੀ ਇਸ ਭਾਂਤਿ। ਗੁਰਉਪਦੇਸ਼ਨਿ ਕੀ ਕਹਿ ਬਾਤ॥ਇਤਨੇ ਮਹਿਂ ਜੈ ਸਿੰਘ ਸਵਾਈ॥ ਆਇ ਨਿਕਟਿ ਨਿਜ ਗ੍ਰੀਵ ਨਿਵਾਈ ॥ ੧੪ ॥ ਬੈਠਯੋ ਸਤਿਗੁਰ ਕੇਰ ਸਮੀਪ। ਸਭਿਨਿ ਬਿਲੋਕਯੋ ਮਹਾਂ ਮਹੀਪ॥ਤਬਿ ਗੁਰਬਖ਼ਸ਼ ਹਾਥ ਕੋ ਜੋਰਿ॥ ਬੋਲਯੋ ਅਵਲੋਕਤਿ ਨ੍ਰਿਪ ਓਰ ॥੧੫॥'ਪ੍ਰਿਥੀਨਾਥ ਜੀ ! ਸ਼ਾਹੁ ਸਭਾ ਕੀ। ਕਹਹੁ ਬਾਰਤਾ ਸੁਨੀ ਤਹਾਂ ਕੀ। ਕਿਮ ਪ੍ਰਸੰਗ ਹੋਯਹੁ ਗੁਰ ਕੇਰਾ?। ਜਬਿ ਬੈਠਯੋ ਗੁਰ ਨੰਦ ਬਡੇਰਾ ॥ ੧੬ ॥ ਸਕਲ ਪੁਰੀ ਮਹਿ ਘਰ ਘਰ ਲਹਯੋ। ਕਿਨਹੂੰ ਕਿਮ ਕਿਨਹੂੰ ਕਿਮ ਕਹਯੋ॥ਜਥਾ ਜੋਗ ਸੁਨਿ ਬਾਕ ਤਿਹਾਰੇ॥ਤਬਿ ਹਮ ਨਿਸ਼ਚੈ ਕਰਿ ਉਰ ਧਾਰੇਂ ॥ ੧੭॥ ਸੁਨਯੋ ਸਭਾ ਮਹਿਂ ਰਾਵਰ ਸਭੈ। ਸਤਿਗੁਰ ਨਿਕਟਿ ਕਹੋ ਤਿਮ ਅਬੈ'।ਸੁਨਤਿ ਰਾਉ ਲੇ ਦੀਰਘ ਸ੍ਵਾਸ॥ਸਿਰ ਧੁਨਿ ਕੀਨਸਿ ਬਾਕ ਪ੍ਰਕਾਸ਼ ॥ ੧੮ ॥ 'ਕਹੌਂ ਕਹਾਂ ਕੁਛ ਕਹੀ ਨ ਜਾਇ॥ ਨਾਹਕ ਦ੍ਵੈਸ਼ ਬਿਸ਼ੇਸ਼ ਉਪਾਇ। ਮੈਂ ਢਿਗ ਸ਼ਾਹੁ ਅਪਰ ਉਮਰਾਵ। ਕਰਤਿ ਸਰਾਹਨਿ ਇਨਹੁੰ ਸੁਭਾਵ ॥ ੧੯ ॥ ਰਾਮਰਾਇ ਇਤਨੇ ਮਹਿਂ ਆਇ । ਸੁਨਤਿ ਸੁਜਸੁ ਗੁਰ ਉਰ ਬਿਸਮਾਇ। ਪੂਰਬ ਚਹਤਿ ਹੀਨਤਾ ਕਰੀ। ਭਈ ਬਡਾਈ ਜਾਇ ਨ ਜਰੀ ॥ ੨੦ ॥ ਚਹਤਿ ਨ ਸ਼ਾਹੁ ਇਨਹਿਂ ਬੁਲਵਾਇ। ਬਾਰ ਬਾਰ ਕਹਿ ਤਾਂਹਿ ਅਨਾਇ। ਆਵਤਿ ਪੁਨਹਿਂ ਦ੍ਵੈਸ਼ ਕੋ ਠਾਨਾ। ਬੈਠਿ ਸਭਾ ਮਹਿਂ ਬਾਕ* ਬਖਾਨਾ ॥ ੨੧ ॥–ਖ੍ਵਾਜ ਸੀਤਲਾ ਕੋ ਸਿਸ ਅਹੈ।ਗੁਰਤਾ ਕਹਾਂ ਕਰਹਿ, ਮ੍ਰਿਤੁ ਲਹੈ–।ਇੱਤਯਾਦਿਕ ਬੋਲਯੋ ਦੁਖ ਪਾਇ। ਇਨ ਕੀ ਮਹਿਮਾ ਜਰੀ ਨ ਜਾਇ' ॥ ੨੨ ॥ ਸ਼੍ਰੀ ਹਰਿਕ੍ਰਿਸ਼ਨ ਅਛੋਭ ਬਖਾਨੈਂ। 'ਜੇ ਨਹਿਂ ਕਹੈਂ ਤ ਕੁਛ ਨਹਿਂ ਜਾਨੈ†।ਯਾਂ ਤੇ ਹਮ ਭੀ ਤਿਸ ਕੋ ਕਹੈਂ। ਅਪਨਿ ਕਹਿਨਿ ਕੋ ਜਿਮ ਫਲ ਲਹੈ ॥੨੩॥ ਤੁਰਕੇਸ਼ੁਰ ਸੋਂ ਹਮ ਨਹਿ ਮਿਲਿ ਹੈਂ।

[1]ਸੰਸਾਰ ਸਾਗਰ (ਨੂੰ ਤਰਕੇ) ਕੰਢੇ ਜਾ ਲਗਦਾ ਹੈ। *ਪਾ:–ਸ੍ਰਾਪ।

†ਅਸੀਂ ਕੁਛ ਨਾ ਆਖੀਏ ਤਾਂ ਜਾਣਨਗੇ ਕਿ ਕੁਛ ਨਹੀਂ ਹੈ, ਮੁਰਾਦ ਇਹ ਹੈ ਕਿ ਓਹ ਤੇ ਲੋਕੀ ਸਮਝਣਗੇ ਕਿ ਐਵੇਂ ਗੁਰੂ ਹਰਿਰਾਇ ਜੀ ਇਕ ਬੱਚੇ ਨੂੰ ਗਦੀ ਦੇ ਗਏ ਹਨ, ਇਨਾਂ ਵਿਚ ਆਤਮ ਬਲ ਗੁਰੂ ਸਾਹਿਬਾਂ ਵਾਲਾ ਕੋਈ ਨਹੀਂ ਹੈ।

ਕਰੈਂ ਮਤਸਰ ਜ੍ਵਾਲਾ ਸੋ ਜਲ ਹੈ। ਯਾਂਤੇ ਜਬਿ ਲਗਿ ਜੀਵਤਿ ਰਹੈ। ਤਨ ਮਨ ਤੇ ਜਲਨੋਂ ਬਹੁ ਲਹੈ ॥ ੨੪ ॥ ਜਿਹ ਚਾਹਤਿ ਸੰਤਤਿ[1] ਬਹੁ ਮੇਰੀ। ਪੂਜਹਿ[2] ਜਗਤ ਮਹਿਂ ਫਲਹਿ ਬਡੇਰੀ। ਹਾਰਹਿ ਕਰਤੇ ਬਨਾਹ ਉਪਾਇ। ਤਊ ਪੁੱਤ੍ਰ ਕਹੁ ਕਿਮਹੁਂ ਨ ਪਾਇ ॥੨੫॥ ਰਹੈ ਅਪੁੱਤ੍ਰ ਬਿਸੂਰਤਿ ਜੀਵਹਿ। ਸੁਖ ਸੰਤਤਿ ਕੋ ਕਬਹੁਂ ਨ ਥੀਵਹਿ। ਅਵਗਤਿ ਮ੍ਰਿਤੁ ਹੋਇ ਹੈ ਐਸੇ। ਜਿਸ ਤੇ ਜਾਨਿ ਸਕਹਿ ਨਹਿਂ ਕੈਸੇ ॥ ੨੬ ॥ ਅਵਰਨਿ ਕੀ ਇਹ ਮ੍ਰਿਤੂ ਬਤਾਵੈ। ਨਿਜ ਮ੍ਰਿਤੁ ਬਿਖੈ ਗਯਾਨ ਬਿਸਰਾਵੈ। ਤੀਨਹੁਂ ਸ੍ਰਾਪ ਹਮਾਰੇ ਸਹੈ। ਮਿਟਹਿ ਨ ਕਿਮਹੁਂ ਜਤਨ ਕਰਿ ਰਹੈ ॥ ੨੭ ॥ ਹਮਰੇ ਜੀਵਨ ਮਰਨ ਸਮਾਨ*। ਤਨ ਇਹ ਨਾਸ਼ਵੰਤ ਪਹਿਚਾਨ। ਜੋ ਜਨਮੈ ਸੋ ਨਿਸ਼ਚੈ ਮਰਿਹੈ। ਮੂਰਖ ਜਿਯਨਿ ਆਸ ਕਹੁ ਕਰਿਹੈ ॥ ੨੮ ॥ ਹਮ ਸੁਨਿ ਸ੍ਰਾਪ ਛਿਮਾ ਕਹੁ ਕਰਤੇ[3]। ਲਖਿ ਕਰਿ ਸਿੱਖਯ ਨ ਸ਼ਰਧਾ ਧਰਤੇ।–ਇਨ ਮਹਿਂ ਸਮਰਥ ਜੇ ਨਹਿਂ ਐਸੇ। ਭਲੋ ਕਰਹਿਂ ਪਰਲੋਕ ਸੁ ਕੈਸੇ–॥ ੨੯ ॥ ਇਮ ਬਿਚਾਰਿ ਹਮ ਅਪਨਿ ਪ੍ਰਭਾਵ। ਕਹਿ ਕਰਿ ਕੀਨਸਿ ਕੁਛਕ ਦਿਖਾਵ। ਦ੍ਰੁਹ ਸੁਭਾਵ[4] ਨਿਜ ਭ੍ਰਾਤਹਿ ਕੇਰਾ। ਅਰੁ ਤਿਸ ਕੋ ਫਲ ਦਿਯਸਿ ਬਡੇਰਾ॥੩੦॥ ਅਪਨੇ ਕਾਰਨ ਹਮ ਨਹਿਂ ਕਹਯੋ*। ਦਿਯੋ ਸ੍ਰਾਪ ਇਹ ਦ੍ਵੈ ਬਿਧਿ ਲਹਯੋ'। ਸੁਨਿ ਕਰਿ ਨ੍ਰਿਪ ਜੈ ਸਿੰਘ ਸਵਾਈ। ਅਰ ਗੁਰਬਖ਼ਸ਼ ਆਦਿ ਸਮੁਦਾਈ॥ ੩੧॥ਕਰਹਿਂ ਸਤੁਤਿ ਬਹੁ 'ਤੁਮ ਗੰਭੀਰ। ਧੀਰਜਵੰਤਨਿ ਮਹਿਂ ਪ੍ਰਭੁ ਧੀਰ।

---

[1]ਔਲਾਦ। [2]ਪੂਜਨੀਕ ਹੋਵੇਗੀ। [3]ਜੇ ਛਿਮਾਂ ਨੂੰ (ਧਾਰਨ) ਕਰਦੇ ਤਾਂ"। [4]ਕਰੜਾ ਸੁਭਾਵ।

*ਇਨ੍ਹਾਂ ਬਚਨਾਂ ਤੋਂ ਸਪਸ਼ਟ ਹੋ ਗਿਆ ਕਿ ਗੁਰੂ ਜੀ ਨੇ ਕ੍ਰੋਧ ਵਸ਼ਿ ਹੋਕੇ ਸ੍ਰਾਪ ਨਹੀਂ ਦਿਤਾ, ਸਗੋਂ ਇਕ ਤਰ੍ਹਾਂ ਨਾਲ ਅਗੰਮ ਵਾਚ ਕੇ ਭਵਿੱਖਯਤ ਦੀ ਵਾਰਤਾ ਦੱਸੀ ਹੈ, ਇਸ ਦੇ ਬੀ ਦੋ ਕਾਰਨ ਦੱਸੇ ਹਨ। ਇਕ ਇਹ ਕਿ ਲੋਕੀ ਆਖਦੇ ਕਿ ਇਹ ਬੱਚਾ ਹੈ, ਆਤਮ ਬਲ ਕੋਈ ਨਹੀਂ ਰੱਖਦਾ, ਇਸ ਦਾ ਉਲ੍ਹਾਮਾ ਇਕ ਤਰ੍ਹਾਂ ਗੁਰੂ ਹਰਿਰਾਇ ਜੀ ਦੀ ਦੇਣ ਤੇ ਜਾਂਦਾ ਹੈ।' ਦੂਸਰੇ ਸੰਗਤਾਂ ਜੇ ਗੁਰੂ ਗੱਦੀ ਤੇ ਬਿਠਾਏ ਗਏ ਨੂੰ ਸ਼ਕਤੀ ਹੀਨ ਮੰਨ ਲੈਣ ਤਾਂ ਉਹਨਾਂ ਦੀ ਸ਼ਰਧਾ ਨਾਸ਼ ਹੋ ਜਾਏਗੀ, ਓਹ ਕਹਿਣਗੇ ਕਿ ਆਤਮ ਬਲਹੀਨ ਸਾਡੀ ਪ੍ਰਲੋਕ ਦੀ ਸਹਾਇਤਾ ਕਿਵੇਂ ਕਰੇਗਾ ? ਇਸ ਤਰ੍ਹਾਂ ਸਾਧ ਸੰਗਤ ਸ਼ਰਧਾ ਰਹਿਤ ਹੋਕੇ ਨਾਮ ਬਾਣੀ ਸਾਧਨ ਸ਼ੁਭ ਗੁਣਾਂ ਤੋਂ ਰਹਿ ਜਾ ਕੇ ਪ੍ਰਲੋਕ ਵਿਗਾੜੇਗੀ। ਇਨ੍ਹਾਂ ਦੋ ਕਾਰਨਾਂ ਕਰਕੇ ਅਸਾਂ ਆਪਣਾ ਕੁਛਕ ਪ੍ਰਭਾਵ ਦੱਸਿਆ ਹੈ, ਆਪਣੀ ਕਿਸੇ ਸ਼ੋਭਾ ਲਈ ਨਹੀਂ ਪਰ ਜਗਤ ਦੇ ਭਲੇ ਤੇ ਗੁਰ ਗਦੀ ਦੀ ਸੱਤਯਾ ਦੀ ਖਾਤਰ। ਕ੍ਰੋਧ ਬ੍ਰਿਤੀ ਤੇ ਬਦਲੇ ਲੈਣ ਦੀ ਅਕਾਂਖਯਾ ਇਸ ਦਾ ਕਾਰਨ ਨਹੀਂ ਹਨ।

ਲਖਿਯਤਿ ਜ਼ਾਹਰ ਕਲਾ ਤੁਮਾਰੀ । ਗੁਰ ਨਾਨਕ ਗਾਦੀ ਅਧਿਕਾਰੀ ॥ ੩੨॥ ਤੁਮ ਸ੍ਰੀ ਗੁਰ ਹਰਿਰਾਇ ਸਪੂਤ।ਜਾਨਤਿ ਹੈਂ ਜਿਨ ਕੀਮਤਿ ਪੂਤ[1]। ਕੋ ਰਾਵਰ ਕੀ ਸਮਤਾ ਕਰਿ ਹੈ । ਉਡਗਨ ਸਸਿ ਕਿਮ ਰਵਿ ਸਮਸਰ ਹੈ' ॥ ੩੩ ॥ ਇੱਤਜਾਦਿਕ ਆਦਰ ਕਰਿ ਸਾਰੇ । ਮਹਿਮਾ ਭਾਖਤਿ ਅਪਰ ਅਪਾਰੇ । ਲੈ ਆਗਯਾ ਸਤਿਗੁਰ ਕੀ ਫੇਰ । ਜੈ ਸਿੰਘ ਉਠਯੋ ਸੁ ਦਰਸ਼ਨ ਹੇਰਿ ॥ ੩੪ ॥ ਗਯੋ ਸ਼ਾਹੁ ਕੀ ਸਭਾ ਮਝਾਰੇ । ਪਹੁੰਚਯੋ ਨਿਕਟਿ ਬਿਨਾ ਹਟਕਾਰੇ[2] । ਸਿਰ ਨਿਵਾਇ ਤਹਿਂ ਜਾਇ ਪ੍ਰਵੇਸ਼ਾ । ਹੁਤੇ ਜਹਾਂ ਉਮਰਾਵ ਅਸ਼ੇਸ਼ਾ ॥ ੩੫ ॥ ਕਯੋਂਹੂ ਗੁਰੂ ਪ੍ਰਸੰਗ ਚਲਾਏ । ਮਹਦ ਸੁਜਸੁ ਕਹਿ ਕਰਿ ਬਿਦਤਾਏ । ਅਨਿਕ ਪ੍ਰਕਾਰ ਸੁਨਾਵਤਿ ਗਾਥਾ।ਸੁਨਤਿ ਸ਼ੌਨ ਦਿੱਲੀ ਪੁਰਿ ਨਾਥਾ ॥੩੬॥ ਤਿਸ ਪਾਛੈ ਗੁਰਬਖ਼ਸ਼ ਜਿ ਆਦਿ । ਦੁਹਿਦਿਸ਼ਿ ਸ੍ਰਾਪ ਸੁਨੇ ਬਿਸਮਾਦ । ਹਹਿਰਤਿ[3] ਰਿਦੈ ਨ ਆਛੀ ਮਾਨੇ । ਸਫਲ ਬਚਨ ਦੁਹ ਭ੍ਰਾਤਨਿ ਜਾਨੇ ॥ ੩੭ ॥–ਬਰਬਾਦ ਨ ਹੁਇ ਗੁਰਤਾ ਗਾਦੀ । ਸਿੱਖਨ ਮਸੰਦਨਿ ਗਨ ਅਹਿਲਾਦੀ[4]–। ਪਸਰੀ ਬਾਤ ਸਭਿਨਿ ਮਹਿਂ ਹੋਈ । ਨਮੋ ਕਰਹਿਂ ਗਮਨੇ ਸਭਿ ਕੋਈ ॥ ੩੮ ॥ ਕੋ ਜਾਨਹਿ ਕੈਸੇ ਹੁਇ ਜਾਇ।ਭ੍ਰਾਤ ਪਰਸਪਰ ਬਾਦ ਉਠਾਇ।ਸ੍ਰੀ ਹਰਿਕ੍ਰਿਸ਼ਨ ਸਤਿਗੁਰੂ ਪੂਰੇ।ਜਿਨ ਕੇ ਚਲਿਤ ਅਨਿਕ ਗੁਨ ਰੂਰੇ ॥ ੩੯ ॥ ਦੋਹਰਾ ॥ ਸਭਿ ਤੇ ਭਏ ਇਕਾਂਤ ਪੁਨ ਸਹਿਜ ਸਮਾਧਿ ਸੁਹਾਇ।ਕਵਿ ਸੰਤੋਖਸਿੰਘ ਬੰਦਨਾ ਸਤਿਗੁਰ ਕੇ ਜੁਗ ਪਾਇ॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਹਰਿਕ੍ਰਿਸ਼ਨ' ਪ੍ਰਸੰਗ ਬਰਨਨੰ ਨਾਮ ਬੇਤਾਲੀਸਮੋ ਅੰਸੂ ॥ ੪੨ ॥

## ੪੩. [ਸ਼ਹਿਜ਼ਾਦਾ ਭੇਟਾ ਲੈਕੇ ਆਇਆ]।

ਦੋਹਰਾ॥ਸ਼ਾਹੁ ਸਭਾ ਮਹਿਂ ਸੁਜਸੁ ਸੁਨਿ'ਸ੍ਰੀ ਹਰਿਕ੍ਰਿਸ਼ਨ ਬਿਸਾਲ।ਕਰਾਮਾਤ ਸਾਹਿਬ ਧਨੀ ਦਰਸ਼ਨ ਤੇ ਦੁਖਟਾਲ' ॥੧॥ ਚੌਪਈ ॥ ਕਹਤਿ ਸ਼ਾਹੁ ਮਨ ਪ੍ਰੇਮ ਬਢਾਈ।'ਸੁਨੀਏ ਭੋ ਜੈਸਿੰਘ ਸਵਾਈ! ਹਮਰੇ ਸੰਗ। ਮੇਲ ਕਿਮ ਹੋਇ। ਹਰਖਤਿ ਹੁਇ ਚਹਿਂ ਕੈ ਨਹਿਂ ਸੋਇ[5] ॥੨॥ ਸੌਮ ਸਰੂਪ[6] ਆਰਬਲ ਬਾਲ। ਉਰ ਗੰਭੀਰ ਸਧੀਰ ਬਿਸਾਲ । ਏਕ ਬਾਰ ਮਿਲਿਬੋ ਕਹਿ ਲੀਜਹਿ। ਤਿਨ ਪ੍ਰਸੰਨਤਾ ਯੁਤਿ ਠਹਿਰੀਜਹਿ' ॥ ੩ ॥ ਜੈਪੁਰਿ ਨਾਥ ਕਹਤਿ ਕਰ ਜੋਰੇ।

---

[1]ਪਵਿੱਤ੍ਰ। [2]ਬਿਨਾ ਰੋਕੇ । [3]ਕੰਬ ਗਏ। [4]ਸਾਰੇ ਸਿੱਖ ਤੇ ਮਸੰਦਾਂ ਨੂੰ ਅਨੰਦ ਦੇਣ ਵਾਲੀ (ਗੱਦੀ)। [5]ਪ੍ਰਸੰਨ ਹੋਕੇ (ਸਾਡਾ ਮੇਲ) ਓਹ ਚਾਹੁੰਦੇ ਹਨ ਕਿ ਨਹੀਂ ਚਾਹੁੰਦੇ। [6]ਚੰਦ੍ਰਮਾ ਵਤ (ਪਿਆਰਾ) ਰੂਪ

'ਕਿਸਹੂੰ ਪਠਹੁ ਸਤਿਗੁਰੂ ਓਰੇ । ਮੈਂ ਗਮਨੌਂ ਸੰਗ ਬੂਝਹਿੰ ਜ਼ਾਈ । ਜਿਮ ਹੁਇ ਮਰਜ਼ੀ, ਦੇਹਿੰ ਬਤਾਈ ॥੪॥ ਮਿਲਿਬੋ ਠਹਿਰਹਿ ਤੌ ਚਲਿ ਆਵਹਿ। ਨਾਂਹਿਤ ਰਾਵਰ ਤਹਾਂ ਸਿਧਾਵਹਿੰ । ਬਰਤਹਿੰ ਨਿਜ ਇੱਛਾ ਅਨੁਸਾਰੀ । ਬੋਲਿਬ ਮਹਿਂ ਚਾਤੁਰ ਮਤਿ ਭਾਰੀ[1] ॥੫॥ ਲਾਖਹੁੰ ਸੰਗਤਿ ਦਰਸ਼ਨ ਪਾਵੈ ਕੋਸ ਹਜ਼ਾਰਨਿ ਤੇ ਚਲਿ ਆਵੈਂ । ਕਹੈਂ ਆਨਿ–ਹਮ ਸੰਕਟ ਪਰਯੋ।ਤਿਸ ਥਲ ਮਨ ਮਹਿਂ ਸਿਮਰਨਿ ਕਰਯੋ ।੬॥ ਭਏ ਸਹਾਇਕ ਤਹਿਂ ਤਤਕਾਲਾ। ਕਾਟਿ ਕਸ਼ਟ ਕੋ ਕਿਯੋ ਸੁਖਾਲਾ–। ਕੋ ਕਹਿ–ਮੇਰੇ ਪੁੱਤ੍ਰ ਉਪੰਨਾ । ਭਏ ਮੋਹਿ ਪਰ ਗੁਰੂ ਪ੍ਰਸੰਨਾ–॥ ੭ ॥ ਇੱਤ੍ਯਾਦਿਕ ਭਾਖਤਿ ਅਰਦਾਸ । ਅੰਤਰਜਾਮੀ ਪੂਰਹਿਂ ਆਸ । ਦੇਸ਼ ਬਿਦੇਸ਼ਨਿ ਮਹਿਮਾ ਭਾਰੀ । ਹੋਤਿ ਸੁਨੀ ਅਰੁ ਨੈਨ ਨਿਹਾਰੀ ॥ ੮ ॥ ਕਹੋ ਆਪ ਕੇ ਕਾਰਜ ਕੀਨਾ । ਪ੍ਰੇਮ ਧਾਰਿ ਮੈਂ ਨਰ ਪਠਿ ਦੀਨਾ । ਅਨਿਕ ਉਪਾਇਨ ਬਿਨੈ ਸਮੇਤ।ਹੇਤ ਅਵਾਹਨ ਪਠੀ ਨਿਕੇਤ ॥ ੯ ॥ ਮੋਹਿ ਦੂਤ ਕਰਿ ਅਨਿਕ ਉਪਾਇ।ਆਨੇ ਪੁਰਿ ਮਹਿਂ ਹਿਤ ਅਧਿਕਾਇ' । ਕਹਿਤਿ ਸ਼ਾਹੁ 'ਕਹੁ,ਕਿਸੈ ਪਠਾਵੈਂ ।ਹਮ ਭੀ ਬਹੁ ਉਪਹਾਰ ਚਢਾਵੈਂ" ॥ ੧੦ ॥ ਇਤਨੇ ਬਿਖੈ ਸ਼ਜ਼ਾਦਾ ਆਯੋ । ਪੁੱਤ੍ਰ ਪੇਖਿ ਕਰਿ ਉਰ ਹਰਖਾਯੋ । ਅੰਕ ਲੇਯ ਕਰਿ ਕਹਯੋ ਲਡਾਇ । 'ਤੁਮ ਹੀ ਗਮਨਹੁ ਗੁਰ ਨਿਕਟਾਇ॥ ੧੧॥ਜਿਮ ਬਾਲਿਕ ਬਯ ਅਹੈ ਤਿਹਾਰੀ ।ਤਿਮ ਗੁਰ ਹਿੰਦੁਨਿ ਕੀ ਇਕ ਸਾਰੀ । ਏਕ ਰਕੇਬੀ ਭਰਹੁ ਜਵਾਹਰ।ਇਕ ਮਹਿਂ ਧਾਰਿ ਦੀਨਾਰ ਸੁ ਜ਼ਾਹਰ ॥੧੨॥ ਅਰਪਹੁ ਜਾਇ ਭਲਾ ਨਿਜ ਜਾਚਹੁ । ਹਿਤ ਕੇ ਬਾਕ ਕਹਿਨ ਮਹਿਂ ਰਾਚਹੁ।ਹਮਰੀ ਮੁਲਾਕਾਤ ਠਹਿਰਾਵਹੁ । ਜੇ ਨਹਿਂ ਮਾਨਹਿਂ, ਏਵ ਅਲਾਵਹੁ ॥ ੧੩ ॥–ਅਪਨੋ ਸ਼ਬਦ ਦੇਹੁ ਲਿਖਵਾਇ–। ਸੋ ਆਨਹੁ ਲਿਖਿ ਹਮਹੁ ਦਿਖਾਇ' । ਸੁਨਤਿ ਸ਼ਜ਼ਾਦਾ ਹੋਯਹੁ ਤਯਾਰ । ਬਹੁਤ ਮੋਲ ਕੇ ਲੇ ਉਪਹਾਰ ॥੧੪॥ ਗਮਨੇ ਸਾਥ ਕਿਤਿਕ ਉਮਰਾਵ।ਬਿਸਤ੍ਰ ਬਿਭੂਖਨ ਰੁਚਿਰ ਬਨਾਵ । ਚਲਯੋ ਸੰਗ ਜੋ ਸਿੰਘ ਸਵਾਈ । ਬੁਲਤਿ ਨਕੀਬ ਸੁ ਬਾਜ[2] ਬਜਾਈ ॥ ੧੫ ॥ ਨਰ ਧਨਾਢ ਅਰੁ ਬੁੱਧਿ ਬਿਸਾਲੇ । ਇਲਮ ਬਿਖੈ ਕਾਮਲ ਸੰਗ ਚਾਲੇ । ਸਨੈ ਸਨੈ ਪੁਰਿ[3]ਬਿਖੈ ਸ਼ਜ਼ਾਦਾ । ਗਮਨਤਿ ਦੇਤਿ ਸਭਿਨਿ ਅਹਿਲਾਦਾ ॥ ੧੬ ॥ ਸ੍ਰੀ ਹਰਿਕ੍ਰਿਸ਼ਨ ਨਿਕਟਿ ਸੁਧਿ ਗਈ ।

[1](ਸ੍ਰੀ ਗੁਰੂ ਜੀ) ਬੋਲਣ ਵਿਚ ਚਤੁਰ ਤੇ ਭਾਰੀ ਬੁਧੀਮਾਨ ਹਨ । [2]ਵਾਜੇ । [3]ਭਾਵ ਜੋ ਸਿੰਘ ਪੁਰੇ ਮਹਲੇ ਤੋਂ ਹੈ ।

ਆਇ ਸ਼ਜ਼ਾਦਾ ਭੇਟਨਿ ਲਈ'। ਤਤਛਿਨ ਕਹਿ ਕਨਾਤ ਤਨਵਾਈ। ਅਨਿਕ ਬਰਨ ਕੇ ਫਰਸ਼ ਡਸਾਈ ॥੧੭॥ ਸ਼ਸਤ੍ਰ ਬਸਤ੍ਰ ਸਜਿ ਕੈ ਬਿਧਿ ਨਾਨਾ। ਬੈਠੇ ਆਨਿ ਸੁਭਟ ਬਲਵਾਨਾ। ਬ੍ਰਿੰਦ ਮਸੰਦ ਮੇਵੜੇ ਆਏ। ਚਵਰਦਾਰ ਲੇ ਚਵਰ ਢੁਰਾਏ ॥ ੧੮ ॥ ਕਰੀ ਕਨਕ ਰੂਪੇ ਸੁਠ ਛਰੀ[1]। ਛਰੀਦਾਰ[2] ਕਰਿ ਪੰਕਤਿ ਖਰੀ। ਖਰੀ ਸਭਾ ਆਲਸ ਪਰਹਰੀ[3]। ਹਰੀ ਮਨਹੁ ਲਖਿ ਸ਼ੱਤ੍ਰੁਨਿ ਕਰੀ[4] ॥੧੯॥ ਸ਼ਬਦ ਰਬਾਬੀ ਗਾਵਹਿੰ ਰਾਗ। ਰਾਗ[5] ਪ੍ਰਭੁ ਕੋ ਜਿਸ ਤੇ ਜਾਗੇ। ਤਿਸ ਛਿਨ ਆਇ ਸ਼ਜ਼ਾਦਾ ਗਇਊ। ਵਹਿਰ ਕਨਾਤ ਸੁ ਨੰਮ੍ਰੀ ਭਇਊ[6] ॥੨੦॥ ਕਨਕ[7] ਰਕੇਬੀ ਦੋਨਹੁ ਆਗੈ। ਮੁਹਰ ਜਵਾਹਰ ਜੋਤਿ ਸੁ ਜਾਗੇ। ਗਹੀ ਮੇਵੜੇ ਹਾਥ ਪਸਾਰਿ। ਕਰਿ ਉਚੀ ਅਰਦਾਸ ਉਚਾਰਿ ॥੨੧॥ ਸਾਦਰ ਸਭਿ ਉਮਰਾਵ ਸਮੇਤ। ਸਥਿਤ ਸ਼ਜ਼ਾਦਾ ਬੀਚ ਨਿਕੇਤ। ਸਿਰ ਨਿਵਾਇ ਸਭਿ ਬੈਠਤਿ ਭਏ। ਜੈਪੁਰਿਨਾਥ ਅਗਾਊ ਕਿਏ ॥ ੨੨ ॥ ਕਰੀ ਬੰਦਗੀ ਸ਼ਾਹੁ ਦਿਸ਼ਾ ਤੇ। ਬਹੁਰੋ ਕਹੀ[8] ਮਿਲਿਨਿ ਕੀ ਬਾਤੇਂ:-। 'ਹਜ਼ਰਤ ਰਿਦੈ ਲਾਲਸਾ ਅਹੈ[9]। ਜਿਸ ਤੇ ਰਾਵਰਿ ਦਰਸ਼ਨ ਲਹੈ ॥ ੨੩ ॥ ਇਸੀ ਹੇਤੁ ਕਰਿ ਪਠਯੋ ਸ਼ਜ਼ਾਦਾ। ਜੋ ਨਿਤ ਦੇ ਪਿਤ ਰਿਦ ਅਹਿਲਾਦਾ। ਜੈਪੁਰਿ ਨਾਥ ਸਾਥ ਬਹੁ ਕਹੇ। ਬੀਚ ਪਾਇ ਆਵਾਹਨਿ ਚਹੇ[10] ॥੨੪॥ ਕਰਤਿ ਪ੍ਰਤੀਖਨ ਮਿਲਿਬੇ ਕੇਰ। ਮਗ ਖ਼ੁਦਾਇ ਕੇ ਚਲਤਿ ਬਡੇਰ। ਤੁਮ ਸਮ ਕੇ ਦਰਸ਼ਨ ਕੋ ਚਾਹਤਿ। ਸ਼ਰ੍ਹਾ ਬੀਚ ਦਿਨ ਰੈਨ ਉਮਾਹਤਿ ॥ ੨੫ ॥ ਕਹੌਂ ਕਹਾਂ ਲਗਿ ਸ਼ਾਹੁ ਬਡਾਈ। ਰਾਖਤਿ ਸਾਚ ਪਾਜ ਉਘਰਾਈ[11]। ਨਹੀਂ ਦੰਭ ਕੋ ਮਾਨਹਿ ਨਿਮੇਂ। ਤੁਮ ਕੋ ਬਡ ਲਖਿ ਭੇਜਯੋ ਹਮੇਂ' ॥ ੨੬ ॥ ਸੁਨਿ ਜੈ ਸਿੰਘ ਬੋਲਯੋ ਕਰ ਜੋਰਿ। 'ਸ਼ਾਹੁ ਪ੍ਰੇਮ ਕਰਤਾ ਤੁਮ ਓਰ। ਪ੍ਰਥਮ ਲਾਲਸਾ ਮੇਲ ਕਰਨਿ ਕੀ। ਬੈਠਿ ਨਿਕਟਿ ਮੁਖ ਸ਼ਬਦ ਸ਼੍ਰਵਨ ਕੀ ॥੨੭॥ ਹੁਇ ਪ੍ਰਸੰਨ ਜੇ ਤੁਮ ਉਰ ਚਾਹੋ। ਤੌ ਹਜ਼ਰਤ ਕਰਿ ਮਿਲਿਨਿ ਉਮਾਹੇ। ਜੇ ਰਾਵਰ ਕਹੁ ਨੀਕੀ

---

[1] ਹੱਥਾਂ ਵਿਚ ਸੋਨੇ ਚਾਂਦੀ ਦੀਆਂ ਸੁਹਣੀਆਂ ਚੋਬਾਂ। [2] ਚੋਬਦਾਰ। [3] ਭਾਵ ਸਾਵਧਾਨ। [4] ਹਾਥੀ ਰੂਪ ਵੈਰੀਆਂ ਲਈ ਮਾਨੋ (ਇਹ) ਸ਼ੇਰ (-ਸਭਾ) ਲਖੀ ਜਾਂਦੀ ਹੈ। (ਅ) ਸਭਾ ਲਖ ਰਹੀ ਹੈ (ਗੁਰੂ ਜੀ ਨੂੰ) ਸ਼ੇਰ ਰੂਪ, ਵੈਰੀ ਰੂਪ ਹਾਥੀਆਂ ਲਈ। [5] ਪ੍ਰੇਮ। [6] ਕਨਾਤ ਦੇ ਬਾਹਰੋਂ ਹੀ ਨੰਮ੍ਰੀ ਭੂਤ ਹੋਇਆ। [7] ਸੋਨੇ ਦੀ। [8] ਉਮਰਾਵਾਂ ਨੇ ਕਹੀ। [9] ਪਾਤਸ਼ਾਹ ਦੇ ਜੀ ਵਿਚ ਲਾਲਸਾ ਹੈ (ਮਿਲਨ ਦੀ)। [10] (ਜੈ ਸਿੰਘ ਨੂੰ) ਵਿਚ ਪਾਕੇ ਬੁਲਾਇਆ ਚਾਹੁੰਦਾ ਹੈ। [11] (ਪਾਜ=) ਝੂਠ ਨੂੰ ਉਘਾੜ ਕੇ ਸੱਚ ਨੂੰ ਰਖਦਾ ਹੈ।

ਨਾਹਿਨ। ਕਾਰਨ ਅਪਨੇ ਨੇਮ ਨਿਬਾਹਿਨਿ ॥ ੨੮ ॥ ਤੌ ਨਿਜ ਮੁਖ ਤੇ ਸ਼ਬਦ ਸੁਨਾਵਹੁ। ਬੀੜ ਪਾਰਸੀ ਕੇ ਲਿਖਵਾਵਹੁ।ਸੁਨਤਿ ਪ੍ਰਸੰਨ ਹੋਇ ਹੈ ਸ਼ਾਹੂ। ਮਿਲਿਬੇ ਸਮ ਜਾਨਹਿ ਮਨ ਮਾਂਹੂ ॥ ੨੯ ॥ ਮੁਝ ਪਰ ਹੁਕਮ ਸ਼ਾਹ ਕੋ ਐਸੇ। ਸਹਿਤ ਪ੍ਰਸੰਨਤਾ ਮਿਲਿ ਹੈਂ ਜੈਸੇ।ਤੁਮਰੀ ਮਰਜ਼ੀ ਬਰਤੀ ਜਾਇ। ਜਿਮ ਉਰ ਮੈਂ ਤਿਮ ਕਹੌ ਸੁਨਾਇ' ॥ ੩੦ ॥ ਸੁਨਿ ਜੈ ਸਿੰਘ ਤੇ ਸਭਿਨਿ ਬਖਾਨਨੇ। ਜਥਾ ਜੋਗ ਇਮ ਮਤੋ ਸੁ ਮਾਨਨੇ। ਸਹਤ ਸ਼ਜ਼ਾਦੇ ਸਭਿ ਕਹਿ ਲੀਨਸਿ। ਤਬਿ ਸ੍ਰੀ ਸਤਿਗੁਰ ਉੱਤਰ ਦੀਨਸਿ ॥ ੩੧ ॥ 'ਨਹਿੰ ਮਿਲਿਬੇ ਕੇ ਕਾਰਨ ਜੇਈ। ਕਹਿ ਕਰਿ ਪਠੇ ਸ਼ਾਹੁ ਢਿਗ ਤੇਈ। ਪ੍ਰਥਮ ਲਿਯੋ ਸੁਨਿ ਸਕਲ ਬ੍ਰਿਤਾਂਤ। ਪੁਨ ਤਿਸ ਕੋ ਕਹਿਬੋ ਕਜਾ ਬਾਤ ॥ ੩੨ ॥ ਬਿਨਾ ਮਿਲਿਨਿ ਭਾ ਕਿਤਿਕ ਬਿਕਾਰ।ਮਿਲੇ ਹੋਤਿ ਕਜਾ ਕਰਹਿ ਉਚਾਰ। ਇੱਤਯਾਦਿਕ ਲਖਿ ਪਿਤਾ ਹਮਾਰੇ।–ਸ਼ਾਹੁ ਨ ਮਿਲਹੁ–ਕੀਨਿ ਹਟਕਾਰੇ ॥੩੩॥ ਸੋ ਕਹਿਬੋ ਹਮਰੇ ਮਨ ਨਾਲ। ਉਲੰਘ ਨ ਸਕਹਿਂ ਕਿਮਹੁਂ[1] ਕਿਸ ਕਾਲ। ਸ਼ਾਹੁ ਮਹਾਂ ਮਤਿਵਾਨ ਸੁਜਾਨਾ। ਅਸ ਬ੍ਰਿਤੰਤ ਸਭਿ ਲਖਹਿ ਮਹਾਨਾ॥੩੪॥ਸਤਿਗੁਰ ਘਰ ਕੇ ਸ਼ਬਦ ਲਿਖੀਜੈ। ਪਠਹੁ ਬਿਚਾਰਹੁ ਰਿਦੈ ਧਰੀਜੈ। ਚਲਹੁ ਪੰਥ ਤਿਸ ਸਭਿ ਸੁਖ ਪਾਵਹੁ। ਜਨਮ ਮਰਨ ਕੋ ਕਸ਼ਟ ਮਿਟਾਵਹੁ' ॥ ੩੫ ॥ ਇਮ ਕਹਿ ਸਤਿਗੁਰ ਸਬਦ ਉਚਾਰਾ। ਨਵੀਸਿੰਦ ਸੁਨਿ ਲਿਖਿਬੇ ਤਯਾਰਾ। ਸ੍ਰੀ ਗੁਰ ਨਾਨਕ ਕੇਰ ਬਨਾਯੋ। ਬੀੜ ਪਾਰਸੀ ਕੋ ਲਿਖਵਾਯੋ ॥ ੩੬ ॥

ਸ੍ਰੀ ਮੁਖ ਵਾਕ:–

ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥ ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥ ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥ ਕਿਆ ਲਸਕਰ ਕਿਆ ਨੇਬ[2] ਖਵਾਸੀ[3] ਆਵੈ ਮਹਲੀ ਵਾਸੁ ॥ ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ[4] ॥ ੨ ॥

ਚੌਪਈ ॥ ਸ੍ਰੀ ਮੁਖ ਤੇ ਕਹਿ ਸ਼ਬਦ ਲਿਖਾਯੋ। ਬਿਨ ਸਤਿਨਾਮ ਵਿਰਾਗ ਜਨਾਯੋ।ਸਭਿ ਤੁਸ਼ਨਿ ਹੁਇ ਬਾਕ ਸੁਨੰਤੇ।ਗਿਰਾ ਮਧੁਰ ਤੇ ਧੰਨ ਭਨੰਤੇ॥੩੭॥ ਦਯੋ ਸ਼ਜ਼ਾਦੇ ਕੋ ਸਿਰੁਪਾਇ। ਮਧੁਰ ਪ੍ਰਸਾਦ ਦੀਨਿ ਮੰਗਵਾਇ। ਸਾਦਰ ਤਬਿ ਰੁਖ਼ਸਦ ਕੌ ਕਰੇ।ਨਿਕਸੇ ਉਰ ਪ੍ਰਸੰਨਤਾ ਧਰੇ॥੩੮॥ਗਏ ਸ਼ਾਹੁ ਢਿਗ

---

[1]ਕਿਸੇ ਤਰ੍ਹਾਂ। [2]ਚੋਬਦਾਰ। [3]ਟਹਿਲੀ ਬਰਦਾਰ। [4]ਸਾਰੇ ਪਦਾਰਥ ਨਾਸ਼ ਰੂਪ ਹਨ।

ਬੈਠੇ ਜਾਇ। ਸਭਿ ਪ੍ਰਸੰਗ ਤਹਿਂ ਕਹ੍ਯੋ ਸੁਨਾਇ। ਸ਼ਬਦ ਲਿਖ੍ਯੋ ਲੇ ਕਰ ਮਹਿਂ ਸ਼ਾਹੁ। ਪਠਨਿ ਲਗ੍ਯੋ ਚਿਤ ਧਾਰਿ ਉਮਾਹੁ ॥੩੯॥–ਸੱਤਿਨਾਮ ਕੀ ਮਹਿਮਾ ਮਹਾਂ। ਬਿਨ ਸਿਮਰੇ ਬਿਸ਼ਯੋ ਸੁਖ ਕਹਾਂ। ਮਿੱਥ੍ਯਾ ਸਭਿ ਜਗ ਕੀ ਬਡਿਆਈ। ਬਿਨਾ ਨਾਮ ਨਹਿਂ ਥਿਰਤਾ ਪਾਈ–॥ ੪੦ ॥ ਹਰਖ੍ਯੋ ਉਰ ਅਵਰੰਗ ਲਖਿ ਸਾਚੀ। ਸ਼ਬਦ ਪ੍ਰਭਾਵ ਬਿਖੈ ਬੁਧਿ ਰਾਚੀ। ਨਹਿਂ ਆਵਨ ਕੋ ਹੇਤੁ ਸੁਨਾਯੋ।–ਰਿਸ੍ਯੋ ਭ੍ਰਾਤ ਮਤਸਰ ਉਪਜਾਯੋ–॥ ੪੧ ॥ ਸਭਿ ਗੁਨ ਮਹਿਂ ਗੌਰਵ ਪਹਿਚਾਨੇ।–ਬਾਲ ਬੈਸ ਬੁਧਿ ਬਲੀ ਮਹਾਨੇ। ਇਨ ਸੋਂ ਮੇਲ ਕਰਨਿ ਹਠ ਧਰਿ ਕੈ। ਨਹਿਂ ਨੀਕੀ ਮੁਝ ਲਗੀ–ਬਿਚਰਿਕੈ[1]॥੪੨॥ ਦੋਹਰਾ॥ ਪੁਨ ਮਿਲਿਬੇ ਕਹੁ ਸ਼ਾਹਿ ਨੇ ਹਠ ਕਰਿ ਭਾਖ੍ਯੋ ਨਾਂਹਿ। ਮਨ ਮੈਂ ਅਸ ਨਿਸ਼ਚੈ ਕਰ੍ਯੋ, ਕਹ੍ਯੋ ਨ ਅਪਰੈ ਪਾਹਿ ॥ ੪੩ ॥ ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਹਰਿਕ੍ਰਿਸ਼ਨ' ਪ੍ਰਸੰਗ ਬਰਨਨੰ ਨਾਮ ਤ੍ਰਿਤਾਲੀਸਮੋ ਅੰਸੂ ॥ ੪੩ ॥

## ੪੪. [ਜੈ ਸਿੰਘ ਦੀ ਪਟਰਾਣੀ ਪ੍ਰੀਖ੍ਯਾ]।

ਦੋਹਰਾ॥ ਇਕ ਦਿਵਸ ਤੁਰਕੇਸ਼ ਕਹਿ ਜੈ ਪੁਰਿ ਨਾਥ ਕਿ ਸਾਥ।'ਬਾਲ ਬੈਸ ਸ਼੍ਰੀ ਹਰਿਕ੍ਰਿਸ਼ਨ ਨਿਮਹਿਂ ਹਿੰਦੂ ਪਦ ਮਾਥ॥ ੧ ॥ ਚੌਪਈ ॥ ਅਪਰ ਲੋਕ ਜੁਤਿ ਤੁਮ ਭੀ ਕਹੋ। ਕਰਾਮਾਤ ਸਾਹਿਬ ਬਡ ਲਹੋ। ਸੁਜਸੁ ਸੁਨਾਵਤਿ ਹੈਂ ਸਭਿ ਕੋਈ। ਇਕ ਤੇ ਸੁਨਿ ਦੂਸਰ ਸੁਧਿ ਹੋਈ॥ ੨ ॥ ਕਹਾ ਕਹੀ ਹੈ ਸਭਿਹਿਨਿ ਬੀਚ। ਦੇਖਾ ਦੇਖੀ ਊਚ ਰੁ ਨੀਚ। ਤੁਮ ਭੀ ਕਬਿ ਪਰਖ੍ਯੋ ਕੈ ਨਾਂਹਿ?। ਪਤਾ ਲੀਨਿ ਕੋ ਇਕ ਬਿਧਿ ਕਾਹਿ[2] ?॥੩॥ ਜੇ ਪੂਰਬ ਪਰਖ੍ਯੋ ਨਹਿਂ ਕਬੈ। ਉਚਿਤ ਪਤਾ ਲੈਬੇ ਕਹੁ ਅਬੈ। ਜਿਮ ਅਜ਼ਮਤ ਕਾਮਲ ਪਹਿ-ਚਾਨਹੁ। ਸਹਿਤ ਨੰਮ੍ਰਿਤਾ ਤੈਸੇ ਠਾਨਹੁ' ॥ ੪ ॥ ਸੁਨਿ ਜੈ ਸਿੰਘ ਬੋਲ੍ਯੋ ਕਰ ਜੋਰਿ। 'ਕੁਛ ਦੁਰਬਾਕ ਨ ਕਹਿਂ ਮੁਝ ਓਰ। ਅਸ ਪੁਰਖਨਿ ਕੋ ਪਰ-ਖਨਿ ਕਰਨੋ। ਲਘੁ ਸਰਪਨਿ ਸੋਂ ਖੇਲਨਿ ਬਰਨੋ[3] ॥ ੫॥ ਜਿਨ ਕੇ ਛਲੇ ਨ ਬਨੈ ਉਪਾਇ। ਮਤਿ ਬਿਸਾਲ ਕੋ ਉਬਰਿ ਨ ਪਾਇ[4]। ਤਊ ਆਪ ਕੇ ਕਹਿਬੇ ਕਰਿ ਕੈ। ਸ਼ਰਧਾ ਦਾਸਨਿ ਸੱਦ੍ਰਸ ਧਰਿਕੈ ॥ ੬ ॥ ਰਚੌਂ ਬਿਧੀ ਕੋ ਪੂਜਨਿ ਕਰਿ ਹੌਂ। ਪੁਨ ਮੈਂ ਤੁਮਰੇ ਨਿਕਟਿ ਉਚਰਿਹੌਂ'। ਕਹਤਿ ਸ਼ਾਹੁ

---

[1]ਵਿਚਾਰਕੇ। [2]ਕਿਸੇ ਤਰ੍ਹਾਂ ਕੋਈ ਇਕ ਪਤਾ ( ਭੀ ) ਬੀ ਲਿਆ ਹੈ ? [3]ਐਸਾ ਵਰਨਨ ਕੀਤਾ ਹੈ ਕਿ ਛੋਟੇ ਸੱਪਾਂ ਨਾਲ ਖੇਲਨ ਤੁੱਲ (ਖ਼ਤਰਨਾਕ) ਹੈ। [4]ਵੱਡਾ ਬੁਧੀਮਾਨ ਭੀ ਕੋਈ ਬਚ ਨਹੀਂ ਸਕਦਾ।

'ਮਿਲਿਬੇ ਫਲ ਜੋਈ। ਪਰਖਨਿ ਤੇ ਮੈਂ ਪੈਹਹੁੰ ਸੋਈ' ॥ ੭ ॥ ਇਮ ਕਹਿ ਸੁਨਿ ਕੈ ਜੈਪੁਰਿ ਨਾਥ। ਆਯਹੁ ਸਦਨ ਸੰਦੇਹਨਿ ਸਾਥ[1]।–ਮੋਰ ਗਰੇ ਨਹਿਂ ਪਰਹਿ ਕੁਫੇਰੀ। ਸੁਖ ਚਾਹਤਿ ਦੁਖ ਆਇ ਨ ਘੇਰੀ–॥੮॥ ਦੋਹਰਾ ॥ ਭੁਈ ਜਾਮਨੀ ਜਾਨਿ ਕੈ ਮਿਲੀ ਕਾਮਨੀ ਆਇ। ਸੁੰਦਰ ਮੰਦਿਰ ਮਹਿਦ ਕੇ ਅੰਦਰ ਸੇਜ ਡਸਾਇ॥੯॥ ਚੌਪਈ॥ ਨਿਜ ਰਮਨੀ[2] ਸੰਗ ਸਕਲ ਜਨਾਈ। ਕਥਾ ਗੁਰਨਿ ਕੀ ਜਥਾ ਸੁਨਾਈ। ਤਿਨ ਕੋ ਪਰਖਨਿ ਕੀ ਬਿਧਿ ਕਰਨੀ। ਬਾਲ ਆਰਬਲ ਤਨ ਦੁਤਿ ਧਰਨੀ ॥੧੦॥ 'ਗੁਰ ਅੰਤਰਿਪੁਰ ਆਵਹਿਂ ਕਾਲੀ। ਪੂਜਹਿਂ ਪਦ ਵਿਖ ਲੇਹੁ ਸੁਖਾਲੀ। ਮਿਲਹਿ ਸਮੂਹ ਸਕਾਲ ਰਨਵਾਸ। ਸਭਿ ਕੀ ਪੂਰਹੁ ਸਤਿਗੁਰ ਆਸ॥੧੧॥ ਜ਼ੇਵਰ ਜਬਰ ਜਵਾਹਰ ਜਰੇ। ਜਗਮਗ ਜ਼ੇਬ ਜਿਨਹੁੰ ਕੀ ਕਰੇ। ਮੁਕਤਾ ਲਰੀ ਲਰਕਤੀ ਲਾਰ[3]। ਅਲੰਕਾਰ ਸਭਿ ਪਹਿਰਹਿਂ ਨਾਰਿ ॥ ੧੨ ॥ ਬਰਨ ਬਰਨ ਕੇ ਬਰ ਬਹੁ ਅੰਬਰ। ਅਨਿਕ ਰੰਗ ਬਾਰਦ ਜਿਮ ਅੰਬਰ। ਸਦ੍ਰਿਸ਼ ਦਾਮਨੀ ਦਮਕਹਿਂ ਬੀਚ। ਰੰਗ ਮਹਿਲ[4] ਮਹਿ ਗੰਧਨਿ ਸੀਂਚਿ[5] ॥੧੩॥ ਸਭਿ ਬੈਠਹਿਂ ਸ਼ਿੰਗਾਰ ਬਨਾਇ। ਬਸਤ੍ਰ ਬਿਭੂਖਨ ਬਪੁਖ[6] ਸੁਹਾਇ। ਸਭਿ ਰਾਨੀ ਮਹਿ ਮੁੱਖਯ ਮਹਾਨੀ। ਮਮ ਮਨ ਕੀ ਪਜਾਰੀ ਪਟਰਾਨੀ ॥ ੧੪ ॥ ਲੇਹੁ ਮੋਲ ਪਟ ਮਲਿਨ ਪੁਰਾਨਾ। ਨਹਿਂ ਸ਼ਿੰਗਾਰ ਸਜਹੁ ਬਿਧਿ ਨਾਨਾ। ਸਭਿ ਕੇ ਪਾਛੇ ਕੋਨ ਮਝਾਰ। ਬੈਠਿ ਰਹਹੁ ਤਰ ਦ੍ਰਿਸ਼ਟੀ ਧਾਰਿ[7] ॥੧੫॥ ਕਰਹੁ ਮਨੋਰਥ ਮਨ ਮਹਿਂ ਐਸੇ।–ਜਿਮ ਉਰ ਗੁਰ ਜੋ ਜਾਨਤਿ ਤੈਸੇ[8]। ਤੌ ਮਮ ਅੰਕ ਬੈਠਿਹੈਂ ਆਇ[9]। ਦੋਊ ਉਪਾਇਨ ਕੋ ਪਰਿ ਪਾਇ[10]–॥੧੬॥ ਭਈ ਭੋਰ ਤੇ ਇਮ ਕ੍ਰਿਤ ਕੀਜਹਿ। ਧਰਿ ਸ਼ਰਧਾ ਸਤਿਗੁਰ ਦਰਸੀਜਹਿ। ਬਡੇ ਭਾਗ ਅਬਿ ਭਏ ਤਿਹਾਰੇ। ਸਫਲ ਜਨਮ ਹੁਇ ਗੁਰੂ ਨਿਹਾਰੇ' ॥ ੧੭ ॥ ਮੰਤ੍ਰ ਇਮ ਕਰਿ ਕੈ ਦੰਪਤਿ ਸੋਏ। ਸੁਖ ਸੋਂ ਉਠੇ ਪ੍ਰਾਤਿ ਜਬਿ ਹੋਏ। ਰੰਗ ਮਹਲ ਨੀਕੇ ਸੁਧਰਾਯੋ। ਮੁਕਰ ਮੂਰਤਨਿ ਬ੍ਰਿੰਦ ਸੁਹਾਯੋ[11] ॥ ੧੮ ॥ ਰੰਗਦਾਰ ਬਰ ਤੁੰਗ ਅਟਾਰੀ। ਭੀਤਨਿ ਚਾਮੀਕਰ ਲਿਪ ਕਾਰੀ। ਤਰੁਵਰੁ ਫੂਲ ਫਲਨਿ

[1] ਸ਼ੰਸਿਆਂ (ਵਾਲੇ ਚਿਤ) ਨਾਲ। [2] ਇਸਤ੍ਰੀ। [3] ਨਾਲ। ਕਤਾਰ। [4] ਰਨਵਾਸ। [5] ਖੁਸ਼ਬੂਆਂ ਛਿੜਕਾ ਕੇ। [6] ਸਰੀਰ। [7] ਹੇਠਾਂ ਨਜ਼ਰ ਪਾ ਕੇ। [8] ਜੋ ਗੁਰੂ ਜੀ ਓਵੇਂ ਜਾਣਦੇ ਹਨ ਜਿਵੇਂ (ਕਿਸੇ ਦੇ) ਦਿਲ ਵਿਚ ਹੈ। ਭਾਵ ਜੇ ਗੁਰੂ ਜੀ ਦਿਲ ਦੀਆਂ ਜਾਣਦੇ ਹਨ ਤਾਂ"""। [9] ਤਾਂ ਮੇਰੀ ਝੋਲੀ ਵਿਚ ਆ ਬੈਠਣ। [10] ਪੈਰੀਂ ਪੈਕੇ। [11] ਸ਼ੀਸ਼ੇ ਤੇ ਮੂਰਤੀਆਂ ਨਾਲ ਸਜਾਇਆ। (ਅ) ਸ਼ੀਸ਼ੇ ਵਿਚ ਜੜੀਆਂ ਮੂਰਤਾਂ ਨਾਲ।

ਸੋਂ ਲਿਖੇ। ਬ੍ਰਿੰਦ ਬਿਹੰਗਮ ਕਰਿ ਤਿਨ ਬਿਖੇ ॥ ੧੯ ॥ ਰੁਚਿਰ ਬਚਿੱਤ੍ਰ ਪਵਿੱਤ੍ਰ ਕਰਾਏ। ਸੱਦ੍ਰਿਸ਼ ਅਰਸ਼[1] ਫਰਸ਼ ਡਸਵਾਏ। ਜਹਿਂ ਨਾਨਾ ਬਿਧਿ ਤਨੇ ਬਿਤਾਨਾ[2]। ਜ਼ਰੀਦਾਰ ਝਾਲਰ ਝਲਕਾਨਾ ॥ ੨੦ ॥ ਬਿਚ ਚੰਦਨ ਚੌਂਕੀ ਰਚਿ ਚਾਰੂ। ਰਚਨਾ ਚਿੱਤ੍ਰ ਰਚੀ ਦਿਸ਼ਿ ਚਾਰੂ[3]। ਫਰਸ਼ ਮਖ਼ਮਲੀ ਮੋਤਿਨਿ ਲਰੀ।ਲਰਕਤਿ ਰੁਚਿਰ ਬਿਰਾਜਤਿ ਖਰੀ॥੨੧॥ ਝੁੱਬੇ[4] ਝੂਲਤਿ ਦੁਹਿਦਿਸ਼ਿ ਜ਼ਰੀ।ਬਡ ਉਪਧਾਨੁ[5] ਧਰਨੇ ਮ੍ਰਿਦੁ ਭਰੀ। ਇੱਤ੍ਯਾਦਿਕ ਸੁਠਿ ਰਚਨ ਰਚਾਈ। ਜਿਸ ਦੇਖਤਿ ਮਨ ਰਹਿ ਬਿਰਮਾਈ॥੨੨॥ ਬਹੁਤ ਮੋਲ ਕੇ ਦਿਪਤਿ ਜਵਾਹਰ। ਨਿਕਸਾਏ ਸੁ ਕੋਸ਼ ਤੇ ਬਾਹਰ। ਬਸਤ੍ਰ ਬਿਭੂਖਨ ਬਰਨ ਬਰਨ ਕੇ। ਆਗੈ ਸਤਿਗੁਰ ਹੇਤੁ ਧਰਨਿ ਕੇ ॥੨੩॥ ਸਰਬ ਤਯਾਰ ਵਸਤੁ ਕਰਿਵਾਇ। ਘਰ ਲਯਾਵਨਿ ਹਿਤ ਚੌਂਪ ਬਢਾਇ। ਸੁੰਦਰਤਾ ਸਭਿ ਬਿਧਿ ਸੁਧਰਾਈ। ਜੈਪੁਰਿ ਪਤਿ ਜੈ ਸਿੰਘ ਸਵਾਈ॥੨੪॥ ਇਤਿ ਸ਼੍ਰੀ ਸਤਿਗੁਰ ਸਭਿ ਬਿਧਿ ਜਾਨੀ। ਹੇਤੁ ਪਰਖਿਬੇ ਜਸ ਕ੍ਰਿਤ ਠਾਨੀ। ਅਤਿ ਚਿੰਤਾਤੁਰ ਚਿਤ ਮਹਿਂ ਹੋਏ।—ਲੇਤਿ ਅੰਤ ਮਨ ਕੁਮਤਿ ਪਰੋਏ[6]॥੨੫॥ਹਮਜੋ ਚਾਹਤਿ ਵਸਤੁ ਛਪਾਈ। ਸੋ ਚਿਤ ਬਾਂਛਤਿ ਇਹੁ[7] ਬਿਦਤਾਈ[8]। ਪ੍ਰਭੁ ਕੇ ਸੰਤ ਜੁ ਲਖਹਿਂ ਭਲੀ ਨ। ਤਿਸ ਕਰਿਬੇ ਮਹਿਂ ਇਨ ਮਤਿ ਭੀਨ ॥ ੨੬॥ ਕੁਛ ਤੇ ਕੁਛ ਕਰਤਾ ਧਰਿ ਚਾਉ[9]। ਸੋ ਜਗ ਮਹਿਂ ਦਿਖਰਾਇਂ ਪ੍ਰਭਾਉ[10]। ਲੋਕਨਿ ਕੇ ਬਸ ਕਰਿਬੇ ਹੇਤੁ। ਅਨਿਕ ਘਾਤ ਰਚਿ ਧਨ ਹਰਿ ਲੇਤਿ॥੨੭॥ ਅਸ ਅਜ਼ਮਤਵਾਨਨਿ ਬਿਰਮਾਏ[11]। ਨਹਿਂ ਪਰਲੋਕ ਗਤੀ ਲਖਿ ਪਾਏ। ਦੋਨਹੁੰ ਭੂਲਤਿ ਹੈਂ ਪ੍ਰਭੁ ਪੰਥਾ। ਜੋ ਉਪਦੇਸ਼ਕ ਅਰੁ ਲੇ ਸੰਥਾ[12] ॥੨੮॥ ਸਤਿਗੁਰ ਕੇ ਘਰਿ ਨਹਿਂ ਇਹ ਨੀਕੀ[13]। ਜਿਸ ਤੇ ਹੁਇ ਕੱਲਯਾਨ ਨ ਜੀ ਕੀ। ਨਾਟਕ ਚੇਟਕ ਕਰਿ ਦਿਖਲਾਵਨਿ। ਅਨਿਕ ਬਿਧਿਨਿ ਕਰ ਨਰ ਬਿਰਮਾਵਨਿ॥੨੯॥ਸੋ ਹਮ ਨੇ ਕਰਨੀ ਬਿਧਿ ਨਾਂਹਿ ਨ। ਕਰਾਮਾਤ

---

[1]ਅਸਮਾਨ ਵਰਗੇ। [2]ਚੰਦੋਏ। [3]ਚਾਰੋਂ ਪਾਸੀਂ ਚਿੱਤ੍ਰਕਾਰੀ ਦੀ ਰਚਨਾਂ ਰਚੀ ਹੈ। [4]ਛੱਬੇ। [5]ਤਕੀਆ। [6](ਜੋ ਸਿੰਘ)ਮਨ ਦੀ ਕੁਮਤ ਵਿਚ ਪਰੋਤਾ ਸਾਡਾ ਅੰਤ ਲੈਂਦਾ ਹੈ। [7]ਭਾਵ ਜੈਸਿੰਘ। [8]ਜ਼ਾਹਰ ਕੀਤੀ ਚਾਹੁੰਦਾ ਹੈ ਕਰਨਾ। [9]ਚਾਉ ਧਾਰਕੇ ਕੁਛ ਤੋਂ ਕੁਛ ਕਰਨ ਵਾਲੇ ਭਾਵ ਚੇਟਕੀ ਲੋਕ। [10]ਸੋ ਜਗਤ ਵਿਚ(ਆਪਣਾ)ਪ੍ਰਤਾਪ ਦਿਖਾਂਵਦੇ ਹਨ। [11]ਐਸੇ ਕਰਾਮਾਤੀਏ (ਜੋ ਲੋਕਾਂ ਨੂੰ) ਭਰਮਾਉਂਦੇ ਹਨ। [12]ਐਸੇ ਉਪਦੇਸ਼ ਦੇਣ ਵਾਲੇ ਤੇ ਸਿੱਖਿਆ ਲੈਣ ਵਾਲੇ ਦੋਵੇਂ ਰੱਬ ਦੇ ਰਸਤੇ ਤੋਂ ਖੁੰਝ ਜਾਂਦੇ ਹਨ। [13]ਭਾਵ ਕਰਾਮਾਤ ਦੱਸਣੀ ਦਿਖਲਾਦੇ ਲਈ ਤੇ ਲੋਕਾਂ ਨੂੰ ਵੱਸ ਕਰਨ ਲਈ।

ਦਿਖਰਾਵਹਿ ਕਾਹਿ ਨਾਇਕ ਅਵਿਲੋਕਤਿ ਦੂਸਰ ਚਾਹੈ[1]। ਪੁਨ ਕਰਿ ਹਹਿ ਕਿਸ ਕਿਸ ਕੋ ਪਾਹੈ ॥ ੩੦ ॥ ਪ੍ਰਥਮ ਇਸੀ ਕਾਰਨ ਕੋ ਜਾਨੇ। ਨਹਿ ਆਵਨਿ ਦਿੱਲੀ ਕਹੁ ਮਾਨੇ। ਇਸ ਕੋ ਪ੍ਰੇਮ ਜਾਨਿ ਚਲਿ ਆਏ। ਅਬਿ ਕਿਮ ਛਟਹਿੰ ਕੁਮਤਿ ਬਿਚਲਾਏ ॥ ੩੧ ॥ ਨਹਿ ਦੀਰਘ ਦਰਸੀ ਮਤਿਮੰਦ। ਨਹਿੰ ਚਾਹਤਿ ਪਰਲੋਕ ਅਨੰਦ। ਸੱਤਿਨਾਮ ਸਿਮਰਨਿ ਬਿਸਰਾਏ। ਪ੍ਰਭੁ ਮਾਯਾ ਅਤਿ ਪ੍ਰਬਲ ਭੁਲਾਏ ॥ ੩੨ ॥ ਸੇਵਾ ਸੰਤਨਿ ਕੀ ਸ਼ੁਭ ਕਰਿ ਕੈ। ਪ੍ਰਭੁ ਭਾਣੋ ਮੀਠੋ ਚਿਤ ਧਰਿ ਕੈ। ਹਉਮੈ ਤਜਿ ਸਿਮਰਨਿ ਹਰਿਨਾਮੁ। ਇਮ ਕਰਿ ਮਿਲਹਿ ਨਹੀਂ ਦੁਖ ਧਾਮ* ॥ ੩੩ ॥ ਅੰਮ੍ਰਿਤ ਤਜਿ ਬਿਖ ਗਹਿਬੇ ਦੌਰਹਿ। ਰੋਪਿ ਬੰਬੂਰ[2], ਕਲਪਤਰੁ ਤੋਰਹਿੰ। ਅਤਿ ਅਮੋਲ ਕਰ ਡਾਰਹਿੰ ਹੀਰਾ[3]। ਫਟਕ ਬਿਹਾਝਹਿੰ ਸ਼ੁਭ ਮਤ ਕੀਰਾ[4]– ॥ ੩੪ ॥ ਇਤਯਾਦਿਕ ਸੋਚਤਿ ਗਨ ਸੋਚਨਿ। ਜਨਮ ਮਰਨ ਕੀ ਸੋਚ ਬਿਮੋਚਨ[5]। ਨ੍ਰਿਪ ਕੋ ਆਵਨਿ ਸਮੈ ਪਛਾਨਿ। ਇਕ ਘਰ ਪ੍ਰਵਿਸ਼ੇ ਕ੍ਰਿਪਾ ਨਿਧਾਨ ॥ ੩੫ ॥ ਸਰਬ ਨਰਨਿ ਕੋ ਤਯਾਗਯੋ ਸੰਗਿ। ਭਏ ਇਕਾਕੀ ਗੁਰ ਇਕ ਰੰਗ। ਸਿਹਜਾ ਸੁੰਦਰ ਅੰਦਰ ਘਰ ਕੇ। ਮ੍ਰਿਦੁ ਡਸਵਾਇ ਪੌਢਿਬੋ ਕਰਿ ਕੇ ॥੩੬॥ ਸੂਖਮ ਬਿਸਦ ਬਸਤ੍ਰ ਤਨ ਲੈਕੇ। ਸ੍ਰੀ ਸਤਿਗੁਰ ਥਿਰਤਾ ਨਿਜ ਕੇ ਕੈ। ਗਤਿ ਲੋਕਨ ਕੀ ਕਰਤਿ ਬਿਚਾਰਨਿ।–ਬਿਨ ਸੁਧ ਅੰਧੇ ਪਾਵਹਿੰ ਪਾਰ ਨ ॥ ੩੭ ॥ ਬਿਸ਼ੈ ਬਿਹਾਰਨਿ[6] ਫਸੇ ਬਿਸਾਲਾ। ਜਾਇ ਨਰਕ ਪਕਰੇ ਜਮ ਜਾਲਾ। ਅਨਿਕ ਜੋਨਿ ਜਨਮਨਿ ਅਰੁ ਮਰਨੋ। ਮਤਿ ਮੂਰਖ ਨਹਿੰ ਕਰਿਬੇ ਹਰਨੋ ॥ ੩੮ ॥ ਚਾਹਤਿ ਹੈਂ ਅਜ਼ਮਤ ਕਹੁ ਦੇਖਾ। ਅਪਨੋ ਲਖਹਿੰ ਨ ਕਾਜ ਬਿਸ਼ੇਖਾ– ਸਦਨ ਕਪਾਟ ਅਸੰਜਤਿ ਕਰੇ[7]। ਅੰਤਰ ਸ੍ਰੀ ਹਰਿਕ੍ਰਿਸ਼ਨ ਸੁ ਥਿਰੇ ॥੩੯॥ ਲੋਕ ਨਿਕਟਿ ਤੇ ਸਕਲ ਹਟਾਏ। ਬੈਠੇ ਦੂਰ ਜਾਇ ਸਮੁਦਾਏ। ਤਿਨ ਕਪਾਟ ਕੀ ਸਿੰਖਲ ਭੇਰਿ[8]। ਅੰਤਰ ਟਿਕੇ ਰਹੇ ਤਿਸ ਬੇਰ ॥੪੦॥ ਦੋਹਰਾ॥ ਜੈਪੁਰਿ ਪਤਿ ਹਰਖਤਿ ਸੁ ਚਿਤ ਕਰਿ ਇਕਠੋ ਰਨਵਾਸ। ਚਹਤਿ ਲਜਾਇਬੋ ਸਤਿਗੁਰੂ ਨੰਮ੍ਰਿ ਹੋਇ ਕਰਿ ਦਾਸ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਸਿੰਘ' ਪ੍ਰਸੰਗ ਬਰਨਨੰ ਨਾਮ ਚੌਤਾਲੀਸਮੋ ਅੰਸੂ ॥ ੪੪ ॥

[1]ਇਕ ਦੇਖ ਕੇ (ਫਿਰ) ਦੂਸਰਾ ਚਾਹਵੇਗਾ (ਕਿ ਮੈਨੂੰ ਬੀ ਦਿਖਾਓ)। [2]ਲਗਾ ਕੇ ਕਿੱਕਰ। [3]......ਹੀਰਾ ਹੱਥੋਂ ਸੁੱਟ ਦਿੰਦੇ ਹਨ। [4]ਸ਼ੁਭ ਮਤਿ ਤੋਂ ਕੰਗਾਲ ਭਾਵ ਮੂਰਖ। [5]ਦੂਰ ਕਰਨ ਵਾਲੇ (ਸ੍ਰੀ ਗੁਰੂ ਜੀ)। [6]ਵਿਸ਼ਿਆਂ ਤੇ ਵਿਹਾਰਾਂ ਵਿਚ। [7]ਬੰਦ ਕਰ ਲਏ। [8]ਕੁੰਡੇ ਬੰਦ ਕਰਕੇ।

*ਪਾ:–ਸਹੀ ਸੁਖ ਧਾਮ।

## ੪੫. [ਜੈ ਸਿੰਘ ਗੁਰੂ ਜੀ ਨੂੰ ਲੈਣ ਆਯਾ]।

ਦੋਹਰਾ॥ਦਿਵਸ ਦੁਪਹਿਰੋ ਢਰਯੋ ਜਬਿ ਸਕਲ ਤਯਾਰ ਕਰਿਵਾਇ।ਜੈ ਸਿੰਘ ਛਿਤ ਪਤਿ ਤਜਿ ਸਦਨ ਨਿਕਸਯੋ ਬਹਿਰ ਸੁ ਆਇ ॥ ੧ ਚੌਪਈ ॥ ਸਿੰਘ ਪੌਰ ਮਹਿ ਆਇ ਥਿਰਯੋ ਹੈ। ਮੁਜਰੋ[1] ਨਰ ਪਰਧਾਨ ਕਰਯੋ ਹੈ।ਤਿਸ ਤਿਸ ਥਲ ਪਰ ਸਕਲ ਹਟਾਇ।ਸਾਦਰ ਸੋ ਕਹਿ ਕਹਿ ਬੈਠਾਇ॥੨॥ਏਕਾਕੀ ਆਗੇ ਚਲਿ ਆਯੋ। ਜਹਿਂ ਸਤਿਗੁਰ ਕੋ ਸਿਵਰ ਕਰਾਯੋ। ਆਨਿ ਪ੍ਰਵੇਸ਼ਯੋ ਪੌਰ ਮਝਾਰੇ। ਸਭਿ ਆਗੇ ਉਠਿ ਖਰੇ ਨਿਹਾਰੇ॥੩॥ਜੈਪੁਰਿ ਨਾਥ ਅਚਾਨਕ ਆਵਨਿ। ਲੋਕ ਬਿਲੋਕਤਿ ਭੇ ਬਿਸਮਾਵਨ। ਜਿਸ ਕੇ ਸਾਥ ਨ ਮਾਨਵ ਭੀਰ। ਸਭਾ ਪ੍ਰਵੇਸ਼ਨਿ ਕੇ ਨਹਿਂ ਚੀਰ ॥ ੪ ॥ ਕਹੈਂ ਆਪੋਂ ਅਬਿ–ਗਠੀ ਮਿਲੈਂਤੇ।–ਕਿਧੌਂ ਸ਼ਾਹੁ ਇਹ ਪਠਯੋ ਤੁਰੰਤੇ–।ਇਤ ਉਤ ਦੇਖਤਿ ਦ੍ਰਿਗਨਿ ਚਲਾਇ। ਕਿਸ ਥਲ ਪਿਖੇ ਨ ਗੁਰ ਸੁਖਦਾਇ ॥ ੫ ॥ ਸਿੱਖਯਨਿ ਸਾਥ ਨਾਥ ਜੈਪੁਰਿ ਕੇ। ਬੂਝਨਿ ਕਰੇ ਉਤਾਇਲ ਕਰਿਕੇ।'ਕਹਾਂ ਬਿਰਾਜੇ ਸੁਖਦ ਹਜ਼ੂਰ। ਡੇਰੇ ਬਿਖੈ ਕਿ ਗਮਨੇ ਦੂਰ॥੬॥ਨਿਜ ਥਲ ਨਹੀਂ ਦ੍ਰਿਸ਼ਟਿ ਮੁਝ ਆਇਂ। ਤੁਮ ਨਜ਼ਾਰੇ ਕਿਮ ਭੇ ਸਮੁਦਾਇ'। ਸੁਨਿ ਸਿੱਖਯਨਿ ਸਭਿ ਕਹਯੋ ਬੁਝਾਈ। 'ਇਸ ਘਰ ਅੰਤਰ ਪ੍ਰਵਿਸ਼ੇ ਜਾਈ ॥੭॥ ਏਕਾਕੀ ਹੁਇ ਸਕਲ ਹਟਾਇ।ਕੁਛ ਸਤਿਗੁਰ ਗਤਿ ਲਖੀ ਨ ਜਾਇ'।ਕਰਿ ਨਿਰਨੈ ਗਮਨਯੋ ਤਿਸ ਘਰ ਕੋ। ਜਾਤਿ ਬਿਚਾਰਤਿ ਸੰਸੇ ਉਰ ਕੋ ॥ ੮ ॥–ਕਿਸ ਕਾਰਨ ਤੇ ਇਮ ਗੁਰ ਹੋਇ। ਮੁਖ ਪ੍ਰਸੰਨ ਜਿਨ ਲਖਿ ਸਭਿ ਕੋਇ।ਮੈਂ ਅਬਿ ਕਰਿ ਕੈ ਸਰਬ ਪ੍ਰਕਾਰ।ਕਰੌਂ ਖੁਸ਼ੀ ਤਿਨ ਰਿਦੈ ਉਦਾਰ ॥੯॥ ਮਮ ਘਰ ਆਇ ਅਨੰਦਤਿ ਰਹੈਂ। ਤੌ ਕੱਲਯਾਨ ਹਮਾਰੋ ਅਹੈ–। ਨਿਕਟਿ ਕਪਾਟਨਿ ਕੇ ਜਬਿ ਗਯੋ। ਹਾਥਨਿ ਸਾਥ ਹਲਾਵਤਿ ਭਯੋ ॥੧੦॥ ਸਿੰਖਲ ਭਿਰੀ ਜਾਨਿ ਥਿਰ ਰਹਯੋ। ਚੋਬੂ ਹਕਾਰਨਿ ਕੇ ਤਬਿ ਕਹਯੋ। 'ਪ੍ਰਭੁ ਜੀ ! ਕਰਹੁ ਕਪਾਟ ਹਟਾਵਨਿ। ਦਾਸ ਜਾਨਿ ਦਿਹੁ ਦਰਸ਼ਨ ਪਾਵਨ'॥ ੧੧ ॥ ਦੁਇ ਤ੍ਰੈ ਬਾਰ ਹਕਾਰਨਿ ਕਰੇ। ਬੋਲੇ ਗੁਰ ਨ, ਮੌਨਤਾ ਧਰੇ। ਊਚੀ ਚੌਥੇ ਹਾਂਕ ਹਕਾਰੀ। 'ਗੁਰ ਜੀ ਕਰਹੁ ਕਪਾਟ ਉਘਾਰੀ ॥ ੧੨ ॥ ਜੈ ਪੁਰਿਪਤਿ ਮੈਂ ਦਾਸ ਤੁਮਾਰਾ। ਸ਼ਰਨ ਆਪ ਕੀ ਮਮ ਆਧਾਰਾ।ਮੈਂ ਅਲਪੱਗਯ ਭੁਲ ਕੁਛ ਹੋਈ। ਤੁਮ ਸਰਬੱਗਯ ਛਿਮਹੁ ਅਬਿ ਸੋਈ ॥ ੧੩ ॥ ਆਪ ਕਰਹੁ ਸਮੁਝਾਵਨਿ ਐਸੇ। ਸੁਤ ਸੋਂ

[1]ਨਮਸਕਾਰ।

ਕਹਤਿ ਪਿਤਾ ਹਿਤ ਜੈਸੋ।ਜੋ ਹਮ ਤੇ ਕੁਛ ਬਿਗਰਤਿ ਕਾਮੀ[1]।ਦਾਸ ਜਾਨਿ ਕਰਿ ਰੋਕਹੁ, ਸੁਾਮੀ !' ॥ ੧੪ ॥ ਇੱਤ੍ਯਾਦਿਕ ਜਬਿ ਭਾਖੀ ਬਿਨਤੀ।ਸੁਨਿ ਸਤਿਗੁਰ ਤਜਿ ਕਰਿ ਸਭਿ ਗਿਨਤੀ। ਸਿੱਖਲ ਛੋਰਿ ਕਪਾਟ ਉਘਾਰੇ। ਪੁਨ ਬੈਠੇ ਤਿਸ ਥਲ ਦੁਤਿਵਾਰੇ॥੧੫॥ਜੈਪੁਰਿਪਤਿਪ੍ਰਵੇਸ਼ਤਬਿਭਯੋ।ਅੰਤਰ ਹੋਇ ਦਰਸ ਗੁਰ ਲਯੋ।ਨੀਚੇ ਕਰੇ ਬਿਲੋਚਨ ਬੈਸੇ।ਊਪਰ ਦ੍ਰਿਸ਼ਟਿ ਕੀਨਿ ਨਹਿਂ ਕੈਸੇ॥੧੬॥ਨ੍ਰਿਪ ਬੰਦਨ ਕਰਿ ਥਿਤ ਭਾ ਪਾਸ।ਜੋਰਤਿ ਹਾਥ ਭਨਤਿ ਅਰਦਾਸ। ਤਰੇ ਤ੍ਰਸਾਵਨਿ ਕੁਛ ਨਹਿਂ ਕਰਨੇ। ਬੈਨਿ ਦੀਨ ਹੁਇ ਬਚਨ ਉਚਰਨੇ ॥੧੭ ॥ ਸ੍ਰੀ ਸਤਿਗੁਰ ! ਕਿਮ ਚਿੰਤ ਮਝਾਰੇ ? ਕੋ ਕਾਰਨ ਭਾ ਕਰਹੁ ਉਚਾਰੇ ? ਮੇਰੋ ਸਦਨ ਆਪਨੋ ਜਾਨਹੁ। ਸਭਿ ਪਰ ਮੁਖ ਤੇ ਹੁਕਮ ਬਖਾਨਹੁ॥੧੮॥ਅੰਤਹਪੁਰ ਮੈਂ ਦਾਸੀ ਗਨ ਹੈਂ। ਕਰਹਿਂ ਸਰਬ ਸੇਵਾ ਚਹਿਂ ਮਨ ਹੈਂ[2]।ਸੈਨਾ ਕੋਸ਼ ਦੇਸ਼ ਸਮੁਦਾਇ।ਸਕਲ ਆਪਕੇ ਲਖਹੁਂ ਸਦਾਇ॥੧੯॥ ਸਭਿ ਸਮਾਜ ਜੁਤਿ ਮੈਂ ਹੌਂ ਦਾਸ। ਚਹਹੁ,ਕਹੀਜਹਿ ਸੋ ਮਮ ਪਾਸ[3]। ਕੋ ਕੁਕਾਜ ਦਿਹੁ ਤਨਕ ਜਨਾਇ[4]।ਸਭਿ ਤਜਿ ਤਿਸ ਕੋ ਕਰੌਂ ਉਪਾਇ॥੨੦॥ ਸ਼ਾਹੁ ਸੰਗ ਰਾਖਨੋ ਰਸ ਰੰਗ। ਤਿਤ ਕੀ ਚਿੰਤ ਨ ਕਰਹੁ ਨਿਸ਼ੰਗ।ਸਭਿ ਕੇ ਕਾਰਜ ਆਪ ਪੁਜਾਵਹੁ। ਅਪਨੋ ਨੀਕੋ ਕਸੈਂ ਨ ਬਨਾਵਹੁ ॥ ੨੧ ॥ ਹਮਰੇ ਮਹਿਂ ਕਹਾ ਸ਼ਕਤਿ ਗੁਸਾਈਂ ! ਜੋ ਰਾਵਰ ਕੇ ਹੋਇਂ ਸਹਾਈ। ਕੇਵਲ ਦਾਸ ਦੇਨਿ ਬਡਿਆਈ। ਸ੍ਰੀ ਮੁਖ ਤੇ ਕੁਛ ਦਿਹੁ ਫੁਰਮਾਈ ॥ ੨੨ ॥ ਅਬਿ ਮਿਲਿਬੇ ਕਹੁ ਸ਼ਾਹੁ ਨ ਚਾਹਤਿ। ਤੁਮਰੀ ਮਰਜ਼ੀ ਬਿਖੈ ਉਮਾਹਤਿ।ਜੇ ਕਰਿ ਮੁਝ ਤੇ ਭਯੋ ਬਿਗਾਰੇ। ਛਿਮਹੁ ਆਪ ਦਿਹੁ ਬੁੱਧਿ ਉਦਾਰੇ* ॥੨੩॥ਲੇਨਿ ਨ ਦੇਨਿ ਨ ਦਰਸ਼ਨ ਤੁਰਕਾ। ਪ੍ਰਜਨੋ ਨੇਮ ਇਹ, ਕੀਨਿ ਜੁ ਧੁਰ ਕਾ'। ਇੱਤ੍ਯਾਦਿਕ ਸੁਨਿ ਕੈ ਨ੍ਰਿਪ ਬੈਨ। ਸ੍ਰੀ ਸਤਿਗੁਰੂ ਉਠਾਏ ਨੈਨ ॥ ੨੪ ॥ ਭੂਪਤਿ ਦਿਸ਼ਾ ਦੇਖਿ ਕਰਿ ਕਹਨੇ। 'ਗੁਰ ਸੇਵਤਿਨ ਜੁ ਛਪਾਵਨਿ ਚਹਨੇ।ਸੋ ਜਗ ਕੇ ਨਰ ਚਹਿਂ ਬਿਦਤਾਵਨਿ। ਪਰ ਪੂੰਜੀ ਕਹੁ ਕਰਿ ਦਰਸਾਵਨਿ ॥ ੨੫॥ ਕੋ ਅਪਨੋ ਧਨ ਦੇਹਿ ਦਿਖਾਇ[5]। ਕਰਿ ਉਪਾਇ ਸਭਿ ਲੇਹਿਂ ਦੁਰਾਈ। ਪਰ ਧਨ ਕੋ ਦੇਖਨਿ ਕੇ ਕਾਰਨ। ਕਰਹਿਂ ਅਨਿਕ ਬਿਧਿ ਜੋ

[1] ਕੰਮ। [2] ਸਾਰੀਆਂ ਮਨ ਵਿੱਚ ਚਾਹੁੰਦੀਆਂ ਹਨ ਕਿ ਸੇਵਾ ਕਰੀਏ। [3] (ਜੋ) ਵਸਤੂ ਚਾਹੀਦੀ ਹੋਵੇ ਸੋ ਮੇਰੇ ਪਾਸ ਕਹੋ। [4] ਕਿਹੜਾ ਕੰਮ ਖੋਟਾ ਹੋਇਆ ਹੈ ਰਤਾ ਮਾਤ੍ਰ ਜਣਾ ਦਿਓ। [5] ਕੌਣ ਆਪਣਾ ਧਨ ਦਿਖਾਉਂਦਾ ਹੈ।

*ਪਾ:-ਉਚਾਰੇ।

ਉਪਚਾਰਨਿ[1]॥੨੬॥ਧਨੀ ਨ ਆਛੋ ਮਾਨਹਿਂ ਤ੍ਾਂਹੀ ।ਅਨੁਸਾਰੀ ਹੁਇ ਦੁਖ ਤਿਸ ਨਾਂਹੀ[2]' । ਕਹ੍ਯੋ ਗੁਰੂ ਕੋ ਸਮੁਝ੍ਯੋ ਰਾਇ।ਤਊ ਠਟੀ ਬਿਧਿ ਕੋ ਚਿਤ ਚਾਇ ॥ ੨੭ ॥ ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ । 'ਸਭਿ ਅੰਤਹਿਪੁਰ ਜੋ ਮਮ ਨਾਰੀ । ਰਾਵਰ ਕੇ ਦਰਸ਼ਨ ਕੋ ਬਾਂਛਹਿ।ਸੁਨਿ ਸੁਨਿ ਸੁਜਸੁ ਸਭਿਨਿ ਤੇ ਆਛਹਿ ॥ ੨੮ ॥ ਬਹੁ ਤ੍ਯਾਰੀ ਕਰਿ ਕੈ ਰਣਵਾਸ । ਮੈਂ ਬਿਲੋਕਿ ਆਯੋ ਤੁਮ ਪਾਸ । ਹੋਹਿ ਅਵੱਗ੍ਯਾ ਛਮਾ ਕਰੀਜੈ । ਦਾਸ ਜਾਨਿ ਨਿਜ ਬਿਰਦ ਰਖੀਜੈ ॥ ੨੯ ॥ ਦਰਸ ਦੇਖਿਬੇ ਚਾਹ ਬਿਸ਼ੇਖਨਿ । ਸਭਿ ਹੀ ਕਰਹਿਂ ਪੰਥ ਕਉ ਦੇਖਨਿ । ਪੂਰਨ ਪੁਰਖ ਪ੍ਰੇਮ ਕੇ ਬਸਿ ਹੋ। ਅਪਰਨਿ ਕੇਰ ਸ਼ਿਰੋ-ਮਣਿ ਲਸ ਹੋ ॥ ੩੦ ॥ ਚਰਣਾਂਬੁਜ[3] ਕੋ ਪਾਇ ਨਿਕੇਤ । ਮੁਝ ਕੋ ਸਭਿ ਪਰਿਵਾਰ ਸਮੇਤ । ਕਰਹੁ ਕ੍ਰਿਤਾਰਥ ਦੀਨਾਨਾਥ ! ਸਿਰ ਪਰ ਧਰਹੁ ਸ-ਕਰੁਨਾ ਹਾਥ[4]॥੩੧॥ ਅਪਨੇ ਜਾਨਿ ਸੰਭਾਰਨਿ ਕਰੀਅਹਿ। ਬਿਘਨ ਅਨੇ-ਕਨਿ ਕੋ ਪਰਿਹਰੀਅਹਿ। ਜਥਾ ਪੁੱਤ੍ਰ ਨਿਜ ਪਿਤਾ ਅਗਾਰੀ। ਕਰਹਿ ਅਵੱਗ੍ਯਾ ਸੁਮਤਿ ਬਿਸਾਰੀ ॥ ੩੨ ॥ ਤਊ ਪਿਤਾ ਸੁ ਪ੍ਰਸੰਨਤਾ ਠਾਨਹਿ । ਅਵਗੁਨ ਜਾਨਿ ਰਿਦੈ ਨਹਿਂ ਆਨਹਿ । ਇਸ ਪ੍ਰਕਾਰ ਜੇ ਜਾਨਹੁ ਮੋਹੀ । ਤੌ ਹਮਰੋ ਸਭਿ ਬਿਧਿ ਭਲ ਹੋਹੀ ॥ ੩੩ ॥ ਅਵਗੁਨ ਮਨ ਮਹਿਂ ਕੋ ਨ ਚਿਤਾਰਹੁ । ਪਿਤਾ ਸਮਾਨ ਸਦਾ ਪ੍ਰਤਿਪਾਰਹੁ । ਅਬਿ ਰਣਵਾਸਹਿ[5]ਪੂਰਹੁ ਆਸਾ।ਮੈਂ ਦੇ ਕਰਿ ਆਯੋ ਭਰਵਾਸਾ' ॥ ੩੪ ॥ ਸ੍ਰੀ ਹਰਿਕ੍ਰਿਸ਼ਨ ਸੁਨੇ ਬਚ ਦੀਨ।ਫੇਰ੍ਯੋ ਜਾਇ ਨ ਬਾਕ ਪ੍ਰਬੀਨ।ਜੈਪੁਰਿਨਾਥ ਕੀਨਿ ਸੁਨਿ ਬਿਨਤੀ ਸਰਬ ਪ੍ਰਕਾਰ ਭਜੀ ਗੁਰ ਗਿਨਤੀ ॥ ੩੫ ॥ ਹੋਇ ਤ੍ਯਾਰ ਚਲਨਿ ਕਹੁ ਸਾਥ । ਭਰ੍ਯੋ ਹਰਖ ਹੇਰਤਿ ਨਰ ਨਾਥ। ਬਾਹਰ ਆਇ ਬੈਠੇ ਗੁਨ ਖਾਨੀ। । ਦਾਸਨਿ ਤੇ ਮੰਗਵਾਇਵ ਪਾਨੀ ॥ ੩੬ ॥ ਕਰ ਅਰੁ ਚਰਨ ਪਖਾਰਨਿ ਕਰੇ । ਬਦਨ ਪਖਾਰ੍ਯੋ ਅੰਜੁਲ ਭਰੇ । ਸਾਥ ਰੁਮਾਲ ਪੌਂਛਿਬੋ ਕੀਨਿ।ਸਿਰ ਚੀਰਾ ਬੰਧ੍ਯੋ ਦੁਤਿ ਭੀਨ ॥ ੩੭ ॥ ਊਪਰ ਸੁੰਦਰ ਜਿਗਾ ਸੁਧਾਰੀ । ਕੰਚਨ ਮਧ ਹੀਰਨਿ ਮੂਲ ਭਾਰੀ । ਸ੍ਰੀ ਗੁਰ ਕੇ ਸਿਰ ਪਰ ਸ਼ੁਭ ਸਾਜੇ । ਬਰ ਸਰੂਪ ਤੇ ਰਤਨ ਬਿਰਾਜੇ ॥ ੩੮ ॥ ਅਤਿ ਸੂਖਮ ਅੰਬਰ ਕੋ ਜਾਮਾ। ਗੋਟਾ ਲਗਾਏ

[1]ਜੋ ਜਤਨ ਕਰਦੇ ਹਨ । [2](ਪਰ ਜੋ) ਅਨੁਸਾਰੀ ਹੋਵੇ (ਭਾਵ ਪਰਾਇਆ ਧਨ ਦੇਖਣ ਦੀ ਚਾਹ ਨਾ ਰਖੇ) ਤਿਸਨੂੰ ਕੋਈ ਦੁਖ ਨਹੀਂ ਹੁੰਦਾ । [3]ਚਰਨ ਕਵਲ । [4]ਮੇਹਰ ਵਾਲਾ ਹੱਥ । [5]ਭਾਵ ਰਾਣੀਆਂ ਦੀ ।

ਦੁਕੂਲ ਭਿਰਾਮਾ।ਪਨਹੀ ਪਾਇਨਿ ਪਾਇ ਭਲੇਰੀ।ਸੁੰਦਰ ਸਜਤਿ ਸ ਜ਼ਰੀ[1] ਘਨੇਰੀ ॥੩੯॥ ਹਾਥ ਗਹੀ ਫੂਲਨਿ ਕੀ ਛਰੀ। ਬਹੁਤ ਮੋਲ ਕੀ ਸੋਭਤਿ ਖਰੀ। ਭਏ ਤਯਾਰ ਚਲਿਬੇ ਕਹੁ ਸਾਥ। ਦੇਖਤਿ ਹਰਖਯੋ ਜੈਪੁਰਿਨਾਥ ॥ ੪੦ ॥ ਸਭਿ ਸੇਵਕ ਤਹਿਂ ਬਰਜਨਿ ਕਰੇ। 'ਸਾਥ ਨ ਚਲਹੁ ਰਹਹੁ ਇਤ ਥਿਰੇ'। ਆਪ ਗ਼ਰੀਬ ਨਿਵਾਜ਼ ਸਿਧਾਰੇ। ਤਿਸ ਮੂਰਤਿ ਪਰ ਕਵਿ ਬਲਿਹਾਰੇ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਜੈ ਸਿੰਘ' ਪ੍ਰਸੰਗ ਬਰਨਨੰ ਨਾਮ ਪੰਚਤਾਲੀਸਮ ਅੰਸੂ ॥੪੫॥

## ੪੬. [ਪਟਰਾਣੀ ਪਛਾਣੀ]।

ਦੋਹਰਾ ॥ ਹੋਇ ਤਯਾਰ ਸ੍ਰੀ ਸਤਿਗੁਰੂ ਨਿਕਸੇ ਡੇਰਾ ਛੋਰਿ। ਸੰਗ ਨਰਿੰਦ ਅਨੰਦ ਧੁਤਿ ਚਲਿ ਅੰਤਹਿ ਪੁਰਿ ਓਰ ॥ ੧ ॥ ਚੌਪਈ ॥ ਸਾਦਰ ਬੋਲਤਿ ਸਤਿਗੁਰ ਸਾਥ। ਨਗਨ ਪੈਰ ਗਮਨਤਿ ਨਰ ਨਾਥ। ਸਿੰਘ ਪੌਰ ਜਬਿਹੂ ਚਲਿ ਆਇ। ਹੇਰਤਿ ਉਠੇ ਲੋਕ ਸਮੁਹਾਇ॥ ੨ ॥ ਰਾਜੇ ਕੋ ਸਭਿ ਮੁਜਰੋ[2] ਕਰੈਂ। ਗੁਰ ਕੇ ਚਰਨ ਕਮਲ ਸਿਰ ਧਰੈਂ। ਬੰਦਤਿ ਚਹੁੰ ਦਿਸ਼ਿ ਤੇ ਪ੍ਰਵਿਸ਼ਾਏ। ਅੰਤਰ ਗਏ ਸਦਨ ਸੁਧਰਾਏ ॥੩॥ ਪਿਖਯੋ ਚੌਂਕ ਚੌਕੋਨ ਸੁ ਚਾਰੂ। ਚਾਰਹੁ ਦਿਸ਼ਿਘਰ ਬਨੇ ਉਦਾਰੂ।ਪੁਨ ਸੋਪਾਨਨਿ[3] ਪਰ ਆਰੂਢੇ।ਮੰਦ ਮੰਦ ਸ੍ਰੀ ਗੁਰ ਗੁਨ ਗੂਢੇ॥੪॥ ਫੂਲ ਛਰੀ ਕੋ ਚਪਲ ਕਰੰਤੇ। ਕਬਹਿ ਭ੍ਰਮਾਇ ਉਤੰਗ ਉਠੰਤੇ। ਮੰਦਿਰ ਸੁੰਦਰ ਅੰਦਰ ਗਏ।ਚਿੱਤ੍ਰ ਬਚਿੱਤ੍ਰ ਜਹਾਂ ਬਹੁ ਕਿਏ ॥੫॥ ਉਪਬਨ ਲਿਖਯੋ ਫੂਲ ਫਲ ਨਾਨਾ। ਕੇਹਰਿ,ਕਰੀ[4],ਕੁਰੰਗ ਮਹਾਨਾ। ਕੀਰ[5],ਕਬੂ-ਤਰ,ਕੋਕਿਲ[6], ਕੇਕੀ[7]। ਮ੍ਰਿਗ,ਖਗ, ਸੁੰਦਰ ਬਰਨ ਅਨੇਕੀ ॥੬॥ ਅਧਿਕ ਉਤੰਗ ਸ਼ਿਖਰ ਜਿਨ ਕੇਰੇ। ਚਾਮੀਕਰ ਕੇ ਕਲਸ ਬਡੇਰੇ। ਮਨਹੁ ਸਰਦ ਰਿਤੁ ਕੇ ਘਨ ਸੋਹੈਂ।ਬਿਸਦ ਬਰਨ ਹੇਰਤਿ ਮਨ ਮੋਹੈਂ॥੭॥ਅਧਿਕ ਬਿਲੰਦ ਸਦਨ ਇਕ ਮਾਂਹੀ। ਤਨਯੋ ਚੰਦੋਵਾ ਬਹੁ ਦੁਤਿ ਜਾਂਹੀ।ਜ਼ਰੀਦਾਰ ਝਾਲਰ ਲਰਕੰਤੀ। ਰੇਸ਼ਮ ਕੀ ਡੋਰੈਂ ਜਿਸ ਅੰਤੀ[8] ॥ ੮ ॥ ਚੌਕੀ ਚੰਦਨ ਕੀ ਤਿਹ ਤਰੇ। ਤਿਸ ਸਨਮੁਖ ਨ੍ਰਿਪ ਨੇ ਗੁਰ ਕਰੇ। ਰਿਦੇ ਠਟੀ ਬਿਧਿ ਅਜ਼ਮਤ ਹੇਰਨਿ।ਮੁਖ ਤੇ ਬੈਠਨਿ ਹਿਤ ਕਰਿ ਪ੍ਰੇਰਨਿ॥੯॥ਤਨ ਸੁਮੱਧਮਾ[9], ਪੰਕਜ ਨੈਨੀ। ਕੀਰ ਨਾਸਕਾ[10], ਕੋਕਿਲ ਬੈਨੀ। ਦੁਤਿ ਕਮਨੀਯ[11]

[1]ਜ਼ਰੀ ਸਹਤ। [2]ਨਮਸਕਾਰ। [3]ਪੌੜੀਆਂ। [4]ਹਾਥੀ। [5]ਤੋਤੇ। [6]ਕੋਇਲਾਂ। [7]ਮੋਰ। [8]ਜਿਸ ਦੇ ਸਿਰੇ ਤੇ। [9]ਜੋਬਨ ਭਰੇ ਸਰੀਰ [ਸੰਸ:, ਮੱਧਮਾ=ਮੁਟਿਆਰ ਅਵਸਥਾ ਨੂੰ ਪ੍ਰਾਪਤ ਇਸਤ੍ਰੀ। ਸਮਧਜਮਾ=ਸੁੰਦਰ ਲੱਕ ਵਾਲੀ]। [10]ਤੋਤੇ ਵਤ ਨਾਸਾਂ ਵਾਲੀਆਂ। [11]ਸ਼ੋਭਾ ਜਿਨ੍ਹਾਂ ਦੀ ਮਨੋਹਰ ਹੈ [ਸੰਸ:, ਕਮਨੀਯ:]।

ਸੈਂਕਰਿ ਕਾਮਨਿ[1] । ਬੈਠੀ ਦੇਹ ਧਰੇ ਜਨੁ ਦਾਮਨਿ[2] ॥੧੦॥ ਬਰਨ ਬਰਨ ਕੇ ਅੰਬਰ ਬਰ ਹੈਂ। ਭਰੁਨ ਛਬੀਲੀ ਗਨ ਤਨ ਧਰਿ ਹੈਂ। ਬਸਤ੍ਰ ਬਿਭੂਖਨ ਮੋਲ ਬਡੇਰੇ।ਪਹਿਰੇ ਬੈਠੀ ਨਾਰਿ ਛੁਟੇਰੇ ॥੧੧॥ ਮੁਕਤਾ ਲਰੀ ਸੁ ਹੀਰਨਿ ਜਰੇ । ਚਾਮੀਕਰ[3] ਸੁੰਦਰ ਬਹੁ ਘਰੇ । ਬਿਨਾ ਪਟੰਬਰ ਭੀਯ ਨ ਕੋਈ । ਬਿਨਾ ਜਰਾਉ ਨ ਭੂਖਨ ਹੋਈ[4] ॥੧੨॥ ਬਸਤ੍ਰ ਬਿਭੂਖਨ ਬਿਖੈ ਸਮਾਨ । ਬਨਿ ਬੈਠਜੋ ਰਨਵਾਸ ਮਹਾਨ । ਸਰਬ ਸ਼ਿਰੋਮਨਿ ਸੁਠ ਪਟਰਾਨੀ।ਮਲਿਨ ਬੇਸ ਕਰ ਇੱਛਾ ਠਾਨੀ ॥੧੩॥–ਸਰਬ ਗਜਾਤ ਉਰ ਜੇ ਗੁਰ ਸ੍ਵਾਮੀ।ਸਭਿ ਘਟ ਘਟ ਕੇ ਅੰਤਰਜਾਮੀ । ਤੌ ਉਛੰਗ[5] ਮਮ ਬੈਠਹਿਂ ਆਈ । ਪਿਖਿ ਅਜ਼ਮਤ ਮੈਂ ਪਰਿਹੌਂ ਪਾਈ–॥੧੪॥ ਕਰੇ ਮਨੋਰਥ ਆਸ ਮਨ ਲੌਨੇ।ਬਿਨ ਆਸਨ ਬੈਠੀ ਵਿਚ ਕੌਨੇ । ਸ੍ਰੀ ਗੁਰ ਖੇਲਨਿ ਹੇਤੁ ਖਿਲੌਨੇ । ਅਸੁ[6] ਘਰਿਵਾਇ ਰਖੇ ਢਿਗ ਤੌਨੇ[7]॥੧੫॥ਚਾਮੀਕਰ ਕੇ ਪੰਚ ਬਨਾਏ[8]। ਹੀਰਨਿ ਮੁਕਤਾ ਬਿੰਦ ਜਰਾਏ । ਪੰਚ ਰਜਤ ਕੇ ਸੁੰਦਰ ਘਰੇ । ਜਨੁ ਕੁਦਤਿ ਅਸਵਾਰਨਿ ਤਰੇ॥੧੬॥ਪੰਚਮਿ੍ਤਕਾ ਕੇ ਕਰਿਵਾਏ।ਅਨਿਕ ਭਾਂਤਿਕੇ ਰੰਗ ਲਗਾਏ । ਬਸਤ੍ਰਨਿ ਸਾਥ ਅਛਾਦਨਿ ਕਰੇ ।–ਮਿਲੇ ਦੇਯ ਹੌਂ–ਚਿਗਨਿਜ ਧਰੇ ॥ ੧੭ ॥ ਸ੍ਰੀ ਸਤਿਗੁਰ ਜਬਿ ਕੀਨਿ ਪ੍ਰਵੇਸ਼ੁ । ਸਮੁਖ ਬਿਲੋਚਨ ਕਰੇ ਅਸ਼ੇਸ਼ੁ[9]।ਇੰਦੀਬਰ ਜਨੁ ਸੁੰਦਰ ਬਨੀ[10]।ਅਰਕ[11] ਬਿਲੋਕੇ ਬਿਕਸੀ ਘਨੀ ॥੧੮॥ ਏਕ ਬਾਰ ਸਭਿਹਿਨਿ ਕਰ ਜੋਰੇ । ਕਰੀ ਬੰਦਨਾ ਸਭਿ ਗੁਰ ਓਰੇ । ਨ੍ਰਿਪ ਆਇਸੁ ਤੇ ਬਾਲ ਕੁਲੀਨ[12]। ਨਿਜ ਨਿਜ ਥਲ ਥਿਤ ਰਚੀ ਉਠੀ ਨ॥੧੯॥ਨਿੰਮ੍ਰਿ ਹੋਇ ਹੇਰਤਿ ਗੁਰ ਸੂਰਤਿ।ਸੁੰਦਰ ਮ੍ਰਿਦੁਲ ਮਨੋਹਰ ਮੂਰਤਿ । ਬੈਠੀ ਅਬਲਾ ਸਭਿ ਧਰਿ ਮੌਨ । ਪੂਰਨ ਭਰਜੋ ਭੌਨ ਚਹੁੰਕੋਨ ॥ ੨੦ ॥ ਇਸਤ੍ਰਿਨਿ ਮਹਿਂ ਗੁਰ ਪ੍ਰਵਿਸ਼ੇ ਜਾਈ । ਫੂਲਛਰੀ ਨਿਜ ਹਾਥ ਉਠਾਈ।ਨਿਕਟਿ ਤ੍ਰਿਯਾ ਕੇ ਸਿਰ ਪਰ ਹਨੀ।'ਨਹਿਂ ਪਟਰਾਨੀ'ਮੁਖ ਇਮ ਭਨੀ॥੨੧॥ ਪੁਨ ਦੂਸਰ ਕੇ ਸੀਸ ਲਗਾਈ । 'ਨਹਿਂ ਇਹ', ਪੁਨ ਤੀਸਰ ਸਿਰ ਲਾਈ । ਇਸੀ ਰੀਤਿ ਸਭਿ ਕੇ ਸਿਰ ਮਾਰੇਂ । 'ਨਹਿਂ ਪਟਰਾਨੀ'

---

[1]ਇਸਤ੍ਰੀਆਂ। [2]ਮਾਨੋਂ ਬਿਜਲੀ ਸਰੀਰ ਧਾਰੀ ਬੈਠੀ ਹੈ। [3]ਸੋਨਾ। [4]ਭਾਵ ਗਹਿਣੇ ਸਾਰੇ ਜੜਾਊ ਸਨ। [5]ਗੋਦੀ। [6]ਘੋੜੇ। [7]ਉਸ ਨੇ। [8]ਪੰਜ ( ਘੋੜੇ ) ਸੋਨੇ ਦੇ ਬਣਵਾਏ ਸਨ। [9]ਸਾਰੀਆਂ ਨੇ। [10]ਮਾਨੋ ਕਵਲਾਂ ਦੀ ਸੁਹਣੀ ਬਗੀਚੀ ਹੈ। [11]ਸੂਰਜ ਭਾਵ ਗੁਰੂ ਜੀ। [12]ਕੁਲੀਨ ਇਸਤ੍ਰੀਆਂ।

ਮੁਖਹੁੰ ਉਚਾਰੈਂ ॥ ੨੨ ॥ ਸਭਿਨਿ ਉਲੰਘਤਿ ਜਾਤਿ ਅਗਾਰੀ । ਮੁਖ ਤੇ ਕਹੈਂ ਸੀਸ ਪਰ ਮਾਰੀ । ਅਬਲਾ ਘਨੀ ਸੰਘਨੀ ਬੈਸੀ । ਗਮਨਤਿ ਅੱਗੂ ਕਰਤਿ ਬਿਧਿ ਤੈਸੀ ॥ ੨੩ ॥ ਫੂਲ ਛਰੀ ਦਾਹਨ ਕਰ ਮਾਂਹੀ । ਤ੍ਰਿਯ ਪਰ ਬਾਂਮ[1] ਟਿਕਾਵਤਿ ਜਾਹੀਂ । ਉਲੰਘਿ ਉਲੰਘਿ ਸਗਰੋ ਰਨਵਾਸੇ । 'ਨਹਿ ਪਟਰਾਨੀ' ਮੁਖਹੁੰ ਪ੍ਰਕਾਸ਼ੇ॥੨੪॥'ਬਸਤ੍ਰ ਬਿਭੂਖਨ ਆਸਨ ਆਛੇ'[2]।ਕਹਿ ਇਮ ਤਜਾਗ ਚਲੇ ਤ੍ਰਿਯ ਪਾਛੇ।ਬਿਸਮਹਿ ਜੈਪੁਰਿ ਨਾਥ ਬਡੇਰੋ।ਪਾਛੇ ਚਲਤੋ ਜਾਤਿ ਗੁਰ ਹੇਰੇ ॥ ੨੫ ॥ ਸਭਿ ਅਬਲਾ ਮਨ ਮਾਨਿ ਅਚੰਭਾ ।—ਪ੍ਰਗਟ ਕਰਤਿ ਗੁਰ, ਕੀਨਿ ਜੁ ਦੰਭਾ—। ਪਟਰਾਨੀ ਸਭਿ ਕੇ ਪਸ਼ਚਾਤੀ । ਬੈਠੀ ਮਲਿਨ ਬੇਸ ਹਰਖਾਤੀ॥ ੨੬ ॥ ਭੌਨ ਕੋਨ ਮਹਿ ਮੌਨ ਮਹਾਨੀ । ਆਸਨ ਹੀਨ, ਆਸ ਗੁਰ ਠਾਨੀ[3]।ਚਲਤਿ ਚਲਤਿ ਤਿਸ ਨਿਕਟਿ ਪਹੂਚੇ।ਤਊ ਨ ਪਿਖਤਿ ਨੈਨ ਕਰਿ ਊਚੇ ॥ ੨੭ ॥ ਉਤਲਾਵਤਿ ਗੁਰ ਤਹਿਂ ਚਲਿ ਗਏ । ਦਾਰ ਮਹੀਪ[4] ਸਮੀਪੀ ਭਏ । ਖਰੇ ਹੋਇ ਕਹਿਂ ਸ੍ਰੀ ਮੁਖਬਾਨੀ । 'ਸਭਿਨਿ ਸ਼ਿਰੋਮਣਿ ਤੂੰ ਪਟਰਾਨੀ' ॥ ੨੮ ॥ ਸੁਨਤਿ ਸ਼੍ਰੋਨ ਉਰ ਭਈ ਪ੍ਰਮੋਦ ।ਗਹਿ ਪਦ ਪ੍ਰੇਮ ਬਿਠਾਰੇ ਗੋਦ।ਬਿਸਮਤ ਹੁਇ ਅਜਮਤ ਬਡ ਜਾਨੀ। 'ਸਤਿਗੁਰ ਧੰਨ' ਬਖਾਨੀ ਬਾਨੀ ॥੨੯॥ ਸ੍ਰੀ ਮੁਖ ਕਹਿ:—'ਤੂੰ ਉੱਤਮ ਤੀਯ । ਇਹਾਂ ਬੈਠਿਬੇ ਉਚਿਤ ਨ ਥੀਯ[5]।ਸ਼ੁਭ ਆਸਨ ਸ਼ੁਭ ਬਸਤ੍ਰ ਬਿਭੂਖਨ । ਧਰਿਬੇ ਜੋਗ ਸਦੀਵ ਅਦੂਖਨ ॥੩੦॥ ਮਹਾਂਰਾਜ ਕੀ ਤੂੰ ਪਟਰਾਨੀ । ਕਹਾਂ ਕਪਟ ਕਰਿਬੇ ਬਿਧਿ ਠਾਨੀ । ਉਠਿ ਕਰਿ ਸ਼ੁਭ ਆਸਨ ਥਿਤ ਹੂਜੇ।ਗੁਰ ਸੰਤਨਿ ਸੋਂ ਨਹਿਂ ਛਲ ਪੂਜੇ[6] ॥ ੩੧ ॥ ਇਸ ਕੋ ਫਲ ਤੁਮ ਕੋ ਹੁਇ ਬੁਰੋ । ਸੁਖਦ ਸੰਤਤੀ ਸੋਂ ਨਹਿਂ ਫਰੋ'[7] । ਅਸ ਕਹਿਤਨੋ ਮਹਿਖੀ[8] ਕਰਿ ਜੋਰੇ । ਧਰੀ ਭੇਟ ਖੇਲਨਿ ਗਨ ਥੋਰੇ ॥ ੩੨ ॥ 'ਤੁਮ ਨਿਤ ਰੁਚਿ ਕਰ ਇਨ ਸੋਂ ਖੇਲਤਿ । ਚਾਰੁ ਬਿਭੂਖਨ ਹਿਤ ਕਰਿ ਮੇਲਤਿ[9] । ਪੰਕਤਿ ਕਰਹੁ ਖਰੀ ਇਕਸਾਰ । ਪਰਚਤਿ ਰਹੁ ਹੇਰਤਿ ਬਹੁ ਬਾਰ॥੩੩॥ਮੈਂ ਸੁਨਿ ਕੈ ਇਸ ਰੀਤਿ ਸੁਭਾਵ । ਹੇਤੁ ਆਪ ਕੇ ਇਹ ਕਰਿਵਾਵ । ਸੁਪ੍ਰਸੰਨ ਹੁਇ ਕਰੁਨਾ ਕਰੀਅਹਿ ।

[1]ਖੱਬੇ ਪਾਸਿਓਂ । [2]ਗਹਿਣੇ ਬਸਤਰ ਤੇ ਆਸਨ ਚੰਗੇ ਹਨ (ਪਰ ਪਟਰਾਣੀ ਨਹੀਂ) । [3]ਘਰ ਦੇ ਕੋਨੇ ਵਿਚ ਮੂਲੋਂ ਚੁੱਪ ਚਾਪ ਭੁੰਜੇ ਬੈਠੀ ਪਰ ਗੁਰੂ ਜੀ ਦੀ ਆਸ ਠਾਣੀ ਹੋਈ ਹੈ । [4]ਰਾਜੇ ਦੀ ਇਸਤ੍ਰੀ ਦੇ । [5]ਇਥੇ ਬੈਠਣ ਦੇ ਯੋਗ ਨਹੀਂ ਹੈਂ । [6]ਪੁੱਜਦਾ ਨਹੀਂ ਛਲ । [7]ਸੁਖਦਾਈ ਉਲਾਦ ਨਾਲ ਫਲੇਂਗੀ ਨਹੀਂ । [8]ਪਟਰਾਣੀ ਨੇ । [9]ਪਾਂਵਦੇ ਹੋ ।

ਸੁਖਦਾਈ ਮੁਖ ਬਾਕ ਉਚਰੀਅਹਿ'॥੩੪॥ਸੁਨਿ ਮਹਿਖੀ ਤੇ ਗੁਰੂ ਨ ਬੋਲੇ। ਜੈਪੁਰਿਨਾਥ ਤਬੈ ਉਰ ਹੋਲੇ[1]।—ਸਰਜ ਸੁਭਾਇਕ ਜਿਮ ਇਹ ਕਹੈਂ। ਸੋ ਸਭਿ ਹੋਇ ਨਿਫਲ ਨਹਿੰ ਰਹੈ॥੩੫॥'ਸੰਤਤਿ ਸੁਖਦ ਨ ਹੋਇ ਤਿਹਾਰੇ*'। ਕੁਛਕ ਕੋਪ ਤੇ ਕੀਨਿ ਉਚਾਰੇ। ਬਿਨੈ ਭਨੌਂ ਅਬਿ ਬਖਸ਼ਹਿ ਮੋਹੀ[2]।ਜਿਸ ਤੇ ਸੁਰਤਿ, ਭਈ ਗਤਿ ਓਹੀ—॥ ੩੬ ॥ ਹਾਥ ਜੋਰਿ ਭੂਪਤਿ ਕਹਿ ਤਬੈ। 'ਗੁਰ ਜੀ ਬੈਠਹੁ ਚੌਂਕੀ ਅਬੈ। ਹਮ ਮਤਿਮੰਦ ਸਕਹਿ ਨਹਿ ਜਾਨਿ। ਰਾਵਰਿ ਮਹਿਮਾ ਮਹਾਂ ਮਹਾਨ॥੩੭॥ ਭੂਲ ਪਰੀ ਕਹੁ ਬਖਸ਼ਨਿ ਹਾਰੇ।ਹਮ ਸੇ ਪਤਿਤਨਿ ਕਰਹੁ ਉਧਾਰੇ'। ਅਸ ਕਹਿ ਨ੍ਰਿਪਤ ਉਛੰਗ[3] ਉਠਾਇ। ਚੰਦਨ ਚੌਂਕੀ ਪਰ ਬੈਠਾਇ ॥੩੮॥ ਸਭਿ ਰਣਵਾਸ ਆਇ ਤਹਿੰ ਖਰੀ।ਤੀ ਉਦਬਿਗਨ ਹੇਰਿ[4] ਨ੍ਰਿਪ ਡਰੀ। ਸਭਿ ਕਰ ਜੋਰਿ ਅਗਾਰੀ ਖਰੀ। ਭਾਂਤਿ ਭਾਂਤਿ ਬਿਨਤੀ ਮੁਖ ਰਰੀ ॥ ੩੯ ॥ 'ਹਮ ਸੇਵਕ ਸਭਿ ਕੇ ਤੁਮ ਸ੍ਵਾਮੀ। ਕ੍ਰਿਪਾਸਿੰਧੁ ਸਭਿ ਅੰਤਰਜਾਮੀ। ਮਹਿਮਾ ਲਖੀ ਨ ਜਾਇ ਤੁਮਾਰੀ। ਧਰਜੋ ਦੇਹਿ ਗੁਰ ਪਰਉਪਕਾਰੀ' ॥ ੪੦ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਜੈ ਸਿੰਘ' ਪ੍ਰਸੰਗ ਬਰਨਨ ਨਾਮ ਖਟਚਤਾਰਿੰਸਮੋ ਅੰਸੂ ॥ ੪੬ ॥

੪੭. [ਰਾਜਾ ਸਿੰਘ ਹੋਇਆ]।

ਦੋਹਰਾ ॥ ਸਭਿ ਅਬਲਾ ਕੇ ਸਹਿਤ ਨ੍ਰਿਪ ਡਰਜੋ ਬਾਕ ਸੁਨਿ ਸ੍ਰਾਪ*।ਚਹਤਿ ਪੁਨਹਿ ਕਰਿ ਅਨੰਦ ਕੋ, ਭਯੋ ਬੁਰੋ ਫਲ ਪਾਪ[5] ॥ ੧ ॥ ਚੌਪਈ ॥ ਤੂਸਤਿ ਭੂਪ ਨੇ ਪਾਗ ਉਤਾਰੀ। ਪਦ ਪੰਕਜ ਪਰ ਧਰੀ ਅਗਾਰੀ।ਹਾਥ ਜੋਰਿ ਹੁਇ ਦੀਨ ਮਹਾਨਾ। ਗੁਰ ਪ੍ਰਸੰਨ ਹਿਤ ਬਾਕ ਬਖਾਨਾ ॥ ੨ ॥ 'ਬਡਿਅਨਿ ਕੀ ਇਹ ਬਡ ਬਡਿਆਈ। ਬਖਸ਼ਹਿੰ ਦਾਸ ਭੂਲ ਜੇ ਜਾਈ। ਏਕ ਬਾਰ ਜੋ ਅਪਨੋ ਕਰਿਹੀਂ। ਨਹਿੰ ਅਵਗੁਨ ਤਿਨ ਕੇਰ ਨਿਹਰਿਹੀਂ ॥੩॥ ਸਾਗਰ ਨੇ ਬੜਵਾਨਲ ਧਾਰੀ। ਜਲ ਨਾਸਹਿ ਤਜਿ ਨਹੀਂ ਨਿਕਾਰੀ[6]। ਚੰਦ੍ਰ ਮੌਲ ਨੇ[7] ਚੰਦ੍ਰ ਧਰਜੋ ਸਿਰ। ਸਹਿਤ ਕਲੰਕ, ਨ ਕੀਨਸਿ ਪਰਹਰਿ[8] ॥ ੪ ॥ ਤੈਸੇ ਕ੍ਰਿਪਾ ਦ੍ਰਿਸ਼ਟਿ ਅਵਿਲੋਕਹੁ। ਅਵਗੁਨ ਦੇਖਿ ਕੋਪ ਕਹੁ ਰੋਕਹੁ। ਹਿਤ ਕੀ

[1] ਤੇ ਹੋਇਆ। [2] ਭਾਵ ਹੁਣ ਮੈਂ ਬਿਨੈ ਕਰਕੇ ਬਖਸ਼ਾ ਲਵਾਂ। [3] ਗੋਦੀ। [4] ਉਦਾਸ ਹੋਈਆਂ ਦੇਖਕੇ। [5] (ਪਤੀਆ ਲੋਕ ਰੂਪੀ) ਪਾਪ ਦਾ ਫਲ ਬੁਰਾ ਹੋਇਆ ਹੈ। [6] (ਜਲ ਦਾ) ਜਲਣਾ ਸਹਾਰਦਾ ਹੈ (ਪਰ ਆਪਣੇ ਵਿਚੋਂ) ਕਿਕਾਲ ਨਹੀਂ ਛੱਡਦਾ। [7] ਮੱਥੇ ਤੇ ਚੰਦ ਧਰਨ ਵਾਲੇ ਭਾਵ ਸ਼ਿਵਜੀ ਨੇ। [8] (ਚੰਦ)ਕਲੰਕ ਵਾਲਾ ਹੈ ਪਰ ਉਸਨੂੰ ਦੂਰ ਨਹੀਂ ਕੀਤਾ।

*ਪ੍ਰਾ: ਤ੍ਵਾ: ਵਿਚ ਇਸ ਸ੍ਰਾਪ ਦਾ ਜ਼ਿਕਰ ਨਹੀ ਹੈ, ਸਗੋਂ ਗੁਰੂ ਜੀ ਦੇ ਵਰ ਨਾਲ ਪਟਰਾਣੀ ਨੂੰ ਪੁੱਤ੍ਰ ਹੋਇਆ ਲਿਖਿਆ ਹੈ।

ਸਿੱਖਨਾ ਦੇਹੁ ਅਗਾਰੀ।ਚਰਣਾਂਮ੍ਰਿਤ ਲੈਬੇ ਇਛ ਧਾਰੀ॥੫॥ ਸਿੱਖਜ ਆਪਨੇ
ਕਰਹੁ ਗੁਸਾਂਈ। ਸਫਲ ਹੋਇ ਕਾਯਾਂ ਨਰ ਪਾਈ[1]। ਸੁਨਿ ਸਤਿਗੁਰ
ਬੋਲੇ ਮਤਿ ਧੀਰ। 'ਤੌ ਜੈ ਸਿੰਘ ਸਵਾਈ ਬੀਰ ! ॥੬॥ ਨਿਸ਼ਚਲ ਨਿਸ਼ਚੈ
ਨਿਤ ਚਿਤ ਜਿਨ ਕੇ। ਸ਼੍ਰੀ ਨਾਨਕ ਸੁਖਦਾਇਕ ਤਿਨਕੇ। ਅੰਗ ਸੰਗ
ਰਹਿ ਸਦਾ ਸਹਾਈ। ਹਲਤ ਪਲਤ ਮਹਿ ਪ੍ਰਭੁ ਹਿਤ ਦਾਈ ॥ ੭ ॥ ਸੰਸੇ
ਗ੍ਰਸਤ ਜਿਨਹੁੰ ਕੇ ਮਨ ਹੈਂ। ਕਬਹਿ ਅਸ਼ਰਧਾ ਸ਼੍ਰੱਧਾ ਜਨ ਹੈ[2]। ਨਿਜ
ਊਚੋ ਲਖਿ ਕਰਹਿੰ ਹੰਕਾਰ।ਜਿਮ ਅਵਨੀ ਥਲ ਤੁੰਗ ਉਦਾਰ ॥ ੮ ॥ ਪ੍ਰੇਮ
ਨੀਰ ਜਹਿਂ ਠਹਿਰਹਿ ਨਾਂਹੀ। ਸੇਵਾ ਬ੍ਰਿਖਿ[3] ਕਿਮ ਤਹਿਂ ਉਪਜਾਹੀ। ਸ਼੍ਰੇਯ
ਫਲਨਿ[4] ਤੌ ਪਈਅਹਿ ਕਹਾਂ। ਤ੍ਰਿਪਤਿ ਅਨੰਦ[5] ਨ ਸੁਪਨੇ ਤਹਾਂ ॥ ੯ ॥
ਅਪਰ ਕਹਾਂ ਕਹੀਐ ਤੁਝ ਸਾਥ।ਸਮੁਝਿ ਦੇਖਿ ਚਿਤ ਮਹਿਂ,ਨਰ ਨਾਥ !'।
ਸੁਨਿ ਨ੍ਰਿਪ ਕੁਛ ਲਜਾਇ ਦ੍ਰਿਗ ਨੀਚੇ। ਜਲ ਸੋਂ ਭਰੇ ਧਰਾ ਕਹੁ ਸੀਂਚੇ ॥
੧੦॥'ਸ਼੍ਰੀ ਸਤਿਗੁਰ ਪ੍ਰੇਰਕ ਸਭਿ ਜਨ ਕੇ। ਅੰਤਰ ਬਸਹੁ ਸੰਗ ਹੁਇ ਮਨ
ਕੇ। ਚਹਹੁ ਨਿਹਾਲ ਕਰਨਿ ਜਿਸ ਜੀ ਕੋ। ਤਿਸਹਿ ਪੰਥ ਦਿਖਰਾਵਹੁ
ਨੀਕੋ॥੧੧॥ਜਨੋਂ ਕਨੌਂ ਕਰਿ ਕੈ ਦਿਹੁ ਕੱਲਜਾਨ।ਦੋਸ਼ ਨ ਚਿਤਹੁ ਆਪਨੋ
ਜਾਨਿ। ਜਥਾ ਪਿਤਾ ਨਿਜ ਪੁੱਤ੍ਰ ਪਛਾਨ। ਸਭਿ ਬਿਧਿ ਕਰਿ ਚਾਹਤਿ
ਕਲਿਆਨ ॥੧੨॥ ਪਾਛਲ ਦੋਸ਼ ਛਿਮਹੁ ਪ੍ਰਭੁ ਮੇਰੇ। ਨੀਕੇ ਬਚਨ ਕਰਹੁ
ਤਿਹ ਫੇਰੇ। ਆਗੇ ਕੋ ਸ਼ੁਭ ਮਾਰਗ ਪਾਵਹੁ। ਚਰਣਾਂਮ੍ਰਿਤ ਦੇ ਚਰਨੀ
ਲਾਵਹੁ' ॥ ੧੩ ॥ ਬਿਨੈ ਸੁਨਤਿ ਸ਼੍ਰੀ ਗੁਰੂ ਉਚਾਰੀ। 'ਸੰਤਤਿ ਹੁਇ ਕੁਲ
ਚਲਹਿ ਤੁਮਾਰੀ। ਤਊ ਬੰਸ ਭਵ ਮਹਿਂ ਅਸ ਹੋਇ।ਕਿਤਿਕ ਪੁਸ਼ਤ ਮਹਿਂ
ਲਖੀਅਹਿ ਸੋਇ ॥ ੧੪ ॥ ਰਾਜ ਕਰਹਿ ਤੁਵ ਕੁਲ ਮਹਿ ਰਾਨੀ। ਮੁੱਖਜ
ਹੋਇ ਬਰਤੈ ਰਜਧਾਨੀ।ਨਿਜ ਮਹਿਖੀ[6]ਮੁਖਿ ਕਰਿ ਸਭਿ ਦਿਸ਼ਿ ਤੇ।ਹਮਰੀ
ਅਜ਼ਮਤ ਪਰਖਤਿ ਜਿਸ ਤੇ ॥ ੧੫ ॥ ਹੋਇ ਤਨਕ ਫਲ ਧਾਤੇ ਤੋਹੀ।
ਅਪਰ ਸਰਬ ਬਿਧਿ ਕੌ ਸੁਖ ਹੋਹੀ। ਹਮਰੀ ਸੇਵ ਕਰੀ ਸਭਿ ਭਾਂਤੀ।ਧਾਤੇ
ਸੁਖ ਲਹਿਂ ਸੀਤਲ ਛਾਤੀ ॥ ੧੬ ॥ ਬਧਹਿ ਤੇਜ ਹੁਇ ਨਾਮ ਬਡੇਰੋ।
ਭੋਗਹੁ ਰਾਜ ਸੁਜਸੁ ਬਹੁਤੇਰੋ। ਜਹਿਂ ਕਹਿਂ ਸਤਿਗੁਰ ਕਰੈਂ ਸਹਾਇ।ਐਖੀ
ਘਰੀ ਨ ਦੇਖਨਿ ਪਾਇਂ' ॥ ੧੭॥ ਕ੍ਰਿਪਾ ਸਨੇ ਸੁਨਿ ਬੈਨ ਅਮੋਲੇ। ਹਰਖ

[1]ਮਾਨੁਖ ਸਰੀਰ ਪਾਇਆ ਹੈ ਇਹ ਸਫਲ ਹੋਵੇ। [2]ਕਦੇ ਅਸ਼ਰਧਾ ਹੁੰਦੀ ਹੈ ਕਦੇ ਸ਼ਰਧਾ ਪੈਦਾ ਹੋ ਜਾਂਦੀ ਹੈ। [3]ਸੇਵਾ ਰੂਪੀ ਖੇਤੀ। [4]ਮੁਕਤਿ ਰੂਪੀ ਫਲ। [5]ਤ੍ਰਿਪਤੀ ਦਾ ਅਨੰਦ। [6]ਪਟਰਾਣੀ।

ਭਰਯੋ ਨ੍ਰਿਪ ਭਯੋ ਅਡੋਲੇ। ਤਤਛਿਨ ਪਾਵਨ ਜਲ ਮੰਗਵਾਇ। ਸ੍ਰੀ ਸਤਿਗੁਰ ਕੀ ਆਗਯਾ ਪਾਇ ॥ ੧੮ ॥ ਪਾਵਨ ਪੰਕਜ ਪਾਦ ਪਖਾਰੇ[1]। ਰਕਤ[2] ਮ੍ਰਿਦੁਲ ਮੰਜੁਲ[3] ਦੁਤਿਵਾਰੇ। ਅਧਿਕ ਭਾਵ ਤੇ ਪੀਵਨਿ ਕੀਨਸਿ। ਜੁਗਲ ਬਿਲੋਚਨ ਕੋ ਕਰਿ ਭੀਨਸਿ[4] ॥ ੧੯ ॥ ਬਹੁਰੋ ਕਰਯੋ ਚਢਾਵਨਿ ਸੀਸ। ਭਯੋ ਸਿੱਖਯ ਜੈ ਪੁਰੀ ਅਧੀਸ[5]। ਪੁਨ ਪਾਛੇ ਦੀਨਸਿ ਪਟਰਾਨੀ। ਕਰਯੋ ਪਾਨ ਬਹੁ ਉਰ ਹਰਖਾਨੀ ॥੨੦ ॥ ਤਿਸ ਪਾਛੇ ਸਗਰੋ ਰਨਵਾਸ। ਚਰਣਾਂਮ੍ਰਿਤ ਲੇ ਹਰਖ ਪ੍ਰਕਾਸ਼। ਪੁਨ ਰਾਜੇ ਧਰਿ ਭੇਟ ਜਵਾਹਰ। ਜੋਤਿ ਜਗਹਿ ਜਗਮਗ ਜਿਨ ਜ਼ਾਹਰ॥੨੧॥ਬੰਦਿ ਪਦਾਰਬਿੰਦ ਕਰ ਬੈਠੋ।ਕ੍ਰਿਤ ਕ੍ਰਿਤ ਮਾਨਯੋ ਰਿਦੈ ਅਨੰਦੋ।ਪੁਨ ਪਟਰਾਨੀ[6] ਭੇਟ ਚਢਾਈ।ਚਰਨ ਕਮਲ ਪਰ ਸਿਰ ਕੋ ਛ੍ਹਾਈ ॥ ੨੨ ॥ ਬਹੁਰ ਭਾਰਜਾ[7] ਸਭਿ ਨ੍ਰਿਪ ਕੇਰੀ। ਧਰੀ ਆਨਿ ਦੀਨਾਰ ਘਨੇਰੀ। ਰਿਦੇ ਪ੍ਰੇਮ ਕਰਿ ਹੁਇ ਬਲਿਹਾਰੀ। 'ਧੰਨ ਧੰਨ ਗੁਰ ਧੰਨ' ਉਚਾਰੀ ॥ ੨੩ ॥ ਦੁਇ ਘਟਿਕਾ ਬਾਸੁਰ ਜਬਿ ਰਹ੍ਯੋ। ਹਿਤ ਭੋਜਨ ਕੇ ਭੂਪਤਿ ਕਹ੍ਯੋ। ਲੇਹਜ ਆਦਿਕ ਚਾਰ ਪ੍ਰਕਾਰਾ[8]।ਕੰਚਨ ਥਾਲ ਪਰੋਸਿ ਅਹਾਰਾ ॥ ੨੪ ॥ ਖਟ ਰਸ ਕੇ ਬਿੰਜਨ ਅਨਵਾਇ। ਨਿਜ ਹਾਥਨਿ ਕਰਿ ਧਰੇ ਬਨਾਇ। ਕਰਹਿ ਭਾਉ ਸੋਂ ਬਹੁ ਬਿਧਿ ਸੇਵਾ। ਜਯੋਂ ਸੁ ਪ੍ਰਸੰਨ ਹੋਇਂ ਗੁਰਦੇਵਾ ॥ ੨੫ ॥ ਕਹਿ ਕਹਿ ਸ੍ਵਾਦ ਅਨੇਕ ਪ੍ਰਕਾਰਾ। ਕਰਹਿ ਪਰੋਸਨਿ ਬਿਬਿਧ ਅਹਾਰਾ। ਸੀਤਲ ਨੀਰ ਸੁਗੰਧ ਝਕੋਰਾ। ਨਿਜ ਕਰ ਭਰਿ ਕਰਿ ਦੇਤਿ ਕਟੋਰਾ ॥ ੨੬ ॥ ਭੂਪ ਭਾਵਨਾ ਭੂਰ ਭਲੇਰੀ। ਸ੍ਰੀ ਹਰਿਕ੍ਰਿਸ਼ਨ ਸ਼ੁੱਧ ਉਰ ਹੇਰੀ। ਕਰਯੋ ਅਹਾਰ ਸ੍ਵਾਦ ਜਿਸ ਘਨੋਂ। ਮਧੁਰ ਸਨਿਗਧ ਸੁਗੰਧਹਿ ਸਨੋ ॥ ੨੭ ॥ ਤ੍ਰਿਪਤਿ ਹੋਇ ਗੁਰ ਹਾਥ ਪਖਾਰੇ। ਨਾਗ੍ਰਬੇਲ[9] ਨ੍ਰਿਪ ਕੀਨਿ ਅਗਾਰੇ। ਇਲਾ[10] ਆਦਿ ਜਿਹ ਸਾਥ ਮਿਲਾਈ। ਲੇ ਕਰਿਮੁਖ ਮੋਂ ਪਾਇ ਚਬਾਈ॥੨੮॥ਪੁਨ ਸਤਿਗੁਰਨੇ ਨ੍ਰਿਪ[11]ਦਸਤਾਰ। ਇਕ ਦਿਸ਼ਿ ਤੇ ਨਿਜ ਕਰ ਮੈਂ ਧਾਰਿ। ਕੀਨਿ ਬੰਧਾਵਨਿ ਕਰੁਨਾ ਠਾਨਿ। ਕਹਿ ਬਚ ਮਧੁਰ ਕਰਯੋ ਸਵਧਾਨ ॥ ੨੯ ॥ ਅਪਨੀ ਸਿੱਖੀ ਬਖਸ਼ਨਿ ਕਰੀ। ਪੂਰ ਭਾਵਨਾ ਨ੍ਰਿਪ ਕੀ ਕਰੀ। ਦੀਨਹੁ ਸਕਲ ਪ੍ਰਕਾਰ ਦਿਲਾਸਾ।

---

[1]ਪਵਿੱਤ੍ਰ ਚਰਨ ਕਵਲ ਧੋਤੇ। [2]ਲਾਲ। [3]ਉੱਜਲ। [4]ਭੇਉਂਣਾਂ ਕੀਤਾ। [5]ਰਾਜਾ। [6]ਪਟਰਾਣੀ ਨੇ। [7]ਇਸਤ੍ਰੀਆਂ। [8]ਲੇਹਜ, ਚੋਸ਼, ਭੱਖ, ਭੋਜ। [9]ਪਾਨ। [10]ਇਲਾਚੀਆਂ [ ਸੰਸ:, ਏਲਾ ]। [11]ਰਾਜੇ ਨੂੰ।

ਹਲਤ ਪਲਤ ਰਖਿ ਗੁਰ ਭਰਵਾਸਾ ॥ ੩੦ ॥ ਬਿਦਾ ਹੋਇ ਨਿਕਸੇ ਤਜਿ ਮੌਨ । ਦੇਖਤਿ ਸਭਿ ਨਰ ਬੰਦਤਿ ਔਨ[1] । ਫੂਲ ਛਰੀ ਕਹੁ ਹਾਥ ਮਝਾਰ। ਚੰਚਲ ਕਰਤਿ ਚਲਤਿ ਸੁਖ ਸਾਰ ॥ ੩੧ ॥ ਆਇ ਆਪਨੇ ਸਿਵਰ ਪ੍ਰਵੇਸ਼ੇ । ਇਮ ਪੂਰੇ ਨ੍ਰਿਪ ਕਾਜ ਅਸ਼ੇਸ਼ੇ । ਅਪਨਿ ਭਾਰਜਾ ਸੋਂ ਮਿਲਿ ਪਾਛੇ।ਅਜ਼-ਮਤ ਕੀ ਬਾਤਨਿ ਕਹਿ ਆਛੇ ॥ ੩੨ ॥ 'ਸਭਿ ਮਹਿ ਬਯਾਪ ਰਹੇ ਸਤਿਗੁਰ ਹੈਂ। ਜਾਨ ਜਾਤਿ ਜੋ ਠਾਨਤਿ ਉਰ ਹੈਂ[2] । ਛਪੀ ਸਭਿਨਿ ਤੇ ਕੌਨ ਮਝਾਰੀ। ਬੈਠੀ ਮਲਿਨ ਬੇਸ ਕੋ ਧਾਰੀ ॥ ੩੩ ॥ ਮਨ ਕੀ ਠਗੀ ਜਾਨਿ ਕਰਿ ਸੋਈ। ਗਏ ਉਲੰਘਤਿ ਤ੍ਰਿਯ ਸਭਿ ਕੋਈ । ਤੂਰ ਉਛੰਗ ਮਹਿ ਬੈਠੇ ਜਾਈ ।–ਮਹਿਖੀ[3] ਤੂੰ–ਕਹਿ ਸਕਲ ਸੁਨਾਈ ॥੩੪॥ ਧੰਨ ਗੁਰੂ ਸਾਹਿਬ ਅਜ਼ਮਤ ਕੇ। ਸਭਿ ਥਲ ਰਾਖੇ ਦਾਸਨਿ ਪਤਿ ਕੇ[4]' । ਇਮ ਗੁਰ ਪਾਛੇ ਸਤੁਤਿ ਬਖਾਨੀ। ਭੂਪਤਿ ਮਹਿਖੀ ਅਰੁ ਸਭਿ ਰਾਨੀ ॥ ੩੫ ॥ ਅਪਨੇ ਸੇਵਕ ਨ੍ਰਿਪਤਿ ਬੁਲਾਇ। ਸਕਲ ਉਪਾਇਨ ਕਰਿ ਇਕਠਾਇ। ਰੁਚਿਰ ਜਵਾਹਰ ਅਰੁ ਦੀਨਾਰ। ਪਸ਼ਮੰਬਰ ਪਾਟੰਬਰ ਚਾਰੁ ॥ ੩੬ ॥ ਗੁਰ ਡੇਰੇ ਮਹਿਂ ਸਕਲ ਪਠਾਇ। ਲੇ ਕੌਸ਼ਪ ਨੇ ਨਿਕਟਿ ਰਖਾਇ । ਸ੍ਰੀ ਗੁਰ ਡੇਰੇ ਬਿਖੈ ਬਿਰਾਜੇ। ਜਿਨ ਕੇ ਦਰਸ਼ਨ ਸਭਿ ਅਘ ਭਾਜੇ ॥ ੩੭ ॥ ਆਵਹਿ ਦਿੱਲੀ ਪੁਰਿ ਕੀ ਸੰਗਤਿ। ਬੰਦਤਿ ਨਾਨਾ ਸੁਖ ਕੋ ਮੰਗਤ। ਦਿਨ ਪ੍ਰਤਿ ਬਹੁਤ ਉਪਾਇਨ ਆਨਹਿ। ਪਾਵਨ ਪੰਕਜ ਪਾਇਨਿ ਮਾਨਹਿ ॥ ੩੮ ॥ ਇਕ ਸਤਿਗੁਰ ਸਭਿਹਿਨਿ ਕਹੁ ਦਾਤਾ। ਸੇਖ ਲੇਤਿ ਜਿਨ ਮਨ ਪਦ ਰਾਤਾ।ਸੱਤਯ ਨਾਮ ਦੇ ਪੰਥ ਬਤਾਵਹਿ।ਤਯਾਗ ਬਿਕਾਰ ਸਾਧੁ ਸੁਖ ਪਾਵਹਿ ॥ ੩੯ ॥ ਪੁਨ ਸ੍ਰੀ ਸਤਿਗੁਰ ਰਿਦੈ ਬਿਚਾਰੀ। ਕੀਨਸਿ ਕਾਂਯਾਂ ਤਯਾਗਨਿ ਤਯਾਰੀ। ਹੋਨਹਾਰ ਕੋ ਸਮੋ ਪਛਾਨਿ।ਚਾਹਿਤਿ ਹੋਯਹੁ ਅੰਤਰ ਧਯਾਨ॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਸਿੰਘ ਜੀ' ਪ੍ਰਸੰਗ ਬਰਨਨ ਨਾਮ ਸੈਤਾਲੀਸਮੋ ਅੰਸੂ ॥ ੪੭ ॥

## ੪੮. [ਸ੍ਰੀ ਗੁਰੂ ਜੀ ਦੇ ਸਰੀਰ ਨੂੰ ਖੇਦਲ । ਸ਼ਹਿਰੋਂ ਬਾਹਰ ਡੇਰਾ]।

ਦੋਹਰਾ ॥ ਰਿਦੇ ਬਿਚਾਰਨੋ ਸਤਿਗੁਰੂ–ਨ੍ਰਿਪ ਅਜ਼ਮਤ ਲਖਿ ਲੀਨ। ਕਰਹਿ ਬਿਦਤਿ ਸਭਿਹਿਨਿ ਬਿਖੈ ਸ਼ਾਹੁ ਆਦਿ ਲੇਂ ਚੀਨ ॥੧॥ਚੌਪਈ॥ ਤੁਰਕੇਸ਼ੁਰ ਸੰਗ ਮਿਲਹਿਂ ਨ ਕੈਸੇ। ਨੇਮ ਨਿਬਾਹਨਿ ਕਰਿ ਹੈਂ ਐਸੇ। ਸੁਨਹਿ ਭੂਪ ਤੇ

---

[1] ਧਰਤੀ ਤੇ । [2] ਜੋ ਚਿੱਤ ਵਿਚ ਧਾਰੀਏ ਸੋ ਜਾਣ ਜਾਂਦੇ ਹਨ। [3] ਪਟਰਾਣੀ । [4] ਦਾਸਾਂ ਦੀ ਸਭ ਥਾਂ ਪਤ ਰੱਖਣ ਵਾਲੇ ਹਨ।

ਗਾਹੁ[1] ਬਹੁ ਕਰੈ। ਮਿਲਿਬੇ ਹੇਤੁ ਜਤਨ ਕੋ ਧਰੈ ॥੨॥ ਦੁਤੀਏ ਭ੍ਰਾਤਾ ਸੁਪ੍ਰਕਾਸ਼ਾ। ਜਿਸ ਕੇ ਮੁਖ ਮਹਿਂ ਗੁਰ ਕੋ ਬਾਸਾ। ਕਹਿਬੇ ਸਾਚ ਬਨਹਿ ਤਿਸ ਚੇਰਾ। ਰਿਦੈ ਨਹੀਂ ਸਤਿਗੁਰ ਕੋ ਡੇਰਾ ॥ ੩ ॥ ਜਿਸਤੇ ਮਤਸਰ ਰਿਸ ਤੇ ਆਦਿ।ਉਪਜਹਿ ਉਰ ਮਹਿਂ ਠਾਨਹਿਂ ਬਾਦ।ਪੁਨ ਸ੍ਰੀ ਤੇਗ ਬਹਾਦਰ ਭ੍ਰਾਤੈ। ਗੁਰਿਆਈ ਸੋ ਪਾਇਂ ਉਦਾਰੇ ॥੪॥ ਸ੍ਰੀ ਹਰਿਗੋਵਿੰਦ ਬਡੇ ਹਮਾਰੇ। 'ਹੋਹਿਂ ਗੁਰੂ[2] ਇਹ' ਬਾਕ ਉਚਾਰੇ—। ਇੱਤਯਾਦਿਕ ਕਾਰਨ ਬਹੁ ਜਾਨਿ।ਚਾਹਤਿ ਚਿਤ ਪ੍ਰਲੋਕ ਕੋ ਜਾਨਿ॥੫॥ਸੋ ਰਜਨੀ ਕਰਿ ਬਾਸ ਬਿਤਾਈ।ਜਾਮ ਰਹੀ ਤੋ ਉਠੇ ਗੁਸਾਈਂ। ਸੌਚ ਸ਼ਨਾਨੇ ਭਈ ਪ੍ਰਭਾਤੀ। ਕੀਰਤਨ ਸੁਨਤਿ ਦਾਸ ਢਿਗ ਪਾਂਤੀ ॥ ੬ ॥ ਤਨ ਮਹਿਂ ਤਪ[3] ਤਬਿ ਹੀ ਹੁਇ ਆਵਾ। ਪਰੇ ਪ੍ਰਯੰਕ ਬਦਨ ਅਲਸਾਵਾ। ਮਾਤਹਿ ਜਾਇ ਬਿਲੋਕਨਿ ਕੀਨੇ। ਅਤਿਸ਼ੈ ਚਿਤ ਚਿੰਤਾ ਮਹਿਂ ਭੀਨੇ ॥ ੭ ॥ ਕਹਤਿ ਭਈ 'ਤੁਮ ਦਰਸ਼ਨ ਕਰੇ। ਰੋਗ ਅਨੇਕਨਿ ਕੇ ਪਰਹਰੇ। ਸ੍ਰੀ ਨਾਨਕ ਗਾਦੀ ਪਰ ਆਪ। ਜਗ ਕੇ ਨਾਸਹੁ ਪਾਪ ਸੰਤਾਪ ॥ ੮ ॥ ਸੰਗਤਿ ਕੋਟਿ ਭਰੋਸਾ ਧਰੈ। ਕਸ਼ਟ ਦੁਹੂੰ ਲੋਕਨਿ ਕੇ ਹਰੈਂ। ਕਹਾਂ ਖੇਲ ਇਹ ਆਪ ਉਪਾਯੋ। ਜਿਸ ਕੋ ਦੇਖੇ ਭਰਮ ਉਪਾਯੋ' ॥ ੯ ॥ ਇੱਤਯਾਦਿਕ ਭਾਖਹਿ ਕਰਿ ਪ੍ਰੇਮ। ਭਈ ਸਚਿੰਤ ਚਹਿਤ ਸੁਤ ਛੇਮ। ਸ੍ਰੀ ਹਰਿਕ੍ਰਿਸ਼ਨ ਕਹਨੋ ਤਿਹ ਸਮੈਂ। 'ਤਯਾਰੀ ਕਰਹੁ ਬਹਿਰ ਹਮ ਗਮੈਂ ॥ ੧੦ ॥ ਡੇਰਾ ਅਪਰ ਥਾਨ ਹੀ ਕਰੈਂ। ਇਹਾਂ ਨ ਚਿਤ ਅਨੰਦ ਕੋ ਧਰੈ'। ਸੁਨਤਿ ਦਾਸ ਵਾਹਿਨ ਕਰਿ ਤਯਾਰੀ। ਸਨੇਦਨ ਸਿਵਕਾ ਸੁਖ ਅਸਵਾਰੀ ॥੧੧॥ ਆਨਿ ਦਈ ਸੁਧ 'ਭੇ ਸਭਿ ਤਯਾਰੇ।ਖਰੇ ਪੌਰ ਪਰ ਸਾਜ ਸੁਧਾਰੇ'। ਤਤਛਿਨ ਸੁਨਿ ਕੈ ਸਤਿਗੁਰ ਪੂਰੇ।ਗਮਨੇ* ਚਰਨ ਕਮਲ ਜਿਨ ਰੂਰੇ ॥ ੧੨ ॥ ਛਾਦਿ ਬਸਤ੍ਰ ਤੇ ਸਰਬ ਸ਼ਰੀਰਾ। ਨਿਕਸੇ ਪੌਰ,ਸੰਗ ਜਿਨ ਭੀਰਾ।ਸਿਵਕਾ ਪਰ ਹ੍ਵੈ ਕਰਿ ਅਸਵਾਰ।ਲੇ ਆਇਸੁ ਧਰਿ ਕੰਧ ਕਹਾਰ ॥੧੩॥ ਜਹਾਂ ਜੋਗ ਮਾਯਾ ਕੇ ਮੰਦਰ†।ਪੂਜਹਿ ਲੋਕ ਕਾਲਕਾ†ਅੰਦਰ।ਦੇ ਆਗਾਨ

[1]ਖਿਆਲ। (ਅ) ਹਠ। [2]ਭਾਵ ਸ੍ਰੀ ਗੁਰੂ ਤੇਗਬਹਾਦਰ ਜੀ ਗੁਰੂ ਹੋਣਗੇ। [3]ਤਾਪ।

*ਜਿਸ ਥਾਂ ਹੁਣ ਤੱਕ ਆਪਦਾ ਡੇਰਾ ਸੀ ਇਥੇ ਬੰਗਲਾ ਸਾਹਿਬ ਨਾਮੇ ਗੁਰਦੁਆਰਾ ਵਿਦਮਾਨ ਹੈ। ਇਸ ਇਲਾਕੇ ਨੂੰ ਤਦੋਂ ਜੈਪੁਰਾ ਕਹਿੰਦੇ ਸ਼ਨ, ਪਰ ਹੁਣ ਜੋ ਸਿੰਘ ਰੋਡ ਨਾਮ ਹੈ ਤੇ ਗੁਰਦੁਆਰਾ ਇਸ ਸੜਕ ਤੇ ਛਾਵਨੀ ਦੀ ਸੜਕ ਦੇ ਵਿਚਾਲੇ ਹੈ।

†ਕਵੀ ਜੀ ਨੇ 'ਜੋਗ ਮਾਯਾ ਦਾ ਮੰਦਰ, ਕਾਲਕਾ ਦਾ ਮੰਦਰ ਸਮਝਿਆ ਹੈ।

([illegible] ਪੰਨੇ ਦੇ [illegible])

ਤਿਤ ਓਰ ਚਲਾਇ। ਪੀਛੇ ਆਇ ਦਾਸ ਸਮੁਦਾਇ ॥ ੧੪ ॥ ਸਨੈ ਸਨੈ ਚਲਿਵਾਇ ਕਹਾਰ। ਪਹੁੰਚੇ ਦੇਵੀ ਕੇ ਦਰਬਾਰ। ਤ੍ਯਾਗਿ ਪਾਲਕੀ ਅੰਤਰ ਬਰੇ। ਪੌਰ ਕਿਵਾਰ ਅਸੰਜਤਿ ਕਰੇ[1] ॥ ੧੫ ॥ ਮਾਨਵ ਰਹਨੇ ਨਹੀਂ ਤਹਿ ਕੋਇ।ਬੈਠੇ ਗੁਰੂ ਇਕਾਕੀ ਹੋਇ।ਤ੍ਰੈਦ ਜਾਮ ਲੌ ਅੰਤਰ ਥਿਰੇ।ਬਾਕ੍ਯਬਿਲਾਸ ਕਛੂ ਤਹਿ ਕਰੇ ॥ ੧੬॥ ਇਤਿ ਜੈ ਸਿੰਘ ਸੁਨੀ ਸਭਿ ਬਾਤੀ। 'ਗੁਰ ਚਢਿ ਗਏ ਵਹਿਰ ਕਿਸ ਭਾਂਤੀ'। ਨਿਜ ਪਰਧਾਨ ਪਠਯੋ ਸਹਿਸਾਹੀ। ਆਯਹੁ

[1]ਬੰਦ ਕੀਤੇ।

[ਪਿਛਲੇ ਪੰਨੇ ਦੀ ਬਾਕੀ ਟੂਕ]

'ਜੈ ਪੁਰੇ' ਯਾ 'ਜੈ ਸਿੰਘ ਪੁਰੇ' ਦੇ ਕਿਤੇ ਨੇੜੇ ਤੇੜੇ ਖਿਆਲ ਕੀਤਾ ਹੈ, ਪਰੰਤੂ ਇਹ ਮੰਦਰ ਬੰਗਲਾ ਸਾਹਿਬ ਤੋਂ,ਜਿੱਥੇ ਗੁਰੂ ਹਰਿਕ੍ਰਿਸ਼ਨ ਜੀ ਠਹਿਰੇ ਸਨ, ਲਗਪਗ ਅੱਠ ਮੀਲ ਦੀ ਵਿੱਥ ਤੇ ਕੁਤਬ ਦੀ ਲਾਠ ਦੇ ਨੇੜੇ ਬਾਹਰ ਹੈ, ਲੋਹੇ ਦੀ ਲੱਠ ਤੋਂ ੨੬੦ ਗਜ਼ਾਂ ਦੀ ਕਰੀਬਨ ਵਿੱਥ ਹੈ, ਵਿਚਕਾਰੇ ਸੜਕ ਬੀ ਪੈਂਦੀ ਹੈ। ਇਹ ਨਾਂ ਤਾਂ ਕਾਲਿਕਾ ਦਾ ਮੰਦਿਰ ਹੈ ਤੇ ਨਾਂ ਹੀ ਸੀਤਲਾ ਦਾ। ਏਥੇ ਲੋਕੀ ਸੀਤਲਾ ਪੂਜਨ ਬੀ ਨਹੀਂ ਜਾਂਦੇ ਤੇ ਨਾਂ ਹੀ ਮਾਸ ਸ਼ਰਾਬ ਦਾ ਭੋਗ ਲਗਦਾ ਹੈ। ਕਾਲੀ ਬਾੜੀ ਯਾ ਜੁਆਲਾ ਜੀ ਦੇ ਦੁਰਗਾ ਮੰਦਰ ਵਾਂਙੂ ਬਕਰੇ ਬਲੀ ਨਹੀਂ ਦਿਤੇ ਜਾਂਦੇ। ਇੱਥੇ ਮਠਿਆਈ ਤੇ ਫੁੱਲ ਆਦਿ ਭੇਟਾ ਹੁੰਦੇ ਹਨ। ਪ੍ਰਿਥਵੀ ਰਾਜ ਦੇ ਕਿਲ੍ਹੇ ਦੇ ਅੰਦਰ ਇਹ ਟਿਕਾਣਾ ਹੈ।

ਜਾਪਦਾ ਐਉਂ ਹੈ ਕਿ ਪ੍ਰਿਥਵੀ ਰਾਜ ਦੇ ਕਿਲ੍ਹੇ ਦੇ ਅੰਦਰਲੇ ਕਿਸੇ ਭਾਗ ਦਾ ( ਗਾਲਬਨ ਮੰਡਹ ਪੁਰ ਦਾ) ਇਹ ਟਿਕਾਣਾ ਹੈ। ਕਿਲ੍ਹੇ ਦੀ ਕੰਧ ਦੇ ਖੰਡਰਾਤ ਕੁਛ ਕੁਛ ਬਾਹਰ ਦਿੱਸਦੇ ਹਨ। ਜਦੋਂ ਪ੍ਰਿਥਵੀ ਰਾਜ ਸ਼ਹਾਬੁੱਦੀਨ ਨਾਲ ਲੜਦਾ ਮਾਰਿਆ ਗਿਆ ਹੈ ਤਾਂ ਉਸ ਦੀ ਪਤੀਬ੍ਰਤਾ-ਇਸਤ੍ਰੀ ਸੰਜੋਗਤਾ ਨੇ ਆਪਣੇ ਆਪ ਨੂੰ ਜੀਉਂਦਿਆਂ ਸਾੜ ਦਿਤਾ ਹੈ ਤੇ ਉਸ ਦੀ ਬੇਟੀ ਬੇਲਾ ਭੁਆਣੀ ਬੀ ਨਾਲ ਹੀ ਸੜੀ ਹੈ। ਗਾਲਬਨ ਇਹ ਟਿਕਾਣਾ ਸੰਜੋਗਤਾ ਦੇ ਸਤੀ ਹੋਣ ਦਾ ਹੈ ਤੇ ਪਹਿਲਾਂ ਇਸ ਦਾ ਨਾਮ 'ਸੰਜੋਗਤਾ ਮਾਤਾ' ਯਾ 'ਸੰਜੋਗਤਾ ਮਾਈ' ਸੀ, ਫਿਰ ਬਦਲਦਾ ਬਦਲਦਾ 'ਜੋਗ ਮਾਯਾ' ਰਹਿ ਗਿਆ ਹੈ। ਪਰੰਤੂ ਇਸ ਮੰਦਰ ਦੀ ਪੁਰਾਤਨਤਾ ਦੱਸਣੇ ਲਈ ਮੰਦਰ ਦੇ ਸੇਵਕ ਆਖਦੇ ਹਨ ਕਿ ਇਹ 'ਜੋਗ ਮਾਯਾ' ਜਸੋਧਾਂ ਦੀ ਬੇਟੀ, ਕ੍ਰਿਸ਼ਨ ਦੇਵ ਜੀ ਦੀ ਭੈਣ ਦਾ ਟਿਕਾਣਾ ਹੈ, ਜੋ ਕੰਸ ਦੇ ਮਾਰਿਆਂ ਬਿਜਲੀ ਬਣ ਗਈ ਸੀ, ਜਿਸ ਦੇ ਪੈਰ ਮੁਗਲ ਸਰਾਇ ਪਾਸ ਢੱਠੇ ਤੇ ਧੜ ਏਥੇ ਆ ਡਿੱਗਾ ਸੀ, ਅਤੇ ਸ੍ਰੀ ਕ੍ਰਿਸ਼ਨ ਜੀ ਨੇ ਇੰਦਰ ਪ੍ਰਸਤ ਬਣਨ ਵੇਲੇ ਪਾਂਡਵਾਂ ਨੂੰ ਪਤਾ ਦੇਕੇ ਇਹ ਮੰਦਰ ਬਣਵਾਇਆ ਸੀ ਤੇ ਫਿਰ ਇਹ ਮੰਦਰ ਪ੍ਰਿਥਵੀ ਰਾਜ ਦੇ ਰਣਵਾਸ ਵਿਚ ਆ ਗਿਆ ਤੇ ਉਸ ਨੇ ਨਵੇਂ ਸਿਰੇ ਬਣਵਾਇਆ। ਪਰ ਜੋ ਮੰਦਰ ਹੁਣ ਖੜਾ ਦਿੱਸ ਰਿਹਾ ਹੈ ਇਹ ੧੮੨੭ ਈ: ਵਿਚ ਬਣਿਆ ਹੈ।

ਗੁਰੂ ਸਾਹਿਬ ਜੀ ਦੇ ਉਥੇ ਜਾਣ ਦਾ ਕੋਈ ਨਿਸ਼ਾਨ ਮੌਜੂਦ ਨਹੀਂ। ਇਕ ਥੜ੍ਹਾ ਹੈ ਜਿਸ ਨੂੰ 'ਅਚਲ ਦੇਵ ਜੀ' ਦੀ ਸਮਾਧੀ ਦੱਸਦੇ ਹਨ ਪਰ ਉਹ ਥੜ੍ਹਾ ਹੀ ਜਾਪਦਾ ਹੈ। ਦੱਸਦੇ

[ਬਾਕੀ ਟੂਕ ਦੇਖੋ ਅਗਲੇ ਪੰਨੇ ਤੇ ਪਰ]

ਭੀਰ ਸੰਗ ਨਰ ਤਾਂਹੀ ॥ ੧੭ ॥ ਖਰੋ ਰਹਯੋ ਮੰਦਿਰ ਤੇ ਬਾਹਰ । ਧਰਿ
ਪ੍ਰਤੀਖਨਾ—ਨਿਕਸਹਿਂ ਜ਼ਾਹਰ—। ਆਏ ਅਪਰ ਲੋਕ ਸਿਖ ਜੇਈ।ਦਰਸ਼ਨ
ਹੇਤੁ ਭੀਰ ਕਰਿ ਤੇਈ ॥ ੧੮॥ ਸਕਲ ਉਡੀਕਤਿ ਦਰਸ਼ਨ ਪਾਵੈਂ । ਸਨੇ
ਸਨੇ ਚਲਿ ਨਰ ਬਹੁ ਆਵੈਂ।ਢਰੇ ਦੁਪਹਿਰੇ ਨਿਕਸੇ ਜਬੈ । ਨਿਕਟਿ ਹੋਇ
ਦਰਸੇ ਗੁਰ ਸਬੈ ॥ ੧੯ ॥ ਕਰ ਬੰਦਹਿ ਅਭਿਬੰਦਨ ਠਾਨਹਿਂ । ਕੀਰਤਿ
ਅਨਿਕ ਪ੍ਰਕਾਰ ਬਖਾਨਹਿਂ।ਨਿਕਟਿ ਹੋਇ ਨ੍ਰਿਪਕੋ ਪਰਧਾਨਾ।ਕਰੀ ਬੰਦਨਾ
ਜੋਰਤਿ ਪਾਨ ॥ ੨੦ ॥ ਪੁਨ ਰਾਜੇ ਕੀ ਨਮੋ ਬਖਾਨੀ । 'ਰਾਵਰਿ ਗਮਨ
ਸੁਨਯੋਂ ਜਬਿ ਕਾਨੀ।ਹੁਇ ਸਚਿੰਤ ਮੁਹਿ ਤੁਰਤ ਪਠਾਯੋ।ਉਤਲਾਵਤਿ ਹੀ
ਮੈਂ ਚਲਿ ਆਯੋ ॥ ੨੧ ॥—ਨਿਜ ਤਸ਼ਰੀਫ਼ ਕਹਾਂ ਲੇ ਚਾਲੇ*—। ਇਮ ਸੰਸੈ
ਕੀਨਸਿ ਮਹਿਪਾਲੇ'। ਸੁਨਿ ਕੈ ਸ੍ਰੀ ਹਰਿ ਕ੍ਰਿਸ਼ਨ ਬਖਾਨਾ । 'ਡੇਰਾ ਕਰਹਿਂ
ਰਹਿਰ ਕਿਸ ਥਾਨਾ ॥੨੨ ॥ ਨਰ ਸਮੁਦਾਇਨਿ ਕੀ ਤਹਿਂ ਭੀਰ । ਆਵਨ
ਜਾਨੈ ਰਹੈ ਵਹੀਰ। ਕੁਛਕ ਦੂਰਕ ਪੁਰਿ ਤੇ ਕਰਿ ਜਾਇਂ । ਥਿਰਹਿਂ ਤਹਾਂ
ਪਿਖਿ ਸੁੰਦਰ ਥਾਇਂ॥੨੩॥ ਬਾਸ ਕਦੀਮੀ ਹਮਰੋ ਹੋਇ । ਐਸੋ ਥਾਨ ਖੋਜ
ਹੈਂ ਕੋਇ'।ਭੇਦ ਨ ਜਾਨਿ ਸਕੇ ਸੁਨਿ ਬਾਨੀ।ਹਾਥ ਜੋਰਿ ਪਰਧਾਨ ਬਖਾਨੀ
॥ ੨੪ ॥ 'ਮੁਝਕੋ ਨ੍ਰਿਪ ਕੀ ਆਇਸੁ ਅਹੈ । ਚਲੋਂ ਸੰਗ ਜਹਿਂ ਤੁਮ ਚਿਤ
ਚਹੈ । ਕਰਹੁੰ ਬਿਲੋਕਨ ਜਿਸ ਦਿਸ਼ ਮਾਂਹੀ। ਥਿਰਹੁ, ਅਨੰਦ ਰਿਦਾ

---

*ਕਿਧਰ ਆਪਣੇ ਬਜ਼ੁਰਗ ਆਪੇ ਨੂੰ ਲੈ ਚਲੇ ਹੋ [ਅਰ:, ਤਸ਼ਰੀਫ਼—ਬਜ਼ੁਰਗ ਕਰਨਾ]।
[ਪਿਛਲੇ ਪੰਨੇ ਦੀ ਬਾਕੀ ਟੂਕ]
ਹਨ ਕਿ ਮੁਸਲਮਾਨ ਲੋਕੀ ਮੰਦਰ ਦੀ ਹੱਤਕ ਕਰਿਆ ਕਰਦੇ ਸਨ, ਇਕ ਪੁਜਾਰੀ ਤੰਗ ਆ ਕੇ
ਸਤੀ ਹੋਣ ਲਗਾ ਸੀ ਕਿ ਇਕ ਮਹਾਂ ਪੁਰਖ ਅਚਾਨਕ ਆ ਗਏ ਤੇ ਉਸ ਨੂੰ ਖੁਦਕਸ਼ੀ ਕਰਨੋਂ
ਰੋਕ ਕੇ ਪਾਤਸ਼ਾਹ ਤੋਂ ਆਗਿਆ ਲੈ ਦਿਤੀ ਕਿ ਇਰਦ ਗਿਰਦ ਦੇ ਮੁਸਲਮਾਨ ਉਸ ਨੂੰ ਪੂਜਾ ਵਿਚ
ਤੰਗ ਨਾ ਕਰਿਆ ਕਰਨ । ਹੋ ਸਕਦਾ ਹੈ ਕਿ ਕਿਸੇ ਦੁਖੀ ਪੁਜਾਰੀ ਦੀ ਯਾਚਨਾ ਕਰਨੇ ਪਰ ਸ੍ਰੀ
ਗੁਰੂ ਹਰਿ ਕ੍ਰਿਸ਼ਨ ਜੀ ਨੇ ਜੈ ਸਿੰਘ ਰਾਜੇ ਦੀ ਮਦਦ ਨਾਲ ਉਸ ਦੇ ਧਰਮ ਵਿਚ ਦਖਲ ਦੇਣੋਂ
ਮੁਸਲਮਾਨਾਂ ਨੂੰ ਰੁਕਵਾ ਦਿਤਾ ਹੋਵੇ ਤੇ ਉਸ ਵਾਕਿਆ ਦੀ ਯਾਦ ਇਉਂ ਰਹਿ ਗਈ ਹੋਵੇ ਤੇ
ਕਵੀ ਜੀ ਨੂੰ ਰਵਾਇਤ ਵਿਗੜ ਵਿਗੜ ਕੇ ਜੋਉਂ ਅੱਪੜੀ ਹੋਵੇ ਜਿਵੇਂ ਉਨ੍ਹਾਂ ਨੇ ਲਿਖੀ ਹੈ ।

ਯੋਗ ਮਾਯਾ ਦਾ ਅਰਥ ਹੈ ਯੋਗ ਦੀ ਸ਼ਕਤੀ , ਤੇ ਕ੍ਰਿਸ਼ਨ ਜੀ ਦੀ ਭੈਣ ਦਾ ਨਾਮ ਬੀ
ਦੱਸਦੇ ਹਨ । ਸਾਰੀ ਖੋਜ ਪੜਤਾਲ ਤੋਂ ਇਹ ਗਲ ਸਹੀ ਹੋ ਜਾਂਦੀ ਹੈ ਕਿ ਇਹ ਸੀਤਲਾ ਯਾ
ਕਾਲੀ ਦਾ ਮੰਦਰ ਨਹੀਂ, ਤੇ ਕਿਸੇ ਮਤਿਵਾਦ ਲਈ ਗੁਰੂ ਜੀ ਦਾ ਏਥੇ ਜਾਣਾ ਅਨਿਸਚਿਤ ਹੈ ।

ਹੋਇ ਜਾਹੀਂ ॥ ੨੫ ॥ ਤਹਾਂ ਕਰਹ ਬਿਸਰਾਮ ਸੁਖਾਰੇ। ਪਹੁੰਚਹਿਂ ਪੁਨ ਸਮਾਜ ਜੋ ਸਾਰੇ'। ਇਮ ਕਹਿ ਸਨਿ ਕਰਿ ਤੇ ਅਸਵਾਰ। ਸ਼ਿਵਕਾ ਲਈ ਉਠਾਇ ਕਹਾਰ ॥੨੬॥ 'ਪਾਇਨਿ ਸੈਨ, ਸੈਨ ਪਰਧਾਨ। ਸਤਿਗੁਰ ਢਿਗ ਹੀ ਕਰਹਿ ਪਯਾਨ[1]। ਹਾਥ ਜੋਰਿ ਬਾਤਨਿ ਬਤਰਾਵਤਿ। ਸੁੰਦਰ ਥਲ ਜਹਿਂ, ਜਾਤਿ ਬਤਾਵਤਿ[2] ॥ ੨੭ ॥ ਸਨੈ ਸਨੈ ਸ਼ਿਵਕਾ ਮਗ ਚਾਲੇ। 'ਸੁਨਹੁ ਗੁਰੂ ਜੀ ਥਾਨ ਬਿਸਾਲੇ। ਜੋਗ ਆਪ ਕੇ ਮੈਂ ਮਨ ਜਾਨਾ। ਰਹੈ ਬਿਰਾਜ ਆਪ ਤਿਸ ਥਾਨਾ ॥ ੨੯ ॥ ਤਟ ਜਮਨਾ ਕੇ ਸੁੰਦਰ ਧਰਾ। ਨ੍ਰਿਪ ਜੈ ਸਿੰਘ ਸੁ ਡੇਰਾ ਕਰਾ[3]। ਸਕਲ ਤੋਪਖਾਨਾ ਤਹਿਂ ਰਹੈ। ਕਿਤਿਕ ਚਮੂੰ ਭੀ ਥਿਰਤਾ ਗਹੈ ॥੨੯॥ ਜੋ ਰਾਵਰ ਕੇ ਆਇ ਸੁ ਪਸਿੰਦ। ਕਰਹੁ ਬਿਲੋਕਨਿ ਲਹਹੁ ਅਨੰਦ। ਪੁਰਿ ਕੀ ਦਿਸ਼ਿ ਦੱਛਨ ਮਹਿ ਜਾਨੋ। ਕਰਹੁ ਪ੍ਰਥਮ ਹੀ ਤਹਾਂ ਪਯਾਨੋ' ॥ ੩੦ ॥ ਸਤਿਗੁਰ ਸੁਨਿ ਕਰਿ ਤਿਸ ਤੇ ਮਾਨੀ। 'ਗਮਨਹੁ ਤਹਾਂ' ਕਹੀ ਮੁਖ ਬਾਨੀ। ਇਸ ਬਿਧਿ ਕਹਤਿ ਸੁਨਤਿ ਮਗ ਚਾਲਿ। ਹੇਤੁ ਬਿਲੋਕਨਿ ਕੋ ਥਲ ਭਾਲੇ[4] ॥ ੩੧ ॥ ਬਹੁ ਮਾਨਵ ਸੰਗਿ ਚਲਤਿ ਪਿਛਾਰੀ। ਆਇ ਤਹਾਂ ਤਬਿ ਧਰਾ ਨਿਹਾਰੀ। ਤੋਪਾਂ ਬ੍ਰਿੰਦ ਖਰੀ ਨ੍ਰਿਪ ਕੇਰੀ। ਨਿਕਟਿ ਤਿਨਹੂੰ ਕੇ ਚਮੂੰ ਬਡੇਰੀ ॥ ੩੨ ॥ ਤਿਨ ਤੇ ਪਰੇ ਥਾਨ ਸ਼ੁਭ ਹੇਰੇ। ਕਰਨੇ ਬਿਲੋਕਨਿ ਲਾਇਕ ਡੇਰੇ। ਹਰਖਤਿ ਹੁਇ ਗੁਰ ਬਾਕ ਉਚਾਰਾ। 'ਇਸ ਥਲ ਉਤਰਹਿ ਸਿਵਰ ਹਮਾਰਾ' ॥ ੩੩ ॥ ਕਹਿ ਸ਼ਿਵਕਾ ਤਿਹ ਠਾਂ ਉਤਰਾਈ। ਖਰੇ ਹੋਇ ਹੇਰੀ ਸਭਿ ਜਾਈ[5]। ਸ਼ਯਾਮਲ ਜਲ ਪ੍ਰਵਾਹ ਜਹਿਂ ਜਮਨਾ। ਪਾਵਨ ਕਰਨਿ, ਕਲੁਖਨਿ ਦਮਨਾ[6] ॥ ੩੪ ॥ ਜਿਸ ਕੇ ਤੀਰ ਤੀਰ ਸਭਿ ਜਾਈ[7]। ਖਰੀ ਦੂਰਬਾ[8] ਅਵਨੀ ਛਾਈ। ਤਹਾਂ ਪ੍ਰਯੰਕ ਡਸਾਵਨਿ ਕੀਨਿ। ਆਸਤਰਨ ਤੇ ਛਾਦਿ[9] ਸੁ ਦੀਨਿ ॥੩੫॥ ਦਾਸਨਿ ਸਾਥ ਕਹਨੋ ਤਤਕਾਲਾ। 'ਅਪਨੋ ਜੋ ਸਮਾਜ ਹੈ ਜਾਲਾ[10]। ਲੇ ਆਵਹੁ ਤੁਮ ਸਭਿਹੀ ਜਾਇ। ਸ਼ਮਿਯਾਨਾ[11] ਅਬਿ ਦੇਹੁ ਲਗਾਇ' ॥੩੬॥ ਸੁਨਿ ਆਗਯਾ ਦਾਸਨਿ ਤਿਮ ਕਰਯੋ। ਢਿਗ ਪਰਧਾਨ ਹੁਤੋ ਜੋ ਖਰਯੋ। ਸ਼੍ਰੀ ਮੁਖ ਤੇ ਫੁਰਮਾਵਨਿ ਕੀਨਾ। 'ਮਹਿਪਾਲਕ ਸੈਨ ਕਹੋ

---

[1]ਸਤਿਗੁਰ ਦੇ ਨੇੜੇ ਨੇੜੇ ਹੋਕੇ ਪਰਧਾਨ ਪੈਦਲ ਹੀ ਨਾਲ ਤੁਰ ਪਿਆ। [2]ਦੱਸੀ ਜਾਂਦਾ ਹੈ। [3]ਰਾਜੇ ਜੈ ਸਿੰਘ ਦੇ ਡੇਰੇ ਨੇ (ਟਿਕਾਣਾ) ਕੀਤਾ ਹੈ। [4]ਤੱਕੇ, ਵੇਖੇ। (ਅ) ਭਾਲਦੇ। [5]ਸਭ ਥਾਂ। [6]ਪਾਪ ਨਾਸ਼ਕ। [7]ਕੰਢੇ ਕੰਢੇ ਸਾਰੇ ਥਾਂ। [8]ਖੱਬਲ ਘਾਹ। [9]ਢਕ। [10]ਸਮੂਹ। [11]ਤੰਬੂ।

ਪ੍ਰਬੀਨਾ ॥੩੭॥ ਥਲ ਪਸਿੰਦ ਹਮਰੋ ਇਹੁ ਆਵਾ। ਸਰਬ ਸਿਵਰ ਕੋ ਚਹਹਿ ਲਗਾਵਾ । ਅੰਤਰ ਹੁਤੋ ਥਾਨ ਤੁਮ ਜੈਸਾ । ਇਹੀ ਭੀ ਲਖਹੁ ਆਪਨੇ ਤੈਸਾ ॥ ੩੮ ॥ ਹਮ ਦਿਸ਼ਿ ਤੇ ਨਹਿਂ ਕਰਹ ਅੰਦੇਸ਼ਾ । ਜਮਨਾ ਤਟ ਰਮਣੀਕ[1] ਵਿਸ਼ੇਸ਼ਾ' । ਸੁਨਿ ਪਰਧਾਨ ਜਾਨਿ ਕਿਯ ਡੇਰਾ । ਬੰਦਨ ਕਰਿ ਗਮਨਯੋ ਤਿਸ ਬੇਰਾ ॥ ੩੯ ॥ ਅਪਰ ਦਾਸ ਵਸਤੂ ਹਿਤ ਲੀਬੇ[2]। ਗਏ ਤੁਰਤ ਆਤ੍ਰਾ ਸੁਧਿ ਦੇਬੇ । ਕਹਯੋ ਜਾਇ 'ਬਾਹਰ ਕਿਯ ਡੇਰਾ । ਆਇ ਲੈਨਿ ਸਮਾਜ ਬਡੇਰਾ' ॥ ੪੦ ॥ ਮਰਦਾਨੀ ਜਾਨਿ ਪ੍ਰਭੂ ਕੀ ਭਈ । ਵਸਤੁ ਸੰਭਾਰਨਿ ਕਰਿ ਕਰਿ ਸਈ । ਸਰਬ ਸਿਵਰ ਕੋ ਸੰਗ ਲਵਾਇ[3]। ਮਾਤਾ ਗਈ ਗੁਰੂ ਜਿਸ ਥਾਇਂ ॥੪੧॥ ਤਪ ਸਮੇਤ ਤਨ ਜਾਇ ਬਿਲੋਕਾ।ਤੂਸ਼ਨਿ ਬੈਠੀ ਹੋਇ ਸਸ਼ੋਕਾ । ਸਿਖ ਅਕ ਸੰਗ ਨਰ ਸਭਿ ਚਲਿ ਆਏ । ਹੇਰਿ ਹੇਰਿ ਨਿਜ ਡੇਰ ਲਗਾਏ॥੪੨॥ਤੰਬੂ ਸ਼ਮਿਯਾਨੇ ਗਨ ਤਾਨੇ । ਖਰੀ ਕਨਾਤ ਬਨਾਤ ਮਹਾਨੇ । ਰੇਸ਼ਮ ਕੀ ਡੋਰੈਂ ਗਨ ਸੁੰਦਰ । ਲਗਯੋ ਪਟੰਬਰ ਚਿੱਤ੍ਰਿਤ ਅੰਦਰ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਪ੍ਰਿਥਿ ਸਹਿਤ ਡੇਰਾ ਕਰਹਿ' ਪ੍ਰਸੰਗ ਬਰਨਨ ਨਾਮ ਅਠਤਾਲੀਸਮੋ ਅੰਸੂ ॥ ੪੮ ॥

## ੪੯. [ ਸਰੀਰ ਨੂੰ ਤੋਲਣ ]।

ਦੋਹਰਾ ॥ ਨ੍ਰਿਪ ਜੀ ਸਿੰਘ ਉਠਿ ਭੋਰ ਕੋ ਸ਼ਾਹੁ ਸਮੀਪ ਸਿਧਾਇ । ਸਾਥ ਅਦਾਇਬ ਦੇਖਿ ਕੈ ਪਹੁੰਚਯੋ ਸੀਸ ਨਿਵਾਇ ॥ ੧ ॥ ਚੌਪਈ ॥ ਨੌਰੰਗ ਦ੍ਰਿਗ ਅਵਲੋਕ ਨਰੇਸ਼ਾ । ਬੂਝੀ ਗੁਰ ਕੀ ਗਾਥ ਵਿਸ਼ੇਸ਼ਾ । 'ਕਿਮ ਸੇਵਾ ਕਰਿ ਕੈ ਪਹਿਚਾਨੇ । ਬੈਸ ਇਆਨੇ ਪਰਮ ਸੁਜਾਨੇ ॥੨॥ ਕਰਾਮਾਤ ਕਛੁ ਪਰਖਨਿ ਕਰੀ। ਅਹੈ ਕਿ ਨਹਿਂ ਬਡ ਸ਼ਕਤੀ ਧਰੀ । ਰਹੇ ਸਮੀਪ ਪਿਖਤਿ ਅਰੁ ਬੋਲਨਿ।ਕੌਤਿਕ ਭਾਰ ਕਰਯੋ ਤੈਂ ਤੋਲਨਿ'॥੩॥ਸੁਨਿ ਮਹਿਪਾਲਕ ਹਾਥਨਿ ਬੰਦ । ਕਹਯੋ ਕਿ 'ਅਹੈਂ ਅਤੋਲ ਬਿਲੰਦ । ਕੋ ਸਮਰਥ ਜੋ ਪਰਖਹਿ ਭਾਰ। ਮਹਾਂ ਗੰਭੀਰ ਸਧੀਰ ਉਦਾਰ ॥ ੪ ॥ ਪਟਰਾਨੀ ਮੈਂ ਕੋਨ ਬਿਠਾਈ।ਅਪਰ ਭਲੇ ਥਲ ਮੈਂ ਸਮੁਦਾਈ।–ਜੋ ਅੰਤਰਜਾਮੀ ਗੁਰ ਅਹੈਂ।ਮਹਿਖੀ ਅੰਕ ਜਾਨਿ ਕਰਿ ਬਹੈਂ–॥੫॥ ਇਮ ਚਿਤਵਤਿ ਕਰਿ ਕੈ ਸਭਿ ਤਯਾਰੀ। ਆਇ ਕੀਨਿ ਮੈਂ ਬਿਨੈ ਅਗਾਰੀ।–ਹਮ ਤੇ ਪਤਾ ਚਹੈ–ਮਨ ਜਾਨਿ।ਯਾਂਤੇ ਰੁਖ ਫੇਰਨਿ ਕੋ ਠਾਨਿ ॥੬॥ ਤਊ ਹੋਇ ਨੰਮ੍ਰੀ ਬਹੁ ਭਾਂਤੀ । ਕਹਿ ਕਹਿ ਕੀਰਤਿ ਕੀ ਗਨਿ

---

[1]ਸੁੰਦਰ, ਸੁਹਾਵਣਾ। [2]ਲੈਣ ਵਾਸਤੇ । [3]ਛਾਲ ਤੰਬੂ (ਆਦਿ) ਲਗਵਾਏ।

ਬਾਤ॥ਲੇ ਗਮਨਨੋਂ ਮੰਦਿਰ ਰਣਵਾਸ॥ਜਬਿ ਪਹੁੰਚੇ ਸਭਿ ਤ੍ਰੀਯਨਿ ਪਾਸ॥
੭ ॥ ਫੁਲ ਛਰੀ ਸਿਰ ਧਰਿ ਕਹਿ ਬਾਨੀ ।–ਨਹਿੰ ਭੂਪਤਿ ਕੀ ਇਹ
ਪਟਰਾਨੀ–।ਸਗਰੀ ਨਾਰਿ ਉਲੰਘਤਿ ਗਏ।ਬੈਠੀ ਜਹਾਂ ਮਲਿਨ ਪਟ ਲਿਏ
॥ ੮ ॥ ਧਰੇ ਮਨੋਰਥ ਇਮ ਉਰ ਮਾਂਹੀ । ਮੋ ਬਿਨ ਅੰਕ ਨ ਬੈਠਹਿਂ ਕਾਂਹੀ॥
ਸੋ ਮਨ ਜਾਨਿ ਗਏ ਤਿਸ ਪਾਸ ।–ਇਹ ਪਟਰਾਨੀ–ਬਾਕ ਪ੍ਰਕਾਸ਼ ॥ ੯ ॥
ਬੈਠੇ ਜਾਇ ਅੰਕ ਤਤਕਾਲ॥ਭਈ ਬਿਸਮ ਅਵਿਲੋਕਤਿ ਬਾਲ॥ ਪਰਖਨਿ
ਕੀ ਬਿਧਿ ਸਗਰੀ ਜਾਨੀ । ਕੁਛਕ ਕੋਪ ਤੇ ਗਿਰਾ ਬਖਾਨੀ ॥ ੧੦ ॥ ਸੁਨਿ
ਹਮ ਹਾਥ ਜੋਰਿ ਬਖਸ਼ਾਈ । ਇਮ ਅਜ਼ਮਤ ਕਾਮਲ ਪਤਿਆਈ' ।ਸੁਨਿ
ਨੌਰੰਗ ਮਨ ਸਾਚੀ ਜਾਨਿ । 'ਤੋ ਜੈ ਸਿੰਘ ! ਮੇਲ ਮਮ ਠਾਨਿ ॥੧੧॥ ਜਨੋਂ
ਕਨੋਂ ਕਰਿ ਦਰਸ਼ਨ ਕਰਿਵਾਵਹੁ । ਅਜ਼ਮਤ ਤਿਨ ਕੀ ਤਬਹਿ ਦਿਖਾਵਹੁ।
ਨਿਜ ਦਿਸ਼ਿ ਤੇ ਕਹਿ ਕੈ ਬਹੁ ਰੀਤਿ । ਕੀਜਹਿ ਬਿਰਮਾਵਨ ਸ਼ੁਭ ਚੀਤ'
॥੧੨॥ ਤਬਿ ਜੈ ਸਿੰਘ ਕਹਜੋ ਕਰ ਜੋਰਿ।'ਕਨੋਂ ਨ ਕਰੌਂ ਮੈਂ ਰਾਵਰਿ ਓਰ
। ਪੂਰਬ ਬਹੁਤ ਬਾਰ ਮੈਂ ਭਾਖਾ । ਮਿਲਿਨਿ ਤੁਮਾਰੀ ਜਸ ਅਭਿਲਾਖਾ ॥
੧੩ ॥ ਅਬਿ ਭੀ ਜਤਨ ਕਰੋਂ ਕਹਿ ਬਿਨੈ।ਜਥਾ ਮਿਲਨਿ ਰਾਵਰ ਕੇ ਬਨੈ'।
ਇਮ ਕਹਿ ਸੁਨਿ ਕੇ ਭੂਪਤਿ ਆਯੋ । ਬੈਠਿ ਸਦਨ ਪਰਧਾਨ ਬੁਲਾਯੋ ॥
੧੪ ॥ 'ਕਹੁ ਸਤਿਗੁਰ ਕੀ ਬਾਤ ਬੁਝਾਇ । ਜਾਇ ਵਹਿਰ ਕਿਮ ਸਿਵਰ
ਲਗਾਇ । ਮੋ ਪਰ ਕੋਪ ਨਹੀਂ ਹੁਇ ਗਏ।ਢਿਗ ਤੇ ਦੂਰ ਸਿਧਾਰਤਿ ਭਏ'
॥ ੧੫ ॥ ਹਾਥ ਜੋਰਿ ਪਰਧਾਨ ਬਖਾਨੇ । 'ਸਦਾ ਪ੍ਰਸੰਨ ਪਰਹਿਂ ਸੋ ਜਾਨੇ ।
ਨਹਿਂ ਰਿਸ ਕੀ ਕੁਛ ਬਾਤ ਸੁਨਾਈ । ਮੈਂ ਤਿਨ ਸੰਗ ਰਹਜੋ ਅਗਵਾਈ ॥
੧੬ ॥ ਪ੍ਰਥਮ ਗਏ ਦੇਵੀ ਕੇ ਮੰਦਿਰ।ਕੇਤਿਕ ਕਾਲ ਰਹੇ ਤਿਤ ਅੰਦਰ*।
ਨਿਕਸੇ ਤੁਮਰੀ ਬਿਨੈ ਸੁਨਾਈ।ਸਵਕ ਸੰਗ ਹੁਤੇ ਸਮੁਦਾਈ॥੧੭॥ਤੁਮਰੀ
ਤਪਨਿ ਕੇ ਅਸਥਾਨ। ਪਿਖਿ ਜਮਨਾ ਜਲ ਹਰਖ ਮਹਾਨ। ਮੁਝ ਸੰ

---

*ਇੱਕ ਛਾਪੇ ਦੇ ਨੁਸਖੇ ਵਿਚ ਇਸਤੋਂ ਅੱਗੇ ਇਕ ਚੌਪਈ ਵਾਧੂ ਹੈ, ਜੋ ਲਿਖਤੀ ਨੁਸਖਿਆਂ ਵਿਚ ਨਹੀਂ ਹੈ, ਜੋ ਇਉਂ ਹੈ:—ਤਹਿ ਕਿਸ ਸਾਥ ਬਚਨ ਕਰ ਧੁਨੀ। ਸੂਖਮ ਸੀ ਕਛੁ ਮੈਂ ਹੀ ਸੁਨੀ। ਲਗੀ ਕਿਵਾਰ ਉਘਾਰੇ ਬਿਕਸੇ। ਬਾਹਰ ਏਕਲੇ ਫਿਰਤੇ ਨਿਕਸੇ।

ਇਸਤੋਂ ਸ਼ੱਕ ਪੈਂਦਾ ਹੈ ਕਿ ਜਿਵੇਂ ਇਹ ਚਾਰ ਤੁਕਾਂ ਆਖੇਪਕ ਹੋਈਆਂ ਹਨ, ਤਿਵੇਂ ਜੋਗ ਮਾਯਾ ਦੇ ਮੰਦਰ ਜਾਣ ਵਾਲੀਆਂ ਸਾਰੀਆਂ ਤੁਕਾਂ ਬੀ ਕਿਸੇ ਦਾ ਹਸਤਖੇਪ ਹੀ ਨਾ ਹੋਣ।

ਕਹਜੋ–ਭੀਰ ਬਹੁ ਅੰਤਰ[1] । ਆਇੰ ਜਾਇੰ ਨਰ ਅਨਿਕ ਨਿਰੰਤਰ॥੧੮॥ ਇਹਾਂ ਰਹਨਿ ਮਹਿਂ ਹਰਖ ਹਮਾਰੇ । ਮਹਿਪਾਲਕ ਸੋਂ ਦੇਹੁ ਉਚਾਰੇ । ਨਹੀਂ ਅੰਦੇਸ਼ਾ ਕੀਜਹਿ ਕੈਸੇ । ਜੈਸੇ ਤਹਾਂ ਇਹਾਂ ਹਮ ਤੈਸੇ–॥੧੯ ਸੁਨਹੁ ਪਰੰਤੁ ਲਖਯੋ ਨਹਿਂ ਜਾਈ। ਜਿਨਹੁੰ ਸਭਿਨਿ ਕੋ ਰੁਜਹਿ[2] ਨਸਾਈ। ਤਨ ਮਹਿਂ ਜੁਰ[3] ਤਿਨ ਕੇ ਹੁਇ ਆਵਾ । ਅਸ਼ਟ ਜਾਮ ਇਕ ਸਮ ਦਰਸਾਵਾ'॥ ੨੦ ॥ ਸੁਨਿ ਸਤਿਗੁਰ ਕੋ ਸਰਬ ਬ੍ਰਿਤਾਂਤ । ਰਾਜੇ ਕਰੀ ਬਿਤਾਵਨਿ ਰਾਤਿ। ਭਈ ਪ੍ਰਾਤਿ ਤੇ ਸੌਚ ਸ਼ਨਾਨਾ। ਸ੍ਰੀ ਹਰਿਕ੍ਰਿਸ਼ਨ ਸਮੀਪ ਪਯਾਨਾ ॥ ੨੧॥ਬ੍ਰਿੰਦ ਨਰਨਿ ਕੀ ਭੀਰ ਘਨੇਰੀ॥ਸੁਭਟਨਿ ਪੰਕਤਿ ਚਲਹਿ ਅਗੇਰੀ॥ ਗੁਰ ਕੋ ਸਿਵਰ ਜਬਹਿ ਦ੍ਰਿਸ਼ਟਾਯੋ । ਵਾਹਨ ਤਜਾਗਿ ਚਰਨ ਤੇ ਆਯੋ ॥ ੨੨ ॥ ਪ੍ਰਥਮ ਖਬਰ ਅਪਨੀ ਪਹੁੰਚਾਈ । ਫਰਸ਼ਾਦਿਕ ਤਜਾਰੀ ਕਰਿਵਾਈ । ਹਾਥ ਜੋਰ ਕਰਿ ਪੌਰ ਅਗਾਰੀ।ਨਿੰਮ੍ਰਿ ਹੋਇ ਅਭਿਬੰਦਨ ਧਾਰੀ ॥ ੨੩ ॥ ਅੰਤਰ ਤਬਿ ਪ੍ਰਵੇਸ਼ ਹੁਇ ਗਯੋ । ਗੁਰ ਪ੍ਰਯੰਕ ਪਰ ਹੇਰਤਿ ਭਯੋ। ਬਸਤ੍ਰ ਅਛਾਦਤਿ ਤਨ ਪਰ ਸਾਰੇ। ਨ੍ਰਿਪ ਪਹੁੰਚੇ ਤੇ ਬਦਨ ਉਘਾਰੇ॥੨੪॥ ਨੰਮ੍ਰਿ ਹੋਇ ਕਰਿ ਨਮੋ ਅਗਾਰੀ। ਬੈਠਯੋ ਰਾਵ ਨਰਨਿ ਹਟਕਾਰੀ । ਔਰ ਪੌਰ ਪਰ ਰੋਕੇ ਰਹੇ । ਦਰਸ਼ਨ ਦੇਖਤਿ ਨ੍ਰਿਪ ਬਚ ਕਹੇ ॥੨੫ ॥ 'ਸ੍ਰੀ ਸਤਿਗੁਰ ਜੀ ਕੈਸੇ ਪਰੇ ? ਸਭਾ ਲਗਾਇ ਨ ਬੈਠਨਿ ਕਰੇ' । ਇਕ ਦੁਇ ਨਿਕਟਿ ਦਾਸ ਜੋ ਅਹੇ।ਪ੍ਰਭੁ ਬੂਝਨਿ ਤੇ ਤਿਨ ਪੁਨ ਕਹੇ[4] ॥੨੬॥ 'ਪ੍ਰਥਮ ਤਾਪ ਤਨ ਮਹਿਂ ਅਧਿਕਾਈ । ਆਜ ਸੀਤਲਾ ਦਈ ਦਿਖਾਈ । ਥੋਰਾ ਬੋਲਤਿ ਹੈਂ ਮੁਖ ਆਪ । ਚਢਯੋ ਅਧਿਕ ਅਬਿ ਭੀ ਤਨ ਤਾਪ'॥੨੭॥ਹਾਥ ਬੰਦਿ ਮਹਿਪਾਲ ਬਖਾਨੇ। 'ਮਹਾਰਾਜ ਕੈਸੀ ਕ੍ਰਿਤ ਠਾਨੇ । ਦਰਸ ਆਪ ਕੇ ਨਾਸਹਿ ਰੋਗ। ਭਏ ਨਗਰ ਗਨ ਲੋਗ ਅਰੋਗ ॥ ੨੮ ॥ ਕਜਾ ਲੀਲਾ ਦਿਖਰਾਵਨਿ ਲਾਗੇ । ਤੁਮਰੇ ਨਾਮ ਲੇਤਿ ਦੁਖ ਭਾਗ।ਸਰਬ ਸ਼ਕਤਿ ਪੂਰਨ ਸਮਰੱਥ । ਭੰਜਨ ਗੜ੍ਹਨ ਆਪ ਕੇ ਹੱਥ ॥ ੨੯ ॥ ਦਰਸ਼ਨ ਚਹੈਂ ।ਬ੍ਰਿੰਦ ਨਰ ਨਾਰੀ । ਹਜ਼ਰਤ ਬਿਨਤੀ ਕੀਨਿ ਅਗਾਰੀ। ਸਾਵਧਾਨ ਬਨਿ ਬੈਠਹੁ ਆਪ।ਹਰਹੁ ਸ਼ਕਤਿ ਤੇ ਤਾਪ ਸੰਤਾਪ॥੩੦॥ਸ੍ਰੀ ਨਾਨਕ ਪਰਮੇਸ਼ੁਰ ਰੂਪ। ਜਿਨ ਕੇ ਗੁਨ ਗਨ ਅਧਿਕ ਅਨੂਪ। ਤਿਸ ਗਾਦੀ ਕੇ ਮਾਲਿਕ ਆਪ। ਸਭਿ ਬਿਧਿ ਕੇ ਦਾਤਾ ਬਰ ਸ੍ਰਾਪ'॥ ੩੧ ॥ਨ੍ਰਿਪ ਤ ਸੁਨਿ ਸ੍ਰੀ ਸਤਿ-

[1](ਸ਼ਹਿਰ) ਅੰਦਰ ਬਹੁਤ ਭੀੜ ਹੈ । [2]ਰੋਗ । [3]ਤਾਪ । [4]ਤਿਨ੍ਹਾਂ ਦਾਸਾਂ ਨੇ ਕਹਿਆ ।

ਗੁਰ ਕਹਨੋ।'ਜਿਸ ਕਿਸ ਜਗ ਸਰੀਰ ਕੋ ਲਹਨੋ। ਸੁਖ ਦੁਖ ਸੰਗ ਸਦਾ ਹੀ ਰਹੈਂ। ਬੇਦ ਪੁਰਾਨ ਸੰਤ ਸਭਿ ਕਹੈਂ ॥ ੩੨॥ ਹੋਨਹਾਰ ਨਹਿਂ ਮਿਟਹਿ ਕਦਾਈ। ਜੋ ਸਭਿ ਕੇ ਸਿਰ ਬੀਤਤਿ ਆਈ।ਰਾਮਚੰਦ੍ਰ ਕੀਨਸਿ ਬਨਬਾਸਾ। ਕ੍ਰਿਸ਼ਨਚੰਦ੍ਰ ਕੋ ਬੰਸ ਬਿਨਾਸ਼ਾ ॥ ੩੩ ॥ ਚੰਦ ਕਲੰਕਤਿ, ਸਾਗਰ ਖਾਰਾ। ਰੁਦ੍ਰ[੧] ਹਲਾਹਲ[੨] ਕੋ ਗਲ ਧਾਰਾ। ਕੌਨ ਕੌਨ ਗਿਨੀਅਹਿ ਸਮਰੱਥ। ਸਕਲ ਚਲੇ ਭਾਵੀ ਕੇ ਹੱਥ* ॥ ੩੪ ॥ ਜਿਮ ਪਰਮੇਸ਼ੁਰ ਕ੍ਰਿਤ ਕੌ ਠਾਨੈ। ਰਿਦੇ ਅਨੰਦ ਧਾਰਿ ਸੋ ਮਾਨੈ। ਇਹ ਸੰਤਨਿ ਕੋ ਮਤ ਹੈ ਸਾਚਾ । ਸ੍ਰੀ ਨਾਨਕ ਬਿਚ ਸਬਦ ਉਬਾਚਾ[੩] ॥ ੩੫॥ ਜਥਾ ਜੋਗ ਈਸ਼ੁਰ ਸਭਿ ਕਰਤਾ। ਮੂਢ ਅਜਾਨ ਤਰਕ ਤਿਸ ਧਰਤਾ। ਭੋਗਹਿ ਬਹੁਰ ਗੁਨਾਹੀ ਹੋਇ। ਭਾਣੇ ਕੋ ਨ ਮਾਨਿ ਹੈ ਜੋਇ॥੩੬॥ਯਾਂਤੇ ਸੁਨਹੁ ਨਰੇਸ਼ੁਰ ! ਧਰੀਏ[੪]। ਪ੍ਰਭੁ ਭਾਣੇ ਕੋ ਤਰਕ ਨ ਕਰੀਏ। ਈਸ਼ੁਰ ਕੀ ਮਰਜ਼ੀ ਮਾਹਿਂ ਚਾਲੇ। ਹਰਖ ਸਹਤਿ ਮਤਿ ਸੰਤ ਬਿਸਾਲੇ'॥੩੭॥ਸੁਨਿ ਭੂਪਤਿ ਗੁਰਬਾਣੀ ਸਾਰ।ਰਿਦੈ ਬਿਚਾਰਤਿ ਤੂਸ਼ਨਿ ਧਾਰਿ ।–ਕਹਾਂ ਕਹਨਿ ਸਰਬੱਗਨਿ ਸੰਗ। ਜੋ ਕੁਛ ਕਰਹਿਂ ਸੁ ਅਪਨਿ ਉਮੰਗ–॥੩੮॥ ਬੈਠਨੋ ਰਹਨੋ ਸੁ ਕੇਤਿਕ ਕਾਲ। ਦੇਖਿ ਗੁਰੂ ਤਨ ਚਿੰਤ ਬਿਸਾਲ।–ਹਜ਼ਰਤ ਮੇਲ ਨਹੀਂ ਬਨਿ ਆਵੈ।ਜਾਬ ਲੈ ਬੈਠਿ ਨ ਸਭਾ ਲਗਾਵੈਂ–॥ ੩੯ ॥ ਕਰਨਿ ਉਪਾਇ ਅਨੇਕੇ ਭਾਂਤ। ਦਾਸਨਿ ਸਾਥ ਕਹੀ ਬਹੁ ਬਾਤ। ਅੰਤਰ ਮਾਤਾ ਪਰਦੇ ਮਾਂਹਿ। ਮਸਤਕ ਟੇਕ ਪਠਨੋ ਨਰ-ਨਾਹਿ[੫] ॥ ੪੦ ॥ ਗੁਰ ਆਇਸੁ ਲੇ ਬੰਦਨ ਠਾਨਿ।ਉਠਨੋ ਨਰੇਸ਼ੁਰ ਕਰਨਿ ਪਯਾਨ। ਵਹਿਰ ਪੌਰ ਪਰ ਬੰਦਨ ਕਰਿ ਕੈ। ਗਮਨਨੋ ਨਿਜ ਵਾਹਨ ਪਰ ਚਰਿਕੈ ॥ ੪੧ ॥ ਸਦਨ ਆਪਨੇ ਪਹੁੰਚਨੋ ਆਇ। ਨਾਨਾ ਰਸ ਕੇ ਭੋਜਨ ਖਾਇ।ਅਵਰੰਗ ਨਿਕਟਿ ਜਾਇ ਸਭਿ ਗਾਈ।'ਪ੍ਰਥਮ ਦੇਹਿ ਜ੍ਵਰ[੬] ਸੋਂ ਹੁਇ

---

[੧]ਸ਼ਿਵਜੀ। [੨]ਜ਼ਹਿਰ। [੩]ਕਹਿਆ ਹੈ। [੪]ਸੁਣੋ ਤੇ ਧਾਰਨ ਕਰੋ। [੫]ਰਾਜੇ ਨੇ। [੬]ਤਾਪ।

*ਗੁਰੂ ਜੀ ਪਰਮੇਸ਼ਰ ਦੇ 'ਹੁਕਮ' ਨੂੰ ਸਭ ਕੁਛ ਮੰਨਦੇ ਸਨ, ਭਾਣੇ ਯਾ ਹੁਕਮ ਤੋਂ ਛੁਟ ਕਿਸੇ ਭਾਵੀ ਨੂੰ ਆਪ ਨਹੀਂ ਸਨ ਮੰਨਦੇ। ਉਨ੍ਹਾਂ ਨੂੰ ਉਦਾਹਰਨਾਂ ਦੇਕੇ ਭਾਵੀ ਦੀ ਪ੍ਰਬਲਤਾ ਦੱਸਣ ਦੀ ਕੋਈ ਲੋੜ ਨਹੀਂ ਸੀ। ਪ੍ਰਭੂ ਤੇ ਪ੍ਰਭੂ ਦੇ ਹੁਕਮ ਦੇ ਗਿਆਤਾ ਦੇ ਵਾਕ ਮਹਾਨ ਉੱਚੇ ਤੇ ਚੜ੍ਹਦੇ ਰੰਗਾਂ ਦੇ ਹੁੰਦੇ ਹਨ। ੩੪ ਅੰਗ ਤੋਂ ਮਗਰੋਂ ਗੁਰਮਤ ਸਿਧਾਂਤ ਗੁਰੂ ਜੀ ਦੇ ਮੁਖਾਰਬਿੰਦ ਤੋਂ ਆਰੰਭ ਹੋ ਜਾਂਦਾ ਹੈ, ਤਾਂਤੇ ਇੱਥੇ ਅੰਕ ੩੨, ੩੩, ਵਿਚ ਬੀ ਭਾਵੀ ਦੇ ਅਰਥ ਵਾਹਿਗੁਰੂ ਦੀ ਰਜ਼ਾ ਹੀ ਲਾਉਣੇ ਠੀਕ ਰਹਿਣਗੇ।

ਆਈ ॥ ੪੨ ॥ ਅਬਹਿ ਸੀਤਲਾ ਦਈ ਦਿਖਾਈ।ਪੈਢਿ ਰਹੇ ਗੁਰ ਪਿਖੋ ਸੁ ਜਾਈ' । ਸੁਨਤਿ ਸ਼ਾਹੁ ਚਿਤ ਮਹਿਂ ਲਖਿ ਆਪਾ—ਬਿਦਤਯੋ ਰਾਮਰਾਇ ਕੋ ਸ੍ਰਾਪ—॥ ੪੩ ॥ ਜੈ ਸਿੰਘ ਸੰਗ ਕਹਯੋ ਤਿਹ ਸਮੈ । 'ਸੁਧਿ ਲਿਹੁ ਨਿਤ, ਦਿਹੁ ਸਭਿ ਪੁਨ ਹਮੈ' । ਬਹੁਰ ਅਪਰ ਪਰਸੰਗ ਚਲਾਏ। ਸ਼ਾਹੁ ਸਭਾ ਸਭਿ ਹੀ ਬਿਸਮਾਏ ॥ ੪੪ ॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸੀਤਲਾ ਨਿਕਸਨ' ਪ੍ਰਸੰਗ ਬਰਨਨੰ ਨਾਮ ਨਵ ਚਤਵਾਰਿੰਸਤੀ ਅੰਸੂ ॥ ੪੯ ॥

## ੫੦. [ਸੀਤਲਾ ਨਿਕਲੀ] ।

ਦੋਹਰਾ ॥ ਤਿਸ ਦਿਨ ਤੇ ਸ੍ਰੀ ਹਰਿਕ੍ਰਿਸ਼ਨ ਆਇਸੁ ਕੀਨਸਿ ਦਾਸ । 'ਸਿਖ ਸੰਗਤਿ ਢਿਗ ਦੂਰ ਕੇ ਆਇ ਨਹਾਂ ਕੋ ਪਾਸ ॥੧॥ ਚੌਪਈ ॥ ਜੋ ਜ਼ਰੂਰ ਹੀ ਚਹੀਅਹਿ ਆਇ। ਸੋ ਬੂਝਹਿ ਪੁਨਰਪਿ ਪ੍ਰਵਿਸ਼ਾਇ[1]' । ਬੰਦੋਬਸਤ ਸਭਿ ਹੀ ਕਰਿ ਦੀਨਿ । ਨਿਕਟਿ ਨਹੀਂ ਕੋ ਪਹੁੰਚਹਿ ਚੀਨ ॥ ੨ ॥ ਤਨ ਪਰ ਨਿਕਸੇ ਗਨ ਬਿਸਫੋਟ[2]।ਸਘਨ ਅਧਿਕ ਕੋ ਦੀਰਘ, ਛੋਟ[3]।ਅਰੁਨ ਬਰਨ ਸਗਰੋ ਹੁਇ ਆਯੋ। ਸੋਜਾ ਕਛੁਕ ਦੇਹਿ ਦ੍ਰਿਸ਼ਟਾਯੋ॥੩॥ਦਿਨ ਪ੍ਰਤਿ ਅਧਿਕ ਅਧਿਕ ਹੀ ਭਯੋ । ਭਰਿਬੋ ਬਿਸਫੋਟਨਿ ਹੁਇ ਗਯੋ । ਜੋ ਸੁਧਿ ਲੈਬੇ ਆਇ ਮਸੰਦ । ਕੈ ਸੰਗਤਿ ਨਰ ਕਿਧੌਂ ਬਿਲੰਦ ॥ ੪ ॥ ਸਭਿ ਕੋ ਖ਼ਬਰ ਦਿਹਰ ਹੀ ਦੇਤਿ । ਸਤਿਗੁਰ ਪੌਢੇ ਬੀਚ ਨਿਕੇਤ। ਸ਼ਾਹੁ ਹਮੇਸ਼ ਪਠਹਿ ਉਮਰਾਵ।ਅਰੁ ਆਵਤਿ ਨਿਤ ਜੈਸਿੰਘ ਰਾਵ ॥ ੫ ॥ ਸਭਿ ਤੇ ਉਦਾਸੀਨ ਬ੍ਰਿਤਿ ਕਰਿਕੈ। ਪੌਢੇ ਰਹੇਂ ਤੂਸ਼ਨੀ ਧਰਿ ਕੈ । ਜਾਨਯੋ ਸਭਿਨਿ ਪ੍ਰਥਮ ਜਿਮ ਭਯੋ।—ਰਾਮ-ਰਾਇ ਜੈਸੇ ਬਚ ਕਿਯੋ ॥ ੬ ॥ ਸੋ ਅਬਿ ਸਾਚ ਹੋਇ, ਨਹਿਂ ਟਰੈ। ਨਾਂਹਿ ਤ ਕਿਮ ਸਤਿਗੁਰ ਇਮ ਪਰੈਂ । ਜਿਨ ਕੇ ਦਰਸ਼ਨ ਤੇ ਮਿਟਿ ਜਾਇ। ਆਦਿ ਸੀਤਲਾ ਰੁਜ ਸਮੁਦਾਇ ॥ ੭ ॥ ਸਿਖ ਆਦਿਕ ਪੁਰਿ ਮਹਿਂ ਨਰ ਘਨੇ । ਕਾਰ ਕਰਿ ਦਰਸ ਰੋਗ ਸਭਿ ਹਨੇ । ਰਿਦੇ ਭਾਵਨਾ ਜੋ ਧਰਿ ਆਏ।ਸਭਿ-ਹਿਨਿ ਕੇ ਰੁਜ ਗੁਰੂ ਗਵਾਏ॥੮॥ਤਿਨ ਕੇ ਤਨ ਕੇ ਕਜਾ ਦੁਖ ਗ੍ਰਾਸੈ।ਕਿਮ ਤਮ ਤੋਮ ਤਰਨਿ ਕੇ ਪਾਸੈ[4]?—।ਮਿਲਹਿਂ ਗੁਰੂ ਕੇ ਪੌਰ ਜਿ ਆਵਹਿਂ।ਇਸ ਬਿਧਿ ਆਪਸ ਬਿਖੇ ਸੁਨਾਵਹਿਂ ॥ ੯ ॥ 'ਬੈਸ ਅਲਪ ਗੁਰਤਾ ਅਬਿ ਪਾਈ। ਨਾਹਿ ਆਗੈ ਸੰਤਤਿ ਉਪਜਾਈ । ਦਾਸ ਨਹਾਂ ਅਸ ਲਾਇਕ ਕੋਈ । ਪੁਨ ਗਾਦੀ ਪਰ ਕੋ ਗੁਰ ਹੋਈ ? ॥ ੧੦ ॥ ਜੇਸ਼ਟ ਪੁੱਤ੍ਰ ਨ ਪਦ ਇਹ ਪਾਇ ।

[1]ਓਹ ਪੁੱਛਕੇ ਫੇਰ ਮੰਦਰ ਆਵੇ । [2]ਫਫੋਲੇ । [3](ਕੋਈ) ਛੋਟਾ । [4]ਸੂਰਜ ਦੇ ਕੋਲ ਗਾੜ੍ਹਾ ਹਨੇਰਾ ਕਿਵੇਂ ?।

ਖਾਰਜ ਕਰਨੋ ਗੁਰ ਹਰਿਰਾਇ।ਬੀਤ ਬਾਰਤਾ ਜਾਨੀ ਪਰੈ[1]।ਜੋ ਸਿਖਸੰਗਤ ਪੂਜਾ ਕਰੈ॥੧੧॥ਸਭਿ ਮਹਿਂ[2] ਪਰ ਜੋ ਹੈ ਅਸ ਰੌਰਾ ।-ਕੋ ਅਬਿ ਗੁਰੂ,ਬਾਸ ਕਿਸ ਠੌਰਾ ?-। ਅਦਭੁਤ ਗਤਿ ਸ਼੍ਰੀ ਸਤਿਗੁਰ ਕੇਰੀ । ਕੋ ਲਖਿ ਸਕਹਿ ਅਗੰਮ ਘਨੇਰੀ' ॥ ੧੨ ॥ ਦਿੱਲੀਪੁਰਿ ਕੀ ਸੰਗਤਿ ਸਾਰੀ । ਮਿਲਿ ਆਪਸ ਮਹਿਂ ਕਰਤਿ ਉਚਾਰੀ । 'ਰਾਮਰਾਇ ਬਿਨ ਸੰਤਤਿ ਰਹੈ । ਇਹ ਗੁਰ ਸ੍ਰਾਪ ਸਾਚ ਹੀ ਲਹੈ'' ॥ ੧੩ ॥ ਜਾਇ ਪੌਰ ਪਰ ਨਮੋਂ ਕਰੰਤੇ । ਲੇ ਲੇ ਸੁਧਿ ਨਿਜ ਧਾਮ ਸਿਧੰਤੇ । ਚੇਤ ਮਾਸ ਪਾਛਲਿ ਪਖ ਮਾਂਹੀ।ਗਾਇ ਪੰਚਮੀ ਕੋ ਗੁਰ ਤਾਂਹੀਂ ॥੧੪॥ ਬਿਦਤ ਸੀਤਲਾ ਦਿਨ ਖ਼ਸ਼ਟੀ ਕੋ । ਛੋਟ ਬਡੀ ਬਿਸਫੋਟ ਭਰੀ ਕੋ । ਦਿਵਸ ਤ੍ਰੌਦਸੀ ਲੌ ਭਰਿ ਆਈ । ਸੇਵਹਿਂ ਦਾਸ ਨਿਕਟਿ ਜੇ ਜਾਈ ॥੧੫॥ ਹੋਤਿ ਅਚੰਭੇ ਗਤਿ ਪਿਖਿ ਮਨਕੀ । 'ਹੇ ਗੁਰ! ਕਹਾਂ ਦਿਸ਼ਾ ਕਿਧ ਤਨ ਕੀ।ਦੁਖ ਸੁਖ ਸਭਿਹਿਨ ਕੋ ਤੁਮ ਹਾਥ।ਸਭਿ ਪ੍ਰਕਾਰ ਸਮਰਥ ਜਗਨਾਥ !' ॥ ੧੬ ॥ ਮਾਤ ਜਾਇ ਅਵਲੋਕਨਿ ਕਰੈ।ਲਖਹਿ ਗੁਰੂ ਗਤਿ ਚਿੰਤਾ ਧਰੈ । ਇਕ ਪੁੱਤ੍ਰ ਪੁਨ ਬਾਲਿਕ ਸੋਇ।ਆਗੈ ਸੰਤਤਿ ਭਈ ਨ ਕੋਇ ॥ ੧੭ ॥ ਦੇਖਿ ਦੇਖਿ ਦੁਖ ਪਾਇ ਬਿਚਾਰੀ । ਅਧਿਕ ਬਿਸੂਰਤਿ ਸੰਸੈ ਧਾਰੀ। 'ਹੇ ਸੁਤ ! ਕਨੈਂ ਨ ਬਨਹੁ ਅਹਿਲਾਦੀ । ਤੁਮ ਬੈਠੇ ਸ੍ਰੀ ਨਾਨਕ ਗਾਦੀ ॥ ੧੮ ॥ ਕਸਾ ਇਹ ਦਸ਼ਾ ਅਰੰਭਨਿ ਕੀਨਿ । ਸਤਿਗੁਰ ਕੇ ਘਰ ਅਨਦ ਬਿਹੀਨ।ਆਪ ਅਲੰਬ ਸੰਗਤਾ ਕੇਰੀ।ਚਹੁੰਦਿਸਿ ਕੀ ਚਲਿ ਆਇ ਘਨੇਰੀ ॥ ੧੯ ॥ ਸਭਿ ਬਿਧਿ ਕੀ ਜਾਚਤਿ ਹੈਂ ਛੇਮ । ਦੇਤਿ ਆਪ ਜਿਹ ਸ਼ਰਧਾ ਨੇਮ[3] । ਨਿਜ ਤਨ ਦਿਸ਼ਿ ਕਨੌਂ ਦੇਖਤਿ ਨਾਂਹੀ । ਅਜਹੂ ਬਾਲ ਆਰਬਲ ਮਾਂਹੀ ॥ ੨੦ ॥ ਪੂਰਬ ਤੇ ਬੈਠਤਿ ਚਲਿ ਆਈ[4] । ਲਾਇਕ ਬਨੇ ਪਾਇ ਗੁਰਿਆਈ[5]।ਅਸ ਨਹਿਂ ਕਰਹੁ,ਮਿਟਹਿ ਗੁਰ ਗਾਦੀ । ਸੋਢੀ ਸਭਿ ਸ਼ਰੀਕ ਸੋ ਬਾਦੀ[6] ॥ ੨੧ ॥ ਤਿਨ ਕੋ ਤਜਿ ਤੁਮਰੇ ਘਰ ਆਈ । ਕਰਹੁ ਜੋਗਤਾ

[1]ਬੀਤ ਗਈ ਗਲ ਜਾਣ ਪੈਂਦੀ ਹੈ (ਭਾਵ ਕੀਰਤਪੁਰਿ ਵਿਚ ਪਹਾੜੀ ਉਤੇ ਜੋ ਸ੍ਰੀ ਗੁਰੂ ਹਰਿਰਾਇ ਜੀ ਨੇ ਸਿੱਖੀ ਰੂਪ ਜਹਾਜ ਦਾ ਰਟ ਜਾਣਾ ਕਹਿਆ ਸੀ) । [2]ਜੋ ਸਿੱਖ ਸੰਗਤ ਪੂਜਾ ਕਰਨ ਵਾਲੀ ਹੈ (ਤਿਨਾਂ) ਸਾਰਿਆਂ ਵਿਚ । [3](ਇਹ) ਨੇਮ ਹੈ (ਆਪ ਦਾ ਕਿ) ਜਿਸ ਨੂੰ ਸ਼ਰਧਾ ਹੈ ਆਪ ਉਸਨੂੰ ਦੇਂਦੇ ਹੋ ( ਛੇਮ ਆਦਿ ) । [4]ਪਹਿਲੇ ਤੋਂ ( ਗੁਰੂ ਦੇ ਬਾਦ ਗੁਰੂ ਦੇ ਗੱਦੀ ) ਬੈਠਣ ਨਾਲ ( ਰੀਤੀ ਕਾਇਮ) ਟੁਰੀ ਆਈ ਹੈ । [5]ਤੁਸੀਂ (ਬਚਪਨ ਵਿਚ ਹੀ) ਲਾਇਕ ਹੋਕੇ ਗੁਰਿਆਈ ਪਾਈ ਹੈ । [6]ਓਹ ਝਗੜਾਲੂ ਦਲ ।

ਜੀਵਨ ਪਾਈ[1]। ਦੇਖਿ ਸ਼ਰੀਰ ਮਾਤ ਇਮ ਕਹੈ।ਭਈ ਦੀਨ ਉਰ ਸ਼ੁਰਤਿ ਅਹੈ ॥੨੨॥ ਸੁਨਿ ਕਰਿ ਸ਼੍ਰੀ ਹਰਿਕ੍ਰਿਸ਼ਨ ਕ੍ਰਿਪਾਲਾ। ਦੇ ਜਨਨੀ ਕੋ ਧੀਰ ਬਿਸਾਲਾ। 'ਰਚੀ ਬਿਧਾਤੇ ਹੋਨੀ ਸੋਇ। ਮਿਟੈ ਨ ਕਰੇ ਉਪਾਇ ਜਿ ਕੋਇ ॥੨੩॥ ਜੇ ਨਹਿ ਹੋਨੀ, ਬਨਹਿ ਸੁ ਨਾਂਹੀ। ਕਰਹਿ ਸ ਜਤਨ ਸਕਲ ਬਲ*ਮਾਂਹੀ[2]।ਸਾਚੀ ਸ਼੍ਰੀਨਾਨਕ ਕੀਗਾਦੀ। ਸੰਗਤਿ ਬਿਖੈ ਸਦੀਵ ਅਬਾਦੀ ॥੨੪॥ਅਬਚਲ ਨੀਵ ਅਹੈ ਗੁਰ ਕੇਰੀ। ਰਹੈ ਸਦਾ ਦਿਢ ਸਖਦ ਬਡੇਰੀ। ਤੂੰ ਮਮ ਮਾਤ ਨ ਇਮ ਬਨਿ ਆਵੈ।ਸਮ ਅਪਰਨਿ ਕੇ ਮੋਹ ਉਪਾਵੈਂ॥੨੫॥ ਪ੍ਰਭੁ ਮਰਜ਼ੀ ਮਹਿ ਰਹੁ ਨਿਤ ਰਾਜ਼ੀ। ਜਗ ਰਚਨਾ ਜਾਨਹੁ ਅਸ ਪਾਜੀ[3]। ਥਿਰ ਨ ਰਹੈ ਨਿਤ ਬਿਨਸਨਹਾਰੀ। ਇਸ ਮਹਿਂ ਪ੍ਰੀਤਿ ਸੁਮਤਿ ਨਹਿ ਧਾਰੀ॥੨੬॥ ਹਰਿਚੰਦੌਰੀ[4], ਜਿਮ ਘਨ ਛਾਯਾ। ਸੁਪਨਾ, ਜਿਮ ਬਾਜ਼ੀਗਰ ਮਾਯਾ[5]। ਇਨਹਿਂ ਸਾਰ ਲਖਿ ਕਰਿ ਦ੍ਰਿਢ ਗਹੈ।ਕਹਾਂ ਸੁ ਪ੍ਰਾਨੀ ਨਿਜ ਕਰ ਲਹੈ[6] ॥੨੭॥ ਬਿਨਸਹਿ ਕੋ ਆਗੈ ਕੋ ਪਾਛੇ। ਇਸ ਮਹਿਂ ਮੂਰਖ ਥਿਰਤਾ ਬਾਂਛੇ। ਚਲਨੋ ਜਾਤਿ ਜਿਮ ਨਦੀ ਪ੍ਰਵਾਹੁ।ਭਰਨੋ ਰਹਹਿ ਦਿਖਿਯਤਿ ਬਿਧ ਤ੍ਰਾਹੂ ॥ ੨੮ ॥ ਉਪਜਨਿ ਬਿਨਸਨਿ ਕਾਰ ਹਮੇਸ਼। ਸਭਿ ਕੇ ਸੀਸ ਠਟੀ ਜਗਤੇਸ਼। ਇਮ ਬਿਚਾਰ ਕਰਿ ਧੀਰਜ ਧਾਰਹੁ। ਪ੍ਰਭੁ ਕ੍ਰਿਤ ਸਮੁਝਿ ਸ਼ੋਕ ਨਿਰਵਾਰਹੁ' ॥ ੨੯ ॥ ਸੁਨਤਿ ਪੁੱਤ੍ਰ ਕੇ ਬਾਕਨਿ ਮਾਤਾ। ਰਖਿ ਜਲਜਾਤਨ ਤੇ ਜਲ ਜਾਤਾ[7]। ਛੂਸ਼ਨਿ ਭਈ ਨ ਬੋਲੀ ਫੇਰ।ਹੇਰਤਿ ਸੁਤ ਤਨ ਸੋਚ ਬਡੇਰ ॥੩੦॥ ਔਰੰਗ ਕੋ ਨਰ ਸੁਧਿ ਕੋ ਆਵੈ। ਬਹੁਰ ਜਾਇ ਅਹਿਵਾਲ ਸੁਨਾਵੈ। 'ਅਧਿਕ ਸੀਤਲਾ ਕੇ ਬਿਸਫੋਟ[8]। ਪਿਲਪਿਲ ਕਰਤਿ ਬਡੋ ਕੌ ਛਟ' ॥ ੩੧ ॥ ਸੁਨਤਿ ਸ਼ਾਹੁ ਨਿਸਚੈ ਮਨ ਜਾਨਾ।–ਬਿਨਸਹਿ ਤਨ ਜਿਮ ਸੂਖ ਬਖਾਨਾ। ਕਹਨੋ ਨ ਬਿਰਥਾ ਇਨ ਕੋ ਜਾਤਿ। ਪਰਖਨੋ ਕਈ ਬਾਰ ਸਭਿ ਭਾਂਤਿ–॥ ੩੨ ॥ ਅਪਨਿ ਸਭਾ ਮਹਿਂ ਕੇਤਿਕ ਬਾਰਾ। ਗੁਰ ਪ੍ਰਸੰਗ ਕੋ ਬਦਨ ਉਚਾਰਾ। ਜੋ ਪੁਰਿ ਨਾਥ ਸਾਥ ਬਹੁ ਬਾਰੀ। ਬੂਝਿ ਬਾਰਤਾ ਕਰਤਿ ਉਚਾਰੀ ॥ ੩੩ ॥ ਬ੍ਰਿੰਦ ਮਸੰਦ ਬਿਲੰਦ ਸਚਿੰਤ। ਮਿਲਿ

[1](ਆਪਣਾ) ਜੀਵਨ ਪਾਵੇ, ਭਾਵ ਜੀਉਂਦੇ ਰਹਿਕੇ ਸੰਗਤਾ ਨਾਲ (ਗੁਰਿਆਈ) ਕਰੇ। [2]ਚਾਹੋ ਸਾਰੇ ਬਲ ਵਿਚ (ਹੋਕੇ ਕੋਈ) ਜਤਨ ਕਰੇ। [3]ਝਠ। ਪਾਜਵਾਲੀ। [4]ਗੰਧਰਬ ਨਗਰੀ, ਅਕਾਸ਼ ਦੀ ਇਕ ਕਲਪਤ ਨਗਰੀ। [5]ਬਾਜ਼ੀਗਰ ਦੀ ਮਾਇਆ। [6]ਪ੍ਰਾਪਤ ਕਰ ਸਕਦਾ ਹੈ। [7]ਨੇਤ੍ਰ ਕਮਲਾਂ ਵਿਚੋਂ ਪਾਣੀ ਚਲਿਆ ਜਾ ਰਿਹਾ ਹੈ। [8]ਛਾਲੇ। *ਪਾ:–ਬਿਧਿ।

ਮਿਲਿ ਬਹੁ ਬਿਚਾਰ ਬਿਰਤੰਤ।–ਗੁਰਤਾ ਗਾਦੀ ਨਹਿ ਮਿਟਿ ਜਾਇ।ਹਮ ਅਲੰਬ ਜਿਸ ਕੇ ਸਮੁਦਾਇ–॥ ੩੪ ॥ ਸੰਗਤਿ ਮਿਲਹਿ ਸੁਨਤਿ ਪਛੁਤਾਵਹਿ।–ਹਮ ਕਿਸ ਕੇ ਪੁਨ ਦਰਸ਼ਨ ਪਾਵਹਿ। ਸਕਲ ਕਾਮਨਾ ਸਿੱਖਨਨਿ ਦਾਨੀ। ਜੋ ਜਾਚਹਿ ਸਭਿ ਪੂਰਨਿ ਠਾਨੀ ॥ ੩੫ ॥ ਮੰਦ ਭਾਗ ਬਹੁ ਭਏ ਹਮਾਰੇ। ਜਿਸਤੇ ਗੁਰ ਨਹਿ ਪਰਹਿਂ ਨਿਹਾਰੇ। ਜਿਨ ਕੋ ਦਰਸ਼ਨ ਪਾਵਨ ਕਰੈਂ। ਜਨਮ ਅਨੇਕ ਪਾਪ ਪਰਹਰੈਂ–॥ ੩੬ ॥ ਇੱਤ੍ਯਾਦਿਕ ਸਭਿਹਿਨਿ ਮਹਿਂ ਰੌਰਾ। ਪੁਰਿ ਮਹਿਂ ਭਯੋ ਅਨਿਕ ਹੀ ਠੌਰਾ। ਰਾਮਰਾਇ ਸੁਨਿ ਕੈ ਸੁਧਿ ਸਾਰੀ। ਬੁਰਾ ਭਲਾ ਨਹਿਂ ਕਰਤਿ ਉਚਾਰੀ ॥ ੩੭ ॥ ਭ੍ਰਾਤ ਪਰਸਪਰ ਸੋ ਬਚ ਕਹੈ।ਕੋ ਸਮਰੱਥ ਹਟਾਵਨਿ ਚਹੈ। ਸ੍ਰੀ ਨਾਨਕ ਕੀ ਜੋਤਿ ਅਪਾਰਾ। ਕੋ ਨਹਿ ਪਾਇ ਸਕਹਿ ਤਿਹ ਪਾਰਾ ॥ ੩੮ ॥ ਸ੍ਰੀ ਹਰਿ ਕ੍ਰਿਸ਼ਨ ਮਹਾਂ ਸਮਰੱਥ। ਸਕਲ ਬਾਰਤਾ ਜਿਨ ਕੇ ਹੱਥ। ਅੰਗੀਕਾਰ ਤਊ ਬਚ ਕਰੇਂ। ਸੋ ਭ੍ਰਾਤਾ ਕਰਿ ਬੈਰ ਉਚਰਨੋ ॥ ੩੯ ॥ ਬਹੁ ਕਾਰਨ ਤਿਸ ਮਹਿਂ ਮਨ ਜਾਨੇ।–ਗੁਰ ਸ੍ਰੀ ਤੇਗ ਬਹਾਦਰ ਠਾਨਿ।ਤਿਨ ਕੇ ਸੁਤ ਹੈ ਪੰਥ ਚਲਾਵਨਿ। ਗਨ ਤੁਰਕਨਿ ਕੀ ਜਰੇਂ ਨਸਾਵਨਿ ॥ ੪੦ ॥ ਬਾਕ ਪਿਤਾਮੇ ਪਿਤ ਸਫਲਾਵੈਂ[1]ਹਮ ਤਨ ਤਜਹਿਂ ਸਕਲ ਬਨਿਆਵੈਂ*–ਗੁਰ ਸਰਬੱਗ ਬਿਸਾਲ ਉਦਾਰਾ। ਇੱਤ੍ਯਾਦਿਕ ਸਭਿ ਰਿਦੇ ਬਿਚਾਰਾ ॥ ੪੧ ॥ ਚਾਹਤਿ ਭੇ ਸਰੀਰ ਕੋ ਤ੍ਯਾਗਨਿ। ਦੇ ਕਰਿ ਦਰਸ ਸਿੱਖ ਅਨੁਰਾਗਨਿ। ਕਾਰਨ ਕਰਨ ਆਪ ਸਭਿ ਜਾਨੈ। ਨਰ ਅਜਾਨ ਕਨਾ ਤਿਨਹੁੰ ਬਖਾਨੈ ॥ ੪੨ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਗੁਰ ਹਰਿਕ੍ਰਿਸ਼ਨ' ਪ੍ਰਸੰਗ ਬਰਨਨ ਨਾਮ ਪੰਚਾਸਤੀ ਅੰਸੂ ॥ ੫੦ ॥

## ੫੧. [ਸੰਗਤਾਂ ਨੂੰ ਉਪਦੇਸ਼]।

ਦੋਹਰਾ ॥ ਚੇਤ ਚਤੁਰਦਸਮੀ[2] ਭਈ ਚਾਹਤਿ ਭੇ ਪਰਲੋਕ। ਬਯਾਕੁਲ ਤਨ ਕੀ ਦਸ਼ਾ ਬਹੁ ਦੇਖਤਿ ਦਾਸ ਸਸ਼ੋਕ ॥ ੧ ॥ ਚੌਪਈ ॥ ਸੇਵਾ ਹੇਤੁ ਦਾਸ ਜੋ ਨੇਰੇ। ਨੇਤ੍ਰ ਉਘਾਰਿ ਤਿਨਹੁੰ ਦਿਸ਼ਿ ਹੇਰੇ। ਕਰਨੋ ਹੁਕਮ 'ਹਮ ਚਲਹਿ

---

[1]ਭਾਵ ਬਾਬਾ ਗੁਰਦਿੱਤਾ ਜੀ ਦੇ ਪਿਤਾ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਵਾਕ ਸਫਲਾ ਹੋਵੇ। [2]ਚੇਤ ਦੀ ਚੌਦਸ।

*ਇਸ ਤੋਂ ਅੱਗੇ ਇੱਕ ਛਾਪੇ ਦੇ ਨੁਸਖੇ ਵਿਚ ਇੱਕ ਚੌਪਈ ਵਾਧੂ ਹੈ ਜੋ ਹੋਰ ਕਿਸੇ ਲਿਖਤੀ ਨੁਸਖੇ ਵਿਚ ਨਹੀਂ ਮਿਲੀ, ਜਿਸਦਾ ਪਾਠ ਇਹ ਹੈ:–ਜਦਿ ਹਮ ਤ੍ਰਤ ਸੂਪ ਨਿਕਲਾਵੈਂ। ਨਿਜ ਗੁਰ ਘਰ ਕੋ ਅਦਬ ਘਟਾਵੈਂ। ਦੂਜੀ ਬ੍ਰਿਧਨ ਮਿਰਜਾਦਾ ਟਾਰੈਂ। ਯਾਤੇ ਸੂਖਮ ਸੁ ਅੰਗੀਕਾਰੈਂ।

ਪ੍ਰਲੋਕ। ਜੋ ਦਰਸ਼ਨ ਕਾਂਖੀ ਸਭਿ ਲੋਕ ॥ ੨ ॥ ਹੈ ਮਸੰਦ ਗੁਰਬਖਸ਼ ਸਿ ਮਾਲਾ[1]। ਦਿੱਲੀ ਨਗਰ ਬਿਖੈ ਸਭਿ ਕਾਲਾ। ਤਿਸ ਤੇ ਆਦਿਕ ਅਪਰ ਜਿ ਅਹੈਂ। ਅਰੁ ਸਿਖ ਸੰਗਤਿ ਦਰਸ ਜਿ ਚਹੈਂ ॥ ੩ ॥ ਤਿਨ ਸਭਿਹਿਨਿ ਕੋ ਆਨਿ ਹਕਾਰਿ। ਪਾਵਹਿ ਦਰਸ ਆਨਿ ਦਰਬਾਰ'।ਸੁਨਤਿ ਬਿਲੋਚਨ ਦਾਸਨਿ ਭਰੇ। ਤਤਛਿਨ ਅੰਸੂ ਬੂੰਦ ਗਿਰ ਪਰੇ ॥ ੪ ॥ ਮਾਤਾ ਆਦਿਕ ਸਭਿਨਿ ਸੁਨਾਇ। ਸਮਦਾਇਨਿ ਕੋ ਸ਼ੋਕ ਉਪਾਇ । ਪੁਨ ਗੁਰਬਖਸ਼ ਹਕਾਰਨਿ ਕਰਯੋ ; ਸੁਨਿ ਕਰਿ ਨੇਤ੍ਰਨਿ ਮਹਿਂ ਜਲ ਭਰਯੋ ॥ ੫ ॥ ਅਪਰ ਸਿੱਖ ਸੰਗਤਿ ਬੁਲਿਵਾਇ। ਦਰਸ਼ਨ ਕੇ ਕਾਰਨ ਚਲਿ ਆਇ । ਰਿਦੇ ਬਿਸੂਰਤਿ ਮੁਖ ਮੁਰਝਾਇ।ਤੂਸ਼ਨਿ ਠਾਨਿ ਪਹੁੰਚਿ ਤਿਸ ਥਾਇਂ॥੬॥ਜੈਸਿੰਘ ਆਦਿ ਅਪਰ ਨਰ ਘਨੇ। ਉਤਲਾਵਤਿ ਚਿਤ ਚਿੰਤਾ ਸਨੇ। ਸਕਲ ਆਨਿ ਪਹੁੰਚੇ ਜਬਿ ਪੌਰ। ਭਈ ਭੀਰ ਥਿਰ ਤੇ ਤਿਸ ਠੌਰ ॥੭॥ ਅੰਤਰ ਸਤਿਗੁਰ ਨਿਕਟਿ ਜਨਾਯਹੁ ।'ਸੁਨਿ ਸੁਧਿ ਜੈ ਪੁਰਿ ਕੋ ਪਤਿ ਆਯਹੁ। ਬ੍ਰਿੰਦ ਮਸੰਦ ਸੰਗਤਾਂ ਸਾਰੀ। ਆਨ ਥਿਰੀ ਸਭਿ ਪੌਰ ਅਗਾਰੀ' ॥ ੮ ॥ ਸੁਨਿ ਕਰਿ ਸ਼੍ਰੀ ਹਰਿ ਕ੍ਰਿਸ਼ਨ ਉਚਾਰਾ। 'ਫਰਸ਼ ਡਸਾਵਹੁ ਬਿਬਿਧਿ ਪ੍ਰਕਾਰਾ। ਆਨਿ ਸਭਿਨਿ ਕੋ ਦੇਹੁ ਬਿਠਾਇ। ਦਰਸ਼ਨ ਕਰਹਿਂ ਕਾਮਨਾ ਪਾਇ' ॥ ੯ ॥ ਗਯੋ ਮੇਵੜਾ ਆਇਸੁ ਲੈਕੇ । ਅੰਤਰ ਸਕਲ ਹਕਾਰਨਿ ਕੈ ਕੇ । ਸ੍ਰੀ ਸਤਿਗੁਰ ਤਬਿ ਹ੍ਵੈ ਸਵਧਾਨਾ।ਬੈਠੇ ਦਰਸ਼ਨ ਦੇਨਿ ਸੁਜਾਨਾ ॥ ੧੦ ॥ ਪਿਖਿ ਗੁਰਬਖਸ਼ਹਿ ਜੈਪੁਰਿਨਾਥ। ਪ੍ਰਵਿਸ਼ਯੋ ਅੰਤਰ ਗਹਿ ਤਿਸ ਹਾਥ। ਇਨ ਦੋਇਨ ਤੇ ਪੀਛੇ ਸਾਰੇ। ਆਨਿ ਥਰੇ ਚਿੰਤਾ ਚਿਤ ਧਾਰੇ ॥੧੧॥ ਗੁਰ ਤਨ ਪਿਖਯੋ ਬ੍ਰਿੰਦ ਬਿਸਫੋਟ।ਭਰੇ ਸਰਬ ਦੀਰਘ ਕੋ ਛੋਟ। ਕਰ ਬੰਦਹਿ ਬੰਦਨ ਕੋ ਧਾਰਹਿਂ। ਕੋਚਿਤ ਹੇਰਿ ਹੋਤਿ ਬਲਿਹਾਰੈਂ ॥੧੨॥ਜਥਾ ਉਚਿਤ ਬੈਠੇ ਧਰਿ ਮੌਨ। ਕਰਤਿ ਬਿਲੋਕਨ, ਬੋਲਹਿ ਕੌਨ।ਜੈਪੁਰਿ ਪਤਿ ਕੋ ਰੁਖ ਲਖਿ ਕਰਿਕੈ। ਕਹਿ ਗੁਰਬਖਸ਼ ਨੰਮ੍ਰਿਤਾ ਧਰਿ ਕੈ ॥੧੩॥ 'ਸ਼੍ਰੀ ਸਤਿਗੁਰੂ ਆਪ ਸਰਬੱਗਯ। ਕਯਾ ਕਹਿ ਸਕਹਿਂ ਜਿ ਨਰ ਅਲਪੱਗਯ ; ਤਉ ਆਪਨੋ ਹਿਤ ਚਿਤ ਚਹੈਂ। ਸਮਰੱਥਨਿ ਢਿਗ ਬਿਨਤੀ ਕਹੈਂ* ॥ ੧੪ ॥ ਆਗੈ ਭਏ ਸਪਤ ਗੁਰ ਜੋਇ। ਦਾਸ ਕਿਧੌਂ ਲਾਇਕ ਸੁਭ ਕੋਇ। ਸਭਿ ਬਿਧਿ ਤੇ ਸਮਰਥ ਤਿਸ ਕਰਿਕੈ। ਗੁਰਤਾ ਗਾਦੀ ਪਰ ਬੈਠਰਿਕੈ ॥ ੧੫ ॥ ਸਕਲ

[1]ਗੁਰਬਖਸ਼ ਮੱਲ। *ਪਾ:–ਸਮਰੱਥ ਪ੍ਰਭੁ ਪਹਿ ਬਿਨਤੀ ਅਹੈ।

ਸੰਗਤਾਂ ਆਦਿ ਮਸੰਦ। ਕਰ ਗਹਿਵਾਇ ਦਾਸ ਜੇ ਬ੍ਰਿੰਦ। ਬਹੁਰ ਚਹੈਂ
ਪਰਲੋਕ ਪਯਾਨਾ। ਕਰਤਿ ਰਹੇ ਜਨ ਗਨ ਦੁਖਹਾਨਾ ॥ ੧੬ ॥ ਜੈ ਪੁਰਿ
ਨਾਥ ਸਹਿਤ ਇਸ ਬੇਰੀ। ਬਿਨਤੀ ਸੁਨਹੁ ਸੰਗਤਾਂ ਕੇਰੀ। ਸਭਿ ਦਾਸਨਿ
ਪਰ ਕਰੁਨਾ ਕਰੀਏ। ਭੋਗਹੁ ਬਪੁ ਕੋ ਦਰਸ ਦਿਖਰੀਏ ॥ ੧੭ ॥ ਤਰੁਨ
ਹੋਇ ਸੰਤਤਿ ਉਪਜਾਵਹੁ। ਬਨਹੁ ਉਚਿਤ ਜਬਿਹੂੰ ਲਖਿ ਪਾਵਹੁ।ਅਪਨੇ
ਥਾਨ ਬਿਠਾਵਨਿ ਕੀਜੈ। ਪੁਨ ਪ੍ਰਲੋਕ ਜਾਨੇ ਮਨ ਦੀਜੈ ॥ ੧੮ ॥ ਮ੍ਰਿਤੁ
ਸੁਹ੍ਰਿਦ ਤੁਮ ਹੋ ਸਮਰੱਥ[1]। ਤਨ ਧਾਰਨਿ ਤ੍ਯਾਗਨਿ ਨਿਜ ਹੱਥ। ਯਾਂਤੇ
ਸਭਿ ਕੋ ਕਹਿਬੋ ਬਨੈ। ਰਚਹੁ ਤਥਾ ਜਿਮ ਬਾਂਛਹੁ ਮਨੈ॥ ੧੯ ॥ਅਪਰਨਿ
ਕੀ ਮ੍ਰਿਤੁ ਕਿਮ ਹੁਇ ਜਾਇ। ਜੇ ਅਭਿਲਾਖਹੁ ਸਕਹੁ ਜਿਵਾਇ । ਇਹ
ਕੁਛ ਨਈ ਨਹੀਂ ਹਮ ਕਹੀ। ਗੁਰਘਰ ਮਹਿਂ ਨਿਤ ਹੋਵਤਿ ਰਹੀ ॥੨੦॥
ਕੌਨ ਕੌਨ ਹਮ ਕਰੈਂ ਬਤਾਵਨਿ। ਜੇਤਿਕ ਮ੍ਰਿਤਕ ਕੀਨਿ ਜੀਵਾਵਨ ।
ਬਿਦਤ ਜਗਤ ਮੈਂ ਛਪੀ ਨ ਕੋਇ।ਸਰਬ ਕਲਾ ਸਮਰਥ ਗੁਰ ਹੋਇ॥੨੧॥
ਅਨਿਕ ਮ੍ਰਿਤਕ ਜੇ ਦਏ ਜਿਵਾਇ। ਨਿਜ ਜੀਵਨ ਮੈਂ ਸੰਸੈ ਕਾਇ ।
ਬਾਲ ਅਵਸਥਾ ਮਹਿਂ ਤੁਮ ਅਹੈਂ। ਅਸਮੰਜਸ ਲਖਿ ਸਭਿ ਹਮ ਕਹੈਂ’
॥ ੨੨ ॥ ਸੁਨੀ ਬਾਰਤਾ ਸਤਿਗੁਰ ਸਾਰੀ।ਅਪਰ ਸਭਾ ਸਭਿ ਤੂਸ਼ਨਿ ਧਾਰੀ।
ਹਾਥ ਜੋਰਿ ਦੇਖਤਿ ਮੁਖ ਪਦਮ[2] ।–ਅਜ਼ਮਤ ਲੈ ਬਖਸ਼ਨਿ ਕੋ ਸਦਮ[3]
॥ ੨੩ ॥ ਸੰਗਤਿ ਬਿਨਤੀ ਤੇ ਕਹਾ ਭਨਹਿ–। ਸਗਰੇ ਮਨ ਮਹਿ ਇਸ
ਬਿਧਿ ਗੁਨਹਿਂ। ਕ੍ਰਿਪਾਨਿਧਾਨ ਬਚਨ ਪੁਨ ਭਨੇ।ਮੌਨ ਠਾਨਿ ਸਭਿਹਿਨਿ
ਤਬਿ ਸੁਨੇ ॥ ੨੪ ॥ ‘ਜਥਾਜੋਗ ਸੰਗਤਿ ਕਿਯ ਅਰਜ਼ੀ। ਤਊ ਸੁਨਹੁ
ਪਰਮੇਸ਼੍ਵਰ ਮਰਜ਼ੀ। ਹਮਰੇ ਤਨ ਤ੍ਯਾਗਨਿ ਬਹੁ ਕਾਰਨ।ਆਛੇ ਨਹੀਂ ਜਿ
ਕਰਹਿ ਉਚਾਰਨਿ ॥ ੨੫ ॥ ਗੁਰ ਗਾਦੀ ਅਚਲ ਜਗ ਮਾਂਹੀ । ਵਧਹਿ
ਪ੍ਰਤਾਪ ਘਟਹਿ ਕਿਮ ਨਾਂਹੀ। ਮਨੋਕਾਮਨਾ ਸੰਗਤਿ ਪਾਵਹਿ। ਲ ਗੁਰ ਤੇ
ਉਪਦੇਸ਼ ਕਮਾਵਹਿ ॥ ੨੬ ॥ ਗੁਰੂ ਗ੍ਰੰਥ ਸਾਹਿਬ ਸਭਿ ਕੇਰਾ। ਜੋ ਹਮਰੋ
ਚਹਿ ਦਰਸ਼ਨ ਹੇਰਾ। ਸੋ ਸ਼ਰਧਾ ਧਰਿ ਹੇਰਨਿ ਕਰੈ। ਪਾਪਨਿ ਗਨ ਕੌ
ਛਿਨਛਿਨ ਹਰੈ ॥ ੨੭॥ ਹਮ ਸੋਂ ਬਾਤ ਕਰਨਿ ਕੋ ਚਾਹਹਿ । ਪਠਹਿ
ਸੁਨਹਿ ਗੁਰ ਗ੍ਰੰਥ ਉਮਾਹਹਿ। ਤਿਸ ਮਹਿਂ ਕਹ੍ਯੋ ਜੁ ਕਰਹਿ ਕਮਾਵਨਿ।

[1](ਜਨਮ ਤੇ) ਮੌਤ ਤੋਂ ਤੁਸੀਂ ਸੁਤੰਤ੍ਰ ਹੋ ਤੇ (ਸਭ ਤਰਾਂ) ਸਮਰੱਥ ਹੋ। [2]ਮੁਖ ਕਵਲ।
[3]ਕਰਾਮਾਤ ਤਕ ਦੀ ਬਖਸ਼ਿਸ਼ ਦਾ ਘਰ ਹੈ।

'ਚਾਰ ਪਦਾਰਥ ਲੇ ਮਨ ਪਾਵਨ[1] ॥੨੮॥ ਹੋਹਿ ਕਾਮਨਾ ਸਿਖ ਕੈ ਕੋਈ ।
ਬਿਘਨ ਪਰਹਿ ਕੈ ਸੰਕਟ ਹੋਈ।ਸ਼ਰਨ ਗ੍ਰੰਥ ਸਾਹਿਬ ਕੀ ਜਾਇ।ਤਤਛਿਨ
ਸਤਿਗੁਰ ਬਨਹਿੰ ਸਹਾਇ ॥ ੨੯ ॥ ਸ਼ਰਧਾਲੂ ਕੋ ਸਭਿ ਕਿਛ ਅਹੈ ।
ਹੋਹਿ ਅਸ਼ਰਧਕ ਕਿਮਹੁ ਨ ਲਹੈ । ਤਨ ਸਦੀਵ ਥਿਰ ਹੋਇ ਨ ਕੋਇ ।
ਰਿਦਾ ਗ੍ਰੰਥ ਗੁਰ ਕੋ ਲਿਹੁ ਜੋਇ ॥ ੩੦ ॥ ਨਿਤ ਦਰਸ਼ਨ ਕਰਿ ਮਸਤਕ
ਟੇਕਹੁ । ਹਨਹੁ ਬਿਕਾਰਨਿ ਪਾਇ ਬਿਬੇਕਹੁ'।ਇਮ ਸੁਨਿ ਕਰਿ ਸਤਿਗੁਰ
ਕੀ ਬਾਨੀ । ਸਭਿਨਿ ਬਿਲੋਚਨ ਤੇ ਬਹਿ ਪਾਨੀ ॥ ੩੧ ॥ ਗੁਰ ਜੀਵਨ
ਕੀ ਆਸ ਚੁਕਾਈ । ਦੁਰਲਭ ਦਰਸ਼ ਨਹੀ ਪੁਨ ਪਾਈ । ਪੁਨ ਜੈ ਸਿੰਘ
ਕਹਯੋ ਕਰ ਜੋਰੇ । 'ਸ਼ਾਹ ਚਹਹਿ ਤੁਮ ਚਰਨ ਨਿਹੋਰੇ॥੩੨॥ ਮਿਲਿਬੇ ਕੀ
ਲਾਲਸ ਹੀ ਰਹੀ । ਤਾਂਹਿ ਕਾਮਨਾ ਪੂਰੀ ਨਹੀਂ । ਮੁਝ ਸੋਂ ਕਹਤਿ ਰਹਯੋ
ਬਹੁ ਬਾਰੀ । ਮੈਂ ਚਾਕਰ ਕੀ ਮਰਜ਼ੀ ਧਾਰੀ ॥ ੩੩ ॥ ਅਬਿ ਕਜਾ ਹੁਕਮ
ਕਹੌਂ ਢਿਗ ਸ਼ਾਹੁ । ਬੂਝਹਿ ਜਬਹਿ ਜਾਇ ਹੌਂ ਪਾਹੂ' । ਸ੍ਰੀ ਹਰਿ ਕ੍ਰਿਸ਼ਨ
ਰਾਵ ਸੈਂ ਕਹਯੋ । 'ਤਿਸ ਢਿਗ ਭ੍ਰਾਤ ਹਮਾਰੋ ਰਹਯੋ ॥ ੩੪ ॥ ਮਨ
ਭਾਵਤਿ ਕਰਾਮਾਤ ਦਿਖਲਾਈ । ਜਿਮ ਭਾਖਯੋ ਤਿਮ ਹੀ ਕਰਿਵਾਈ।ਸਾਢੇ
ਤ੍ਰੈ ਸੈ ਵਾਰ ਬਿਲੰਦ । ਕਰਾਮਾਤ ਹੇਰੀ ਬਿਧਿ ਬ੍ਰਿੰਦ ॥ ੩੫ ॥ ਅਪਰ ਕਹਾਂ
ਗੁਰ ਘਰ ਤੇ ਚਾਹਤਿ । ਮਿਲਿਬੇ ਹਿਤ ਜੋ ਬਹੁਤ ਉਮਾਹਤਿ।ਦੁਤੀ ਬਾਤ
ਪਰਲੋਕ ਸਿਧਾਵਨਿ । ਬਿਨ ਸੰਕਟ ਰਹਿ ਆਨੰਦ ਪਾਵਨ ॥ ੩੬॥ ਤਿਸ
ਹਿਤ ਸ਼ਬਦ ਪਠਾਵਨਿ ਕਰਯੋ।ਸ੍ਰੀ ਗੁਰ ਨਾਨਕ ਧਰਮ ਉਚਰਯੋ। ਕਰਹਿ
ਕਮਾਵਨਿ ਸ਼ੁਭ ਗਤਿ ਪਾਵੈ । ਬਿਨਾ ਕਮਾਏ ਹਾਥ ਨ ਆਵੈ ॥ ੩੭ ॥ ਹਮ
ਸੋਂ ਮਿਲਨਿ ਕਾਜ ਹੈਂ ਦੋਇ । ਪੂਰਬ ਹੀ ਪ੍ਰਾਪਤਿ ਤਿਹ ਸੋਇ । ਅਪਰ
ਤੀਸਰੋ ਕਾਜ ਨ ਕੋਈ । ਜਿਸ ਤੇ ਮੇਲ ਹਮਾਰੋ ਹੋਈ ॥ ੩੮ ॥ ਇਹੀ
ਬਾਰਤਾ ਕਹੀਅਹਿ ਜਾਇ । ਸਿਮਰਹੁ ਸੱਤਿਨਾਮੁ ਸੁਖ ਪਾਇ । ਸੰਤਨਿ
ਸੰਗ ਨਹੀਂ ਕਰਿ ਅਰਨਾ । ਤਿਨ ਕੋ ਕਹਯੋ ਆਪ ਸਿਰ ਜਰਨਾ[2]" ॥੩੯॥
ਇਮ ਕਹਿ ਮੌਨ ਧਰੀ ਗੁਨ ਖਾਨੀ । ਉਠਯੋ ਭੂਪ ਤਬਿ ਬੰਦਨ ਠਾਨੀ ।
ਗਮਨਯੋ ਨੌਰੰਗ ਕੇ ਢਿਗ ਗਯੋ । ਸਰਬ ਬ੍ਰਿਤਾਂਤ ਸੁਨਾਵਤਿ ਭਯੋ ॥੪੦॥
ਤਬਹਿ ਸ਼ਾਹੁ ਬੋਲਯੋ ਨ੍ਰਿਪ ਸਾਥ । 'ਰਾਖਹੁ ਸੁਧਿ ਤੁਮ ਜੈਪੁਰ ਨਾਥ। ਤਨ
ਕੋ ਤਜਹਿਂ ਆਨ ਸੁਧਿ ਦੀਜੈ । ਮੇ ਬਿਨ ਕਹੇ ਦਾਹੁ ਨਾਹਿ ਕੀਜੈ ॥ ੪੧ ॥

[1]ਪ੍ਰਾ ਲਵੇ । [2]ਸਹਾਰਨਾ ।

ਨਿਸ ਕੈ ਦਿਨ ਹੋਵੈ ਤਿਸ ਕਾਲ। ਤਨ ਤਜਾਗੀਂ ਸੁਧਿ ਦੇਹੁ ਉਤਾਲ'। ਇਤੋ ਪ੍ਰਸੰਗ ਸ਼ਾਹੁ ਢਿਗ ਭਯੋ।ਜੇ ਸਿਖ ਨਿਜ ਘਰ ਕੌ ਚਲਿ ਗਯੋ॥੪੨॥ ਸੁਧਿ ਹਿਤ ਅਪਨੇ ਮਨੁਜ ਪਠਾਏ। ਕਹਨੋ ਕਿ'ਸੁਨਿ ਆਵਹੁ ਉਤਲਾਏ' ।ਇਸ ਪ੍ਰਕਾਰ ਦਿਨ ਭਯੋ ਬ੍ਰਿਤੰਤ ।ਸੰਧ੍ਯਾ ਸਮੇਂ ਗੁਰੂ ਭਗਵੰਤ ॥ ੪੩ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਹਰਿਕ੍ਰਿਸ਼ਨ' ਪ੍ਰਸੰਗ ਬਰਨਨ ਨਾਮ ਇਕ ਪੰਚਾਸਮੋ ਅੰਸੂ ॥ ੫੧ ॥

## ੫੨. [ਸੰਗਤ ਨੂੰ ਉਪਦੇਸ਼]।

ਦੋਹਰਾ ॥ ਸੂਰਜ ਅਸਤਨੋ ਪ੍ਰਾਂਚ* ਦਿਸ਼ਿ ਭਾ ਸੰਧ੍ਯਾ ਕੋ ਕਾਲ[1]। ਆਇ ਜਾਇ ਸਿਖ ਪੁਰੀ ਤੇ ਦਰਸਤਿ ਗੁਰੂ ਕ੍ਰਿਪਾਲ॥ ੧ ॥ਚੌਪਈ॥ ਬ੍ਰਿੰਦ ਮਸੰਦ ਥਿਰੇ ਸਭਿ ਆਇ। ਜੋ ਗੁਰਬਖਸ਼ ਆਦਿ ਮੁਖਿ ਗਾਇ। ਅੰਤਰ ਵਹਿਰ ਭੀਰ ਬਹੁ ਹੋਈ। ਧਰੇ ਸ਼ੋਕ ਬੋਲਤਿ ਨਹਿੰ ਕੋਈ ॥ ੨ ॥ ਦਰਸ਼ਨ ਕਰਹਿੰ ਬਹਿਰ ਥਿਰ ਹੋਇ। ਵਾਹਿਗੁਰੂ ਸਿਮਰਤਿ ਸਭਿ ਕੋਇ। ਪੁਰਿ ਕੀ ਸੰਗਤਿ ਕੇ ਸਿਖ ਸਜਾਨੇ। ਗੁਰ ਚਰਿੱਤ੍ਰ ਤੇ ਉਰ ਬਿਸਮਾਨੇ ॥੩॥ ਸਭਿ ਗੁਰਬਖਸ਼ ਸੰਗ ਮਿਲਿ ਕਹਨੋ।'ਅਬਿ ਮਿਲਿ ਗੁਰ ਦਰਸ਼ਨ ਕੋ ਲਹਨੋ। ਸਮਾ ਕਹਨਿ ਕੋ ਲਖਿ ਮਨ ਮਾਂਹੀ। ਬੂਝਹੁ ਸਕਲ ਹੋਇ ਕਰਿ ਪਾਹੀ ॥੪॥ ਜਬਿ ਹੁਇ ਜੋ ਹੈਂ ਅੰਤਰ ਧਯਾਨ। ਰਿਦੇ ਬਿਸੂਰਤਿ ਰਹਹੁ ਮਹਾਨ।ਨਹੀਂ ਸੰਦੇਹ ਹੋਇ ਜਿਸ ਭਾਂਤਿ। ਸੁਨਿਯਹਿ ਗੁਰੂ ਬਾਕ ਬੱਖਯਾਤਿ' ॥ ੫ ॥ ਜਥਾ ਕਰਨਿ ਅਰਦਾਸ ਅਗਾਰੀ। ਮਿਲਿ ਸਭਿਹੂੰ ਤਿਮ ਭਲੇ ਬਿਚਾਰੀ।ਤਬਿ ਗੁਰਬਖਸ਼ ਭਲੇ ਸਮੁਝਾਯੋ। ਜਿਮ ਇਸ ਸਮੇ ਕਹਨਿ ਬਨਿ ਆਯੋ ॥ ੬ ॥ ਠਹਿਰਨੋ ਮਤ ਜਿਮ ਸਭਿਹਿਨਿ ਕੇਰਾ। ਕਹਿਬੇ ਹਿਤ ਅਗੋਰ ਸੋ ਪ੍ਰੇਰਾ। ਭਏ ਸੰਗ ਤਿਸ ਕੇ ਸਿਖ ਸਜਾਨੇ। ਗੁਰ ਮ੍ਰਿਜਾਦ ਜੋ ਚਹਤਿ ਮਹਾਨੇ ॥ ੭ ॥ ਆਗੇ ਸਤਿਗੁਰ ਕੀਨਸਿ ਭਜਾਰੇ। ਕੁਸ਼ ਕੋ ਆਸਤਰਨ ਕਿਤ ਡਾਰੇ।

---

[1]ਸੂਰਜ ਡੁਬ ਗਿਆ, ਪੂਰਬ ਦਿਸ਼ਾ ਵਲ ਸੰਧਿਆ ਪੈ ਗਈ।

*ਇਥੇ ਪਦ ਪ੍ਰਾਂਚ ਪਿਆ ਹੈ, ਜਿਸਦੇ ਅਰਥ ਹਨ 'ਪੂਰਬ' ਕਿਸੇ ਲਿਖਤੀ ਨੁਸਖੇ ਵਿੱਚ ਪਾਠ ਹੈ 'ਸੂਰਜ ਅਥਤੇ ਅਵਾਂਚੀ ਦਿਸਿ' ਜਿਸਦੇ ਅਰਥ ਹਨ ਦੱਖਣ। ਸੂਰਜ ਨਾ ਪੂਰਬ ਡੁਬਦਾ ਹੈ ਨਾ ਦੱਖਣ। ਇਹ ਸਿਰਫ ਜਾਪਦਾ ਹੈ ਕਿ ਕਵੀ ਦਾ ਦਰੁਸਤ ਪਾਠ ਐਉਂ ਸੀ 'ਸੂਰਜ ਅਥਤੇ ਅਪ੍ਰਾਂਚ ਦਿਸ਼'। ਅਪ੍ਰਾਂਚ ਨਾਮ ਪੱਛੋਂ ਦਾ ਹੈ। ਸੋ ਲਿਖਾਰੀਆਂ ਦੀ ਕ੍ਰਿਪਾ ਨਾਲ ਅਪ੍ਰਾਂਚ ਦਾ ਪ੍ਰਾਂਚ ਹੋਗਿਆ ਹੋਣਾ ਹੈ। ਜਾਂ ਅਸਤਤਾਪ੍ਰਾਂਚ [ਅਸਤਿ+ਅਪ੍ਰਾਂਚ] ਪਾਠ ਹੋਵੇ ਜਿਸਤੋਂ ਅਸਤਨੋ ਪ੍ਰਾਂਚ ਲਿਖਾਰੀਆਂ ਨੇ ਬਣਾ ਲਿਆ।

ਦਾਸਨਿ ਸੋਂ ਕਹਿ ਕਹਿ ਕਰਿਵਾਵੈਂ । ਸੁਨਤਿ ਬਿਲੋਚਨ ਜਲ ਦ੍ਰਿਗ ਛਾਵੈ॥
੮ ॥ ਘਟਿਕਾ ਚਾਰ ਬਿਤੀਤਨਿ ਕਰੇ । ਤਬਿ ਗੁਰਬਖਸ਼ ਅੱਗ੍ਰ ਹੁਇ ਖਰੇ।
ਸਭਿ ਕੇ ਹਿਤ ਕੀ ਸ਼ੁਭ ਅਰਦਾਸ। ਕਰੀ ਗੁਰੂ ਕੇ ਪਾਸ ਪ੍ਰਕਾਸ਼ ॥ ੯ ॥
ਪ੍ਰਥਮ ਲੀਏ ਸਭਿ ਗੁਰ ਕੇ ਨਾਮ। ਜਿਨ ਕੋ ਸੁਜਸੁ ਜਗਤ ਅਭਿਰਾਮ ।
'ਸਭਿ ਸੰਗਤਿ ਕੀ ਬਿਨੈ ਸੁਨੀਜੈ। ਬਿਰਦ ਕ੍ਰਿਪਾਲੁ ਕ੍ਰਿਪਾ ਨਿਜ ਕੀਜੈ
॥ ੧੦ ॥ ਸਪਤਮ ਸਤਿਗੁਰ ਸ਼੍ਰੀ ਹਰਿਰਾਇ। ਸੁਤ ਤਜਿ ਬਡੋ ਨ ਉਚਿਤ
ਲਖਾਇ । ਅਪਨੇ ਬਦਨ[1] ਲਗਾਯਵ ਨਹੀਂ । ਗੁਰਤਾ ਦੇਨੀ ਤੌ
ਕਿਤ ਰਹੀ ॥ ੧੧ ॥ ਤੁਮ ਕੌ ਨਿਜ ਅਸਥਾਨ ਬਿਠਾਏ। ਸਭਿ ਬਿਧਿ
ਉਚਿਤ ਜਾਨਿ ਹਰਖਾਏ। ਕਿਤਿਕ ਮਾਸ ਜੁਗ ਸੰਮਤ[2] ਬੀਤੇ। ਜਬਿ ਕੇ
ਜਗਤ ਗੁਰੂ ਤੁਮ ਕੀਤੇ ॥ ੧੨ ॥ ਤਬਿ ਕੀ ਸੰਗਤ ਸਰਬ ਸਮ੍ਹਾਲੀ।ਸਿੱਖੀ
ਰੀਤਿ ਭਲੇ ਪ੍ਰਤਿਪਾਲੀ।ਰਹਤਿ ਭਏ ਅਬਿ ਅੰਤਰ ਧਯਾਨਾ।ਨਹੀਂ ਬਿਠਾਯੋ
ਕੋ ਨਿਜ ਥਾਨ ॥ ੧੩ ॥ ਅਬਿ ਸਭਿ ਸੰਗਤਿ ਮਿਲੀ ਬਿਸੂਰਤਿ। ਨਹਿਨ
ਬਿਲੋਕਹਿੰਗੇ ਤੁਮ ਮੂਰਤਿ । ਰਾਵਰ ਨੇ ਕਿਸ ਕੇ ਲੜ ਲਾਈ। ਰੀਤਿ
ਪ੍ਰਥਮ ਗੁਰੂਅਨਿ[3] ਚਲਿ ਆਈ ॥੧੪॥ ਕਰਹੁ ਆਪ ਭੀ ਤਿਨਹੁ ਸਮਾਨ।
ਜਿਸ ਤੇ ਸਿੱਖੀ ਰਹੈ ਜਹਾਨ।ਜੇ ਨਾ ਕਰਹੁਗੇ ਪੂਰਬ ਰੀਤਿ। ਜਾਨੀ ਪਰਹਿ
ਸੁ ਹੁਇ ਬਿਪਰੀਤ ॥ ੧੫ ॥ ਬਿਚਲ ਜਾਇਗੀ ਸੰਗਤਿ ਸਾਰੀ। ਕੇਚਿਤ
ਹੁਇੰ ਮੀਣਨਿ ਅਨੁਸਾਰੀ[4]। ਧੀਰਮੱਲ ਕੌ ਮਾਨਹਿ ਕੋਈ। ਕੋ ਸਿਖ
ਰਾਮਰਾਇ ਕੋ ਹੋਈ ॥ ੧੬ ॥ ਇੱਤਯਾਦਿਕ ਸੋਢੀ ਜੇ ਔਰ।ਲੇ ਬਿਰਮਾਇ[5]
ਆਪਨੀ ਠੌਰ। ਬਿਨ ਗੁਰ ਸੰਗਤਿ ਹ੍ਵੈ ਥਿਰ ਕੋਇ ਨ। ਜਥਾ ਨ੍ਰਿਪਤਿ
ਬਿਨ ਸੈਨਾ ਹੋਇ ਨ ॥੧੭॥ ਰਹੈ ਨ ਜਬਿ ਗਾਦੀ ਕੋ ਮਾਲਿਕ।ਧਨ ਹਿਤ[6]
ਅਪਰ ਬਨਹਿ ਤਤਕਾਲਿਕ। ਸ਼ਕਤਿ ਹੀਨ ਜੇ ਹੁਇ ਗੁਰ ਔਰਾ।ਆਪਸ
ਬਿਖੈ ਪਾਇੰ ਬਡ ਰੌਰਾ ॥ ੧੮ ॥ ਸਯਾਨੇ ਸਮਝਹਿੰ ਤਬਿ ਹਟਿ ਜਾਇੰ।ਇਮ
ਗੁਰ ਸਿੱਖੀ ਜਗਹਿ ਬਿਲਾਇ[7]।ਸ਼੍ਰੀ ਨਾਨਕ ਤੇ ਆਦਿਕ ਭਏ। ਜਗ ਮਹਿ
ਸਿੱਖੀ ਕੌ ਵਿਦ ਕਿਏ ॥ ੧੯ ॥ ਸੋ ਨਹਿੰ ਬਿਨਸਹਿ ਜਿਮ ਜਗ ਮਾਂਹੀ।
ਉਚਿਤ ਕਰਨਿ ਕੇ ਹੋ ਬਿਧਿ ਤਾਂਹੀ[8]। ਨਾਂਹਿ ਤ ਡੋਲ ਜਾਇਗੀ ਸੰਗਤਿ।
ਬੈਠਨਿ ਲਗਹਿੰ ਅਪਰ ਕੀ ਪੰਗਤਿ ॥ ੨੦ ॥ ਜੋ ਗੁਰੂ ਗ੍ਰੰਥ ਆਪ ਨੇ

[1]ਮੁਖ। [2]ਦੋ ਬਰਸ । [3]ਗੁਰੂਆਂ ਤੋਂ । [4]ਅਧੀਨ । [5]ਭਰਮਾ ਲਿਣਗੇ। [6]ਧਨ ਲਈ । [7]ਜਗਤ ਤੋਂ ਦੂਰ ਹੋ ਜਾਏਗੀ। [8]ਉਸ ਵਿਧੀ ਦੇ ਕਰਨ ਜੋਗ ਆਪ ਹੀ ਹੋ।

ਭਨਜੈਂ।ਸੋ ਸਗਰੇ ਸਿੱਖਨਿ ਹੂੰ ਸੁਨਜੈਂ।ਲਿਖਿ ਲੈ ਹੈਂ ਅਬਿ ਸੋਢੀ ਸਾਰੇ।ਬੈਠਹਿ ਮਾਨੀ ਗੁਰ ਹੁਇ ਭਾਰੇ ॥ ੨੧ ॥ ਯਾਂਤੇ ਸੰਗਤਿ ਕਿਸ[1] ਲੜ ਲਾਵਹੁ। ਗੁਰਤਾ ਉਚਿਤ ਜਾਂਹਿ ਲਖਿ ਪਾਵਹੁ। ਪੁਰਿ ਕੀ ਸੰਗਤਿ ਮਿਲਿ ਸਮੁਦਾਈ। ਇਮ ਅਰਦਾਸ ਕਰਤਿ ਅਗੁਵਾਈ' ॥੨੨॥ ਸੁਨਿ ਕਰਿ ਸ੍ਰੀ ਹਰਿਕ੍ਰਿਸ਼ਨ ਕ੍ਰਿਪਾਲਾ। ਜਥਾ ਜੋਗ ਜਾਨੀ ਤਿਸ ਕਾਲਾ।–ਗੁਰੂ ਹੋਇ ਸੋ ਛਪੈ ਨ ਕੈਸੇ। ਬਿਦਤਹਿ ਗਗਨ ਚਢੇ ਰਵਿ ਜੈਸੇ ॥ ੨੩ ॥ ਤਊ ਰੀਤਿ ਪੁਰਬ ਗੁਰ ਕੇਰੀ। ਹਮ ਕੋ ਕਰੀ ਚਹਿਯ ਇਸ ਬੇਰੀ–। ਇਮ ਬਿਚਾਰ ਕਰਿ ਨਿਰਨੈ ਲਹਜੋ। ਬੋਲੇ 'ਜਥਾਜੋਗ ਤੁਮ ਕਹਜੋ ॥ ੨੪ ॥ ਪੈਸੇ ਪੰਚ ਨਲੇਰ ਮੰਗਾਵਹੁ। ਸਭਿ ਸੰਗਤਿ ਕੋ ਨਿਕਟਿ ਬਿਠਾਵਹੁ। ਭਾਰੀ ਗੁਰ ਬਿਦਤਹਿ ਜਗ ਮਾਂਹੀ। ਜਿਸ ਤੇ ਨੀਤੀ ਗੁਰ ਦੁਰ[2] ਜਾਂਹੀ ॥ ੨੫ ॥ ਸਿੱਖ ਹਜ਼ਾਰਹੁੰ, ਲਾਖਹੁੰ, ਕੋਟ। ਉਧਰਹਿੰਗੇ ਜਿਸ ਕੀ ਲੇ ਓਟ। ਧਰਹਿਂ ਧਰਾ ਸਮ ਧੀਰਜ ਭਾਰੀ। ਸਸਿ[3] ਸੂਰਜ ਸਮ ਪਰਉਪਕਾਰੀ ॥੨੬॥ ਸਿੱਖੀ ਵਿਦ੍ਧ ਐਸੀ ਜਗ ਕਰੈਂ। ਜੋ ਬੇਮੁਖ ਸਭਿ ਪੈਰੀ ਪਰੈਂ। ਮਹਾਂ ਪ੍ਰਤਾਪ ਸਭਿਨਿ ਪਰ ਛਾਵੈ।ਕੁਛ ਤੇ ਕੁਛ ਕਰਿ ਕੈ ਦਿਖਰਾਵੈ" ॥ ੨੭ ॥ ਸੁਨਿ ਸ੍ਰੀ ਮੁਖ ਤੇ ਬਚਨ ਸੁਹਾਏ। ਸੁਨਤਿ ਜਿ ਸਗਰੇ ਸੀਸ ਨਿਵਾਏ। ਧਾਇ ਗਯੋ ਆਨਜੋ ਤਤਕਾਲਾ।ਪੈਸੇ ਪੰਚ ਨਰੇਲ ਬਿਸਾਲਾ ॥ ੨੮ ॥ ਕੰਚਨ ਥਾਰ ਬਿਖੇ ਧਰਿ ਦੀਨਿ। ਚੰਦਨ ਪੁਸ਼ਪ ਧੂਪ ਘ੍ਰਿਤ ਕੀਨਿ। ਸੰਗਤਿ ਸਗਰੀ ਨਿਕਟਿ ਬੁਲਾਈ। ਜਿਸ ਮਹਿਂ ਸਜਾਨੇ ਸਿਖ ਸਮੁਦਾਈ ॥ ੨੯ ॥ ਹਾਥਨਿ ਜੋਰਿ ਨਾਥ ਗੁਰ ਆਗੇ। ਨਮੋ ਕਰਹਿ ਕੋ ਚਰਨੀ ਲਾਗੇ। ਘ੍ਰਿਤ ਕੀ ਜਰਹਿ ਮਸਾਲ ਅਗਾਰੀ। ਅਪਰ ਸੁਗੰਧਨਿ ਬਹੁ ਮਹਿਕਾਰੀ ॥ ੩੦ ॥ ਸਭਾ ਲਗਾਇ ਜਥੋਚਿਤ ਸਾਰੇ[4]।ਬੈਠੇ ਚਹੁੰਦਿਸ਼ਿ ਗੁਰ ਪਰਵਾਰੇ। ਧਰੇ ਮੌਨ ਸਭਿ ਹੇਰਨਿ ਕਰੈਂ। ਸਨੈ ਸਨੈ ਗੁਰ ਸਿਮਰਨਿ ਧਰੈਂ॥ ੩੧ ॥ਸ੍ਰੀ ਹਰਿਕ੍ਰਿਸ਼ਨ ਦਰਸ ਕਹੁ ਦਾਨ।ਦੀਨਹੁ,ਕੀਨਿ ਜਨਨ[5] ਕਲਜਾਨ। ਤਜਜੋ ਪ੍ਰਯੰਕ ਤਰੇ ਗੁਰ ਭਏ। ਕੁਸ਼ ਕੋ ਆਸਤਰਨ ਥਿਰ ਥਿਏ ॥ ੩੨ ॥ ਕੰਚਨ ਥਾਰ ਨਿਕਟਿ ਕਰਿਵਾਯੋ। ਦੇਖਿ ਦਾਹਿਨੋ ਹਾਥ ਉਠਾਯੋ। ਮ੍ਰਿਦੁਲ ਮਨਿੰਦ ਕਮਲ ਕੋ ਜੋਇ। ਪ੍ਰੇਰਨ ਕਰਜੋ ਪਿਖਹਿਂ ਗਨ ਸੋਇ ॥ ੩੩ ॥ ਪੈਸੇ ਪੰਚ ਉਠਾਵਨਿ ਕਰੇ। ਸ੍ਰੀ ਫਲ ਸਾਥ

[1]ਕਿਸੇ ਦੇ। [2]ਦੂਪ। [3]ਚੰਦ। [4]ਜਿਵੇਂ ਉਚਿਤ ਸੀ ਭਾਵ ਆਪੋ ਆਪਣੇ ਟਿਕਾਣੇ। [5]ਦਾਸਾਂ ਦੀ।

ਹਾਥ ਮਹੁ ਧਰੇ । ਕੀਨਿ ਮੰਡਲਾਕ੍ਰਿਤ ਤ੍ਰੈ ਬਾਰੀ¹ । ਧਰਨੀ ਸੁ ਧਯਾਨ ਪ੍ਰਕ੍ਰਮਾ ਧਾਰੀ² ॥ ੩੪ ॥ ਲੇਪਨ ਕਰੀ ਭੂਮ ਜਹਿਂ ਪਾਵਨ।ਨਿਸ ਕਰ ਤੇ ਤਹਿਂ ਕਰਿ ਟਿਕਾਵਨਿ । ਹਾਥ ਜੋਰਿ ਪੁਨ ਬੰਦਨ ਠਾਨੀ । ਨੈਤ੍ਰ ਉਘਾਰਿ ਕਹੀ ਮੁਖ ਬਾਨੀ ॥ ੩੫ ॥ 'ਬਾਬਾ ਬਸਹਿ ਜਿ ਗ੍ਰਾਮ ਬਕਾਲੇ । ਬਨਿ ਗੁਰ, ਸੰਗਤਿ ਸਕਲ ਸਮ੍ਹਾਲੇ*' । ਇਮ ਸੁਨਾਇ ਸਭਿਹਿਨਿ ਸੋਂ ਕਹਯੋ । ਸਿੱਖਨਿ ਉਰ ਨਿਸ਼ਚੈ ਤਬਿ ਲਹਯੋ ॥ ੩੬ ॥ –ਨਹੀਂ ਨਾਮ ਲੀਨਸਿ ਤਿਸ ਕੇਰਾ । –ਤਊ ਲਖਯੋ ਸਤਿ–ਗੁਰੁ ਬਡੇਰਾ । ਖਿਦਤਹਿ ਆਪ ਕਪਟੀ ਨਹਿਂ ਰਹੈ– । ਇਮ ਬਿਚਾਰ ਕਰਿ ਕੋਇ ਨ ਕਹੈ ॥ ੩੭ ॥ ਸਭਿ ਕੀ ਇੱਛਾ ਪੂਰਨ ਕਰੀ।ਗੁਰ ਨਿਵਾਇ ਨੰਮ੍ਰਤਾ ਧਰੀ । ਨਮੋ ਕਰਹਿਂ ਸਭਿ ਆਦਿ ਮਸੰਦ । ਧਰੇ ਸਿੱਖ ਉਰ ਅਧਿਕ ਅਨੰਦ ॥ ੩੮ ॥ ਕਰਯੋ ਹੁਕਮ ਸਤਿਗੁਰ ਕ੍ਰਿਤ ਦਾਸਾ 'ਸਭਿ ਸੰਗਤਿ ਕੀ ਪੂਰਨ ਆਸ । ਕਹੋ ਸਭਿਨਿ ਸੋਂ ਪੈਰ ਪਸਾਰੀ । ਬਿਰਹੁ ਕਰਹੁ ਸਤਿਨਾਮ ਉਚਾਰੀ ॥ ੩੯ ॥ ਪਠਹਿਂ ਸੁਨਹਿਂ ਇਕ ਚਿਤ ਗੁਰ ਬਾਨੀ । ਜਾਗ੍ਰਤਿ ਕਰਹਿ ਹੋਇ ਸਵਧਾਨੀ । ਲੇਹੁ ਬੁਲਾਇ ਰਬਾਬੀ ਜੋਇ । ਕਰਹਿ ਸਪ੍ਰੇਮ ਕੀਰਤਨ ਸੋਇ ॥ ੪੦ ॥ ਬਿਨਾ ਭਜਨ ਕਾਢੀਏ ਸਤਿਨਾਮ । ਨਹਿਂ ਕੋ ਬੋਲਹਿ ਬਿਰਹਿ ਸੁ ਧਾਮ । ਅਬਿ ਹਮ ਕਰਹਿਂ ਪ੍ਰਲੋਕ ਪਯਾਨਾ।ਬਨਹਿ ਬਿਲੋਕੀ ਨਿਜ ਅਸਥਾਨਾ' ॥ ੪੧ ॥ ਸੁਨਿ ਗੁਰ ਹੁਕਮ ਸਭਾ ਸਭਿ ਜੋਇ।ਉਠਿ ਉਠਿ ਹਾਥ ਜੋਰਿ ਕਰਿ ਦੋਇ।ਨਮੋ ਕਰਹਿ ਦਰਸ਼ਨ ਕੋ ਦੇਖਿ

¹ਹੱਥ ਗੋਲਾਕਾਰ ਤਿੰਨ ਵਾਰੀ ਕੀਤਾ । ²ਗ੍ਯਾਨ ਧਿਆਨ ਵਿੱਚ ਪ੍ਰਕ੍ਰਮਾਂ ਕੀਤੀ ।

*ਇਹ ਖਿਆਲ ਕਰਨਾ ਕਿ 'ਗੁਰੂ ਹਰਿ ਕ੍ਰਿਸ਼ਨ ਜੀ ਨੇ ਜੋ ਵਾਕ ਕਹੇ ਸਨ ਉਹ ਅਨਿਸ਼ਚਿਤ ਹਨ, ਸਾਫ ਨਾਮ ਕਿਉਂ ਨਾ ਕਿਹਾ' ਠੀਕ ਨਹੀਂ । ਬਕਾਲੇ ਵਿੱਚ ਤਦੋਂ ਕੋਈ ਹੋਰ ਸੋਢੀ ਨਹੀਂ ਸਨ ਰਹਿੰਦੇ, ਅਰ ਕੋਈ ਐਸਾ ਸਨਬੰਧੀ ਗੁਰੂ ਹਰਿਕ੍ਰਿਸ਼ਨ ਜੀ ਦਾ ਨਹੀਂ ਸੀ ਰਹਿੰਦਾ ਜੋ ਰਿਸ਼ਤੇ ਵਿਚ ਉਨ੍ਹਾਂ ਦਾ ਬਾਬਾ ਆ ਢੁੱਕੇ।ਇਕੋ ਸ੍ਰੀ ਗੁਰੂ ਤੇਗ ਬਹਾਦਰ ਜੀ ਉਨ੍ਹਾਂ ਦੇ ਬਾਬੇ ਸ੍ਰੀ ਗੁਰਦਿੱਤਾ ਜੀ ਦੇ ਭਿਰਾਉ ਵਸਦੇ ਸਨ । ਸਾਕ ਵਿੱਚ ਵੱਡੇ ਤੇ ਅੱਗੋਂ ਗੁਰੂ ਬਣਨ ਕਰਕੇ ਤੇ ਹੋਵੇਂ ਗੁਰਾਂ ਦੇ ਬਖਸ਼ੇ ਹੋਏ ਗੁਰ ਪਦ ਦੇ ਮਾਲਿਕ ਹੋਣ ਦੇ ਵਰ ਨਾਲ ਵਰੇ ਹੋਏ ਹੋਣ ਕਰਕੇ ਉਨ੍ਹਾਂ ਨੇ ਅਦਬ ਨਾਲ 'ਬਾਬਾ ਬਕਾਲੇ' ਕਿਹਾ ਹੈ । ਇਹ ਵਾਕ ਸੁਣਕੇ ੨੨ ਮੰਜੀਆਂ ਲਾਕੇ ਸੋਢੀ ਓਥੇ ਕਰਤਾਰਪੁਰ ਕੋਠੇ ਆਦਿ ਥਾਵਾਂ ਤੋਂ ਮਗਰੋਂ ਜਾ ਬੈਠੇ ਸਨ । ਜਿਸ ਵੇਲੇ ਆਪ ਨੇ ਵਾਕ ਕਹੇ ਸਨ, ਉਸ ਵੇਲੇ ਉਥੇ ਸਿਰਫ ਸ੍ਰੀ ਗੁਰੂ ਤੇਗਬਹਾਦਰ ਜੀ ਉਨ੍ਹਾਂ ਤੋਂ ਬਾਬਾ ਕਹਿਲਾਉਣ ਦੇ ਅਧਿਕਾਰੀ ਵੱਸਦੇ ਸਨ, ਹੋਰ ਕੋਈ ਸੋਢੀ ਐਸਾ ਨਹੀਂ ਸੀ ਵਸਦਾ ਜੋ ਉਨ੍ਹਾਂ ਦਾ ਬਾਬਾ ਕਹਿਲਾ ਸਕੇ । ਸੋ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਵਾਕ ਅਨਿਸ਼ਚਿਤ ਨਹੀਂ ਸਨ ।

ਜਿਨ ਕੇ ਮਸਤਕ ਭਾਗ ਵਿਸ਼ੇਖਾ॥੪੨॥ਅਪਰ ਕਾਮਨਾ ਜੋ ਜੋ ਧਰੀ।ਪੂਰਨ ਕੀਨਿ ਗੁਰੂ ਤਿਸ ਘਰੀ।ਅਧਿਕ ਪ੍ਰੇਮ ਜੁਤਿ ਬਿਛੁਰੇ ਗੁਰ ਤੇ।ਸ਼ੋਕ ਬਿਸਾਲ ਦੀਨ[1] ਬਡ ਉਰ ਤੇ ॥੪੩॥ ਸਿਖ ਸਮੁਦਾਇ ਪੌਰ ਪਰ ਥਿਰੈਂ। ਸੱਤਿਨਾਮ ਕੋ ਸਿਮਰਨਿ ਕਰੈਂ। ਲਗੇ ਰਬਾਬੀ ਕਿਰਤਨ ਕਰਿਬੇ। ਜਿਹ ਸੁਨਿਬੇ ਸਭਿ ਕਲਮਲ ਹਰਿਬੇ ॥ ੪੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ 'ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਤਾ ਅਰਪਨ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥ ੫੨ ॥

## ੫੩. [ਸੱਚਖੰਡ ਪਯਾਨ]।

ਦੋਹਰਾ ॥ ਇਸ ਬ੍ਰਿਤ ਕੋ ਕਰਤੇ ਗੁਰੂ ਕਹਨਿ ਸੁਨਨਿ ਬਿਸਤਾਰ। ਬੀਤ ਗਈ ਅਧ ਜਾਮਨੀ ਚਹੈਂ ਪ੍ਰਲੋਕ ਪਧਾਰਿ ॥ ੧ ॥ ਚੌਪਈ ॥ ਅੰਤ ਸਮਾ ਲਖਿ ਜਨਨੀ[2] ਆਈ। ਦੇਖਤਿ ਪੁੱਤ੍ਰ ਗਾਤ[3] ਮੁਰਝਾਈ। ਅੰਸ਼੍ਰ ਬਿਲੋਚਨਿ ਤੇ ਬਹੁ ਡਾਰਹਿ। ਸੰਕਟ ਸ਼ੋਕ ਰਿਦੈ ਬਹੁ ਧਾਰਹਿ ॥੨॥ ਸਰਬੱ ਪ੍ਰਕਾਰ ਗੁਰੂ ਸਮਰੱਥ। ਲਘੁ ਦੀਰਘ ਟੇਕਹਿ ਪਦ ਮੱਥ।ਅੰਤਰਜਾਮੀ ਸਭਿ ਮਨ ਕੇਰੇ। ਬਡ ਤੇ ਲਘੁ,ਲਘੁ ਕਰਹਿ ਬਡੇਰੇ॥੩॥ਤ੍ਯਾਗਨਿ ਧਰਬੋ ਕਰਨਿ ਸਰੀਰ[4]। ਜਿਨ ਕੇ ਹੈ ਅਧੀਨ ਉਰ ਧੀਰ।ਮਹਿਮਾ ਸਭ ਕੀ ਜਾਨਤਿ ਸਾਰੀ।ਗਜ਼ਾਬਤਾ ਦੇਸ਼ ਕਾਲ ਕੀ ਭਾਰੀ ॥ ੪ ॥ ਭੂਤ ਭਵਿੱਖਤ ਮਹਿ ਗਤਿ ਹੋਇ। ਸਗਰੀ ਜਾਨਤਿ ਹੈ ਮਨ ਸੋਇ। ਨਿਤ ਸਰਬੱਗ ਸ਼ਕਤਿ ਮਹਿ ਭਾਰੀ। ਜਿਨ ਕੀਰਤਿ ਜਗ ਬਹੁ ਬਿਸਤਾਰੀ ॥ ੫ ॥ ਨਿਕਟਿ ਬੈਠਿ ਮੁਖ ਕਮਲ ਬਿਲੋਕਾ। ਸਦਾ ਪ੍ਰਫੁੱਲਤਿ ਕਬਹੁੰ ਨ ਸ਼ੋਕਾ। ਭਈ ਦੀਨ ਮੁਖ ਬੋਲੀ ਬਾਨੀ। 'ਸੁਨਹੁ ਪੁੱਤ੍ਰ ! ਤੁਮ ਗੁਨ ਗਨ ਖਾਨੀ ॥ ੬॥ ਕਹੌਂ ਕਹਾਂ ਮੈਂ ਬਾਤ ਬਨਾਈ ?। ਆਗੇ ਕਹੀ ਸੁ ਆਪ ਹਟਾਈ। ਗੁਰਤਾ ਆਦਿਕ ਦੇਬੇ ਕਾਰ। ਕਰੀ ਸਰਬ ਹੀ ਭਲੇ ਸੁਧਾਰਿ॥੭॥ਮੈਂ ਨਿਸ਼ਪੁੱਤ੍ਰਾ[5] ਹ੍ਵੈ ਕਿਮ ਜੀਵੌਂ। ਤੁਮਹਿ ਬਿਲੋਕੇ ਆਨੰਦ ਥੀਵੌਂ। ਪਤਿ[6] ਪਾਛੇ ਕੁਛ ਸ਼ੋਕ ਨ ਕੀਨਿ।ਹਰਖੀ ਪਿਖਿ ਗੁਰਤਾ ਤੁਮ ਲੀਨਿ ॥ ੮ ॥ ਆਪ ਕਰਹੁ ਪਰਲੋਕ ਪਯਾਨਾ। ਮੈਂ ਤੁਰਤਿ ਕਰਿ ਸ਼ੋਕ ਮਹਾਨਾ। ਬਡੇ ਭਾਗ ਸਤਿਗੁਰ ਘਰ ਆਈ। ਤੁਮ ਜਨਮੇ ਅਤਿ ਭਈ ਬਧਾਈ ॥੯॥ ਅਬਿ ਡੂਬੌਂ ਦੁਖ ਸਿੰਧੁ ਮਝਾਰੇ।ਕੋ ਕੇਵਟ ਹੁਇ ਪਾਰ ਉਤਾਰੇ। ਤੁਮ ਬਿਨ ਦੇਖੇ ਜਿਯੌਂ ਨ ਕੈਸੇ। ਜਲ ਤੇ ਬਿਛੁਰੀ ਮਛਰੀ ਜੈਸੇ' ॥ ੧੦ ॥ ਇੱਤ੍ਯਾਦਿਕ ਮਾਤਾ ਬਚ ਕਹੇ। ਜਿਸ ਕੇ ਸੁਨਤਿ ਦਾਸ

[1]ਨਿਮਾਣੇ। ਉਦਾਸ। [2]ਮਾਤਾ। [3]ਸਰੀਰ। [4]ਸਰੀਰ ਦਾ ਧਾਰਨ ਕਰਨਾ ਯਾ ਤਿਆਗਣ ਕਰਨਾ। [5]ਪੁਤ੍ਰ ਰਹਿਤ। [6]ਭਾਵ ਸ੍ਰੀ ਗੁਰੂ ਹਰਿਰਾਇ ਜੀ ਦੇ।

ਦੁਖ ਲਹੇ।ਸ੍ਰੀ ਹਰਿ ਕ੍ਰਿਸ਼ਨ ਬਿਲੋਕਿ ਦੁਖਾਰੀ। ਬਹੁ ਪ੍ਰਕਾਰ ਕਰਿ ਧੀਰ ਉਚਾਰੀ॥੧੧॥'ਤਨ ਜਾਨਹੁ ਸਭਿ ਬਿਨਸਨ ਹਾਰੇ।ਇਸ ਤੇ ਕਰੋਂ ਅਤਿਸ਼ੈ ਦੁਖ ਧਾਰੇ। ਰਹੀ ਕਿਤਿਕ ਬਾਕੀ ਬਯਸ[੧]ਤੇਰੀ ?। ਤਨ ਤਜਿ ਪਹੁੰਚਹਿ ਸੁਖ ਬਹੁ ਹੇਰੀ ॥ ੧੨॥ ਜਨਮ ਮਰਨ ਦੁਖ ਲੇਸ਼ ਨ ਜਹਾਂ। ਮਮ ਪਿਤ ਨਿਕਟਿ ਪਹੂਚਹਿ ਤਹਾਂ'। ਇਮ ਕਹਿ ਮਾਯਾ ਮੋਹ ਮਿਟਾਯਹੁ। ਜਨਨੀ ਮਨ ਮਹਿ ਗਯਾਨ ਉਪਾਯਹੁ ॥੧੩॥ ਭਈ ਮਗਨ ਕੁਛ ਆਇ ਨ ਬਾਨੀ। ਲਖਿ ਸੁਤ ਮਹਿਮਾ ਮਹਾਂ ਮਹਾਨੀ। ਅਰਧ ਰਾਤ੍ਰਿ ਊਪਰ ਇਕ ਘਰੀ। ਚਲਨਿ ਹੇਤੁ ਗੁਰ ਤਯਾਰੀ ਕਰੀ॥੧੪॥ ਕਿਤਿਕ ਦਾਸ ਢਿਗ ਮਾਤ ਨਿਹਾਰਹਿ। ਤੂਸ਼ਨਿ ਹੋਇ ਸਥਿਰਤਾ ਧਾਰਹਿ। ਬੋਲਤਿ ਕੋਮਲ ਬਾਕ ਸੁਹਾਏ। ਸ੍ਰੀ ਮੁਖ ਪਰ ਕਰ ਸੋਂ ਪਟ[੨] ਪਾਏ ॥ ੧੫ ॥ ਲਿਯੋ ਅਛਾਦਿ, ਤਿਨਕ ਮਹਿ ਪਯਾਨੇ।ਸ੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਮਾਨੇ। ਬ੍ਰਹਮਾਦਿਕ ਨਾਰਦ ਮੁਨਿ ਸਾਥ। ਸਕਲ ਦੇਵ ਯੁਤਿ ਦੇਵਨਨਾਥ[੩] ॥ ੧੬ ॥ ਗੁਰ ਆਗਵਨ ਜਾਨਿ ਸਭਿ ਆਏ। ਬਾਦਤਿ ਦੁੰਦਭਿ[੪] ਆਦਿ ਬਜਾਏ। ਪੁਸ਼ਪਨਿ ਮਾਲ ਬਿਸਾਲ ਅਨੰਦਤਿ। ਧੂਪ ਧੁਖਾਵਤਿ ਗੁਰ ਕੋ ਬੰਦਤਿ ॥ ੧੭ ॥ ਅਨਿਕ ਪ੍ਰਕਾਰਨ ਕੇ ਉਤਸਾਹੁ। ਰਚਹਿ ਦੇਵ ਮਿਲਿ ਆਪਸ ਮਾਂਹੁ।ਚਢਿ ਬਿਬਾਨ ਪਰ ਗੁਰੂ ਪਯਾਨੇ। ਮਣੀਅਨਿ ਮੁਕਤਾ[੫] ਗਨ ਲਰਕਾਨੇ ॥੧੮॥ ਦੇਵਬਧੂ[੬]ਨਾਚਤਿ ਅਗਵਾਈ। ਚਲੇ ਜਾਤਿ ਹ੍ਵੈ ਅਨਿਕ ਬਧਾਈ। ਕਿੰਨਰ ਗੰਧ੍ਰਬ ਮਿਲਿ ਸਮੁਦਾਯਾ। ਸਭਿਹਿਨਿ ਮਹਿਂ ਅਨੰਦ ਬਡ ਛਾਯਾ ॥ ੧੯ ॥ ਪਹੁੰਚੇ ਪ੍ਰਭੁ ਬੈਕੁੰਠ ਸਥਾਨ। ਅਤਿ ਅਨੰਦ ਮਹਿ ਗੁਰ ਭਗਵਾਨ। ਸੁਰ ਸਭਿ ਨਿਜ ਨਿਜ ਥਾਨ ਸਿਧਾਏ। ਕੀਰਤਿ ਕਰਤਿ ਗੁਰਨਿ ਕੀ ਜਾਏ ॥ ੨੦ ॥ ਜਬਿ ਤਨ ਤ੍ਯਾਗਨੋ ਜਨਨੀ ਜਾਨਾ। ਦਾਸਨਿ ਸੋਂ ਤਬਿ ਬਾਕ ਬਖਾਨਾ।'ਦੇਖਹੁ ਸਤਿਗੁਰ ਕੀ ਅਬਿ ਦੇਹਿ। ਪ੍ਰਾਨ ਨਹੀਂ ਜਾਨੇ ਮਨ ਏਹ' ॥ ੨੧ ॥ ਤਬਿ ਉਘਾਰਿ ਮੁਖ ਦਾਸ ਨਿਹਾਰਾ।ਜਥਾ ਪ੍ਰਫੁੱਲਤਿ ਕਮਲ ਉਦਾਰਾ।ਮ੍ਰਿਤਕ ਚਿੰਨ੍ਹ, ਇਕ ਪ੍ਰਾਣ ਨ ਆਵਤਿ। ਅਪਰ ਪ੍ਰਭਾ ਤਿਮ ਹੀ ਦ੍ਰਿਸ਼ਟਾਵਤਿ ॥੨੨॥ ਬਹੁਰੋ ਬਦਨ ਅਛਾਦਨਿ ਕਰਨੈ[੭]। ਸਭਿ ਕੇ ਦ੍ਰਿਗ ਪੂਰਨ ਜਲ ਢਰਨੈ। ਰੁਦਿਤਿ ਭਏ ਜਬਿ ਅੰਤਰ ਸਾਰੇ। ਵਹਿਰ ਪੌਰ ਪਰ ਸੁਨੀ ਪੁਕਾਰੇ ॥੨੩॥ ਜਾਨਨੋ ਸਭਿਨਿ ਸਮਾਵਤਿ ਭਏ। ਅਧੀਨ ਪੁਰੀ ਕੇ ਪ੍ਰਾਪਤ ਥਿਯੇ

[੧]ਆਯੂ। [੨]ਬਸਤ੍ਰ। [੩]ਇੰਦ੍ਰ। [੪]ਵਾਜੇ ਧੌਂਸੇ। [੫]ਮੋਤੀ। [੬]ਅਪਸਰਾਂ। [੭]ਢੱਕ ਦਿੱਤਾ।

ਸਿਮਰਤਿ ਸੱਤਿਨਾਮ ਸਹਿ ਸ਼ੋਕਾ । ਹੁਤੇ ਪੌਰ ਪਰ ਜੇਤਿਕ ਲੋਕਾ ॥੨੪॥
ਸੁਨਿ ਜੈਸਿੰਘ ਕੋ ਦੂਤ ਸਿਧਾਰਯੋ । ਜਾਇ ਪਾਸ ਤਿਸ ਭੇਵ ਉਚਾਰਯੋ।ਨ੍ਰਿਪ
ਸੁਨਿ ਸ਼ੋਕ ਬਿਸਾਲ ਉਪਾਯੋ । ਸਿਮਰਿ ਸਿਮਰਿ ਗੁਰ ਗੁਨ ਪਛੁਤਾਯੋ ॥
੨੫॥ਸ਼ਾਹੁ ਨਿਕਟਿ ਸੁਧਿਤਬਿ ਪਹੁੰਚਾਈ।'ਜਾਮ ਜਾਮਨੀ ਤੀਨ ਬਿਤਾਈ'।
ਸੁਨਿ ਕੈ ਸੁਧਿ ਤਗੀਦ ਪੁਨ ਕਰੀ । 'ਮੈਂ ਆਵੋਂ ਚਲਿ ਕਰਿ ਜਿਸ ਘਰੀ
॥ ੨੬ ॥ ਤਬਿ ਕਰਨੋ ਸਸਕਾਰ ਸਰੀਰ। ਬਾਲ ਗੁਰੂ ਹਰਿਕ੍ਰਿਸ਼ਨ ਸਧੀਰ'।
ਨ੍ਰਿਪ ਕੋ ਆਨਿ ਸਕਲ ਸਮੁਝਾਈ¹ । 'ਸ਼ਾਹੁ ਆਪ ਸੋਂ ਇਮ ਫੁਰਮਾਈ'
॥ ੨੭ ॥ ਸੁਨਿ ਜੈ ਸਿੰਘ ਗਯੋ ਤਤਕਾਲ । ਅੰਮ੍ਰਿਤ ਵੇਲਾ ਹੁਤੋ ਬਿਸਾਲ ।
ਜਾਇ ਪੌਰ ਪਰ ਬੈਠਯੋ ਸੋਇ । ਆਇ ਅਪਰ ਬੈਠਹਿਂ ਸਭਿ ਕੋਇ
॥੨੮॥ ਭਈ ਪ੍ਰਭਾਤਿ ਸੁਨਯੋ ਪੁਰਿ ਸਾਰੇ । ਸਿਖ ਸੰਗਤਿ ਭਾ ਮੇਲ ਉਦਾਰੇ।
ਚੰਦਨ ਲੇ ਲੇ ਪਹੁੰਚੇ ਕੋਇ । ਤਿਲ ਅਰੁ ਘ੍ਰਿੱਤ ਘਨੋ ਲੇ ਸੋਇ ॥ ੨੯ ॥
ਅਨਿਕ ਸੁਗੰਧਨਿ ਲਯਾਵਨਿ ਕਰੈਂ।ਸ਼ੋਕ ਬਿਸਾਲ ਸਿੱਖਨ ਬਹੁ ਧਰੈਂ।ਭਈ
ਭੀਰ ਨਰ ਮਿਲੇ ਹਜ਼ਾਰੋਂ । ਸੁਨਿ ਸੁਧਿ ਚਲੇ ਆਇ ਦੁਖ ਧਾਰੇ ॥ ੩੦ ॥
ਬੈਠਹਿ ਸਿਮਰਹਿਂ ਗੁਰ ਗੁਨ ਘਨੇ । 'ਕਸ਼ਟ ਅਨਿਕ ਦਰਸ਼ਨ ਤੇ ਹਨੇ ।
ਜਬਿ ਕੇ ਪੁਰਿ ਮਹਿਂ ਭਏ ਪ੍ਰਵੇਸ਼। ਤਬਿ ਤੇ ਨਾਸ਼ੇ ਰੋਗ ਅਸ਼ੇਸ਼' ॥ ੩੧ ॥
ਜੈਪੁਰਿਨਾਥ ਆਦਿ ਸਭਿ ਕਹੈਂ । 'ਸਰਬ ਕਲਾ ਸਮਰਥ ਪ੍ਰਭੁ ਲਹੈਂ' ।
ਕੇਚਿਤ ਰਾਮਰਾਇ ਕੋ ਨਿੰਦਹਿਂ । 'ਮਤਸਰ ਧਰਤਾ ਬਹੁ' ਉਰ ਬਿੰਦਹਿਂ' ॥
੩੨ ॥ 'ਸ਼ਾਹੁ ਨਿਕਟਿ ਕਹਿ ਪ੍ਰਥਮ ਹਕਾਰੇ । ਪੁਰਿ ਪ੍ਰਵਿਸ਼ੇ ਪਿਖਿ ਸ੍ਰਾਪ
ਉਚਾਰੇ । ਇਨਹੁੰ ਨ ਚਹਯੋ ਸ਼ਾਹੁ ਸੋਂ ਮੇਲਾ । ਦਰਸ਼ਨ ਦੀਨਿ ਨ ਲੀਨਿ
ਸੁਹੇਲਾ² ॥ ੩੩ ॥ ਕਹੇ ਪਿਤਾ ਕੇ ਮਹਿ ਇਹ ਰਹੇ । ਦੇਨੀ ਕਰਾਮਾਤ ਨਹਿਂ
ਚਹੇ । ਧੰਨ ਗੁਰੂ ਹਰਿਕ੍ਰਿਸ਼ਨ ਮਹਾਨੇ । ਧੀਰ ਗੰਭੀਰ ਅਭੀਰ ਸੁਜਾਨੇ ॥
੩੪ ॥ ਨਿਜ ਪ੍ਰਨ ਤੇ ਨਹਿਂ ਚਲੇ³ ਗੁਸਾਈਂ । ਨਹਿਂ ਮਿਲਿਬੇ ਕੀ ਲਖੀ
ਬਡਾਈ । ਧਨ ਪੂਜਾ ਕੀ ਚਾਹ ਨ ਕੋਈ। ਸਦਾ ਸਹਾਇਕ ਦਾਸਨਿ ਹੋਈ'
॥ ੩੫ ॥ ਇੱਤਯਾਦਿਕ ਗੁਨ ਬਰਨਨ ਕਰੈਂ । ਸ਼ੀਲ ਸਰੂਪ ਮ੍ਰਿਦੁਲ ਸ਼ੁਭ
ਧਰੈਂ । ਭਈ ਪੌਰ ਆਗੇ ਬਹੁ ਭੀਰ । ਤਜਹਿਂ ਬਿਲੋਚਨ ਤੇ ਸਿਖ ਨੀਰ ॥
੩੬ ॥ ਅੰਤਰ ਦਾਸੀ ਦਾਸ ਘਨੇਰੇ । ਰੋਦਤਿ ਉਪਜਯੋ ਸ਼ੋਕ ਬਡੇਰੇ ।ਸੁਤ
ਕੇ* ਸਿਮਰਿ ਸਿਮਰਿ ਗੁਨ ਭਾਰੀ । ਦੁਖੀ ਹੋਤਿ ਅਤਿਸੈ ਮਹਿਤਾਰੀ॥੩੭॥

¹ਸਮਝਾਏ ਹਨ । ²ਨਾ ਦਰਸ਼ਨ ਕੀਤਾ ਨਾ ਸੁਖਦਾ ਦਰਸ਼ਨ ਦਿੱਤਾ। ³ਹਟੇ। *ਪਾਠ-ਕੋ।

ਤਯਾਰੀ ਕਰਨਿ ਲਗੀ ਸਸਕਾਰਨਿ।ਨਿਕਟਿ ਸਥਲ ਸ਼ੁਭ ਕਰਨੋ ਨਿਹਾਰਨਿ। ਸਕਲ ਸਮਿੱਗ੍ਰੀ ਲੇ ਪਹੁੰਚਾਈ। ਸ਼ਾਹੁ ਪ੍ਰਤੀਖਤਿ ਜੈਪੁਰਿ ਰਾਈ[1] ॥ ੩੮॥ ਇਤਨੇ ਮਹਿਂ ਇਕ ਨਰ ਤਹਿਂ ਆਯੋ। ਨ੍ਰਿਪ ਸੋਂ ਸਕਲ ਬ੍ਰਿੱਤੰਤ ਸੁਨਾਯੋ।ਆਵਤਿ ਸ਼ਾਹੁ ਦੇਰ ਨਹਿਂ ਕੋਈ।ਅਸਵਾਰੀ ਢਿਗ ਪਹੁੰਚਨਿ ਹੋਈ[2]॥੩੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਹਰਿਕ੍ਰਿਸ਼ਨ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਮੀ ਅੰਸੂ ॥੫੩॥

## ੫੪. [ਸਰੀਰ ਦਾ ਸਸਕਾਰ]।

ਦੋਹਰਾ ॥ ਸ਼ਾਹੁ ਸ਼ਨਾਨ ਪ੍ਰਭਾਤਿ ਕਰਿ ਪੋਸ਼ਿਸ਼ ਪਹਿਰਿ ਨਵੀਨ। ਪਿਖਹਿ ਚਲਯੋ ਚਿਤ ਚੈਂਪ ਚਿਤ-ਦਰਸੈਂ ਗੁਰੂ ਪ੍ਰਬੀਨ ॥੧॥ਚੌਪਈ ॥ਜਿਯਤਿ ਮੇਲ ਨਹਿਂ ਮੋ ਸੰਗ ਕਰਯੋ। ਕਹਿ ਬਹੁ ਰਹਯੋ ਅਧਿਕ ਹਠ ਧਰਯੋ। ਅਬਿ ਸਰੂਪ ਮੈਂ ਦੇਖੋਂ ਜਾਈ।ਅਜ਼ਮਤ ਹੈ ਕਿ ਨਹੀਂ ਬਿਧਿ ਕਾਈ-॥੨॥ਏਵ ਬਿਚਾਰਤਿ ਤੁਰਨ ਆਯੋ।ਭੀਰ ਸੈਂਕਰੇ ਨਰ ਕੀ ਲਯਾਯੋ।ਹੇਰਨਿ ਹੇਤੁ ਹਜ਼ਾਰਹੁਂ ਆਵੈਂ। ਸ਼ਾਹੁ ਪਿਛਾਰੀ ਚਲਿ ਉਤਲਾਵੈਂ ॥ ੩ ॥ ਆਇ ਪੌਰ ਪਰ ਉਤਰਯੋ ਤਬਿਹੂੰ। ਦੇਖਤਿ ਉਠੇ ਆਦਿ ਨ੍ਰਿਪ ਸਭਿਹੂੰ। ਨੰਮ੍ਰਿ ਹੋਇ ਸਨਮਾਨ ਕਰੰਤੇ। ਭਈ ਭੀਰ ਬਹੁ ਕੌ ਹਟਕੰਤੇ ॥੪॥ ਜੈਸਿੰਘ ਸੰਗ ਬੂਝਿ ਬਿਰਤੰਤਾ।ਅੰਤਰ ਬੜਯੋ ਪਿਖਨਿ ਉਮਕੰਤਾ[3]। ਰਿਦੇ ਮਨੋਰਥ ਕੋ ਇਮ ਕਰਯੋ।-ਨਹਿਂ ਮਿਲਿਬੇ ਕੋ ਹਠ ਬਹੁ ਧਰਯੋ ॥੫॥ ਸਿੱਖਯਾ ਦੀਨਸਿ ਬਡੇ ਹਮਾਰੇ।ਸੋ ਹਮ ਨੇਮ ਨਿਬਾਹਯੋ ਸਾਰੇ।ਜੀਵਤਿ ਜ਼ਾਵਤ ਤਾਵਤ ਰਹਯੋ।ਅਬਿ ਸੋ ਮਿਟੇ ਦਰਸ ਕੋ ਲਹਯੋ॥੬॥ ਕਿਸ ਉਪਾਇ ਤੇ ਨੇਮ ਨ ਰਹੇ। ਪਿਤਾ ਸੀਖ ਕੋ ਜਿਸ ਬਿਧਿ ਕਹੇ। ਕਯਾ ਅਜ਼ਮਤ ਕੋ ਕਰਹਿਂ ਦਿਖਾਵਨਿ। ਦੇਖਿ ਲੇਉਂ ਮੈਂ ਦਰਸ਼ਨ ਪਾਵਨ[4]-॥ ੭ ॥ ਇਮ ਚਿਤਵਤਿ ਸਭਿ ਲੋਕ ਹਟਾਇ। ਏਕਲ ਪ੍ਰਵਿਸ਼ਯੋ ਅੰਤਰ ਜਾਇ। ਮਾਤ ਆਦਿ ਦਾਸੀ ਗਨ ਦਾਸ। ਤਤਛਿਨ ਪ੍ਰਵਿਸ਼ੇ ਅਪਰ ਅਵਾਸ[5] ॥ ੮ ॥ ਖਰੋ ਰਹਯੋ ਇਕ ਸੇਵਕ ਭੀਰ। ਤੂਸ਼ਨਿ[6] ਤਜਤਿ ਬਿਲੋਚਨ ਨੀਰ। ਨਹੀਂ ਹਟਾਇ ਸਕਹਿ ਤਬਿ ਕੋਇ।ਤੁਰਕੇਸ਼ੁਰ ਦਿੱਲੀਪਤਿ ਜੋਇ ॥ ੯ ॥ ਜਨਨੀ ਮਨ ਮਹਿਂ ਕੁਛਕ ਬਿਚਾਰੈ।-ਨਹਿਂ ਸਮਰੱਥ ਭਈ ਹਟਕਾਰੈ। ਤਤਛਿਨ ਆਇ ਬਿਲੋਕਨਿ ਕਰੇ। ਬਸਤ੍ਰ ਅਛਾਦਤਿ ਤਨ ਪਰ ਪਰੇ-॥

[1]ਜੈਪੁਰ ਦਾ ਰਾਜਾ ਉਡੀਕਦਾ ਹੈ ਬਾਦਸ਼ਾਹ ਨੂੰ। [2]ਅਸਵਾਰੀ ਪਾਸ ਪਹੁੰਚੀ ਹੋਈ ਹੈ। [3]ਦੇਖਣਾ ਚਾਹੁੰਦਾ ਹੋਇਆ। [4]ਪਵਿੱਤ੍ਰ। [5]ਹੋਰ ਘਰ ਵਿਚ। [6]ਦੁੱਖ।

੧੦ ॥ ਠਾਂਢੋ ਭਯੋ ਜਾਇ ਢਿਗ ਸ਼ਾਹੁ ।–ਪਿਖੀਂ ਬਦਨ–ਇਮ ਠਾਨਿ ਮਨ
ਮਾਂਹੁ । ਕਹਯੋ ਦਾਸ ਸੋਂ ਨਿਕਟਿ ਜਿ ਠਾਂਢੋ । 'ਬਸਤ੍ਰ ਟਾਰਿ ਇਨ ਕੋ ਮੁਖ
ਕਾਢੋ ॥ ੧੧ ॥ ਮੁਝ ਕੋ ਦਰਸ਼ਨ ਦੇਹ ਕਰਾਈ । ਆਯਹੁ ਇਸ ਕਾਰਨ
ਉਤਲਾਈ' । ਸੁਨਿ ਸੇਵਕ ਅਵਰੰਗ ਢਿਗ ਹ੍ਵੈ ਕੈ । ਬਸਤ੍ਰ ਗਹਯੋ ਕਰ,
ਬੰਦਨ ਕੈ ਕੈ[1] ॥੧੨॥ ਜਬਿ ਉਠੋ ਕਰਿ ਲਗਯੋ ਦਿਖਾਵਨਿ । ਕਿਸਤੋ ਕਰਯੋ
ਨ ਜਾਇ ਹਟਾਵਨਿ । ਜਬਿ ਨੌਰੰਗ ਤਿਤ ਦ੍ਰਿਸ਼ਟਿ ਲਗਾਈ । ਧਰਾ ਦਰਜ[2]
ਦੀਰਘ ਲਖਿ ਪਾਈ ॥ ੧੩ ॥ ਸਤਿਗੁਰ ਦੇਹ ਨਹੀਂ ਦ੍ਰਿਸ਼ਟਾਵੈ । ਦੀਹ[3]
ਦਰਜ ਮਹਿਂ ਦ੍ਰਿਸ਼ਟਿ ਚਲਾਵੈ । ਤਹਾਂ ਭਯਾਨਕ ਅਤਿ ਕੁਛ ਦੇਖਾ । ਦੇਖਤਿ
ਉਪਜਯੋ ਕੰਪ ਵਿਸ਼ੇਖਾ ॥ ੧੪ ॥ ਦੰਤ ਗਏ ਮਿਲਿ ਕਹਯੋ ਨ ਜਾਈ ।
ਭਯੋ ਸਥੰਭ ਅਚਲ ਕੀ ਨਯਾਈ[4] । ਜੜ੍ਹੀ ਭੂਤ ਐਸੇ ਹੁਇ ਗਯੋ[5] । ਇੰਦ੍ਰੈ
ਗਨ ਸਰੀਰ ਥਿਰ ਭਯੋ[6] ॥ ੧੫ ॥ ਆਇ ਘੁਮੇਰੀ ਗਿਰਿਬੇ ਚਾਹੀ । ਬਿਹ-
ਬਲ ਹੋਤਿ ਜਾਤਿ ਸੁਧਿ ਨਾਂਹੀ । ਬਿਖਰੇ ਜਾਹਿਂ ਅੰਗ ਬਰਿਆਈ[7] ।
ਅਧਿਕ ਤ੍ਰਾਸ ਤੇ ਥਿਰਯੋ ਨ ਜਾਈ ॥ ੧੬ ॥ ਬਾਂਹੁ ਏਕ ਹੀ ਬਾਰ ਪਸਾਰੀ ।
ਨਿਕਟਿ ਦਾਸ ਗੁਰ, ਤਿਸ ਪਰ ਡਾਰੀ । ਪਰਯੋ ਭਾਰ ਛੁਟਯੋ ਪਟ ਕਰ ਤੇ ।
ਹੋਇ ਸ਼ਾਹੁ ਦਿਸ਼ ਗਿਰਤਿ ਸੰਭਰਤੇ[8] ॥ ੧੭ ॥ ਛਾਦਯੋ ਸਤਿਗੁਰ ਕੋ ਤਨ
ਜਬੈ । ਤੇ ਬਿਨ ਹੋਤਿ ਭਯੋ ਕੁਛ ਤਬੈ । ਸੁਧਿ ਪ੍ਰਾਪਤਿ ਤੂਰਨ ਤਬਿ ਚਾਲਾ ।
ਨਿਕਸਯੋ ਬਹਿਰ ਜਹਾਂ ਨਰ ਜਾਲਾ ॥ ੧੮ ॥ ਜੈਸਿੰਘ ਮਿਲਯੋ ਅਗਾਊ
ਹੋਇ । ਦੇਖਤਿ ਮੁਖ ਕੋ ਬਿਸਮਯੋ ਸੋਇ । ਅਧਿਕ ਅਧੀਰਜ ਦ੍ਰਿਗ ਜਲ
ਚਾਲਾ । ਬੋਲਯੋ ਜਾਇ ਨਹੀਂ ਤਿਸ ਕਾਲਾ ॥ ੧੯ ॥ ਪਿਖਯੋ ਕਹਾਂ ਨਹਿਂ
ਜਾਇ ਬਤਾਯਹੁ । ਡਰਤਿ ਰਿਦਾ ਬਿਹਬਲ ਦ੍ਰਿਸ਼ਟਾਯਹੁ । ਪੁਨ ਉਮਰਾਵ
ਅਪਰ ਚਲਿ ਆਏ । ਤਿਨ ਕੰਧੇ ਪਰ ਹਾਥ ਟਿਕਾਏ ॥ ੨੦ ॥ ਕਰੀ
ਹਕਾਰਨਿ ਸੁਖ ਅਸਵਾਰੀ । ਗਮਨਯੋ ਦੁਰਗ ਦਿਸ਼ਾ ਡਰ ਧਾਰੀ । ਨਹਿਂ
ਕਿਸਹੂੰ ਸੋਂ ਕਛੂ ਜਨਾਈ । ਆਵਤਿ ਲਾਜ ਨ ਜਾਇ ਬਤਾਈ ॥੨੧॥ ਜਿਮ
ਸੰਘਰ ਮਹਿਂ ਖੜਗ ਚਲੰਤੇ । ਸ਼ੋਣਤ ਨਿਕਸਤਿ ਅੰਗ ਕਟੰਤੇ । ਕਾਤੁਰ
ਤ੍ਰਾਸ ਪਾਇ ਕਰਿ ਭਾਜੈ । ਨਹਿਂ ਨਿਜ ਦਸ਼ਾ ਕਹਤਿ ਜਿਮ ਲਾਜੈ ॥ ੨੨ ॥

---

[1] ਹੱਥ ਨਾਲ ਬਸਤ੍ਰ ਫੜਿਆ ਬੰਦਨਾ ਕਰਕੇ । [2] ਦਰਾੜ, ਤ੍ਰੇੜ । [3] ਭਾਰੀ । [4] ਥੰਮ੍ਹ ਕੇ ਰੁਕ ਗਿਆ ਜਿਵੇਂ ਪਰਬਤ । (ਅ) ਥੰਮੇ ਵਾਂਙੂ ਅਹਿਲ ਹੋਗਿਆ । [5] ਐਉਂ ਜੜ੍ਹ ਹੋਗਿਆ । [6] ਭਾਵ ਸਾਰੇ ਇੰਦਰੇ ਤੇ ਸਰੀਰ ਪਥਰਾ ਗਏ । [7] ਜ਼ੋਰੋ ਜ਼ੋਰੀ । [8] ਸ਼ਾਹ ਵਾਲੇ ਪਾਸੇ ਹੋਕੇ ਡਿੱਗਦੇ (ਸ਼ਾਹ ਨੂੰ ਸਿੱਖ ਨੇ) ਸੰਭਾਲਿਆ ।

ਜਿਸ ਪ੍ਰਕਾਰ ਕਹਕਹ ਦੀਵਾਰ[1] । ਦਿਖਹਿ ਜੁ ਕਹੀ ਨ ਜਾਇ ਉਚਾਰ ।
ਤਿਮ ਤੁਸ਼ਨਿ ਹਇ ਬਹੁ ਪਛੁਤਾਵਾ । ਤ੍ਰੈ ਤੇ ਅਤਿ ਸੰਕਟ ਕੋ ਪਾਵਾ॥੨੩॥
ਨਹਿ ਕਿਸ ਆਗੇ ਕਬਹੁੰ ਉਚਾਰੀ । ਕਹੈ ਕਹਾਂ, ਨਹਿ ਬੁੱਧਿ ਮਝਾਰੀ ।
ਤਿਸ ਪੀਛੇ ਜੈਸਿੰਘ ਤੇ ਆਦਿ।ਕਰਨਿ ਲਗੇ ਸਭਿ ਜਿਮ ਮਿਰਜਾਦ॥੨੪॥
ਰੋਦਤਿ ਮਾਤਾ ਸਕਲ ਬਤਾਵੈ[2] । ਦੌਰਤਿ ਦਾਸ ਸਕਲ ਸੋ ਲਜਾਵੈ।ਮਿਲਿ
ਸਭਿਹੂ ਕਰਿਵਾਇ ਸ਼ਨਾਨ। ਸੀਂਚਿ ਸੁਗੰਧੰ ਬਿੰਦ ਮਹਾਨ ॥ ੨੫ ॥ ਬਸਤ੍ਰ
ਨਵੀਨ ਰੁਚਿਰ ਪਹਿਰਾਏ । ਕਹਿ ਕਰਿ ਭਲੋ ਬਿਵਾਨ ਬਨਾਏ। ਤਿਸ ਪਰ
ਸਤਿਗੁਰ ਕੋ ਪੌਢਾਯਹੁ । ਚਹੁ ਦਿਸ਼ਿ ਫੂਲ ਮਾਲ ਲਰਕਾਯਹੁ ॥ ੨੬ ॥
ਧੂਪ ਧੁਖਾਵਤਿ ਅਨਿਕ ਪ੍ਰਕਾਰੇ । ਕੰਧ ਉਠਾਇ ਮਸੰਦ ਸਿਧਾਰੇ । ਸ਼ਬਦ
ਰਬਾਬੀ ਗਾਵਤਿ ਜਾਤਿ । ਸਿਮਰਤਿ ਸੱਤਿਨਾਮ ਸੁਖਦਾਤ ॥੨੭॥ ਕ੍ਰਿਸ਼ਨ
ਕੁਇਰ ਜਨਨੀ[3] ਮਨ ਗਲਾਨ । ਭਉ ਸ਼ੋਕ ਉਪਜੰਤਿ ਮਹਾਨ । ਗੁਨ
ਸਪੂਤ ਕੇ ਸਿਮਰਿ ਬਿਸਾਲੇ । ਅਤਿ ਸਨੇਹ ਤੇ ਦ੍ਰਿਗ ਜਲ ਚਾਲੇ ॥ ੨੮ ॥
ਦਾਸੀ ਦਾਸ ਪ੍ਰਕਾਸ਼ਹਿ ਸ਼ੋਕ । ਰੁਦਤਿ ਬਿਲੋਕਤਿ ਸੰਗਤਿ ਲੋਕ । ਜਿਸ
ਥਲ ਕੋ ਤਿਲੋਖਰੀ* ਨਾਮ । ਨਿਕਟਿ ਵਹੈ ਜਮਨਾ ਅਭਿਰਾਮ ॥ ੨੯ ॥
ਤਹਿੰ ਚੰਦਨ ਕੇ ਭਾਰ ਗਿਰਾਏ । ਤਿਲ ਘ੍ਰਿਤ ਆਦਿ ਲਜਾਇ ਸਮੁਦਾਏ।
ਸ਼ੋਕ ਬਿਸਾਲ ਸਮੇਤ ਬਿਵਾਨ । ਕਰਜੋ ਉਤਾਰਨਿ ਸੋ ਤਿਸ ਥਾਨ ॥ ੩੦॥
ਆਦਿ ਮਸੰਦ ਚਿਖਾ ਰਚਿ ਕਰਿ ਕੈ । ਸੰਦਲ[4] ਬ੍ਰਿੰਦ ਭਲੀ ਬਿਧਿ ਧਰਿ ਕੈ।
ਪੁਨ ਊਪਰ ਸਤਿਗੁਰ ਪੌਢਾਏ । ਜੌਂ ਤਿਲ ਘ੍ਰਿਤ ਪਾਇ ਸਮੁਦਾਏ ॥ ੩੧॥
ਲਾਂਬੂ ਤਬਿ ਲਗਾਇ ਤਤਕਾਲਾ । ਪੁਨਰਪਿ[5] ਕੀਨਸਿ ਕ੍ਰਿਆਕਪਾਲਾ[6] ।
ਮਸਤਕ ਟੇਕਿ ਸਕਲ ਤਿਸ ਥਾਨ।ਗਮਨੇ ਜਮਨਾ ਕਰਨਿ ਸ਼ਨਾਨ॥੩੨॥
ਗੁਰ ਕੀਰਤਿ ਕੋ ਕਰਤਿ ਉਚਾਰਿ । ਬਾਰਿ ਬਾਰਿ ਸਿਮਰਤਿ ਸੁਖਕਾਰ ।
ਸਭਿ ਮੱਜਨ ਕਰਿ ਕੈ ਚਲਿ ਆਏ । ਜਹਾਂ ਬਸਨਿ ਕੋ ਥਾਨ ਸੁਹਾਏ॥੩੩॥
ਪੁਰਿ ਤੇ ਨਰ ਹਜ਼ਾਰ ਹੀ ਆਵੈਂ । ਬੈਠਹਿੰ ਗੁਰੂ ਪ੍ਰਸੰਗ ਚਲਾਵੈਂ । 'ਬਾਲਿਕ
ਬਯ ਤੇ ਬਡੋ ਨ ਹੋਏ' । ਅਧਿਕ ਅਚੰਭਾ ਸਭਿਹਿਨਿ ਜੋਏ ॥ ੩੪ ॥

[1]ਕਹਿ ਕਹਿ ਦੀਵਾਰ—ਮੁਸਲਮਾਨਾਂ ਨੇ ਮੰਨਿਆਂ ਹੈ ਕਿ ਕਾਫ਼ ਪਹਾੜ ਪਰ ਇਕ ਕੰਧ ਹੈ, ਉਸਦੇ ਪਾਰ ਜੋ ਤੱਕੇ ਸੋ ਹੱਸੀ ਜਾਂਦਾ ਹੈ ਪਰ ਦੱਸ ਕੁਛ ਨਹੀਂ ਸਕਦਾ । [2]ਸਭ (ਕੁਛ) ਦੱਸੀ ਜਾਂਦੀ ਹੈ। [3]ਮਾਤਾ ਦੇ। [4]ਚੰਦਨ। [5]ਫਿਰ। [6]ਕਪਾਲ ਕ੍ਰਿਯਾ।

*ਗੁਰੂ ਜੀ ਦੇ ਦੇਹੁਰੇ 'ਬਾਲਾ ਸਾਹਿਬ' ਤੋਂ ਅੱਧ ਕੁ ਮੀਲ ਪਰੇ ਇਹ ਗਿਰਾਂ ਹੁਣ ਤੱਕ ਹੈ।

ਕ੍ਰਿਸ਼ਨ ਕੁਇਰ ਗੁਰ ਜਨਨੀ ਪਾਸ। ਕਰਹਿੰ ਪ੍ਰੇਮ ਕੇ ਬਾਕ ਪ੍ਰਕਾਸ਼।'ਮੰਦ ਭਾਗ ਸੰਗਤਿ ਕੇ ਜਾਨੇ। ਜਿਨ ਸਮੀਪ ਤੇ ਗੁਰੂ ਸਿਧਾਨੇ' ॥੩੫॥ ਬੂਝਤਿ ਗੁਰਨਿ ਬਾਰਤਾ ਸਾਰੀ। ਕ੍ਰਿਸ਼ਨ ਕੁਇਰ ਤਿਨ ਪਾਸ ਉਚਾਰੀ। 'ਇਨ ਕੇ ਪਿਤ ਕੀਰਤਪੁਰਿ ਬਾਸੇ।ਮੈਂ ਸੇਵਾ ਠਾਨੀ ਕਰਿ ਆਸੇ ॥ ੩੬ ॥ ਭਏ ਪ੍ਰਸੰਨ ਮੋਹਿ ਵਰ ਦੀਨਿ। ਤਬਿ ਤੇ ਮੈਂ ਗਰਭ ਧਾਰਨਿ ਕੀਨ।ਸਾਵਣ ਵਦੀ ਦਿਨੇਸ ਦਸਮੀ ਕੋ। ਹੁਤੋ ਨਛੱਤ੍ਰ ਪੁਨਰਬਸ[1] ਨੀਕੋ ॥ ੩੭॥ ਸੰਮਤ ਸੱਤ੍ਰਾਂ ਸੈ ਅਰੁ ਤੇਰਾਂ[2]। ਸਸਿਸੁਤਵਾਰ[3] ਹੁਤੋ ਤਿਸ ਬੇਰਾ।ਸਾਢੇ ਸਪਤ ਘਰੀ ਦਿਨ ਚਰ੍ਹਨੋ। ਤਬਿ ਮੁਝ ਤੇ ਇਨ ਜਨਮ ਸੁ ਧਰਨੋ ॥ ੩੮ ॥ ਪ੍ਰਤਿਪਾਲਾ ਪੁਨ ਕਰਿਬੇ ਲਾਗੀ। ਸਭਿ ਤੇ ਜਾਨਿ ਆਪ ਬਡਭਾਗੀ। ਜਿਮ ਜਿਮ ਦੇਹ ਬ੍ਰਿਧਤਿ ਸੁਖ ਸੁੰਦਰ।ਧੀਰਜ ਖਿਮਾ ਆਦਿ ਗੁਨ ਮੰਦਰ॥੩੯॥ਤਿਮ ਤਿਮ ਪਿਤ ਸਤਿਗੁਰ ਇਨ ਕੇਰੇ।ਕ੍ਰਿਪਾ ਠਾਨਿਤੇ ਰਹੇ ਬਡੇਰੇ।ਜਬਿ ਤੇ ਰਾਮਰਾਇ ਚਲਿ ਆਯਹੁ। ਨਿਜ ਕਰਤੂਤ ਇਹਾਂ ਬਿਦਤਾਯਹੁ ॥ ੪੦ ॥ ਖਿਮਾ ਨ ਧੀਰਜ, ਅਜਰ ਨ ਜਰਨ। ਬਡੇ ਗੁਰਨਿ ਬਚ ਬਿੱਪ੍ਰੋ ਕਰਨਿ। ਸਕਲ ਬਾਤ ਸੁਨਿ ਰਿਦੈ ਬਿਚਾਰੀ।—ਬਡ ਸੁਤ ਨਹਿ ਗਾਦੀ ਅਧਿਕਾਰੀ—॥ ੪੧ ॥ ਪੁਨ ਮਮ ਸੁਤ ਪਰ ਕ੍ਰਿਪਾ ਵਿਸ਼ੇਸ਼। ਜਾਨਜੋਂ ਧਾਰਹਿ ਭਾਰ ਅਸ਼ੇਸ਼*। ਅੰਤ ਸਮਾ ਜਬਿ ਅਪਨਿ ਨਿਹਾਰਾ।ਇਨ ਕੌ ਅਪਨੇ ਥਾਨ ਬਿਠਾਰਾ ॥੪੨॥ ਪੰਚ ਬਰਖ ਦੁਇ ਮਾਸ ਬਿਤਏ। ਦਿਨ ਉਨਤੀਸ ਬੈਸ ਕੇ ਭਏ। ਸਮਾ ਬਿਚਾਰਨਿ ਕਰਿਕੈ ਨੀਕਾ। ਮਮ ਸੁਤ ਕਹੁ ਦੀਨਹੁੰ ਸ਼ੁਭ ਟੀਕਾ ॥ ੪੩ ॥ ਆਪ ਗੁਰੂ ਬੈਕੁੰਠ ਸਿਧਾਏ। ਸ੍ਰੀ ਹਰਿਕ੍ਰਿਸ਼ਨ ਜੋਤਿ ਸਭਿ ਪਾਏ। ਜਗਤ ਬਿਖੈ ਕਛੁ ਨਾਹਿ ਨ ਛਾਨੀ।ਜੋ ਸਿਖ ਗਯਾਨੀ ਸਭਿਹਿਨਿ ਜਾਨੀ ॥੪੪॥ ਰਾਮਰਾਇ ਮਤਸਰ ਕੋ ਧਾਰਿ। ਦੂਤੀ ਸ਼ਾਹੁ ਸਮੀਪ ਉਚਾਰਿ। ਜਨੋਂ ਕਨੋਂ ਕਹਿ ਇਹਠਾਂ ਬੁਲਿਵਾਏ। ਸਗਰੀ ਸੰਗਤਿ ਮਿਲੀ ਮਨਾਏ ॥ ੪੫ ॥ ਦੇਖਿ ਪ੍ਰਭਾਉ ਸ੍ਰਾਪ ਤਬਿ ਕਹਨੋ। ਸਮ ਚਿਤ ਮਮ ਸੁਤ ਸੋ ਸਭਿ ਸਹਨੋ।ਦੋਇ ਬਰਖ ਅਰੁ ਪੰਚ ਮਹੀਨੇ। ਦਿਨ ਉਨੀਸ ਗੁਰਤਾ ਪਦ ਲੀਨੇ ॥੪੬॥ ਅਬਿ ਮੋਕਹੁ ਦੁਖ ਦੇ ਕਰਿ ਗਏ। ਨਿਸਬਾਸੁਰ ਸਿਮਰੌਂ ਸੁਖ ਦਏ'। ਇਮ ਕਹਿ ਕ੍ਰਿਸ਼ਨ ਕੁਇਰ ਗੁਰ ਮਾਤਾ। ਰੁਦਿਤਿ ਬਿਲੋਚਨ ਤੇ ਜਲ ਜਾਤਾ॥੪੭॥ਸੁਨਿ ਸੰਗਤਿ ਬਹੁ ਬ੍ਯਾਕੁਲ ਹੋਈ। ਧੀਰ ਬੰਧਾਇ ਬੰਧਿ ਕਰ ਦੋਈ।'ਹੇ ਮਾਤਾ ! ਸਭਿ ਬਿਧਿ

[1]ਸੱਤਵੇਂ ਨਛੱਤ੍ਰ ਦਾ ਨਾਮ। [2]ਸੰ:੧੭੧੩। [3]ਬੁੱਧਵਾਰ। *ਪਾ:—ਜਾਨਹਿ ਅਧਿਕਾਰੀ ਗੁਰ ਏਸ਼।

ਸਮਰੱਥ । ਤਨ ਤਜਾਗਨਿ ਰਾਖਨਿ ਜਿਨ ਹੱਥ ॥ ੪੮ ॥ ਕਛੂ ਨ ਕਹਿਬੋ ਤਿਨ ਕੋ ਬਨੈ।ਗੁਰ ਸਰਬੱਗ ਸੁ ਅਜ਼ਮਤ ਸਨੈ'।ਕਹਾਂ ਸ਼ੋਕ ਤਿਨ ਕੋ ਅਬਿ ਕਰੀਅਹਿ । ਪਰਮ ਧਾਮ ਨਿਜ ਗਏ ਬਿਚਰੀਅਹਿ ॥ ੪੯ ॥ ਰਾਮਰਾਇ ਕੇ ਸੀਸ ਕਲੰਕ । ਦੇ ਕਰਿ ਤਜਾਗੇ ਦੇਹਿ ਨਿਸ਼ੰਕ । ਮਸਤਕ ਟੇਕਨਿ ਹਮਰੋ ਬਨੈ । ਬੈਠਿ ਬੈਠਿ ਗੁਰ ਕੇ ਗੁਨ ਭਨੈਂ ॥੫੦॥ਸਦਾ ਸਹਾਇਕ ਜਹਿਂ ਕਹਿਂ ਹੋੲਿ । ਸਿਮਰੇ ਹਾਜ਼ਰ ਸਭਿ ਦਿਨ ਸੋਇ’ । ਇਮ ਕਹਿ ਧੀਰਜ ਦੇ ਸਭਿ ਗਏ । ਪੁਰਿ ਕੀ ਸੰਗਤਿ ਜੋ ਸਿਖ ਆਏ ॥ ੫੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਹਰਿਕ੍ਰਿਸ਼ਨ ਸਸਕਾਰ' ਪ੍ਰਸੰਗ ਬਰਨਨੰ ਨਾਮ ਚਤੁਰ ਪੰਚਾਸਤੀ ਅੰਸੂ ॥ ੫੪ ॥

## ੫੫. [ਸੰਗਤਿ ਵਿੱਚ ਵਿਚਾਰ]।

ਦੋਹਰਾ ॥ਸੰਮਤ ਸੱਤ੍ਰਾਂ ਸੈ ਬਿਤੇ ਪੁਨ ਊਪਰ ਇਕ ਬੀਸ[1]।ਚੇਤ ਸੁਦੀ ਚੌਦਸ਼ ਹੁਤੀ ਵਾਰ ਨੰਦ ਰਜਨੀਸ਼[2] ॥ ੧ ॥ ਚੌਪਈ ॥ ਸ੍ਰੀ ਹਰਿਕ੍ਰਿਸ਼ਨ ਬਾਲ ਬਪ ਧਾਰੇ । ਬਹੁ ਕਾਰਨ ਕੋ ਰਿਦੇ ਬਿਚਾਰੇ । ਪਰਮ ਧਾਮ ਬੈਕੁੰਠ ਪਧਾਰੇ । ਜੋ ਸਭਿ ਸੰਗਤਿ ਕੋ ਬਹੁ ਪਜਾਰੇ ॥੨॥ ਤੀਨ ਦਿਵਸ ਪੁਨ ਬੀਤੇ ਜਬਿਹੂੰ।ਮਿਲੇ ਮਸੰਦ ਆਦਿ ਸਿਖ ਸਭਿਹੂੰ।ਪੁਸ਼ਪ ਬੀਨਿਬੇ ਕਾਰਨ[4]ਗਏ।ਸ਼ੋਕਾਕੁਲ[5]ਗੁਰ ਸਿਮਰਤਿ ਭਏ ॥ ੩ ॥ ਦੇਖਿ ਰਹੇ ਕੁਛ ਹਾਥ ਨ ਆਏ । ਭਸਮ ਸਕੇਲਤਿ ਸਭਿ ਬਿਸਮਾਏ।ਤਰਨਿ ਤਨੂਜਾ ਨੀਰ ਮਝਾਰੀ[6]।ਸਕਲ ਮੇਲ ਕਰਿ ਬੰਦਨ ਧਾਰੀ ॥੪॥ ਸਭਿ ਸੰਗਤਿ ਪੁਨ ਮਾਤਾ ਪਾਸ।ਬੈਠਤਿ ਬੋਲਤਿ ਸ਼ੋਕ ਪ੍ਰਕਾਸ਼। ਇਕ ਦੁਇ ਬਾਰੀ ਜੋ ਪੁਰਿ ਨਾਥ। ਬੈਠਜੋ ਆਇ ਬੰਦਿ ਕਰਿ ਹਾਥ ॥ ੫ ॥ ਕ੍ਰਿਸ਼ਨ ਕੁਇਰ ਕਹੁ ਬੰਦਨਿ ਕੀਨਿ । ਕਹਿ ਬਹੁ ਰੀਤਿ ਧੀਰ ਉਰ ਦੀਨਿ। ‘ਗੁਰ ਸਭਿਹਿਨਿ ਕੇ ਅਤਿਸ਼ੇ ਪਜਾਰੇ ।ਦਰਸ਼ਨ ਦੇਤਿ ਅਨਿਕ ਦੁਖ ਟਾਰੇ॥ ੬॥ਪੁਰਿ ਮਹਿਂ ਘਰ ਘਰ ਕੀਰਤਿ ਹੋਈ।ਹਿੰਦੂ ਯਮਨ[7] ਨਿਵੈਂ ਜਿਨ ਦੋਈ। ਮੇਟਨਿ ਸ੍ਰਾਪ ਭ੍ਰਾਤ ਕੋ ਕਹਜੋ । ਹੁਤੇ ਸਮਰਥ[8] ਤਊ ਤਨ ਸਹਜੋ ॥ ੭ ॥ ਮਿਲਨਿ ਸ਼ਾਹੁ ਸੋਂ ਭਨਜੋਂ ਘਨੇਰੇ । ਰਾਖੀ ਧੀਰ ਅਭੀਰ ਬਡੇਰੇ।ਧੰਨ ਗੁਰੂ ਹਰਿਕ੍ਰਿਸ਼ਨ ਸੁਜਾਨ । ਅਜਰ ਜਰਨ ਮਹਿਂ ਕੋ ਨ ਸਮਾਨ ॥ ੯ ॥ ਗੁਰ ਸਿੱਖੀ ਹਿਤ ਅਜ਼ਮਤ ਕੀਨਿ[9] । ਅਪਰ ਹੇਤੁ ਕਰਿ ਕਜੋਂਹੂੰ ਨ ਦੀਨਿ।ਬਲ

---

[1]ਸਹਿਤ । [2]ਸੰ: ੧੭੨੧ । [3]ਬੁੱਧਵਾਰ ।[ ਰਜਨੀ+ਈਸ਼+ਨੰਦ=ਰਾਤ ਦੇ ਈਸ਼੍ਵਰ ਚੰਦ੍ਰਮਾ ਦਾ ਪੁੱਤ੍ਰ=ਬੁਧ ]। [4]ਫੁਲ ਚੁਣਨ ਲਈ। [5]ਸ਼ੋਕ ਨਾਲ ਬੇਚੈਨ। [6]ਸੂਰਜ ਦੀ ਪੁੱਤ੍ਰੀ (=ਜਮਨਾ) ਦੇ ਜਲ ਵਿੱਚ। [7]ਮੁਸਲਮਾਨ। [8]ਭਰਾ ਦੇ ਕਹੇ ਸ੍ਰਾਪ ਦੇ ਮੇਟਨ ਨੂੰ ਆਪ ਸਮਰੱਥ ਸੇ ਪਰ..... । [9]ਗੁਰ ਸਿੱਖੀ ਦੇ ਰੱਖਣ ਲਈ ਕਰਾਮਾਤ ਕੀਤੀ ।

ਇਤਨੋ ਜਿਮ ਚਹੈਂ ਸੁ ਕਰੈਂ । ਤਉ ਨ ਆਇਸੁ ਪ੍ਰਭੁ ਪਰਹਰੈਂ॥੯॥ਤਿਨ ਹਿਤ ਕਹਾਂ ਸ਼ੋਕ ਬਨਿ ਆਵੈ। ਸੁਤੇ ਧਰਹਿ ਤਨ,ਆਇ,ਸੁ ਜਾਵੈਂ[1]।ਕਾਰਨ ਕਰਿਬੇ ਬਿਖੈ ਸੁਛੰਦ[2] । ਸਦਾ ਗਯਾਨ ਮੈਂ ਸਚਿਦਾਨੰਦ ॥ ੧੦॥ ਹੋਹਿ ਪ੍ਰਸੰਨ ਦੇਹਿ ਕੱਲਯਾਨ । ਜਨਮ ਮਰਨ ਕੇ ਬੰਧਨ ਹਾਨਿ । ਪਤਿ ਸੁਤ ਕੇ ਗੁਨ ਸਿਮਰਤਿ ਰਹੀਅਹਿ । ਤਨ ਕੇ ਅੰਤ ਮਿਲਨਿ ਕੋ ਚਹੀਅਹਿ॥੧੧॥ ਸਕਲ ਸੰਗਤਾਂ ਅਹੈਂ ਤੁਮਾਰੀ । ਸੇਵਾ ਕਰਹਿਂ ਅਨੇਕ ਪ੍ਰਕਾਰੀ । ਜਹਿਂ ਸੁਖ ਦੇਖਹੁ ਤਿਹਠਾਂ ਰਹੀਅਹਿ । ਕੁਛ ਕਾਰਜ ਹੁਇ ਮੋਕਹੁ ਕਹੀਅਹਿ ॥ ੧੨ ॥ ਤੁਮਰੇ ਨੰਦਨ ਕੋ ਮੈਂ ਦਾਸ ।ਤਿਮ ਅਪਨੋ ਜਾਨਹੁ ਨਿਰਜਾਸ[3]। ਕਰ ਜੋਰੇ ਸੇਵਾ ਮਹਿਂ ਖਰੋ।ਨਿਜ ਲਖਿ ਆਗਯਾ ਮੋ ਪਰ ਕਰੌ'॥੧੩॥ਤ੍ਰਿਸਨ ਕੁਇਰ ਗੁਰ ਮਾਤਾ ਤਬੈ। ਮਹਿਪਾਲਕ ਤੇ ਸੁਨਿ ਕਰਿ ਸਬੈ। ਕੁਛ ਧੀਰਜ ਧਰਿ ਗਿਰਾ ਉਚਾਰੀ। 'ਉਰ ਸ਼ਰਧਕ ਗੁਰ ਸੇਵਕ ਭਾਰੀ॥ ੧੪। ਤੋਹਿ ਪ੍ਰੇਮ ਕਰਿ ਇਤ ਗੁਰ ਆਏ । ਪੁਰਿ ਮਹਿਂ ਸਿਖ ਸੰਗਤਿ ਸਮੁਦਾਏ। ਸਭਿਹਿਨਿ ਭਾਉ ਕਰਨੋ ਬਹੁਤੇਰਾ। ਬਡੇ ਗੁਰਨਿ ਸਮਸਰ ਸਭਿ ਹੇਰਾ ॥ ੧੫ ॥ ਅਬਿ ਮਮ ਰਹਿਨਿ ਬਨਹਿ ਨਹਿਂ ਈਹਾਂ।ਕੀਰਤਪੁਰਿ ਪਹੁੰਚਨਿ ਕੀ ਈਹਾ[4] । ਕੇਤਿਕ ਦਿਵਸ ਬਾਸ ਇਸ ਥਾਨ । ਪੁਨ ਅਭਿਲਾਖੈਂ ਕਰਨਿ ਪਯਾਨ' ॥੧੬॥ ਸੁਨਿ ਕਰਿ ਕਹਤਿ ਭਯੋ ਨਰਰਾਈ । 'ਸਰਬ ਗੁਰਨਿ ਤੇ ਜਿਮ ਚਲਿ ਆਈ। ਨਿਜ ਗਾਦੀ ਪਰ ਪ੍ਰਥਮ ਬਿਠਾਇ। ਬਹੁਰ ਬਿਕੁੰਠ ਬਸਨਿ[5] ਪਧਰਾਇ॥੧੭॥ ਸੋ ਗਤਿ ਇਨ ਤੇ ਕਿਮ ਬਨਿਆਈ। ਕਿਸ ਕੋ ਦੀਨਿ ਜਗਤਿ ਗੁਰਿਆਈ? ਅਬਿ ਜਿਸਕੋ ਦੀਜਹਿ ਉਪਹਾਰ[6]। ਸਰਬ ਸਮਾਜ ਆਦਿ ਦਸਤਾਰ' ॥੧੮॥ਥਿਰ ਗੁਰਬਖਸ਼ ਮਸੰਦ ਅਗਾਊ। ਤਿਹ ਸੋਂ ਇਮ ਬੂਝਯੋ ਜਬਿ ਰਾਊ। ਤਬਿ ਸਗਰੋ ਬਿਰਤਾਂਤ ਬਖਾਨਾ। 'ਸਭਿ ਸੰਗਤਿ ਵਿਚ ਕ੍ਰਿਪਾਨਿਧਾਨਾ ॥੧੯॥ਪੌਢੇ ਚਹਿਤ ਪ੍ਰਲੋਕ ਪਧਾਰੇ । ਤਬਿ ਸਿੱਖਨਿ ਮਿਲਿ ਬਾਕ ਉਚਾਰੇ—ਆਪ ਸਮਾਵਨਿ ਲਗੇ ਸੁਛੰਦਾ।ਕੋ ਬੈਠਹਿ ਅਬਿ ਗੁਰ ਮਸਨੰਦ[7] ? ॥ ੨੦ ॥ ਕਿਸ ਆਗੈ ਹਮ ਮਸਤਕ ਟੇਕਹਿਂ । ਕੋ ਉਪਦੇਸ਼ਹਿ ਦਾਸ ਬਿਬੇਕਹਿ । ਪੂਰਬ ਰੀਤਿ ਗੁਰਨਿ ਕੀ ਜੈਸੀ। ਕਿਮ ਕੀਨਸਿ?ਕੇ ਮਿਟਿਹੈ ਸੋਈ?—॥੨੧॥ਇੱਤਯਾਦਿਕ ਸੁਨਿ ਉਠਿ ਕਰਿ ਬੈਠੇ।

[1]ਸ਼ੁਭਾਵਕ ਹੀ ਸਰੀਰ ਧਾਰਕੇ ਆਉਂਦੇ ਤੇ ਜਾਂਦੇ ਹਨ। [2]ਸੁਤੰਤ੍ਰ। [3]ਨਿਰਨੇ ਕਰਕੇ ਸਾਡਾ ਪੱਕ ਆਪਣਾ ਦਾਸ ਜਾਣੋ। [4]ਇੱਛਾ। [5]ਦੌਲਤ ਲਈ। [6]ਛੋਟਾ। [7]ਗੁਰ ਗਾਦੀ ਉੱਤੇ।

ਚਹੁੰਦਿਸ਼ਿ ਦੇਖੇਂ ਸਿੱਖ ਇਕੈਠੇ।–ਗੁਰੂ ਗ੍ਰਿਹ ਹੈ– ਪ੍ਰਥਮ ਬਖਾਨਾ।–ਸੱਤਿ ਨਾਮ ਮਹਿਮਾ ਮਹਿਧਾਨਾ– ॥੨੨॥ਪੈਸੇ ਪੰਚ ਨਲੇਰ ਮੰਗਾਏ। ਗਹਿ ਕਰ ਧਰਿ ਕਰਿ ਸੀਸ ਨਿਵਾਏ। ਬੋਲੇ ਸਭਿਨਿ ਸੁਨਾਇ ਬਿਸਾਲੇ।–ਬਾਸਹਿ ਬਾਬਾ ਬੀਰ ਬਕਾਲੇ–॥੨੩॥ਨਾਮ ਉਚਾਰਨਿ ਕਰਯੋ ਨ ਕਿਸ ਕੋ।ਸੁਨਤਿ ਰਹੇ ਦੇਖਤਿ ਮੁਖ ਜਿਸ਼ ਕੋ।ਪੁਨ ਪੌਢੇ ਸ੍ਰੀ ਗੁਰੂ ਕ੍ਰਿਪਾਲਾ। ਛਿਨ ਸਮ ਤਨ ਤਜਾਗਯੋ ਤਤਕਾਲਾ॥੨੪॥ ਗ੍ਰਾਮ ਬਕਾਲਾ ਨਿਰਨੈ ਹੋਵਾ।ਕੋ ਗੁਰ ਥਪਯੋ, ਨ ਸੰਸੈ ਖੋਵਾ। ਨਹਿਂ ਕਿਸ ਹੂੰ ਤੇ ਜਾਨਯੋ ਗਯੋ।ਪੁਨ ਗੁਰ ਬੂਝਿ ਨ ਉੱਤਰ ਲਯੋ॥੨੫॥ਤਊ ਸੁਨਹੁ ਹੇ ਪ੍ਰਿਥਵੀ ਨਾਥ।ਬਨਯੋ ਜੁ ਗੁਰ ਹੁਇ ਅਜ਼ਮਤ ਸਾਥ।ਸੂਰਜ ਸਮ ਨਹਿਂ ਛਪਹਿ ਕਦਾਈ।ਸਿਖ ਸੰਗਤ ਲੇ ਖੋਜਿ ਗੁਸਾਈਂ॥ ੨੬॥ਬਹੁ ਨਿਕੇਤ ਹੈਂ ਤਹਿਂ ਸੋਢੀਨ।ਬਾਸੇ ਸਤਿਗੁਰ ਬੰਸ ਪ੍ਰਬੀਨ*।ਗੁਰਤਾ ਕਹੁ ਕਾਰਜ ਜਬਿ ਪਰੈ। ਆਪਾ ਬਿਦਤ ਆਪ ਹੀ ਕਰੈਂ ॥੨੭॥ ਰਾਮਰਾਇ ਉਰ ਮਤਸਰ ਧਾਰੀ। ਇਹ ਨ ਰਹਯੋ ਗੁਰਤਾ ਅਧਿਕਾਰੀ। ਸਤਿਗੁਰ ਪਿਤ ਨੇ ਕਾਰਜ ਕਰਯੋ।ਸਭਿ ਸੰਗਤਿ ਮਹਿਂ ਬਿਦਤਿ ਉਚਰਯੋ॥੨੮॥ ਬੈਰ ਭਾਵ ਕੌ ਇਹ ਫਲ ਹੋਵਾ। ਗੁਰਤਾ ਪਦ ਨਿਜ ਘਰ ਤੇ ਖੋਵਾ। ਸ੍ਰੀ ਗੁਰ ਦਿੱਤੇ ਸੁਤ ਹਰਿਰਾਇ।ਸਭਿ ਸੁਤ ਤਜਿ ਗੁਰ ਤਖਤ ਬਿਠਾਇ[1]॥੨੯॥ ਤਿਨਹੂੰ ਅਪਨੇ ਸਦਨ ਟਿਕਾਈ। ਰਾਮਰਾਇ ਕਰਿ ਬਾਦ ਗਵਾਈ। ਸੋਢੀ ਅਬਿ ਸ਼ਰੀਕ ਗੁਰ ਹੋਇ। ਤਿਸ ਮਾਨਹਿ ਸਿਖ ਜੋ ਸਾਤ ਕੋਇ ॥ ੩੦ ॥ ਕਹਾ ਅਬਿ ਹਾਥ ਆਇ ਹੈ ਤਾਂਕੇ। ਦੇਖਿ ਅਨੁਜ ਕੋ ਮਤਸਰ ਜਾਂਕੇ।ਨਹਿ ਸਨਾਤਨਿ ਕੀ ਹੈ ਇਹ ਰੀਤਿ। ਜਿਨ ਜਿਨ ਸੁਨੀ ਸੁ ਭਨੀ ਅਨੀਤ ॥ ੩੧॥ਪ੍ਰਥਮ ਪਿਤਾ ਕੇ ਸਾਥ ਬਿਗਾਰੀ।ਪੁਨ ਸੁਤ ਹਤਿ ਮਾਤਹਿ ਦੁਖਕਾਰੀ[2]। ਸੁਨਿ ਮਸੰਦ ਤੇ ਜੈ ਸਿੰਘ ਰਾਊ। ਕਹਯੋ 'ਬਿਮਾਤਨਿ ਭ੍ਰਾਤ ਸੁਭਾਊ' ॥ ੩੨ ॥ ਅਜ਼ਮਤ ਮਹਿਂ ਸਮਰਥ ਬਲਵੰਤੇ। ਪਿਤ ਗਾਦੀ ਪਰ ਥਿਰਨਿ ਚਹੰਤੇ। ਹੋਨਹਾਰ ਗਤਿ ਮਿਟਹਿ ਨ ਕੈਸੇ’। ਕਰਯੋ ਪਰਸਪਰ

---

[1](ਸੂਰਜ ਮਲ ਆਦਿ ਸਾਰੇ)ਪੁੱਤ੍ਰ ਛਡਕੇ ਗੁਰ ਗੱਦੀ ਤੇ ਬਿਠਾਇ ਸਨ। [2]ਮਤ੍ਰੇਏ ਭਰਾਵਾਂ ਦਾ ਇਹ ਹੀ ਸੁਭਾਵ ਹੁੰਦਾ ਹੈ।

*ਇਹ ਗਲ ਠੀਕ ਨਹੀਂ ਧੀਰਮਲ ਆਦਿਕ ਕਰਤਾਰ ਪੁਰ ਆਦਿਕ ਥਾਵਾਂ ਤੋਂ ਇਹ ਵਾਕ ਸੁਣਕੇ ਗੱਦੀਆਂ ਲਾਕੇ ਜਾ ਬੈਠੇ ਸਨ। (ਵੇਖੋ ਅੰਸੂ ੫੬ ਅੰਕ ੧੩ ਤੇ ੩੨) ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਬਾਬਾ ਲੱਗਣ ਵਾਲਾ ਸੋਢੀ ਓਥੇ (ਉਸ ਵਲੇ ਕਿ ਜਿਸ ਵੇਲੇ ਵਾਕ ਹੋਇਆ ਹੈ) ਕੋਈ ਨਹੀਂ ਸੀ, ਸਿਵਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ।

ਬੋਲਨਿ ਐਸੇ ॥ ੩੩ ॥ ਨ੍ਰਿਪ ਕਰ ਜੋਰਿ ਮਾਤ ਸੋਂ ਭਾਖਾ।'ਖੁਸ਼ੀ ਕਰਹੁ ਮੁਝ ਚਲਨਿ ਭਿਲਾਖਾ'।ਅਭਿਬੰਦਨ ਕਰਿ ਉਠ੍ਯੋ ਪ੍ਰਬੀਨਾ।ਪਿਖਿ ਮਾਤਾ ਤਬਿ ਆਸ਼ਿਖ ਦੀਨਾ ॥ ੩੪॥ 'ਸ੍ਰੀ ਸਤਿਗੁਰ ਆਵਹਿ ਤੁਮ ਚੀਤ। ਸ੍ਰੀ ਹਰਿ-ਕ੍ਰਿਸ਼ਨ ਸਹਾਇਕ ਨੀਤ। ਸ਼ਾਹੁ ਸਭਾ ਮਹਿਂ ਪਤਿ ਰਹਿ ਆਵੈ। ਮਨੋ ਕਾਮਨਾ ਗੁਰ ਤੇ ਪਾਵੈ" ॥ ੩੫ ॥ ਬਿਦਾ ਹੋਇ ਗਮਨ੍ਯੋ ਮਹਿਪਾਲਾ। ਲੈ ਜਨਨੀ ਤਬਿ ਸ੍ਵਾਸ ਬਿਸਾਲਾ।ਸੁਤ ਕੋ ਸਿਮਰਨਿ ਕਰਿ ਕੁਛ ਰੋਈ।ਗ੍ਯਾਨ ਪਾਇ ਪੁਨ ਧੀਰਜ ਹੋਈ ॥ ੩੬ ॥ ਕੇਤਿਕ ਬਾਸੁਰ ਬਾਸਾ ਕੀਨਿ। ਸਤਿ ਸੰਗਤਿ ਪਿਖਿ ਭਾਉ ਪ੍ਰਬੀਨ। ਸੇਵਾ ਠਾਨਹਿ ਸਰਬ ਪ੍ਰਕਾਰ। ਆਇ ਕਰਹਿਂ ਤਿਮ ਹੀ ਦਰਬਾਰ ॥ ੩੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਨ੍ਰਿਪ ਸੋ ਸਿੰਘ ਮਿਲਨਿ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥ ੫੫ ॥

## ੫੬. [ਮਸੰਦਾਂ ਦਾ ਜ਼ੋਰ। ਗੁਰੂ ਦੀ ਭਾਲ]।

ਦੋਹਰਾ। ਕੇਤਿਕ ਦਿਨ ਬੀਤੇ ਜਬੈ ਦੇਸ਼ ਬਿਦੇਸ਼ ਅਸ਼ੇਸ਼। ਆਇ ਸੰਗਤਾਂ ਚਹੁੰਦਿਸ਼ਨਿ ਲੇ ਉਪਹਾਰ ਵਿਸ਼ੇਸ਼ ॥ ੧ ॥ ਚੌਪਈ ॥ ਸਤਿਗੁਰ ਕੋ ਦਿੱਲੀ ਮਹਿਂ ਜਾਨਹਿਂ। ਸ਼ੁਭ ਬਸਤ੍ਰ ਧਾਰਿ ਆਇਬੋ ਠਾਨਹਿਂ। ਅਧਿਕ ਥਕਤਿ ਹੁਇ ਪਹੁੰਚੇਂ ਜਬੈ। 'ਗੁਰ ਬਿਕੁੰਠ ਗੇ' ਸੁਨਿ ਸੁਨਿ ਸਬੈ ॥ ੨ ॥ ਦੀਰਘ ਸ੍ਵਾਸ ਲੇਤਿ ਰੁਦਨੰਤੇ। 'ਭਾਗ ਬਿਹੀਨ ਨ ਗੁਰ ਦਰਸੰਤੇ। ਅਧਿਕ ਮੇਲ ਹਮ ਖਰਚਨ ਕੀਨਿ।ਵਸਤੁ ਅਜਾ ਇਬ ਤੁਹਿਂ ਤੇ ਲੀਨਿ ॥ ੩ ॥ ਅਰਪਹਿਂ ਗੁਰ ਪ੍ਰਸੰਨਤਾ ਲੇਹੇਂ। ਭਈ ਨਿਫਲ ਅਬਿ ਕਿਸ ਕੋ ਦੇਹੇਂ"। ਰਿਦੇ ਬਿਸੂਰਤਿ ਦੁਖਿ ਸਿਖ ਸਾਰੇ।'ਆਇ ਦੂਰ ਨਾਹ ਗੁਰੂ ਨਿਹਾਰੇ॥੪॥ਕਿਸ ਤੇ ਮਨੋ ਕਾਮਨਾ ਪਾਵੈਂ। ਕਿਸ ਆਗੈ ਹਮ ਸੀਸ ਨਿਵਾਵੈਂ। ਸਕਲ ਸ਼ਰੀਕ ਜਿ ਸੋਢੀ ਅਹੈਂ। ਗੁਰ ਘਰ ਕੇ ਦ੍ਰੋਹੀ ਨਿਤ ਰਹੈਂ ॥ ੫। ਪ੍ਰਥਮੇ ਪ੍ਰਿਥੀਏ ਬੈਰ ਕਮਾਯੋ। ਚਿਤਵਤਿ ਬੁਰਾ ਪ੍ਰਲੋਕ ਸਿਧਾਯੋ। ਧੀਰਮੱਲ ਤੇ ਆਦਿਕ ਔਰ। ਗੁਰ ਬਨਿ ਰਹੇ ਆਪਨੀ ਠੌਰ ॥ ੬ ॥ ਗੁਰੂ ਬੰਸ ਮਹਿਂ ਇਕ ਇਹ ਜਨਮੇ[1]। ਸਹਸ ਗੁਨੋ ਘਾਟ, ਨਹਿਂ ਗੁਨ ਮਨ ਮੇਂ[2]।ਗੁਰ ਸਮ ਅਜ਼ਮਤ ਤੌ ਕਿਤ ਪਈਅਤਿ। ਚਹੈਂ ਮਨੌਤ ਇਹੀ ਇਕ ਲਈਅਤਿ[3] ॥੭॥ਰਾਮਰਾਇ ਗੁਰ ਕੋ ਸੁਤ ਜੇਠਾ। ਨਹਿਂ ਗੁਰਤਾ ਗਾਦੀ ਪਰ ਬੈਠਾ। ਸ੍ਰੀ ਹਰਿਰਾਇ

[1]ਭਾਵ ਗੁਰਬੰਸ ਵਿਚ ਇੱਕ ਜਨਮ ਲੈਣ ਮਾਤ੍ਰ ਹੀ ਇਨਾਂ(ਧੀਰਮਲ ਆਦਿਕਾਂ)ਦਾ ਸਬੰਧ ਹੈ। [2](ਸ੍ਰੀ ਗੁਰੂ ਜੀ ਨਾਲੋਂ) ਹਜ਼ਾਰ ਗੁਣਾਂ ਘੱਟ ਹਨ, ਮਨ ਵਿਚ (ਕੋਈ)ਗੁਣ ਨਹੀਂ। [3]ਇਕ ਇਹੀ ਚਾਹੁੰਦੇ ਹਨ ਕਿ ਮਨੌਤਾਂ ਲਗੀਏ।

ਆਪ ਫੁਰਮਾਇ।–ਹਮਰੋ ਸਿਖ ਤਿਸ ਨਿਕਟਿ ਨ ਜਾਇ–॥ ੮ ॥ ਕਰੀ ਜੁ ਬਾਤ, ਅਹੈ ਬਖ੍ਯਾਤੀ। ਤਿਸ ਢਿਗ ਨਹਿਂ ਪਹੁੰਚਹਿਂ ਕਿਸ ਭਾਂਤੀ। ਗੁਰ ਸਿੱਖੀ ਤੇ ਹੋਇ ਜਿ ਖਾਰਜ। ਮਿਲਹਿ ਜਾਇ ਸੋ ਬਨੈ ਅਨਾਰਜ[1] ॥ ੯ ॥ ਗੁਰ ਕੋ ਵਾਕ ਉਲੰਘਹਿ ਜੋਇ। ਕਿਮ ਸਿੱਖੀ ਤਿਸ ਕੇ ਥਿਰ ਹੋਇ'। ਇਤ੍ਯਾਦਿਕ ਬੋਲਹਿਂ ਸਿਖ ਸਜਾਨੇ। ਸੂਖਮ ਕਰਹਿਂ ਬਿਚਾਰ ਮਹਾਨੇ॥੧੦॥ ਲਏ ਅਕੋਰਨਿ ਕੋ ਫਿਰ ਜਾਏਂ। ਦਿੱਲੀ ਮਹਿਂ ਕਿਸ ਨਹਿਂ ਅਰਪਾਏਂ। ਕੇਤਿਕ ਅਪਨੇ ਸਦਨ ਸਿਧਾਰੇ।ਸਤਿਗੁਰ ਕੌਨ, ਨ ਨਿਰਨੈ ਧਾਰੇ ॥੧੧॥ ਕੇਚਿਤ ਸੁਨਹਿਂ ਬਕਾਲੇ ਮਾਂਹਿ। ਖੋਜਨਿ ਹੇਤੁ ਤਹਾਂ ਚਲਿ ਜਾਹਿਂ। ਸਤਿ ਸੋਢੀਨਿ ਬਿਖੈ ਬਿਦਤਾਈ।–ਸ੍ਰੀ ਹਰਿਕ੍ਰਿਸ਼ਨ ਗਿਰਾ ਇਮ ਗਾਈ॥੧੨॥ ਗੁਰੁ ਬਕਾਲੇ ਮਹਿਂ ਬਿਦਤਾਵੈਂ–। ਸੰਗਤਿ ਚਲੀ ਹਜ਼ਾਰੋਂ ਆਵੈ। ਲਘੁ ਦੀਰਘ ਸੋਢੀ ਜਹਿਂ ਕਹਾਂ। ਕੀਨਸਿ ਬਾਸ ਜਾਇ ਕਰਿ ਤਹਾਂ* ॥ ੧੩ ॥ ਦਰਬ ਲੋਭ ਤੇ ਉਰ ਬਿਰਮਾਇ। ਗੁਰ ਬਨਿ ਜਾਇਂ ਬਕਾਲੇ ਆਇ। ਹਰਖ ਕਰਤਿ ਬਹੁ ਬਾਤ ਬਨਾਵੈਂ।ਬ੍ਰਿੰਦ ਮਸੰਦਨਿ ਕੋ ਅਪਨਾਵੈਂ[2]॥੧੪॥ਅਧਿਕ ਮੋਲ ਕੀ ਪੋਸ਼ਿਸ਼ ਦੇਤਿ। ਜਨੇਂ ਕਨੇਂ ਕਰਿ ਬੁਲਵਾਇ ਨਿਕੇਤ। ਦਰਬ ਦੇਨਿ ਕੋ ਕਹੈਂ ਬਿਸਾਲਾ। ਬਨਹਿਂ ਦੀਨ ਤਿਨ ਅੱਗ੍ਰ ਕੁਢਾਲਾ ॥ ੧੫ ॥ 'ਮਮ ਮਹਿਮਾ ਕਹੁ ਸੰਗਤਿ ਮਾਂਹਿ।–ਇਹ ਗੁਰ ਅਹੈ ਅਪਰ ਕੋ ਨਾਂਹਿ–। ਜਨੇਂ ਕਨੇਂ ਕਰਿ ਇਤ ਕੋ ਲੇ ਆਵਹੁ। ਚਾਹ ਜੁ ਧਨ ਆਧੋ ਤੁਮ ਪਾਵਹੁ ॥ ੧੬ ॥ ਜੇ ਇਤਨੇ ਮਹਿਂ ਰਾਜ਼ੀ ਨਾਂਹਿਨ। ਸਭ ਤੁਮ ਲੇਹੁ ਹਮੇਂ ਕੁਛ ਚਾਹ ਨ। ਜੋ ਨਿਜ ਕਰ ਤੇ ਦੇਵਨਿ ਕਰੋ।ਸੋ ਹਮ ਬਰਤਹਿਂਗੇ ਨਿਜ ਘਰੋ' ॥ ੧੭ ॥ ਬਨਹਿਂ ਮਸੰਦਨਿ ਕੋਰ ਅਧੀਨ। ਕਹਿ ਇੱਤ੍ਯਾਦਿ ਬਾਕ ਹੁਇ ਦੀਨ। ਕਰਹਿਂ ਜਤਨ ਗਨ ਕੋ ਇਸ ਰੀਤਿ। ਬਨਨਿ ਗੁਰੂ ਹਰਖਤਿ ਚਹਿਂ ਚੀਤ ॥ ੧੮ ॥ ਖਰਚਹਿਂ ਦਰਬ ਜੁ ਪੂਰਬ ਘਰ ਕੇ। ਦਾਤ ਆਦਿ ਪਟ ਵਸਤੂ ਬਰਕੇ[3]। ਦੀਨ ਭਏ ਸੋਢੀ ਇਮ ਜਬੈ। ਗਰਬੇ ਬਹੁ ਮਸੰਦ ਗਨ ਤਬੈ ॥ ੧੯ ॥ ਨਿਸ਼ਚੈ ਕਰਿ ਜਾਨੀ ਇਮ ਗਾਥਾ। 'ਗੁਰੂ ਬਨਾਵਨਿ ਹਮਰੇ ਹਾਥਾ। ਗੁਰ ਕੇ ਸੁਤ ਪੋਤੇ ਬਹੁ ਨਾਤੀ[4]। ਜੋ ਅਨੁਸਾਰ ਰਹਹਿਂ

[1]ਅਨ+ਆਰਜ=ਨਾ ਸ੍ਰੇਸ਼ਟ, ਬੁਰਾ। [2]ਅਪਣਾ ਪੱਖੀ ਬਣਾਂਵਦੇ ਹਨ। [3]ਵਸਤ੍ਰ ਆਦਿ ਸ਼੍ਰੇਸ਼ਟ ਵਸਤੂ ਨੂੰ। [4]ਪੋਤੇ। (ਅ) ਦੋਹਤ੍ਰੇ। *ਇਥੇ ਕਵੀ ਜੀ ਆਪ ਮੰਨ ਰਹੇ ਹਨ ਕਿ ਸੋਢੀ ਪ੍ਰਥਮ ਬਕਾਲੇ ਨੂੰ ਗਏ ਹਨ। ਦੇਖੋ ਪਿਛਲੇ ਅੰਸੂ ਦੇ ਅੰਕ ੨੭ ਦੀ ਟੂਕ।

ਸਭਿ ਭਾਂਤੀ ।੨੦॥ ਤਿਸ ਢਿਗ ਸੰਗਤਿ ਕੋ ਲੈ ਜੇ ਹੈਂ।ਦਰਬ ਅਕੋਰਨਿ ਕੋ ਅਰਪੈ ਹੈਂ। ਜਿਸ ਕੋ ਨਹਿਂ ਦੇਖਹਿਂ ਅਨੁਸਾਰੀ। ਤਿਸ ਤੇ ਕਰਹਿਂ ਹਟਾਵਨਿ ਸਾਰੀ ॥੨੧॥ ਬੈਠਜੋ ਰਹੈ ਕਛੂ ਨਹਿਂ ਸਰੈ। ਸਭਿ ਸੋਢੀ ਹਮ ਤੇ ਤਬਿ ਡਰੈਂ। ਜਿਸ ਹਮ ਚਾਹੈਂ ਗੁਰੂ ਬਨਾਵੈਂ। ਬਨੇ ਗੁਰੂ ਕੋ ਤੁਰਤ ਹਟਾਵੈਂ' ॥੨੨॥ ਮਿਲਹਿਂ ਮਸੰਦ ਪਰਸਪਰ ਕਹੈਂ। 'ਤੌ ਇਸ ਬਿਧਿ ਹਮ ਆਛੀ ਅਹੈ। 'ਕਰਹਿਂ ਨਮੂਨਾ[1] ਸੋਢੀ ਕੋਇ। ਬੈਠਜੋ ਰਹੈ ਅਪਨਿ ਘਰ ਸੋਇ ॥੨੩॥ ਲੇਨਿ ਦੇਨਿ ਸਭਿ ਹਮਰੇ ਹਾਥ[1]।ਸੰਚਹੁ ਧਨ, ਭੁਗਤਹੁ ਸੁਖ ਸਾਥ'। ਇਮ ਨਿਰਭੈ ਹੁਇ ਬਿਚਰਨਿ ਲਾਗੇ। ਜਿਸ ਕੋ ਪਿਖਹਿਂ ਦੀਨ ਨਿਜ ਆਗੇ ॥੨੪॥ ਤਿਸ ਕੇ ਨਿਕਟਿ ਜਾਹਿਂ ਲੇ ਸੰਗਤਿ। ਮਹਿਮਾ ਕਹੈਂ ਬੈਠਿ ਵਿਚ ਪੰਗਤਿ। 'ਅਬਿ ਇਸ ਕੇ ਢਿਗ ਹੈ ਗੁਰਿਆਈ। ਪੂਰਹੁ ਕਾਮਨਾ ਲਗਿ ਕਰਿ ਪਾਈ' ॥੨੫॥ ਅਨਿਕ ਰੀਤਿ ਕੇ ਕਰਿ ਉਪਦੇਸ਼। ਲੇ ਸਿੱਖਨਿ ਤੇ ਦਰਬ ਵਿਸ਼ੇਸ਼*।ਇਸ ਪ੍ਰਕਾਰ ਰੌਰਾ†ਪਰਿ ਗਇਊ। ਸਭਿ ਬਿਵਹਾਰ ਬਿਪਰਜੈ[2]ਭਇਊ॥੨੬॥ਕਿਸ ਕਾਰਨ ਤੇ ਜਿਮ ਭੂਪਾਲਾ। ਛਪਿ ਕਰਿ ਬੈਠਹਿ ਬਨੈ ਨਿਰਾਲਾ। ਪੂਜਾ ਬਿਖੈ ਸਭਿ ਦੇਸ਼ਨਿ ਠੌਰਾ। ਉਚਿਤ ਅਨੁਚਿਤ ਪਰਹਿ ਬਡ ਰੌਰਾ ॥੨੭॥ ਜਥਾ ਪੁਰੰਦਰ[3] ਅੰਦਰ ਤੋਇ[4]। ਕਮਲ ਨਾਲਕਾ[5]ਮਹਿ ਥਿਰ ਹੋਇ। ਛਪ ਕਰਿ ਰਹਨੈ ਨ ਜਾਨਨੈਂ ਕਾਹੂ। ਪਰਨੋ ਰੌਰ†ਸਭਿ ਦੇਵਨ ਮਾਹੂੰ॥੨੮॥ਤਿਮ ਸਤਿਗੁਰ ਕੇ ਘਰ ਮੈਂ ਹੋਵਾ†। ਨਹਿ ਕਨੋਂਹੁੰ‡ਨਿਰਨੇ ਕਰਿ ਜੋਵਾ। ਸਿਖ ਸੰਗਤਿ ਸਭਿ ਭੂਲੀ ਫਿਰ। ਗੁਰੂ ਨ ਜਾਨਹਿਂ, ਸੰਸੈ ਧਰੈ ॥੨੯॥ ਬਹਿ ਬਕਾਲ ਮੰਜੀ ਲਾਇ। ਗੁਰ ਬਾਈਸ ਭਏ ਮੁਦ ਪਾਇ। ਆਪ ਆਪ ਕ ਬਡੇ ਕਹਾਵੈਂ।ਸੰਗ ਸ਼ਰੀਕਾਨ ਦ੍ਰੋਹ ਕਮਾਵੈਂ ॥੩੦॥ ਨਿੰਦਾ ਕਰਹਿ 'ਕਹਾਂ ਸ ਜਾਨੈ[6] ?'।'ਕਹਾਂ ਸ਼ਕਾਂਛ ਅਪਰਨਿ ਮਾਹਿਂ' ਠਾਨੈ[7]। 'ਮੈਂ ਗੁਰ ਬਨਜ ਪਾਇ ਗੁਰਿਆਈ। ਅਪਰ

[1]ਭਾਵ ਕਿਸੇ ਸੋਢੀ ਨੂੰ ਨਮੂਨੇ ਮਾਤ੍ਰ ਗੁਰੂ ਬਨਾ ਦੇਈਏ ਜੋ ਅਪਣੇ ਘਰ ਬੈਠਾ ਰਹੇ ਤੇ ਲੈਣ ਦੇਣ ਸਭ ਸਾਡੇ ਹੱਥ ਰਹੇ। [2]ਉਲਟ। [3]ਇੰਦ੍ਰ। [4]ਜਲ। [5]ਇੰਦਰ ਦੇ ਛਪ ਜਾਣ ਤੇ ਜੋ ਘਬਰਾਹਟ ਦੇਵਤਿਆਂ ਵਿਚ ਹੋਈ, ਉਸ ਘਬਰਾਹਟ ਮਾਤ੍ਰ ਦਾ ਦ੍ਰਿਸ਼ਟਾਂਤ ਹੈ। ਦ੍ਰਿਸ਼ਟਾਂਤ ਦਾ ਇਕੋ ਅੰਗ ਲਈਦਾ ਹੈ। [6]ਨਿੰਦਾ ਕਰਦੇ ਹਨ:—ਕਿ ਓਹ ਕੀ ਜਾਣਦਾ ਹੈ! [7]ਹੋਰਨਾਂ ਵਿਚ ਕਿੱਥੇ ਸ਼ਕਤੀ ਹੈ? (ਇਹ ਗਲ) ਪੱਕੀ ਕਰਦੇ ਹਨ ਅਥਵਾ ਇਹ ਗਲ ਮਨ ਵਿਚ ਪੱਕੀ ਕਰਦੇ ਹਨ।

*ਪਾ:—ਸਿਖਨਿ ਤੇ ਦ੍ਰਬ ਹਰਹਿ ਵਿਸ਼ੇਸ਼। †ਇੱਥੇ ਕੇਵਲ ਰੌਲੇ ਮਾਤ੍ਰ ਦੇ ਦ੍ਰਿਸ਼ਟਾਂਤ ਦਿੱਤੇ ਹਨ,ਦ੍ਰਿਸ਼ਟਾਂਤ ਦਾ ਇੱਕੋ ਅੰਗ ਲਈਦਾ ਹੈ। ‡ਪਾ:—ਕਿਨਹੂੰ।

ਲੋਭ ਹਿਤ ਕਹਿਂ ਪੁਜਵਾਈ' ॥੩੧॥ ਧੀਰਮੱਲ ਤੇ ਆਦਿਕ ਬ੍ਰਿੰਦ । ਨਿਜ ਘਰ ਤਜਾਗੇ ਰਿਦੇ ਅਨੰਦ।ਬਸੇ ਆਇ ਕਰਿ ਬੀਚ ਬਕਾਲੇ*।ਬਿਸਤਾਰਹਿਂ ਪਾਖੰਡ ਬਿਸਾਲੇ ॥ ੩੨ ॥ ਧਨ ਕੀ ਬਿਭੌ[1] ਜਿਤਿਕ ਜਿਸ ਪਾਹੀ । ਸੰਗਤਿ ਕੋ ਨਿਕਾਸਿ ਦਿਖਰਾਹੀਂ । ਭੋਰੇ ਸਿੱਖ ਦੇਖਿ ਬਿਰਮਾਵੇਂ । ਆਨਿ ਦਰਬ ਕੋ ਭੇਟ ਚਢਾਵੇਂ ॥ ੩੩ ॥ ਤਿਨ ਕੋ ਬਹੁ ਬਿਧਿ ਦੇਤਿ ਦਿਲਾਸਾ। 'ਪੂਰਨ ਕਰਹਿਂ ਸਕਲ ਤੁਮ ਆਸਾ । ਮੋ ਬਿਨ ਗੁਰ ਸੋਢੀ ਨਹਿਂ ਕੋਊ । ਕਬਹਿ ਨ ਮਿਲਹੁ ਕਹਹਿ ਕਿਮ ਸੋਊ' ॥ ੩੪ ॥ ਇਮ ਧਨ ਲੋਭ ਦੇਖਿ ਸਿਖ ਸਜਾਨੇ । ਕਰਾਮਾਤ ਛੂਛੇ ਪਹਿਚਾਨੇ । ਹਟਕ ਰਹੇ, ਨਹਿਂ ਮਿਲਿਬੋ ਠਾਨਹਿਂ। ਗੁਰ ਕੋ ਗੁਨ ਜਾਨੇ ਤਉ ਮਾਨਹਿ ॥ ੩੫ ॥ ਕਹੌਂ ਪ੍ਰਸੰਗ ਕਹਾਂ ਲਗਿ ਐਰਾ । ਸਿਖ ਸੰਗਤਿ ਮਹਿਂ ਜੇਤਿਕ ਰੌਰਾ । ਸ੍ਰੀ ਗੁਰ ਤੇਗ ਬਹਾਦਰ ਚੰਦ। ਸਦਾ ਲੇਤਿ ਰਸ ਗਜਾਨਾਨੰਦ ॥ ੩੬ ॥ ਨਹੀਂ ਅਪਨਪੌ ਕਰਹਿਂ ਲਖਾਈ। ਘਰ ਅੰਤਰ ਥਿਰ ਰਹਹਿਂ ਗੁਸਾਈਂ । ਮਾਤ ਨਾਨਕੀ ਸਭਿ ਮਨ ਜਾਨੀ । ਸਿਮਰਤਿ ਭਰਤਾ ਕੀ ਬਰ ਬਾਨੀ ॥੩੭॥–ਸੋ ਅਬਿ ਸਮਾ ਪਹੂਚਜੋ ਆਈ। ਮਮ ਸੁਤ ਕੋ ਹੁਇ ਹੈ ਗੁਰਿਆਈ–।ਘਰ ਅੰਤਰ ਬੈਠਹਿ ਨਿਤ ਹੇਰਹਿ । ਬਿਦਤਨਿ ਹੇਤੁ ਪੁੱਤ੍ਰ ਕੋ ਪ੍ਰੇਰਹਿ ॥ ੩੮ ॥ ਅਪਰ ਸੋਢੀਅਨਿ ਕੀ ਪਿਖਿ ਗਾਥਾ । ਕਹਿ ਬਹੁ ਬਾਰ ਆਤਮਜ[2] ਸਾਥਾ । 'ਗਾਦੀ ਕੇ ਮਾਲਿਕ ਤੁਮ ਬਨਹੁ। ਰੌਰਾ ਪਰਜੋ ਸਰਬ ਕੋ ਹਨਹੁ'॥੩੯॥ਸੁਨਿ ਸ੍ਰੀ ਤੇਗਬਹਾਦਰ ਸ੍ਰੌਨ । ਇਕ ਰਸ ਥਿਰੇ ਧਰੇ ਮੁਖ ਮੌਨ । ਆਗੇ ਕਥਾ ਕਹੌਂ ਇਨ ਕੇਰੀ । ਜਿਮ ਬਿਦਤਹਿਂ ਪਿਖਿ ਪ੍ਰੀਤਿ ਘਨੇਰੀ ॥ ੪੦ ॥ ਦਸਮ ਰਾਸਿ ਅਬਿ ਪੂਰਨ ਕੀਨ । ਸਤਿਗੁਰ ਚਰਨ ਕਮਲ ਚਿਤ ਦੀਨਿ । ਕਵਿ ਸੰਤੋਖ ਸਿੰਘ ਦ੍ਵੈ ਕਰ ਜੋਰ । ਬਾਰੰਬਾਰ ਨਿਹੋਰਿ ਨਿਹੋਰਿ[3] ॥ ੪੧ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮਿ ਰਾਸੇ ਕਵੀ ਸੰਤੋਖ ਸਿੰਘ ਵਿਰਚਤਾਯਾਂ ਭਾਖਾਯਾਂ 'ਸ੍ਰੀ ਹਰਿਕ੍ਰਿਸ਼ਨ ਕਥਾ ਪ੍ਰਸੰਗ' ਬਰਨਨੰ ਨਾਮ ਖਸ਼ਟ ਪੰਚਾਸਤੀ ਅੰਸੂ ॥ ੫੬ ॥ ਦਸਮੀ ਰਾਸ ਸੰਪਾਪਤੇ ਮਸਤੁ ਸੁਭ ਮਸਤ ॥

## ॥ ਦਸਮੀਂ ਰਾਸ਼ਿ ਸਮਾਪਤਿ ਹੋਈ ॥

---

[1]ਵਿਭੂਤੀ। [2]ਪੁੱਤ੍ਰ। [3]ਨਮਸਕਾਰ ਕਰ ਕਰਕੇ।

*ਬਾਹਰੋਂ ਆਕੇ ਵੱਸੇ ਹਨ, ਪਹਿਲਾਂ ਬਕਾਲੇ ਨਹੀਂ ਸਨ ਵਸਦੇ; ਕਵਿ ਜੀ ਆਪ ਦੱਸਦੇ ਹਨ ।

੧ ੳ ਸਤਿਗੁਰ ਪ੍ਰਸਾਦਿ ॥ ੧ ੳ ਸ੍ਰੀ ਵਾਹਿਗੁਰੂ ਜੀ ਕੀ ਫਤਹ ॥
ਅਥ ਇਕਾਦਸ਼ਮੀ ਰਾਸਿ ਲਿਖਯਤੇ ॥

ਅੰਸ ੧. [ਮੰਗਲ। ਬਕਾਲੇ ਮੇਲੀ]।

## ੧. ਇਸ਼੍ਟ ਦੇਵ—ਸ੍ਰੀ ਅਕਾਲ ਪੁਰਖ—ਮੰਗਲ।

ਦੋਹਰਾ ॥ ਸਤਿ ਚਿਤ ਅਨੰਦ ਸਮਾਨ ਇਕ ਨਿਰਗੁਨ ਸਰਗੁਨ ਮਾਂਹਿ।
ਗ੍ਯਾਨਾਦਿਕ* ਗੁਨ ਈਸ਼ ਕੇ ਜੀਵ ਬਿਖੈ ਇਹ ਨਾਂਹਿ॥ ੧ ॥

[ਸਤਿ ਚਿਤ ਅਨੰਦ=ਸਤਿ ਚਿਤ ਤੇ ਅਨੰਦ ਸਰੂਪ ਪਰਮਾਤਮਾ; ਦੇਖੋ ਸ੍ਰੀ ਗੁਰ ਨਾ: ਪ੍ਰ: ਪੂਰ: ਅਧ੍ਯਾ: ੧ ਅੰਕ ੩ ਦੇ ਪਦ ਅਰਥ।
ਨਿਰਗੁਣ=ਜਿਸ ਵਿਚ ਗਿਆਨਾਦਿ ਗੁਣ ਨਹੀਂ ਹਨ। ਮੁਰਾਦ ਜੀਵ ਤੋਂ ਹੈ।
ਸਰਗੁਣ=ਜਿਸ ਵਿਚ ਗਿਆਨਾਦਿਕ ਗੁਣ ਹਨ। ਮੁਰਾਦ ਈਸ਼੍ਵਰ (ਮਾਇਆ ਸਬਲ) ਤੋਂ ਹੈ।]

ਅਰਥ—ਗਿਆਨਾਦਿਕ ਗੁਣ ਈਸ਼੍ਵਰ ਵਿਚ ਹਨ; (ਤਾਂਤੇ ਉਹ) ਸਰਗੁਣ ਹੈ। ਜੀਵ ਵਿਚ ਇਹ (ਗਿਆਨਾਦਿ ਗੁਣ) ਨਹੀਂ ਹਨ, (ਇਸ ਕਰਕੇ ਉਹ) ਨਿਰਗੁਣ ਹੈ, (ਪਰ) ਸਤਿ ਚਿਤ ਆਨੰਦ (ਸ੍ਰੂਪ ਪਰਮਾਤਮਾਂ ਇਨ੍ਹਾਂ ਦੋਹਾਂ ਜੀਵ ਤੇ ਈਸ਼੍ਵਰ ਵਿਚ) ਇਕ ਸਮਾਨ (ਵਿਆਪਕ) ਹੈ, (ਉਸ ਸਤਚਿਤ ਆਨੰਦ ਸਰੂਪ ਪਰਮਾਤਮਾਂ ਨੂੰ ਮੇਰੀ ਨਮਸਕਾਰ ਹੋਵੇ)।

ਹੋਰ ਅਰਥ—ਨਿਰਗੁਣ ਤੇ ਸਰਗੁਣ ਵਿਚ ਸਤਿ ਚਿਤ ਅਨੰਦ ਇਕ ਸਮਾਨ (ਸਮਾ) ਰਿਹਾ ਹੈ। (ਫਰਕ ਇਹ ਹੈ ਕਿ) ਗ੍ਯਾਨ ਆਦਿਕ ਗੁਣ ਈਸ਼੍ਵਰ ਵਿਚ ਹਨ, ਜੀਵ ਵਿਚ ਇਹ ਨਹੀਂ ਹਨ।

## ੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਸੈਯਾ॥ਗੁਨਮੰਦਿਰ ਸੁੰਦਰ,ਦੇਹ ਪ੍ਰਭਾ† ਸਮਪਾਰਦ,ਚੰਦ੍ਰਿਕਚੰਦ,ਸੁਚੰਦਨ।
ਬਰ ਬੰਦਨ ਬਿੰਦੁ ਸੁ ਭਾਲ ਪੈ ਤੰਦੁਲ ਚੰਦ ਕਲਾ ਵਿਚ ਜਨੋਂ ਮਹਿ ਨੰਦਨ।
ਕਰ ਬੰਦਿ ਕਰੌਂ ਪਦ ਬੰਦਨ ਕੋ ਅਰਵਿੰਦ ਮਨਿੰਦ ਅਨੰਦ ਮਲਿੰਦਨਿ।
ਕਰ ਬੇਨੁਵਤੀ!ਮੁਝਦੇਹੁ ਮਤੀ,ਸ਼ੁਭ ਸਾਰਸਤੀ ਦੁਖ ਦੁੰਦ ਨਿਕੰਦਨ!॥੨॥

---

*ਪਾ:—ਰਜਾਨਾਨੰਦ। † ਇਹ ਪਦ ਦੇਹੁਰੀ ਦੀਪਕ ਰੱਖ ਕੇ ਅਰਥ ਕਰੀਏ ਤੇ ਇਉਂ ਬਣੇਗਾ—ਤੇਰੀ ਸੁੰਦਰ ਦੇਹ ਗੁਣਾਂ ਦਾ ਮੰਦਰ ਤੇ ਦੇਹ ਦੀ (ਪ੍ਰਭਾ) ਸ਼ੋਭਾ''''।

ਪ੍ਰਭਾ=ਸ਼ੋਭਾ। ਚੰਦ੍ਰਿਕ ਚੰਦ=ਚੰਦ ਦੀ ਚਾਨਣੀ।
ਬੰਦਨ=ਸੰਧੂਰ। ਬਿੰਦੂ=ਤਿਲਕ। ਤੰਦੁਲ=ਚਾਵਲ।
ਮਹਿਨੰਦਨ=ਪ੍ਰਿਥਵੀ ਦਾ ਪੁੱਤ੍ਰ ਭਾਵ ਮੰਗਲ, ਜਿਸ ਦਾ ਰੰਗ ਲਾਲ ਮੰਨਿਆਂ ਜਾਂਦਾ ਹੈ। ਮਲਿੰਦਨਿ=ਭੌਰਿਆਂ ਨੂੰ। ਕਰ ਬੇਨੁ ਧਰੀ=ਹੱਥ ਵਿਚ ਵੀਣਾ ( ਧਾਰਨੇ ) ਵਾਲੀ। ਅਸਲ ਵਿਚ ਬੇਨੁ ਨਾਮ ਬੰਸਰੀ ਦਾ ਹੈ, ਪਰ ਵੀਣਾ ਲਈ ਵਰਤਿਆ ਗਿਆ ਹੈ।

ਅਰਥ—(ਤੂੰ ਸਾਰੇ) ਗੁਣਾਂ ਦਾ ਸੁੰਦਰ ਮੰਦਿਰ ਹੈਂ (ਤੇਰੀ) ਦੇਹ ਦੀ ਸ਼ੋਭਾ ਪਾਰੇ ਵਾਂਙੂ (ਉੱਜਲ) ਹੈ, ਚੰਦਰਮਾਂ ਦੀ ਚਾਂਦਨੀ ( ਵਤ ਸੀਤਲ ) ਹੈ, ਤੇ ਚੰਦਨ ( ਸਮਾਨ ਸੁਗੰਧਿਤ ) ਹੈ। ਤੇਰੇ ਮੱਥੇ ਉੱਤੇ ਸੰਧੂਰ ਦੀ ਸ੍ਰੇਸ਼ਟ ਬਿੰਦੀ ਵਿਚ ਚਾਵਲ (ਐਉਂ ਸ਼ੋਭ ਰਹੇ ਹਨ) ਜਿਵੇਂ ਮੰਗਲ ਵਿਚ ਚੰਦਰਮਾਂ ਦੀਆਂ ਕਲਾਂ। ( ਮੈਂ ) ਹੱਥ ਜੋੜ ਕੇ ਤੇਰੇ ਚਰਨਾਂ ਨੂੰ ਬੰਦਨਾ ਕਰਦਾ ਹਾਂ ਜੋ ਕਿ ਕਵਲਾਂ ਵਾਂਙੂ ( ਆਪਣੇ ਕਵੀ ਰੂਪ ) ਭੌਰਿਆਂ ਨੂੰ ਅਨੰਦ ( ਦੇਣ ਵਾਲੇ ਹਨ )। ਹੇ ਹੱਥ ਵਿਚ ਵੀਣਾਂ (ਧਾਰਨੇ) ਵਾਲੀ! ਤੇ ਸਾਰੇ ਦੁੱਖਾਂ ਨੂੰ ਕੱਟਣ ਵਾਲੀ ਸਰੱਸ੍ਵਤੀ! ਮੈਨੂੰ ਸ਼ੁਭ ਮਤਿ ਦੇਹੁ (ਜੋ ਗੁਰੂ ਜਸ ਕਥਨ ਕਰਾਂ)।

## ੩. ਇਸ਼੍ਟ ਗੁਰੂ—ਸ੍ਰੀ ਗੁਰੂ ਨਾਨਕ ਦੇਵ ਜੀ—ਮੰਗਲ।

ਦੋਹਰਾ ॥ ਪਸਰ੍ਯੋ ਜਸ ਦਸ ਦਿਸ਼ਨਿ ਮੈਂ ਸਦ੍ਰਿਸ਼ ਸੁਮਨਸ ਸੇਤ।
ਅਜ਼ਮਤ* ਜੁਤਿ ਜੀਤ੍ਯੋ ਜਗਤ, ਸ੍ਰੀ ਨਾਨਕ ਸੁਖ ਦੇਤਿ ॥ ੩॥

ਸਦ੍ਰਿਸ਼=ਵਤ, ਵਰਗਾ। ਸੁਮਨਸ=ਫੁੱਲ। ਸੇਤ=ਚਿੱਟੇ।
ਅਜ਼ਮਤ=ਬਜ਼ੁਰਗੀ। ਕਰਾਮਾਤ* [ਅ:, ਅਜ਼ਮਤ=ਬਜ਼ੁਰਗੀ]।

ਅਰਥ—ਚਿੱਟੇ ਫੁੱਲਾਂ ਵਰਗਾ ( ਉੱਜਲ ) ਜਸ ( ਜਿਨ੍ਹਾਂ ਦਾ ) ਦਸੌਂ ਦਿਸ਼ਾਂ ਵਿਚ ਫੈਲਿਆ ਹੋਇਆ ਹੈ (ਅਤੇ ਜਿਨ੍ਹਾਂ ਨੇ) ਕਰਾਮਾਤ (ਯਾ ਬਜ਼ੁਰਗੀ ) ਨਾਲ ਜਗਤ ਨੂੰ ਜਿੱਤ ਲਿਆ ਹੈ ( ਐਸੇ ) ਸੁਖ ਦਾਤੇ ਸ੍ਰੀ ( ਗੁਰੂ ) ਨਾਨਕ ( ਦੇਵ ਜੀ ਨੂੰ ਮੇਰੀ ਨਮਸਕਾਰ ਹੈ )।

## ੪. ਇਸ਼੍ਟ ਗੁਰੂ—ਸ੍ਰੀ ਗੁਰੂ ਅੰਗਦ ਦੇਵ ਜੀ ਦਾ—ਮੰਗਲ।

ਅਜਰ ਜਰਨ, ਧੀਰਜ ਧਰਨਿ, ਧਰਨਿ ਮਨਿੰਦ, ਅਮੰਦ।
ਸ੍ਰੀ ਅੰਗਦ ਪਦ ਪਦਮ ਕੋ ਨਮਹਿਂ ਮੁਕੰਦ ਅਨੰਦ ॥ ੪ ॥

ਧਰਨਿ=ਧਰਨ ਵਿਚ। ਧਰਨਿ=ਧਰਤੀ, ਪ੍ਰਿਥਵੀ।
ਅਮੰਦ=ਜੋ ਮੰਦ ਨਾ ਹੋਵੇ, ਤਤਪਰ, ਸ੍ਰੇਸ਼ਟ। ਪਦਮ=ਕਵਲ।
ਮੁਕੰਦ ਅਨੰਦ=ਅਨੰਦ ਤੇ ਮੁਕਤੀ ਦੇ ਦਾਤਾ।

ਅਰਥ—ਜੋ ਧੀਰਜ ਧਾਰਨ ਵਿਚ ਧਰਤੀ ਤੁੱਲ ਹਨ ਤੇ ਅਜਰ ਨੂੰ ਜਰਨ ਵਿਚ ( ਸਦਾ )

---

*ਕਵੀ ਜੀ ਨੇ ਇਹ ਪਦ ਕਰਾਮਾਤ ਦੇ ਅਰਥਾਂ ਵਿਚ ਹੀ ਬਹੁਤਾ ਵਰਤਿਆ ਹੈ।

ਤਤਪਰ ਹਨ, ਜੋ ਮੁਕਤੀ ਤੇ ਅਨੰਦ ਦੇ ਦਾਤਾ ਹਨ। ( ਐਸੇ ) ਸ੍ਰੀ ( ਗੁਰੂ) ਅੰਗਦ ਦੇਵ ਜੀ ਦੇ ਚਰਨਾਂ ਕਵਲਾਂ ਨੂੰ ਮੈਂ ਨਮਸਕਾਰ ਕਰਦਾ ਹਾਂ।

## ੫. ਇਸ਼੍ਟ ਗੁਰੂ—ਸ੍ਰੀ ਗੁਰੂ ਅਮਰਦਾਸ ਜੀ ਦਾ—ਮੰਗਲ।

ਭਾਨੁ ਸਮਾਨ ਸੁ ਗ੍ਯਾਨ ਦ੍ਰਿੜ੍ਹ, ਹਾਨਿ ਤਿਮਰ ਅੱਗ੍ਯਾਨ।
ਅਜ਼ਮਤਿ ਦਾਨੀ ਅਨਿਕ ਕੇ ਸ੍ਰੀ ਗੁਰੁ ਅਮਰ ਸੁਜਾਨ ॥ ੫॥

{ ਭਾਨੁ=ਸੂਰਜ। ਤਿਮਰ=ਅੰਧੇਰਾ।
ਅਜ਼ਮਤ=ਕਰਾਮਾਤ, ਬਜ਼ੁਰਗੀ। 'ਅਜ਼ਮਤਿ ਦਾਨੀ' ਤੋਂ ਏਥੇ ਇਸ਼ਾਰਾ ਬਾਈ ਮੰਜੀਆਂ ਆਦਿਕ ਵਲ ਹੈ, ਜਿਨ੍ਹਾਂ ਨੂੰ ਆਪ ਨੇ ਅਜ਼ਮਤ ਦਾਨ ਦੇਕੇ ਗੁਰਮੁਖ ਬਣਾਇਆ। }

ਅਰਥ—ਸ੍ਰੀ ਗੁਰੂ ਅਮਰਦਾਸ ਜੀ ਦਾ (ਆਪਣਾ) ਗਿਆਨ ਸੂਰਜ ਸਮਾਨ ਦ੍ਰਿੜ੍ਹ (=ਅਚੱਲ) ਹੈ, (ਤੇ ਦੂਸਰਿਆਂ ਦੇ) ਅੱਗਿਆਨ ( ਰੂਪੀ ) ਅਨ੍ਹੇਰੇ ਨੂੰ ਨਾਸ਼ ਕਰਨ ਵਾਲੇ ਹਨ, ਅਤੇ ਅਨੇਕਾਂ ਦੇ ਅਜ਼ਮਤ ਦਾਤਾ ਹਨ, ( ਐਸੇ ) ਸੁਜਾਨ (ਸ੍ਰੀ ਗੁਰੂ ਜੀ) ਦੇ ਚਰਨਾਂ ਕਵਲਾਂ ਉਪਰ ਮੇਰੀ ਨਮਸਕਾਰ ਹੈ।

## ੬. ਇਸ਼੍ਟ ਗੁਰੂ—ਸ੍ਰੀ ਗੁਰੂ ਰਾਮ ਦਾਸ ਜੀ ਦਾ—ਮੰਗਲ।

ਸੋਢੀ ਕੁਲ ਸਮ ਗਗਨ ਮੈਂ ਬਿਦਤੇ ਭਾਨੁ ਮਨਿੰਦ।
ਰਾਮਦਾਸ ਸ੍ਰੀ ਸਤਿਗੁਰੂ ਬੰਦੋਂ ਪਦ ਅਰਵਿੰਦ ॥ ੬ ॥

ਅਰਥ—ਸੋਢੀ ਕੁਲ ਰੂਪੀ ਅਕਾਸ਼ ਵਿਚ (ਜੋ) ਸੂਰਜ ਵਾਂਙੂ ਪ੍ਰਗਟੇ ( ਮੈਂ ਐਸੇ) ਸ੍ਰੀ ਸਤਿਗੁਰੂ (ਗੁਰੂ) ਰਾਮਦਾਸ (ਜੀ ਦੇ) ਚਰਨਾਂ ਕਵਲਾਂ (ਪਰ) ਨਮਸਕਾਰ ਕਰਦਾ ਹਾਂ।

## ੭. ਇਸ਼੍ਟ ਗੁਰੂ—ਸ੍ਰੀ ਗੁਰੂ ਅਰਜਨ ਦੇਵ ਜੀ ਦਾ—ਮੰਗਲ।

ਦਾਸਨਿ ਕੀ ਫਾਸਨਿ ਕਟੈਂ ਉਪਦੇਸ਼ਤਿ ਸਤਿਨਾਮੁ।
ਸ੍ਰੀ ਅਰਜਨ ਬਰਜਨਿ ਕੁਮਤਿ ਤਿਨ ਪਦ ਪਦਮ ਪ੍ਰਨਾਮ ॥ ੭॥

{ ਬਰਜਨ=ਵਰਜਣ ਵਾਲੇ। ਭਾਵ ਨਾਸ਼ ਕਰਨੇ ਵਾਲੇ।
ਕੁਮਤਿ=ਦੁਰਬੁੱਧੀ, ਮੂਰਖਤਾ। }

ਅਰਥ—(ਜੋ ਸ਼ਰਨਾਗਤ) ਦਾਸਾਂ ਦੀਆਂ ਕੁਮੱਤਾਂ ਨੂੰ ਦੂਰ ਕਰਕੇ ਸਤਿਨਾਮ ਦਾ ਉਪਦੇਸ਼ ਦੇਂਦੇ ਹਨ (ਤੇ ਐਉਂ ਲੋਕ ਪ੍ਰਲੋਕ ਦੀਆਂ) ਫਾਹੀਆਂ ਕੱਟ ਦਿੰਦੇ ਹਨ। ( ਐਸੇ ) ਸ੍ਰੀ ( ਗੁਰੂ ) ਅਰਜਨ (ਦੇਵ ਜੀ) ਦੇ ਚਰਨਾਂ ਕਵਲਾਂ ਨੂੰ (ਮੈਂ) ਨਮਸਕਾਰ ਕਰਦਾ ਹਾਂ।

## ੮. ਇਸ਼ਟ ਗੁਰੂ—ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ—ਮੰਗਲ।

ਜੋਧਾ ਕ੍ਰੁੱਧਤਿ ਜੁੱਧ ਮਹਿਂ, ਰਿਦਾ ਸਥਿਤ* ਬ੍ਰਹਮ ਗਯਾਨ।
ਸ੍ਰੀ ਹਰਿ ਗੋਵਿੰਦ ਚੰਦ ਪਦ ਬੰਦਨ ਸਿਰ ਤੇ ਠਾਨਿ ॥ ੮ ॥

ਅਰਥ—(ਜਿਨ੍ਹਾਂ ਦਾ) ਹਿਰਦਾ ਸਥਿਤ (ਦ੍ਰਿੜ) ਹੈ ਬ੍ਰਹਮ ਗਿਆਨ ਵਿਚ (ਪ੍ਰੰਤੂ) ਜੁੱਧ ਵਿਚ (ਜੋ) ਰੌਦ੍ਰ ਰਸੀ ਜੋਧਾ ਹੋ ਜਾਂਦੇ ਹਨ (ਐਸੇ) ਸ੍ਰੀ ਹਰਿ ਗੋਵਿੰਦ ਚੰਦ ਜੀ ਦੇ ਚਰਨਾਂ ਨੂੰ (ਅਪਣੇ) ਸੀਸ ਤੇ ਟਿਕਾਕੇ ਬੰਦਨਾ ਕਰਦਾ ਹਾਂ।

ਹੋਰ ਅਰਥ—ਦੂਸਰੀ ਸਤਰ ਦਾ—ਸ੍ਰੀ ਹਰਿਗੋਬਿੰਦ ਜੀ ਦੇ ਚਰਨਾਂ ਉਤੇ ਸਿਰ ਟਿਕਾਕੇ ਬੰਦਨਾ ਕਰਦਾ ਹਾਂ।

ਭਾਵ—ਇਥੇ ਕਵਿ ਜੀ ਇਕ ਕਟਾਖਸ਼ ਵਿਚ ਮੀਰੀ ਪੀਰੀ ਦਾ ਭੇਤ ਖੋਹਲਦੇ ਹਨ। ਹਿਰਦੇ ਵਿਚ ਬ੍ਰਹਮ ਗਯਾਨ ਵੱਸਣਾਂ ਨਾ ਕੇਵਲ ਸ਼ਾਂਤ ਰਸ ਦਾ ਕਮਾਲ ਹੈ, ਸਗੋਂ ਸ਼ਾਂਤਿ ਰਸ ਦੇ ਸਦਾ ਸਥਿਤ ਹੋਣ ਦਾ ਤੇ ਸੁਭਾਵ ਰੂਪ ਹੋਣ ਦਾ ਪਤਾ ਦਿੰਦਾ ਹੈ। ਫਿਰ ਸ਼ੰਕਾ ਹੁੰਦੀ ਹੈ ਕਿ ਜਦ ਅੰਦਰ ਬ੍ਰਹਮ ਗਯਾਨ ਹੈ, ਜਿਸਦਾ ਸਥਾਈ ਭਾਵ ਨਿਰਵੇਦ ਹੈ ਤਾਂ ਬੀਰ ਰਸ—ਜਿਸਦਾ ਸਥਾਈ ਭਾਵ ਉਤਸਾਹ ਹੈ ਤੇ ਇਸ ਤੋਂ ਬੀ ਅੱਗੇ ਲੰਘਕੇ ਕ੍ਰੋਧ ਹੈ ਜੋ ਕਿ ਰੌਦ੍ਰ ਰਸ ਦਾ ਸਥਾਈ ਭਾਵ ਹੈ—ਕਿਵੇਂ ਅੰਦਰ ਆ ਵੱਸਦਾ ਹੈ ? ਇਸਦਾ ਉੱਤ੍ਰ ਦਿੰਦੇ ਹਨ, ਕਿ ਜੁੱਧ ਵਿਚ ਜਾਕੇ ਰੌਦ੍ਰ ਰਸੀ ਰੰਗ ਜਮਾਉਂਦੇ ਹਨ, ਅਰਥਾਤ ਜੁੱਧ ਦੇ ਉਦੀਪਨ ਪ੍ਰਭਾਵ ਨਾਲ ਕ੍ਰੋਧ ਦਾ ਭਾਵ ਉਪਜਦਾ ਹੈ, ਇਉਂ ਉਪਜਿਆ ਕ੍ਰੋਧ 'ਸਥਾਈ' ਨਹੀਂ ਹੁੰਦਾ ਪਰ 'ਸੰਚਾਰੀ' ਹੁੰਦਾ ਹੈ, ਓਪਰਾ ਆਉਂਦਾ ਤੇ ਓਪਰਾ ਦੂਰ ਜਾਂਦਾ ਹੈ, ਅੰਦਰ ਵਸਦੇ ਬ੍ਰਹਮ ਗਯਾਨ ਨੂੰ ਉਹ ਹਿਲਾ ਨਹੀਂ ਸਕਦਾ ਤੇ ਉਤਸਾਹ ਤੇ ਬ੍ਰਹਮ ਗਿਆਨ ਪਰਸਪਰ ਵਿਰੋਧੀ ਭਾਵ ਨਹੀਂ ਹਨ।

## ੯. ਇਸ਼ਟ ਗੁਰੂ—ਸ੍ਰੀ ਗੁਰੂ ਹਰਿ ਰਾਇ ਜੀ ਦਾ—ਮੰਗਲ।

ਕਰੇ ਰੰਕ ਰਾਜਾ ਅਧਿਕ ਅਬਿ ਲੌ ਬਿਦਤਿ ਪ੍ਰਤਾਪ।
ਸ੍ਰੀ ਸਤਿਗੁਰ ਹਰਿਰਾਇ ਜੀ ਹਰਤਾ ਪਾਪ ਕਲਾਪ ॥ ੯ ॥

{ ਅਧਿਕ—ਵੱਡੇ। ਅਧਿਕ ਰਾਜਾ ਕਰੇ—ਵੱਡੇ ਰਾਜੇ ਬਣਾ ਦਿਤਾ।
(ਅ) ਬਹੁਤਿਆਂ (ਗਰੀਬਾਂ) ਨੂੰ ਰਾਜਾ ਬਣਾ ਦਿਤਾ। }

ਅਰਥ—ਸ੍ਰੀ ਸਤਿਗੁਰੂ ( ਗੁਰੂ ) ਹਰਿਰਾਇ ਜੀ ( ਆਪਣੇ ਮੁਮੁਖ੍ਸ਼ੁ ਸੇਵਕਾਂ ਦੇ ) ਸਾਰੇ ਪਾਪਾਂ ਦੇ ਨਾਸ਼ ਕਰਨ ਹਾਰ (ਹਨ ਅਤੇ ਉਹਨਾਂ ਨੇ ਆਪਣੇ ਮਾਯਕ ਬ੍ਰਿਤੀਆਂ ਵਾਲੇ ਸੇਵਕਾਂ ਨੂੰ) ਰੰਕਾਂ ਤੋਂ ਵੱਡੇ ਰਾਜੇ ਕਰ ਦਿਤਾ, ਜਿਨ੍ਹਾਂ ਦਾ ਅਜ ਤਕ (ਜਗਤ ਵਿਚ) ਪ੍ਰਤਾਪ ਪ੍ਰਗਟ ਹੈ।

ਭਾਵ—ਕਲਯਾਣ ਦੇ ਲੋੜਵੰਦਾਂ ਦੀ ਕਲਯਾਣ ਕੀਤੀ ਤੇ ਰੰਕਾਂ ਨੂੰ ਮਹਾਰਾਜੇ

---

*ਪਾ:—ਸਥਤ।

ਬਣਾਇਆ, ਫੂਲਕੇ ਰਾਜੇ ਤੇ ਮਹਾਰਾਜੇ ਹੋਰ ਜਗੀਰਦਾਰ, ਮਾਫੀਦਾਰ, ਆਦਿ ਆਪਦੇ ਵਰਾਂ ਨਾਲ ਹੋਏ ਸੇ ।

### ੧੦. ਇਸ਼੍ਟ ਗੁਰੂ—ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ—ਮੰਗਲ ।

ਬਾਲ ਬੈਸ ਬ੍ਰਿਧ ਗਯਾਨ ਮਹਿੰ ਸਮਰਥ ਸ੍ਰੀ ਗੁਰਦੇਵ ।
ਪਦ ਅਰਵਿੰਦਨਿ ਬੰਦਨਾ ਮੁਕਤਿ ਪਾਇ ਜਿਨ ਸੇਵ ॥ ੧੦ ॥

ਅਰਥ—ਸਮਰੱਥ ਸ੍ਰੀ ਗੁਰਦੇਵ (ਹਰਿ ਕ੍ਰਿਸ਼ਨ ਜੀ ਦੇ) ਚਰਨਾਂ ਕਮਲਾਂ ਪਰ ਮੇਰੀ ਨਮਸਕਾਰ ਹੈ ਜਿਨ੍ਹਾਂ ਦੀ ਸੇਵਾ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ (ਚਾਹੇ ਓਹ) ਉਮਰਾ ਵਿਚ ਬਾਲ ਹਨ (ਪਰ) ਗਯਾਨ ਵਿਚ ਬ੍ਰਿੱਧ ਹਨ ।

ਭਾਵ—ਬਾਲ ਅਵਸਥਾ ਵਿਚ ਬਾਲਿਕ ਅਚੇਤ ਤੇ ਨਿਰਬਲ ਹੁੰਦਾ ਹੈ ਨਾਲੇ ਆਪਣੇ ਸੇਵਕ ਨੂੰ ਸੁਤੰਤ੍ਰ ਕੁਛ ਦੇਣ ਤੋਂ ਅਸਮਰਥ ਹੁੰਦਾ ਹੈ ਪਰੰਤੂ ਬਾਲ ਉਮਰ ਸਰੂਪ ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰ ਅਵਤਾਰ ਹੋਣ ਕਰਕੇ ਬਾਲਕਪਨ ਦੀਆਂ ਤਿੰਨਾਂ ਹੀ ਕਮਜ਼ੋਰੀਆਂ ਤੋਂ ਰਹਿਤ ਹਨ । ਅਚੇਤਤਾ ਦੇ ਮੁਕਾਬਲੇ ਵਿਚ ਉਹ ਗਯਾਨ ਬ੍ਰਿਧ ਹਨ, ਨਿਰਬਲਤਾ ਦੇ ਮੁਕਾਬਲੇ ਵਿਚ ਉਹ ਪਰਮ ਸਮਰੱਥ ਹਨ ਤੇ ਆਪਣੇ ਸੇਵਕਾਂ ਨੂੰ ਸੁਤੰਤ੍ਰ ਹੀ ਮੁਕਤੀ ਵਰਗੇ ਦੁਰਲਭ ਪਦਾਰਥ ਦੇ ਦਾਤਾ ਹੋਣ ਕਰਕੇ ਸੁਤੰਤ੍ਰ ਦਾਤੇ ਹਨ ਤੇ ਸਫਲ ਸੇਵਯ ਹਨ, ਭਾਵ ਸਰੀਰਕ ਅਵਸਥਾ ਤੇ ਉਮਰਾ ਸਤਿਗੁਰੂ ਜਯੋਤੀ ਤੇ ਹਾਵੀ ਨਹੀਂ ਹਨ ।

### ੧੧ ਇਸ਼੍ਟ ਗੁਰੂ—ਸ੍ਰੀ ਗੁਰੂ ਤੇਗ ਬਹਾਦਰ ਜੀ—ਮੰਗਲ ।

ਹਿੰਦੂ ਧਰਮ ਤਰੁ ਮੂਲ ਕੋ ਰਾਖਯੋ ਧਰਨਿ ਮਝਾਰ ।
ਤੇਗ ਬਹਾਦੁਰ ਸਤਿਗੁਰੂ ਤ੍ਰਿਣ ਸਮਾਨ ਤਨ ਡਾਰਿ ॥ ੧੧ ॥

ਅਰਥ—(ਸ੍ਰੀ) ਸਤਿਗੁਰੂ ਤੇਗ ਬਹਾਦੁਰ ਜੀ ਨੇ ਤਿਣਕੇ ਵਤ (ਆਪਣੇ) ਸ਼ਰੀਰ ਨੂੰ ਤਜਿਕੇ ਹਿੰਦੂ ਧਰਮ (ਰੂਪੀ) ਬ੍ਰਿਛ ਦੀ ਜੜ੍ਹ ਨੂੰ (ਉਖੜਨੋ ਬਚਾਕੇ) ਧਰਤੀ ਵਿਚ ਰੱਖ ਲਿਆ (ਤਿਨ੍ਹਾਂ ਨੂੰ ਮੇਰੀ ਬੰਦਨਾਂ ਹੈ) ।

### ੧੨. ਇਸ਼੍ਟ ਗੁਰੂ—ਸ੍ਰੀ ਗੁਰੂ ਗੋਬਿੰਦ ਸਿੰਘ ਜੀ—ਮੰਗਲ ।

ਸਦਾ ਸੁਛੰਦ ਅਨੰਦਮਯ ਦਾਸਨਿ ਬ੍ਰਿੰਦ ਮੁਕੰਦ ।
ਸ੍ਰੀ ਗੁਰ ਗੋਵਿੰਦ ਸਿੰਘ ਜੀ ਬੰਦੋਂ ਜੁਗ ਕਰ ਬੰਦਿ ॥੧੨॥

ਅਰਥ—ਸਦਾ ਸੁਤੰਤਰ, ਅਨੰਦ ਸਰੂਪ (ਆਪਣੇ) ਸਾਰੇ ਦਾਸਾਂ ਨੂੰ ਮੁਕਤੀ ਦੇਣ ਵਾਲੇ ਸ੍ਰੀ ਗੁਰੂ ਗੋਵਿੰਦ ਸਿੰਘ ਜੀ ਨੂੰ ਦੋਵੇਂ ਹੱਥ ਜੋੜਕੇ ਨਮਸਕਾਰ ਕਰਦਾ ਹਾਂ ।

—o—

ਅਬਿ ਬਰਨੌਂ ਸਤਿਗੁਰੁ ਕਥਾ, ਰਾਸ਼ਿ ਇਕਾਦਸ਼ ਮਾਂਹਿ ।
ਤੇਗ ਬਹਾਦੁਰ ਜੀ ਜਥਾ ਸ਼ੁਭ ਚਰਿੱਤ੍ਰ ਕਿਯ ਆਹਿ॥੧੩॥

ਅਰਥ—ਹੁਣ ਮੈਂ ਗਯਾਰਵੀਂ ਰਾਸ ਵਿਖੇ ਸ੍ਰੀ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਦੀ ਕਥਾ, ਜਿਵੇਂ ਜਿਵੇਂ (ਉਨ੍ਹਾਂ ਨੇ) ਸ਼ੁਭ ਚਰਿੱਤ੍ਰ ਕੀਤੇ ਹਨ, ਵਰਣਨ ਕਰਦਾ ਹਾਂ:—

ਸੂਚਨਾ—ਯਾਰਵੀਂ ਰਾਸ ਦੇ ਗੁਰੂ ਮੰਗਲਾਂ ਵਿਚ ਹਰ ਦੂਸਰੇ ਦੋਹਰੇ ਵਿਚ ਤੇ ਦੋਹ ਬਾਈਂ ਹਰ ਦੋਹੇ ਵਿਚ ਨਮਸਕਾਰ ਕੀਤੀ ਹੈ। ਜਿਸ ਤੋਂ ਭਾਵ ਇਹ ਹੈ ਕਿ ਸਾਰੇ ਦੋਹਿਆਂ ਵਿਚ ਨਮਸਕਾਰ ਦਾ ਹੀ ਭਾਵ ਹੈ। ਜਿਵੇਂ ੩ ਵਿਚ ਨਹੀਂ ਪਰ ੪ ਵਿਚ ਨਮਸਕਾਰ ਲਿਖੀ ਹੈ, ੫ ਵਿਚ ਨਹੀਂ ਤੇ ਛੇ ਵਿਚ ਹੈ, ਸੱਤ ਤੇ ਅੱਠ ਵਿਚ ਨਮਸਕਾਰ ਲਿਖੀ ਹੈ ਨੌਂ ਵਿਚ ਨਹੀਂ ਤੇ ਦਸ ਵਿਚ ਹੈ, ਯਾਰਾਂ ਵਿਚ ਨਹੀਂ ਤੇ ਬਾਰਾਂ ਵਿਚ ਹੈ, ਇਹ ਪ੍ਰਕਰਣ ਦਾ ਰੌ ਦੱਸਦਾ ਹੈ ਕਿ ਸਾਰਿਆਂ ਵਿਚ ਨਮਸਕਾਰ ਦੀ ਸੰਭਾਵਨਾ ਹੈ।

[ਕਥਾ ਅਰੰਭ]

ਚੌਪਈ ॥ ਸੰਗਤਿ ਭੌਲਹਿ ਕਹੇ ਮਸੰਦ। ਨਹਿੰ ਪ੍ਰਾਪਤਿ ਸਤਿਗੁਰ ਸੁਖ-ਕੰਦ। ਕਿਸ ਢਿਗ ਅਪਨੀ ਬਿਨੈ ਸੁਨਾਵੈਂ। ਸਜਾਨੇ ਸਿੱਖ ਅਧਿਕ ਦੁਖ ਪਾਵੈਂ ॥੧੪॥ ਬੀਰ ਬਕਾਲੇ ਰੌਰ ਬਿਸਾਲਾ। ਉਤਰਹਿਂ ਆਨਿ ਸੰਗਤਾਂ ਜਾਲਾ। ਸੰਗ ਮਸੰਦ ਲਏ ਜਿਤ ਜਾਵੈਂ। ਬਿਨ ਅਨੰਦ ਸੋਢੀ ਪੁਜਵਾਵੈਂ[1] ॥੧੫॥ ਜਿਸ ਕੋ ਮੇਲ ਅਹੈ ਜਿਹ ਸਾਥ। ਤਹਿਂ ਲੇ ਜਾਇ ਸੁਨਾਵਹਿ ਗਾਥ। 'ਇਹ ਗੁਰ ਪੂਰਨ ਅਜ਼ਮਤ ਵੰਤਾ। ਪੂਰਹਿ ਕਾਮਨਾ ਜੋ ਚਿਤਵੰਤਾ॥੧੬॥ ਅਬਿ ਗਾਦੀ ਪਰ ਇਸ ਕੋ ਜਾਨਹੁ। ਹਾਥ ਜੋਰਿ ਧਨ ਦਿਹੁ ਸਨਮਾਨਹੁ। ਕਰਹੁ ਪ੍ਰਸੰਨ ਸੁ ਬਾਂਛਤਿ ਪਾਵਹੁ। ਨਿਸ ਦਿਨ ਮਨ ਮਹਿਂ ਚਰਨ ਮਨਾਵਹੁ' ॥੧੭॥ ਕਹੇ ਮਸੰਦਨਿ ਕੇ ਲਗਿ ਕਰਿ ਕੈ। ਅਰਪਹਿਂ ਬਸਤ੍ਰ ਧਨ ਗਨ ਧਰਿ ਕੈ। ਤਊ ਅਨੰਦ ਨ ਪ੍ਰਾਪਤਿ ਹੋਈ। ਪੂਰਹਿ ਨ ਮਨ ਕੀ ਕਾਮਨ ਕੋਈ ॥੧੮॥ ਦੇ ਕਰਿ, ਰਿਦੇ ਬਿਸੁਰਤਿ ਫੇਰਿ। ਦੂਸਰ ਕੋ ਪੂਜਤਿ ਨਰ[2], ਹੇਰਿ। ਆਪਸ ਮਹਿਂ ਸਿਖ ਮਿਲਿ ਮਿਲਿ ਕਹੈਂ। 'ਅਰਪਿ ਅਕੋਰ, ਨ ਨਿਰਨੈ ਲਹੈਂ[3]' ॥੧੯॥ '[4]ਕਹੇ ਮਸੰਦਨਿ ਕੇ ਹਮ ਦੇਤਿ। ਗੁਰੁ ਕੌਡੀ ਨਹਿਂ ਰਖਹਿਂ ਨਿਕੇਤ[4]। ਅਜ਼ਮਤ ਜੁਤਿ ਹਮ ਲਖਹਿਂ ਨ ਕੋਈ।ਕਬਹੂੰ ਨ ਕੀਨਸਿ ਕਾਮਨ ਹੋਈ[5]' ॥੨੦॥ ਇਮ ਸੋਢੀ ਸਭਿ ਆਇ ਬਕਾਲੇ। ਬੈਠੇ ਮੰਜੀ ਪਾਇ ਬਿਸਾਲੇ। ਸਿੱਖਨਿ ਕਹੁ ਬਿਰਮਾਵਨਿ ਕਰੈਂ। ਦਰਬ ਲੇਨਿ

---

[1]ਸੋਢੀ ਪੁਜਵਾਂਵਦੇ ਹਨ ਤੇ (ਸੰਗਤ) ਅਨੰਦ ਤੋਂ ਬਿਨਾ ਰਹਿੰਦੀ ਹੈ। [2]ਦੂਜੇ (ਸੋਢੀ) ਨੂੰ (ਫਰ) ਪੁਰਸ਼ ਪੂਜਣ ਲਗ ਪੈਂਦੇ ਹਨ। [3]ਭਾਵ ਨਿਸਚਾ ਨਹੀਂ ਹੁੰਦਾ ਕਿ ਗੁਰੂ ਕੌਣ ਹੈ। [4]ਅਸਾਂ ਗੁਰੂ (ਨਮਿਤ ਕੀਤੀ ਮਾਇਆ ਵਿਚੋਂ) ਕੋਡੀ ਬੀ ਧਨ ਨਹੀਂ ਰੱਖਣੀ ਇਸ ਕਰਕੇ ਮਸੰਦਾਂ ਦੇ ਆਖੇ ਦੇ ਦੇਂਦੇ ਹਾਂ। [5]ਕਦੀ ਕੋਈ ਕਾਮਨਾ (ਪੂਰੀ) ਨਹੀਂ ਹੋਈ।

ਕੀ ਆਗ੍ਯਾ ਧਰੈਂ ॥ ੨੧ ॥ 'ਦਾਸਨਿ ਕੀ ਸਹਾਇਤਾ ਕਾਲ। ਕੌਨ ਕਰਹਿ, ਬਨਿ ਹੈਂ ਤਬਿ ਸਨਾਲ[1]।ਗੁਰ ਕੇਹਰਿ ਬਿਨ ਕਿਮ ਬਨਿ ਆਵੈ।ਪਾਜ਼ ਸਾਂਗ ਕੌ ਲਗਿ ਨਿਬਹਾਵੈ ॥ ੨੨ ॥ ਜਿਮ ਨਟ ਚੱਕ੍ਰਵਰਤਿ ਬਨਿ ਜਾਇ। ਕੋ ਆਇਸੁ ਮਾਨਹਿੰ ਹਿਤ ਲਾਇ। ਸਤਿਗੁਰੁ ਬਿਨ, ਸੁਰ ਆਦਿਕ ਸਾਰੇ। ਕੋ ਆਗਯਾ ਮਾਨਹਿੰ ਅਨੁਸਾਰੇ ॥ ੨੩ ॥ ਦੋਹਰਾ ॥ ਤੇਗਬਹਾਦਰ ਧਰਮ ਧੁਜ[2] ਧੀਰਜ ਧਰਨਿ ਮਨਿੰਦ। ਗੋਪ ਰਹੈਂ ਕੁਛ ਕਹੈਂ ਨਹਿ ਮੁਖ ਪ੍ਰਸਿੰਨ ਅਰਬਿੰਦ ॥ ੨੪ ॥ ਚੌਪਈ ॥ ਅੰਤਰ ਬ੍ਰਿਤੀ ਅਨੰਦ ਸੋ ਮਾਤੇ।ਕਿਸਹੂੰ ਨਹਿੰ ਕਿਸ ਹੀ ਬਿਧਿ ਜਾਤੇ। ਕਬਿ ਕਬਿ ਤੁਰੰਗ ਅਰੂਢਿ ਸਿਧਾਵੈਂ। ਤਬਿ ਕੋਈ ਸਿਖ ਦਰਸ਼ਨ ਪਾਵੈ ॥ ੨੫ ॥ ਨਹਿੰ ਮਹਿਮਾ ਜਾਨੈਂ ਮਨ ਮਾਂਹੀ। ਸਭਿ ਸੋਢੀਨਿ ਸਮਾਨ ਲਖਾਂਹੀ। ਸਦਾ ਇਕੰਤ ਗੁਰੂ ਭਗਵੰਤ। ਨਹੀਂ ਲਖਾਵਹਿੰ ਅਪਨਿ ਮਤੰਤ ॥ ੨੬ ॥ "ਧੀਰਮੱਲ ਕੇ ਬਡ ਬਿਸਤਾਰਾ। ਗੋਪ ਗੁਰੂ ਇਤ ਧੀਰ ਮਝਾਰਾ[3]। ਕਿਤਿਕ ਕਾਲ ਇਮ ਜਬਹੁੰ ਬਿਤਾਯਹੁ। ਸਿੱਖਨਿ ਗਨ ਜਹਿ ਕਹਿ ਛਹਿਕਾਯਹੁ[4] ॥ ੨੭ ॥ ਮਾਤ ਨਾਨਕੀ ਗੁਰ ਕੀ ਹੁਤੀ। ਸਭਿ ਬਿਧਿ ਮਹਿ ਸੋ ਨੀਕੀ ਮਤੀ। ਬਹੁਤ ਬ੍ਰਿਤਾਂਤ ਗੁਰੂਨਿ ਕੋ ਹੇਰਾ। ਦੀਰਘ ਦਰਸਾ ਸੁਜਸੁ ਬਡੇਰਾ ॥ ੨੮ ॥ ਸ੍ਰੀ ਗੁਰੂ ਹਰਿਗੋਵਿੰਦ ਕੀ ਦਾਰਾ। ਜਾਨਤਿ ਆਸ਼ੈ ਜਥਾ ਉਦਾਰਾ। ਖਿਮਾ ਆਦਿ ਗੁਨ ਗਨ ਕੋ ਭਵਨੂ।ਨਿਤ ਪ੍ਰਸੰਨ ਅੰਤਰ ਬ੍ਰਿਤਿ ਰਵਨੂ ॥੨੯॥ ਲੱਛਨ ਹੋਤਿ ਗੁਰੂਨਿ ਕੇ ਜੈਸੇ।ਸਰਬ ਪ੍ਰਕਾਰ ਜਾਨਤੀ ਤੈਸੇ। ਪਾਤ[5] ਪੌਤ੍ਰ[6] ਪਰਪੌਤ੍ਰ[7] ਹੋਇ। ਜਿਮ ਗੁਰਤਾ ਗਾਦੀ ਪਰ ਜੋਇ ॥੩੦॥ ਸੋ ਨਿਜ ਸੁਤ ਮਹਿੰ ਦੇਖਤਿ ਸਾਰੇ।–ਬਿਦਤਹਿ ਨਹਿ–ਇਮ ਬਹੁਤ ਬਿਚਾਰੈ[8]। ਸ੍ਰੀ ਗੁਰੁ ਹਰਿਗੁਵਿੰਦ ਪਤਿ ਕੇਰਾ। ਪ੍ਰਥਮ ਸੁਨਯੋਂ ਬਚ ਕਹਯੋ ਬਡੇਰਾ ॥ ੩੧ ॥ 'ਤੁਵ ਸੁਤ ਹੋਹਿ ਗੁਰੂ ਜਗ ਭਾਰੀ। ਜਿਸ ਕੇ ਸੁਤ ਜਨਮਹਿ ਜਸੁ ਕਾਰੀ'। ਸਿਮਰ ਸਿਮਰਿ ਇਮ ਮਾਤਾ ਮਨ ਮੈਂ। ਚਿੰਤਾ ਬਸੀ ਹੋਤਿ ਨਿਸ ਦਿਨ ਮੈਂ ॥ ੩੨ ॥ ਸਿਖ ਸੰਗਤਿ ਸੰਸੇ ਮਹਿ ਡੋਲਤਿ।ਥਿਰਤਾ ਲਹੈ ਨ ਕੋ ਕੁਛ ਬੋਲਤਿ।ਬਹੁ ਬਿਚਾਰ ਕਰਿ ਇਕ ਦਿਨ

---

[1]ਸੇਵਕਾਂ ਦੀ ਸਹਾਇਤਾ ਵੇਲੇ ਗਿੱਦੜ ਬਨ ਜਾਂਦੇ ਹਨ, (ਸਹਾਇਤਾ ਗੁਰੂ ਬਿਨਾ) ਕੌਣ ਕਰੇ । [2]ਧਰਮ ਹੀ ਜਿਸਦਾ ਝੰਡਾ ਹੈ, ਭਾਵ ਧਰਮ ਰੱਖ੍ਯਕ। [3]ਧੀਰਮਲ ਨੇ ਬੜਾ ਪਸਾਰਾ ਕਰ ਰਖਿਆ ਹੈ,ਇਧਰ ਜੋ ਗੁਰੂ ਹੈ ਸੋ ਗੁਪਤ ਹੈ ਤੇ ਧੀਰਜ ਵਿੱਚ(ਇਸਥਿਤ)ਹੈ। [4]ਸਿੱਖ ਸਮੂਹ ਠਗੇ। [5]ਸ੍ਰੀ ਗੁਰੂ ਹਰਿਗੋਵਿੰਦ ਜੀ। [6]ਸ੍ਰੀ ਗੁਰੂ ਹਰਿਰਾਇ ਜੀ। [7]ਸ੍ਰੀ ਗੁਰੂ ਹਰਿਕ੍ਰਿਸ਼ਨ ਜੀ। [8]ਪ੍ਰਗਟਦੇ ਨਹੀਂ ਇਸਤਰ੍ਹਾਂ ਬਹੁਤ ਵਿਚਾਰਦੀ ਹੈ ।

ਮਾਤਾ। ਗਈ ਸਪੁੱਤ੍ਰ ਨਿਕਟਿ ਸੁਖ ਰਾਤਾ ॥੩੩॥ ਬੈਠਿ ਸਮੀਪ ਮਾਧੁਰੀ
ਬਾਨੀ। ਕਹਿ ਸਮੁਝਾਵਹਿ ਸੁਮਤਿ ਮਹਾਨੀ। 'ਹੇ ਸੁਤ! ਤੁਮ ਜਗ ਗੁਰੁ
ਅਵਤਾਰਾ।ਮੈਂ ਜਾਨਤਿ ਨੀਕੇ ਨਿਰਧਾਰਾ॥੩੪॥ਸਮ ਸੂਰਜ ਤੁਮ ਦਰਸ਼ਨ
ਬਿਨਾ। ਸਭਿ ਮਹਿਂ ਮੈਸੈ ਤਮ ਭਾ ਘਨਾ। ਨਹਿਂ ਪ੍ਰਕਾਸ਼ ਨਿਸ਼ਚੈ ਕੋ
ਪਾਵੈ¹।ਉਡ ਸ਼ਰੀਕ ਤੁਮਰੇ ਦਿਪਤਾਵੈਂ॥੩੫॥ਧੀਰਮੱਲ ਅਬਿ ਚੰਦ ਮਨਿੰਦ।
ਅਪਨੋ ਕਰਤਿ ਪ੍ਰਕਾਸ਼ ਬਿਲੰਦ। ਨਹਿਂ ਬਿਕਸਤਿ ਹੈਂ ਸਿਖ ਅਰਬਿੰਦ।
ਜਿਨ ਮੈਂ ਸ਼ਾਂਤੀ ਸੁਖ ਮਕਰੰਦ²॥੩੬॥ਸੰਗ ਸੰਗਤਾਂ ਤਿਨ ਕੇ ਬ੍ਰਿੰਦ।ਕਿਮ
ਸੁਖ ਪਾਇਂ ਮਨਿੰਦ ਮਲਿੰਦ। ਚਕਵੇ ਸੰਤ ਬਿਰਹ ਤੇ ਦੁਖੀ। ਬਿਨ ਤੁਮ
ਦੇਖੇ ਹੋਹਿਂ ਨ ਸੁਖੀ ॥੩੭॥ ਰਜਨੀ ਪਰੀ ਦੁਰਨਤਾ ਤੋਹਿ³। ਸਿੱਖੀ ਮਗ
ਕਿਮ ਚਾਲਬੋ ਹੋਹਿ। ਗੁਰਤਾ ਗਾਦੀ ਸਜੈਦਨ ਮਹਾਂ।ਸੂਰਜ ਆਪ ਅਰੂਢਹੁ
ਤਹਾਂ ॥ ੩੮ ॥ ਪਾਇ ਪ੍ਰਕਾਸ਼ ਆਪ ਕੋ ਭਲੇ। ਸੰਗਤਿ ਸਭਿ ਸਿੱਖੀ
ਮਗ ਚਲੇ। ਕਿਮ ਤੁਮ ਕਹੁ ਐਸੇ ਬਨਿ ਆਇ। ਲਾਖੋਂ ਨਰਨਿ ਅਲੰਬ
ਸਦਾਇ' ॥੩੯॥ ਸੁਨਿ ਜਨਨੀ ਕੇ ਬੈਨ ਸੁਹਾਏ। ਬੰਦਨ ਕੀਨਸਿ ਗ੍ਰੀਵ
ਨਿਵਾਏ । ਨਹਿਂ ਕੋ ਉੱਤਰ ਕੈਸੇ ਦੀਨਸਿ। ਅੰਤਰ ਬ੍ਰਿਤੀ ਏਕਰਸ
ਲੀਨਸਿ॥੪੦॥ਜਾਨਿ ਨਾਨਕੀ ਸੁਤ ਕੇ ਮਨ ਕੀ। ਨਹੀਂ ਕਾਮਨਾ ਜਿਨ
ਪ੍ਰਗਟਨਿ ਕੀ। ਰਿਦੇ ਅਨੇਕ ਬਿਚਾਰ ਬਿਚਾਰਤਿ। ਗੁਰੁ ਬਨਿ ਬੈਠਹਿਂ
ਤਿਮ⁴ ਉਰ ਧਾਰਤਿ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਏਕਾਦਸ਼ ਰਾਸੇ 'ਮਾਤ ਸਮਝਾਵਨਿ' ਪ੍ਰਸੰਗ
ਬਰਨਨ ਨਾਮ ਪ੍ਰਥਮੋ ਅੰਸੂ ॥ ੧ ॥

੨. [ਭਾਈ ਗੜ੍ਹੀਆ ਤੇ ਦੁਆਰਕਾ ਦਾਸ ਬਕਾਲੇ ਆਏ]।

ਦੋਹਰਾ ॥ ਨਿਜ ਨੰਦਨ ਕੋ ਗੁਰੁ ਹਿਤ ਕਰਤਿ ਅਨੇਕ ਉਪਾਇ⁵। ਚਿਤ
ਮਹਿ ਮਤਿ ਠਹਿਰਾਇ ਕਰਿ ਉੱਦਮ ਤੇ ਸੁਖ ਪਾਇ⁶ ॥ ੧ ॥ ਚੌਪਈ ॥
ਪੂਰਬ ਕੇ ਬਿਵਹਾਰ ਵਿਥਾਰਾ⁷। ਇਕ ਸਿਖ ਕੋ ਨਿਜ ਨਿਕਟਿ ਹਕਾਰਾ।
ਕਹਿ ਤਿਸ ਤੇ ਪੱਤ੍ਰੀ ਲਿਖਵਾਈ। ਸ੍ਰੀ ਗੁਰੁ ਅਮਰ ਅੰਸ ਬੁਲਵਾਈ ॥੨॥
ਗੜ੍ਹੀਆ ਸਿੱਖ ਰਹੈ ਤਿਸ ਥਾਨ। ਤਿਸ ਢਿਗ ਪਠੀ ਪੱਤ੍ਰਿਕਾ ਜਾਨਿ।—ਸੋ

---

¹ਨਿਸ਼ਚਾ ਰੂਪੀ ਪ੍ਰਕਾਸ਼ ਨਹੀਂ ਕੋਈ ਪਾਂਵਦਾ। ²ਸ਼ਾਂਤੀ ਸੁਖ ਰੂਪ ਰਸ। ³ਆਪਦੇ ਛਿਪਣੇ ਕਰਕੇ। ⁴(ਜਿਵੇਂ) ਗੁਰੂ ਬਣ ਕੇ ਬੈਠਣ ਤਿਵੇਂ। ⁵(ਗੁਰਿਆਈ ਵਿਦਤ ਕਰਨ ਲਈ) ਆਪਣੇ ਪੁੱਤ੍ਰ ਨੂੰ (ਸਮਝਾਵਨ) ਵਾਸਤੇ ਅਨੇਕ ਜਤਨ ਕਰਦੀ ਹੈ। ⁶ਚਿਤ ਵਿਚ (ਇਹ) ਸੁਮੱਤੀ ਨਿਸ਼ਚੇ ਕੀਤੀ ਕਿ ਸੁਖ ਦੀ ਪ੍ਰਾਪਤੀ ਉੱਦਮ ਨਾਲ ਹੀ ਹੋਇਆ ਕਰਦੀ ਹੈ। ⁷ਭਾਵ ਛੇਵੇਂ ਪਾਤਸ਼ਾਹ ਦਾ ਪੂਰਬ ਰੂਪ ਵਰਤਕ।

ਜੋ ਆਇ ਕਹੈ ਮਮ ਨੰਦ[1] । ਸਮਝਾਵਹਿ ਹਿਤ ਬਾਕ ਬਿਲੰਦ ॥ ੩ ॥
ਮਾਨਹਿ ਕਹਯੋ[2], ਪ੍ਰਗਟ ਜਗ ਹੋਇ।ਦਰਸ਼ਨ ਕਰਹਿ ਆਨਿ ਸਭਿ ਕੋਇ—।
ਗਮਨਯੋ ਸਿਖ ਲੇ ਗੋਇੰਦਵਾਲ । ਉਲੰਘਯੋ ਮਾਰਗ ਸਗਰੋ ਚਾਲਿ ॥ ੪ ॥
ਸ੍ਰੀ ਗੁਰ ਅਮਰਦਾਸ ਕੋ ਅੰਸ਼ । ਜਾਇ ਬਿਲੋਕੇ ਜਨ ਸ਼ੁਭ ਹੰਸ। ਮਸਤਕ
ਟੇਕਿ ਪੱਤ੍ਰਿਕਾ ਦਈ । ਭਨੀ ਬਾਰਤਾ ਜੈਸੇ ਭਈ ॥ ੫ ॥ ਸਭਿ ਮਹਿੰ ਮੁੱਖਜ
ਦ੍ਵਾਰਕਾ ਦਾਸ । ਲੀਨਿ ਪੱਤ੍ਰਿਕਾ:—'ਹਮਰੇ ਪਾਸ।ਲਿਖਯੋ ਸ ਤੇਗਬਹਾਦਰ
ਮਾਤਾ[3] ।—ਤੁਮ ਉਪਕਾਰੀ ਸਭਿ ਸੁਖ ਦਾਤਾ ॥ ੬ ॥ ਮਾਨਨੀਯ ਜਗ ਕੇ
ਗੁਨਖਾਨੀ । ਉੱਜਲ ਮਸਤਕ ਸ਼ੁਭ ਬਰ ਬਾਨੀ । ਠਟਹੁ ਮਿਜਾਦ ਗੁਰੂ
ਘਰ ਕੇਰੀ । ਕਰਯੋ ਤੁਮਾਰੋ ਹੋਇ ਨ ਫੇਰੀ ॥ ੭ ॥ ਸਭਿਹਿਨਿ ਕੇ ਮਹਾਨ
ਇਸ ਥਾਨ । ਬਡੇ ਗੁਰੂ ਕੇ ਅੰਸ਼ ਸੁਜਾਨਿ । ਅਬਿ ਸੋਢੀ ਕੁਲ ਮਹਿਂ ਬਡ
ਰੌਰਾ । ਤੁਮਹਿਂ ਬਨਹਿਂ ਆਵਨਿ ਇਸ ਠੌਰਾ ॥ ੮ ॥ ਉਚਿਤ ਬਾਰਤਾ ਇਨ
ਮਹੁਂ ਕੀਜਹਿ । ਗੁਰਤਾ ਗਾਦੀ ਸੂੰਨ ਪਿਖੀਜਹਿ । ਮਨਿ ਸੰਗਤਿ ਕੇ ਸੰਸੈ
ਮਹਾਂ । ਭ੍ਰਮਤਿ ਇਤਹਿ ਉਤਿ ਲਾਖਹੁਂ ਇਹਾਂ ॥ ੯ ॥ ਬਿਨ ਮਲਾਹੁ ਜਿਮ
ਤਰੀ ਭ੍ਰਮੰਤੀ । ਨ੍ਰਿਪਤ ਦੂਰੇ, ਨਹਿਂ ਚਮੂੰ ਥਿਰੰਤੀ । ਤਥਾ ਸੰਗਤੀ
ਬਹੁ ਅਕੁਲਾਈ । ਕਰਿ ਡੇਰੇ ਉਤਰੀ ਸਮੁਦਾਈ ॥ ੧੦ ॥ 'ਨਿਰਨੈ ਗੁਰੂ
ਹੋਹਿ' ਇਮ ਚਾਹੈਂ । ਹਿਤ ਦਰਸ਼ਨ ਕੇ ਰਿਦੈ ਉਮਾਹੈਂ । ਮਮ ਸੁਤ ਨਹਿਂ
ਨਿਕਸਹਿ, ਰਹਿ ਘਰੇ । ਨਹਿਨ ਜਨਾਇ ਅਪਨਿਪੌ ਕਰੇ[4] ॥੧੧॥ ਆਪ*
ਆਇ ਕਰਿ ਸਕਲ ਨਿਹਾਰਹੁ । ਰਿਦੈ ਅਨੁਚਿਤੈ ਉਚਿਤ ਬਿਚਾਰਹੁ ।
ਕਰਹੁ ਸਥਾਪਨਿ ਮਿਟਿ ਹੈ ਰੌਰਾ।ਪਰਖਹੁ ਨਿਜ ਹੌਰਾ ਅਰੁ ਗੌਰਾ—'॥੧੨॥
ਪਠਤਿ ਦ੍ਵਾਰਕਾਦਾਸ ਹੁਲਾਸੇ । ਹਿਤ ਚਲਿਬੇ ਕਹੁ ਬਾਕ ਬਿਲਾਸੇ।ਭਾਈ
ਗੜ੍ਹੀਆ ਸਿੱਖ ਪੁਰਾਤਨ । ਜਾਨਤਿ ਗੁਰੁ ਘਰ† ਕੀ ਸਭਿ ਬਾਤਨਿ ॥੧੩॥
ਤਿਹ ਕੋ ਲੇ ਕਰਿ ਸੰਗ ਸਿਧਾਏ । ਅਪਰ ਭ੍ਰਾਤ ਭ੍ਰਿਤ[5] ਲੈ ਸਮੁਦਾਏ ।
ਜਾਇ ਪਹੂਚੇ ਨਿਕਟਿ ਬਕਾਲੇ । ਗ੍ਰਾਮ ਪ੍ਰਵੇਸ਼ਨਿ ਪਗ ਨਹਿਂ ਚਾਲੇ[6]॥੧੪॥
ਖਰੇ ਬਿਚਾਰਤਿ ਚਿਤ ਉਪਜਾਵੈਂ ।—ਜੇ ਘਰ ਤੇਗਬਹਾਦਰ ਜਾਵੈਂ ।

---

[1]ਮੇਰੇ ਪੁੱਤ੍ਰ ਨੂੰ। [2]ਕਿਹਾ ਮੰਨ ਜਾਵੇਗਾ। [3]ਸਾਡੇ ਵੱਲ ਲਿਖਿਆ ਹੈ ਸ੍ਰੀ ਤੇਗ ਬਹਾਦਰ ਜੀ ਦੀ ਮਾਤਾ ਨੇ। [4]ਆਪਣਾ ਆਪ ਜਣਾਉਂਦਾ ਨਹੀਂ ਕਰਦਾ। [5]ਦਾਸ। [6]ਪਿੰਡ ਵਿਚ ਵੜਨ ਨੂੰ ਕਦਮ ਨਹੀਂ ਚੱਲਦਾ।

*ਪਾ:—ਆਇ। †ਪਾ:—ਰਿਦ।

ਧੀਰਮੱਲ ਮਾਨੀ ਅਨਖੀ ਹੈ¹ । ਅਪਨਿ ਆਪ ਜੋ ਬਡਾ ਕਹੈ ਹੈ ॥੧੫॥ ਜੇ ਕਹਿ ਧੀਰਮੱਲ ਕੇ ਜਾਇੰ । ਬਿਨਾ ਜੋਗਤਾ ਇਹ ਲਖਿ ਪਾਇ । ਹਮ ਕੋ ਦੋਨਹੁ ਸਦਨ ਸਮਾਨ—ਬੈਠਿ ਰਹੇ ਇਮ ਗਿਨਤੀ ਠਾਨਿ ॥੧੬॥ ਕੇਤਿਕ ਕਾਲ ਬਿਤਾਇ ਤਹਾਂ ਸ । ਬੋਲਯੋ ਤਬਹਿ ਦ੍ਵਾਰਕਾ ਦਾਸੁ ।ਤੋ ਗੜ੍ਹੀਆ ! ਤੂੰ ਸਿੱਖ ਪੁਰਾਨੋ । ਅਧਿਕ ਚਰਿੱਤ੍ਰ ਗੁਰੂਨਿ ਕੋ ਜਾਨੋ ॥ ੧੭ ॥ ਕਿਸੂ ਵਸਤੁ ਕੀ ਚਿੰਤਾ ਨ ਕਰੀਅਹਿ । ਜਪੁ ਮਹਿੰ ਲਿਖਯੋ ਸੁ ਰਿਦੈ ਬਿਚਰੀਅਹਿ । —ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ—॥ ॥ ੧੮ ॥ ਤੇਗ ਬਹਾਦਰ ਗੁਰੁ ਹੈ ਸਾਚੋ । ਕੌਨ ਹਟਾਇ ਸਕਹਿ ਤਿਹ ਕਾਚੋ । ਜਿਸ ਤੇ ਥਾਪਯੋ ਜਾਇ ਨ ਸੋਇ । ਆਪੇ ਆਪ ਕਰੈ ਸੋ ਹੋਇ ॥੧੯॥ ਤਜਿ ਚਿੰਤਾ ਤਿਨ ਕੇ ਘਰ ਚਲੀਅਹਿ।ਪੁਰਬ ਪਹੁੰਚਿ ਨਾਨਕੀ ਮਿਲੀਅਹਿ' । ਏਵ ਪਰਸਪਰ ਮਤ ਕੋ ਕਰਿ ਕੈ । ਗ੍ਰਾਮ ਪ੍ਰਵੇਸ਼ੇ ਹਰਖ ਸੁ ਧਰਿ ਕੈ ॥੨੦॥ ਸ੍ਰੀ ਗੁਰੁ ਤੇਗ ਬਹਾਦਰ ਘਰੇ । ਜਾਇ ਨਾਨਕੀ ਦਰਸ਼ਨ ਕਰੇ । ਸ੍ਰੀ ਗੁਰੁ ਅਮਰ ਅੰਸ ਕੋ ਜਾਨੇ । ਦੇਖਤਿ ਉਠੀ ਬੰਦਨਾ ਠਾਨੇ ॥ ੨੧ ॥ ਭ੍ਰਾਈ ਗੜ੍ਹੀਏ ਬੰਦਨ ਕੀਨਿ । ਗੁਰੁਸਿਖ ਕੋ ਆਸ਼ਿਖ ਬਹੁ ਦੀਨਿ । ਸਾਦਰ ਬੈਠਿ ਕਹੇ ਹਰਖਾਇ । ਕੁਸ਼ਲ ਪ੍ਰਸ਼ਨ ਕਰਿ ਕਰਿ ਬਹੁ ਭਾਇ ॥ ੨੨ ॥ ਗੜ੍ਹੀਏ ਕੀਨਸਿ ਬਾਕ ਬਿਲਾਸੁ । 'ਜੇ ਗੁਰ ਪ੍ਰਗਟਹਿਂ ਤੁਮਹੁ ਅਵਾਸ।ਸਤਿਸੰਗਤਿ ਧਨ ਕੇਤਿਕ ਦਿਹੋ²? । ਕਰਹੁ ਅਚਾਵਨਿ ਮਾਤਾ! ਕਹੋ*' ॥੨੩॥ ਜਨਨੀ ਕੋ ਸੁਨਿ ਮਨ ਹਰਖਾਨਾ । ਦਸ ਹਜ਼ਾਰ ਦੇਵਨਿ ਕੋ ਮਾਨਾ । ਗੜ੍ਹੀਏ ਧਾਰਿ ਅਨੰਦ ਬਿਲੰਦ । ਕਰਿ ਅਰਦਾਸ ਹਾਥ ਦ੍ਵੈ ਬੰਦਿ ॥ ੨੪ ॥ ਕਥਿ ਗੁਰੁ ਅੰਸ਼

---

¹ਰੋਸਾ ਕਰੇਗਾ । ²ਸਾਧ ਸੰਗਤਿ ਨੂੰ ਧਨ ਕਿਤਨਾ ਦਿਓਗੇ ?

*ਗੜੀਆ ਜੀ ਗਜ਼ਾਤਗੇਜ ਸਿੱਖ ਹਨ, ਮਾਤਾ ਜੀ ਨੂੰ ਲਾਡ ਨਾਲ ਬਿਲਾਸ ਦੇ ਬਚਨ ਕਹਿ ਰਹੇ ਹਨ ਕਿ ਜੇ ਅਸੀਂ ਗੁਰੂ ਜੀ ਨੂੰ ਪ੍ਰਗਟ ਹੋਣਾ ਮਨਾ ਲਈਏ ਤਾਂ ਸਾਧ ਸੰਗਤਿ ਨੂੰ ਕਿੰਨਾ ਧਨ ਦਿਓਗੇ ਤੇ ਮੈਨੂੰ ਕੀਹ ਖੁਆਓਗੇ। ਗੜ੍ਹੀਆ ਜੀ ਕੋਈ ਲਾਲਚ ਨਹੀਂ ਕਰ ਰਹੇ, ਕਿਉਂਕਿ ਉਨ੍ਹਾਂ ਨੇ ਧਨ ਆਦਿ ਕੁਛ ਨਹੀਂ ਲਿਆ ਤੇ ਜੋ ਮੰਗਿਆ ਹੈ ਉਹ ਬੀ ਸਾਧ ਸੰਗਤਿ ਲਈ, ਆਪਣੇ ਲਈ ਨਹੀਂ, ਪਰ ਮਾਤਾ ਜੀ ਨੇ ਝੱਟ ਕਿਹਾ ਹੈ ਕਿ ਦਸ ਹਜ਼ਾਰ ਦੇਸਾਂ । ਅਰਦਾਸ ਜਿਵੇਂ ਕਰਦਿਆਂ ਵਿਚ ਦੋ ਕੌਡੀਆਂ ਯਾ ਦੋ ਪੈਸੇ ਹੱਥ ਵਿੱਚ ਲਈਏ ਹਨ ਤਿਵੇਂ ਮਾਤਾ ਜੀ ਨੇ ਇਹ ਰਕਮ ਅਰਦਾਸ ਦੀ ਆਖੀ ਹੈ, ਇਹ ਉਨ੍ਹਾਂ ਦੀ ਸੰਗਤਿ ਵਿੱਚ ਸ਼ਰਧਾ ਤੇ ਗੁਰ-ਸਿੱਖ ਦੇ ਬਚਨ ਪੂਰ ਭਾਵਨਾ ਦੱਸਦੀ ਹੈ।

ਦ੍ਵਾਰਕਾ ਦਾਸ । ਕੁੰਕਮ ਨਾਲੀਏਰ ਲੈ ਪਾਸਿ । ਗੁਰੁਮੁਖ ਗਾੜ੍ਹੀਆ ਨਿਜ ਸੰਗ ਲੀਨਿ ।.ਗਮਨੇ ਸ੍ਰੀ ਗੁਰੂ ਜਹਾਂ ਅਸੀਨ ॥ ੨੫ ॥ ਪਿਖਿ ਗਰ ਅਮਰ ਅੰਸ਼ ਹਰਖਾਏ । ਖਰੇ ਹੋਇ ਮਿਲਿ ਕੰਠ ਲਗਾਏ।ਸਭਿ ਗ੍ਰਿਹ ਕੁਸ਼ਲ ਬੂਝਿ ਬੈਠਾਏ । ਆਦਰ ਕਰਿ ਬਚ ਮਧੁਰ ਸਹਾਏ ॥੨੬॥ ਪਿਖਤਿ ਦ੍ਵਾਰਕਾਦਾਸ ਅਨੰਦੇ । ਉਸਤਤਿ ਕੀਨਸਿ ਗੁਰੂ ਬਿਲੰਦੇ । 'ਤੁਮ ਜਗ ਤਾਰਨ ਕਾਰਨ ਆਏ । ਛਪ ਕੇ ਬੈਠਨਿ ਕਿਮ ਇਹ ਭਾਏ* ॥ ੨੭ ॥ ਅਬਹਿ ਸਿੰਘਾਸਨਿ ਸਜਹੁ ਬਿਸਾਲ । ਦੇਹੁ ਦਰਸ ਜਗ ਕਰਹੁ ਨਿਹਾਲ' । ਇਤ੍ਯਾਦਿਕ ਕਹਿ ਬਿਨੈ ਬਡੇਰੀ । ਕੁੰਕਮ ਤਿਲਕ ਕਰ੍ਯੋ ਤਿਸ ਬੇਰੀ ॥ ੨੮ ॥ ਪੂਜਾ ਭੇਟ ਨਾਲੀਅਰ ਧਰ੍ਯੋ । ਪੁਨ ਸਤਿਗੁਰੂ ਕੁਛ ਨਹੀਂ ਉਚਰ੍ਯੋ । ਕਿਤਿਕ ਸਿੱਖ ਐਸੀ ਬਿਧਿ ਹੇਰੀ । ਪਰੇ ਚਰਨ ਧਰਿ ਭੇਟ ਘਨੇਰੀ ॥ ੨੯ ॥ ਮਾਤ ਨਾਨਕੀ ਭਈ ਅਨੰਦ । ਜਾਚਕ ਦੈ ਕਰਿ ਦਰਬ ਬਿਲੰਦ[1] । ਬਾਰਿ ਬਾਰਿ ਜਾਵਤਿ ਬਲਿਹਾਰੇ । ਸੁਤ ਸ਼ੋਭਾ ਕੋ ਅਧਿਕ ਨਿਹਾਰੇ ॥ ੩੦ ॥ ਪ੍ਰੇਮੀ ਸਿਖ ਸ਼ਰਧਾ ਜਿਨ ਆਈ।ਕੇਤਿਕ ਆਵਤਿ ਗੁਰੁ ਸ਼ਰਨਾਈ।ਧਨੀ ਮਸੰਦ ਮਹਾਂ ਅਭਿਮਾਨੀ । ਨਹਿ ਮਾਨੀ ਮਹਿਮਾਂ ਅੱਗ੍ਯਾਨੀ ॥੩੧ ॥ ਘਾਤੇ ਦੇਸ਼ ਬਿਦੇ-ਸ਼ਨਿ ਸੰਗਤਿ । ਲਹੀ ਨ ਗੁਰੂ ਪ੍ਰੇਮ ਕੀ ਰੰਗਤ । ਸਕਲ ਮਸੰਦਨਿ ਦਿਸ਼ਾ ਨਿਹਾਰੈਂ ।–ਜਿਸ ਦਿਸ਼ਿ ਹੁਇ ਇਹ ਸੁਜਸੁ ਉਚਾਰੈਂ॥੩੨॥ਸੋ ਗੁਰੁ ਹੋਵਤਿ ਹਮ ਤਿਹ ਮਾਨੈਂ । ਅਰਪਨਿ ਸਰਬ ਉਪਾਇਨ ਠਾਨੈਂ–। ਗ੍ਰਾਮ ਬਕਾਲੇ ਕੇ ਚਹੁੰ ਫੇਰੇ । ਜਹਿਂ ਕਹਿਂ ਪਰੇ ਸੰਗਤਾਂ ਡੇਰੇ ॥ ੩੩ ॥ ਜੋ ਜੋ ਜਿਸ ਜਿਸ ਦੇਸ਼ ਮਸੰਦ।ਸੰਗਤਿ ਤਹਿਂ ਤਹਿਂ ਤਿਸਹਿ ਮਿਲੰਦ[2]।ਪਰਖਹਿਂ ਗੁਰੂ ਨਮਿਤ ਸਭਿ ਮਾਂਹੀ[3] । ਭਰਮਤਿ ਭੁਲੇ ਭਟਕਾਂ ਖਾਂਹੀ ॥ ੩੪ ॥ ਕੇਤਿਕ ਦਿਵਸ ਦ੍ਵਾਰਕਾ ਦਾਸ । ਬਸਤਿ ਭਯੋ ਸ਼੍ਰੀ ਸਤਿਗੁਰ ਪਾਸ । ਬੋਲਹਿਂ ਕਬਿ ਕਬਿ ਤਿਸ ਕੇ ਸਾਥ । ਸਾਰ ਅਸਾਰ ਸੁਨਾਵਹਿਂ ਨਾਥ ॥ ੩੫ ॥ ਨਾਂਹਿ ਤ ਮੋਨ ਰਹਹਿਂ ਗੁਰੁ ਸਦਾ । ਪ੍ਰੇਮ ਬਿਰਾਗ ਕਥਹਿਂ ਜਦ ਕਦਾ । ਬ੍ਰਹਮਗ੍ਯਾਨ ਕੇ ਤਰਨਿ[4] ਸੁਹਾਇ । ਭਗਤਿ ਕਿਰਨ ਜਿਸ ਪਰ ਪਰਿ ਜਾਇ[5] ॥ ੩੬ ॥ ਭਰਮ ਤਿਮਰ ਕੋ ਤੁਰਤ ਬਿਨਾਸਹਿ । ਪ੍ਰਭੁ ਕੋ ਪ੍ਰੇਮ ਸੁ ਰਿਦੈ ਪ੍ਰਕਾਸ਼ਹਿ ।

---

[1]ਭਾਵ ਮੰਗਤਿਆਂ ਨੂੰ ਧਨ ਦੇਂਦਿਆ । [2]ਮਿਲਦੀ ਹੈ । [3]ਗੁਰੂ ਲਈ ਸਾਰ ( ਸੋਟੀਆਂ) ਵਿਚ ਪ੍ਰੀਖਿਆ ਕਰਦੇ ਫਿਰਦੇ ਹਨ । [4]ਸੂਰਜ । [5]ਜਿਸ ਤੇ ਪੈ ਜਾਵੇ । *ਪਾ:–ਭਾਏ ।

ਸ੍ਰੀ ਗੁਰੁ ਦਰਬ ਬ੍ਰਿੰਦ ਕੋ ਲੈ ਕੈ । ਸਰਬ ਦ੍ਵਾਰਕਾ ਦਾਸਹਿਂ ਦੈ ਕੈ* ॥੨੮॥ ਸਾਦਰ ਬਿਦਾ ਕਰਯੋ, ਘਰ ਗਯੋ । ਗੜ੍ਹੀਆ ਗੁਰੁ ਢਿਗ ਰਹਿਤੋ ਭਯੋ।ਪੁਨ ਸ੍ਰੀ ਤੇਗਬਹਾਦਰ ਦ੍ਯਾਲ । ਇਸ ਬਿਧਿ ਕਿਤਿਕ ਬਿਤਾਯਹੁ ਕਾਲ॥੨੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਮੀ ਰਾਸੇ 'ਸ੍ਰੀ ਤੇਗ ਬਹਾਦਰ ਜਿਤ ਦ੍ਵਾਰਕਾ ਦਾਸ ਆਗਵਨ' ਪ੍ਰਸੰਗ ਬਰਨਨ ਨਾਮ ਦੁਤੀਯ ਅੰਸੂ ॥ ੨ ॥

### ੩. [ਮੱਖਣ ਸ਼ਾਹ] ।

ਦੋਹਰਾ ॥ ਗੁਰਤਾ ਮਹਿਂ ਰੌਰਾ ਪਰਯੋ ਠੀਕ ਨਹੀਂ ਠਹਿਰਾਇ।ਸਕਲ ਸਿੱਖਨ ਸੰਗਤਿ ਰਿਦੈ ਰਹਿਤਿ ਗੁਰੂ ਬਿਦਤਾਇ ॥ ੧ ॥ ਚੌਪਈ ॥ ਮੱਖਣ ਸ਼ਾਹੁ† ਏਕ ਸਿਖ ਭਾਰਾ । ਗੁਰੁਸਿੱਖੀ ਕੋ ਮਹਦ ਅਧਾਰਾ । ਕਰਿ ਸੌਦਾ ਬਹੁ ਚਾਢਯੋ ਜਹਾਜ । ਅਨਿਕ ਵਸਤੁ ਲੇ ਬਣਜਨਿ‡ ਕਾਜ ॥ ੨ ॥ ਦੇਸ਼ਾਂਤਰ ਮਹਿਂ ਬੇਚਯੋ ਜਾਇ।ਤਹਿਂ ਕੀ ਵਸਤੁ ਖਰੀਦ ਕਰਾਇ । ਧਰਿ ਜਹਾਜ ਪਰ ਹਟਯੋ ਬਹੋਰ । ਬੀਚ ਸਮੁੰਦ੍ਰ ਜਹਾਂ ਜਲ ਘੋਰ ॥ ੩ ॥ ਤੁੰਗ ਤਰੰਗ ਬਿਲੰਦ[1] ਉਛਾਲੈਂ। ਜੀਵ ਕਰੋਰਨਿ ਜੁਤਿ ਬਰਨਾਲੈਂ[2]।ਬੇਗ ਪ੍ਰਭੰਜਨ[3] ਕੋ ਬਹੁ ਪਾਇ। ਚਲਯੋ ਜਹਾਜ ਉਤਯੋ ਜਨੁ ਜਾਇ ॥ ੪ ॥ ਗਮਨਯੋ ਮਾਰਗ ਕੇਤਿਕ ਸੋਇ। ਪ੍ਰੇਰਕ ਪੋਤਿ ਪ੍ਰੇਰਤੇ ਜੋਇ[4] । ਇਤਨੇ ਮਹਿਂ ਚਲਿ ਪੌਨ ਕੁਫੇਰੀ[5] । ਵਿਪ੍ਰੀਤ ਗਤਿ ਜਹਾਜ਼ ਕੀ ਪ੍ਰੇਰੀ ॥ ੫ ॥ ਟਾਪੂ ਨਿਕਟਿ ਹੁਤੋ ਬਡ ਬਾਰੂ[6] । ਨਹਿਂ ਮਨੁੱਖ ਜਹਿਂ, ਪਿਖਿਯ ਉਜਾਰੂ[7] । ਬਿਬਸ ਜਹਾਜ਼ ਪ੍ਰੇਰਕਨਿ ਭਇਓ[8]। ਬਲ ਕਰਿ ਰਹੇ ਸਥੰਭ ਨ ਗਇਓ ॥ ੬ ॥ ਅਧਿਕ ਬੇਗ ਬਾਯੁ ਕੋ ਪਾਇ।

---

[1]ਬੜੀਆਂ ਉੱਚੀਆਂ ਲਹਿਰਾਂ । [2]ਕ੍ਰੋੜਾਂ ਜੀਵਾਂ ਸਹਿਤ ਸਮੁੰਦਰ [ਵਰੁਣਾਲਯ=ਵਰੁਣ ਦੇਵਤਾ ਦਾ ਘਰ ਭਾਵ ਸਮੁੰਦਰ ] । [3]ਹਵਾ । [4]ਮਲਾਹ ਦੇਖਕੇ ਜਹਾਜ਼ ਨੂੰ ਟੋਰਦੇ ਹਨ । [5]ਉਲਟੀ ਵਾਯੂ, ਬਾਦੇਮੁਖ਼ਾਲਿਫ । [6]ਰੇਤੇ ਦਾ । ਉਜਾੜ ਹੀ ਦਿੱਸਦੀ ਸੀ । [8]ਮਲਾਹਾਂ ਤੋਂ ਜਹਾਜ਼ ਬੇਵਸਾ ਹੋਗਿਆ।

*ਸਾਰੀ ਮਾਇਆ ਤੋਂ ਭਾਵ ਹੈ ਕਿ ਜੋ ਕੁਛ ਮਾਇਆ ਭੇਟਾ ਆਈ ਸੀ ਉਨ੍ਹਾਂ ਵਲੋਂ ਜਿਨ੍ਹਾਂ ਨੇ ਕੇਵਲ ਗੜ੍ਹੀਏ ਦੇ ਅਰਦਾਸੇ ਤੇ ਤਿਲਕ ਦੇਣ ਤੋਂ ਗੁਰੂ ਮੰਨ ਲਿਆ ਸੀ, ਉਹ ਸਾਰੀ ਉਨਾਂ ਨੂੰ ਦਿੱਤੀ, ਸਤਿਕਾਰ ਯੋਗ ਪ੍ਰਾਹੁਣੇ ਨੂੰ ਵਿਦੈਗੀ ਵਜੋਂ । ਅਗੇ ਦੱਸਦੇ ਹਨ ਕਿ ਗੜ੍ਹੀਆ ਜੀ ਗੁਰੂ ਜੀ ਦੇ ਪਾਸ ਹੀ ਟਿੱਕ ਗਏ ਹਨ ।

†ਭਾਈ ਗਿਆਨ ਸਿੰਘ ਜੀ ਗਿਆਨੀ ਨੇ ਆਪਣੀ ਤ੍ਵਾਰੀਖ ਖਾਲਸਾ ਵਿੱਚ ਮੱਖਣ ਸ਼ਾਹ ਬਾਬਤ ਐਉਂ ਲਿਖਿਆ ਹੈ:—ਮੱਖਣ ਸ਼ਾਹ ਜ਼ਿਲੇ ਜੇਹਲਮ ਟਾਂਡੇ ਪਿੰਡ ਦਾ ਵਣਜਾਰਾ ਸਿੱਖ ਸੀ, ਦਸ ਹਜ਼ਾਰ ਬੈਲ ਤੇ ਕਈ ਬੇੜੇ ਉਸਦੇ ਵਪਾਰ ਵਿਚ ਚਲਦੇ ਸੇ । ਹੁਣ ਓਸ ਦੀ ਸੰਤਾਨ ਦੇ ਚਾਰ ਪਿੰਡ ਕੁੰਦਨ ਪੁਰ, ਰਾਜੇ ਵਾਲਾ ਆਦਿਕ ਸਿਆਲਕੋਟ ਦੇ ਪਰਗਣੇ ਵਸਦੇ ਹਨ, ਓਹ ਬੀ ਮਨੋਂ ਤਨੋਂ ਗੁਰੂ ਕੇ ਸਿਦਕੀ ਸਿਖ ਹਨ ।

‡ਪਾ:—ਬਾਣਿਜ ।

ਸਿਕਤਾ ਥਲ ਪਰ ਗਾ ਅਟਕਾਇ।ਪੁਨ ਸਾਗਰ ਕੀ ਲਗੈਂ ਤਰੰਗ।ਕੁਛਕ ਗਯੋ ਚਢਿ ਜਹਿਂ ਥਲ ਤੁੰਗ ॥ ੭ ॥ ਮੱਖਣ ਆਸਚਰਜ ਮਨ ਮਾਨਾ।ਚਿੰਤ ਪਰਾਇਣ ਭਏ ਮਹਾਨਾ। ਨਰਨਿ ਉਪਾਇ ਕੀਨਿ ਬਹੁਤੇਰਾ। ਬੁਧਿ ਕਰਿ ਕੈ ਅਰੁ ਓਜ ਘਨੇਰਾ ॥ ੮ ॥ ਸਿਕਤਾ ਟਾਰਹਿਂ ਕਾਸ਼ਟ ਤਲ ਤੈਂ[1]। ਤਊ ਨ ਹਾਲਤਿ ਭਾ ਤਿਸ ਥਲ ਤੇ। ਭਯੋ ਨਿਰਾਸ਼ ਜਤਨ ਕੇ ਕਰਿਬੇ।ਉਪਜੀ ਏਕ ਆਸ ਤਜਿ ਸਰਬੇ[2]॥੯॥—ਅਬਿ ਸਤਿਗੁਰੁ ਹੀ ਬਨਹਿਂ ਸਹਾਈ।ਨਹਿ ਅਪਰਨਿ ਕੀ ਗਤਿ ਜਿਹ ਥਾਈਂ। ਜਿਮ ਜਮਲੋਕ ਮਹਾਂ ਭਯਦਾਯਕ। ਤਹਿਂ ਏਕਲ ਕੇ ਹੋਹਿਂ ਸਹਾਯਕ—॥੧੦॥ ਇਸ ਪ੍ਰਕਾਰ ਸਿਖ ਨਿਸ਼ਚੈ ਧਰਿਕੈ। ਕਰ ਪਗ ਨੀਰ ਪਖਾਰਨਿ ਕਰਿਕੈ। ਜੋਤੀ ਰੂਪ ਗੁਰੂ ਕੋ ਧਯਾਨ। ਅਚਲ ਠਾਂਢਿ ਭਾ ਅੰਜੁਲ ਠਾਨਿ[3] ॥ ੧੧ ॥ 'ਹੇ ਪ੍ਰਭੁ ਤੁਮ ਨਿਰਾਸ ਕੀ ਆਸ। ਅੰਤਰਜਾਮੀ ਸਰਬ ਪ੍ਰਕਾਸ਼। ਦ੍ਰੁਪਦਸੁਤਾ ਤ੍ਯਾਗ ਕਰਿ ਸਰਬਾਸ਼ੈ[2]। ਗਹਨੋ ਤੁਮਾਰੋ ਜਬਿ ਇਕ ਆਸ਼ੈ ॥ ੧੨ ॥ ਤਬਿ ਤੁਮ ਤੁਰਤ ਗੋਪਤਾ[4] ਕੀਨਸਿ। ਸਭਾ ਬੀਚ ਬ੍ਰੀੜਾ[5] ਰਖਿ ਦੀਨਸਿ। ਖੇਲਤਿ ਦ੍ਯੂਤਿ[6] ਜੁਧਿਸ਼-ਟਰ ਰਾਊ। ਸਿਮਰਨੋ ਤੁਮਰੋ ਨਾਮ ਨ ਕਾਊ ॥ ੧੩ ॥ ਨਹਿਂ ਸਹਾਇਤਾ ਤਿਸ ਕੀ ਕਰੀ। ਬਿਪਨ ਜਾਨਿ ਲਗਿ ਬਿਪਤਾ ਪਰੀ[7]। ਸਿਮਰਨਿ ਤੇ ਨਿਤ ਹੋਤਿ ਸਹਾਈ। ਰਾਵਰਿ ਬਿਰਦ ਸਨਾਤਨ ਗਾਈ॥੧੪॥ਮੈਂ ਸਦੀਵ ਕੋ ਦਾਸ ਤੁਮਾਰੋ।ਅਬਿ ਜਹਾਜ ਕੋ ਪਾਰ ਉਤਾਰੋ'।ਸਤਿਗੁਰ ਤੇਗ ਬਹਾਦਰ ਧੀਰ। ਅੰਤਰਜਾਮੀ ਸਰਬ ਸਧੀਰ ॥ ੧੫ ॥ ਨਹੀਂ ਜਨਾਵਨਿ ਆਪਾ ਕਰਿ ਹੀਂ। ਸਹਜ ਸੁਭਾਇਕ ਸਮਤਾ ਧਰਿ ਹੀਂ। ਕੋ ਇਕ ਨਾਮ ਰੂਪ ਕੋ ਜਾਨੇ। ਕਹਨਿ ਮਿਲਨਿ ਕੀ ਕਰਹਿਂ ਨ ਸਜਾਨੇ ॥੧੬॥ਨਿਜ ਵਡਿਆਈ ਕੁਛ ਨ ਜਨਾਵੈਂ। ਕਰਹਿਂ ਤਥਾ ਜਿਮ ਨਹਿਂ ਬਿਦਤਾਵੈਂ। ਸਿਖ ਮਨ ਕੀ ਲਖਿ ਅੰਤਰਜਾਮੀ। ਤਿਹ ਸਹਾਇਤਾ ਚਹਿ ਕਰਿ ਸ੍ਵਾਮੀ ॥੧੭॥ ਰਿਦੇ ਬਿਚਾਰਤਿ—ਜੇ ਨ ਕਰੈਂ ਅਬਿ। ਗੁਰੁ ਘਰ ਕੀ ਮਹਿਮਾ ਸੁ ਘਟੇ ਤਬਿ। ਹੋਨਿ ਸਹਾਇਕ ਹੀ ਬਨਿ ਆਵੈ। ਜਿਸ ਤੇ ਸਿਖ ਸ਼ਰਧਾ ਅਧਿਕਾਵੈ—। ੧੮ ॥ ਪਹੁੰਚੇ ਨਿਮਖ ਬਿਖੇ ਗੁਰੁ ਪੂਰੇ। ਕਰਨਿ ਸਿੱਖ ਕੇ ਕਾਰਜ ਰੂਰੇ।

[1]ਰੇਤਾ ਟਾਲਦੇ ਹਨ (ਜਹਾਜ਼ ਦੀ) ਲੱਕੜ ਦੇ ਹੇਠੋਂ। [2]ਸਾਰੀਆਂ ਆਸਾਂ ਛੱਡ ਕੇ। [3]ਹੱਥ ਜੋੜਕੇ ਅਚੱਲ ਖੜੋ ਗਿਆ। [4]ਰੱਖਿਆ। [5]ਲੱਜਾ। ਪਤ। [6]ਜੂਆ। [7]ਬਨਬਾਸ ਮਿਲਣ ਤਕ ਦੀ ਬਿਪਤਾ (ਸਹਿਣੀ) ਪਈ।

ਮੱਖਨ ਸ਼ਾਹ ਕੀਨਿ ਅਰਦਾਸ। ਚਿਤਵਤਿ–ਦਰਬ ਦੇਉਂਗੋ ਰਾਸ–॥੧੯॥
ਇਮ ਬਿਨਤੀ ਭਨਿ ਕੀਨਿ ਉਪਾਇ। ਸੁਮਤਿ ਜਿ ਮਾਨਵ ਬਲ ਕੋ ਲਾਇ।
ਆਪਸ ਮਹਿ ਦੈ ਕਰਿ ਲਲਕਾਰਾ। ਦਿਯੋ ਜਹਾਜ਼ ਧਕਾਇ ਉਦਾਰਾ ॥
੨੦ ॥ ਨਰਨਿ ਬਹਾਨੇ ਸ੍ਰੀ ਗੁਰ ਜਾਇ। ਸਿਖ ਜਹਾਜ਼ ਕੋ ਦਿਯੋ ਚਲਾਇ।
ਕਹੈਂ ਲੋਕ 'ਹਮ ਅਸ ਬਲ ਲਾਯੋ। ਅਟਕਯੋ ਤੋਰ ਜਹਾਜ਼ ਚਲਾਯੋ'॥੨੧॥
ਸੁਨਿ ਕੈ ਮੱਖਨ ਰਿਦੈ ਬਿਚਾਰਾ।–ਪ੍ਰਥਮ ਰਹੇ ਪਚਿ ਸਰੀ ਨ ਕਾਰਾ ।
ਕਿਤਿਕ ਦਿਨੌਸ ਕਰਿ ਰਹੇ ਉਪਾਇ।ਅਪਨੇ ਸਭਿ ਬਿਧਿ ਬਲ ਕੌ ਲਾਇ ॥
੨੨ ॥ ਜਬਿ ਮੈਂ ਸ੍ਰੀ ਸਤਿਗੁਰੂ ਅਗਾਰੀ। ਹ੍ਵੈ ਨਿਰਾਸ ਬਿਨਤੀ ਉਚਾਰੀ।
ਤਬਿ ਜਹਾਜ ਚਲਿ ਪਰਯੋ ਤੁਰੰਤਾ। ਇਹ ਮੈਂ ਹੀ ਜਾਨਤਿ ਬਿਰਤੰਤਾ ॥
੨੩ ॥ ਜਾਨਹਿ ਕਹਾ ਇਹ ਲੋਕ ਗਵਾਰਾ । ਜੋ ਸਤਿਗੁਰੁ ਕੀਨਸਿ
ਉਪਕਾਰਾ। ਗੁਰੁ ਕ੍ਰਿਤ ਤੇ ਜੁ ਕ੍ਰਿਤਘਨੀ ਹੋਇ[1]। ਮਹਾਂ ਕਸ਼ਟ ਲਹਿ
ਲੋਕਨਿ ਦੋਇ॥੨੪॥ਜਿਤਨੇ ਜਗਤ ਬਿਖੈ ਅਪਰਾਧੂ। ਸਭਿਨਿ ਪ੍ਰਾਸਚਿਤ
ਭਾਖਤਿ ਸਾਧੂ[2]। ਕ੍ਰਿਤਘਨ ਕੋ ਨ ਕਹੈ ਕ੍ਰਿਤ ਕੋਇ[3]। ਕਸ਼ਟ ਕਲਪ
ਭਰ ਪਾਵਹਿ ਸੋਇ ॥ ੨੫ ॥ ਇਹ ਤੌ ਨਰ ਸਾਮਾਨਨਿ ਬਾਤੀ[4]। ਅਰੁ
ਸਤਿਗੁਰੁ ਜੋ ਬਡ ਦੁਖ ਹਾਤੀ। ਇਨ ਤੇ ਬਨਹਿ ਕ੍ਰਿਤਘਨੀ ਜੋਇ। ਕੋ*
ਜਾਨਹਿ ਤਿਨ ਕੋ ਕਹਾ ਹੋਇ ॥ ੨੬ ॥ ਜੋ ਸਤਿਗੁਰੁ ਕੇ ਹੈਂ ਅਪਕਾਰੀ[5]।
ਛੁਟਹਿ ਨ, ਸੰਕਟ ਪਾਵਹਿ ਭਾਰੀ। ਇਹ ਮਾਨਵ ਅਜਾਨ ਕਹਾ ਜਾਨੈਂ।
ਮੈਂ ਤੋ ਸਭਿ ਬਿਧਿ ਲਹੌਂ ਮਹਾਨੈ–॥੨੭॥ ਏਵ ਬਿਚਾਰਤਿ ਚਲਯੋ ਜਹਾਜੁ।
ਗੁਰੂ ਪੂਰਹਿਂ ਨਿਤ ਸਿੱਖਨਿ ਕਾਜੁ।ਪਹੁੰਚਯੋ ਆਨਿ ਆਪਨੇ ਥਾਨੁ।ਲੀਨਸਿ
ਵਸਤੂ ਉਤਾਰਿ ਮਹਾਨੂ ॥ ੨੮ ॥ ਸੌਦਾ ਸਕਲ ਬੇਚਿਬੋ ਕਰਯੋ।ਬਹੁਤ ਲਾਭ
ਤਿਸ ਪਾਲੈ ਪਰਯੋ[6]। ਆਇ ਜਾਇਬੇ ਖੇਪ[7] ਜਿ ਦੋਇ। ਕਰਯੋ ਬਨਜ
ਅਧਿਕੋ ਧਨ ਹੋਇ ॥੨੯॥ ਭਯੋ ਧਨਾਢ ਸਿੱਖਯ ਤਬਿ ਭਾਰਾ। ਰਾਖੇ ਨੌਕਰ
ਅਪਨੇ ਦ੍ਵਾਰਾ । ਗੁਰ ਸਿੱਖੀ ਪਰ ਅਧਿਕ ਲੁਭਾਯੋ । ਸਿਮਰਹਿ ਬਾਰਿ
ਬਾਰਿ ਸੁਖ ਪਾਯੋ ॥ ੩੦ ॥ ਰਹਿ ਨ ਸਕਯੋ ਚਹਿ ਦਰਸ਼ਨ ਦੇਖਾ ।

---

[1]ਗੁਰੂ ਜੀ ਦੀ ਕੀਤੀ (ਮਿਹਰ) ਦਾ ਜੋ ਕ੍ਰਿਤਘਨ ਹੋਵੇ ਭਾਵ ਕੀਤਾ ਨਾ ਜਾਣੇ। [2](ਸਭ ਅਪ੍ਰਾਧਾਂ ਦਾ) ਪ੍ਰਾਇਸ਼ਚਿਤ (ਨਵਿਰਤੀ ਦਾ ਉਪਾਇ) ਸ੍ਰੇਸ਼ਟ ਲੋਕ ਦੱਸਦੇ ਹਨ. [3]ਕ੍ਰਿਤਘਨ (ਦੀ ਅਪ੍ਰਾਧ ਨਿਵਿਰਤੀ ਦਾ ਉਪਾਉ) ਕਰਨਾ ਕੋਈ ਨਹੀਂ ਦੱਸਦਾ। [4]ਇਹ ਤਾਂ ਸਮਾਨ ਪੁਰਸ਼ਾਂ (ਨਾਲ ਕ੍ਰਿਤਘਨਤਾ ਦੀ) ਬਾਤ ਹੈ। [5]ਦ੍ਰੋਹੀ। ਇਥੇ ਭਾਵ ਕ੍ਰਿਤਘਨੀ ਤੋਂ ਹੈ। [6]ਪੱਲੇ ਪਿਆ । [7]ਮਾਲ ਸੁਦਾਗਰੀ ਦਾ। *ਪਾ:–ਸੋ ।

ਚਲ੍ਯੋ ਪੰਥ ਲ ਮੈਂਜ ਬਿਸ਼ੇਖਾ। ਸੇਵਕ ਨੌਕਰ ਰਖਿ ਸਮੁਦਾਇ।ਮਦ੍ਰ ਦੇਸ਼[1] ਕੇ ਸਨਮੁਖ ਆਇ॥੩੧॥-ਦਰਮੈਂ ਗੁਰੂ-ਪ੍ਰਤੀਖਨਿ ਕਰੇ।ਸਿਮਰਹਿ ਨਾਮੁ ਸਦਾ ਉਰਧਰੇ[2]। ਪੂਰਬ ਦੇਸ਼ ਪੰਥ ਬਡ ਜਾਨਾ। ਬਸਹਿ ਨਿਸਾ ਦਿਨ ਕਰਹਿ ਪਯਾਨਾ ॥੩੨॥ ਕਾਨਨ ਦੇਸ਼ ਨਗਰ ਮਗ ਮਾਂਹੀ।ਦੇਖਤਿ ਆਇ, ਥਿਰਹਿ ਕਿਤ ਨਾਂਹੀ। ਗੰਗਾ ਜਮੁਨਾ ਆਦਿ ਜਿ ਸਲਿਤਾ। ਬਡੇ ਗੰਭੀਰ ਨੀਰ ਜਿਨ ਚਲਤਾ ॥ ੩੩ ॥ ਕ੍ਰਮ ਕ੍ਰਮ ਸਕਲ ਉਲੰਘਤਿ ਆਵਾ। ਗੁਰ ਦਰਸ਼ਨ ਕੋ ਉਰ ਲਲਚਾਵਾ। ਲੀਨਿ ਸਰਬ ਪਰਵਾਰ ਸੰਗਾਰੇ[3]। ਸੁਤ ਇਸਤ੍ਰੀ ਜੁਤਿ ਸ਼ਰਧਾ ਧਾਰੇ ॥ ੩੪॥ ਸੰਗ ਪੰਚ ਸੈ ਨੌਕਰ ਔਰ। ਪਾਵਤਿ ਡੇਰੇ ਠੌਰ ਸੁ ਠੌਰ। ਆਯੁਧ ਧਰੇ ਸਾਥ ਭਟ ਭੀਰੁ। ਆਵਤਿ ਮਾਰਗ ਚਲੇ ਬਹੀਰ ॥੩੫॥ ਦਰਬ ਕੋਸ਼ ਜਿਹ ਸੰਗ ਬਿਸਾਲਾ। ਦਨੇਸ ਨਿਰੰਤਰ ਆਵਤਿ ਚਾਲਾ। ਪਹੁੰਚ੍ਯੋ ਨਿਕਟਿ ਤਬਹਿ ਗੁਰ ਦੇਸ਼। ਪਜਾਰੀ ਸਿੱਖੀ ਜਹਿਂ ਵਿਸ਼ੇਸ਼ ॥ ੩੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮੱਖਣਸ਼ਾਹ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥ ੩ ॥

## ੪. [ਮੱਖਣਸ਼ਾਹ ਬਕਾਲੇ]।

ਦੋਹਰਾ॥ ਮਾਰਗ ਆਇ ਉਲੰਘ ਕੈ ਮੱਖਣਸ਼ਾਹ ਬਿਸਾਲ।ਦੇਸ਼ ਬਿਖੈ ਸੁਨਿਬੋ ਕਰ੍ਯੋ ਜਿਸ ਪ੍ਰਕਾਰੁ ਗੁਰੁ ਚਾਲ[4] ॥੧॥ ਚੌਪਈ॥ ਸ੍ਰੀ ਹਰਿਕ੍ਰਿਸ਼ਨ ਬਾਕ ਜਿਮ ਕਹ੍ਯੋ। 'ਕਿਨਹੂੰ ਗੁਰੂ ਰੂਪ ਨਹਿਂ ਲਹ੍ਯੋ। ਬੀਚ ਬਕਾਲ ਗੁਰੂ ਕਹਾਵੈਂ। ਦ੍ਵੈ ਬਿੰਸਤ ਗਾਦੀਨਿ ਪੁਜਾਵੈਂ॥੨॥ ਨਭ ਮਹਿਂ ਸੂਰ ਨ ਪ੍ਰਗਟਹਿ ਜ਼ਾਵਦ। ਉਡੁਗਨ ਅਧਿਕ ਪ੍ਰਕਾਸ਼ਹਿਂ ਤਾਵਦ। ਯਾਂਤੇ ਲਖੀਯਤਿ ਹੈ ਇਸ ਭਾਇ। ਅਬ ਲੌ ਗੁਰੁ ਨ ਭਾ ਬਿਦਤਾਇ'॥੩॥ਮੱਖਣਸ਼ਾਹ ਸੁਨਤਿ ਸੰਦੇਹ। ਮਾਨਸ ਸੰਸੈ ਮਾਨ ਅਛੇਹ[5]।-ਬਹੁ ਧਨ ਲਾਭ ਬਨਜ ਤੇ ਆਵਾ। ਤਿਹ ਦਸੌਂਧ ਕੋ ਮੈਂ ਨਿਕਸਾਵਾ ॥ ੪ ॥ ਉਦਧਿ ਜਹਾਜ ਅਟਕ ਜਬਿ ਗਯਊ। ਤਹਾਂ ਸਹਾਇਕ ਸਤਿਗੁਰ ਭਯਊ। ਤਬਿ ਮਨ ਤੇ ਮੈਂ ਦਰਬ ਘਨੇਰਾ। ਅਰਪਨਿ ਚਹ੍ਯੋ ਗੁਰਨਿ ਕੇ ਪੈਰਾ ॥ ੫ ॥ ਬਹੁਤ ਬਿੱਤ ਅਬਿ ਲਜਾਵਨਿ ਕੀਨਾ। ਸਤਿਗੁਰੁ ਭੇਟ ਚਹੌਂ ਮੈਂ ਦੀਨਾ। ਕਿਸ ਪ੍ਰਕਾਰ ਕਰਿ ਸਕਵਿ ਪਛਾਨ। ਭੇ ਹਰਿ ਕ੍ਰਿਸ਼ਨ ਸੁ ਅੰਤਰ ਧਯਾਨ ॥੬॥ ਕੇਹਰਿ ਵਸਤ੍ਰ

[1]ਪੰਜਾਬ। [2](ਵਾਹਿਗੁਰੂ ਦੇ) ਨਾਮ ਨੂੰ ਹਿਰਦੇ ਵਿਚ ਧਾਰਕੇ ਸਿਮਰਦਾ ਹੈ। [3]ਨਾਲ। [4]ਗੁਰੂ ਜੀ ਨੇ ਚਲਾਣਾ ਕੀਤਾ ਹੈ। [5]ਮਨ ਵਿਚ ਪੱਕਾ ਸੰਸਾ ਮੰਨਿਆਂ।

ਕਰੀ ਕਹੁ ਦੇਨਿ[1]।ਕਿਮ ਪੁਨ ਚਹਿ ਤਿਨ ਤੇ ਫਲ ਲੈਨਿ।ਹੋਵਹਿਂ ਨਿਸ਼ਚੈ ਗੁਰੂ ਨ ਜਾਵਤ। ਅਸਮੰਜਸ ਧਨ ਅਰਪਨਿ ਭਾਵਤ ॥ ੭॥ ਕੌਨ ਸਥਲ ਮਹਿਂ ਖੋਜੈਂ ਗੁਰ ਕੋ। ਹੋਇ ਮਨੋਰਥ ਪੂਰਨ ਉਰ ਕੋ। ਗੁਰ ਹਰਿ ਕ੍ਰਿਸ਼ਨ ਬਾਕ ਅਨੁਸਾਰਾ। ਚਹਿਯ ਬਕਾਲੇ ਗ੍ਰਾਮ ਮਝਾਰਾ ॥ ੮ ॥ ਗੁਰੂ ਬਚਨ ਪਰ ਸ਼ਰਧਾ ਧਰਨੀ। ਬ੍ਰਿੱਧਨਿ ਇਹ ਉੱਤਮ ਗਤਿ ਬਰਨੀ। ਹੋਇ ਜਿ ਸਿੱਖਯ ਅਸ਼ਰਧਾਵਾਨ। ਨਹਿਂ ਸਿੱਖੀ ਫਲ ਲਹਿ ਸੁਨਿਦਾਨ[2] ॥ ੯ ॥ ਸ਼ਰਧਾ ਸਿੱਖੀ ਮੂਲ ਮਹਾਨੀ। ਬਿਨ ਸ਼ਰਧਾ ਸਿੱਖੀ ਹੁਇ ਹਾਨੀ। ਬਿਨਾ ਮੂਲ ਤੇ[3] ਮੁਕਤਿ ਜਿ ਫਲ ਹੈ। ਨਹਿਂ ਪ੍ਰਾਪਤਿ ਹੋਵਤਿ ਕਿਸ ਥਲ ਹੈ ॥ ੧੦॥ਸ਼ਰਧਾ ਤੇ ਉਰ ਧਰਿ ਉਪਦੇਸ਼। ਪਾਇ ਅਚਲ ਸੁਖ ਤਜਹਿ ਕਲੇਸ਼। ਗੁਰ ਬਚ ਪਰ ਸ਼ਰਧਾ ਧਰਿ ਯਾਂਤੇ।ਮੈਂ ਖੋਜੌਂ ਪ੍ਰਾਪਤਿ ਹੁਇਂ ਜਾਂਤੇ ॥੧੧॥ ਬਿਨ ਗੁਰੂ ਮਿਲੇ ਜਿ ਹਟਿਕੈ ਗਵਨੂੰ[4]। ਹੋਇ ਬਿਅਰਥ ਦੇਸ਼ ਆਗਵਨੂੰ। ਕਰਮ ਹੀਨ ਰਹਿ ਸੰਕਟ ਭਵਨੂੰ। ਸਤਿਗੁਰ ਦਿਖਾਵ ਜਨਾਵਹਿ ਕਵਨੂੰ[5] ?–॥੧੨॥ ਇਮ ਬਿਚਾਰ ਕਰਿ ਮਾਨਸ ਦੀਨ[6]। ਰਿਦੈ ਅਰਾਧਹਿ ਪਗ ਮਨ ਲੀਨ। ਤਰਕ[7] ਅਨੇਕ ਕੋ ਰਿਦੈ ਉਠਾਇ। ਪੰਥ ਬਕਾਲੇ ਗਮਨਤਿ ਜਾਇ॥੧੩॥–ਕਿਸ ਪ੍ਰਕਾਰ ਮੁਹਿ ਮਿਲਹਿਂ ਗੁਸਾਈਂ। ਜੇ ਅਬਿ ਲੌ ਨਹਿ ਨਿਜ ਬਿਦਤਾਈਂ। ਅਪਰ ਸਿੱਖ ਮਿਲਿ ਮਿਲਿ ਜਿਮ ਜਾਇਂ। ਇਹ ਬਿਧਿ ਮੋ ਤੇ ਨਹਿਂ ਬਨਿ ਆਇ ॥ ੧੪ ॥ ਨਿਸ਼ਚੈ ਪ੍ਰਥਮ ਗੁਰੂ ਕਹੁ ਕਰਿ ਕੈ। ਪਾਇਨਿ ਪਾਸ ਉਪਾਇਨ ਧਰਿਕੈ। ਸ੍ਰੀ ਮੁਖ ਤੇ ਸੁਨਿ ਬਾਕ ਉਦਾਰਾ। ਕਰੌਂ ਜਨਮ ਕੋ ਸਫਲ–ਬਿਚਾਰਾ ॥ ੧੫ ॥ ਸਤੱਦ੍ਰਵ ਸਲਿਤਾ ਉਲੰਘਿ ਬਿਪਾਸਾ। ਪਹੁੰਚਨੋ ਜਾਇ ਬਕਾਲੇ ਪਾਸਾ। ਬਾਹਿਰ ਗ੍ਰਾਮ ਤੇ ਕੀਨਸਿ ਡੇਰਾ। ਸੌਜ ਸਿਤਾਰਿ ਧਰੀ ਤਿਸ ਬੇਰਾ ॥੧੬॥ ਸੁਨਿ ਕੈ ਸੁਧਿ ਤੀ ਸਭਿ ਸੋਢੀਨਾ।ਨਿਜ।ਨਿਜ ਮਨੁਖਪਠਾਵਨਿ ਕੀਨਿ।ਭੋਜਨ ਅਨਿਕਪ੍ਰਕਾਰ ਪੁਚਾਏ। ਸਨਮਾਨਹਿਂ ਸਭਿ ਬਿਧਿ ਹਰਖਾਏ ॥ ੧੭॥ ਨਿਜ ਨਿਜ ਦਿਸ਼ਾ ਮਸਿੰਦ ਮਹਾਨਾ। ਉਪਦੇਸਹਿਂ ਕਹਿ ਕਹਿ ਪੱਖਜਾਨਾ[8]। 'ਅਜਮਤ ਮਹਿਂ

---

[1]ਸ਼ੇਰ ਦੀ ਭੀਖ ਹਾਥੀ ਨੂੰ ਦੇਣੀ। [2]ਅੰਤ ਨੂੰ। (ਅ) ਨਾਦਾਨ=ਮੂਰਖ। [3]ਸ਼ਰਧਾ ਰੂਪੀ ਮੂਲ? [4]ਮੁੜ ਕੇ ਚਲਾ ਜਾਵਾਂ। [5]ਫਿਰ ਸਤਿਗੁਰੂ ਨੂੰ ਦੇਖਕੇ (=ਪਰਖ ਕੇ) ਕੌਣ ਪ੍ਰਗਟ ਕਰੇਗਾ। (ਅ) ਦੇਖੀਏ ਸਤਿਗੁਰੂ ( ਆਪਣਾ ਆਪ ) ਕਿਸ ਨੂੰ ਜਣਾਵਣਗੇ। [6]ਦੀਨ ਮਨ=ਉਦਾਸ। [7]ਦਲੀਲਾਂ। [8]ਝਗੜਾ। (ਅ) ਆਪਣੇ ਪੱਖ ਦੀ ਗਲ। (ੲ) ਦਲੀਲਾਂ।

ਪੂਰਨ ਗੁਰ ਏਹੀ। ਸੋਢੀ ਬਜਰਬ ਨਾਮ ਨਿਜ ਲੇਹੀ" ॥ ੧੯ ॥ ਅਪਰ ਆਇ ਤਿਸ ਘਾਟ ਬਤਾਵੈ[1]। 'ਹਮ ਜਿਸ ਢਿਗ ਸੋ ਗੁਰ ਅਧਿਕਾਵੈ'। ਪਠੇ ਮਸੰਦ ਅਪਰ ਸੋਢੀਨਿ। ਨਿਜ ਨਿਜ ਦਿਸ਼ਾ ਭ੍ਰਮਾਇਂ ਪ੍ਰਬੀਨ ॥੧੯॥ ਇਕ ਕੋ ਕਮੀ ਬਤਾਵਹਿ ਦੂਜਾ। ਚਿਤ ਚਾਹਤਿ ਸਭਿ ਨਿਜ ਨਿਜ ਪੂਜਾ। ਧਨ ਕੋ ਲੋਭ ਧਰਹਿਂ ਉਪਦੇਸ਼ਹਿਂ।-ਹੈ ਹਮ ਮਨਤਾ ਦੇਸ਼ ਅਸ਼ੇਸ਼ਹਿਂ- ॥ ੨੦ ॥ ਧੀਰਮੱਲ ਕੋ ਹੁਤੋ ਮਸੰਦ। ਪੁਸ਼ਟ[2] ਧਨਾਦਿ ਪ੍ਰਬੀਨ ਬਿਲੰਦ। ਸੋਪਿ ਆਇ ਸਨਮਾਨ ਕਰੰਤ।ਅਧਿਕ ਸਤੁਤਿ ਅਪਨੀ ਉਚਰੰਤਾ ॥੨੧॥ 'ਧੀਰਮਲ ਕੇ ਘਰ ਗਰਿਆਈ। ਹਤੀ ਇਨਹੁ ਕੀ, ਇਨ ਕੇ ਆਈ। ਸ਼੍ਰੀ ਗੁਰ ਹਰਗੋਵਿੰਦ ਅਨੰਦ। ਗੁਰਦਿੱਤਾ ਸੁਤ ਤਿਨਹਿਂ ਬਿਲੰਦ ॥ ੨੨ ॥ ਮਹਾਂ ਪ੍ਰਤਾਪੀ ਅਜ਼ਮਤ ਭਾਰੀ। ਚਿਤ ਜੋ ਚਹਤਿ ਕਰਤਿ ਸੋ ਕਾਰੀ।ਪਿਤ ਪ੍ਰਿਯ ਸਰਬ ਗੁਨਨਿ ਕਹੁ ਖਾਨੀ। ਸੋਢੀ ਅਪਰ ਨ ਜਾਂਹਿ ਸਮਾਨੀ॥੨੩॥ ਏਕ ਬਾਰ ਇਕ ਮ੍ਰਿਤਕ ਬਿਲੋਕਿ। ਦਿਯੋ ਜਿਵਾਇ ਸੁ ਕੀਨਿ ਅਸ਼ੋਕ। ਸੁਨਿ ਕਰਿ ਪਿਤ ਗੁਰ ਬਰਜਨਿ ਕੀਨਸਿ।-ਇਮ ਨਹਿਂ ਕਰਹੁ ਪ੍ਰਭੂ ਗਤਿ ਚੀਨਸਿ-॥ ੨੪ ॥ ਕਿਤਿਕ ਕਾਲ ਪੁਨ ਬੀਤ ਗਯੋ ਹੈ। ਬ੍ਰਿੱਤ ਅਖੇਰਹਿਂ ਚੀਤ ਦਯੋ ਹੈ। ਅਨਿਕ ਕਾਮਨਾ ਪੂਰਨ ਕਰੈਂ। ਦਰਸ਼ਨ ਦੇ ਦੇ ਸਿੱਖ ਉਧਰੈਂ॥੨੫॥ਗੁਰਤਾ ਉਚਿਤ ਜਿ ਗੁਨ ਹੈਂ ਸਾਰੇ। ਸਭਿ ਪਈਅਤਿ ਜਿਨ ਕੇਰ ਮਝਾਰੇ। ਸਿੱਖਨ ਸਮੂਹ ਦਰਸਿਬੇ ਆਵੈਂ। ਕਰਹਿਂ ਕਾਮਨਾ ਬਾਂਛਤਿ ਪਾਵੈਂ ॥ ੨੬ ॥ ਸਭਿਹਿਨਿ ਬਿਖੈ ਭਏ ਸਭਿ ਲਾਯਕ। ਮਸਤਕ ਦੀਪਤਿ ਜੋਤਿ ਸੁਭਾਯਕ। ਇਕ ਦਿਨ ਬਿਚਰਤਿ ਕਰਤਿ ਅਖੇਰਾ। ਧੇਨੁ ਮਰੀ ਪਰੀ ਕਹੁ ਹੇਰਾ ॥ ੨੭ ॥ ਹੁਤੀ ਸਬਤਸ਼ਾ[3], ਸੁੰਦਰਘਨੀ। ਦੇਖਤਿ ਦ੍ਰਿਸ਼ਟਿ ਕ੍ਰਿਪਾ ਸੋ ਸਨੀ। ਨਿਜ ਅਨੁਚਰ[4] ਸੋਂ ਗਿਰਾ ਉਚਾਰੀ।-ਵਾਹਿਗੁਰੂ ਕਹਿ ਛਿਰਕਹੁ ਬਾਰੀ[5] ॥ ੨੯ ॥ ਅਲਪ ਸਬਤਸ਼ਾ, ਦੇਹੁ ਜਿਵਾਇ-। ਸੁਨਿ ਸੇਵਕ ਕੀਨਸਿ ਤਿਸ ਭਾਇ।ਬੋਲਤਿ ਉਠੀ ਧੇਨੁ ਤਤਕਾਲਾ।ਧੰਨਜ ਧੰਨਜ ਸਭਿ ਕਹਿ ਤਿਸ ਕਾਲਾ ॥ ੨੯ ॥ ਹਰਿਗੋਬਿੰਦ ਗੁਰੂ ਸੁਨਿ ਬਾਤ। ਕੀਨਸਿ ਨਿਕਟਿ ਹਕਾਰਨਿ ਤਾਤ[6]। ਕਹਯੋ-ਤੁਮਹਿਂ ਇਹ ਰੀਤਿ ਨ ਆਛੀ। ਬਰਜਯੋ ਹੁਤੋ ਸਿਮਰਿ ਗਤਿ ਪਾਛੀ॥੩੦॥ਇਹ ਰਹਿਬੇ ਕੀ ਰੀਤਿ

[1]ਹੋਰ ਕੋਈ ਆਕੇ ਤਿਸਨੂੰ ਘੱਟ ਦੱਸਦਾ ਹੈ। [2]ਮੋਟਾ। [3]ਵੱਛੇ ਵਾਲੀ। [4]ਦਾਸ। [5]ਜਲ। [6]ਪੁੱਤ੍ਰ ਸ਼੍ਰੀ ਗੁਰਦਿੱਤਾ ਜੀ ਨੂੰ।

ਨ ਭੌਹੀ। ਜਨਮ ਮਰਨ ਜਗ ਕੌ ਨਿਤ ਹੋਹੀ। ਭ੍ਰਮ ਨੇ ਸਕਲ ਥਾਨ ਇਮ ਕਰਨੀ। ਪਰਮੇਸੁਰ ਵਿਛਿ ਸੁਭ ਨਹਿੰ ਬਰਨੀ–॥ ੩੧ ॥ ਗੁਰੂ ਪਿਤਾ ਤੇ ਸੁਨਿ ਕਰਿ ਚਾਲੇ। ਮਿਲੇ ਨ ਬੋਲਨਿ ਕਿਧ ਕਿਸ ਨਾਲੇ। ਤਜਨੇ ਸ਼ਰੀਰ ਹੋਇ ਇਕਾਂਤ। ਸਤਿਗੁਰੁ ਪਿਤ ਕੀ ਮਾਨੀ ਬਾਤ ॥੩੨॥ ਅਬਿਲੌ ਤਿਨ ਕੇ ਜੋ ਇਸਥਾਨ। ਕਰਹਿ ਅਰਾਧਨਿ ਬਾਛਾਂ ਠਾਨਿ। ਕਰਿਹੀ ਪੂਰਨ ਸੋ ਤਤਕਾਲਾ। ਇਮ ਗੁਰਦਿੱਤਾ ਭਯੋ ਬਿਸਾਲਾ ॥੩੩॥ ਤਿਨ ਤੇ ਸੁਤ ਉਪਜੇ ਸੁਭ ਦੋਇ। ਗੁਰੁ ਹਰਿਰਾਇ ਧੀਰਮਲ ਸੋਇ। ਸ੍ਰੀ ਗੁਰੁ ਹਰਿਗੋਬਿੰਦ ਬਿਚਾਰੀ। ਗੁਰੁਤਾ ਦਈ ਨ ਪ੍ਰਭੁਨਿ ਚਾਰੀ[1] ॥੩੪॥ ਲਾਇਕ,ਸੁਤ ਕੇ ਪੁੱਤ੍ਰ ਬਿਚਾਰੇ। ਹਰੀਰਾਇ ਨਿਜ ਥਲ ਬੈਠਾਰੇ।ਪੌਤ੍ਰ ਪ੍ਰਬੀਨ ਸਕਲ ਗੁਨਭਾਰੀ। ਲਖਿ ਨਿਜ ਆਇਸ ਕੇ ਅਨੁਸਾਰੀ ॥ ੩੫ ॥ ਸ੍ਰੀ ਗੁਰੁ ਹਰਿਗੋਵਿੰਦ ਦਿਨ ਏਕ। ਗਏ ਬਾਗ਼ ਮਹਿ ਸਹਿਤ ਬਿਬੇਕ। ਕਰਤਿ ਸੈਲ ਫਲਨਿ ਕੀ ਜਾਤੇ। ਖਿਰੇ ਅਨੇਕ ਰੰਗ ਦਰਸਾਤੇ ॥ ੩੬ ॥ ਉਪਬਨ[2] ਬਿਖੇ ਬਿਰਾਜੇ ਜਾਇ। ਸੰਗ ਪਿਤਾਮੇ ਸ੍ਰੀ ਹਰਿਰਾਇ। ਗਏ ਤਹਾਂ ਕੌ ਕੁਛਕ ਪਿਛਾਰੀ। ਸੇਵਕ ਕਿਤਿਕ ਸਿੱਖਜ ਸੰਗਾਰੀ ॥ ੩੭ ॥ ਗਰ ਮਹਿ ਜਾਮਾ ਜਿਹ ਸੋ ਪਾਲੇ॥ ਸੂਖਮ ਬਸਤ੍ਰ ਸੁਭਤਿ ਜਬਿ ਚਾਲੇ। ਮਗ ਕੇ ਨਿਕਟਿ ਕੁਸਮ ਇਕ ਖਰੋ। ਸੁੰਦਰ ਰੰਗ ਭੋਰ ਕੌ[3] ਖਿਰੋ ॥ ੩੮ ॥ ਜਾਮੇ ਸੰਗ ਅਟਕਿ ਸੋ ਟੂਟਾ। ਬਿਨਾ ਕੁਸਮ ਤੇ ਰਹਯੋ ਸੁ ਬੂਟਾ। ਮਿਲੇ ਪਿਤਾਮੇ ਸੋਂ ਪੁਨ ਆਇ। ਟੂਟ ਗਯੋ ਸੁਮਨਸ ਜਿਸ ਬਾਹਿ ॥ ੩੯ ॥ ਸ੍ਰੀ ਗੁਰੁ ਹਰਿਗੋਬਿੰਦ ਨਿਹਾਰਾ। ਸਭਿਹਿਨਿ ਸੋਂ ਇਮ ਬਾਕ ਉਚਾਰਾ–ਇਹਾਂ ਹੁਤੋ ਇਕ ਫੂਲ ਬਿਸਾਲਾ। ਕਿਸਨੇ ਤੋਰ ਲੀਨਿ ਇਸ ਕਾਲਾ?–॥ ੪੦ ॥ ਦਾਸਨਿ ਤਨਜੋਂ ਬੰਦਿ ਜੁਗ ਹਾਥਾ–ਸ੍ਰੀ ਹਰਿਰਾਇ ਬਸਤ੍ਰ ਕੇ ਸਾਥਾ।ਉਲਝੋ ਬਾਧੁ ਤੇ, ਲਾਗਿ ਸੁ ਟੂਟਾ। ਨਹੀਂ ਅਪਰ ਤੇ ਜਾਨਯੋਂ ਤੂਟਾ–॥੪੧॥ ਸੁਨਿ ਗੁਰੁ ਸ੍ਰੀ ਮੁਖ ਤੇ ਫੁਰਮਾਯੋ। –ਜਿਨਹੁੰ ਬਸਤ੍ਰ ਏਤੋ ਗਰ ਪਾਯੋ। ਸੋ ਸੰਭਾਰਿ ਕੈ ਕਯੋਂ ਨਹਿ ਚਲਿ ਹੈਂ। ਇਤ ਉਤ ਬਾਧੂ ਤੇ ਜੋ ਹਲਿ ਹੈਂ–॥੪੨॥ ਤਬਿ ਤੇ ਸ੍ਰੀ ਹਰਿਰਾਇ ਸੁ ਮਾਨਿ। ਜਾਮਾ ਪਹਿਰਤਿ ਹੁਤੇ ਮਹਾਨ। ਹਾਥਨਿ ਸੋਂ ਸੰਕੋਰਿ ਚਲੰਤੇ। ਬਾਕ ਪਿਤਾਮੇ ਕੋ ਬਰਤੰਤੇ ॥ ੪੩ ॥ ਜਬਿ ਲੌ ਦੇਹ ਧਰਯੋ ਜਗ ਮਾਂਹਿ। ਚਲਤਿ ਬਸਤ੍ਰ ਕਰ ਛੋਰਯੋ ਨਾਂਹਿ। ਇਸ ਪ੍ਰਕਾਰ ਨਿਤ ਰਹਿ ਅਨੁਸਾਰਾ।

[1] ਚਾਰੋਂ ਪੁੱਤ੍ਰਾਂ ਨੂੰ। [2] ਬਾਗ। [3] ਸਵੇਰ ਦਾ।

ਨਿਰਬਾਹਨੋ ਗਰੁਤਾ ਕਹੁ ਭਾਰਾ॥੪੪॥ ਸ੍ਰੀ ਹਰਿਕ੍ਰਿਸ਼ਨ ਟਿਕੇ ਪਸ਼ਚਾਤੀ। ਤਿਨ ਕੀ ਭਈ ਲਖਹੁ ਸੋ ਬਾਤੀ। ਸ੍ਰੀ ਗੁਰੁ ਹਰਿਗੋਬਿੰਦ ਤੇ ਪਾਛੇ।ਪਹੁੰਚੀ ਗੁਰੁਤਾ ਇਨ ਘਰ ਆਛੇ* ॥ ੪੫ ॥ ਰਾਮਰਾਇ ਕੋ ਛੋਰ ਸੁ ਦੀਨਾ। ਨਹਿੰ ਗੁਰਤਾ ਕੇ ਲਾਇਕ ਚੀਨਾ। ਗੁਰੁ ਹਰਿਰਾਇ ਸਹਿਤ ਹਰਿ ਕ੍ਰਿਸ਼ਨ। ਪਹੁੰ-ਚਤਿ ਭੇ ਪਰਲੋਕ ਅਨੰਦ ਘਨ ॥੪੬॥ ਧੀਰਮੱਲ ਬਿਨ ਅਪਰ ਨ ਕੋਈ। ਗੁਰਤਾ ਕੀ ਲਾਇਕ ਹੁਇ ਜੋਈ। ਯਾਂਤੇ ਸੁਨਿ ਹੋ ਮੱਖਣ ਸ਼ਾਹੁ।ਗੁਰੂ ਗ੍ਰੰਥ ਹੈ ਇਨ ਕੇ ਪਾਹ॥੪੭॥ਜੋਗ ਮਾਨਿਬੇ ਜਾਨਹੁ ਸੋਇ।ਸਕਲ ਕਾਮਨਾ ਪੂਰਨ ਹੋਇ। ਸਰਬ ਪ੍ਰਕਾਰ ਸਭਿਨਿ ਤੇ ਜਾਨਿ।ਧੀਰਮੱਲ ਹੈ ਗੁਰੂ ਮਹਾਨ॥੪੮॥ ਪਿਤਾ ਪਿਤਾਮੇ ਗੁਰੁ ਜਿਸ ਕੇਰੇ। ਭ੍ਰਾਤ ਭਤੀਜਾ ਗੁਰੂ ਬਡੇਰੇ। ਤਿਨ ਸਭਿ-ਹਿਨਿ ਤੇ ਇਹ ਪਸ਼ਚਾਤੀ।ਭਯੋ ਗੁਰੁ ਜਗ ਮਹਿੰ ਬੱਖ੍ਯਾਤੀ ॥ ੪੯ ॥ ਇਸ ਪੀਢੀ ਤੇ ਪੂਰਬ ਜੋਈ। ਤਿਨ੍ਹੈ ਨ ਪਹੁੰਚਤਿ ਗੁਰਤਾ ਕੋਈ। ਯਾਂਤੇ ਕਰਿ ਬਿਚਾਰ, ਉਰ ਮਾਂਹਿ। ਗੁਰ ਲਖਿ ਪੂਜਹੁ ਇਨਹਿੰ ਉਮਾਹਿ' ॥ ੫੦ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮੱਖਣ ਸ਼ਾਹ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥ ੪ ॥

## ੫. [ਮੱਖਣ ਸ਼ਾਹ ਬਕਾਲੇ]।

ਦੋਹਰਾ ॥ ਇਸ ਪ੍ਰਕਾਰ ਪਹਿਲੇ ਦਿਵਸ ਪਠੇ ਸੁ ਨਰ ਸੋਢੀਨਿ। ਨਿਜ ਨਿਜ ਕਹਤਿ ਮਹਾਤਮਨਿ ਲੋਭ ਲਹਿਰ ਮਹਿ ਲੀਨ ॥ ੧ ॥ ਚੌਪਈ ॥ ਭਈ ਨਿਸਾ ਤਬਿ ਮੱਖਣਸ਼ਾਹ। ਗਿਨਹਿ ਗਣੀ ਅਨਗਨ ਮਨ ਮਾਂਹਿ।–ਕਨਾ ਕਰਤੱਬਯ ਮੋਹਿ ਕਹੁ ਅਹੈ।ਇਹ ਸਭਿ ਨਿਜ ਨਿਜ ਵਿਸ਼ਿ ਕੋ ਚਹੈਂ ॥ ੨ ॥ ਗੁਰੁ ਪੂਰਨ ਕੀ ਅਸ ਨਹਿੰ ਬਾਤੀ।ਜੋ ਸਭਿ ਜਗ ਦਾਤਾ ਬੱਖ੍ਯਾਤੀ। ਸਭਿ ਕੋ ਜਾਚੇ ਦੇਖਤਿ ਜੋਇ।ਤਿਸ ਕੀ ਦਸ਼ਾ ਸੁ ਅਸ ਕਸ ਹੋਇ॥੩॥ ਧਨ ਹਿਤ ਮੋ ਪਹਿ ਮਨੁਜ ਪਠਾਏ। ਅਨਿਕ ਭਾਂਤਿ ਕੀ ਬਾਤ ਬਨਾਏ। ਨਿਜ ਨਿਜ ਉਸਤਤਿ ਕਹਿ ਹਿਤ ਪਾਇ। ਹੁੰਡੀ ਨਿਧਨ ਸ਼ਾਹੁ ਕੇ ਭਾਇ[1] ॥ ੪ ॥ ਮਮ ਧਨ ਜੋ ਗੁਰੁ ਢਿਗ ਨਹਿੰ ਜਾਇ। ਅਸਮੰਜਸ[2] ਮੁਝ ਕੋ ਬਨਿਆਇ। ਭਏ ਸਹਾਇਕ ਸਾਗਰ ਮਾਂਹਿ।ਭਯੋ ਧਨੀ ਤਿਨ ਕ੍ਰਿਪਾ ਸੁ ਪਾਹਿ॥੫॥ਪਹੁੰਚੇ ਭੇਟ ਨ ਤਿਨ ਕੇ ਪਾਹੀ। ਇਸ ਤੇ ਬਡੋ ਦੋਸ਼ ਕੋ ਆਹੀ।ਮੁਝ ਤੇ ਜਾਨਨੋ ਪਰੇ ਨ ਕੋਈ। ਦਰਸ਼ਨ ਕਰੌਂ ਦਰਬ ਦਿਉਂ ਸੋਈ ॥੬॥ ਕੌਨ ਜੁਗਤ ਤੇ ਗੁਰ ਕੋ ਪਾਵੇ। ਕਹਿ ਨਿਜ ਮਨ ਕੀ ਆਸ ਪੁਰਾਵੇਂ। ਆਵਨਿ ਸਫਲ ਹੋਹਿ ਤਬਿ

[1]ਨਿਰਧਨ ਸ਼ਾਹ ਦੀ ਹੁੰਡੀ ਵਾਂਙੂ। [2]ਅਯੋਗ।

*ਪਾਠ–ਸਾਠੇ।

ਮੇਰਾ । ਦਰਸ਼ਨ ਕਰਿ ਪਰਸੌਂ ਗਰ ਪੈਰਾ—॥ ੭ ॥ ਰਿਦੇ ਬਿਚਾਰਤਿ ਇਮ ਫੁਰਿ ਆਈ ।—ਦਇ ਦੁਇ ਮੁਹਰ ਦੇਉਂ ਸਭਿ ਤਾਂਈ । ਅਪਨ ਉਪਾਇਨ ਆਪ ਜਿ ਜਾਚੈ[1]।ਤਿਸ ਕੋ ਮੈਂ ਜਾਨੌਂ ਗੁਰ ਸਾਚੈ॥੮॥ ਤਿਨ ਕੋ ਹੀ ਪੂਜਨਿ ਬਨਿ ਆਵੈ । ਗਤ ਜਹਾਜ ਕੀ ਕਹਿ ਜੁ ਜਨਾਵੈ । ਇਸ ਤੇ ਪਰੇ ਉਪਾਇ ਨ ਦੂਜਾ । ਪਾਵੈਂ ਗੁਰੂ ਕਰੌਂ ਪਗ ਪੂਜਾ—॥ ੯ ॥ ਇਮ ਨਿਸ਼ਚੈ ਕਰਿ ਕੈ ਉਰ ਮਹੀਆ । ਪਰਜੋ ਸੇਜ ਪਰ ਨਿੰਦ੍ਰਾ ਲਹੀਆ । ਜਬਿ ਪ੍ਰਭਾਤਿ ਹੋਈ ਉਠਿ ਕਰਿਕੈ । ਮੱਜਨੋ ਸਤਿਗੁਰੂ ਰਿਦੇ ਸਿਮਰਿਕੈ* ॥੧੦॥ ਪਹਿਰੇ ਬਸਤ੍ਰ ਨਵੀਨ ਸਰੀਰ । ਕੁਛ ਧਨ ਲੈ ਸੰਗ ਕਰਿ ਭਟ ਭੀਰ । ਬਰਜੋ ਬਕਾਲੇ ਮਹਿ ਤਬਿ ਜਾਇ । ਪ੍ਰਥਮ ਗ੍ਰਿੰਥ ਸਾਹਿਬ ਢਿਗ ਆਇ ॥੧੧॥ ਧੀਰਮੱਲ ਕੇ ਹੁਤੇ ਜੁ ਪਾਸ । ਖਰੋ ਕਰਾਇ ਤਹਾਂ ਅਰਦਾਸ । ਪੰਚ ਅਸ਼ਰਫੀ ਦੇ ਨਿਜ ਹਾਥ। ਰਿਦੇ ਅਰਾਧਹਿ ਸਤਿਗੁਰ ਨਾਥ॥੧੨॥ ਪੁਨਹਿ ਧੀਰਮਲ ਕੇ ਢਿਗ ਆਇ। ਦੋਇ ਅਸ਼ਰਫੀ ਧਰੀ ਬਨਾਇ । ਬੈਠਿ ਗਯੋ ਦੋਨਹੁਂ ਕਰ ਜੋਰੇ । ਹਿਰਦੇ ਅੰਤਰ ਗੁਰੂ ਨਿਹੋਰੇ[2] ॥ ੧੩ ॥—ਸਰਬ ਸ਼ਿਰੋਮਣਿ ਜੇ ਤੁਮ ਥੀਜੇ । ਅਪਨੀ ਵਸਤੁ ਮੋਹਿ ਤੇ ਲੀਜੇ।ਭਏ ਸਹਾਇਕ ਜੇ ਤੁਮ ਜਾਇ । ਮੈਂ ਢਿਗ ਬੈਠਜੋ ਦੇਹੁ ਬਤਾਇ॥੧੪॥ਸਰਬ ਸ਼ਰੀਰਨਿ ਅੰਤਰਜਾਮੀ। ਜਹਿਂ ਸਿਮਰੈਂ ਤਹਿਂ ਹਾਜ਼ਰ ਸ੍ਵਾਮੀ—। ਰਿਦੇ ਬਿਖੇ ਕਹਿ ਰਹਜੋ ਘਨੇਰਾ ।—ਦੇ ਕੁਛ ਪਤਾ ਮੋਹਿ ਇਕ ਬੇਰਾ—॥ ੧੫ ॥ ਬਡ ਮਸਨੰਦ ਬਿਛਾਵਨਿ ਕੀਨਸਿ । ਭੁਜ ਉਪਧਾਨੁ[3] ਆਸਰੋ ਲੀਨਸਿ । ਕੰਚਨ ਦੰਡ ਜਰਾਉ ਜਰੇ । ਗਹੇ ਸਮੁਖ ਜਿਸ ਕੇ ਨਰ ਖਰੇ ॥੧੬॥ ਰਵਿ ਸਮ ਬਿਜਨਾ[4] ਚਮਕ ਬਿਸਾਲਾ। ਢੁਰਤਿ ਚਮਰ ਚਾਰਹੁਂ ਦਿਸ਼ਿ ਚਾਲਾ । ਨਰ ਅਨੇਕ ਕਰ ਜੋਰਿ ਖਰੇ ਹੈਂ । ਅਨਿਕ ਕਾਮਨਾ ਬਿਨੈ ਕਰੇ ਹੈਂ ॥ ੧੭ ॥ ਸੁੰਦਰ ਬਸਤ੍ਰ ਬਿਭੂਖਨ ਪਹਿਰੇ । ਬੈਠਜੋ ਹਰਖਮਾਨ ਮਨ ਠਹਿਰੇ। ਮੱਖਣਸ਼ਾਹੁ ਦਿਸ਼ਾ ਮੁਖ ਕਰਿਕੈ । ਕੁਛ ਉਦ-ਬੇਗ[5] ਰਿਦੇ ਕਹੁ ਧਰਿਕੈ ॥ ੧੮ ॥ ਬੋਲਜੋ ਧੀਰਮੱਲ ਤਿਸ ਬੇਰੇ । 'ਗੁਰੂ ਘਰ ਕੇ ਤੁਮ ਸਿੱਖ ਬਡੇਰੇ।ਪਾਇਨ ਪਾਸ ਉਪਾਇਨ ਦੇਤੇ । ਸਰਬ ਪ੍ਰਕਾਰ ਖੁਸ਼ੀ ਸੁਭ ਲੇਤੇ' ॥੧੯॥ ਤਬਿ ਹੀ ਸਿਰੋਪਾਉ ਬਹੁ ਮੋਲੇ। ਦੀਨਸਿ ਆਨਿ ਮੇਵੜੇ ਬੋਲੇ । ਇਮ ਜਾਨੀ ਤਿਨ ਸਭਿ ਮਨ ਮਾਂਹਿ ।--ਬਹੁਤ ਭੇਟ ਪੁਨ

[1]ਜੋ ਆਪੇ ਮੰਗਣ । [2]ਅਰਦਾਸ ਕੀਤੀ । [3]ਸਰਹਾਣਾ। [4]ਪੱਖਾ । [5]ਘਬਰਾਹਟ ।

*ਪਾ:—ਬਿਠਕਿਕੈ ।

ਆਨਹਿ ਪਾਹਿ ॥ ੨੦ ॥ ਅਬਿ ਤੌ ਮਸਤਕ ਟੇਕਨਿ ਆਯੋ।ਪੁਨ ਦੇ ਹੈ ਧਨ ਜੇਤਿਕ ਲਯਾਯੋ। ਹੈ ਇਹੁ ਬਡੋ, ਦੀਨ ਕੁਛ ਥੋਰਾ। ਰਹਿ ਦਿਨ ਕਿਤਿਕ ਅਰਪਿ ਹੈ ਔਰਾ—॥੨੧॥ ਯਾਂਤੇ ਸਭਿ ਬਿਧਿ ਮਧੁਰ ਗਿਰਾ ਕਹਿ।ਉਪਦੇਸ਼ਹਿ ਧਨ ਹਿਤ ਜਿਮ ਦੇ ਇਹ। ਮੱਖਣ ਸ਼ਾਹੁ ਚਹਤਿ ਬਹੁ ਸੋਈ।—ਪਤਾ ਜਹਾਜ ਕੇਰ ਦੇ ਕੋਈ—॥ ੨੨ ॥ ਰਿਦੈ ਬਿਚਾਰਤਿ ਭਾ ਇਸ ਭਾਇ—ਇਹੁ ਤੋ ਸਭਿ ਤੇ ਬਡਾ ਕਹਾਇ। ਦੇਸ਼ ਅਨੇਕਨਿ ਕੇ ਨਰ ਆਵੈਂ। ਇਸ ਕੇ ਚਰਨਨਿ ਸੀਸ ਝੁਕਾਵੈਂ ॥ ੨੩ ॥ ਗਾਦੀ ਦਿਯ ਜਬਿ* ਗੁਰ ਹਰਿਰਾਇ। ਇਸ ਕੇ ਮਾਨ ਰਾਖਨੇ ਭਾਇ। ਕਿਤਿਕ ਦੇਸ਼ ਸਿਖਯਨਿ ਕੇ ਦੀਨਿ। ਸੇ ਮਾਨਹਿਂ ਕਰਿ ਗੁਰੂ ਪ੍ਰਬੀਨ ॥੨੪॥ ਗੁਰੂ ਹੁਤੇ ਜਬਿ ਬਿਦਤ ਸ਼ਰੀਰ। ਤਬਿ ਭੀ ਬਹੁਤ ਜੁ ਮਾਨੁਖ ਭੀਰ। ਦੇ ਦੇ ਭੇਟ ਉਪਾਸਨਿ ਕਰਿਹੀਂ। ਐਸ਼੍ਵਰਜ ਬਿਖੈ ਬਡੋ ਭਰਪੂਰ ਹੀ॥੨੫॥ ਮੋਹਿ ਨ ਦੀਨਸਿ ਪਤਾ ਜਹਾਜ।ਸਰਿਤਾਪਤਿ ਮਹਿਂ[1] ਰਾਖਸਿ ਲਾਜ। ਕਨੌਂ ਨ ਅਮਾਨਤ ਅਪਨੀ ਲੀਨਿ। ਕਰਯੋ ਕਾਜ ਮੁਝ ਕੋ ਲਖਿ ਦੀਨ ॥ ੨੬ ॥ 'ਗੁਰੂ ਇਹੀ, ਲੀਨਸਿ ਗੁਰਿਆਈ'। ਇਹ ਨਿਸ਼ਚਾ ਕਿਮ ਮਮ ਠਹਿਰਾਈ[2]। ਯਾ ਉਸਤਤਿ ਕੋ ਕਰਤਿ ਘਨੇਰੇ। ਨਾਂਹਿ ਪਰਤ ਪਰਤੀਤ ਸੁ ਮੇਰੇ ॥ ੨੭ ॥ ਮਮ ਅੰਤਰ ਕੀ ਗਤਿ ਨਹਿਂ ਜਾਨੀ। ਤਹਿਂ ਸਹਾਇ ਕੀ, ਕਿਮ ਲਿਉਂ ਮਾਨੀ[3]। ਗੁਰਤਾ ਮਾਹਂ ਸੰਸੈ ਇਸੁ ਮਾਂਹੀ। ਜੋਤਿ ਪ੍ਰਕਾਸ਼ਤਿ ਮੁਖ ਪਰ ਨਾਂਹੀ—॥ ੨੮॥ ਭਯੋ ਦੀਨ ਮਨ ਮਖਣਸ਼ਾਹ।ਪੂਰ ਮਨੋਰਥ ਹੋਯਹੁ ਨਾਂਹ। ਮਧੁਰ ਗਿਰਾ ਬੋਲਯੋ ਕਰ ਜੋਰੀ। 'ਆਇਸੁ ਦਿਹੁ ਦਰਸਾਉਂ ਬਹੋਰੀ' ॥ ੨੯ ॥ ਮਸਤਕ ਟੇਕਿ ਉਠਾਨ ਭਾ ਤਯਾਰ। ਧੀਰਮੱਲਜ ਨਿਜ ਹਾਥ ਪਸਾਰਿ। ਮਧੁਰ ਪ੍ਰਸ਼ਾਦ ਦਯੋ ਕਹਿ ਬੈਨ।

---

[1]ਸਮੁੰਦਰ ਵਿਚ। [2]ਇਹ ਮੇਰਾ ਨਿਸ਼ਚਾ ਕਿਵੇਂ ਬੱਝੇ। [3]ਓਥੇ ਸਹਾਇਤਾ (ਇਸਨੇ) ਕੀਤੀ ਹੈ ਇਹ (ਮੈਂ) ਕਿਵੇਂ ਮੰਨ ਲਵਾਂ।

*ਇਸ 'ਜਬ' ਤੋਂ ਪਤਾ ਲਗਦਾ ਹੈ ਕਿ ਮਸੰਦਾਂ ਨੇ ਇਹ ਗਲ ਉਸਨੂੰ ਪ੍ਰੇਰਨ ਲਈ ਕਹੀ ਸੀ। ਹੁਣ ਮੱਖਣ ਸ਼ਾਹ ਸੋਚਦਾ ਹੈ ਕਿ ਜਦ ਇਸਨੂੰ ਕਈ ਥਾਵਾਂ ਦੀ ਸਿੱਖੀ ਦਿੱਤੀ ਸੀ ਤੇ ਇਸਦੀ ਗੁਰੂ ਜੀ ਦੇ ਹੁੰਦਿਆਂ ਪੂਜਾ ਬੀ ਹੁੰਦੀ ਸੀ, ਸੋ ਜੇ ਇਹ ਗੱਲਾਂ ਠੀਕ ਹੁੰਦੀਆਂ ਤਾਂ ਇਹ ਗੁਰੂ ਹੁੰਦਾ, ਜੇ ਗੁਰੂ ਹੁੰਦਾ ਤਾਂ ਮੈਨੂੰ ਜਹਾਜ਼ ਦਾ ਪਤਾ ਕਿਉਂ ਨਹੀਂ ਦਿੱਤਾ ਸੂ? ਕਿਉਂਕਿ ਅੰਕ ੨੭ ਵਿਚ ਕਹਿੰਦਾ ਹੈ ਕਿ ਐਉਂ ਘਨੇਰੇ ਉਸਤਤਿ ਕਰਦੇ ਹਨ ਪਰ ਮੈਨੂੰ ਪ੍ਰਤੀਤ ਨਹੀਂ ਆਉਂਦੀ।

'ਗੁਰੁ ਸਹਾਇ ਭ੍ਰਮਹਿਂ ਦਿਨ ਰੈਨ' ॥ ੩੦ ॥ ਬੰਦਨ ਕਰਿ ਨਿਕਸਨੋ ਤਿਸ ਡੇਰੋ।ਅਪਰ ਜਾਇ ਸੋਢੀ ਸਭਿ ਹੇਰੇ । ਜੁਗ ਜੁਗ ਮੁਹਰ ਅਗਾਰੀ ਧਰਿ ਕੈ। ਸਭਿ ਕੇ ਪਾਇਨ ਬੰਦਨ ਕਰਿਕੈ ॥ ੩੧ ॥ ਬਾਂਛਾ ਕਰਤਿ ਰਿਦੇ ਮਹਿ ਧੀਰ ।–ਦੇਹਿ ਪਤਾ ਕੋ ਜਲਧਿ ਗੰਭੀਰ[1] । ਮੋ ਤੇ ਲੇਹਿ ਅਮਾਨਤ ਆਪ।ਜੋ ਗੁਰਤਾ ਕੋ ਧਰੈ ਪ੍ਰਤਾਪ–॥ ੩੨ ॥ ਨਹਿ ਕਿਨਹੂੰ ਇਹ ਬਾਤ ਜਨਾਈ ।– ਹਮ ਜਹਾਜ ਭਵ ਦੀਨਿ ਲੰਘਾਈ–। ਸਾਦਰ ਸੋਢੀ ਸਭਿ ਬੈਠਾਵੈਂ ।ਸਹਿਤ ਬਹੈਨਾ[2] ਨਿਜ ਸਭ੍ਰਤਿ ਸੁਨਾਵੈਂ ॥ ੩੩ ॥ ਬਾਕ ਖੁਸ਼ੀ ਕੇ ਕਹੈਂ ਘਨੇਰੇ । ਸਿਰੋਪਾਉ ਦੇ ਮੋਲ ਬਡੇਰੇ । 'ਹਮਰੇ ਸਿਖ ਸੇਵਕ ਤੂੰ ਭਾਰਾ।ਗੁਰੁ ਦੀਨਸਿ ਤੁਝ ਦਰਬ ਉਦਾਰਾ ॥ ੩੪ ॥ ਸਿੱਖੀ ਕੋ ਨਿਰਬਾਹ ਕਰੰਤਾ । ਸਾਧ ਸਾਧ ਤੁਝ ਬਡ ਬੁਧਿਵੰਤਾ । ਦਰਸ਼ਨ ਕਰਨਿ ਦੂਰ ਤੇ ਆਯੋ । ਸਭਿ ਪਰਿਵਾਰ ਸੰਗ ਹੀ ਲ੍ਯਾਯੋ' ॥ ੩੫ ॥ ਇੱਤਯਾਦਿਕ ਮੁਖ ਮਧੁਰ ਬਚੈਨਾ। ਕਹਿ ਕਰਿ ਸਿਖ ਕੋ ਕਰਹਿਂ ਪ੍ਰਸੰਨਾ। ਅਪਰ ਰੀਤਿ ਸਤਿਗੁਰੁ ਕੀ ਜੇਈ। ਸਰਬ ਪ੍ਰਕਾਰ ਕਰਤਿ ਹੈਂ ਤੇਈ ॥ ੩੬ ॥ ਜਿਮ ਬਨ ਮਹਿਂ ਮ੍ਰਿਗਪਤਿ[3] ਦੁਰ ਰਹੈ। ਸਭਿ ਮ੍ਰਿਗ ਬਨਪਤਿ[3] ਬਨਿ ਬਨਿ ਕਹੈਂ । ਤਥਾ ਰੀਤਿ ਸਭਿ ਕਰਤਿ ਗੁਰੂ ਕੀ । ਨਹਿ ਪਰੰਤੁ ਸਿਖ ਆਸ ਪੁਰੂ ਕੀ[4] ॥ ੩੭ ॥ ਕੇਹਰਿ ਕਰਮ ਕੇਹਰੀ ਕਰੈ । ਅਪਰ ਮ੍ਰਿਗਨਿ ਤ ਕਿਮ ਨਹਿ ਸਰੈ । ਇਮ ਮਨਾਇ ਕਰਿ ਸਭਿ ਸੋਢੀਨਿ । ਦੁਇ ਦੁਇ ਮੁਹਰ ਅਰਪਨਾ ਕੀਨਿ ॥ ੩੮ ॥–ਅੰਤ੍ਰਜਾਮਤਾ ਕਿਸਹੂੰ ਨਾਂਹੀ–। ਮੱਖਣ ਨਿਸ਼ਚੈ ਕਿਯ ਮਨ ਮਾਂਹੀ । ਤਬਿ ਚਲਿ ਗਯੋ ਆਪਨੇ ਡੇਰੇ । ਦੀਨ ਮਨਾ ਹੁਇ ਰਹਯੋ ਬਡੇਰੇ ॥ ੩੯ ॥–ਅਬਿ ਕਰਤਬ ਕਿਮ ਹੈ ਮੁਝ ਨੀਕਾ । ਕਹਾਂ ਕਰਵਿ ਮੈਂ ?ਗੁਰੂ ਨ ਠੀਕਾ[5] । ਮੰਦ ਭਾਗ ਮੈਂ ਅਪਨਿ ਨਿਹਾਰਾ । ਗਮਨ ਪੰਥ ਬਡ ਨਿਫਲਯੋ ਸਾਰਾ॥੪੦॥ਜਥਾ ਕੇਹਰੀ ਕੰਦਰ ਮਾਂਹਿ । ਜਥਾ ਘਟਾ ਮਹਿਂ ਰਵਿ ਦੁਰ ਜਾਂਹਿ । ਮਹਾਂਰਾਜ ਜਿਮ ਰਹਿ ਰਣਵਾਸੇ । ਛਪੇ ਗੁਰੂ ਤਿਮ ਨਹੀਂ ਪ੍ਰਕਾਸ਼ੇਂ॥੪੧॥ਸਤਿਗੁਰੁ ਦਰਸ਼ਨ ਸਾਰ ਸਰਬ ਕੋ । ਨਹਿ ਪਾਯਹੁ ਨਾਹਿਂ ਦਿਯੋ ਦਰਬ ਕੋ–। ਇਸ ਪ੍ਰਕਾਰ ਚਿਤਵਤਿ ਦੁਚਿਤਾਈ । ਦੁਤਿਯ ਸਰਬਰੀ[6] ਸਰਬ ਬਿਤਾਈ ॥ ੪੨ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਏਕਾਦਸ਼ ਰਾਸੇ 'ਮੱਖਣਸ਼ਾਹ ਉਪਾਖਯਾਨ ਦੇਹਿ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥ ੫ ॥

---

[1]ਡੂੰਘੇ ਸਮੁੰਦਰ (ਦੀ ਗਲ) ਦਾ । [2]ਬਹਾਨੇ ਨਾਲ । [3]ਸ਼ੇਰ । [4]ਪਰ ਸਿੱਖਾਂ ਦੀ ਆਸ ਪੂਰੀ ਕਰਨ ਦੀ (ਗੱਲ, ਨਹੀਂ ਕਰਦੇ । [5]ਠੀਕ (=ਨਿਸਚਿਤ) ਗੁਰ (ਕੌਣ ਹੈ) (ਮੈਂ ਕਿਹਦੇ) ਨਹੀਂ ਸਭ ਸੁਝਿਆ । [6]ਦੂਜੀ ਰਾਤ ।

## ੬. [ਮਾਤਾ ਨਾਨਕੀ ਜੀ]।

ਦੋਹਰਾ ॥ ਸਕਲ ਗ੍ਰਾਮ ਮਹਿ ਬਿਦਤ ਭੀ–ਮੱਖਣ ਸਿਖ ਇਕ ਆਇ। ਦਈ ਉਪਾਇਨ ਸਭਿਨਿ ਕੋ ਜੋ ਸੋਢੀ ਗੁਰੁ ਥਾਇਂ–॥ ੧ ॥ ਚੌਪਈ ॥ ਸ੍ਰੀ ਗੁਰੁ ਤੇਗ ਬਹਾਦਰ ਮਾਤਾ। ਨਾਮ ਨਾਨਕੀ ਜਗ ਬੱਖਯਾਤਾ। ਪਤਿਬਰਤਾ ਧਰਮਾਤਮ ਰੂਪਾ। ਰੁਚਿਰ ਸੁਸ਼ੀਲਾ ਗੁਣਨਿ ਅਨੂਪਾ॥੨॥ਮਧੁਰ ਭਾਸ਼ਣੀ[1], ਦੀਰਘ ਦਰਸਾ। ਸਤਿਗੁਰੁ ਧਯਾਨ ਪਰਾਇਣ ਹਰਸਾ[2]। ਪ੍ਰਿਯ ਪੁੱਤ੍ਰ,ਮਨ ਮ੍ਰਿਦੁਲ, ਕੁਲੀਨਾ। ਸਦਾ ਕ੍ਰਿਪਾਲੂ, ਪਰਮ ਅਦੀਨਾ[3] ॥ ੩॥ ਤਿਸ ਢਿਗ ਗਏ ਦਾਸ ਤਬਿ ਦੌਰੇ। ਬੈਠੇ ਚਿਤ ਸ਼ਾਂਤੀ ਘਰ ਠੌਰੇ। ਕਹਯੋ ਜਾਇ 'ਹੇ ਦੀਰਘ ਮਾਤਾ! ਇਕ ਸਿਖ ਆਯੋ ਗੁਰੁ ਜਸੁ ਗਯਾਤਾ ॥੪॥ ਧਨੀ ਮਹਤ ਬੁਧਿਵੰਤ ਘਨੇਰਾ। ਕਲ ਸੰਧਯਾ ਕਿਯ ਬਾਹਰ ਡੇਰਾ। ਸਾਥ ਮਨੁੱਖਨਿ ਕੋ ਸਮੁਦਾਯਾ। ਆਜ ਗ੍ਰਾਮ ਅੰਤਰ ਚਲਿ ਆਯਾ ॥ ੫ ॥ ਪੂਰਬ ਗਯੋ ਧੀਰ-ਮਲ ਡੇਰੇ। ਸੁਜਸੁ ਮਸੰਦ ਕਹੈਂ ਤਿਹ ਪ੍ਰੇਰੇ[4]। ਸਪਤ ਅਸ਼ਰਫੀ* ਤਹਾਂ ਚਢਾਇ। ਦ੍ਵੈ ਦ੍ਵੈ ਸਭਿਨਿ ਸੋਢਯਨਿ ਥਾਇਂ ॥੬॥ ਬੂਝੋ[5] ਸੰਗ ਮਸੰਦ ਜਿ ਹੋਤੇ।–ਪਹੁੰਚੀ ਭੇਟ ਸਭਿਨਿ ਢਿਗ ਸੋ ਤੇ–।ਨਹੀਂ ਜਨਾਯੋ ਥਾਨ ਤੁਮਾਰੋ। ਤਬਿ ਸਿਖ ਗਯੋ ਵਹਿਰ ਧਨਵਾਰੋ॥੭॥ ਪੁੱਤ੍ਰ ਆਪ ਕੇ ਵਹਿਰ ਨ ਬੈਸੇਂ†। ਕ੍ਰਿਤ ਨ ਕਰਹਿਂ ਸਭਿ ਸੋਢੀ ਜੈਸੇ। ਕਿਮ ਆਵਹਿ ਧਨ, ਸਿਖ ਨਹਿਂ ਜਾਨਹਿਂ। ਮਿਲਹਿਂ ਜਿ ਬੋਲਹਿਂ ਤਿਨ ਹੂੰ ਮਾਨਹਿਂ[6]'॥੮॥ਇਮ ਸੁਨਿ ਮਾਤ ਗਈ ਸੁਤ ਪਾਸ। ਪਉੜ੍ਹੇ ਹੁਤੇ ਉਠੇ ਸੁਖਰਾਸ। ਇਕ ਦ੍ਵਿਇ ਸਿੱਖਯ ਦਾਸ ਥਿਤ ਤੀਰ। ਪਿਖਯੋ ਪੁੱਤ੍ਰ ਕੋ ਰਿਦਾ ਗੰਭੀਰ ॥੯॥ ਤਊ ਸ਼ਰੀਕ ਕ੍ਰਿਤ[7] ਕੋ ਦੇਖਿ। ਕਹਯੋ 'ਪੁੱਤ੍ਰ! ਹੇ ਬੁੱਧਿ ਬਿਸ਼ੇਖ।ਬੈਠਹੁ ਵਹਿਰ ਦਿਖਾਵਹੁ ਆਪ। ਕਰਹੁ ਮਸੰਦਨਿ ਸੰਗ ਮਿਲਾਪ ॥੧੦ ॥ ਪਿਤਾ ਤੁਮਾਰੇ ਕੀ ਇਹ ਗਾਦੀ। ਕਰਹੁ ਰੀਤਿ ਜਿਮ ਹੈ ਗੁਰੁ ਆਦੀ। ਦਰਸ਼ਨਿ ਦੇਹੁ ਉਪਾਇਨ ਲੇਹੁ। ਬੈਠਹੁ ਬੋਲਹੁ ਸਹਤ ਸਨੇਹੁ ॥ ੧੧ ॥ ਦੂਰ ਦੇਸ਼ ਤੇ ਸਿਖ ਚਲਿ ਆਯੇ।

---

[1]ਮਿੱਠਾ ਬੋਲਣ ਵਾਲੀ। [2]ਪ੍ਰਸੰਨ ਰੂਪ। [3]ਬਹੁਤ ਉਚੀ ਆਤਮਾ ਵਾਲੀ। [4]ਮਸੰਦ ਤਿਸ (ਸਿੱਖ) ਨੂੰ ਪ੍ਰੇਰਨ ਵਾਸਤੇ ( ਧੀਰ ਮੱਲ ਦਾ ) ਜਸ ਕਹਿੰਦੇ ਹਨ। [5]( ਮੱਖਣ ਸ਼ਾਹ ਨੇ ) ਪੁਛਿਆ। [6]ਜੋ (ਸਿੱਖਾਂ ਨਾਲ) ਮਿਲਦਾ ਬੋਲਦਾ ਹੈ ਉਸ ਨੂੰ (ਹੀ ਸਿਖ) ਮੰਨਦੇ ਹਨ। [7]ਸ਼ਰੀਕਾਂ ਦੀ ਕਾਰ।

*ਦੇ ਧੀਰ ਮੱਲ ਨੂੰ ਹੋਰ ਸੋਢੀਆਂ ਵਾਂਙੂ ਤੇ ਪੰਜ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟਾ। [ਦੇਖੋ: ਖਾ:] ਅਤੇ ਉਪਰ ਪਿਛਲੇ ਅੰਸੂ ਦਾ ਅੰਕ ੧੨ ਤੇ ੧੩।

†ਪਾਠ–ਬਾਹਰ ਗ੍ਰਿਹ ਕੈਸੇ।

ਸਭਿ ਗੁਰੁਥੰਸਹਿ ਦਰਬ ਚਢਾਯੋ। ਤੁਮ ਭੀ ਵਹਿਰ ਹੋਤਿ ਢਿਗ ਆਵਤਿ। ਸਭਿ ਕੇ ਸਮ ਪਿਖਿ ਧਨ ਅਰਪਾਵਤਿ ॥ ੧੨ ॥ ਹੇ ਸੁਤ ! ਜੋ ਪਰਿਵਾਰ ਗੁਜ਼ਾਰਾ।ਆਇ ਵਹਿਰ ਤੇ ਹੋਤਿ ਅਹਾਰਾ। ਕਰਹਿਂ ਸ਼ਰੀਕ ਈਰਖਾ ਸਾਰੇ। —ਹਮ ਗੁਰੁ ਹਮ ਗੁਰੁ—ਕਰਤਿ ਉਚਾਰੇ ॥੧੩॥ ਦੇ ਰਿਸ਼ਵਤ ਬਹੁ ਕਰਹਿਂ ਉਪਾਇ। ਜਨੋਂ ਜਨੋਂ ਲੇਹਿਂ ਮਸੰਦ ਮਿਲਾਇ। ਜੋ ਮਸੰਦ ਮਿਲਿ ਨਿਜ ਪਖ ਧਾਰੈਂ। ਦੇਸ਼ਨਿ ਸੰਗਤਿ ਲਜਾਇਂ ਸੰਗਾਰੈ ॥ ੧੪ ॥ ਅਰਪਾਵਹਿਂ ਧਨ ਤਿਨ ਕੇ ਪਾਸ। ਬਹੁ ਬਡਿਆਇ ਕਰਹਿਂ ਅਰਦਾਸ। ਧਨੀ ਸ਼ਰੀਕ ਹਮਾਰੇ ਭਏ। ਐਸ੍ਵਰਜ ਅਧਿਕ ਸਭਿਨਿ ਢਿਗ ਥਿਏ ॥ ੧੫ ॥ ਪਾਛਲਿ ਰੀਤਿ ਤਜਾਗ ਦਿਹੁ ਤਾਤ ! ਸਭਿਨਿ ਬਿਖੇ ਬਰਤਹੁ ਬੱਖਜਾਤ। ਅੰਤਰ ਬੈਠਨੋ ਲਖਹਿ ਨ ਕੋਈ। ਕਿਮ ਪੂਜਹਿਂ ਤੁਮ ਕੋ ਸਿਖ ਜੋਈ ॥ ੧੬ ॥ ਤੁਮਰੇ ਪਿਤਾ ਪਿਤਾਮੇ ਜੈਸੇ। ਕਰਹੁ ਅਚਰਨ, ਨੀਕਿ ਬਿਧਿ, ਤੈਸੇ[1]। ਨਰਨਿ ਬਿਖੇ ਕਰਹਿ ਨ ਬਿਵਹਾਰਾ। ਤਿਹ ਕੋ ਕਹਹਿ—ਏਹ ਮਤਵਾਰਾ[2]—। ੧੭॥ ਹੇ ਸੁਤ ਧਾਂਤੇ ਬੈਠਹੁ ਬਾਹਰ। ਬੋਲਹੁ ਮਿਲਹੁ ਹੋਹਿ ਜਗ ਜ਼ਾਹਰ।ਪਿਖਹੁ ਸ਼ਰੀਕ ਕਰਤਿ ਕ੍ਰਿਤ ਜੈਸੇ।ਦਰਬ ਉਪਾਵਹਿਂ ਜੈਸੇ ਕੈਸੇ ॥ ੧੮ ॥ ਅਪਨਿ ਆਪ ਕੋ ਬਡੋ ਕਹਾਹਿਂ।—ਹਮ ਹੈਂ ਗੁਰੂ—ਕਹਹਿਂ ਸਭਿ ਮਾਂਹਿ। ਪਿਤਾ ਪਿਤਾਮਾ ਮਹਤ ਤੁਮਾਰਾ। ਤਿਨਹੁੰ ਥਾਨ ਨਿਜ ਲਖਹੁ ਉਦਾਰਾ[3]' ॥੧੯॥ ਜਨਨੀ ਗਿਰਾ ਸੁਨੀ ਕਰਿ ਮਨ। ਨਹਿਂ ਉੱਤਰ ਦੀਨਸ ਬਿਧਿ ਕੌਨ। ਹੁਤੇ ਸਮੀਪਿ ਸਿੱਖਜ ਅਰੁ ਦਾਸ। ਜੋਰੇ ਹਾਥ ਕਰੀ ਅਰਦਾਸ ॥ ੨੦ ॥ 'ਸ੍ਰੀ ਗੁਰੁ ਜੀ ! ਸਭਿ ਲਾਇਕ ਆਪ। ਤੁਮਰੇ ਸਭਿ ਤੇ ਅਧਿਕ ਪ੍ਰਤਾਪ। ਸਿੱਖਜਨਿ ਦੇਹੁ ਦਰਸ, ਨਿਸਤਾਰਹੁ। ਉਪਦੇਸ਼ਨਿ ਹਿਤ ਬਾਕ ਉਚਾਰਹੁ ॥੨੧॥ ਰੌਰਾ ਪਰਜੋ ਬੀਚ ਗੁਰਿਆਈ। ਤੁਮ ਛਿਪ ਰਹੇ ਨ ਜਾਨੇ ਜਾਈ। ਕਰਹੁ ਕਾਮਨਾ ਸਿੱਖਨਿ ਪੂਰੀ। ਆਵਹਿ ਦਰਬ ਅਰਪਿ ਹੈਂ ਭੂਰੀ ॥੨੨॥ ਜਬਾਹ ਬਿਦੇਸ਼ੀ ਸਿੱਖਜ ਸੁ ਆਵਾ। ਤੇਟੈਂ ਸਭਿ ਸੋਢੀਨਿ ਚਲਾਵਾ। ਤਬਿ ਮੈਂ ਚਹਨੇ ਜਾਉਂ ਤਿਸ ਪਾਸ। ਕਰੌਂ ਆਪ ਕੀ ਬਾਤ ਪ੍ਰਕਾਸ਼ ॥ ੨੩ ॥ ਭੀਰ ਨਰਨਿ ਕੀ ਚਹੁੰਦਿਸ਼ਿ ਮਾਂਹਿ। ਬ੍ਰਿੰਦ ਮਸੰਦ ਅਨੰਦਤਿ ਤਾਂਹਿ।

[1] ਤਿਵੇਂ (ਆਪ) ਚੰਗੀ ਤਰ੍ਹਾਂ ਕੰਮ ਕਰੋ ਭਾਵ ਇਹ ਕਿ ਛਪੇ ਨਾ ਪ੍ਰਗਟ ਹੋਕੇ ਦਰਸ਼ਨ ਦਿਓ। [2] ਕਮਲਾ। [3] ਭਾਵ ਇਹ ਕਿ ਉਹ ਤਾਂ ਗੁਰੂ ਨਹੀਂ ਹਨ ਤੇ ਫੇਰ ਕਹਿ ਰਹੇ ਹਨ ਕਿ 'ਹਮ ਗੁਰੂ ਹੈਂ' ਤੇ ਤੁਸੀਂ ਗੁਰੂ ਹੋਕੇ ਤੇ ਫੇਰ ਛੁਪਦੇ ਹੋ।

ਪਹੁੰਚਯੋ ਗਯੋ ਨ ਵਿਗ ਤਬਿ ਮੋਹੀ। ਨਿਕਸਨਿ ਵਹਿਰ ਗਾਮ ਤਿਸ ਹੋਹੀ ॥ ੨੪ ॥ ਦੇਖਿ ਸੁ ਮੈਂ ਹਟਿ ਰਹਯੋ ਪਿਛਾਰੀ। ਅਪਰ ਨ ਸ਼ਧਿ ਕਿਨ ਤਿਸੈ ਉਚਾਰੀ। ਸ੍ਰੀ ਗੁਰੂ ਹਰਿ ਗੋਵਿੰਦ ਕੇ ਨੰਦ। ਆਖਯ[1] ਤੇਗਬਹਾਦਰ ਬੋਦ ॥੨੫॥ ਸੋ ਆਵਤਿ, ਜਬਿ ਇਮ ਸਨਿ ਲੇਤੋ। ਰਾਵਰਿ ਪਾਸ ਉਪਾਇਨ ਦੇਤੋ। ਕੇਤਿਕ ਦਿਵਸ ਰਹਯੋ ਜੇ ਇਹਾਂ। ਤੌ ਹਮ ਜਾਇ ਜਨਾਵਹਿ ਤਹਾਂ ॥ ੨੬ ॥ ਸੋ ਸਿਖ ਹੈ ਸ਼ਰਧਾਲੂ ਬਿਸਾਲਾ। ਆਇ ਬਿਲੋਕਹਿਗੋ ਤਤਕਾਲਾ'। ਸ੍ਰੀ ਗੁਰੁ ਤੇਗਬਹਾਦਰ ਸਨਿ ਕੈ। ਬਰਜਨਿ ਕੀਨਸਿ ਬਾਕਨਿ ਭਨਿ ਕੈ ॥ ੨੭ ॥ 'ਹਮ ਕੋ ਜ਼ਾਹਰ ਬਾਹਰ ਕਰੋ। ਪਨ ਨ ਮਨੋਰਥ ਇਹ ਉਰ ਧਰੋ। ਜੋ ਮਾਨੁਖ ਇਮ ਕਰਿ ਹੈ ਕਾਰਾ[2]। ਤਿਹ ਮੁਖ ਹੁਇ ਦਰਗਹਿ ਮਹਿਂ ਕਾਰਾ ॥ ੨੮ ॥ ਧਾਂਤੇ ਤੁਸ਼ਨਿ ਪਿਖਹੁ ਤਮਾਸ਼ਾ॥ ਜਿਮ ਹੁਇ ਕਰਤਾ ਪੁਰਖ ਬਿਲਾਸਾ'। ਸੁਨਤਿ ਸਿੱਖਗ ਉਪਜਯੋ ਉਰ ਤ੍ਰਾਸਾ। ਭਯੋ ਮੋਨ ਕੁਛ ਮੁਖ ਨ ਪ੍ਰਕਾਸ਼ਾ॥੨੯॥ ਜਨਨੀ ਚਿੰਤ ਮਾਨ ਉਠਿ ਆਈ। ਸੁਤ ਕੇ ਬਾਕ ਸੁਨਤਿ ਅਰਗਾਈ[3]। ਬਡ ਬੈਰਾਗਵਾਨ ਸੁਤ ਜਾਨੇ। ਰਿਦਾ ਪਰਮ ਬਜਾਕੁਲਤਾ ਠਾਨੇ॥੩੦॥ ਦੋਹਰਾ॥ ਇਮ ਸ੍ਰੀ ਮੁਖ ਤੇ ਬਾਕ ਭ੍ਰਾ ਲਿਯੋ ਕਿਤਿਕ ਸੁਨਿ ਕਾਨ। ਅਬਿ ਮੱਖਣ ਕੀ ਬਾਰਤਾ ਮਿਲਿਬੋ ਕਰਵਿ ਬਖਾਨ ॥੩੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ ਰਾਸੇ 'ਸ੍ਰੀ ਗੁਰ ਮਾਤਾ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥ ੬ ॥

## ੭. [ਮੱਖਣ ਸ਼ਾਹ ਤੇ ਸ੍ਰੀ ਗੁਰ ਤੇਗ ਬਹਾਦਰ ਜੀ]।

ਦੋਹਰਾ ॥ ਚਿੰਤਮਾਨ ਚਿਤ ਮਹਿਂ[4] ਅਧਿਕ ਮਨ ਕੋ ਕਸ਼ਟ ਬਿਸਾਲ। ਜਾਮ ਜਾਮਨੀ ਜਾਗਿ ਕੈ ਕਰਿ ਸ਼ਨਾਨ ਬਿਧਿ ਨਾਲ ॥ ੧ ॥ ਚੌਪਈ ॥ ਜਪੁਜੀ ਆਦਿਕ ਸਤਿਗੁਰ ਬਾਨੀ। ਪਠਿ ਪਠਿ ਦਰਸ ਕਾਮਨਾ ਠਾਨੀ।–ਸ੍ਰੀ ਹਰਿ ਕ੍ਰਿਸ਼ਨ ਬਾਕ ਨਹਿਂ ਝੂਠੇ। ਮਿਟਹਿਂ ਨਹੀ, ਹੁਇਂ ਅਪਰ ਅਪੁਠੇ[5]॥੨॥ ਰਵਿ[6] ਸੀਤਲ, ਨਿਸਪਤਿ[7] ਤਪਤਾਵੈ। ਪਵਨ ਟਿਕਹਿ, ਨਿਜ[8]* ਮੇਰੁ ਹਿਲਾਵੈ। ਅਚਲਾ ਚਲਹਿ[9], ਸਿੰਧੁ ਸੁਕ ਜਾਈ। ਹਿਮ ਸਮ ਪਾਵਕ[10] ਤੇਜ ਬਨਾਈ॥

---

[1] ਨਾਮ। [2] ਭਾਵ ਇਨ੍ਹਾਂ ਦੂਸਰੇ ਸੋਢੀਆਂ ਵਾਂਙੂ ਮੁਕਾਬਲੇ ਵਿੱਚ ਜਾਣ ਲਈ ਜੋ ਸਾਨੂੰ ਜ਼ਾਹਰ ਕਰੇਗਾ। [3] ਚੁੱਪ ਹੋ ਗਈ। [4] (ਮੱਖਣ ਸ਼ਾਹ ਦੇ) ਚਿੱਤ ਵਿੱਚ। [5] ਹੋਰ ਗਲਾਂ ਭਾਵੇਂ ਪੁੱਠੀਆਂ ਹੋ ਜਾਣ। [6] ਸੂਰਜ। [7] ਚੰਦ੍ਰਮਾਂ। [8] ਅਪਣੇ ਆਪ ਨੂੰ। [9] ਪ੍ਰਿਥਵੀ ਚੱਲ ਪਵੇ। (ਅ) ਅਚਲਾ ਚਲਹਿ=ਪਹਾੜ ਤੁਰ ਪੈਣ। [10] ਬਰਫ ਅੱਗ ਵਾਂਙ। *ਪਾ:–ਪਾਵਨ ਨਿਕਟ ਨਿਜ।

੩ ॥ ਉਡਗਨ[1] ਗੈਰ੍ਹ ਉਲਟੇ ਫਿਰਿ ਧਾਵੈਂ । ਨਿਜ ਮਿਰਜ਼ਾਦਾ ਜਗਤ ਨਸਾਵੈ[2] । ਤਉ ਨ ਸਤਿਗੁਰ ਹੁਇ ਬਚ ਕੂਰਾ । ਕਾਰਨ ਕਰਨ ਦੈਨਿ ਬਰ ਸੂਰਾ ॥ ੪ ॥ ਕਹਯੋ 'ਬਕਾਲੇ ਮਹਿਂ ਗੁਰੁ ਰਹੈ । ਬਾਬਾ ਨਾਮ' ਬਾਕ ਤਿਨ ਅਹੈ । ਯਾਂਤੇ ਮੈਂ ਜਾਨਹਿ ਗਤਿ ਐਸੇ । ਹੈ ਅਪਰਾਧ ਮੋਹਿ ਮਹਿਂ ਕੈਸੇ॥੫॥ ਜਿਸ ਤੇ ਮਝ ਨਹਿਂ ਦਰਸ਼ਨ ਦੀਨਸਿ।ਅਪਨੋ ਆਪ ਛਪਾਵਨਿ ਕੀਨਸਿ। ਬਿਨ ਦੇਖੇ ਮੈਂ ਹਟਿ ਕੈ ਜਾਵੈਂ । ਮਨਮੁਖਤਾ ਪਦਵੀ ਕੌ ਪਾਵੈਂ ॥ ੬ ॥ ਸਿੱਖਜਨਿ ਬਿਖੈ ਬਿਦਤ ਹ੍ਵੈ ਐਸੇ । 'ਮੱਖਣ ਗੁਰੂ ਨ ਦਰਸਯੋ ਕੈਸੇ' । ਮੁਝ ਪਾਛੈ ਕਬਹੂੰ ਗੁਰੁ ਸੂਰ । ਪ੍ਰਗਟ ਹੋਹਿਂਗੇ ਜਗਤ ਜ਼ਰੂਰ ॥ ੭ ॥ ਸ੍ਰੀ ਹਰਿ ਕ੍ਰਿਸ਼ਨ ਬਾਕ ਹੁਇ ਸਾਚਾ । ਮੈਂ ਪਰੰਤੁ ਸਿੱਖੀ ਮਹਿ ਕਾਚਾ । ਯਾਂਤੇ ਖਾਨ ਪਾਨ ਤਜਿ ਕਰਿ ਕੈ।ਮੈਂ ਬੈਠੌਂ ਸਤਿਗੁਰੁ ਸਿਮਰਿਕੈ* ॥੮॥ ਨਿਜ ਸ੍ਵਾਮੀ ਕੋ ਦਰਸ਼ਨ ਪਾਵੌਂ।ਨਾਹਿ ਤ ਅਪਨੇ ਪ੍ਰਾਨ ਨਸਾਵੈਂ–। ਆਪਨਿ ਸਾਥ ਸੁ ਨਹੀਂ ਬਖਾਨਾ[3] । ਨੇਮ ਬਿਖਾਦਮਾਨਿ ਮਨ ਠਾਨਾ[4] ॥ ੯ ॥ ਭਈ ਭੋਰ ਬੈਠਯੋ ਨਿਜ ਡੇਰੇ । ਮਨ ਮਹਿ ਗਿਨਤੀ ਕਰਤਿ ਘਨੇਰੇ। ਦਿਵਸ ਚਢਯੋ ਕੇਤਿਕ ਜਬਿ ਹੇਰਿ । ਨਰ ਸੈਂਕਨਿ ਕੇ ਪਹੁੰਚੇ ਫੇਰ ॥ ੧੦ ॥ ਚਹੁੰਦਿਸ਼ਿ ਮਹਿਂ ਬੈਠੇ ਤਬਿ ਆਇ । ਅਨਿਕ ਭਾਂਤਿ ਕੀ ਬਾਤ ਬਨਾਇ। ਮੱਖਣ ਕੇ ਓਰ ਲਗਹਿ ਨ ਕੋਈ। ਮਹਾਂ ਬਿਖਾਦਮਾਨ ਮਨ ਹੋਈ ॥ ੧੧ ॥ ਕਹਤਿ ਪਰਸਪਰ ਬਾਕ ਘਨੇਰੇ । ਬੈਠਯੋ ਬਿਤੀ ਕਿਤਿਕ ਜਬਿ ਦੇਰੇ।ਮੱਖਣ ਸ਼ਾਹ ਦੀਨ ਮਨ ਕਹਯੋ । 'ਅਪਰ ਭਿ ਸੋਢੀ ਕੋ ਇਕ ਰਹਯੋ ॥੧੨॥ ਜਿਸ ਢਿਗ ਮੈ ਤੇ ਭੇਟ ਨ ਗਈ । ਅਪਨਿ ਆਪ ਕੀ ਸੁਧਿ ਨਹਿਂ ਦਈ । ਹੋਇ ਜਿ ਕੋਇ ਬਤਾਵਹੁ ਮੋਹੀ । ਮਮ ਆਗਮਨ ਸਫਲਤਾ ਹੋਹੀ' ॥੧੩॥ ਸੁਨਤਿ ਮਸੰਦ ਮੇਵੜਨਿ ਸਾਰੇ । ਕਰਿ ਬਿਚਾਰਿ ਕੋ ਬਾਕ ਉਚਾਰੇ । 'ਕਿਤਿਕ ਰਹਤਿ ਥੇ ਬੀਚ ਬਕਾਲੇ† । ਆਇ ਵਹਿਰ ਤੇ ਕਿਤਿਕ ਬਹਾਲੇ ॥ ੧੪ ॥ ਸੂਰਜਮੱਲ ਕੀ ਸੰਤਤਿ ਆਦਿ । ਸਭਿਨਿ ਭੇਟ ਦੇ ਸਹਿ ਮਿਰਜਾਦ । ਇਕ ਗੁਰੁ ਹਰਿ-ਗੁਬਿੰਦ ਕੌ ਨੰਦ । ਆਖਯ ਤੇਗ ਬਹਾਦਰ ਚੰਦ ॥੧੫॥ ਜਿਸ ਕੋ ਸੁਧਿ ਨਹਿ

[1]ਤਾਰੇ। [2]ਸਭ ਦੀ ਅਪਨੀ ਮਿਰਜਾਦਾ ਜਗ ਤੋਂ ਨੱਸ ਜਾਵੇ। [3]ਆਪਣੇ (ਸੰਗੀਆਂ) ਨਾਲ ਨਹੀਂ ਕਿਹਾ। [4]ਦੁੱਖ ਵਾਲਾ ਨੇਮ ਮਨ ਵਿਚ ਧਾਰਿਆ। (ਅ) ਵਿਖਾਦ ਮਾਨ ਹੋਣੇ (ਸਰੀਰ ਨੂੰ ਛਕਣ ਦਾ) ਮਨ ਵਿਚ ਨੇਮ ਕਰ ਲਿਆ। *ਪਾ: ਬਿਚਰਿ ਕੇ

†ਬਕਾਲੇ ਵਿੱਚ ਬਾਕ ਹੋਣ ਤੋਂ ਪਹਿਲਾਂ ਕੋਈ ਨਹੀਂ ਸਨ ਰਹਿੰਦੇ ਸਿਵਾ ਗੁਰੂ ਤੇਗ ਬਹਾਦਰ ਜੀ ਦੇ, ਬਾਕੀ ਸਾਰੇ ਸੋਢੀ ਬਾਕ ਸੁਣਕੇ ਬਕਾਲ ਆਏ ਸਨ।

ਜਗ ਬਿਵਹਾਰੇ। ਸੁਨਹਿਂ ਨ ਕਿਸ ਤੇ ਨਹਿਂਨ ਉਚਾਰੇ। ਜਹਾਂ ਇਕਾਂਤ ਥਾਇ ਤਹਿਂ ਰਹੈ। ਮਸਤ ਸੁਭਾਇ ਸਦਾ ਜਿਸ ਅਹੈ ॥ ੧੬ ॥ ਬਦਨ ਅਛਾਦਨੇ ਪਰਯੋ ਰਹਤਿ ਹੈ। ਲੇਨਿ ਦੇਨ ਕੀ ਸੁਧਿ ਨ ਲਹਤਿ ਹੈ। ਨਹਿਂਨ ਕਦਾਚਿਤ ਕੋ ਤਿਹ ਮਾਨਹਿ[1]। –ਅਹੈ ਨਲਾਇਕ– ਸਭਿ ਹੀ ਜਾਨਹਿ ॥ ੧੭ ॥ ਖਾਨ ਪਾਨ ਕੀ ਭੀ ਸੁਧਿ ਨਾਂਹੀ। ਕਹਾਂ ਅਪਰ ਕੀ ਹ੍ਵੈ ਤਿਹ ਮਾਂਹੀ। ਰਹਿ ਨ ਸਕਹੁ ਦੇਖੇ ਬਿਨ ਤਾਂਹੀ। ਤੌ ਤੁਮ ਪਿਖਹੁ ਜਥਾ ਗਤਿ ਆਹੀ' ॥ ੧੮ ॥ ਤਿਨ ਤੇ ਸ੍ਰਨਤਵਾ[2] ਮੱਖਣਸ਼ਾਹ। ਕੁਛਕ ਭਯੋ ਮਨ ਮਹਿ ਉਤਸਾਹ। ਦਹਨ ਬਿਲੋਚਨ ਫਰਕਨਿ ਲਾਗ। ਮਨਹੁ ਅੰਕੁਰ ਉਪਾਵਨਿ ਲਾਗਾ ॥ ੧੯ ॥ ਸਭਿ ਮਹਿਂ ਕਹਯੋ 'ਚਲਵਿ ਤਿਨ ਪਾਹੀ। ਦੇਹਿਂ ਉਪਾਇਨ ਲਖ ਦਰਸਾਹੀਂ'। ਤਯਾਰੀ ਕਰੀ ਗਮਨ ਕੇ ਕਾਰਨਿ। ਧੀਰਮੱਲਜ ਨਰ ਕਿਯ ਹਟਕਾਰਨਿ ॥ ੨੦ ॥ 'ਤੁਮ ਕੋ ਉਚਿਤ ਨ ਤਿਨ ਪਹਿ ਜਾਨੋ। ਜਿਹ ਸੁਭਾਵ ਪਰਮੱਤਿ ਮਹਾਨੋ[3]। ਮਿਲਹਿ ਤੁਮਹਿਂ ਕੈ ਮਿਲਿ ਹੈ ਨਾਂਹੀ। ਲਘੁ ਕੋਸ਼ਠ ਮਹਿ ਪਰਯੋ ਰਹਾਹੀ ॥ ੨੧ ॥ ਮਾਨ ਅਮਾਨ ਸਮਾਨ ਜਿਸੁ ਕੇ। ਰਾਗ ਨ ਦ੍ਵੈਸ਼ ਨ ਮੋਹ ਤਿਸੁ ਕੇ। ਗੁਰਤਾ ਰੀਤਿ ਨਹੀ ਕੁਛ ਜਾਨੈ। ਗੁਰੂ ਹੋਨਿ ਤੌ ਕਹਾਂ ਪਛਾਨੈ' ॥੨੨॥ ਇਮ ਸੁਨਿ ਕੈ ਸਭਿ ਨਰ ਸੋਢੀਨਿ। ਇਸੀ ਬਾਕ ਕੋ ਪੁਸ਼ਟਨਿ ਕੀਨਿ[4]। 'ਜੋ ਤੁਮ ਕਹੀ ਜਥਾਰਥ ਏਹੁ। ਉਚਿਤ ਨ ਗੁਰਤਾ ਕੇ ਬਿਧਿ ਕੇਹੁ' ॥ ੨੩ ॥ ਸੁਨਿ ਮੱਖਣ ਕੁਛ ਮਨ ਨਹਿਂ ਆਨੀ। ਚਹਤਿ ਦੇਖਿਬੇ ਸੰਸੈ ਹਾਨੀ। ਲੇ ਕਰਿ ਸੰਗ ਨਰਨਿ ਕੀ ਭੀਰ। ਚਲਯੋ ਪਰਸਿਬੇ ਗੁਰੂ ਗੰਭੀਰ ॥ ੨੪ ॥ ਸਭਿ ਸੋਢਿਨਿ ਕੇ ਮਾਨਵ ਸਾਥ। ਗਮਨਯੋ ਮੰਦ ਮੰਦ ਪਗ ਪਾਥ[5]। ਤਰਕਹਿ[6] ਰਿਦੈ--ਹੋਹਿਂ ਗੁਰੁ ਏਹੀ। ਮੋਹਿ ਜਿਆਵਹਿਂ' ਜਾਨਿ ਸਨੇਹੀ[7] ॥੨੫॥ ਨਾਂਹਿਤ ਮੋਹਿ ਮਰਨਿ ਅਬਿ ਆਯੋ। ਪੂਰਬ ਪਰਣ ਨ ਮਿੱਥਯਾ ਗਾਯੋ–। ਜਬਹਿ ਭੀਰ ਸੋਂ ਪਹੁੰਚਯੋ ਆਈ। ਸ਼੍ਰੀ ਗੁਰੂ ਸ਼੍ਰਵਣ ਪਰੀ ਧੁਨਿ ਜਾਈ ॥ ੨੬ ॥ ਪਠਯੋ ਦਾਸ ਰੋਕਨਿ ਤਿਨ ਕੇਰ। ਕਹਯੋ ਸਾਤਨਿ ਸੋਂ ਆਗੋ ਘੇਰ। 'ਮੱਖਣਸ਼ਾਹੁ! ਸੁਨੋ ਗੁਰੁ ਬੈਨ। ਥਾਨ ਕੁਸ਼ਾਦੋ[8] ਅੰਤਰ ਹੈ ਨ ॥ ੨੭ ॥ ਮਿਲਨਿ ਲਾਲਸਾ ਜੇ ਤੁਝ ਉਰ ਮੈਂ। ਹੋਹਿ ਇਕਾਕੀ ਪ੍ਰਵਿਸ਼ਹੁ ਘਰ ਮੈਂ। ਅਦਬ ਸਾਥ ਤੂਸ਼ਨਿ ਮੁਖ ਧਾਰੋ। ਤਿਨ ਰਜਾਇ ਤੇ*

---

[1]ਕੋਈ ਉਸਨੂੰ ਕਦੇ ਬੀ ਨਹੀਂ ਮੰਨਦਾ ਪਿਆ। [2]ਸੁਣਕੇ। [3]ਬਹੁਤ ਮਸਤ। ਬਹੁਤ ਕ੍ਰੋਧ ਵਾਲਾ [ਮਿ੦ ਪਰਿਮਤਜ]। [4]ਪ੍ਰੌੜਤਾ ਕੀਤੀ। [5]ਰਾਹ। [6]ਦਲੀਲ ਧਾਰਦਾ ਹੈ, ਸੋਚਦਾ ਹੈ। [7]ਜਿਵਾਵਣ। ਪ੍ਰੇਮੀ ਜਾਣਕੇ। [8]ਖੁੱਲ੍ਹਾ।

*ਪਾ:–ਇਮ।

ਜਾਇ ਨਿਹਾਰੋ[1]" ॥੨੮॥ ਸੁਨਿ ਕੈ ਸਭਿ ਕੋ ਠਾਂਢੇ ਕਰਿਕੇ। ਆਪ ਪ੍ਰਵੇਸ਼ਨੋ ਅੰਤਰ ਘਰ ਕੇ। ਜਹਿਂ ਸ੍ਰੀ ਗੁਰੂ ਇਕਾਕੀ ਅਹੈਂ। ਅੰਤਰ ਬ੍ਰਿੱਤਿ ਸਦਾ ਹੀ ਰਹੈਂ ॥ ੨੯ ॥ ਰਿਦੈ ਬਿਚਾਰਤਿ ਨੀਕੇ ਜੋਵਾ।–ਆਇ ਸਮੋ ਬਿਦਤਨਿ ਕੋ ਹੋਵਾ। ਭਾਰੀ ਮਹਾਂ ਪੋਟ[2] ਹੈ ਜੋਇ। ਬਨਿ ਆਈ ਸਿਰ ਧਰਨੀ ਸੋਇ ॥ ੩੦ ॥ ਅਬਿ ਜੇ ਇਸ ਕੋ ਪਤਾ ਨ ਦੈ ਹੈਂ। ਗੁਰ ਘਰ ਕੀ ਮਹਿਮਾ ਤਬਿ ਜੈ ਹੈ। ਸ਼ਰਧਾ ਸਿੱਖਨਿ ਕੀ ਨਹਿਂ ਰਹੈ।–ਨਹਿਂ ਗੁਰ ਪੂਰਨ–ਯੌਂ ਸਭਿ ਕਹੈਂ ॥ ੩੧ ॥ ਮਨਿ ਕਰਿ ਕੈ ਇਨ ਸਭਿ ਪਤਿਯਾਏ[3]। ਕਿਸ ਹੂੰ ਤੇ ਨ ਮਨੋਰਥ ਪਾਏ। ਜਿਸ ਗਤਿ ਕੋ ਲਖਿ ਕੀਨ ਸਹਾਇ[4]। ਅਟਕਨੋ ਪੋਤ[5] ਸੁ ਪਾਰ ਲੰਘਾਇ ॥ ੩੨ ॥ ਸੋ ਗਤਿ ਅਬਹਿ ਆਨਿ ਕਰਿ ਹੋਈ[6]। ਬਿਨਾ ਕਿਧੇ ਤੇ ਸਰੈ ਨ ਜੋਈ। ਸ਼ਰਧਾ ਸ੍ਰੀ ਹਰਿ ਕ੍ਰਿਸ਼ਨ ਬਾਕ ਪਰਿਪ੍ਰਾਨ ਤਜਨਿ ਲੌ ਸਾਹਸ[7] ਇਨ ਕਰਿ ॥ ੩੩ ॥ ਜੇ ਨ ਬਤਾਵਹਿੰਗੇ ਇਸ ਤਾਂਈ। ਹੁਇ ਨਿਰਾਸ ਕੋ ਸੰਕਟ ਪਾਈ। ਇਕ ਤੋ ਦਰਬ ਲਜਾਇ ਬਹੁਤੇਰਾ[8]। ਦੁਤੀਏ ਆਯਹੁ ਦੂਰ ਬਡੇਰਾ ॥ ੩੪ ॥ ਤ੍ਰਿਤਿਯੇ ਸਤਿਗੁਰ ਕੋ ਸਿਖ ਭਾਰੀ। ਚਤੁਰਥ ਪ੍ਰਨ ਕੋ ਠਟਨੋ ਬਿਚਾਰੀ। ਬਿਨਾ ਕਹੇ ਅਸਮੰਜਸ ਹੋਇ। ਯਾਂਤੇ ਪਤਾ ਕਹੈਂ ਇਸ ਸੋਇ–॥ ੩੫ ॥ ਇਤਨੇ ਮਹਿਂ ਗਾ ਮੱਖਨਸ਼ਾਹ। ਬੰਦਨ ਕਰੀ ਬੰਦਿ ਕਰ ਤਾਂਹਿ। ਦੁਇ ਦੀਨਾਰ ਅਗਾਰੀ ਧਰੀ। ਸੋਊ[9] ਰਿਦੈ ਕਾਮਨਾ ਕਰੀ ॥੩੬॥ ਸ੍ਰੀ ਗੁਰ ਤੇਗ ਬਹਾਦਰ ਚੰਦ। ਕਹਨੋ ਤਿਸੈ: 'ਹੇ ਸਿੱਖ ਬਿਲੰਦ ! ਗੁਰ ਘਰ ਕੀ ਜੋ ਅਹੈ ਉਪਾਇਨ। ਸੋ ਦੀਜਹਿ, ਨਹਿਂ

[1]ਉਨ੍ਹਾਂ ਦੀ ਰਜ਼ਾ ਨਾਲ ਜਾਕੇ ਦਰਸ਼ਨ ਕਰੋ। [2]ਪੰਡ ਬੜੀ ਭਾਰੀ ਹੈ। [3]ਪਰਖੇ ਹਨ। [4]ਭਾਵ ਕਿ ਸਿੱਖ ਗੁਰੂ ਨੂੰ ਅਰਾਧ ਰਿਹਾ ਹੈ, ਤੇ ਗੁਰੂ ਦਾ ਬਿਰਦ ਹੈ ਬਾਹੁੜੀ ਕਰਨੀ, ਤੇ ਜੇ ਅਸੀਂ ਨਹੀਂ ਕਰਦੇ ਤਾਂ ਗੁਰੂ ਦੇ ਬਿਰਦ ਨੂੰ ਉਲਾਮ੍ਹਾਂ ਹੈ, ਇਸ ਪ੍ਰਕਾਰ ਦੀ ਗਤੀ ਲਖਕੇ ਇਸਦਾ ਫਸਿਆ ਜਹਾਜ਼ ਪਾਰ ਕੀਤਾ ਸੀ। [5]ਜਹਾਜ਼। [6]ਭਾਵ ਉਸੇ ਪ੍ਰਕਾਰ ਦੀ ਗਤੀ ਹੁਣ ਆ ਹੋਈ ਹੈ ਕਿ ਜੇ ਨਹੀਂ ਦੱਸਦੇ ਤਾਂ ਇਹ ਸਿੱਖ ਪ੍ਰਣ ਕਰ ਚੁੱਕਾ ਹੈ, ਮਰੇਗਾ ਆਦਿ, ਜੋ ਅੱਗੇ ਆਉਂਦੀ ਹੈ। [7]ਹੌਸਲਾ। [8]ਪਿੱਛੇ ਨਿਰਾਸ ਤੇ ਸੰਕਟ ਕਰੇ ਹਨ। ਸੋ ਨਿਰਾਸਾ ਤਾਂ ਇਹ ਹੋਵੇਗੀ ਕਿ ਗੁਰੂ ਲੱਭਦੀ ਨਹੀਂ ਮੈਂ ਜੋ ਧਨ ਲਿਆਇਆ ਹਾਂ ਕਿਸਨੂੰ ਚੜ੍ਹਾਵਾਂ ਕਿਉਂਕਿ ਪਿੱਛੇ ਪ੍ਰਣ ਕਰ ਆਇਆ ਹੈ ਕਿ ਗੁਰੂ ਬਿਨਾਂ ਮੈਂ ਧਨ ਕਿਸੇ ਨੂੰ ਨਹੀਂ ਦੇਣਾ, ਦੂਸਰੇ ਨਿਰਾਸਤਾ ਇਹ ਹੋਵੇਗੀ ਕਿ ਗੁਰੂ ਹੈ ਹੀ ਨਹੀਂ, ਫਿਰ ਸੰਕਟ ਇਹ ਹੋਵੇਗਾ ਕਿ ਇਸਨੇ ਜੋ ਪ੍ਰਣ ਧਾਰਿਆ ਹੈ ਜੇ ਨਾਂ ਲੱਭਾ ਤਾਂ ਉਸ ਮੂਜਬ ਪ੍ਰਾਣਾਂਤ ਤੱਕ ਅੱਪੜੇਗਾ। [9]ਉਹੋ ਕਿ ਜੋ ਗੁਰੂ ਹੋਵੇਗਾ ਮੇਰੀ ਸੁੱਖਣਾਂ ਵਾਲੀ ਰਕਮ ਆਪ ਮੰਗੇਗਾ।

ਰਾਖਹੁ ਆਇਨ[1] ॥ ੩੭ ॥ ਸਾਗਰ ਸਮੇ ਜਹਾਜ ਲੰਘਾਵਹਿ । ਤਹਿਂ ਜੋ ਕੀਨਿ ਸੰਕਲਪ ਉਠਾਵਹਿ । ਅਰੁ ਦਸੌਂਧ ਗੁਰੁ ਕੋ ਹੈ ਜੇਤਾ । ਅਰਪਹਿ ਦਰਬ ਕਰਹੁ ਅਬਿ ਤੇਤਾ ॥੩੮॥ ਸਿੱਖੀ ਮਹਿਂ ਸ਼ਰਧਾ ਨਿਤ ਰਾਖਹੁ। ਗੁਰ ਹਾਜ਼ਰ ਸਦ ਜਹਾਂ ਭਿਲਾਖਹੁ' । ਸ਼੍ਰੀ ਗੁਰੁ ਬਾਕ ਸੁਨਤਿ ਸਿਖ ਸੋਇ। ਭਯੋ ਪ੍ਰਸੰਨ ਸੰਦੇਹਨਿ ਖੋਇ॥੩੯॥ਗਰ ਜਾਮੇ ਕੀ ਤਨੀ ਤਰਾਕੀ[2]। ਭਏ ਰੁਮੰਚ ਰਿਖੀਕਨਿ ਥਾਕੀ[3] । ਦੇਖੇ ਸਤਿਗੁਰੁ ਦਿਨਕਰ ਤੁਲਾ[4] । ਬਰ ਅਰਬਿੰਦ ਮਨਿੰਦੇ ਫੂਲਾ[5] ॥ ੪੦ ॥ ਗਦਗਦ ਗਿਰਾ ਨ ਬੋਲਯੋ ਗਇਊ । ਰੁਕੇ ਕੰਠ ਪਰਿਪੂਰਨ ਭਇਊ । ਨੇਤ੍ਰਨਿ ਬਿਖੈ ਅੱਸ਼੍ਰ ਭਰਿ ਆਏ । ਦਸ਼ਾ ਦੇਖਿ ਮਨ ਰਹਿ ਬਿਸਮਾਏ ॥੪੧॥ ਜਨਮ ਰੰਕ ਜਿਮ ਨਵਨਿਧਿ ਪਾਈ।ਬਦਨ ਉਮੰਗ ਅਰੁਨਤਾ[6] ਛਾਈ । ਕਿਤਿਕ ਬੇਰਿ ਟਿਕ ਗਯੋ ਅਡੋਲਾ । ਚਖਨਿ ਪਲਕ ਮੁਖ ਬਾਕ ਨ ਬੋਲਾ ॥ ੪੨ ॥ ਸਤਿਗੁਰੁ ਮਹਿਮਾ ਗਰੁਵੀ ਜਾਨੀ । ਮਹਾਂ ਪ੍ਰੇਮ ਮਹਿਂ ਮਤਿ ਮਸਤਾਨੀ । ਪੂਰਬ ਰਿਦਾ ਸ਼ੁੱਧ ਜਿਸ ਕੇਰਾ।ਪੁਨਹਿ ਦਰਸ ਪਿਖਿ ਰਾਗ[7] ਬਡੇਰਾ॥੪੩॥ ਜਸੇਂ ਅਤਿ ਸ੍ਵੇਤ ਬਸਤ੍ਰ ਹੁਇ ਕੋਈ। ਰੰਗਰੇਜ[8] ਲੇ ਰੰਗਹਿ ਸੋਈ । ਗੂੜ੍ਹਾ ਰੰਗ ਬਿਮਲ ਅਤਿ ਆਵੈ । ਜਿਸ ਕੀ ਸਮਤਾ ਅਪਰ ਨ ਪਾਵੈ ॥ ੪੪ ॥ ਤਸੇਂ ਮੱਖਣ ਮਨ ਰੰਗਯੋ ਰਾਗ[9] । ਹਲਤ ਪਲਤ ਮਹਿਂ ਭਾ ਬਡਿਭਾਗ । ਪੂਰਨ ਚੰਦ ਮਨਿੰਦ ਨਿਹਾਰੇ।ਚਖ[10] ਚਕੋਰ ਤਬਿ ਭਏ ਬਿਚਾਰ॥੪੫॥ਸਤਿਗੁਰੁ ਸੂਰਜ ਦਰਸ਼ਨ ਜੋਵਾ । ਰਿਦ ਅਰਬਿੰਦ ਪ੍ਰਫੁੱਲਤਿ ਹੋਵਾ । ਸਾਧਨਿ ਸਾਧਤਿ ਸਿਧਿ ਲੈ ਜੈਸੇ[11] । ਧਰਿ ਅਨੰਦ ਕੋ ਬੈਠਯੋ ਤੈਸੇ ॥ ੪੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮੱਖਣਸ਼ਾਹ ਕੋ ਅੰਤਰਜਾਮਤਾ ਦੇਨਿ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥ ੭ ॥

## ੮. [ਗੁਰੂ ਜੀ ਦਾ ਪ੍ਰਗਟਨਾ]।

ਦੋਹਰਾ ॥ ਮੱਖਨ ਧੀਰਜ ਧਰਿ ਰਿਦੈ ਹਾਥ ਬੰਦਿ ਕਰਿ ਦੋਇ । ਨਮਸਕਾਰ ਕਰਿ ਪੁਨਹੁ ਪੁਨ ਪਿਖਿ ਪਿਖਿ ਹਰਖਤਿ ਸੋਇ ॥੧॥ਚੌਪਈ॥ 'ਹੇ ਸਤਿਗੁਰੁ ਪੂਰਨ ! ਕਰਿ ਦਯਾ । ਸਾਗਰ ਪਤਾ ਜੁ ਰਾਵਰ ਦਯਾ । ਨਯੋ ਜਨਮ ਹੋਵਤਿ ਭਾ ਮੋਰਾ । ਕਰਯੋ ਨਿਵਾਰਨਿ ਸੰਕਟ ਘੋਰਾ॥ ੨ ॥ ਸਕਲ ਜਗਤ

---

[1]ਘਰ । [2]ਤੜੀਆਂ ਟੁੱਟ ਗਈਆਂ (ਖੁਸ਼ੀ ਨਾਲ) । [3]ਇੰਦ੍ਰੀਆਂ ਠਹਿਰ ਗਈਆਂ । [4]ਸੂਰਜ ਤੁੱਲ । [5]ਖਿੜ ਗਿਆ । [6]ਲਾਲੀ । [7]ਪ੍ਰੇਮ ਹੋਇਆ । [8]ਲਲਾਰੀ । [9]ਪ੍ਰੇਮ ਨਾਲ । [10]ਨੇਤ੍ਰ । [11]ਸਾਧਨਾ ਦੇ ਕਰਦਿਆਂ ਜਿਵੇਂ (ਸਾਧੂ) ਸਿੱਧੀ ਪ੍ਰਾਪਤ ਕਰ ਲਵੇ ।

ਪੂਰਨ ਧਨ ਧਾਨ[੧]। ਸਭਿ ਕੇ ਭਰਤਾ ਆਪ ਮਹਾਂਨ। ਦੇ ਅਹਾਰ ਸਭਿ ਕੋ ਪ੍ਰਤਿਪਾਰਹੁ। ਕੋਟ ਅਨੇਕ ਸੁ ਜੀਵ ਸੰਭਾਰਹੁ ॥੩॥ ਮੁਝ ਤੇ ਧਨ ਨ ਚਹਨੋ ਹੇ ਨਾਥ! ਕਰਨੋ ਜਿਆਵਨਿ ਇਸ ਮਿਸ ਸਾਥ[੨]। ਸਭਿ ਤੇ ਬਡੇ ਭਾਗ ਹੈਂ ਮੇਰੇ। ਪੂਰ ਮਨੋਰਥ ਦਰਸ਼ਨ ਹੇਰੇ॥ ੪ ॥ ਦੁਸ਼ਕਰ[੩] ਸਾਧਨ ਸਾਧਤਿ ਜੈਸੇ। ਫਲ ਪ੍ਰਾਪਤਿ, ਮੇਰੀ ਗਤਿ ਤੈਸੇ। ਬਡੇ ਪ੍ਰਵਾਹ ਬਿਖੈ ਬਹੁ ਬਹਨੋ। ਚਹੁੰਦਿਸ਼ਿ ਤੇ ਅਲੰਬ ਨਹਿ ਲਹਨੋ[੪] ॥ ੫ ॥ ਤਿਸ ਕੋ ਨੌਕਾ ਪ੍ਰਾਪਤਿ ਹੋਇ। ਮੈਂ ਅਪਨੀ ਗਤਿ ਜਾਨੌਂ ਸੋਇ। ਜਿਮ ਸ਼ੱਤ੍ਰ ਕੇ ਬਸਿ ਕੋ ਪਰਨੋ। ਛੁਟਹਿ ਰਾਜ ਲੇ, ਤਿਮ ਦੁਖ ਹਰਨੋ॥੬॥ ਜਥਾ ਜੀਵੈ ਕੋ ਗਹਿ ਲੇ ਜਾਹੀ। ਜਮ ਕਿੰਕਰ ਤਾੜਹਿ ਦੁਖ ਮਾਂਹੀ। ਪਾਯੋ ਚਹੈ ਨਰਕ ਮਹਿੰ ਸੋਇ। ਤਿਸ ਕੋ ਸੁਰਗ ਦੇਹਿ ਜਿਮ ਕੋਇ॥ ੭ ॥ ਜਥਾ ਗਯੋ ਨਰ ਕੋ ਪਰਦੇਸ਼। ਪਰਨੋ ਉਜਾਰ ਭ੍ਰਮਤਿ ਸ-ਕਲੇਸ਼। ਖਾਨ ਪਾਨ ਬਿਨ ਮ੍ਰਿਤਕ ਸਮਾਨਾ। ਘਰ ਪ੍ਰਚਾਇ ਤਿਹ, ਮੈਂ ਤਿਮ ਜਾਨਾ ॥ ੮ ॥ ਦੀਨ ਜਾਨਿ ਦੀਨਸਿ ਤੁਮ ਦਾਨਾ। ਭਯੋ ਮ੍ਰਿਤਕ ਮੈਂ ਪਾਯਹੁ ਪ੍ਰਾਨਾ। ਹੁਤੇ ਗੁਪਤ ਮਮ ਕਾਰਨ ਕਰਿਕੈ। ਭਏ ਪ੍ਰਗਟ ਤੁਮ ਆਪ ਉਚਰਿਕੈ ॥ ੯ ॥ ਇਹ ਜਸੁ ਮੋ ਕਹੁ ਦੀਨਿ ਬਿਸਾਲਾ। ਹੈਂ ਮਮ ਭਾਗ ਬਡੇ ਇਸ ਕਾਲਾ। ਅੰਤਰ ਬ੍ਰਿਤੀ ਆਪ ਨਿਤ ਰਹੋ। ਬ੍ਰਹਮਾਨੰਦ ਸਦਾ ਉਰ ਲਹੋ॥੧੦॥ ਚੌਦਹਿੰ ਲੋਕ ਪਤੀ ਗੁਨ ਖਾਨੀ! ਮੁਝ ਨਿਸ਼ਚਾ ਦੀਨਸਿ ਕਹਿ ਬਾਨੀ। ਸਭਿ ਤ ਛਪੇ ਰਹੇ ਨਹਿੰ ਜਾਨੇ। ਕ੍ਰਿਯਾ ਸੁਭਾਇ ਦਿਖਾਇ ਨ ਆਨੇ[੫] ॥ ੧੧ ॥ ਇਕ ਮੋ ਕਹੁ ਨਿਜ ਪਤਾ ਬਤਾਵਾ। ਅਪਰ ਸੁ ਨਹੀਂ ਭੇਵ ਤੁਮ ਪਾਵਾ। ਯਾਂਤੇ ਅਤਿ ਪ੍ਰਸੰਨਤਾ ਮੋਹੀ। ਸਤਿਗੁਰੁ ਕਰੁਨਾ ਨਿਜ ਪਰ ਜੋਹੀ ॥ ੧੨ ॥ ਧੰਨ ਸਰੂਪ ਆਪ ਕੇ ਅਹੈ। ਸਿਖ ਸਰਬੱਤ ਆਸਰੋ ਲਹੈਂ। ਏਕ ਸ਼ਰਨ ਸਿੱਖਨਨਿ ਕੀ ਰਾਵਰ। ਤੁਮ ਤਜਿ ਭ੍ਰਮਹਿੰ ਸਿ ਨਰ ਜਗ ਬਾਵਰ[੬] ॥ ੧੩ ॥ ਇੱਤਯਾਦਿਕ ਕਹਿ ਬਾਕ ਘਨੇਰੇ। ਤ੍ਰਿਪਤਿ ਨ ਹੋਤਿ ਦਰਸ ਗੁਰੁ ਹੇਰੇ। ਅਤੁਲਤ ਹਰਖ ਰਿਦੇ ਭਰਿ ਆਵਾ। ਉਠਤਿ ਬੈਠਿ ਪੁਨ ਸੀਸ ਨਿਵਾਵਾ ॥ ੧੪ ॥ ਚਰਨ ਸਪਰਸ਼ੇ ਦ੍ਵੈ ਕਰ ਸਾਥਿ। ਭਯੋ ਕ੍ਰਿਤਾਰਥ ਦਰਸੇ ਨਾਥ। 'ਪੁਨ ਮੈਂ ਦਰਸੌਂ' ਬਾਕ

[੧]ਸਾਰੇ ਜਗਤ ਨੂੰ ਧਨ ਤੇ ਅੰਨ ਨਾਲ ਪੂਰਨ (ਕਰਨਹਾਰ ਹੋ)। [੨]ਆਪ ਨੇ ਮੈਥੋਂ ਧਨ ਨਹੀਂ ਮੰਗਿਆ, ਇਸ ਬਹਾਨੇ ਮੈਨੂੰ ਜਿਵਾਲ ਲਿਆ ਹੈ। [੩]ਕਠਨ। [੪]ਜਿਸਨੂੰ ਆਸਰਾ ਨਾ ਮਿਲਿਆ ਹੋਵੇ। [੫]ਹੋਰ ਨੂੰ ਨਹੀਂ ਦਿਖਾਇਆ। [੬]ਕਮਲੇ।

ਬਖਾਨੋ।"ਅਬਹਿ ਨ ਡੋਲੋਂ ਧੀਰਜ ਠਾਨੋਂ"॥੧੫॥ਨਿਕਸਨੋ ਚਲਿ ਆਯੋ ਨਿਜ
ਡੇਰੇ। ਕਿਸਹੂੰ ਸੋਂ ਨ ਕਹਨੋ ਤਿਸ ਬੇਰੇ।ਨਿਜ ਨਿਜ ਡੇਰਨਿ ਸਕਲ ਪਠਾਏ।
ਏਕਾਕੀ ਹਰਖਤਿ ਸੁਖ ਪਾਏ ॥ ੧੬ ॥ ਨਿਜ ਕਰਤੱਬਨ ਚਿਤਵਿ ਕਰਿ
ਆਛੇ। ਅਪਨਿ ਨਰਨਿ ਸੋਂ ਬੋਲਨੋ ਪਾਛੇ। 'ਸੀਵਨਿਹਾਰ[1] ਚਤੁਰ ਲੇ
ਆਵੋ। ਦ੍ਵੈ ਦੁਇ ਤੀਨ ਸੁ ਛਿੱਪ੍ਰ[2] ਬੁਲਾਵੋ ॥੧੭॥ ਸੂਖਮ ਬਸਤ੍ਰ ਸੁ ਤੋਸ਼ੇ
ਖਾਨੇ। ਕਰਹੁ ਸਿਵਾਵਨਿ ਤੂਰਨ ਠਾਨੇ। ਬਹੁ ਪਾਲੇ ਕੋ ਜਾਮਾ ਹੋਇ।
ਕਰਹੁ ਸੁ ਤੂਰਨਤਾ ਸੰਗ ਸੋਇ॥੧੮॥ਸਰਬ ਬਸਤ੍ਰ ਕਰਿ ਲੇਵਹੁ ਤਯਾਰੁ।
ਬਹੁਤ ਮੋਲ ਕੋ ਹੋਇ ਜੁ ਚਾਰੁ। ਪੋਸ਼ਿਸ਼ ਸਗਰੀ ਨਿਸਾ ਮਝਾਰੀ। ਬਹੁਤ
ਮੋਲ ਕੀ ਕੀਜਹਿ ਤਯਾਰੀ' ॥ ੧੯ ॥ ਸੁਨਿ ਸੇਵਕ ਤੂਰਨ ਹੀ ਧਾਯੋ।
ਚਹਿਯੈ ਵਸਤੁ ਸੁ ਸਗਰੀ ਲ੍ਯਾਯੋ।ਬਹੁਤ ਮੋਲ ਕੇ ਬਸਤ੍ਰ ਨਿਕਾਸੇ।ਸੀਵਨਿ
ਲਗੇ ਬੈਠਿ ਨਰ ਪਾਸੇ ॥ ੨੦ ॥ ਸਰਬ ਸਰਵਰੀ[3] ਕੇਰ ਬਿਤਾਈ। ਕਰਿ
ਪੋਸ਼ਿਸ਼ ਰਚਿ ਸੁੰਦਰਤਾਈ। ਬ੍ਰਹਮ ਮਹੂਰਤ[4] ਮਹਿਂ ਉਠਿ ਕਰਿਕੈ।ਮੱਖਣ
ਸ਼ਾਹ ਹਰਖ ਉਰ ਭਰਿਕੈ ॥੨੧॥ ਮੱਜਨ ਆਦਿ ਕ੍ਰਿਯਾ ਕਰਿ ਸਾਰੀ। ਗੁਰ
ਬਾਨੀ ਕਰਿ ਪ੍ਰੇਮ ਉਚਾਰੀ।ਜਿਤੋ ਨੇਮ ਸੋ ਪਠਿ ਕਰਿ ਆਛੋ।ਜਪੁਜੀ ਪ੍ਰਥਮ
ਸੁਖਮਨੀ ਪਾਛੋ॥੨੨॥ਉੱਜਲ ਪੋਸ਼ਿਸ਼ ਪਹਿਰੀ ਫੇਰ।ਪੁਨ ਹਿੰਤਿ ਹਾਵਲ ਕੀਨਿ
ਘਨੇਰ।ਸੁਚ ਸੰਜਮ ਪਠਤਨੋ ਗੁਰ ਗਿਰਾ।ਪੰਚਾਂਮ੍ਰਿਤ ਤਯਾਰ ਬਹੁ ਕਰਾ॥੨੩॥
ਮੇਵੇ ਅਨਿਕ ਪ੍ਰਕਾਰ ਪਵਾਏ। ਨਿਜ ਦਾਸਨਿ ਤੇ ਲਿਯ ਉਠਿਵਾਇ।ਮੁਹਰ
ਪੰਚ ਸੈ ਗਿਨਿ ਕੈ ਲੀਨਿ। ਜੋ ਗੁਰ ਕੇ ਹਿਤ ਸੰਚਨਿ ਕੀਨਿ ॥੨੪॥ ਪੁਨ
ਉਠਿਵਾਇ ਪੁਸ਼ਾਕ ਨਵੀਨ।ਮੱਖਣਸ਼ਾਹੁ ਮਹਾਂਨ ਪ੍ਰਬੀਨ। ਸੁਭਟਨਿ ਭੀਰ
ਸੰਗ ਲੈ ਚਲਨੋ। ਸਤਿਗੁਰ ਚਰਨ ਪ੍ਰੇਮ ਮਹਿਂ ਢਲਨੋ ॥ ੨੫ ॥ ਚਹਿਤ
ਰਿਦੈ ਬਿਦਤਾਵਨਿ ਗੁਰ ਕੋ।ਜਿਨਹੁੰ ਮਨੋਰਥ ਭਾਖਨੋ ਉਰ ਕੋ। ਜੋ ਸੰਗਤਿ
ਭੂਲੀ ਸਭਿ ਥਾਇਂ। ਕੋ ਕਿਸ ਕੋ ਕਿਸ ਲਾਗਹਿ ਪਾਇ ॥ ੨੬ ॥ ਜਾਨਿ
ਜਾਨਿ ਸ੍ਰੀ ਨਾਨਕ ਗਾਦੀ। ਪੂਜਹਿਂ ਦੇਹਿਂ ਦਰਬ ਤੇ ਆਦੀ। ਗੁਰੂ ਨ
ਨਿਸ਼ਚੈ ਕੀਨਸਿ ਕੋਇ।ਚਾਹਤਿ ਸਭਿ, ਇਕ ਪੂਰਨ ਹੋਇ[5] ॥੨੭॥ ਕੇਤਿਕ
ਸਿੱਖਨ ਉਪਾਇਨ ਭਾਰੀ। ਅਰਪਨਿ ਕਾਰਨ ਗੁਰੂ ਅਗਾਰੀ। ਰਾਖੀ ਪਾਸ,
ਨ ਦੀਨਸਿ ਕਾਂਹਿ।-ਪ੍ਰਗਟਹਿਂ ਤਬਿ ਦੈਹੋਂ ਗੁਰ ਪਾਹਿ-॥ ੨੮ ॥ ਇਸ

[1]ਦਰਜ਼ੀ। [2]ਛੇਤੀ। [3]ਰਾਤ। [4]ਸੂਰਜ ਉਦੇ ਹੋਣ ਤੋਂ ੪ ਘੜੀ ਪਹਿਲੋਂ ਦਾ ਸਮਾਂ। [5]ਭਾਵ, ਗੁਰੂ ਇੱਕੋ ਹੋਵੇ (ਪਰ ਉਹ ਹੋਵੇ ਜੋ) ਪੂਰਨ (ਗੁਰੂ ਹੋਵੇ)।

ਪੁਕਾਰ ਕਰਿ ਸੰਗਤਿ ਘਨੀ । ਉਤਰੀ ਹੁਤੀ ਜੁ ਸੰਸੇ ਸਨੀ ।–ਗੁਰੂ ਬਕਾਲੇ ਮਹਿਂ ਪ੍ਰਗਟਾਵੈਂ–। ਇਸੀ ਬਾਕ ਪਰ ਮਤੀ ਟਿਕਾਵੈਂ ॥ ੨੯ ॥ ਸਿੱਖ ਸੈਂਕਰੇ ਬੀਚ ਬਕਾਲੇ । ਉਤਰੇ ਜਹਿਂ ਕਹਿਂ ਪ੍ਰੇਮ ਬਿਸਾਲੇ।ਕਰਤਿ ਪ੍ਰਤੀਛਨਿ–ਗੁਰੁ ਬਿਦਤਾਵੈਂ । ਦੇਹਿਂ ਉਪਾਇਨਿ ਦਰਸ਼ਨ ਪਾਵੈਂ–॥ ੩੦ ॥ ਸਿੱਖਨਿ ਪਰ ਹੋਵਨਿ ਉਪਕਾਰੀ । ਚਿਤਵਤਿ ਮੱਖਣ ਰਿਦੇ ਮਝਾਰੀ।ਗੁਰ ਘਰ ਸਨਮੁਖ ਗਮਨਨੋ ਜਾਇ। ਸਕਲ ਉਪਾਇਨ ਸੰਗ ਲਵਾਇ[੧] ॥੩੧॥ ਸਿੱਖਨ ਬਹੁਤ ਅਰੁ ਅਏ ਮਸੰਦ। ਗਮਨਤਿ ਭਯੋ ਨਰਨਿ ਕਹੁ ਬ੍ਰਿੰਦ । ਆਪਸ ਮਹਿਂ ਬੋਲਤਿ ਬਹੁ ਰੀਤੀ । 'ਕਿਸ ਢਿਗ ਜਾਇ ਅਬਹਿ ਜੁਤਿ ਪ੍ਰੀਤੀ ॥ ੩੨ ॥ ਏਕ ਬਾਰ ਤੌ ਸਭਿ ਕੇ ਪਾਸ। ਜਾਇ ਜਾਇ ਕੀਨਸਿ ਅਰਦਾਸ । ਅਬਿ ਇਨ ਲੀਨਿ ਉਪਾਇਨ ਭਾਰੀ । ਜਿਸ ਕੋ ਅਰਪਹਿ ਪੂਜਿ ਅਗਾਰੀ'॥੩੩॥ ਨਿਜ ਨਿਜ ਦਿਸ਼ਿ ਸੁਧਿ ਤੁਰਤਿ ਪਠਾਈ । 'ਤਯਾਰੀ ਕਰਿ ਬੈਠਹੁ ਅਗੁਵਾਈ' । ਸਭਿ ਕੇ ਉਰ ਪ੍ਰਤੀਛਨਾ ਜਾਗੀ ।–ਹਮ ਢਿਗ ਆਵਹਿਗੋ ਅਨੁਰਾਗੀ–॥ ੩੪ ॥ ਧੀਰਮੱਲਜ ਮਸਨੰਦ ਡਸਾਇ। ਬਡ ਉਪਧਾਨੁ ਧਰੇ ਮੰਗਵਾਇ । ਦਾਸ ਚਮਰ ਲੇ ਕੇ ਭਾ ਠਾਂਢੇ । ਸਰਬ ਭਾਂਤਿ ਜਿਸ ਐਸ੍ਵਰਜ ਬਾਢੇ ॥ ੩੫ ॥ ਨਿਜ ਨਿਜ ਸ਼ਕਤਿ ਅਪਰ ਸੋਢੀਨ । ਬਨਿ ਬਨਿ ਬੈਠਹਿ ਸੌਜ ਨਵੀਨ । ਕਰਹਿਂ ਬਿਛਾਵਨਿ ਕੇਰ ਡਸਾਵਨਿ ।ਨਿਜ ਪਾਛੇ ਉਪਧਾਨੁ[੨] ਧਰਾਵਨਿ ॥ ੩੬ ॥ ਅੱਗ੍ਰ ਮੇਵੜੇ ਹੁਇ ਸਵਧਾਨੇ । ਦ੍ਵਾਰ ਦਿਸ਼ਾ ਦ੍ਰਿਸ਼ਟੀ ਬੰਧਾਨੇ।ਸਭਿ ਗਾਦੀਕੇ ਢਿਗ ਨਰ ਜੇਈ।ਕਰੈਂ ਪ੍ਰਤੀਖਨ ਬੈਠੇਤੇਈ॥੩੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦਸਮ ਰਾਸੇ 'ਸ੍ਰੀ ਗੁਰ ਤੇਗ ਬਹਾਦਰ ਬਿਦਤ ਹੋਵਨਿ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥ ੮॥

## ੯. [ਗੁਰੂ ਜੀ ਦਾ ਪ੍ਰਗਟ ਹੋਣਾ] ।

ਦੋਹਰਾ ॥ ਸਾਗਰ ਪ੍ਰੇਮ ਨਿਮਗਨ ਹ੍ਵੈ ਮੱਖਣ ਰਿਦੇ ਅਨੰਦ । ਭੇਵ ਨ ਕਿਸੂ ਜਨਾਵਈ ਸੰਗ ਨਰਨਿ ਕੇ ਬ੍ਰਿੰਦ ॥ ੧ ॥ ਚੌਪਈ ॥ ਜਬਿ ਗੁਰੁ ਘਰ ਕੇ ਸਨਮੁਖ ਆਵਾ । ਦਾਸ ਹੁਤੋ ਮਾਤਾ ਪ੍ਰਤਿ ਗਾਵਾ । 'ਸਿਖ ਇਹ ਪੂਰਨ ਸ਼ਰਧਾਵਾਨ । ਆਯੋ ਚਲਿ ਕੈ ਦੂਰ ਮਹਾਨ[੩] ॥੨॥ ਸਿਦਕ ਆਪ ਕੇ ਸੁਤ ਪਰ ਹੋਵਾ । ਪੂਰਬ ਆਇ ਪਤਾ ਕੁਛ ਜੋਵਾ । ਅਬਿ ਬਿਦਤਾਵਨਿ ਚਾਹਤਿ ਗੁਰ ਕੋ । ਸਿੰਸੇ ਦੂਰ ਕਿਯੋ ਇਨ ਉਰ ਕੋ ॥ ੩ ॥ ਪਰਸੋਂ ਹਮ ਬੈਠੇ ਗੁਰ

[੧]ਲੈਕੇ । (ਅ) ਲਦਵਾਕੇ । [੨]ਤਕੀਆ । [੩]ਬੜੀ ਦੂਰ ਤੋਂ ।

ਪਾਸ।ਇਸ ਸਿਖ ਕੀ ਗਤਿ ਕਰੀ ਪ੍ਰਕਾਸ਼।ਸ਼੍ਰੀ ਗੁਰ ਨੇ ਤਬਿ ਬਾਕ ਬਖਾਨ।
–ਹਮ ਕੋ ਜੋ ਬਿਦਤਾਇ ਮਹਾਨਾ ॥ ੪ ॥ ਤਿਹ ਦ੍ਰਗਾਹਿ ਮੈਂ ਹੁਇ ਮੁਖ
ਕਾਰੋ–। ਉੱਗ੍ਰ ਸ੍ਰਾਪ[1] ਇਸ ਭਾਂਤਿ ਉਚਾਰੋ । ਇਸ ਬਚ ਕੀ ਸੁਧਿ ਸਿਖ ਕੌ
ਨਾਂਹੀ।ਯਾਂਤੇ ਕਹੌਂ ਜਾਇ ਮੈਂ ਪਾਹੀ[2] ॥੫॥ ਇਗਾਰਹਿ ਰਾਜ ਪ੍ਰਥਮ ਸਧਿ*
ਪਾਇ। ਤੌ ਸੁਜਾਨ ਕਰਿ ਲੇਤਿ ਉਪਾਇ।ਅਪਨਿ ਭਲੇ ਕੌ ਆਵਤਿ ਧਾਈ।
ਅਸ ਨਹਿਂ ਬਨਹਿ ਬੁਰੋ ਹੁਇ ਜਾਈ ॥ ੬ ॥ ਇਸ ਪਰ ਕਰੌਂ ਸੁ ਇਹ
ਉਪਕਾਰ। ਸੁਨਹਿ ਜਿ ਸੁਧਿ, ਕਰਿ ਲੇਹਿ ਬਿਚਾਰ'। ਅਸ ਮਨ ਠਾਨਿ
ਸਮੁਖ ਤਿਸ ਗਇਉ।ਕਰਨੈ ਇਕਾਂਤ ਕਹਤਿ ਸਭਿ ਭਇਉ ॥ ੭॥ 'ਜੋ ਤੂੰ
ਦਰਸ਼ ਕਰਨ ਹੀ ਜਾਇਂ। ਨਮੋ ਕਰਹੁ ਤੁਸ਼ਨਿ ਕਰਿ ਆਇ । ਜੇ
ਚਾਹਤਿ ਹੈਂ ਗੁਰੁ ਬਿਦਤਾਵੈਂ। ਸਗਰੀ ਸੰਗਤਿ ਇਤੈ ਬੁਲਾਵੈਂ ॥੮॥ ਜਸੁ
ਪਾਵਨ ਪਾਵਨਿ ਕੀ ਕਾਂਖਾ। ਗੁਰੁ ਬਿਦਤਾਵਹਿਂ ਸਭਿ ਮਹਿਂ ਭਾਖਾ। ਇਮ
ਗੁਰੁ ਬਚ:–ਬਿਦਤਾਵਹਿ ਜੋਇ। ਮੁਖ ਦਰਗਾਹਿ ਸੁ ਕਾਰੋ ਹੋਇ–॥ ੯ ॥
ਨਿਜ ਮੁਖ ਤੇ ਪਰਸੋਂ ਅਸ ਭਾਖਯੋ। ਅਬਿ ਤੂੰ ਪ੍ਰਗਟ ਕਰਨਿ ਅਭਿਲਾਖਯੋ।
ਇਸ ਬਚ ਕੋ ਕਰਿ ਲੇਹੁ ਉਪਾਇ। ਨਤੁ ਕਰਿ ਬਿਨੈ ਲੇਹੁ ਬਖਸ਼ਾਇ' ॥
੧੦ ॥ ਸੁਨਿ ਕੈ ਮੱਖਨ ਰਿਦੈ ਬਿਚਾਰਾ।–ਹੋਇ ਸਫਲ ਜੋ ਗੁਰੂ ਉਚਾਰਾ।
ਪ੍ਰਗਟ ਕਰਯੋ ਚਾਹਤਿ ਮੈਂ ਇਨ ਕੋ। ਦਰਸੇ ਭਲਾ ਹੋਇ ਜਿਨਿ ਕਿਨ ਕੌ
॥ ੧੧ ॥ ਇਹ ਬਹੁਤਨਿ ਕੋ ਅਤਿ ਕੱਲਯਾਨਾ। ਇਕ ਅਨਿਸ਼ਟ ਮੁਝ ਕੌ[3]
ਇਮ ਜਾਨਾ।ਯਾਂਤੇ ਮੈਂ ਹੋਵੌਂ ਉਪਕਾਰੀ।ਸਫਲ ਭਿ ਕਰੌਂ ਜੁ ਗੁਰੂ ਉਚਾਰੀ
–॥ ੧੨ ॥ ਪੂਰਬ ਗਯੋ ਨਾਨਕੀ ਤੀਰ। ਬਰਜਿ ਸੰਗ ਤੇ ਸਗਰੀ ਭੀਰ।
ਕਛ ਧਨੁ ਧਰਿ ਕੈ ਮਸਤਕ ਟੇਕਾ। ਬੈਠੀ ਮਾਤਾ ਸਹਿਤ ਬਿਬੇਕਾ ॥੧੩॥
ਸਾਦਰ ਸਿਖ ਕੋ ਬਾਕ ਸੁਨਾਏ।ਬਹਰ ਉਠਯੋ ਮੱਖਣ ਤਿਸ ਬਾਏਂ।ਸਤਿਗੁਰ
ਕੋ ਲੰਗਰ ਜਿਸ ਘਰ ਮੈਂ। ਤਹਿਂ ਤੇ ਲੈ ਕਾਰਸ ਨਿਜ ਕਰ ਮੈਂ ॥ ੧੪ ॥
ਅਪਨੇ ਮੁਖ ਪਰ ਸਰਬ ਲਗਾਈ। ਗਯੋ ਗੁਰੂ ਢਿਗ ਸ਼ਰਧ ਬਧਾਈ।ਦ੍ਵਾਰੇ
ਅੰਦਰ ਜਬਿ ਪ੍ਰਵਿਸ਼ਾਯੋ। ਪਾਤਸ਼ਾਹ ਨਵਮੇ ਦਰਸਾਯੋ[4] ॥੧੫॥ ਪੀਰਾਂਮ੍ਰਿਤ
ਜਿਹ ਕਰਯੋ ਅਗਾਰੇ। ਅਪਰ ਉਪਾਇਨ ਲੀਨਿ ਸਿਗਾਰੇ। ਜਾਇ ਨਮਹਿ
ਕੀਨਸਿ ਗੁਰ ਤਾਂਈ। ਧਰਯੋ ਤਿਹਾਵਲ ਕਰਿ ਅਗਵਾਈ ॥ ੧੬ ॥ ਪੁਨ

[1]ਕਠਨ ਸਰਾਪ । [2](ਸਿੱਖ ਦੇ) ਪਾਸ ਜਾਣੇ ਉਸਨੂੰ ਦੱਸਦਿਆਂ। [3]ਇਕ ਮੇਰੇ ਲਈ ਦੁੱਖ ਹੈ।
[4]ਨੌਵੇਂ ਪਾਤਸ਼ਾਹ ਦਾ ਦਰਸ਼ਨ ਕੀਤਾ। *ਪਾ:–ਸੁਖ।

ਦੀਨਾਰ ਭੇਟ ਧਰਿ ਦੀਨਸਿ। ਪੌਸ਼ਿਸ਼ ਰੁਚਿਰ ਦਿਖਾਵਨਿ ਕੀਨਸਿ।ਬਿਨੈ ਸਹਿਤ ਗੁਰੁ ਸੋਂ ਕਹਿ ਬਾਨੀ। 'ਹੇ ਧੀਰਨ ਮਹਿਂ ਧੀਰ ਮਹਾਨੀ! ॥ ੧੭॥ ਅਬਿ ਕਰੁਨਾ ਕਰਿ ਪੌਸ਼ਿਸ਼ ਪਾਇ। ਬੈਠੋ ਸਭਾ ਹੋਹੁ ਪ੍ਰਗਟਾਇ।ਸਿੱਖਜਨਿ ਕੌ ਕੱਲਜਾਨ ਬਿਚਾਰਹ। ਸਾਗਰ ਸੰਸੈ ਪਾਰ ਉਤਾਰਹੁ ॥ ੧੮ ॥ ਸਗਰੀ ਸੰਗਤਿ ਭੂਲੀ ਫਿਰੈ। ਨਹੀਂ ਕਿਸੂ ਪਰ ਨਿਸ਼ਚਾ ਕਰੈ। ਮਹਿਮਾ ਤੁਮ ਨਹਿਂ ਸਕਹਿਂ ਪਛਾਨਿ। ਛਪੇ ਆਪ ਹੋ ਹੇ ਗੁਨਖਾਨਿ ! ॥ ੧੯ ॥ ਸਭਿ ਸੰਗਤਿ ਕੋ ਦਰਸ਼ਨ ਦੀਜਹਿ। ਅਪਨੋ ਆਪ ਜਨਾਵਨਿ ਕੀਜਹਿ'। ਮੱਖਣ ਦਿਖਿ ਮੁਖ ਗੁਰੂ ਉਚਰਜੋ। 'ਪ੍ਰਗਟ ਕਰਨਿ ਤੇ ਨਹਿਂ ਤੂ ਟਰਜੋ ॥ ੨੦ ॥ ਕਰਜੋ ਅਕਰਨ ਅਪਨਿ ਮੁਖ ਕਾਰਾ। ਲੋਕਨਿ ਲੱਜਾ* ਸਕਲ ਨਿਵਾਰਾ। ਗੁਰੂ ਬਾਕ ਕੋ ਭਾਰੀ ਭਾਰ। ਮੁਖ ਕਾਰੇ ਕਰਿ ਲੀਨਿ ਉਤਾਰ ॥ ੨੧ ॥ ਗੁਰੁਤਾ ਪੋਟ ਉਠਾਵਨਿ ਪੀਨ। ਸੋ ਹਮਰੇ ਮਹਿਂ ਅਰਪਨਿ ਕੀਨਿ। ਸ੍ਰੀ ਨਾਨਕ ਕੀ ਗਾਦੀ ਇਹੈ। ਚਾਰਹੁੰ ਦਿਸ਼ਾ ਨਮਤਿ ਜਿਸ ਅਹੈ[1] ॥ ੨੨ ॥ ਸਿੰਧ ਮੇਖਲਾ ਅਵਿਨੀ ਜਿਤੀ। ਸਤਿਗੁਰੁ ਮਹਿਮਾ ਜਾਨਹਿ ਤਿਤੀ। ਮੇਰੁ ਆਦਿਕ ਜਿਤਿਕ ਪਹਾਰਾ। ਜਹਾਂ ਕਹਾਂ ਸਿੱਖੀ ਬਿਸਥਾਰਾ ॥ ੨੩ ॥ ਸਾਗਰ ਬਿਖੈ ਦੀਪ ਹੈਂ ਜੋਈ। ਸਤਿਗੁਰੁ ਘਰ ਕੇ ਪੂਜਕ ਤੇਈ। ਜਿਤਿਕ ਜੀਵ ਨਵਖੰਡਨਿ ਮਾਂਹੀ। ਅਰਪਹਿਂ ਭੇਟ ਗੁਰੁ ਪਗ ਪਾਹੀ ॥ ੨੪ ॥ ਹੋਨਿ ਸਹਾਇਕ ਸਭਿਹਿਨਿ ਕੇਰ। ਯਾਂਤੇ ਪੋਟ ਪੀਨ[2] ਤੂੰ ਹੇਰਿ। ਕਰਹਿਂ ਅਸੁਧਾ ਸੋਢੀ ਸਾਰੇ। ਪਿਖਹਿਂ ਪਰਸਪਰ ਹ੍ਵੈ ਰਿਸਵਾਰੇ ॥ ੨੫ ॥ ਨਿਜ ਨਿਜ ਪੂਜਾ ਚਹਿਂ ਕਰਿਵਾਈ। ਕਰਹਿਂ ਆਪਨੀ ਅਧਿਕ ਬਡਾਈ। ਠਾਨਹਿਂ ਦ੍ਵੈਸ਼ ਅਨੇਕ ਪ੍ਰਕਾਰਾ। ਸ਼ਸਤ੍ਰਾਦਿਕ ਲੈ ਕਰਹਿਂ ਪ੍ਰਹਾਰਾ ॥ ੨੬ ॥ ਗੁਰ ਕੇ ਬੰਸ ਬਿਖੈ ਜਨਮਾਇ। ਆਪਸ ਮਹਿਂ ਮਤਸਰ ਤਪਤਾਇ। ਕਰਜੋ ਖੁਵਾਵਨਿ ਸਬਿਖ† ਅਹਾਰਾ[3]। ਯਾਂਤੇ ਗੁਰਤਾ ਪੋਟ ਉਦਾਰਾ[2] ॥੨੭॥ ਤੁਰਕ ਬਿਰੋਧੀ ਗੁਰੁ ਘਰ ਕੇਰੇ। ਅਪਨੋ ਜ਼ੋਰ ਜਨਾਇਂ ਬਡੇਰੇ। ਕਰਾਮਾਤ ਚਾਹਤਿ ਹੈਂ ਦੇਖਾ। ਕੋ ਦਿਖਰਾਵਹਿ ਬੁੱਧਿ ਬਿਸ਼ੇਖਾ ॥ ੨੮ ॥ ਨਟ ਕੀ ਭਾਂਤਿ ਆਪ ਦਿਖਰਾਵਹਿਂ। ਹਰਿ ਦਰਗਹਿ ਕਜਾ ਮੁਖ ਦਿਖਰਾਵਹਿਂ। ਨਹਿਂ ਸੰਤਨ ਮੈਂ ਐਸੀ ਬਾਤਿ। ਜਿਨ ਕੇ ਸਦਾ ਬਸਤਿ ਚਿਤ ਸ਼ਾਂਤਿ ॥ ੨੯ ॥ ਗੁਰਤਾ ਪੋਟ

[1]ਨਿਉਂਦੇ ਹਨ ਜਿਸਨੂੰ। [2]ਪੇਟ ਭਾਰੀ ਹੈ। [3]ਜ਼ਹਿਰ ਵਾਲਾ ਖਾਣਾ (ਬੀ ਇਕ ਦੂਜੇ ਨੂੰ ਮਾਰਨ ਲਈ) ਖੁਵਾਦਿਆ ਨੇ। *ਪਾঃ—ਲੋਕ ਲਾਜ—ਕੁਲ ਲਾਜ। †ਪਾঃ—ਸੁਬਕ।

ਇਸੀ ਤੇ ਭਾਰੀ।ਬਡ ਸਮਰਥ ਜੁਤਿ ਸਕਿਯ[੧] ਸਹਾਰੀ। ਪ੍ਰਗਟਹਿਂ ਤੌ ਤੁਝ ਕੋ ਕਯਾ ਹੋਇ[੨] । ਪੂਰ ਮਨੋਰਥ ਭਯੋ ਸੁ ਜੋਇ ॥ ੩੦ ॥ ਦਰਸ਼ਨ ਕਰੇ ਉਪਾਇਨ ਦੀਨਿ । ਸਿਖੀ ਕੌ ਨਿਰਬਾਹਿਨ ਕੀਨਿ।ਉਰ ਅਪਨੋ ਕੱਲਯਾਨ ਬਿਚਾਰ।ਗਮਨਹੁ ਅਪਨੇ ਦੇਸ਼ ਮਝਾਰ' ॥੩੧॥ ਸੁਨਿ ਮੱਖਣ ਦ੍ਵੈ ਹਾਥਨਿ ਬੰਦਿ।ਸਹਿਤ ਨੰਮ੍ਰਿਤਾ ਬਿਨੈ ਬਿਲੰਦ। ਸੰਗਤਿ ਸਗਰੀ ਹਿਤ ਉਪਕਾਰੀ[੩]। ਮਧੁਰ ਸੁਲੱਛਨ ਗਿਰਾ ਉਚਾਰੀ[੪] ॥ ੩੨ ॥ 'ਸ੍ਰੀ ਹਰਿ ਕ੍ਰਿਸ਼ਨ ਬਾਕ ਕੋ ਧਰਿ ਕੈ।ਇਸ ਬਲ ਹੀ ਪਰ ਨਿਸ਼ਚਾ ਕਰਿ ਕੈ।ਆਵਹਿ ਸਿੱਖ ਉਪਾਇਨ ਦੇਹਿਂ । ਰਹਤਿ ਰਿਦੈ ਮਹਿਂ ਮਹਦ ਸੰਦੇਹਿ ॥ ੩੩ ॥ ਕਰਹਿ ਕਾਮਨਾ ਭਿਨ ਤੇ[੫] ਕੋਈ । ਰਿਦਾ ਸ਼ੁੱਧ ਜੇ, ਲਹੈ ਨ ਸੋਈ । ਤਰਕ ਕਰਹਿਂ ਅਪਨੇ ਮਨ ਮਾਂਹੀ । ਸ਼ਰਧਾ ਸੁਖਦ ਧਰਹਿਂ ਤਬਿ ਨਾਂਹੀ ॥ ੩੪ ॥ ਮਹਿਮਾ ਸਿੱਖੀ ਕੀ ਹੁਇ ਹੌਰੀ। ਸਭਿ ਸਿਰਮੌਰ ਬਡੀ ਬਡ ਗੌਰੀ[੬] । ਇਸ ਕੋ ਆਪ ਬਧਾਵਨਿ ਕਰੀਏ । ਯਾਂਤੇ ਬਿਦਤਨਿ ਕੇ ਅਨੁਸਰੀਏ[੭] ॥ ੩੫ ॥ ਜੇ ਕਰਿ ਕਹਹੁ[੮] ਰਹੈਂ ਇਸ ਰੀਤਿ।ਕਰਹਿਂ ਕਾਮਨਾ ਪੂਰਨ ਚੀਤ। ਤਹਿਂ ਭੀ ਸਿਖੀ ਹਿਤ ਨਿਰਬਾਹ । ਬਾਂਛਾ ਪੂਰਨ ਕਰਹੁ ਉਮਾਹ ॥੩੬॥ਇਹ ਭੀ ਸਿੱਖਨਨਿ ਕੀ ਅਭਿਲਾਖਾ । ਸਭਿਨਿ ਮਨੋਰਥ ਯਾਮੈਂ ਰਾਖਾ । ਅਪਰ ਕਾਮਨਾ ਪੂਰਹੁ ਜੈਸੇ । ਹਰਖਤਿ ਕਰਹੁ ਸਿੱਖਨ ਗਨ ਤੈਸੇ[੮] ॥੩੭॥ ਸ਼੍ਰੀ ਹਰਿਕ੍ਰਿਸ਼ਨ ਬਾਕ ਸਤਿ ਕਰੀਅਹਿ । ਬੈਠਿ ਸਭਾ ਮਹਿਂ ਦਰਸ ਦਿਖਰੀਅਹਿ । ਬਿਦਤਹੁ ਜਗਤ ਬਿਖੈਂ ਇਸ ਭਾਂਤੀ । ਜਥਾ ਚੰਦ੍ਰਮਾ ਪੂਰਨ ਰਾਤੀ[੯]॥੩੮॥ ਸਿੱਖਨਨਿ ਕੋ ਕਰਿਬੇ ਕੱਲਯਾਨ । ਚਹੁੰਦਿਸ਼ਿ ਮਹਿਂ ਜਿਤ ਕਿਤ ਬ੍ਰਿਤ ਜਾਨ[੧੦] ।

---

[੧]ਸਕਦਾ ਹੈ । [੨]ਤੈਨੂੰ ( ਹੋਰ ) ਕੀਹ ( ਲਾਭ ) ਹੋਵੇਗਾ । [੩]ਸਾਰੀ ਸੰਗਤਿ ਦੇ ਉਪਕਾਰ ਲਈ । [੪]ਮਿੱਠੀ ਤੇ ਸ੍ਰੇਸ਼ਟ ਲੱਛਣਾਂ ਵਾਲੀ ਬਾਣੀ ( ਮੱਖਣ ਨੇ ) ਉਚਾਰੀ । (ਅ) ਦੁਹਾਂ ਸੱਤਰਾਂ ਦਾ ਅਰਥ ਇਉਂ ਬੀ ਲੱਗਦਾ ਹੈ:-ਗੁਰੂ ਹਰਿਕ੍ਰਿਸ਼ਨ ਜੀ ਨੇ ਮਿੱਠੀ ਤੇ ਸ੍ਰੇਸ਼ਟ ਲੱਛਣਾਂ ਵਾਲੀ ਬਾਣੀ ਸਾਰੀ ਸੰਗਤਿ ਦੇ ਉਪਕਾਰ ਲਈ ਉਚਾਰੀ ਸੀ। [੫]ਭਾਵ ਹੋਰ ਸੋਢੀਆਂ ਤੋਂ । [੬]ਭਾਰੀ । [੭]ਪ੍ਰਗਟ ਹੋਣ (ਦੇ ਖਿਆਲ) ਨਾਲ ਅਨਕੂਲਤਾ ਕਰੋ । [੮]ਭਾਵ ਕਿ ਅਸੀਂ ਇਸੇ ਤਰ੍ਹਾਂ (ਛਿਪੇ) ਰਹੀਏ (ਤੇ ਸਿੱਖਾਂ ਦੇ) ਦਿੱਤ ਦੀਆਂ ਕਾਮਨਾ ਪੂਰਨ ਕਰੀ ਚਲਾਂਗੇ ਤਦ-(ਅਗੋਂ ਦਲੀਲ ਦੇਂਦੇ ਹਨ) ਇਹ ਬੀ ਸਿਖਾਂ ਦੇ ਦਿੱਤ ਦੀ ਕਾਮਨਾ ਹੈ (ਕਿ ਪ੍ਰਗਟ ਹੋਵੋ) ਸੋ ਪੂਰੀ ਕਰੋ । [੯]ਪੂਰਨਮਾ ਦੀ ਰਾਤ ਦੇ ਚੰਦ ਵਾਂਙੂ । [੧੦]ਭਾਵ, ਜੋ (ਸਿਖ) ਚਹੁੰਦਿਸ਼ਾਂ ਵਿਚ ਵੇਲੇ ਹੋਏ ਹਨ । [ਸੰਸਾ, ਦ੍ਵਿਧਾ-ਪ੍ਰੇਮਣਾ] ।

ਅਜਰਜਰਨ ਗਨਦੁਸ਼ਟਨਿ ਮਾਂਹੀ। ਨਹੀਂ ਜਨਾਵਨਿ ਸ਼ਕਤਿ ਤਹਾਂਹੀ[1]*
॥੩੯॥ਹਰਖ ਸ਼ੋਕ ਮਾਨ ਰ ਅਪਮਾਨ। ਸੁਖ ਦੁਖ ਮਹਿਂ ਬਿਤ ਬ੍ਰਿਤੀ ਸਮਾਨ।
ਇੱਤਜਾਦਿਕ ਜੋ ਗਰਵੇ ਭਾਰ। ਤੁਮ ਉਰ ਪਰ ਜਿਮ ਫੂਲ ਕਿ ਹਾਰ[2] ॥
੪੦॥ ਇਸੀ ਭਾਰ ਕੋ ਸੰਕਟ ਪਾਇ। ਸ਼ੱਤ੍ਰ ਤੁਮਾਰਨਿ ਸਿਰ ਦਬਿ ਜਾਇ॥
ਪੋਸ਼ਿਸ਼ ਪਹਿਰਹੁ ਆਪ ਨਵੀਨ। ਬੈਠਹੁ ਦੇਹੁ ਦਰਸ਼ ਦੁਖ ਹੀਨ' ॥
੪੧॥ਇਸ ਪ੍ਰਕਾਰ ਬਹੁ ਬਿਨੈ ਭਨੰਤਾ॥ਰਹਿ ਸਭਿਸਿੱਖਜਨਿ ਗੁਰੂਵਿਖੰਤਾ॥
ਸ਼੍ਰੀ ਗੁਰੁ ਤੇਗ ਬਹਾਦਰ ਚੰਦ। ਸਦਾ ਮਗਨ ਜੋ ਬ੍ਰਹਮਾਨੰਦ ॥ ੪੨ ॥
—ਸੰਗਤਿ ਸਕਲ ਸਹਤਿ ਬਡ ਚਾਹ। ਜਿਸ ਮਹਿਂ ਮੁੱਖਜ ਸੁ ਮੱਖਣਸ਼ਾਹ।
ਪੂਰਨ ਕਰਨੀ ਹੀ ਬਨਿ ਆਇ—। ਇਮ ਤਿਸ ਛਿਨ ਅਪਨੇ ਉਰ ਲਜਾਇ॥
੪੩ ॥ ਮੁਸਕਾਵਤਿ ਬੋਲੇ ਗਨਖਾਨੀ। 'ਹੇ ਮੱਖਣ ! ਮਾਨੀ ਤੁਵ ਬਾਨੀ।
ਦੂਰ ਦੇਸ਼ ਤੇ ਸ਼ਰਧਾ ਧਰਿਕੈ। ਆਯੋ ਮਾਰਗ ਸ਼੍ਰਮਤਾ ਕਰਿ ਕੈ ॥ ੪੪ ॥
ਬਿਨੈ ਨੰਮ੍ਰਿਤਾ ਸਹਤ ਉਪਾਇਨ। ਆਨਤਿ ਭਾ ਸਤਿਗੁਰ ਕੇ ਆਇਨ[3]।
ਕਹਨੈ ਜਿ ਤੇਰੋ ਅਬਿ ਨਹਿਂ ਕਰੈਂ।ਅਪਨੇ ਬਿਖੇ ਖੋਟਤਾ ਧਰੈਂ[4]॥੪੫॥—ਮੈਂ
ਸਿੱਖ ਮੰਦ ਚਾਹ ਜੋ ਮੰਦ[5]। ਨਹਿ ਪੂਰੀ ਸਤਿਗੁਰ ਸੁਖਕੰਦ—। ਅਸ ਮਨ
ਜਾਨਿ ਬਹੁਰ ਪਛੁਤਾਵੈਂ। ਚਿੰਤਾ ਬਸਿ ਕਲੇਸ਼ ਕੋ ਪਾਵੈਂ॥ ੪੬ ॥ ਨਿਜ
ਭਗਤਨਿ ਸੁਖ ਦੇਵਨਿ ਕਾਰਨਿ।ਸੰਸੈ ਅਪਦਾ ਮਹਦ ਬਿਦਾਰਨਿ।ਸ਼੍ਰੀ ਪ੍ਰਭੁ
ਆਪ ਧਰਹਿ ਅਵਤਾਰਾ। ਨਿਜ ਦਾਸਨਿ ਕੇ ਮਨ ਅਨੁਸਾਰਾ ॥ ੪੭ ॥
ਮਹਦ ਕਰਮ ਕੋ ਕਰਹਿ ਬਨਾਇ[6]।ਹਰਿ ਤੇ ਹਰਿਜਨ ਬਾਂਛਾ ਪਾਇ। ਤਿਮ
ਸਤਿਗੁਰ ਕੇ ਘਰ ਮਹਿਂ ਅਹੇ। ਪੂਰਨ ਕਰਹਿਂ ਸਿੱਖ ਜੋ ਚਹੈ ॥ ੪੮॥ ਪ੍ਰੇਮ
ਡੋਰ ਤੇ ਬੰਧਨਿ ਹੋਇ। ਕਿਰਤ ਕਰਹਿਂ ਜਿਮ ਬਾਂਛਹਿ ਸੋਇ'। ਇਮ ਗੁਰੂ
ਤੇਗ ਬਹਾਦਰ ਮਾਨੀ। ਅਤਿ ਅਨੰਦਤਾ ਮੱਖਣ ਠਾਨੀ ॥ ੪੯ ॥ ਗੁਰੂ
ਆਗਜਾ ਲੈ ਮੱਖਨ ਸ਼ਾਹੁ। ਮੁਖ ਧੋਯੋ ਲੇ ਜਲ ਕਰ ਮਾਂਹੁ।ਗੁਰੂ ਗਿਰਾ ਅਰੁ

[1]ਉਨ੍ਹਾਂ (ਦੁਸ਼ਟਾਂ) ਵਿਚ ਸ਼ਕਤੀ ਨੂੰ ਨਾ ਜਨਾਉਣਾ। [2]ਇਹ ਭਾਰੇ ਭਾਰ ਤੁਹਾਡੀ ਛਾਤੀ ਤੇ ਫੁੱਲ ਦੇ ਹਾਰ ਵਾਂਙੂ ਹਨ। [3]ਘਰ। [4]( ਤਾਂ ਤੂੰ ) ਆਪਣੇ ਵਿਖੇ ਇਹ ਕਸਰ ਮੰਨੇਗਾ ਕਿ...... । [5]ਮੈਂ (ਮੰਦ=) ਮਾੜੇ ਸਿਖ ਦੀ (ਮੰਦ=) ਸਧਾਰਣ ਇੱਛਾ। (ਅ) ਮੈਂ (ਮੰਦ=) ਮਾੜੇ ਸਿਖ ਦੀ ਜੋ ਚੰਗੀ ਇੱਛਾ ਸੀ...... । [ਜੋ ਮੰਦ=ਜੁ+ਅਮੰਦ=ਜੋ ਚੰਗੀ ਸੀ]। [6]( ਦਾਸਾਂ ਦੇ) ਭਾਰੀ ਕੰਮਾਂ ਨੂੰ ( ਜਿਨ੍ਹਾਂ ਲਈ ਓਹ ਅਰਾਧਦੇ ਹਨ) ਸੰਵਾਰ ਦੇਂਦਾ ਹੈ। (ਇਸ ਤਰ੍ਹਾਂ) ...... ।

*ਪਾ:—ਜਲ ਮਹਿਂ ਰਹਤਿ ਭੀਜਬੋ ਨਾਂਹੀ।

ਇੱਛਾ ਜੀ ਕੀ[1]। ਪੂਰਨ ਕੀਨਿ,ਮਾਨਿ ਮਨ ਨੀਕੀ ॥ ੫੦ ॥ ਨਿਜ ਹਾਥਨਿ ਮਹਿਂ ਬਸਤ੍ਰ ਜੁ ਧਾਰੇ। ਪਹਿਰਾਵਨਿ ਹਿਤ ਉਠ੍ਯੋ ਸੁਧਾਰੇ। ਜਾਮਾ ਸੂਖਮ ਚੀਰ ਜੁ ਚਾਰੁ। ਗਰ ਮਹਿਂ ਪਾਯੋ ਗੁਰੂ ਉਦਾਰ ॥੫੧॥ ਸੁੰਦਰ ਦੀਰਘ ਬਰ ਦਸਤਾਰ। ਸਿਰ ਪਰ ਬੇਧਨਿ ਕੀਨਿ ਸੁਧਾਰਿ। ਊਪਰ ਮਹਦ ਚਾਦਰਾ ਲੀਨਿ। ਸਿੱਖ ਕਾਮਨਾ ਪੂਰਨ ਕੀਨਿ ॥ ੫੨ ॥ ਵਹਿਰ ਸਥੰਡਲ[2] ਹੁਤੋ ਬਿਲੰਦਾ।ਤਹਾਂ ਆਇ ਬੈਠੇ ਸੁਖਕੰਦਾ।ਤਿਹ ਛਿਨ ਮੱਖਣ ਚਢ੍ਯੋ ਅਟਾਰੀ। ਸਭਿ ਸੰਗਤਿ ਸੌਂ ਊਚ ਉਚਾਰੀ ॥ ੫੩ ॥ 'ਭੁਲੀਏ ਸੰਗਤਿ ! ਸੁਨਹੁ ਸੁ ਕਾਨ। ਸਤਿਗੁਰੁ ਲੱਧਾ ਮਹਦ ਮਹਾਨ। ਸੰਸੈ ਭਰਮ ਰਿਦੈ ਕੋ ਤਜਿ ਕੈ। ਜਨਮ ਸੁਧਾਰਹੁ ਸ੍ਰੀ ਗੁਰੁ ਭਜਿ ਕੈ' ॥ ੫੪ ॥ ਮਨ ਉਤਸਾਹੁ ਬਧ੍ਯੋ ਜਿਸ ਕੇਰੇ। ਰਹ੍ਯੋ ਨ ਗਯੋ ਕਹ੍ਯੋ ਤਿਸ ਬੇਰੇ। ਉਮਗਿ ਉਮਗਿ ਕੈ ਅਧਿਕ ਪੁਕਾਰੇ।ਹੁਇ ਅਨੰਦ ਅਤਿ, ਸਿੱਖਨ ਹਕਾਰੇ ॥੫੫॥ ਚਹੁੰਦਿਸ਼ਿ ਮਹਿਂ ਮੁਖ ਕਰਿ ਕਰਿ ਕਹੈ।'ਭੁਲੀ ਸੰਗਤਿ!ਗੁਰੁ ਇਹ ਅਹੈ'।ਜਹਿਂ ਲੌ ਸੁਨ੍ਯੋ ਬਾਕ ਤਿਸ ਕੇਰਾ। ਆਵਹਿਂ ਧਾਵਹਿਂ ਬਿਸਮ ਘਨੇਰਾ ॥ ੫੬ ॥ ਪਸਰੀ ਬਾਤ ਸਰਬ ਹੀ ਗ੍ਰਾਮੂ।ਸੁਨਿ ਸੁਨਿ ਸਿੱਖਨ ਆਇਂ ਤਜਿਕਾਮੂ।ਉਤਰਿਆਪ ਪੁਨ ਸਤਿਗੁਰੁ ਪਾਸ। ਖਰੋ ਤਿਹਾਵਲ ਕਿਯ ਅਰਦਾਸ ॥ ੫੭ ॥ ਆਇ ਸਭਾ ਜਬਿ ਪੂਰਨ ਹੋਈ। ਦਰਸਹਿ ਜਿਤ ਕਿਤ ਮਹਿਂ ਸਭਿ ਕੋਈ। ਸਭਿ ਮਹਿਂ ਮੱਖਣ ਸ਼ਾਹ ਸੁਨਾਇ। 'ਸ੍ਰੀ ਹਰਿਕ੍ਰਿਸ਼ਨ ਬਾਕ ਜੋ ਗਾਇ ॥੫੮॥–ਬਾਬਾ ਅਹੈ ਬਕਾਲੇ ਮਾਂਹਿ–।ਭਯੋ ਸਾਚ ਸੋ ਹੈ ਗੁਰੁ ਯਾਹਿ। ਪਤਾ ਜਹਾਜ਼ ਬਤਾਵਨਿ ਕੀਨਿ।ਅੰਤਰ ਕੀ ਗਤਿ ਸਭਿ ਲਖਿ ਲੀਨਿ ॥੫੯॥ਸ੍ਰੀ ਹਰਿਕ੍ਰਿਸ਼ਨ ਪਿਤਾਮਹਿ[3] ਏਹੁ। ਬਾਬਾ ਕਹਨਿ ਪਤਾ ਇਨ ਦੇਹੁ[4]। ਇਤ ਉਤ ਭਰਮਹੁ ਨਹਿਂ ਤਜਿ ਗੁਰ ਕੋ। ਪੂਰਹੁ ਦਰਸ ਮਨੋਰਥ ਉਰ ਕੋ ॥ ੬੦ ॥ ਆਵਨਿ ਸਫਲੋ ਭਯੋ ਤੁਮਾਰਾ। ਪੂਜਹੁ ਸਤਿਗੁਰੁ ਪੈਰ ਉਦਾਰਾ'। ਜਿਸ ਪ੍ਰਕਾਰ ਪਰਖੇ ਸਭਿ ਥਾਂਈ। ਮੱਖਣ ਸਭਿ ਕੇ ਸੁਨਤਿ ਸੁਨਾਈ ॥ ੬੧ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਗੁਰ ਤੇਗ ਬਹਾਦਰ' ਪ੍ਰਸੰਗ ਬਰਨਨੰ ਨਾਮ ਨਥਮੇ ਅੰਸੂ ॥ ੯ ॥

### ੧੦. [ਸੋਢੀਆਂ ਦੀ ਈਰਖਾ]।

ਦੋਹਰਾ ॥ ਸੰਗਤਿ ਸਭਿ ਇਕ ਬਾਰ ਹੀ ਦੌਰਿ ਦੌਰਿ ਨਰ ਆਇਂ। ਦੀਰਘ

---

[1]ਗੁਰੂ ਵਾਕ (ਕਿ ਪ੍ਰਗਟਾਉਣ ਵਾਲੇ ਦਾ ਮੂੰਹ ਕਾਲਾ ਕਰਾਂਗੇ) ਅਤੇ ਆਪਣੇ ਜੀ ਦੀ ਇੱਛਾ (ਕਿ ਗੁਰੂ ਜੀ ਨੂੰ ਪ੍ਰਗਟਾ ਦੇਣਾ ਹੈ)। [2]ਥੜਾ। [3]ਬਾਬਾ। [4]'ਬਾਬਾ' ਕਹਿਕੇ ਇਨ੍ਹਾਂ ਦਾ ਹੀ ਪਤਾ ਦਿੱਤਾ ਸੀ (ਗੁਰੂ ਹਰਿਕ੍ਰਿਸ਼ਨ ਜੀ ਨੇ)।

ਦਰਸ਼ਨ[1] ਸਤਿਗੁਰੂ ਦੇ ਹੈਂ ਦਰਸ ਦਿਖਾਇ ॥੨॥ ਚੌਪਈ ॥ ਬਸਤ੍ਰ ਬਹੁਤ ਜਿਨ ਮੋਲ ਉਦਾਰੇ। ਧਰੀ ਅਸ਼ਰਫੀ[2] ਗੁਰੂ ਅਗਾਰੇ। ਦੇਖਿ ਦੇਖਿ ਸਿਖ ਚੌਂਪ ਕਰੰਤੇ। ਆਨਿ ਉਪਾਇਨ ਨਿਜ ਅਰਪੰਤੇ ॥ ੨ ॥ ਪੰਚਾਂਮ੍ਰਿਤ ਕੋ ਲਸਾਇ ਕਰਾਇ। ਕੋ ਅਰਪਤਿ ਹੈ ਬਸਤ੍ਰ ਸੁਹਾਇ। ਕਿਤਿਕ ਰਜਤਪਣ ਲਸਾਇ ਚਢਾਵਹਿਂ। ਪਸ਼ਮੰਬਰ ਕੋ ਲੇ ਅਰਪਾਵਹਿਂ ॥ ੩ ॥ ਭਈ ਭੀਰ ਬਹੁ ਨਰ ਕੀ ਆਇ।ਬੰਦਨ ਕਰਹਿਂ ਬਦਨ ਦਰਸਾਇ। 'ਜੈ ਸਤਿਗੁਰੁ ਜੈ ਸਤਿਗੁਰ ਕੇਰੀ। ਸਭਿ ਤੇ ਮਹਿਮਾ ਅਧਿਕ ਬਡੇਰੀ ॥ ੪ ॥ ਸ਼੍ਰੀ ਨਾਨਕ ਕੀ ਜੋਤਿ ਉਦਾਰਾ। ਅਬਿ ਤਿਸ ਕੇ ਤੁਮ ਅਹੋ ਅਧਾਰਾ।ਸਿੱਖਨਨਿ ਸਕਲ ਕਾਮਨਾ ਜੋਈ। ਤਿਨ ਕੇ ਨਿਰਬਾਹਕ ਤੁਮ ਹੋਈ ॥ ੫ ॥ ਦੂਰੇ ਰਹੇ ਨਹਿਂ ਦਰਸ ਦਿਖਾਵਾ। ਕਿਮ ਛਪਿ ਸਕਹਿ ਭਾਨੁ ਉਦਤਾਵਾ। ਕਰਹੁ ਉਧਾਰਨਿ ਸਿੱਖਨਨਿ ਕਰਨਿ। ਲਹੈਂ ਅਨੰਦ ਦਰਸ ਭ੍ਰਮ ਹੇਰਨਿ' ॥ ੬ ॥ ਇਮ ਕਹਿ ਕਹਿ ਬਹੁ ਭੇਟ ਚਢਾਵਹਿਂ। ਬਿਨੈ ਕਾਮਨਾ ਸਹਿਤ ਸੁਨਾਵਹਿਂ। ਕੋਇਕ ਸਿੱਖ ਕਹੈ ਤਿਨ ਮਾਂਹੀ। ਜਿਨ ਕੇ ਰਿਦੇ ਅਸ਼ਰਧਾ ਨਾਂਹੀ ॥ ੭ ॥ 'ਕਰਮ ਅਨਿੰਦਤ ਸਭਿ ਇਨ ਕੇਰੇ। ਮਹਾਂ ਭਾਗ ਸੰਤੋਖ ਘਨੇਰੇ। ਸਮ ਦਮ ਸ਼ਾਂਤੀ ਮਧੁਰ ਬਚੈਨਾ। ਨਿਜ ਸਰੂਪ ਮਹਿਂ ਸਦਾ ਪ੍ਰਸੰਨਾ ॥ ੮ ॥ ਸਹਿਨ ਸ਼ੀਲ, ਮਨ ਰਾਗ ਨ ਦ੍ਵੈਸ਼। ਸਦਾ ਜਿਤਿੰਦ੍ਰੈ, ਛੁਹ ਨ ਕਲੇਸ਼। ਗੁਰਤਾ ਉਚਿਤ ਜਿਤਿਕ ਬਡਿਆਈ।ਇਨ ਮਹਿਂ ਸਭਿ ਪਈਅਤਿ ਭਲਿ-ਆਈ ॥ ੯ ॥ ਇਕ ਸੁਭਾਵ ਇਨ ਧਾਰਨਿ ਮੌਨ। ਯਾਂਤੇ ਗਯੋ ਸਮੀਪ ਨ ਕੌਨ। ਭੇਦ ਨ ਪਾਇ ਸਕਯੋ ਇਨ ਕੋਇ। ਉਦਾਸੀਨ ਸਭਿ ਤੇ ਨਿਤ ਜੋਇ ॥ ੧੦ ॥ ਇਨ ਕੋ ਪਿਤਾ ਬਲੀ ਭੁਜ ਭਾਰੀ। ਜਿਨ ਸਮਾਨ ਨਹਿ ਅਪਰ ਅਕਾਰੀ[3]। ਸੁੰਦਰ ਸੁਭ ਸਰਬੰਗ ਬਿਲੰਦ। ਮਹਿਦ ਜੁੱਧ ਜੇਤਾ ਰਿਪੁ ਬ੍ਰਿੰਦ ॥੧੧॥ ਸ਼੍ਰੀ ਗੁਰ ਹਰਿਗੁਵਿੰਦ ਸੁਖਕੰਦ। ਤਿਨ ਕੇ ਸੁਭ ਗੁਨ ਧਰਹਿਂ ਮਾਨੰਦ[4]। ਦੀਰਘ ਦਰਸ਼ਨ ਬਦਨ ਸੁਹਾਵਾ।ਦੀਹ ਸਮੱਸ਼੍ਰ ਸਰਲ[5] ਬਨਾਵਾ ॥ ੧੨ ॥ ਛਪੇ ਰਹੇ ਨਹਿ ਆਪ ਜਨਾਯੇ। ਭੇਦ ਨਹੀ ਕਿਨਹੂੰ ਸਿਖ ਪਾਯੋ। ਸਿਖ ਸ਼ਰਧਾ ਹਿਤ ਪਤਾ ਬਤਾਵਾ। ਸਾਗਰ ਬਿਖੇ ਜਹਾਜ ਲੰਘਾਵਾ ॥ ੧੩ ॥ ਯਾਂਤੇ ਜ਼ਾਹਰ ਭਏ ਜਹਾਨ। ਕਰਹਿਂ ਅਨਿਕ ਸਿੱਖਨਿ

[1]ਭਾਵ ਲੰਮੇਰੇ ਸਰੀਰ ਵਾਲੇ। [2]ਮੋਹਰਾਂ। [3]ਸਰੀਰ ਵਾਲਾ। [4]ਭਾਵ ਸ੍ਰੀ ਗੁਰੂ ਹਰਿਗੋਬਿੰਦ ਜੀ ਵਾਂਙ। [5]ਦਾੜ੍ਹਾ ਭਾਰੀ ਤੇ ਲੰਮਾ।

ਕੱਲਜਾਨ’। ਇਸ ਪ੍ਰਕਾਰ ਸੰਗਤਿ ਦਰਸੰਤੀ। ਅਨਿਕ ਭਾਂਤਿ ਬਸਤੁਨਿ ਅਰਪੰਤੀ ॥ ੧੪ ॥ ਚਹੁੰਦਿਸ਼ਿ ਭੀਰ ਭਈ ਬਹੁ ਆਇ। ਬੰਦਹਿ ਪਾਇਨਿ ਸ਼ੀਸ ਟਿਕਾਇ। ਮੱਖਣ ਦੋਇ ਚਮਰ ਜੋ ਲ੍ਯਾਵਾ। ਦੁਹਿਦਿਸ਼ਿ ਮਹਿਂ ਸ਼ੁਭ ਰੀਤਿ ਝੁਲਾਵਾ॥ ੧੫ ॥ ਸਿੱਖਜਨਿ ਸਾਥ ਬਾਰਤਾਲਾਪ। ਸਤਿਗੁਰੁ ਕਰਤਿ ਵਿਪਤਿ ਪਰਤਾਪ। ਸਭਿ ਸੋਢੀ ਕੇ ਨਰ ਤਹਿਂ ਆਇ। ਦੇਖਿ ਦੇਖਿ ਮਨ ਅਨਖ[1] ਬਢਾਇ ॥ ੧੬ ॥ ਜਨੌਂ ਜਨੌਂ ਬਹੁਤ ਉਪਾਇਨ ਆਵੈ। ਸੰਗਤਿ ਸਗਰੀ ਸਤੁਤਿ ਸੁਨਾਵੈ। ਦਰਬ ਅਗਾਰੀ ਬ੍ਰਿੰਦ ਦਿਸਾਵੈ। ਤਨੌਂ ਤਨੌਂ ਮਤਸਰ ਅਧਿਕ ਉਪਾਵੈਂ॥੧੭॥–ਇਸ ਕੋ ਮਾਨਤਿ ਹੁਤੋ ਨ ਕੋਇ। ਗੁਰੁਤਾ ਉਚਿਤ ਨ ਕੈਸੇ ਸੋਇ। ਮਿਲਹਿ ਨ ਬੋਲਹਿ ਕਾਹੂੰ ਸੰਗ। ਸਮ ਉਨਮੱਤ, ਨਹੀਂ ਸੁਧਿ ਅੰਗ ॥੧੮॥ ਸਭਿਨਿ ਛੋਰਿ ਇਹ ਗੁਰੂ ਬਨਾਵਾ। ਜਿਸ ਕੋ ਲਖ੍ਯੋ ਨ ਜਾਇ ਸੁਭਾਵਾ। ਇਹ ਮੱਖਣ ਨੇ ਦੰਭ ਬਨਾਯੋ। ਸਭਿ ਸਿੱਖਜਨਿ ਕੋ ਲ੍ਯਾਇ ਬੁਲਾਯੋ ॥ ੧੯ ॥ ਇਸ ਕੌ[2] ਕਹਤਿ ਹੁਤੇ ਮਤਿਵਾਨਾ[3]। ਦੇਖ੍ਯੋ ਯਾਤੇ ਮਹਤ ਅਜਾਨਾ। ਅਪਰ ਸਭਿਨਿ ਕੋ ਕੀਨਿ ਅਨਾਦਰ। ਹੁਤੇ ਸਦੀਵ ਜੁ ਉਚਿਤੇ ਆਦਰ ॥੨੦॥ ਧੀਰਮੱਲ ਤੇ ਆਦਿ ਮਹਾਂਨਾ। ਜਿਸ ਕੋ ਮਾਨਹਿ ਸਕਲ ਜਹਾਨਾ। ਤਿਨਕੇ ਹੋਵਤਿ ਇਸ ਢਿਗ ਆਇ। ਧਰਹਿ ਉਪਾਇਨ ਪੂਜਹਿ ਪਾਇ ॥ ੨੧ ॥ ਕਥਿ[4] ਅਨੀਤ ਸਹਾਰਹਿ ਸੋਇ। ਇਮ ਤੌ, ਚਹੈ ਜੁ ਗੁਰੁ ਸੋ ਹੋਇ[5]–। ਅਸ ਕਹਿ ਨਿੰਦਕ ਬਹੁਤ ਰਿਸਾਇ। ਜਾਇ ਸਭਿਨਿ ਸੋਢੀਨਿ ਜਨਾਇ ॥ ੨੨ ॥ ‘ਬਨੇ ਬਨਾਇ ਸਭਿ ਤੁਮ ਰਹੇ। ਅਬਿ ਤੇ ਆਗੇ ਭੇਟ ਨ ਚਹੋ। ਨਹਿਂ ਕੋ ਆਵੈ ਪਾਸ ਤੁਮਾਰੇ। ਦਰਬ ਨ ਅਰਪਹਿ ਕਬਹਿ ਅਗਾਰੇ ॥ ੨੩ ॥ ਸ਼੍ਰੀ ਗੁਰ ਹਰਿ ਗੋਵਿੰਦ ਕੇ ਨੰਦ। ਸਭਿ ਤੇ ਲਘੁ,ਪਦ ਚਹੈ ਬਿਲੰਦ। ਤਿਸ ਤੇ ਬਡੇ ਚਾਰ ਸੁਤ ਆਨ। ਤਿਨ ਕੋ ਬੰਸ ਜੁ ਗੁਨੀ ਮਹਾਨ ॥੨੪॥ ਸਭਿਨਿ ਉਲੰਘਤਿ ਬੈਠਯੋ ਸੋਇ। ਤੇਗ ਬਹਾਦਰ ਮਸਤ ਜੁ ਹੋਇ। ਅੰਤਰ ਗਤਿ ਮੱਖਣ ਮਿਲਿ ਗਯੋ। ਮਹਾਂ ਪਖੰਡ ਉਠਾਵਨਿ ਕਿਯੋ ॥੨੫॥ ਕੈ ਤੋ ਮਿਲਿ ਕੈ ਕਰਹੁ ਮ੍ਰਿਜਾਦਾ। ਨਾਂਹਿ ਤ ਭਯੋ ਸਭਿਨਿ ਤੇ ਜ਼ਨਾਦਾ’। ਸੁਨਤਿ ਸਭਿਨਿ ਸੋਢੀਨਿ ਬਿਚਾਰਾ। ‘ਕਬਿ ਨ ਉਠਾਵਹਿ ਗੁਰਤਾ ਭਾਰਾ ॥ ੨੬॥

[1]ਗੁੱਸਾ। [2]ਭਾਵ ਮੱਖਣ ਸ਼ਾਹ ਨੂੰ। [3]ਅਕਲ ਵਾਲਾ। [4]ਕਿਵੇਂ। [5]ਇਸ ਤਰ੍ਹਾਂ ਤਾਂ ਜੋ ਚਾਹੇਗਾ ਸੋ ਗੁਰੂ ਹੋ ਬੈਠੇਗਾ।

ਲੈਨਿ ਦੇਨਿ ਕੀ ਅਕਲ ਨ ਕੋਈ। ਬੋਲਿਬਿ ਕੀ ਸਾਮਰਥ ਨ ਹੋਈ।
ਸਿੱਖਨਨਿ ਕੋ ਦੇਬੋ ਉਪਦੇਸ਼। ਇੱਤਯਾਦਿਕ ਕੋ ਲਖਹਿ ਨ ਲੇਸ਼ ॥੨੭॥
ਧਰੇ ਮੌਨ ਘਰ ਬੈਠਨੋ ਰਹੈ। ਜਗ ਬਿਵਹਾਰ ਕਥੰ[੧] ਸੋ ਲਹੈ। ਇਕ
ਮੱਖਨ ਕੀ ਦ੍ਰਿਸ਼ਿ ਕੋ ਦੇਖਿ। ਸੰਗਤਿ ਦੀਨਸਿ ਭੇਟ ਅਸ਼ੇਖ ॥੨੮॥ ਜਬਿ
ਇਹ ਚਲਯੋ ਜਾਇ ਨਿਜ ਦੇਸ਼। ਦੇਯ ਉਪਾਇਨ ਕੋ ਨਹਿੰ ਲੇਸ਼। ਸਭਿ
ਹਟਿ ਜੇ ਹੈਂ, ਜਾਇ ਨ ਕੋਈ। ਜਾਨਿ ਜਾਇਂ ਜੈਸੋ ਇਹ ਹੋਈ ॥ ੨੯ ॥
ਅਬਿ ਮੱਖਣ ਕੇ ਕਹਿਬੇ ਕਰਿ ਕੈ। ਪਰਖੇ ਬਿਨ ਸ਼ਰਧਾ ਉਰ ਧਰਿਕੈ।
ਦਈ ਉਪਾਇਨ, ਮਾਨਯੋ ਇਹੀ। ਏਕ ਬਾਰ ਹੀ, ਪੁਨ ਹ੍ਵੈ ਨਹੀਂ' ॥੩੦॥
ਇਕ ਤੇ ਇਮ ਕਹਿ ਤੂਸ਼ਨਿ ਠਾਨੀ। ਅਤਿ ਕ੍ਰੋਧੀ ਇਕ ਤਿਨਹੁ ਬਖਾਨੀ।
'ਬੇਮਿਰਜਾਦ ਬਾਤ ਨਹਿੰ ਆਛੇ। ਭਯੋ ਅੱਗ੍ਰਣੀ[੨] ਸਭਿ ਕਰਿ ਪਾਛੇ ॥ ੩੧
॥ ਕਿਸ ਭ੍ਰਾਤਾ ਕੋ ਭੈ ਨਹਿੰ ਮਾਨਯੋਂ। ਸਭਿ ਧਨ ਆਪ ਲਏ ਗਰਬਾਨਯੋਂ।
ਅਧਿਕ ਦਰਬ ਕਬਿ ਸਿਖ ਕੋ[੩] ਲ੍ਯਾਵੈ। ਜੌ ਅਜਾਨ ਇਕ ਨਿਕਟਿ
ਚਢਾਵੈ ॥੩੨॥ ਸਭਿ ਭ੍ਰਾਤਨਿ ਕੋ ਢਿਗ ਸੋ ਦੇਯ। ਭਾਗ ਸਮਾਨ ਆਪਨੋ
ਲੇਯ[੪]। ਸ਼੍ਰੀ ਹਰਿਕ੍ਰਿਸ਼ਨ ਬਾਕ ਕੋ ਕਹੇ। ਗੁਰੂ ਬਕਾਲੇ ਮਹਿਂ ਸਿਖ ਚਹੇਂ॥
੩੩॥ ਯਾਂਤੇ ਅਹੈਂ ਗ੍ਰਾਮ ਮਹਿਂ ਜੇਈ। ਲਨਿ ਉਚਿਤ ਭੇਟਨਿ ਸਭਿ ਤੇਈ।
ਗੁਰੂ ਇਹ, ਨਾਮ ਨ ਕਿਸ ਕੋ ਲੀਨਾ। ਸਭਿਹਿਨਿ ਕੋ ਅਧਿਕਾਰ ਸੁ
ਦੀਨਾ ॥੩੪॥ ਪੂਰਬ ਆਏ ਸਿਖ ਸਮੁਦਾਇ। ਲ੍ਯਾਏ ਅਲਪ ਉਪਾਇਨ
ਭਾਇ।ਕਿਸ ਨੇ ਕੋਇ ਕਿਸੀ ਨੇ ਕੋਈ। ਦਰਸ ਪਰਸ ਕਰਿ ਗਮਨੇ ਸੋਈ॥
੩੫॥ ਇਹ ਸਿਖ ਲ੍ਯਾਯੋ ਦਰਬ ਬਿਸਾਲਾ। 'ਦੇਬੋ ਚਹਿਯ ਸਭਿਨਿ ਇਕ
ਸਾਲਾ[੫]*। ਇਸ ਢਿਗ ਕਥੰ[੧] ਰਹਨਿ ਧਨ ਦੇ ਹੈਂ। ਨਿਰਬਲ ਤੇ ਸਭਿ ਹੀ
ਹਰਿ ਲੇਹੈਂ' ॥੩੬॥ ਅਧਿਕ ਅਸੂਯਕ ਇਸੀ ਪ੍ਰਕਾਰਾ। ਕਰਤਿ ਪਰਸਪਰ
ਬਾਕ ਉਚਾਰਾ। ਕੇਤਿਕ ਮਤਸਰ ਬਹੁ ਤਪਤਾਏ। 'ਧੀਰਮੱਲ ਕੀ ਸ਼ਰਨ
ਸਿਧਾਏ॥੩੭॥ ਜਿਸਕੇ ਸੰਗ ਨਰਨਕੋ ਬ੍ਰਿੰਦ। ਚਹੈ ਸੁ ਕਰੈ ਸਮਾਜ ਬਿਲੰਦ।
ਅਧਿਕ ਦਰਬ ਏਕਲ ਢਿਗ ਕੈਸੋ। ਰਹਨਿ ਦੇਹਿਂ ਅਸਮੰਜਸ ਐਸੋ ॥੩੮॥
ਜੋ ਕਰਿ ਧੀਰਮੱਲ ਢਿਗ ਹੋਇ। ਇਹ ਰਾਖਨਿ ਕੋ ਸਮਰਥ ਸੋਇ।ਤਿਨਕੋ
ਐਸ੍ਵਰਜ ਵੈਤ ਬਿਸਾਲਾ। ਸਦਾ ਸੁ ਮਾਨਹਿਂ ਮਾਨਵ ਜਾਲਾ ॥੩੯॥ ਭ੍ਰਾਤ
ਭਤੀਜਾ ਗੁਰੂ ਇਸ ਕੇਰ।ਆਦਿ ਗ੍ਰਿੰਥ ਸਾਹਿਬ ਸ਼ੁਭ ਡੇਰੇ'।ਇਮ ਮਸਲਤ

[੧]ਕਿਵੇਂ। [੨]ਆਗੂ, ਅਗਾਊ। [੩]ਕਦੇ ਕੋਈ ਸਿਖ। [੪]ਹਿੱਸਾ ਬਰਾਬਰ ਦਾ। [੫]ਇਕ ਸਾਰ, ਇਕੋ ਜਿਹਾ।
*ਪਾਠ—ਸਭਿਨਿ ਸ ਸਾਲਾ।

ਕਰਿ ਪਹੁੰਚੇ ਪਾਸ । ਸੋਢੀ ਕਿਤਿਕ ਮਸੰਦ ਸੁ ਦਾਸ ॥ ੪੦ ॥ ਜਾਇ ਸਰਬ ਬਿਰਤੰਤ ਸੁਨਾਯੋ। 'ਕਹਾ ਕੀਨਸਿ ਜੋ ਮੱਖਨ ਆਯੋ । ਸਾਚ ਕਿ ਝੂਠ ਨਰਨਿ ਕੇ ਸੰਗ। ਕਹਿ ਭੁਰਮਾਏ ਕੀਨਿ ਕੁਢੰਗ' ॥ ੪੧ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਏਕਾਦਸ਼ ਰਾਸੇ 'ਸਭਿ ਸੋਢੀ ਦੀਰਘਾ ਕਰਨ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥ ੧੦ ॥

## ੧੧. [ਧੀਰਮੱਲ ਵਲੋਂ ਗੋਲੀ ਚਲਾਉਣ ਦੀ ਯੋਜਨਾ]।।

ਦੋਹਰਾ ॥ ਧੀਰਮੱਲਜ ਕੇ ਨਿਕਟਿ ਜਬਿ ਸਭਿਹਿਨਿ ਕੇ ਨਰ ਜਾਇ।ਚਿੰਤ- ਤੁਰ ਮਤਸਰ ਮਹਤ ਚਿਤਵਤਿ ਅਨਿਕ ਉਪਾਇ ॥ ੧ ॥ ਚੌਪਈ ॥ ਇਕ ਮਸੰਦ ਤਬਿ ਜੋਰੇ ਹਾਥ। ਭਾਖਤਿ ਧੀਰਮੱਲ ਕੇ ਸਾਥ।ਤਿਸ ਕੇ ਘਰ ਮਹਿ ਹੁਤੋ ਉਦਾਰਾ[1]। ਜਿਸ ਬਸਿ ਲੇਨ ਦੇਨਿ ਬਿਵਹਾਰਾ ॥ ੨ ॥ ਹੁਤੋ ਪ੍ਰਥਮ ਸੋ ਧਨੀ ਬਡੇਰਾ। ਮਾਨਹਿਂ ਜਿਸ ਕੋ ਕਹਨੋ ਘਨੇਰਾ। ਸਭਿ ਮਹਿ ਜਿਸ ਕੇ ਬਾਕ ਪ੍ਰਮਾਨ। ਧੀਰਮੱਲਜ ਅਨੁਸਾਰੀ ਜਾਨਿ ॥ ੩ ॥ ਸ਼ੀਹਾ ਨਾਮ ਤਿਸੀ ਕੋ ਅਹੈ। ਗੁਰ ਸੋਂ ਦ੍ਰੋਹ ਕਰਤਿ ਬਹੁ ਰਹੈ।ਲੋਭੀ ਕੁਟਿਲ ਕਠੋਰ ਮਹਾਨਾ। ਦੁਸ਼ਟ ਮੂਢ ਸ਼ੁਭ ਪੰਥ ਅਜਾਨਾ ॥ ੪ ॥ 'ਸੁਨਹੁ ਗੁਰੂ ! ਤੁਮ ਮੇਰੀ ਬਾਤ। ਮਹਿਮਾ ਰਾਵਰਿ ਜਾਇ ਬਿਲਾਤਿ। ਨਿਕਟਿ ਆਪ ਕੇ ਤਿਨਹਿ ਪੁਜਾਯੋ। ਨਹਿ ਕਿਸ ਤੇ ਲਘੁ ਭੀ ਡਰਪਾਯੋ ॥ ੫ ॥ ਜਬਿ ਕੇ ਸਿੱਖ ਮਾਨਿ ਹੈਂ ਆਪੀ[2]। ਆਯੋ ਇਤੋ ਨ ਦਰਬ ਕਦਾਪੀ। ਏਕ ਜਾਮ ਸੋ ਨਿਕਸਨੋ ਬਾਹਰ। ਸਭਿ ਮਹਿਂ ਅਜਹੁੰ ਭਯੋ ਨਹਿ ਜ਼ਾਹਰ ॥ ੬ ॥ ਜਿਤਿਕ ਹਜ਼ਾਰਨਿ ਕੋ ਧਨ ਆਵਾ। ਇਸੀ ਪ੍ਰਕਾਰ ਜਿ ਹੋਹਿ ਚਢਾਵਾ। ਸੈਨ ਸਕੇਲਹਿ ਬ੍ਰਿੰਦ ਸੁਖਾਰੇ। ਐਸ੍ਵਰਜ ਬਧਹਿ,ਘਟਹਿ ਤੁਮ ਸਾਰੇ॥੭॥ਸ਼੍ਰੀ ਗੁਰੁ ਹਰਿਗੋਬਿੰਦ ਹਰਿਰਾਇ। ਤਿਨ ਤੇ ਅਧਿਕ ਕਿ ਸਮ ਬਨ ਜਾਇ । ਕਛੂ ਉਪਾਇ ਨ ਚਲਹਿ ਤੁਮਾਰੋ। ਛਾਇ ਜਾਇ ਸਭਿ ਪਰ ਬਲ ਭਾਰੋ ॥ ੮ ॥ ਅਬਿ ਤੌ ਲਘੁ ਹੈ ਬਨਹਿ ਉਪਾਇ। ਜਿਮ ਚਾਹਹੁ ਤਿਮ ਕਰਹੁ ਬਨਾਇ। ਨਹੀਂ ਦਾਸ,ਭਟ, ਚਾਕਰ ਨਾਂਹੀ। ਕੈ ਗਹਿ ਲੇਹੁ ਰਖਹੁ ਨਿਜ ਪਾਹੀ ॥ ੯ ॥ ਕੈ ਦਿਹੁ ਤ੍ਰਾਸ ਨ ਨਿਕਸੈ ਬਾਹਰ। ਕਿਧੌਂ ਸੰਘਾਰਹੁ ਹੋਇ ਨ ਜ਼ਾਹਰ। ਕੈ ਅਬਿ ਦਰਬ ਛੀਨ ਲਿਹੁ ਤਾਂਹੀ। ਆਗੇ ਕੋ ਦਿਹੁ ਭੈ ਉਪਜਾਹੀ ॥ ੧੦ ॥ ਕਿਧੌਂ ਆਪਨੇ ਦਾਸ ਪਠਾਵਹੁ। ਦਰਬ ਜਿਤੋ ਤਿਹਠਾਂ ਠਹਿਰਾਵਹੁ। ਸਭਿ ਲੋਕਨਿ ਕੀ ਬਰਜਹੁ ਭੀਰ। ਆਈ ਜਿਤਿਕ ਉਪਾਇਨ ਤੀਰ ॥ ੧੧ ॥ ਸਭਿ ਸੰਗਤਿ ਜਬਿ ਡੇਰਨਿ ਜਾਵੈ।ਸਗਰੀ ਵਸਤੁ ਉਠਾਇ ਸੁ ਲ੍ਯਾਵੈਂ। ਦਰਬ ਆਜ ਕੋ

[1]ਵੱਡਾ। [2]ਆਪਨੂੰ।

ਜੋ ਤਿਹ ਪਾਸ । ਰਹੈ ਤ ਤੁਮ ਕੋ ਉਪਜਹਿ ਤ੍ਰਾਸ॥੧੨॥ਵਹਿਰ ਉਪਾਇਨ ਘਰ ਤੇ ਜਾਵਤ[1] । ਲੇਨਿ ਉਪਾਇ ਚਿਤਹੁ ਤੁਮ ਤਾਵਤ । ਬਹੁਰ ਨ ਤੁਮਰੇ ਕਰ ਸੋ ਆਵੈ । ਲੇ ਕਰਿ ਕਿਤਹੂੰ ਗੁਪਤ ਛਪਾਵੈ ॥ ੧੩ ॥ ਚਾਕਰ ਰਾਖਿ ਹੋਹਿ ਪੁਨ ਗਾਢੇ । ਨਿਕਸਹਿ ਨਹੀਂ ਸੁ ਕਿਮ,ਜੇ ਕਾਢੇ । ਜਿਮ ਲਘੁ ਜਰ ਤਰੁ ਕੀ ਸੁ ਉਖਾਰਹਿਂ । ਬਡੋ ਹੋਇਗੋ ਕੌਨ ਉਪਾਰਹਿ ॥੧੪॥ ਨਿਜ ਹਿਤ ਬਾਤ ਕਰਹੁ ਅਬਿ ਹੋਇ । ਬੀਤੇ ਬਨਹਿ ਉਪਾਇ ਨ ਕੋਇ' । ਇਮ ਸੁਨਿ ਧੀਰ ਮੱਲ ਨੇ ਕਹਯੋ । 'ਤਿਸ ਕੇ ਤੌ ਧਨ ਲੋਭ ਨ ਲਹਯੋ ॥੧੫॥ ਜੋ ਤਿਸ ਪਾਸ ਅਚਾਨਕ ਆਵਾ । ਸੋ ਤਜਾਗਨਿ ਨਹਿਂ ਮੋ ਕਹੁ ਭਾਵਾ[2]।ਇਤੋ ਦਰਬ ਕਿਮ ਦੇਵੈਂ ਜਾਨਿ[3] । ਜਿਸ ਧਨ ਕੇ ਨਹਿਂ ਕਛੁ ਸਮਾਨ[4] ॥ ੧੬ ॥ ਅਬਿ ਤੋ ਗੁਰ ਹਿਤ ਜਿਤਿਕ ਉਪਾਇਨ । ਉਚਿਤ ਆਵਬੋ ਹਮਰੇ ਆਇਨ[5] । ਸਿਖ ਸੰਗਤਿ ਜੋ ਜਾਨਤਿ ਭੇਵ । ਪੂਜਹਿਂ ਮੋਹਿ ਜਾਨਿ ਗੁਰਦੇਵ ॥ ੧੭ ॥ ਸ੍ਰੀ ਹਰਿਰਾਇ ਅਨੁਜ ਮੈਂ ਅਹੌਂ । ਤਿਨਹੁੰ ਅਛਤ ਭੀ ਨਿਤ ਬਹੁ ਲਹੌਂ । ਅਬਿ ਤਿਨ ਤੇ ਫਿਰਿ ਕੈ ਗੁਰਿਆਈ।ਸਰਬ ਭਾਂਤਿ ਮੁਝ ਘਰ ਬਡਿਆਈ ॥ ੧੮ ॥ ਮੱਖਣ ਸਿੱਖ ਬਿਦੇਸ਼ੀ ਜੋਇ । ਇਸ ਮਹਿਮਾ ਕੋ ਲਖੈ ਨ ਸੋਇ । ਨਿਜ ਮਤਿ ਤੇ ਕਰਿ ਗੁਰੂ ਬਨਾਵਾ।ਕਿਮ ਤਿਹ ਹੋਨਿਦੇਹਿਂਹਮਦਾਵਾ॥੧੯॥ ਇਕ ਪਰੰਤੁ ਮੁਝ ਚਿੰਤਾ ਹੋਇ । ਮੱਖਣ ਸਾਥ ਮਨੁਜ ਬਹੁ ਜੋਇ । ਨਹਿਂ ਵਿਰੋਧ ਹਮਰੇ ਸੰਗ ਕਰੈ । ਤੌ ਆਛੀ ਬਿਧਿ ਰਿਦੈ ਬਿਚਰੈਂ ॥ ੨੦ ॥ ਸੋ ਤੌ ਗੁਰ ਕੋ ਸਿੱਖ ਕਹਾਵੈ । ਕਿਮ ਹਮ ਸੋਂ ਉਰ ਦ੍ਰੋਹ ਬਧਾਵੈ । ਗੁਰ ਹਿਤ ਭੇਟ ਹੁਤੀ ਸੋ ਦੀਨਸਿ । ਅਪਨਿ ਕਾਮਨਾ ਪੂਰਨ ਕੀਨਸਿ ॥੨੧॥ 'ਹਮ ਭ੍ਰਾਤਾ ਕਿਸ ਬਿਧਿ ਸੁਰਝਾਇੰ । ਬੀਚ ਕਹਨਿ ਤਿਹ ਨਹਿਂ ਬਨਿ ਆਇ[6] । ਯਾਂਤੇ ਰੁਚਹਿ ਮੋਹਿ ਮਨ ਮਾਂਹੀ । ਦਰਬ ਛੀਨ ਕਰਿ ਆਨਹਿਂ ਪਾਹੀ' ॥ ੨੨ ॥ ਇਮ ਸੁਨਿ ਪੁਨਹਿਂ ਮਸੰਦ ਬਖਾਨਾ । 'ਕਾਰਜ ਕਰਨਿ ਅਲਪ ਭੀ ਜਾਨਾ। ਤਉ ਉਤਸਾਹੁ ਅਧਿਕ ਕੋ ਕਰੈ । ਜਿਸਤੇ ਸਭਿ ਸੁਖੇਨ ਹੀ ਸਰੈ ॥ ੨੩ ॥ ਜੇ ਅਖੇਰ ਮਿਗ ਕੇ ਹੁਇ ਤਯਾਰੇ । ਕਰਹਿ ਸਮਾਜ ਸ਼ੇਰ ਕੇ ਭਾਰੇ । ਸੋ

[1]ਘਰ ਤੋਂ ਬਾਹਰ ਭਾਵ ਮੈਦਾਨ ਵਿਚ ਜਦ ਤਕ ਭੇਟਾ ਪਈ ਹੈ । [2]ਉਸ ਧਨ ਨੂੰ ਛੱਡਣਾ ਮੈਨੂੰ ਨਹੀਂ ਭਾਉਂਦਾ, ਭਾਵ ਖੋਹ ਲੈਣਾ ਚਾਹੀਏ [3](ਅਸੀਂ) ਕਿਵੇਂ ਜਾਣ ਦੇਈਏ ? [4]ਕੋਈ (ਚੀਜ਼) ਜਿਸ ਧਨ ਦੇ ਬਰਾਬਰ ਨਹੀਂ । [5]ਸਾਡੇ ਘਰ । [6]ਭਾਵ ਅਸੀਂ ਭਰਾ ਹਾਂ ਆਪੇ ਵਿਚ ਕੁਛ ਪਏ ਕਰੀਏ, ਮੱਖਣ ਸ਼ਾਹ ਦਾ ਵਿਚ ਕੁਛ ਬੋਲਣਾ (ਦਖਲ ਦੇਣਾ) ਨਹੀਂ ਬਣਦਾ ।

ਬੁਧਿਵਾਨ ਗਿਨਤੇ ਨਰ ਜਾਇ। ਨਿਜ ਐਸ੍ਵਰਜ ਕੋ ਲੇਹਿ ਬਧਾਇ॥੨੪॥ ਉੱਦਮ ਕਰਨਿ ਤੋਹਿ ਬਨਿ ਆਵੈ। ਜਿਸਤੇ ਗੁਰਤਾ ਉੱਤਮ ਪਾਵੈਂ। ਮਾਰਨਿ ਉਚਿਤ ਤਿਸੈ ਕੋ ਮਾਰਿ[1]।ਬੰਧਨ ਉਚਿਤ ਕੈਦ ਮਹਿਂ ਡਾਰਿ॥੨੫॥ ਤੁਵ ਪ੍ਰਤਾਪ ਤਬਿ ਬਧਹਿ ਬਿਲੰਦ। ਜਥਾ ਦੂਜ ਤੇ ਪੂਰਨ ਚੰਦ। ਜੋ ਕਾਰਜ ਬੁਧਿ ਤੇ ਹੁਇ ਆਵੈ। ਤਿਸ ਕੋ ਨਰ ਤਿਸ ਹੀ ਬਿਧਿ ਪਾਵੈ ॥ ੨੬ ॥ ਜਹਿਂ ਬਲ ਤੇ ਕਾਰਜ ਸਰ ਜਾਇ। ਤਹਾਂ ਕਰਹਿ ਨਹਿਂ ਦੇਰ ਲਗਾਇ। ਬਲ ਅਰੁ ਬੁਧਿ ਦੋਨਹੁਂ ਤੁਮ ਮਾਂਹੀ। ਦੇਸ਼ ਕਾਲ ਲਖਿ ਹ੍ਵੈ ਉਤਸਾਹੀ ॥ ੨੭ ॥ ਅਬਿ ਮੈਂ ਕਹੌਂ ਕਰਹੁ ਸੋ ਬਾਤ। ਪਾਵਹੁ ਦਰਬ ਆਪ ਜਿਸ ਭਾਂਤਿ।ਪੂਰਨ ਕਰਹੁ ਆਪਨੀ ਚਾਹੁ। ਸ਼ਸਤ੍ਰ ਬੰਧਾਵਹੁ ਜੇ ਭਟ ਪਾਹੁ ॥ ੨੮ ॥ ਰਾਖਹੁ ਤਹਾਂ ਜਸੂਸ ਲਗਾਇ। ਜਬਿ ਮੱਖਨ ਤਹਿਂ ਤੇ ਉਠਿ ਜਾਇ। ਤਤਛਿਨ ਜ਼ਾਹਿਂ ਤਹਾਂ ਭਟ ਸਾਰੇ।ਲੇਹਿਂ ਅਚਾਨਕ ਧਨ ਵਧੁ ਭਾਰੇ॥੨੯॥ਖਰਭਰਾਟ ਪਰਿ ਹੈ ਤਿਨ ਮਾਂਹੀ। ਤੁਪਕ ਤਾਕ ਹਤਿ ਹੈਂ ਤਬਿ ਤਾਂਹੀ। ਨਿਤ ਕੀ ਕਲਹਾ ਦੇਹੁ ਮਿਟਾਇ।ਬਹੁਰ ਨ ਬੈਠਹਿ ਆਪ ਪੁਜਾਇ॥੩੦॥ ਇਕ ਮਰਿ ਗਏ ਸਰਬ[2] ਤੇ ਪਾਵੈਂ। ਪੁਨ ਸੰਗਤਿ ਤੁਮਰੇ ਢਿਗ ਆਵੈ। ਚਹੁਂਦਿਸ਼ਿ ਕੀ ਪੂਜਾ ਪੁਨ ਪਾਇ। ਲੇਹੁ ਬਾਹਨੀ ਬ੍ਰਿੰਦ ਬਨਾਇ ॥ ੩੧ ॥ [3]ਸ਼ੱਤ, ਸਹੰਸ੍ਰ ਅਯੁਤਿ, ਸੁ ਲੱਛ। ਆਇ ਦਰਬ[3], ਨਹਿਂ ਰਹਿ ਪ੍ਰਤਿਪੱਛ[4]।ਕਰਹੁ ਖਰੀਦ ਅੱਸ੍ਵ ਸਮੁਦਾਇ। ਰਚਹੁ ਸੈਨ ਜੁਤਿ ਆਪ ਸੁਹਾਇ ॥ ੩੨ ॥ ਰੁਚਿਰ ਮਤੰਗ ਕਰਹੁ ਅਸਵਾਰੀ। ਮੇਘ ਅਡੰਬਰ ਪਾਇ ਸ਼ਿੰਗਾਰੀ[5]। ਇਤ ਮਹਿਂ ਤੁਮਰੋ ਛਾਇ ਪ੍ਰਤਾਪ।ਡਰਹਿਂ ਭ੍ਰਾਤ ਢਿਗ ਆਵਹਿਂ ਆਪ॥੩੩॥ਤੁਰਕੇਸ਼ੁਰ ਸੋਂ ਸੰਧਿ[6] ਕਰੀਜੈ। ਬਹੁ ਮੋਲੀ ਵਸਤੂ ਦੇ ਦੀਜੈ। ਤਿਸ ਅਨੁਸਾਰ ਹੋਇ ਕਰਿ ਨੀਤ। ਅਪਰ ਕਰਹੁ ਜਿਮ ਭਾਵਤਿ ਚੀਤ ॥ ੩੪ ॥ ਨਿਸ਼ਕੰਟਕ[7] ਤੁਮ ਹ੍ਵੈ ਕਰਿ ਫੇਰੀ। ਭੋਗਹੁ ਮਾਯਾ ਮੌਜ ਘਨੇਰੀ। ਸ਼੍ਰੀ ਨਾਨਕ ਪਰਤਾਪ ਬਿਸਾਲਾ। ਚਹੁੰਦਿਸ਼ਿ ਦੇਸ਼ਨਿ ਸਿੱਖੀ ਚਾਲਾ ॥ ੩੫ ॥ ਅਧਿਕ ਅਜਾਇਬ ਵਸਤੂ ਲਜਾਵੈਂ। ਸਕਲ ਆਨਿ ਤੁਮ ਕਹੁ ਅਰਪਾਵੈਂ। ਭਰਹਿਂ ਖਜ਼ਾਨੇ

---

[1](ਜੋ) ਮਾਰਨ ਜੋਗ ਹੈ ਤਾਂ ਮਾਰ ਦਿਓ ਉਸਨੂੰ। [2]ਭਾਵ ਸਾਰੇ ਹੋਰ ਸੋਢੀ ਜੋ ਗੁਰੂ ਬਣ ਰਹੇ ਹਨ। [3]ਸੈਂਕੜੇ, ਹਜ਼ਾਰਾਂ, ਦਸ ਹਜ਼ਾਰਾਂ ਤੇ ਲੱਖਾਂ ਦਾ ਧਨ ਜੋ ਆਵੇਗਾ। [ਸੰਸਃ, ਅਯੁਤ=੧੦੦੦੦] [4]ਉਲਟ ਪੱਖੀ ਭਾਵ ਗੁਰੂ ਤੇਗਬਹਾਦਰ ਜੀ ਤੋਂ ਹੈ। [5]ਜੋ ਹਾਥੀ ਦੀ ਅਸਵਾਰੀ ਕਿ ਛਤਰ ਵਾਲੀ ਅੰਬਾਰੀ ਪਾਕੇ ਸ਼ਿੰਗਾਰੀ ਹੋਵੇ [ਸੰਸ॰, ਮੇਘਾਡੰਬਰ=ਵੱਡਾ ਟੈਂਟਆ (ਅ) ਛਤਰ। ਛਤਰ ਵਾਲੀ ਅੰਬਾਰੀ। (ੲ) ਬਿਜਲੀ। (ਸ) ਬੱਦਲ ਗੱਜਣਾ। (ਹ) ਘਟਾ ਫੈਲਾਵ]। [6]ਮੇਲ। [7]ਨਿਰਭੈ।

ਮਾਯਾ ਸਾਥ। ਨਰਨਿ ਹਜ਼ਾਰਨਿ ਬਨਿ ਹੈਂ ਨਾਥ ॥ ੩੬ ॥ ਇਸ ਕੋ ਮਾਰਨਿ ਹੀ ਬਨਿ ਆਵੈ। ਨਾਂਹਿ ਤ ਇਹ ਕੰਟਕ ਬਧਿ ਜਾਵੈ'।ਇਮ ਮਸੰਦ ਨੈ ਮਸਲਤ ਦੀਨਸਿ। ਧੀਰਮੱਲ ਨੇ ਮਾਨਿ ਸੁ ਲੀਨਸਿ ॥ ੩੭॥ ਤੂਸ਼ਨਿ ਠਾਨਿ ਬਿਚਾਰਨਿ ਲਾਗਾ।–ਕਯਾ ਕਰਤੱਬਯ ਮੋਹਿ ਹਿਤ ਪਾਗਾ[1]। ਮਾਰਨਿ ਮੰਤ੍ਰ[2] ਕਹਤਿ ਜੋ ਏਹੀ। ਮੁਝ ਕੋ ਨੀਕੋ ਲਗਹਿ ਨ ਕੇਹੀ ॥੩੮॥ ਪਿਤਾ ਭ੍ਰਾਤ[3] ਹਮਰੋ ਸੋ ਅਹੈ। ਤੇਗ ਬਹਾਦਰ ਆਖਯ[4] ਕਹੈਂ। ਦੋਸ਼ ਨਹੀਂ ਕੁਛ ਤਿਸ ਨੇ ਕੀਨਾ। ਮਸਤ ਸੁਭਾਵ ਬਿਹਾਰ ਬਿਹੀਨਾ ॥ ੩੯ ॥ ਨਹੀਂ ਪਰਸਪਰ ਬੋਲਿਬਿ ਕਾਹੂ।ਸਦਾ ਰਹੈ ਬੈਠਯੋ ਘਰ ਮਾਂਹੂ–।'ਭੋ ਮਸੰਦ! ਤਿਸ ਹਤਨੇ ਕੇਰਾ। ਨਹਿ ਉਤਸਾਹ ਹੋਤਿ ਹੈ ਮੇਰਾ ॥ ੪੦ ॥ ਅਪਰ ਬਾਤ ਤੈਂ ਜਥਾ ਬਖਾਨੀ। ਸੋ ਤੌ ਕਰਨੀ ਬਨਹਿ ਮਹਾਨੀ। ਸੁਭਟ ਸਨੱਧ ਬੱਧ ਕਹੁ ਕਰਿ ਕੈ। ਜਾਹੁ ਤਹਾਂ ਤੂ ਧੀਰਜ ਧਰਿ ਕੈ॥੪੧॥ ਸਰਬ ਉਪਾਇਨ ਦਰਬ ਸਮੇਤਾ। ਬਿਨਾ ਬਿਲਮ ਹਰਿ ਲਿਹੁ ਹੈ ਜੇਤਾ। ਤੁਮ ਕੋ ਬਰਜਨਿ ਹਾਰ ਨ ਕੋਈ। ਨ੍ਰਿਭੈ ਜਾਇ ਕਰਿ ਆਨਹੁ ਸੋਈ॥੪੨॥ਜਬਿ ਮੱਖਨ ਗਮਨਹਿ ਨਿਜ ਡੇਰੇ। ਨਰਨਿ ਭੀਰ ਹੋਵਹਿ ਨਹਿੰ ਨੇਰੇ। ਦਿਨ ਮੱਧਯਾਨ[5] ਕਾਲ ਜਬਿ ਆਵੈ। ਹਿਤ ਅਹਾਰ ਕੇ ਸਕਲ ਸਿਧਾਵੈਂ ॥ ੪੩ ॥ ਤਬਿ ਲਗਿ ਤੂਸ਼ਨਿ ਧਾਰੇ ਰਹੋ। ਭੇਦ ਨਰਨਿ ਮਹਿਂ ਕਿਮ ਨਹਿ ਕਹੋ'। ਸੁਨਿ ਮਸੰਦ ਸ਼ੀਹਾਂ ਰਿਸ ਕਰਿ ਕੈ। ਧੀਰਮੱਲ ਸੋਂ ਕਹਤਿ ਉਚਰਿਕੈ ॥ ੪੪ ॥ 'ਗੁਰੂ ਬਨਾਵਨਿ ਜੋ ਇਸ ਕਾਲ।ਹਾਥ ਮਸੰਦਨਿ ਕੇ ਸੁ ਬਿਸਾਲ। ਜਿਸਕੋ ਗਾਦੀ ਦੇਹਿਂ ਬਿਠਾਇ। ਸਿੱਖਜਨਿ ਤੇ ਤਿਸ ਲੇਹਿਂ ਪੁਜਾਇ॥੪੫॥ ਸੰਗਤਿ ਸਭਿ ਮਸੰਦ ਅਨੁਸਾਰੀ। ਚਹੈ ਲਿਜਾਵੈ ਤਿਸੈ ਅਗਾਰੀ। ਜਿਸੀ ਦੇਸ਼ ਮੈਂ ਹੈ ਜੁ ਮਸੰਦ। ਤਿਸ ਪਸ਼ਚਾਤ ਸੁ ਹੈਂ ਨਰ ਬ੍ਰਿੰਦ॥੪੬॥ਕੋ ਮਸੰਦ ਤੁਮ ਤੇ ਫਿਰਿ ਜਾਵੈ। ਮਿਲਹਿ ਜਾਇ ਕੈ ਤਾਂਹਿ ਪੁਜਾਵੈ। ਅਨਿਕ ਉਪੱਦ੍ਰਵ ਜੀਵਤਿ ਕਰੈ। ਨਿਸ਼ਕੰਟਕ ਹੁਇ ਹੈਂ ਜੇ ਮਰੈ[6] ॥ ੪੭ ॥ ਜੇ ਤੁਮਰੀ ਸਾਲਹਿ ਨ ਐਸੇ। ਹਮ ਤੌ ਨਹੀਂ ਮਿਟਹਿੰਗੇ ਕੈਸੇ।ਜਿਸ ਮਹਿ ਸੰਸਾ ਸਦਾ ਨਿਹਰੀਏ।

[1]ਮੇਰੇ ਹਿਤ ਲਈ ਕਿਸ ਕਰਤੱਬ ਵਿਚ (ਇਹ ਮਸੰਦ ਮੈਨੂੰ) ਲਬੇੜਨ ਲੱਗਾ ਹੈ, (ਅ) ਮੇਰੇ ਹਿਤ ਲਈ (ਮੈਨੂੰ) ਇਸ ਕਰਤੱਬ ਵਿਚ ਅਨੁਰਕਤ ਹੋਣਾ ਚਾਹੀਏ [ਪਾਗਣਾ, ਚਾਸ਼ਣੀ ਚਾੜ੍ਹਨੀ, ਲਬੇੜਨਾ, ਅਨੁਰਕਤ ਹੋਣਾ, ਲੱਗਣਾ]। [2]ਸਲਾਹ। [3]ਚਾਚਾ। [4]ਨਾਮ। [5]ਦੁਪਹਿਰ। [6]ਜੇ (ਉਹ) ਮਰ ਜਾਏਗਾ ਤਾਂ ਅਸੀਂ ਬੇਫਿਕਰ ਹੋ ਜਾਵਾਂਗੇ।

ਬਿਨਾ ਬਿਚਾਰੇ ਤਿਸ ਪਰਹਰੀਏ ॥੪੮॥ ਨਾਂਹਿ ਤ ਪਸ਼ਚਾਤਾਪ ਕਰੰਤਾ। ਘਾਤ ਪਾਇ ਕਰਿ ਦਾਵ ਚੁਕੰਤਾ[1] । ਤੁਝ ਸ਼ਰੀਕ ਇਹ ਜਬਿ ਅਧਿਕਾਵੈ। ਪੁਨ ਕੈਸੇ ਕਰਿ ਹਾਥ ਨ ਆਵੈ ॥ ੪੯ ॥ ਕਹੇ ਤੁਮਾਰੇ ਤੇ ਇਸ ਭਾਂਤਿ। ਹਮ ਨਹਿਂ ਚੁਕਹਿਂਗੇ ਲਖਿ ਘਾਤ। ਨਿਤ ਕੋ ਝਗਰਾ ਦੇਹਿਂ ਚੁਕਾਇ। ਸਭਿ ਕੋ ਮਹਾਂ ਤ੍ਰਾਸ ਉਪਜਾਇ ॥ ੫੦ ॥ ਇਸ ਬਿਧਿ ਕਰੇ ਬਿਨਾ, ਗੁਰਿਆਈ। ਹੋਹਿ ਨਹੀਂ ਤੁਮ ਘਰ ਠਹਿਰਾਈ।ਇਹ ਬਡ ਕੰਟਕ ਦੇ ਹੈਂ ਟਾਰਿ। ਅਪਰ ਸਰਬ ਹੈਂ ਤੁਮ ਅਨੁਸਾਰਿ' ॥ ੫੧ ॥ ਦੁਸ਼ਟ ਮਸੰਦ ਮੰਤ੍ਰ ਇਮ ਕਰਨੋ। ਲੋਭ ਦਰਬ ਕੋ ਬਹੁ ਉਰ ਧਰਨੈ। ਧੀਰਮੱਲ ਕੋ ਕਹਨੋ ਨ ਮਾਨਾ। ਕਰਤਿ ਭਯੋ ਆਪਹਿ ਜਿਮ ਜਾਨਾ ॥ ੫੨ ॥ [2]'ਤੁਮ ਗੁਰ ਗਾਦੀ ਪਰ ਥਿਤ ਰਹੋ। ਇਸ ਬਿਧਿ ਕੋ ਭੇਵ ਨ ਕੁਛ ਲਹੋ। ਨੀਤਿ ਜਾਨਿਬੋ ਮੁਸ਼ਕਲ ਹੋਇ। ਛਲ ਬਲ ਧਰੇ ਲਖਤਿ ਬਿਧਿ ਸੋਇ' ॥ ੫੩ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸਿ ਰਾਸੇ 'ਧੀਰਮਲ ਮਠ ਬਿਦਾਰ' ਪ੍ਰਸੰਗ ਬਰਨਨ ਨਾਮ ਇਕਾਦਸਮੋ ਅੰਸੂ ॥ ੧੧ ॥

## ੧੨. [ਧੀਰਮੱਲ ਵੱਲੋਂ ਹੋਰ ਵਿਰੋਧ]।

ਦੋਹਰਾ ॥ ਦੁਸ਼ਟ ਮਸੰਦ ਹਕਾਰਿ ਕਰਿ ਦੁਰ ਬ੍ਰਿਤਿ ਚਿਤਵਨੋ ਪਾਪ[3] । ਗੁਰ ਢਿਗ ਲਾਇ ਜਸੂਸ ਕੋ ਸਥਿਤ ਤਜਾਰ ਹ੍ਵੈ ਆਪ॥ ੧ ॥ ਚੌਪਈ ॥ ਮੱਖਣਸ਼ਾਹਿ ਸਮੀਪ ਗੁਰੂ ਕੇ। ਰਿਦੇ ਕਾਮਨਾ ਸਕਲ ਪੂਰੂ ਕੇ। ਕਹਤਿ ਭਯੋ 'ਮੁਝ ਕਿਯੋ ਨਿਹਾਲ। ਦ੍ਵੈ ਲੋਕਨਿ ਦਿਯ ਅਨੰਦ ਬਿਸਾਲ'॥ ੨ ॥ ਚਰਨ ਸਪਰਸ਼ਤਿ ਕੋਮਲ ਹਾਥ। ਸਹਜ ਬਾਤ ਕਰਿ ਪੂਛੀ ਸਾਥ॥'ਸੰਗਤਿ ਦਿਯੋ ਦਰਸ ਥਿਤ ਆਪ। ਦੁਸ਼ਟਨਿ ਦਾਪ ਖਾਪਿ ਪਰਤਾਪ[4] ॥ ੩ ॥ ਨਹਿਂ ਅਬਿ ਕਾਲ ਛਪਨਿ ਕਹੁ ਰਾਵਰਿ।ਛਤ੍ਰ ਤੁਮਾਰੇ ਸੀਸ ਫਿਰਾਵਰਿ[5]।ਸਭਿ ਸਿੱਖਨਨਿ ਕੇ ਵਾਲੀ ਹੋਵਹੁ। ਬਨਹੁ ਸਹਾਇ ਦਾਸ ਦੁਖ ਖੋਵਹੁ ॥ ੪ ॥ ਬਿਨਾ ਆਸਰੇ ਸੰਗਤਿ ਸਾਰੀ। ਇਤ ਉਤ ਖੋਜਤਿ ਗੁਰ ਕਹੁ ਹਾਰੀ। ਧੀਰ ਦਿਲਾਸਾ ਸਿੱਖਨਨਿ ਦੇਹੁ। ਦਰਸ ਕਰਾਵਹੁ ਭੇਟੈਂ ਲੇਹੁ ॥ ੫॥ ਉਪਦੇਸ਼ਹੁ ਲਖਿ ਕਰਿ ਅਧਿਕਾਰੀ। ਇਮ ਮਹਿਮਾ ਹੁਇ ਜਗ ਬਿਸਤਾਰੀ'।ਇੱਤਜਾਦਿਕ ਕਰਿ ਕਰਿ ਅਰਦਾਸ। ਬੈਠਾਰੇ ਦਰਸਤਿ ਗਨ ਦਾਸ ॥ ੬ ॥ ਇਸ

---

[1]ਨਹੀਂ ਤਾਂ ਉਸਨੂੰ ਪਛਤਾਉਣਾ ਪੈਂਦਾ ਹੈ ਜੋ ਦਾਉ ਲੰਘ ਗਿਆ ਤੇ ਵੀ ਘਾਉ੍ਹ ਕਰਨੋਂ ਚੁਕ ਜਾਵੇ। [2]ਮਸੰਦ ਬੋਲਿਆ। [3]ਖੋਟੀ ਬ੍ਰਿਤੀ ਵਾਲੇ ਦੁਸ਼ਟ ਮਸੰਦ ਨੇ ਪਾਪ ਵਿਚਾਰ ਕੇ ਸੱਦਿਆ (ਜਸੂਸ ਨੂੰ)। [4]ਦੁਸ਼ਟਾਂ ਦੇ ਪ੍ਰਤਾਪ ਤੇ ਹੰਕਾਰ ਨੂੰ ਨਾਸ਼ ਕਰੋ। [5]ਫਿਰ ਰਿਹਾ ਹੈ।

ਕੋ ਪ੍ਰੇਮ ਹੇਰਿ ਗੁਰ ਪੂਰਾ । ਕਰਤਿ ਭਏ ਜਿਮ ਕਹਿ ਬਚ ਰੂਰਾ । ਤ੍ਰੈ ਦ੍ਵੈ ਜਾਮ ਜਬਿ ਦਿਵਸ ਰਹ੍ਯੋ ਹੈ । ਗੁਰ ਅਰੁ ਸੰਗਤਿ ਅਨੰਦ ਬਢ੍ਯੋ ਹੈ॥੭॥ ਮੱਖਣ ਉਠ੍ਯੋ ਬੰਦਨਾ ਕੀਨਸਿ । ਵਸਤੁ ਸਕਲ ਕੋ ਸੌਂਪ ਸੁ ਦੀਨਸਿ । ਹਰਖਤਿ ਹ੍ਵੈ ਗਮਨ੍ਯੋ ਨਿਜ ਡੇਰੇ । ਕਰਤਿ ਬਾਰਤਾਲਾਪ ਘਨੇਰੇ ॥ ੮ ॥ ਨਿਜ ਸਾਥਨਿ ਸੋਂ ਸਕਲ ਬਤਾਈ। ਜਥਾ ਕਾਮਨਾ ਅਪਨੀ ਪਾਈ। 'ਗੁਰ ਕਰੁਨਾ ਤੇ ਜਸੁ ਮੈਂ ਪਾਯੋ । ਮੋਹਿ ਬਹਾਨੇ ਜਗ ਪ੍ਰਗਟਾਯੋ ॥ ੯ ॥ ਆਵਨਿ ਦੂਰ ਸਫਲ ਭਾ ਮੇਰਾ । ਸਹਿ ਸੰਗਤਿ ਗੁਰ ਦਰਸ਼ਨ ਹੇਰਾ । ਖੁਸ਼ੀ ਅਧਿਕ ਸਭਿ ਬਿਧਿ ਕੀ ਹੋਈ । ਨਿਜ ਸਮਾਨ ਮੈਂ ਲਖੋਂ ਨ ਕੋਈ'॥੧੦॥ ਕਹਤਿ ਪਰਸਪਰ ਡੇਰੇ ਆਯੋ । ਭੋਜਨ ਬੈਠਿ ਜਥਾ ਸੁਖ ਪਾਯੋ । ਨਿਜ ਸਿਹਜਾ ਪਰ ਪੌਢਿ ਰਹ੍ਯੋ ਹੈ । ਕਿੰਚਤ[1] ਨਿੰਦ੍ਰਾ ਅਨੰਦ ਲਹ੍ਯੋ ਹੈ ॥ ੧੧ ॥ ਸਨੇ ਸਨੇ ਪੁਨ ਸੰਗਤਿ ਸਾਰੀ । ਲੇ ਲੇ ਖੁਸ਼ੀ ਸਰੂਪ ਨਿਹਾਰੀ । ਜਾਤਿ ਭਏ ਨਿਜ ਡੇਰਨਿ ਮਾਂਹਿ । ਸਤਿਗੁਰ ਸਤੁਤਿ ਬਦਨ ਤੇ ਪ੍ਰਾਹਿ[2] ॥ ੧੨ ॥ ਗਏ ਜਥਾ ਸੁਖ ਹਰਖਤਿ ਸਾਰੇ । ਪੂਰਨ ਭਏ ਮਨੋਰਥ ਭਾਰੇ। ਜਹਿਂ ਕਹਿਂ ਗੁਰ ਬਿਦਤਨਿ ਕੀ ਬਾਤ । ਪਰਸਤਿ ਭਈ ਮਹਦ ਅਵਿਦਾਤ[3] ॥ ੧੩ ॥ ਘਟੀ ਚਤਰ ਲੌ ਠਿਕ ਗੁਰ ਰਹੇ । ਮ੍ਰਿਦੁਲ ਸੇਜ ਪਰ ਨਿੰਦ੍ਰਾ ਲਹੇ । ਬਹੁਰ ਉਠੇ ਸ਼੍ਰੀ ਗੁਰ ਭਗਵਾਨ । ਕਹ੍ਯੋ 'ਤੁਰੰਗਨਿ ਕੋ ਅਬਿ ਆਨਿ' ॥ ੧੪ ॥ ਸੁਨਤਿ ਦਾਸ ਨੇ ਰੁਚਿਰ ਬਨਾਈ । ਸਰਬ ਅੰਗ ਤੇ ਕਿਯ ਉਜਲਾਈ । ਰੁਚਿਰ ਜ਼ੀਨ ਕੋ ਪਾਵਨ ਕੀਨਸਿ । ਕਵਿਕਾ[4] ਲੇ ਕਰਿ ਮੁਖ ਮਹਿਂ ਦੀਨਸਿ ॥ ੧੫ ॥ ਤੋਰ ਸਾਜ ਬੰਧਨਿ ਕਰਿ ਲ੍ਯਾਵਾ*। ਸ਼੍ਰੀ ਸਤਿਗੁਰ ਕੇ ਨਿਕਟਿ ਜਨਾਵਾ॥ ਉਠੇ ਸੇਜ ਤਜਿ ਬਾਹਰ ਆਏ। ਰੋਬੀ[5] "ਬਡਵਾ[6]" ਨਿਕਟਿ ਅਨਾਏ ॥੧੬॥ ਪਾਇ ਰਕਾਬ ਪਾਇ ਆਰੋਹੇ[7]। ਗਹਿ ਬਾਗਾ ਆਗਲ ਮਗ ਜੋਹੇ। ਬਹਿਰ ਗਏ, ਗੁਰ ਢਾਬਾ ਹੇਰਿ। ਉਤਰ ਪਰੇ ਹਿਤ ਬੈਠਨਿ ਕੇਰ ॥੧੭॥ ਕਿਤਿਕ ਸਿੱਖਨ ਤਹਿਂ ਪਹੁੰਚੇ ਜਾਇ । ਦਰਸ਼ਨ ਦਰਸਹਿ ਅਨੰਦ ਬਢਾਇ ।—ਗੁਰਗਾਦੀ ਨਿਸ਼ਚੇ ਅਬਿ ਭਈ । ਸਭਿਹਿਨਿ ਕੀ ਸੰਸੇ ਮਤਿ ਗਈ—॥੧੮॥ ਇਮ ਮਨ ਜਾਨਿ ਜਾਨਿ ਢਿਗ ਆਵੈਂ । ਸਫਲਹਿਂ ਜਨਮ ਦਰਸ ਕੋ ਪਾਵੈਂ । ਗ੍ਰਾਮ ਬਿਖੈ ਸਭਿ ਸੋਢਿਨ ਪਾਸ । ਜਹਿਂ ਕਹਿਂ ਭਾਖਹਿਂ ਗੁਰੂ ਪ੍ਰਕਾਸ਼ ॥ ੧੯ ॥ ਤਬਹਿ ਜਸੂਸ

[1]ਥੋੜੀ । [2]ਕਹਿੰਦੇ । [3]ਉੱਜਲ । [4]ਲਗਾਮ । [5]ਘੋੜੇ ਦੀ ਇਕ ਜ਼ਾਤ ਅਥਵਾ ਰੰਗ । ਤਬ ਖੜੱਬੀ। [6]ਘੋੜੀ । [7]ਰਕਾਬ ਵਿਚ ਚਰਨ ਪਾਕੇ ਚੜ੍ਹੇ । *ਪਾਠ—ਬੰਧਨ ਸੋਭਨ ਕਰ ਲੇ ਆਵਾ।

ਧੀਰਮਲ ਕੇਰਾ। ਬਰਨਨ ਕੀਨਿ ਬ੍ਰਿਤਾਂਤ ਬਡੇਰਾ।'ਗਏ ਵਹਿਰ, ਸਿਖ
ਤਹਿਂ ਭੀ ਆਏ। ਹੋਤਿ ਪ੍ਰਤਾਪ ਦਸਹੁੰ ਦਿਸ਼ਿ ਛਾਏ' ॥ ੨੦ ॥ ਸੁਨਤਿ
ਧੀਰਮਲ ਰਿਦੈ ਬਿਚਾਰਾ। ਨਿਜ ਮਸੰਦ ਸੋਂ ਬਾਕ ਉਚਾਰਾ। 'ਇਹ ਤੌ
ਬਜਾਧ ਅਸਾਧ ਹਮਾਰੇ। ਟਰਹਿ ਨਹੀਂ ਕਸੈਂਹੂੰ ਬਿਨ ਮਾਰੇ ॥ ੨੧ ॥ ਜਿਤ
ਕਿਤ ਬਿਦਤ ਬਾਰਤਾ ਭਈ।-ਗੁਰਤਾ ਕੀ ਗਾਦੀ ਇਨ ਲਈ-। ਤਨੈਂ
ਤਨੈਂ ਦੇਸ਼ ਬਿਦੇਸ਼ਨਿ ਜਾਵੈ। ਸੁਨਿ ਸੁਨਿ ਸਗਰੇ ਨਰ ਤਹਿਂ ਆਵੈਂ॥੨੨॥
ਅਸ ਨ ਹੋਹਿ ਇਹ ਗੁਰ ਹੁਇ ਜਾਈ। ਹਮਰੀ ਪੂਜਾ ਪਰਹਿ ਪਿਛਾਈ'।
ਸੁਨਿ ਮਸੰਦ ਨੇ ਧੀਰਜ ਦੀਨੋ। 'ਕਯੋਂ ਪਛੁਤਾਇ ਮਨਹੁੰ ਬਲ ਹੀਨੋ ?॥
੨੩॥ ਮੈਂ ਜਸੂਸ ਰਾਖੇ ਤਹਿਂ ਲਾਇ।ਸੰਝ ਸਮੈ ਲੈ ਹੈਂ ਤਿਸ ਘਾਇ।ਸਕਲ
ਵਸਤੁ ਕੋ ਆਨਹਿਂ ਛੀਨ। ਸੋ ਤੁਮ ਤੇ ਸਭਿ ਹੀ ਬਿਧਿ ਹੀਨ[1] ॥ ੨੪ ॥
ਅਸ ਤੌ ਫਿਕਰ ਧਾਰਿ ਹਮ ਰਹੈਂ। ਭਲੋ ਆਪ ਕੋ ਜਿਮ ਹੁਇ,ਚਹੈਂ। ਨਾਂਹਿ
ਤ[2] ਅਬਿ ਜਸੂਸ ਜੋ ਆਵਾ।-ਵਹਿਰ ਗਯੋ-ਤਿਨ ਆਨਿ ਸੁਨਾਵਾ ॥ ੨੫
॥ ਜੋ ਹਮਰੇ ਢਿਗ ਮਗ ਕੋ ਆਇ[3]। ਬ੍ਰਿੰਦ ਤੁਫੰਗੈਂ ਦੇਂ ਚਲਿਵਾਇ।ਇਕ
ਗੁਲਕਾ ਲਾਗੈ ਮਰਿ ਰਹੈ। ਬਹੁਤ ਲਗੇ ਕਯੋਂ ਜੀਵਨ ਲਹੈ' ॥੨੬॥ਇਮ
ਕਹਿ ਤਯਾਰ ਸੁਭਟ ਕੁਛ ਕਰੇ। ਕਸਿ ਕੈ ਕਮਰ ਭਏ ਤਹਿਂ ਖਰੇ। 'ਜਬਿ
ਆਵਹਿ ਇਤ ਦਿਸ਼ਿ ਲਿਹੁ ਦੇਖਿ। ਹਤਹੁ ਤੁਫੰਗੈਂ ਮਿਲਹੁ ਅਸ਼ੇਖ ॥੨੭
॥ ਤਾਕ ਨਿਸ਼ਾਨੋ ਹਨਹੁ ਬਨਾਇ। ਨਹਿ ਜੀਵਤ ਜਿਮ ਘਰ ਕੋ ਜਾਇ'।
ਦੁਸ਼ਟ ਮਸੰਦ ਸੁ ਬਿਧਿ ਕਰਿ ਐਸੇ। ਧੀਰਮੱਲ ਕੇ ਢਿਗ ਹੁਇ ਬੈਸੇ ॥੨੮
॥ ਕਹਤਿ ਭਯੋ 'ਮੈਂ ਸੁਨੀ ਦੁਪਹਿਰੇ। ਨਿੰਦ੍ਰਾ ਬਸਿ ਪ੍ਰਯੰਕ ਪਰ ਠਹਿਰੇ।
ਗਯੋ ਨ ਮੈਂ ਤਬਿ ਕੀਨਿਬਿਚਾਰਾ-ਪਰਹਿ ਰੌਰ ਅਬਿ ਦਿਵਸਮਝਾਰ॥੨੯
॥ ਕੋ ਜਾਨੈ ਜੋ ਕਯਾ ਹੁਇ ਜਾਇ-। ਯਾਂਤੇ ਸਮੈ ਸੁ ਲੀਨਿ ਬਚਾਇ। ਇਹਾਂ
ਤੁਫੰਗ ਜਿ ਲਗੈ ਨ ਕੋਇ। ਪੁਨ ਪਹੁੰਚਹਿ ਘਰ ਮਾਹਿਂ ਜਹਿਂ ਹੋਇ' ॥੩੦
॥ ਇਮ ਕਰਿ ਮੰਤ੍ਰ ਬੈਠਿ ਮਿਲਿ ਰਹੇ। ਗੁਰੂ ਉਡੀਕਹਿਂ ਪੰਥਹਿ ਲਹੇ।
ਇਤਨੇ ਮਹਿਂ ਸ੍ਰੀ ਤੇਗ ਬਹਾਦਰ। ਬੜਵਾ ਪਰ ਓਢੇ ਸਿਰ ਚਾਦਰ ॥੩੧॥
ਸਹਿਜ ਸੁਭਾਇਕ ਆਵਨਿ ਕਰਿ ਹੀਂ। ਹਾਥ ਬਿਖੈ ਬਾਗਨਿ ਉਲਰਿਹੀਂ
ਤੇਜ ਤੁਰਗਨਿ ਹੋਤਿ, ਥੰਭਾਵਤਿ। ਦੇ ਦੇ ਧੀਰਜ ਪੰਥ ਚਲਾਵਤਿ॥੩੨॥

[1]ਮਜ਼ਾ ਹੈ। [2]ਨਹੀਂ ਤਾਂ, ਭਾਵ ਜੇ ਸ਼ਾਮਾਂ ਵੇਲੇ ਮਾਰਨ ਦੀ ਤਜਵੀਜ਼ ਪਸੰਦ ਨਹੀਂ ਤਾਂ। [3]ਜੇ
ਰਸਤੇ (ਜਾਂਦਿਆਂ ਗੁਰੂ ਤੇਗਬਹਾਦਰ) ਸਾਡੇ ਕੋਲੋਂ ਦੀ ਲੰਘਿਆ ਤਾਂ.....।

ਸੂਖਮ ਇਕ ਕਰ ਬਿਖੈ ਰੁਮਾਲ। ਮੰਦ ਮੰਦ ਗਮਨਤਿ ਸੁਖ ਚਾਲ। ਜਬਹਿ ਗ੍ਰਾਮ ਪ੍ਰਵਿਸ਼ੇ ਗੁਰ ਆਇ। ਛੁਟੀ ਤੁਫੰਗੈਂ ਸ਼ਬਦ ਉਠਾਇ ॥੨੩॥ ਤੁਪਕ ਤੜਾਕ ਅਚਾਨਕ ਸੁਨਿ ਕੈ। ਤੇਜ ਤੁਰੰਗਨਿ ਭੀ ਤ੍ਰਸ ਗੁਨਿ ਕੈ। ਤਬਿ ਸ਼੍ਰੀ ਸਤਿਗੁਰ ਬਾਗ ਉਠਾਈ। ਦੇਖਤਿ ਤਿਸ ਦਿਸ਼ਿ ਗਿਰਾ ਅਲਾਈ ॥ ੨੪ ॥ ਦੋਹਰਾ ॥ 'ਭਲੇ ਧੀਰਮਲ ਭਲੇ ਜੀ, ਭਲੇ ਧੀਰਮਲ ਧੀਰ'॥ ਬਹੁਤ ਬਾਰਿ ਬੋਲੇ ਬਦਨ ਸ਼੍ਰੀ ਪ੍ਰਭੁ ਗੁਨੀ ਗਹੀਰ ॥ ੨੫॥ ਚੌਪਈ ॥ ਮੰਦ ਦੁਰਾਇਂ ਤੁਰੰਗਨਿ ਚਲੇ। ਬੋਲਤਿ 'ਭਲੇ ਧੀਰਮਲ ਭਲੇ'। ਅਪਨੇ ਸਦਨ ਪ੍ਰਵੇਸ਼ੇ ਜਾਇ। ਉਤਰਿ ਸੇਜ ਪਰਿ ਰਹੇ ਸੁਹਾਇ ॥ ੨੬ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਧੀਰਮੱਲ ਕੇ ਬਿਰੋਧ' ਪ੍ਰਸੰਗ ਬਰਨਨੰ ਨਾਮ ਦ੍ਵਾਦਸਮੋ ਅੰਸੂ ॥ ੧੨ ॥

## ੧੩. [ਧੀਰਮੱਲ ਵੱਲੋਂ ਗੋਲੀ ਚੱਲੀ ਤੇ ਲੁੱਟ]।

ਦੋਹਰਾ ॥ ਚਿਤ ਮਹਿਂ ਚਿਤਹਿਂ ਕੁਕਰਮ ਕੋ ਜਥਾ ਧੀਰਮਲ ਕੀਨਿ[1]। ਸੋਢੀ ਅਪਰ ਕਿਤੇਕ ਹੀ ਦ੍ਵੈਸ਼ ਬੁੱਧਿ ਮਹਿਂ ਭੀਨ ॥ ੧ ॥ ਚੌਪਈ ॥ ਭਉ ਕਰਤਿ ਸਤਿਹਿਨਿ ਪਰ ਦਾਧਾ। [3]–ਠਾਨਹਿਂ ਕ੍ਰੋਧ ਜਿ ਲੋਭੀ ਮਾਧਾ। ਅੰਤਰ ਅੰਧੇ ਗਯਾਨ ਬਿਹੂਨੇ। ਸ਼ਾਂਤੀ ਸਤਿ ਸੰਤੋਖ ਤੇ ਊਨੇ ॥ ੨ ॥ ਤਾਪ ਈਰਖਾ ਅਧਿਕ ਤਪਾਏ। ਪ੍ਰਭੁ ਨਾਮ ਬਿਨ ਕਨੈਂ ਸੁਖ ਪਾਏ। ਸਿੱਖਜਨਿ ਸ਼੍ਰੇਧ ਹੇਤੁ ਹਮ ਹੋਏ। ਸਹਿ ਨ ਸਕਹਿਂ ਮੂਰਖ ਮਤਿ ਜੋਏ–॥ ੩॥ ਜਾਨਿ ਭਵਿੱਖਤ ਕੋ ਬਿਰਤਾਂਤ। ਬੈਠੇ ਮੌਨ ਧਰੇ ਉਰ ਸ਼ਾਂਤਿ। ਪਿਖਿ ਜਸੂਸ ਨੇ ਏਕਲ ਲਹੇ। ਕੋ ਇਕ ਦਾਸ ਪਾਸ ਜਿਨ ਅਹੇ ॥੪॥ ਗਯੋ ਉਤਾਇਲ ਕਰਤਿ ਬਿਲੰਦ। ਧੀਰਮੱਲ ਅਰੁ ਜਹਾਂ ਮਸੰਦ। ਸੁਧਿ ਦੀਨਸਿ 'ਇਕਾਕੀ ਅਹੈਂ। ਆਨਿ ਵਹਿਰ ਤੇ ਅਬਿ ਹੀ ਬਹੇ'॥੫॥ ਤਬਿ ਮਸੰਦ ਲੇ ਕਰਿ ਭਟ ਬ੍ਰਿੰਦ। ਚਲਤਨੇ ਭਏ ਕੁਸੈਨ[4] ਬਿਲੰਦ। ਛੀਂਕ ਦਾਹਿਨੇ ਦਿਸ਼ਿ ਮਹਿਂ ਹੋਈ। ਸਨਮੁਖ ਪੌਨ ਧੁਰ ਮੁਖ ਗੋਈ ॥ ੬ ॥ ਬਾਮ ਬਿਲੋਚਨ ਫਰਕਨਿ ਲਾਗਾ। ਘਰ ਛੁਟਨੇ ਇਕ ਆਵਤਿ ਆਗਾ। ਧੀਰਮਲ ਤਬਿ ਕੀਨਿ ਹਟਾਵਨਿ। 'ਠਹਿਰ, ਘਟੀ ਇਕ ਮੈਂ ਕਰਿ ਜਾਵਨਿ[5]' ॥ ੭ ॥ ਨੀਕੀ ਬਾਤ ਨਹੀਂ ਕੁਛ ਹੋਈ। ਬਨਹਿ ਬਿਪਰਜੈ ਕਹੈ ਨ ਕੋਈ[6]*। ਦ੍ਰਿਢ ਨਹਿਂ, ਢਹਨੇ ਜਾਇ ਮਨ ਮੇਰਾ।

[1]ਜੇਹਾ ਏਹਾ ਕੇ। [2]ਭਾਵ (ਗੁਰੂ ਜੀ) ਧੀਰਮੱਲ ਦੇ ਕੁਕਰਮ ਤੇ ਵਿਚਾਰ ਕਰਦੇ ਹਨ। [3]ਇਹ ਵਿਚਾਰ ਕਰਦੇ ਹਨ:–। [4]ਕੁਸ਼ਗਨ। [5](ਹੁਣ) ਠਹਿਰ ਜਾਹ, ਇੱਕ ਘੜੀ ਮਗਰੋਂ ਜਾਈਂ। [6]ਕੋਈ ਉਲਟੀ (ਗਲ ਜੇ ਹੋ ਪਈ ਤਾਂ ਮੁੜਕੇ) ਕੋਈ ਕਹੇ ਨਾ (ਕਿ ਤੁਸਾਂ ਓਸ ਵੇਲੇ ਪਿੱਛੋਂ ਨਾ ਰੋਕ ਲਿਆ)।

*ਪਾ–ਕਾਰਨ ਕੋਈ।

ਹਤਿ ਹੋਵਤਿ ਉਤਸ਼ਾਹ ਬਡੇਰਾ॥੮॥ਰਿਦੇ ਸਮਝਿ ਕਰਿ ਕਾਰਜ ਕਰਨੋ[1]। ਤਿਹ ਐਸ਼੍ਵਰਜ ਨ ਹੋਵਤਿ ਹਰਨੋ'। ਧੀਰਮੱਲ ਕਹਿ 'ਧੀਰ ਧਰੀਜੈ। ਕੌਨ ਸਹਾਇਕ ਤਿਹ ਪਰਖੀਜੈ[2]" ॥ ੯ ॥ ਸਨਿ ਮਸੰਦ ਨਹਿ ਮਾਨੀ ਬਾਤ। ਕਹਨਿ ਲਗਯੋ 'ਤੁਮ ਕਯੋਂ ਡਰਪਾਤਿ। ਮੱਖਣ ਸਿੱਖ ਦੂਰ ਹੈ ਡੇਰਾ।ਕਿਸ ਨਹਿਂ ਬੋਲਨਿ ਦੇਊਂ ਉਰੇਰਾ ॥ ੧੦ ॥ ਅਪਰ ਨ ਤਹਾਂ ਸਹਾਇਕ ਕੋਈ। ਕਿਹ ਸੌਂ ਮਿਲਹਿ ਨ ਬੋਲਹਿ ਸੋਈ[3]। ਨਿੱਤ ਰਹਤਿ ਉਨਮੱਤ ਮਹਾਨਾ। ਨਹਿ ਸਨੇਹ ਕਿਸ ਹੂੰ ਸੋਂ ਠਾਨਾ ॥ ੧੧ ॥ ਤੁਮ ਨਿਚਿੰਤ ਬੈਠੇ ਰਹੁ ਡੇਰੇ। ਸਕਲ ਭਾਰ ਇਹ ਹੈ ਸਿਰ ਮੇਰੇ। ਕਾਰਜ ਸੁਧਰੇ ਤੌ ਹੁਇ ਤੇਰਾ। ਬਿਗਰੇ ਹਮ ਮਰਿ ਹੈਂ ਤਿਸ ਬੇਰਾ' ॥ ੧੨ ॥ ਇਮ ਕਹਿ ਸਨਧਬੱਧ ਭਟ ਹੇਰਿ। ਅਪਨਿ ਸਾਥ ਹਿਤ ਲੀਨਸਿ ਟੇਰ। ਸੌ ਤਫੰਗ ਲਛ ਹਤਨੇ ਹਾਰ[4]।ਤਿਹ ਸੋਂ ਭਨਯੋ ਸਮੀਪ ਹਕਾਰਿ ॥ ੧੩ ॥ 'ਜਬਹਿ ਨਿਕਟਿ ਹੁਇ ਤਿਨ ਕੇ ਜਾਇ। ਹਤਹੁ ਤਾਕ ਕਰਿ ਤੁਪਕ ਬਨਾਇ।ਹੁਇ ਜੁ ਪਿਛਾਰੀ, ਸਭਿ ਸਹਿ ਲੇਹਿਂ[5]। ਇਕ ਬਾਰ ਤਿਹ ਕੋ ਹਤਿ ਦੇਹਿਂ' ॥੧੪ ॥ ਸੰਗ ਪਚੀਸਕ ਭਟ ਲੇ ਚਲਯੋ। ਕੇਤਿਕ ਦਾਸਨਿ ਕੋ ਗਨ ਮਿਲਯੋ।ਤੂਰਨਿ ਠਾਨੇ ਗਮਨ ਕਰੰਤੇ। ਚਲਤੇ ਤੂਰਨ ਕਦਮ ਉਠੰਤੇ ॥ ੧੫ ॥ ਸਤਿਗੁਰ ਕੇ ਘਰ ਪਹੁੰਚੇ ਜਾਇ। ਇਕਹਿ ਬਾਰਿ ਪਰੇ ਅਰਰਾਇ। ਕੇਤਿਕ ਹੁਤੇ ਜੁ ਮਾਨਵ ਪਾਸ। 'ਕਯਾ ਹੈ ਕਯਾ ਹੈ' ਕਰਹਿਂ ਅਵਾਸ।੧੬॥ਮਾਰਿ ਮਾਰਿ ਕਰਿ ਆਨਿ ਪਰੇ ਹੈਂ।ਐਚਕ ਪੌਰ ਮਝਾਰ ਬਰੇ ਹੈਂ। ਹਥੋਹਥੀ ਗਹਿ ਲੀਨਸਿ ਕੇਈ।ਰੌਰ ਮਚਯੋ ਦੋਨਹੁ ਦਿਸ਼ਿ ਤੇਈ॥੧੭॥ਸਮੁਖ ਭੁਏ ਕੇਤਿਕ ਤਬਿ ਹੇਰੇ।'ਹਤਹੁ ਬੰਦੂਕ'ਮਸੰਦ ਸੁ ਟੇਰੇ।ਤਤਛਿਨ ਤਿਸ ਨੇ ਤਾਕ ਚਲਾਈ।ਸਤਿਗੁਰ ਕੇ ਸਿਰ ਕਹੁ ਚਲਿ ਆਈ ॥੧੮॥ ਕਰ ਹੁੰਕਾਰ ਦੀਨਿ ਸੋ ਟਾਰੀ[6]। ਮਸਤਕ ਚਾਟਤਿ[7] ਗਿਰੀ ਅਗਾਰੀ। ਕੁਛਕ ਚਰਮ ਗੁਲਕਾ ਨੇ ਫਾਰਾ। ਰੁਧਿਰ ਅਲਪ ਸਰਵਯੋ ਤਿਸ ਬਾਰਾ॥੧੯॥ ਦੇਖਿ ਦਾਸ ਭੈ ਮਾਨਿ ਘਨੇਰੇ। ਹਾਹਾਕਾਰ ਕੀਨਿ ਬਹੁਤੇਰੇ। ਕਿਤਿਕ ਤਰਜਿ[8] ਕਰਿ ਦੂਰ ਹਟਾਇ।ਕੇਤਿਕ ਗਹਿ ਕਰਿ ਦਾਸ ਬਿਠਾਏ ॥੨੦॥ ਸਭਿ ਦੀਨਾਰ ਜੁ ਧਰੀ ਅਗਾਰੀ । ਲਈ ਉਠਾਇ ਵਸਤੁ ਗਨ

[1]ਕਰਨਾ ਚਾਹੀਏ। [2]ਸਹਾਰਾ ਕਰੋ ਤੇ ਪਹਿਲੋਂ ਪਰਖ ਲਓ ਕੌਣ ਕੌਣ ਉਸਦਾ ਸਹਾਇਕ ਹੈ। [3]ਭਾਵ ਗੁਰੂ ਜੀ। [4]ਸੌ (ਸੂਰਮੇ) ਬੰਦੂਕ ਦਾ ਨਿਸ਼ਾਨਾ ਫੁੰਡਣ ਵਾਲੇ। [5]ਸਹਿ ਲਵਾਂਗੇ। [6](ਗੁਰੂ ਜੀ ਨੇ) ਹੁੰਗਾਰਾ ਕਰ ਕੇ ਗੋਲੀ ਫੇਰ ਦਿੱਤੀ। [7]ਭਾਵ ਛੂਹਕੇ। [8]ਤਾੜਨਾਂ ਕਰਕੇ।

ਸਾਰੀ। ਕੇਤਿਕ ਕੋ ਕਰਤਲ ਤੇ ਮਾਰਾ[1]। ਖੜਗ ਮੁਸ਼ਟ ਤੇ ਕੋਇ ਪ੍ਰਹਾਰਾ
॥੨੧॥ ਜੋ ਮੁਖ ਬੋਲਹਿ ਮਾਰਹਿਂ ਤਾਂਹੀ। ਕਰਤਿ ਆਪਨੋ ਬਲ ਗਰਬਾਹੀਂ।
ਵਸਤੁ ਸਦਨ ਕੀ ਪੂਰਬ ਜੇਈ। ਕਰਿ ਬਲ ਛੀਨ ਲੀਨਿ ਸਭਿ ਤੇਈ
॥ ੨੨ ॥ ਬਸਤੁ ਉਪਾਇਨ ਕੋ ਜੋ ਆਏ। ਬੰਧੇ ਭਾਰ ਤੁਰਤ ਉਠਵਾਏ।
ਸੰਖ ਚਮਰ ਸਭਿ ਹਰੇ ਤਿਨਹੁੰ ਨੇ। ਪਾਪ ਕਰਮ ਕੋ ਕਰਜੋ ਜਿਨਹੁੰ ਨੇ
॥੨੩॥ ਤਬਿ ਦੁਰਮਤਾ ਕਹਤਿ ਮਸੰਦ। 'ਗੁਰਤਾ ਕੋ ਤੁਸਾਇ ਮਸਨੰਦ।
ਬੈਠਿ ਗਯੋ ਤੁਝ ਕਿਨੈ ਬਿਠਾਯੋ ?। ਧੀਰਮੱਲ ਤੇ ਨਹਿਂ ਡਰਪਾਯੋ?॥੨੪॥
ਬ੍ਰਿੰਦ ਮਸੰਦ ਨ ਤੁਝ ਢਿਗ ਆਏ। ਜਿਸ ਤੇ ਗੁਰਤਾ ਲੇਤਿ ਜਮਾਏ।
ਬੋਲਨਿ ਮਿਲਿਨੇ ਕੀ ਸੁਧਿ ਨਾਂਹੀ। ਬਨਨਿ ਗੁਰੂ ਕਿਮ ਚਹਿ ਚਿਤ ਮਾਂਹੀ?
॥੨੫॥ ਲੋਭ ਦਰਬ ਕੋ ਧਾਰਿ ਘਨੇਰਾ। ਮੱਖਣ ਮਿਲ੍ਯੋ ਧਨਾਢ ਬਡੇਰਾ। ਨਿਜ
ਘਰ ਮਹਿਂ ਚਿਤ ਮੰਤ੍ਰ ਪਕਾਵਾ। ਗੁਰੂ ਗੁਰੂ ਕਰਿ ਰੌਰ ਮਚਾਵਾ ॥ ੨੬ ॥
ਗੁਰੂ ਹਿਤ ਹੁਤੀ ਉਪਾਇਨ ਜੋਇ। ਕਪਟ ਧਾਰਿ ਕਰਿ ਲੀਨੀ ਸੋਇ।
ਤੁਮ ਸਮੀਪ ਸੋ ਕਿਮ ਰਹਿ ਸਕਿ ਹੈ। ਜਿਮ ਮ੍ਰਿਗਲੇ ਜਿਹ ਕੇਹਰਿ ਤਕਿ ਹੈਂ[2]
॥ ੨੭ ॥ ਮਹਾਂ ਗਰੀਬ ਦੀਨਤਾ ਸਾਥ। ਕਿਮ ਸੋ ਬਨੈ ਸਿਖਨਿ ਕੋ ਨਾਥ।
ਤੁਝ ਤੇ ਛੀਨਹਿਂ ਹੈਂ ਜਬਿ ਐਸੇ। ਪੁਨਹਿਂ ਤ੍ਰਸਤ ਲੇ ਕੋਇ ਨ ਕੈਸੇ ॥੨੮॥
ਗੁਰਤਾ ਧੀਰਮੱਲਜ ਕੀ ਹੋਇ। ਕਬੈਂ[3] ਪੁਜਾਵਹਿ ਆਨ ਜਿ ਕੋਇ। ਕ੍ਰਿਤ
ਅਨਜਾਨ ਪਨੇ ਕਿਯ ਏਤੀ। ਯਾਂਤੇ ਭਈ ਸਾਸਨਾ ਤੇਤੀ ॥ ੨੯॥ ਬਹੁਰ
ਕਰਹੁ ਜੋ ਟਰਹੁ ਨ ਟਾਰੇ। ਹਾਨ ਪ੍ਰਾਨ ਹੁਇ ਜਾਇਂ ਤੁਮਾਰੇ। ਅਬਿ ਕੈ
ਜੀਵਤਿ ਜਗ ਮਹਿਂ ਰਹਨੋ। ਹਿਤ ਕੋ ਬਾਕ ਲਖਹੁ, ਮੈਂ ਕਹਨੋ' ॥ ੩੦ ॥
ਸ੍ਰੀ ਗੁਰ ਤੇਗ ਬਹਾਦਰ ਮਾਤਾ। ਨਾਮ ਨਾਨਕੀ ਜਗ ਬੱਖਜਾਤਾ। ਸੁਨਿ
ਮਸੰਦ ਤੇ ਕ੍ਰੋਧ ਬਧਾਵਾ। ਤਰਜਤਿ[4] ਅਧਿਕ ਕਹਤਿ ਗੁਰ ਦਾਵਾ ॥ ੩੧॥
'ਮਮ ਸੁਤ ਕੋ ਗੁਰੂ ਪਿਤਾ ਪਿਤਾਮੇ। ਲੇਤਿ ਉਪਾਇਨ ਚਹੁੰਦਿਸ਼ਿ ਧਾਮੇ।
ਕੌਨ ਹੋਇ ਤੁਮ ਹਮਹਿ ਹਟਾਵੈ। ਬਿਨਾ ਕਾਜ ਨਿਜ ਬੈਰ ਲਗਾਵੈ ॥੩੨॥
ਨਿਜ ਨਿਜ ਘਰ ਕੇ ਸਕਲ ਬਿਸ਼ੇਸ਼। ਕੌਨ ਹਟਾਵਹਿਗੋ ਕਰਿ ਦ੍ਵੈਸ਼।
ਧੀਰਮੱਲ ਕੇ ਧਾਮ ਨ ਗਏ। ਤਿਸ ਕੇ ਗ੍ਰਾਮ ਪ੍ਰਵੇਸ਼ ਨ ਭਏ ॥੩੩॥ ਸੈਕਰਤਾਰ

---

[1]ਚਪੇੜਾਂ ਮਾਰਕੇ। [2]ਭਾਵ ਤੁਸਾਡਾ ਲੈਣਾ ਐਸਾ ਹੈ ਜਿਵੇਂ ਸ਼ੇਰ ਦੇ ਤਕਦਿਆਂ ਕੋਈ ਸ਼ੇ ਹਰਨ ਲੈ ਲਵੇ। ਮੁਰਾਦ ਹੈ ਕਿ ਤੁਸਾਂ ਪਾਸ ਨਹੀਂ ਰਹਿਣ ਦਿਆਂਗੇ। [3]ਕਿਵੇਂ। [4]ਤਾੜ ਕੇ।

ਪੂਰੇ ਤੇ ਆਯੋ। ਬੀਰ ਬਕਾਲੇ ਦੰਭ ਕਮਾਯੋ। ਜੋ ਗੁਰਤਾ ਤਿਸ ਕੇ ਢਿਗ ਆਈ। ਕਨੌਂ ਨਿਜ ਗ੍ਰਾਮ ਨ ਬਿਖੇ ਪੁਜਾਈ॥ ੩੪ ॥ ਲੋਭ ਅਗਨਿ ਤੇ ਤੁਝਹਿ ਜਰਾਵਾ। ਧੀਰਮੱਲ ਘਰ ਲਾਗਿਸਿ ਦਾਵਾ[1] । ਜਹਿੰ ਕਹਿੰ ਫਿਰਹੁ ਹੇਤੁ ਧਨ ਚਾਹਨਿ।ਨਿਜ ਗੰਭੀਰਤਾ ਕੋ ਕਰਿ ਦਾਹਨਿ॥੩੫॥ਹਮ ਬੈਠੇ ਨਿਜ ਸਦਨ ਮਝਾਰਾ। ਤੁਸ਼ਨਿ ਧਾਰੇ ਕਰਹਿੰ ਗੁਜ਼ਾਰਾ। ਜੋ ਸਿਖ ਆਵਹਿੰ ਦੇਹਿੰ ਉਪਾਇਨ।ਤੁਮ ਕਨੌਂ ਆਵਹੁ ਹਮਰੇ ਆਇਨ[2]॥੩੬॥ਹਮ ਤੁਮਰੇ ਢਿਗ ਜਾਇੰ ਨ ਕਬੈ।ਦਰਬ ਚਢਾਇੰ ਸਿਖਨ ਜੋ ਸਬੈ।ਅਬਿ ਜਬਰੀ ਕਰਿ ਆਨਿ ਪਰੇ ਹੋ। ਜਨੌਂ ਬਿਖੁ[3] ਪੀ ਕਰਿ ਆਪ ਮਰੇ ਹੋ ॥ ੩੭ ॥ ਨਿੰਮ੍ਰਿ ਪੌਰ ਗੁਰੁ ਘਰ ਕੋ ਜਾਨਿ[4]। ਊਚੇ ਕੋ ਢਹਿ ਜਾਇ ਗੁਮਾਨ। ਬੁਰਾ ਹੋਨਿ ਤੁਮਰੋ ਢਿਗ ਆਵਾ। ਜਿਸਤੇ ਐਸੋ ਗਰਬ ਜਨਾਵਾ ॥ ੩੮ ॥ ਦਰਬ ਹਜ਼ਾਰਨਿ ਹੀ ਘਰ ਮਾਂਹੀ[5]। ਤਊ ਨ ਦ੍ਰਿਤੀਓ ਦੇਖਿ ਸਕਾਹੀਂ। ਸ਼੍ਰੀ ਬਾਬਾ ਨਾਨਕ ਜਗਤੇਸ਼। ਫਲ ਦੇ ਤੁਮ ਕੋ ਕਸ਼ਟ ਬਿਸ਼ੇਸ਼॥੩੯॥ਜੋ ਕਰਿ ਮੋਹਿ ਪੁੱਤ੍ਰ ਕੇ ਭਾਲ। ਗੁਲਕਾ ਲਗਤਿ ਮਰਤਿ ਤਤਕਾਲ। ਤਬਿ ਕੋ ਹੋਵਤਿ ਹਾਲ ਤੁਮਾਰੋ ? ਕਿਯੋ ਕੁਕਰਮ ਮਹਾਂ ਹੱਤਯਾਰੋ !"॥ ੪੦ ॥ ਇੱਤਯਾਦਿਕ ਕਹਿ ਬਾਰੰ ਬਾਰੀ। ਮਾਤ ਨਾਨਕੀ ਦੁਖਿਤਿ ਪੁਕਾਰੀ। ਭਾਲ[6] ਪੁੱਤ੍ਰ ਕੋ ਪੌਂਛਨਿ ਕਰਯੋ। ਨੀਰ ਬਿਲੋਚਨ ਤੇ ਬਹੁ ਢਰਯੋ ॥੪੧॥ ਨਯੋ ਜਨਮ ਨਿਜ ਸੁਤ ਕੋ ਜਾਨਾ। ਤਪਤ ਰਿਦਾ ਦੁਖ ਪਾਇ ਮਹਾਨਾ। ਸ਼੍ਰੀ ਗੁਰ ਤੇਗ ਬਹਾ-ਦਰ ਕਹਯੋ।"ਧਨ ਮਹਿੰ ਇਹ ਕੁਕਰਮ ਹੀ ਲਹਯੋ॥੪੨॥ਯਾਂਤੇ ਹੇ ਜਨਨੀ ਇਹੁ ਜਾਨਿ। ਤਿਨ ਘਰ ਪਰਿਹੈ[7] ਕਸ਼ਟ ਮਹਾਨ। ਧਨ ਕੇ ਤਯਾਗਨਿ ਹੀ ਸੁਖ ਹੋਇ। ਲੇਨਹਾਰ ਲਹਿ ਸੰਕਟ ਸੋਇ" ॥ ੪੩ ॥ ਇਮ ਧੀਰਜ ਸੋਂ ਬੈਠੇ ਰਹੇ। ਜਨਨੀ ਕੋ ਬਰਜਨ ਹਿਤ ਕਹੇ। ਸੋ ਮਸੰਦ ਕਰਿ ਓਜ ਘਨੇਰਾ। ਵਸਤੁ ਸਰਬ ਲੇ ਦਰਬ ਬਡੇਰਾ ॥ ੪੪ ॥ ਅਤਿ ਪ੍ਰਸੰਨਤਾ ਧਰਿ ਕਰਿ ਉਰ ਮੈਂ। ਪਹੁੰਚਯੋ ਧੀਰ ਮੱਲ ਕੇ ਘਰ ਮੈਂ। ਸਗਰੀ ਵਸਤੁ ਆਪ ਦਿਖਾਈ। ਬਹੁ ਦੀਨਾਰ ਧਰੀ ਅਗਵਾਈ ॥ ੪੫ ॥ ਹੇਰਤਿ ਭਯੋ ਪ੍ਰਸੰਨ ਘਨੇਰਾ।ਹੇਮ ਸੁ ਕੰਕਨ[8] ਲੇ ਤਿਸ ਬੇਰਾ।"ਸਾਧ ਸਾਧ" ਕਹਿ ਦਿਯੋ ਮਸੰਦ[9]।

---

[1]ਦਾਵਾ ਅਗਨੀ । [2]ਘਰ । [3]ਜ਼ਹਿਰ । [4]ਗੁਰੂ ਘਰ ਦਾ ਦਰਵਾਜ਼ਾ ਨੀਵਾਂ ਹੈ । [5](ਸਾਡੇ) ਘਰ ਵਿਚ। [6]ਮਸਤਕ । [7]ਪਵੇਗਾ । [8]ਸੋਨੇ ਦੇ ਕੜੇ । [9]ਭਾਵ ਦੇ ਦਿੱਤੇ ਮਸੰਦ ਨੂੰ ਸੋਨੇ ਦੇ ਕੜੇ ।

ਲੈ ਕਰਿ ਹਰਖਯੋ[੬] ਰਿਦੇ ਬਿਲੰਦ ॥ ੪੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਗੁਰ ਤੇਗ ਬਹਾਦਰ ਕੇ ਡੇਰਾ ਲੂਟਨ' ਪ੍ਰਸੰਗ ਬਰਨਨੰ ਨਾਮ ਤ੍ਰੈਦਸਮੋ ਅੰਸੂ ॥ ੧੩ ॥

### ੧੪. [ਧੀਰਮੱਲ ਦੀ ਕਠੋਰਤਾ]।

ਦੋਹਰਾ ॥ ਵਸਤੁ ਸਕਲ ਕੋ ਦੇਖਿ ਕੈ ਧੀਰਮਲ ਆਨੰਦ।ਕੰਚਨ ਕੇ ਕੰਕਨ ਦਿਯੇ ਹਰਖਤਿ[੧] ਲਿਯੇ ਮਸੰਦ ॥ ੧ ॥ ਚੌਪਈ ॥ ਬੂਝੇ ਤੇ ਸਗਰੋ ਬਿਰਤਾਂਤਾ। ਕਹਯੋ ਮਸੰਦ 'ਸੁਨਹੁ ਸਭਿ ਬਾਤ। ਪਰਾਲਬਧ ਤੇ ਜੀਵਤ ਰਹਯੋ। ਚਲੀ ਤੁਪਕ ਤਬਿ ਨੀਕ ਨ ਲਹਯੋ[੨] ॥ ੨ ॥ ਹਲੇ ਹਾਥ ਚਾਟਤਿ ਗਈ ਭਾਲ[੩]। ਤਿਨ ਜਨਨੀ ਆਈ ਤਤਕਾਲ। ਤਿਸ ਨੇ ਰੱਛਾ ਕਰਿ ਸਭਿ ਭਾਂਤੀ। ਜੀਵਤ ਰਹਯੋ ਨ ਹੋਯਹੁ ਹਾਤੀ ॥੩॥ ਨਹਿੰ ਪਰੰਤੁ ਆਗੇ ਪੁਨ ਕਰੋ।ਇਮ ਕਰਿਬੇ ਤੇ ਭੈ ਬਹੁ ਧਰੇ। ਨਿਸ਼ਚੈ ਜਾਨਹੁ ਗੁਰੁਤਾ ਤੇਰੀ।ਜਹਿਂ ਕਹਿਂ ਲੇਹੁ ਭੇਟ ਬਹੁਤੇਰੀ ॥ ੪ ॥ ਤੇਗਬਹਾਦਰ ਕਹਾ ਹਮ ਆਗੇ।ਸਭਿ ਸੋਢੀ ਲਰਿਬੇ ਤੇ ਭਾਗੇ। ਤੁਮ ਸਮਾਨ ਨਹਿਂ ਦੂਸਰ ਕੋਈ। ਉੱਦਮ ਕਰਿ ਹੈ ਗੁਰ ਹ੍ਵੈ ਸੋਈ ॥੫॥ ਇਸ ਪ੍ਰਕਾਰ ਜੋ ਦ੍ਰਿਢ ਤੁਮ ਰਹੋ। ਨਿਹਸੰਸੈ ਗੁਰਤਾ ਕਹੁ ਲਹੋ। ਜਥਾ ਸ਼ਕਤਿ ਨਿਜ ਸੈਨ ਬਨਾਵਹੁ।ਸ੍ਰੀ ਹਰਿਰਾਇ ਸਦਰਸ਼ ਰਹਾਵਹੁ ॥ ੬ ॥ ਸੁਭਟ ਸ਼ਸਤ੍ਰ ਕੇ ਧਰਨੇ ਹਾਰੇ। ਬਲੀ ਤੁਰੰਗਮ ਤਰ ਅਸਵਾਰੇ। ਹੁਤੇ ਸਹੱਸ੍ਰ ਅਢਾਈ ਸੋਇ। ਸਮੁਖ ਸ਼ੱਤ੍ਰ ਕੇ ਸ਼ਸਤ੍ਰੀ[੪] ਜੋਇ ॥੭॥ ਜਿਹਠਾਂ ਚਲਹਿਂ ਤਯਾਰ ਸਭਿ ਰਹੈਂ। ਰਿਪੁ ਬੱਲਵਾਨ ਤੁਰਤ ਹੀ ਗਹੈਂ। ਸ੍ਰੀ ਹਰਿਰਾਇ ਅਨੁਜ ਤੂੰ ਅਹੈਂ।ਤਿਨ ਕੀ ਸਮਤਾ ਸਭਿ ਬਿਧਿ ਲਹੈਂ॥੮॥ ਆਦਿ *ਗ੍ਰੰਥ ਸਾਹਿਬ ਤੁਝ ਤੀਰ। ਇਹੀ ਅਧਿਕਤਾ ਲਖਹੁ ਗੰਭੀਰ[੫]। ਸ੍ਰੀ ਨਾਨਕ ਕੀ ਗਾਦੀ ਬੈਸ।ਮਿਲਿ ਹਮ ਸੋਂ ਕਰਿ ਅਨੰਦ ਹਮੇਸ਼' ॥ ੯ ॥ ਸੁਨਿ ਕੇ ਧੀਰਮੱਲ ਹਰਖਾਵਾ:-।'ਗੁਰ ਗਾਦੀ ਪਰ ਹਮਰੋ ਦਾਵਾ।ਨਿਹਸੰਸੈ ਇਹ ਸਭਿ ਹੀ ਜਾਨੈਂ। ਦੇਸ਼ ਬਿਦੇਸ਼ ਉਪਾਇਨ ਆਨੈਂ ॥੧੦॥ ਤੂੰ ਮਸੰਦ ਲਾਯਕ ਕੋ ਮੇਰੋ[੬]। ਸੁਮਤਿਵੰਤ ਦੀਰਘ ਨਰ ਹੇਰੋ[੭]। ਗੁਰ ਘਰ ਕੋ ਸਗਰੋ ਬਿਰਤਾਂਤ।ਨੀਕੀ ਰੀਤਿ ਤੋਹਿ ਬੱਖਯਾਤ॥੧੧॥ਦੇਸ਼ਬਿਦੇਸ਼ਨਿ ਕੇ ਜੁ ਮਸੰਦ। ਕੇਤਿਕ ਲਘੁ ਹੈਂ ਕਿਤਿਕ ਬਿਲੰਦ।ਲਾਖਹੁੰ ਧਨ ਕੇ ਦੇਵਨ ਹਾਰ।ਦੇਸ਼ਨਿ

[੧]ਖੁਸ਼ੀ ਹੋਇਆ (ਮਸੰਦ)। [੨]ਚੰਗੀ ਤਰ੍ਹਾਂ ਦਿਸਦਾ ਨਹੀਂ ਸੀ। [੩]ਭਾਵ ਗੋਲੀ ਮੱਥੇ ਨੂੰ ਛੁਹ ਕੇ ਲੰਘ ਗਈ। [੪]ਸ਼ਸਤ੍ਰ ਪ੍ਰਹਾਰੀ। [੫]ਭਾਰੀ। [੬]ਮੇਰੇ ਲਾਇਕ ਦਾ ਹੈਂ। [੭]ਤੂੰ ਦਿੱਸਦਾ ਹੈਂ। (ਅ) (ਤੂੰ) ਸਿਆਣਾਂ ਹੈਂ (ਤੈਂ) ਬੜੇ ਲੋਕ ਡਿੱਠੇ ਹਨ (ਭਾਵ ਤਜਰਬੇ ਕਾਰ ਹੈਂ)। (ੲ) ਭਾਵ ਅਸਾਂ ਕਈ ਦਾਨੇ ਤੱਕੇ ਹਨ ਪਰ......."।

*ਇਸ ਵੇਲੇ 'ਆਦਿ' ਪਦ ਵਰਤਣਾ ਕਲਮ ਉਕਾਈ ਹੈ।

ਸਿੱਖਨ ਤਿਨ੍ਹੈ ਅਨੁਸਾਰੇ ॥੧੨॥ ਨਿਜ ਮਤਿ ਕਰਿ ਤਿਨ ਲੇਹੁ ਮਿਲਾਇ। ਕਿਹ ਸਨਮਾਨਹੁਂ ਕਿਹ ਧਨ ਦ੍ਯਾਇ[1]।ਰਾਤ ਦਿਵਸ ਕਰਿ ਇਹੀਉਪਾਇ। ਕਰਤਿ ਰਹਹੁ ਜਿਸ ਤੇ ਸਭਿ ਆਇਂ ॥੧੩॥ ਤਿਨ ਅਨੁਸਾਰ ਸਿੱਖਨ ਪੁਨ ਆਵੈਂ। ਦਰਬ ਉਪਾਇਨ ਅਧਿਕ ਚਢਾਵੈਂ। ਨਿਹਸੰਸੇ ਪੁਨ ਅਨੰਦ ਕਰੀਜੈ। ਸਰਬ ਭਾਂਤਿ ਕੇ ਸੁਖ ਬਰਤੀਜੈ' ॥ ੧੪ ॥ ਇਮ ਪ੍ਰਸੰਨਤਾ ਕਰਿ ਕਰਿ ਘਨੀ। ਧੀਰਮੱਲ ਆਪਸ ਮਹਿਂ ਭਨੀ। ਕਿਤਿਕ ਕਾਲ ਮਨਭਾਵਤਿ ਕਰਿਹੀ। ਦੁਰਜਨਤਾ ਅਰੁ ਗਰਬਨਿ ਧਰਿਹੀ[2] ॥ ੧੫ ॥ ਸ੍ਰੀ ਗੁਰ ਤੇਗ-ਬਹਾਦਰ ਚੰਦ। ਨਿਜ ਸਰੂਪ ਮਹਿਂ ਸਦਾ ਅਨੰਦ। ਆਵਨ ਜਾਨੇ ਦਰਬ ਸਮਾਨ[3]। ਹਰਖ ਸ਼ੋਕ ਜਿਨ ਕੇ ਉਪਜਾ ਨ ॥੧੬॥ ਇਕ ਰਸ ਨਿਤ ਉਰ ਧੀਰਜਵੰਤ।ਮਹਿਦ ਜਿਤਿੰਦ੍ਰ ਗੁਨਨਿ ਮਹੰਤ।ਬਡ ਉਦਾਰ,ਤੇਜ[4]*,ਬੁਧਿ-ਵਾਨ। ਛਿਮਾਵੰਤ, ਉਰ ਕ੍ਰਿਪਾ ਮਹਾਨ ॥ ੧੭ ॥ ਸਰਲ ਚਿੱਤਜ ਨਿਸ਼-ਕਪਟ ਸਦੀਵੇ। ਮਹਾਂ ਮੋਹ ਮਦ ਲੋਭ ਨ ਥੀਵੇ।ਜਥਾ ਪ੍ਰਥਮ ਆਸਨ ਪਰ ਬੈਸੇ। ਮਨ ਉਦਬੇਗ ਬਿਨਾ[5] ਰਹਿਂ[6] ਤੈਸੇ ॥ ੧੮ ॥ ਮਾਤ ਨਾਨਕੀ ਅਤਿ ਦੁਖ ਪਾਯੋ। ਅੱਸ਼ੁ ਬੇਗ ਕੋ ਬਹੁਤ ਬਹਾਯੋ। 'ਹੇ ਸੁਤ ! ਕਯੋਂ ਤੁਮ ਚੇਤਤਿ ਨਾਂਹੀ।ਰਹਹੁ ਬੈਠਿ ਆਲਸ ਕੇ ਮਾਂਹੀ ॥ ੧੯ ॥ ਤਵ ਸ਼ਰੀਕ ਸਭਿ ਬਿਧਿ ਬਿਵਹਾਰਾ। ਕਰਤਿ ਸਦਾ ਅਪਮਾਨ ਹਮਾਰਾ। ਦਰਬ ਹਜ਼ਾਰਨਿ ਕੋ ਨਿਤ ਲੇਤੇ। ਭੁੰਚਤਿ[7] ਆਪ, ਨ ਦੂਸਰ ਦੇਤੇ ॥੨੦॥ ਕਰਹਿਂ ਕਪਟ ਕੇ ਅਨਿਕ ਉਪਾਯਾ। ਜਯੋਂ ਕਯੋਂ ਹਰਹਿਂ ਅਪਰ ਤੇ ਮਾਯਾ।ਉਤਸਵ ਬਯਾਹ ਆਦਿ ਜੋ ਕਰਿਹੀਂ।ਤਿਸ ਮਹਿਂ ਹਮ ਕੋ ਲਘੁ ਉਚਰਿਹੀਂ॥੨੧॥ ਲਖਹਿਂ ਨਿਲਾਇਕ ਬੁੱਧਿ ਬਿਹੀਨਾ। ਸੁਨਿ ਸੁਨਿ ਤਊ ਛਿਮਾ ਤੁਵ ਕੀਨਾ। ਅਬਿ ਤਿਨ ਨੇ ਕਯਾ ਕੀਨਸਿ ਏਹੀ। ਮਹਾਂ ਕੁਕਰਮ ਮੰਦਮਤਿ ਜੇਹੀ ॥੨੨॥ ਪੁਰਸ਼ਾਰਥ[8] ਤੁਮ ਕਰਹੁ ਨ ਕੋਈ। ਜਿਸ ਤੇ ਸਭਿ ਨਿਰਬਾਹਨ ਹੋਈ। ਦੁਸ਼ਟ ਆਤਮਾ ਜੇ ਹਤਿ ਜਾਵੈਂ[9]। ਦਰਬ ਹੇਤੁ ਬਡ ਪਾਪ ਕਮਾਵੈਂ ॥੨੩॥ ਤੌ ਮੇਰੀ ਗਤਿ ਕਹੁ ਕਯਾ ਹੋਤੀ। ਇਕ ਪੁੱਤ੍ਰਾ ਮੈਂ ਦੀਨ ਉਦੋਤੀ। ਅਬਿ ਲੌ ਪੌਤ੍ਰ ਨਹੀਂ ਮਮ ਹੋਵਾ। ਨਿਸ ਬਾਸੁਰ ਤੇਰੋ ਮੁਖ ਜੋਵਾ ॥ ੨੪॥ ਸ੍ਰੀ ਨਾਨਕ ਜੀ ਰੱਛਾ ਕੀਨਸਿ। ਹਤੀ ਤੁਫੰਗ ਨਿਫਲ ਕਰਿ ਦੀਨਸਿ। ਬਰਜਨਹਾਰ

[1]ਦੇਕੇ। [2]ਹੰਕਾਰ ਧਾਰਦਾ ਹੈ। [3]ਧਨ ਦਾ ਆਵਣਾ ਜਾਣਾ (ਜਿਨ੍ਹਾਂ ਨੂੰ) ਇੱਕੋ ਜਿਹਾ ਹੈ। [4]ਤੇਜ ਵਾਲੇ। [5]ਘਬਰਾਹਟ ਬਿਨਾਂ। [6]ਰਹੇ। [7]ਭੋਗਦੇ ਹਨ। [8]ਉੱਦਮ, ਬਲ। [9]ਜੇ ਮਾਰ ਜਾਂਦੇ ਤਾਂ।

*ਪਾਠ-ਜੇਤਾ।

ਇਨਹਿਨਹਿ ਕੋਈ।ਧਨ ਭੁਜਬਲ ਤੇ ਗਰਬਤਿ ਜੋਈ॥੨੫॥ਇੱਤ੍ਯਾਦਿਕ
ਕਰਿ ਕਰਿ ਬਿਰਲਾਪ। ਲੋਚਨ ਤੇ ਛੋਰਤਿ ਬਹੁ ਆਪ[1]। ਸ੍ਰੀ ਗੁਰ ਕਹਤੇ
'ਮਾਤ ! ਧਰਿ ਧੀਰ। ਦੇਖਿ ਅਨੁਚਿਤ ਨਹੀਂ ਕਰਿ ਪੀਰ[2] ॥ ੨੬ ॥
ਜਬਰੀ ਕਰਤਿ ਗਰਬ ਧਰਿ ਜੋਇ। ਤਿਨ ਪਰ ਹਰਿ ਪ੍ਰਭੁ ਕ੍ਰੁੱਧਤਿ ਹੋਇ।
ਸਭਿ ਐਸ੍ਵਰਜ ਹਰਹਿ ਛਿਨ ਮਾਂਹੀ।ਹੋਹਿਂ ਦੀਨ,ਦੁਖ ਤੇ ਬਡਿ ਪਾਂਹੀ॥੨੭॥
ਸਭਿ ਕੇ ਸਿਰ ਪਰ ਸ੍ਰੀ ਕਰਤਾਰ। ਦੇਖਿ ਕਰਮ ਸੁਖ ਦੁਖ ਦਾਤਾਰ।
ਜਿਨਹੁੰ ਅਲੰਬ ਕਰਨੋ ਪ੍ਰਭੁ ਸੋਇ।ਤਿਨ ਕੋ ਤ੍ਰਾਸ ਨ ਕਿਨਹੂੰ ਹੋਇ॥੨੮॥
ਜਗਤ ਨਾਥ ਕੇ ਆਸ ਭਰੋਸਾ। ਟਿਕਹਿ ਪੁਰਖ ਧਾਰਹਿ ਸੰਤੋਸ਼ਾ। ਦੁਖ
ਸੁਖ ਜਨਮ ਮਰਨ ਕੇ ਮਾਂਹੀ। ਕਮਲਾਕੰਤ ਦੇਤਿ, ਅਨ ਨਾਂਹੀ[3] ॥ ੨੯ ॥
ਇਹ ਅਜੋਗਤਾ ਕੀਨਸਿ ਜੋਇ। ਪਿਖਿ ਜਨਨੀ ! ਨ ਚਿੰਤ ਕਰਿ ਕੋਇ[4]।
ਹਤੇ ਦੈਵ ਨੇ ਸੋ ਇਸ ਕਾਲਾ। ਪਰਹਿ ਆਪਦਾ ਤਿਨਹਿ ਬਿਸਾਲਾ ॥੩੦॥
ਹੁਇਂ ਅਧੀਨ ਸਭਿ ਤੇਰੇ ਆਇ।ਬ੍ਰੀੜਾ[5]* ਸਹਿਤ ਤ੍ਰਾਸ ਕੋ ਪਾਇਂ। ਬਿਨ
ਅਪਰਾਧ ਆਇ ਜੋ ਪਰੇ। ਧਨ ਹਿਤ ਪਾਪ ਕਰਤਿ ਨਹਿ ਡਰੇ ॥ ੩੧ ॥
ਮੂਢ ਲੋਭ ਤੇ ਸੁਧਿ ਬੁਧਿ ਨਾਂਹੀ। ਬਹੁ ਦੁਰਾਤਮਾ ਸਾਸਨ ਪਾਹੀਂ[6]। ਅਰੁ
ਜੋ ਤੋਹਿ ਮਨੋਰਥ ਮਾਤਾ ! ਦੇ ਕਰਤਾਰ ਪ੍ਰਭੁ ਬੱਖਜਾਤਾ ॥ ੩੨ ॥ ਧੀਰ-
ਮੱਲ ਸੰਮਤ[7] ਜੁ ਮਸੰਦ। ਇਹ ਅਪਰਾਧ ਅਜੋਗ ਬਿਲੰਦ। ਲੋਭ ਲਗੇ
ਕੀਨਸਿ ਤਿਨ ਐਸੇ। ਮਤਸ਼ ਬਡਿਸ ਕਹੁ ਗ੍ਰਾਸਹਿ ਜੈਸੇ[8] ॥੩੩॥ਹਿੰਸਕ[9]
ਜਬਿ ਐਂਚੇ, ਹੁਇ ਬਾਹਰ। ਅਧਿਕ ਦੁਖੀ ਮ੍ਰਿਤੁ ਪਾਵਹਿ ਜ਼ਾਹਰ। ਜਸੇਂ
ਬਟਪਾਰ[10] ਧਨੀ ਮਗ ਜਾਤੇ। ਛੀਨਹਿਂ ਤਿਨਹਿਂ ਤ੍ਰਾਸ ਉਪਜਾਤੇ ॥ ੩੪॥
ਨ੍ਰਿਪ ਕੀ ਸੈਨ ਆਨਿ ਪੁਨ ਪਰੈ।ਘੇਰ ਸਭਿਨਿ ਕੌ ਦ੍ਰਿੜ੍ਹ ਕਰਿ ਧਰੈ।ਲੇਹਿਂ
ਦਰਬ ਅਰੁ ਆਯੁਧ ਹਰੈਂ। ਬੰਧਨ[11] ਲਹੈਂ ਅਧਿਕ ਦੁਖ ਭਰੈਂ ॥ ੩੫ ॥
ਅਸ ਕੁਕਰਮ ਕਰਿ ਸੁਖ ਨਹਿਂ ਪਾਵੈਂ। ਅਪਜਸ ਸੰਚਹਿਂ ਉਰ ਪਛੁਤਾਵੈਂ।
ਅਬਿ ਤੂੰ ਛਿਮਾਕਰਨਿ ਭਲਿ ਮਾਨਿ।ਛਮੀ[12] ਸਹਾਇ ਹੋਇ ਭਗਵਾਨ॥੩੬॥
ਬਹੁ ਅਪਮਾਨ ਰੁ ਮ੍ਰਿਤੁ ਕੋ ਪਾਵੈਂ। ਧਨ ਕੇ ਲੋਭ ਦੁਸ਼ਟ ਲਲਚਾਵੈਂ।

[1]ਪਾਣੀ ਭਾਵ ਅੱਥਰੂ। [2]ਪੀੜਾ ਨਾ ਮੰਨ। [3]ਜਨਮ ਤੋਂ ਲੈ ਕੇ ਮਰਨ ਪ੍ਰਯੰਤ ਦੁੱਖ ਸੁਖ ਵਾਹਿਗੁਰੂ ਦੇਂਦਾ ਹੈ ਹੋਰ ਕੋਈ ਨਹੀਂ। [4]ਹੇ ਮਾਤਾ ਕੋਈ ਚਿੰਤਾ ਨਾ ਕਰ। [5]ਲੱਜਾ। [6]ਦੰਡ ਪਾਉਣਗੇ। [7]ਸਲਾਹੀ। [8]ਮੱਛੀ ਜਿਵੇਂ ਕੁੰਡੀ ਨੂੰ ਨਿਗਲ ਜਾਵੇ। [ਸੰ:, ਵਡਿਸ=ਵੰਸੀ, ਕੁੰਡੀ]। [9]ਭਾਵ ਮੱਛੀ ਦਾ ਸ਼ਿਕਾਰੀ। [10]ਰਾਹਮਾਰ। [11]ਕੈਦ। [12]ਖਿਮਾ ਕਰਨ ਵਾਲੇ ਦਾ।
*ਪਾ:-ਪੀੜਾ।

ਬਡੇ ਮਨੁਜ ਦੁਰਜੋਧਨ ਆਦਿ। ਲਗੇ ਲੋਭ ਤਜਾਗੀ ਮਿਰਜਾਦ ॥ ੩੭॥ ਸਭਿ ਹੀ ਅਪਦਾ ਪਾਵਤਿ ਰਹੇ।ਸੁਖ ਕੋ ਚਹਤਿ ਕਸ਼ਟ ਕੋ ਲਹੇ।ਧੀਰਮੱਲ ਕੋ ਭਾਗ ਨ ਲੀਨਸਿ[1] । ਹਮ ਨੇ ਕੁਛ ਲਾਲਚ ਨਹਿੰ ਕੀਨਸਿ ॥ ੩੮ ॥ ਆਧੋ ਸਿੱਖਨ ਭਾਵਨੀ ਸਾਥ। ਅਰਪੀ ਵਸਤੁ ਜੋਰਿ ਜੁਗ ਹਾਥ। ਨਹੀਂ ਹਕਾਰਨਿ ਡੇਰੇ ਗਏ। ਆਪਹਿ ਆਇ ਉਪਾਇਨ ਦਏ॥ ੩੯ ॥ ਯਾਂਤੇ ਹਮਰੋ ਦੋਸ਼ ਨ ਕੋਈ। ਜਿਸ ਕੋ ਦਿਖਤਿ ਰੋਸ ਜੁਤਿ ਹੋਈ[2] । ਇਸ ਤੇ ਚਹੀਅਤਿ ਅਬਿ ਹੀ ਕਾਲ[3] । ਹੋਹਿ ਅਨਾਦਰ ਕਸ਼ਟ ਬਿਸਾਲ' ॥ ੪੦ ॥ ਇਮ ਆਪਸ ਮਹਿਂ ਬਾਕ ਕਰੰਤੇ। ਪਰਮ ਦੁਖੀ ਜਨਨੀ ਜੁਤਿ ਚਿੰਤੇ। ਕਿਤਿਕ ਸਿੱਖ ਤਹਿਂ ਦੇਖਨਿ ਕਰਨੋ। ਹਾਹਾਕਾਰ ਗ੍ਰਾਮ ਮਹਿਂ ਪਰਨੋ॥੪੧॥ 'ਧੀਰਮੱਲ ਧਨ ਤੇ ਗਰਬਾਵਾ। ਕਰਤਿ ਆਪ ਹੀ ਗੁਰਤਾ ਦਾਵਾ। ਜੇ ਕਰਿ ਕਰਾਮਾਤ ਮਹਿਂ ਪੂਰਾ। ਕਯੋਂ ਨਹਿਂ ਸਿੱਖਨ ਬੁਲਾਇ ਹਦੂਰਾ ॥੪੨॥ ਮਨ ਖੈਂਚਹਿ ਅਪਨੇ ਮਹਿਂ ਲਾਵਹਿ। ਜਿਸ ਤੇ ਸਭਿ ਹੀ ਭੇਟ ਚਢਾਵਹਿਂ। ਇਹ ਅਜੋਗਤਾ ਕੀਨਿ ਬਿਸਾਲਾ। ਪਰ ਘਰ ਮਹਿ ਬਰਿ[4] ਧਰੀ ਕੁਚਾਲਾ ॥ ੪੩ ॥ ਸਗਰੀ ਵਸਤੁ ਲੂਟਿ ਕਰਿ ਲੀਨਿ । ਕਿਨਹੂੰ ਨਾਂਹਿਨ ਬਰਜਨਿ ਕੀਨਿ। ਇਮ ਜੇ ਹੋਇ, ਨਿਬਲ ਰਹਿਂ ਨਾਂਹੀ। ਸਬਲ* ਸੰਘਾਰਹਿ ਛੀਨ ਲਿਜਾਹੀ[5]' ॥ ੪੪ ॥ ਇਮ ਕਹਿਤੇ ਕੇਤਿਕ ਮਿਲਿ ਗਏ। ਸਿੱਖਨ ਸਸ਼ੋਕ ਦੁਖਿਤ ਮਨ ਭਏ। ਨਹਿਂ ਅਜੋਗਤਾ ਸਕਹਿਂ ਸਹਾਰੀ। 'ਕਰੀ ਕੁਕ੍ਰਿੱਤ ਧੀਰਮਲ ਭਾਰੀ॥੪੫॥ਕਯਾ ਹਮ ਕਰਹਿਂ ਸਮਰਥ ਬਿਹੀਨ।ਗੁਰੂ ਅਵੱਗਯਾ ਦੇਖਨਿ ਕੀਨਿ। ਤਿਹ ਸਮੀਪ ਮਾਨਵ ਸਮੁਦਾਇ। ਧੀਰਮੱਲਜ ਹਮ ਬਸਿ ਨਹਿਂ ਆਇ ॥ ੪੬ ॥ ਮੱਖਣ ਸਾਥ ਪੰਚ ਸੈ ਨਰ ਹੈਂ। ਸੋ ਜੇ ਕਰਹਿ ਮਨੋਰਥ ਉਰ ਹੈਂ[6]।ਸੋ ਪਲਟਾ ਨਿਜ ਗੁਰ ਕੋ ਲੇਹਿ। ਜਥਾ ਗਰਬ ਕੋ ਫਲ ਤਿਸ ਦੇਹਿ' ॥ ੪੭ ॥ ਇਮ ਮਸਲਤ ਕਰਿ ਦ੍ਵੈ ਸਿਖ ਦੌਰੇ। ਹੁਤੋ ਵਹਿਰ ਉਤਰਨੋ ਜਿਸ ਠੌਰੇ। ਜਾਇ ਤਹਾਂ ਸੁਧਿ ਸਕਲ ਬਤਾਇ। ਜਥਾ ਧੀਰਮੱਲ ਕਿਯ ਜਬਰਾਈ ॥ ੪੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸਿ ਰਾਸੇ 'ਧੀਰਮਲ' ਪ੍ਰਸੰਗ ਬਰਨਨੰ ਨਾਮ ਚੋਦਸਮੋ ਅੰਸੂ ॥੧੪॥

## ੧੫. [ਮੱਖਣ ਸ਼ਾਹ ਦਾ ਕ੍ਰੋਧ]।

ਦੋਹਰਾ ॥ ਪੌਢਨੋ ਹੁਤੋ ਪ੍ਰਯੰਕ ਪਰ ਮੱਖਣ ਸਿੱਖਨ ਬਿਸਾਲ। ਉਚੇ ਬਾਕ

[1] ......ਹਿੱਸਾ (ਅਸਾਂ) ਨਹੀਂ ਲਿਆ। [2] ਗੁੱਸੇਵਾਨ ਹੋਇਆ (ਧੀਰਮੱਲ)। [3] ਅੱਜ ਜਾਂ ਕੱਲ ਹੀ। [4] ਵੜਕੇ। [5] ਬਲਵਾਨ ਮਾਰਕੇ ਖੋਹ ਲੈ ਜਾਇਆ ਕਰਨਗੇ। [6] ਸੋ, ਜੋ ਦਿਲ ਦਾ ਸੰਕਲਪ ਹੈ, ਕਰ ਸਕਦਾ ਹੈ।

*ਪਾ:—ਅਬਲ।

ਪੁਕਾਰਤੇ ਪਹੁੰਚੇ ਸੋ ਤਤਕਾਲ ॥ ੧ ॥ ਚੌਪਈ ॥ 'ਮੱਖਣਸ਼ਾਹ! ਪਰੇ ਹੋ ਕਹਾਂ।
ਭਯੋ ਬਿਘਨ ਸਤਿਗੁਰ ਘਰ ਮਹਾਂ । ਜੋ ਤੈਂ ਦਰਬ ਜਾਇ ਅਰਪਾਵਾ।ਅਰੁ
ਸਿੱਖਨਨਿ ਕੋ ਜਿਤਿਕ ਚਢਾਵਾ[੧] ॥ ੨ ॥ ਧੀਰਮੱਲਜ ਸੁਨਿ ਕੈ ਅਨਖਾਯੋ।
ਕਰਤਿ ਅਸੂਯਾ ਲੋਭ ਬਧਾਯੋ । ਸੰਗ ਮਸੰਦ ਕਿਤਿਕ ਦੇ ਸੂਰ[੨] । ਪਠਿ
ਦੀਨੇ ਕਰਿ ਰਿਦੈ ਗ਼ਰੂਰ[੩] ॥ ੩ ॥ ਸੋ ਚਲਿ ਆਇ ਕੁਕਰਮ ਕਮਾਵਾ ।
ਸਨਮੁਖ ਸਤਿਗੁਰ ਤੁਪਕ ਚਲਾਵਾ।ਛੁਇ ਲਿਲਾਰ[੪] ਗਿਰ ਪਰੀ ਅਗਾਰੀ।
ਨਿਜ ਅਜ਼ਮਤ ਕਰਿ ਬਚੇ, ਬਿਚਾਰੀ[੫] ॥ ੪ ॥ ਤੁਮ ਜੋ ਦਰਬ ਦੀਨਿ ਸੋ
ਲੀਨਾ । ਅਪਰ ਸਮਾਜ ਖਸੋਟਨਿ ਕੀਨਾ । ਬਾਸਨ ਹੁਤੇ ਰਸੋਈ ਕੇਰੇ ।
ਇੱਤਜਾਦਿਕ ਲੇ ਵਸਤੁ ਘਨੇਰੇ ॥ ੫ ॥ ਕਰਿ ਅਪਮਾਨ ਬਾਕ ਦੁਰ ਕਹੇ[੬]।
ਨਹੀਂ ਤ੍ਰਾਸ ਦੂਸਰ ਕੋ ਲਹੇ । ਮਨ ਭਾਵਤਿ ਕਰਿ ਕੈ ਸਭਿ ਬਾਤ।ਰਹਿਤਿ
ਹੁਤੇ ਸਤਿਗੁਰ ਕੋ ਘਾਤ ॥੬॥ ਹੋਤੀ ਨਿਕਟਿ ਨ ਜੇ ਤਿਨ ਮਾਤ।ਜਿਯਤਿ
ਨ ਰਹਨਿ ਦੇਤਿ ਕਿਸ ਭਾਂਤਿ । ਤਰਜਿ ਤਰਜਿ ਕਰਿ ਬਰਜਿ ਹਟਾਏ ।
–ਕੌਨ ਅਹੋ ਤੁਮ ਕਿਤ ਤੇ ਆਏ?–॥੭॥ਸ਼੍ਰੀ ਗੁਰ ਹਰਿਗੋਵਿੰਦ ਕੀ ਦਾਰ।
ਦੀਰਘ ਦਰਸ਼ਨ ਤੇਜ ਉਦਾਰ।ਰੱਛਜਾ ਸੁਤ ਕੀ ਸਭਿ ਬਿਧਿ ਕਰੀ।ਜਬਿ
ਲੌ ਢਿਗ, ਤਬਿ ਲੌ ਤਹਿ ਖਰੀ[੭] ॥੮॥ ਸਭਿ ਵਸਤੂ ਲੇ, ਕਰਿ ਅਪਮਾਨਾ ।
ਗਏ ਨ੍ਰਿਭੈ ਹੁਇ ਅਪਨੇ ਥਾਨਾ । ਸ਼੍ਰੀ ਗੁਰ ਤੇਗ ਬਹਾਦਰ ਧੀਰ।ਤੁਝ ਤੇ
ਆਗੇ ਸਦਾ ਗੰਭੀਰ ॥ ੯ ॥ ਨਹੀਂ ਅਵੱਗਯਾ ਕਾਹੂ ਕੀਨਸਿ।ਪਤਿ ਸਮੇਤ[੮]
ਨਿਜ ਘਰ ਸੁਖ ਭੀਨਸਿ । ਤੈਂ ਅਬਿ ਆਇ ਗੁਰੂ ਬਿਦਤਾਵਾ । ਅਧਿਕ
ਦਰਬ ਅਰਪਨੇ ਅਰਪਾਵਾ[੯] ॥ ੧੦ ॥ ਯਾਂਤੇ ਬਿਘਨ ਭਏ ਸਮੁਦਾਇ । ਜੋ
ਅਬਿ ਤੁਝ ਕੋ ਦਏ ਸੁਨਾਇ। ਕਾਰਨ ਕਸ਼ਟ ਦੇਨਿ ਕੋ ਹੋਵਾ।ਭਲੇ ਆਇ
ਗੁਰ ਦਰਸ਼ਨ ਜੋਵਾ' ॥ ੧੧ ॥ ਸੁਨਿ ਮੱਖਣ ਕੋ ਭਯੋ ਬਿਖਾਦ[੧੦] । ਹਤਿ
ਹੋਵਤਿ ਭਾ ਉਰ ਅਹਿਲਾਦ[੧੧]।–ਕਿਸ ਕੋ ਗਹਨੋ ਧੀਰਮਲ ਓਟਾ।ਕੀਨਸਿ
ਕਰਮ ਜਾਂਹਿ ਅਸ ਖੋਟਾ ॥੧੨॥ ਧਰਿ ਮੂਰਖਤਾ[੧੨] ਕਿਨੈ ਨ ਹੋਟਾ[੧੩]।ਪਰਹਿ
ਅਬਹਿ ਜਿਸ ਕੇ ਘਰ ਟੋਟਾ[੧੪] । ਇਹਾਂ ਦੇਸ਼ ਕਿਮ ਬਸਿ ਹੈਂ ਬਾਸ[੧੫] ।

---

[੧]ਸਿੱਖਾਂ ਦਾ ਜਿਤਨਾ ਚੜ੍ਹਾਵਾ ਸੀ।[੨]ਸੂਰਮੇ।[੩]ਘੁਮੰਡ।[੪]ਮੱਥਾ।[੫]ਵਿਚਾਰ ਲੋ।[੬]ਦੁਰਵਾਕ ਕਹੇ ਹਨ ।
[੭]ਖੜੀ ਰਹੀ (ਮਾਤਾ)। [੮]ਇੱਜ਼ਤ ਨਾਲ । [੯](ਅਤੇ ਸਿੱਖਾਂ ਤੋਂ) ਭੇਟ ਚੜ੍ਹਵਾਇਆ। [੧੦]ਦੁੱਖ ।
[੧੧]ਭਾਵ ਦਿਲ ਉਦਾਸ ਹੋਗਿਆ। [੧੨]ਮੂਰਖਤਾ ਧਾਰਨ ਲਗੇ ਨੂੰ। [੧੩]ਕਿਸੇ ਨੇ ਨਾਂ ਰੋਕਿਆ।
[੧੪]ਘਾਟਾ। [੧੫]ਇਸ ਦੇਸ਼ ਵਿਚ (ਲੋਕੀ) ਘਰਾਂ ਵਿਚ ਕੀਕੂੰ ਵੱਸਣਗੇ।

ਛੀਨਹਿ ਨਿਬਲਨਿ ਸਬਲ ਹੁਲਾਸ[1]॥੧੩॥ ਮਮ ਸਤਿਗੁਰ ਤੇ ਨਿਰਬਲ ਨਾਂਹੀ। ਚਿਤ ਕਰਿ ਜਿਸ ਕੇ ਹੁਇਂ ਪਖ ਮਾਂਹੀ। ਸਗਰੀ ਅਵਨੀ ਕੋ ਪਤਿ ਹੌਨ[2]। ਇਸ ਜੈਸੇ ਕੀ ਗਿਨਤੀ ਕੌਨ ॥੧੪॥ ਤੱਦਪਿ ਮਹਿਮਾ ਸਤਿਗੁਰ ਗਰਵੀ[3]। ਹੋਵਤਿ ਓਜ ਅਵੱਗਯਾ ਜਰਵੀ[4]। ਨਹੀਂ ਜਨਾਯੋ ਅਪਨੋ ਆਪ। ਜਿਨ ਮਹਿਂ ਸਮਰਥ ਮਹਿਦ ਪ੍ਰਤਾਪ ॥ ੧੫ ॥ ਤੀਨ ਲੋਕ ਮਹਿ ਕੋਇ ਨ ਐਸੇ। ਸਮਤਾ ਧਰਹਿ ਗੁਰੂ ਚਿਤ ਜੈਸੇ। ਸਭਿ ਤੇ ਮਹਿਮਾ ਇਹ ਅਧਿਕਾਈ। ਅਜਰ ਜਰਨ ਜੋ ਰਿਦੈ ਬਸਾਈ ॥ ੧੬ ॥ ਅਸ ਨਰ ਕੌਨ ਅਹੈ ਜਗ ਮਾਂਹੀ। ਹੈ ਅਤਿ ਬਲੀ, ਜਨਾਵਹਿ ਨਾਂਹੀ[5]। ਇਕ ਸਤਿਗੁਰ ਬਿਨ ਅਪਰ ਨ ਬੀਓ[6]।ਅਪਨਿ ਹਾਨਿ ਕੋ ਕੋ ਚਹਿ ਕੀਓ ?॥੧੭॥ ਅਬਿ ਜੋ ਬਿਘਨ ਗੁਰੂ ਘਰ ਹੋਵਾ। ਸਰਬ ਦੋਸ਼ ਮੈਂ ਅਪਨੋ ਜੋਵਾ। ਮੈਂ ਤੇ ਰਹੇ ਹਟਾਇ ਬਧੇਰੇ*। ਮੈਂ ਬਿਦਤਾਏ ਸਭਿ ਪ੍ਰਤਿ ਟੇਰੇ॥੧੮॥ਜੇ ਅਸ ਬਿਘਨ ਬਿਨਾਸੌਂ ਨਾਂਹੀ। ਮਹਾਂ ਦੋਸ਼ ਫਲ ਹੈ ਮੁਝ ਮਾਂਹੀ। ਨਿਜ ਬਲ ਤੇ ਮੈਂ ਸਕੌਂ ਸੁਧਾਰੀ।ਜੇ ਬਲਵਾਨ ਮੋਹਿ ਕੋ ਮਾਰੀ॥੧੯॥ਮ੍ਰਿਤੁ ਹੋਇ ਕਿਰਤਾਰਥ ਜਾਨੌਂ।ਅਬਿ ਮੈਂ ਜੀਵਨ ਸਫਲ ਨ ਮਾਨੌਂ–।ਇਮ ਬਿਚਾਰ ਕਰਿ ਆਇਸੁ ਦੀਨਿ। 'ਸੁਭਟਹੁ ਸੁਨਹੁਂ, ਬਿਲਮ ਕਰੋਂ ਕੀਨਿ ॥ ੨੦ ॥ ਜਿਸ ਕਾਰਨ ਹਮ ਮਗ ਚਲਿ ਆਏ।ਕਈ ਕੋਸ ਲੌ ਸੰਕਟ ਪਾਏ। ਸੋ ਕਾਰਜ ਬਿਗਰਤਿ ਅਬਿ ਜਾਤੇ। ਗਹਹੁ ਸ਼ਸਤ੍ਰ ਤੀਛਨ ਰਿਪੁ ਘਾਤੇ ॥ ੨੧ ॥ ਜੇ ਮੁਝ ਸੋਂ ਕੋ ਕਰਹਿ ਲਰਾਈ। ਆਯੁਧ ਹਤਹੁ ਬਿਜੈ ਲਿਹੁ ਪਾਈ। ਧਰਮ ਹੇਤੁ ਕਰਿ ਜੋ ਮ੍ਰਿਤੁ ਪਾਵਹੁ। ਸੁਰਗ ਨਿਸੰਸੈ ਸੁਖ ਸੋਂ ਜਾਵਹੁ' ॥ ੨੨ ॥ ਤੂਰਨ ਕਰੇ ਤਯਾਰ ਨਰ ਸਾਰੇ। ਚਲਯੋ ਆਪ ਉਦਬੇਗਹਿ[7] ਧਾਰੇ। ਸਿਪਰ ਖੜਗ ਨਿਜ ਕਰ ਮਹਿਂ ਲੀਨਸਿ। ਗੁਰੂ ਅਵੱਗਯਾ ਤੇ ਰਿਸ ਭੀਨਸਿ ॥ ੨੩ ॥ ਗ੍ਰਾਮ ਨਜੀਕ ਜਬੈ ਚਲਿ ਆਯੋ। ਸੁਨਯੋ ਰੌਰ ਜੋ ਨਰਨਿ ਮਚਾਯੋ। ਹਾਹਾਕਾਰ ਕਰਹਿ ਤਹਿਂ ਕੋਈ। 'ਮਹਾਂ ਜ਼ੁਲਮ ਕੀਨਸਿ' ਕਹਿ ਸੋਈ॥੨੪॥ 'ਮਹਤ ਭਯੋ ਉਤਪਾਤ ਬਕਾਲੇ। ਸੋਢੀ ਬ੍ਰਿੰਦ ਸ਼ਰੀਕ ਬਿਸਾਲੇ। ਗਾਦੀਪਤਿ ਅਬਿ ਰਹਯੋ ਨ ਕੋਈ।ਸਭਿ ਝਗਰਤਿਹੈਂ,–ਹਮ ਗੁਰ ਹੋਈ–॥੨੫॥ਅਜ਼ਮਤਵੰਤ

[1]ਬਲਵਾਨ ਜੋ ਨਿਰਬਲਾਂ ਨੂੰ ਖੁਸ਼ੀ ਨਾਲ (ਲੁੱਟ) ਲੈਣ ਤਾਂ। [2]ਮਾਲਕ ਹੋ ਜਾਵੇਗਾ। [3]ਭਾਰੀ। [4]ਬਲ ਹੁੰਦਿਆਂ ਅਪਮਾਨ ਸਹਿ ਲਿਆ। [5]ਅਤਿ ਬਲਵਾਨ ਹੁੰਦਿਆਂ ਫੇਰ ਨਾ ਜਣਾਵੇ ? [6]ਦੂਜਾ। [7]ਘਬਰਾ, ਜੋਸ਼, ਕਾਹਲੀ। *ਪਾ:–ਬਖੇਰੇ।

ਗਰੂ ਬਨਿ ਜੈ ਹੈ। ਸਨੇ ਸਨੇ ਕੂਰੇ ਗਿਰ ਪੈ ਹੈਂ"। ਗਯੋ ਗ੍ਰਾਮ ਮਹਿਂ, ਗੁਰ ਕੋ ਦਾਸ। ਸਕਲ ਕਹੀ ਮੱਖਨ ਕੇ ਪਾਸ[1] ॥ ੨੬ ॥ ਸੁਨਤਿ ਛੋਭ ਦੂਨੋ ਹਇ ਆਯੋ। ਤਿਸ ਕੋ ਅਪਨੈ ਸੰਗ ਰਲਾਯੋ। 'ਜਿਸ ਮਸੰਦ ਨੇ ਏਤੀ ਕਰੀ। ਤਿਸ ਕੋ ਇਹ ਦਿਖਾਇ ਇਕ ਬਿਰੀ' ॥੨੭ ॥ ਇਮ ਕਹਿ ਔਚਕ ਜਾਇ ਪਰਯੋ ਹੈ। ਮਾਰਿ ਮਾਰਿ ਬਡ ਰੌਰ ਕਰਯੋ ਹੈ। ਡੇਰੇ ਬਿਖੈ ਪ੍ਰਵੇਸ਼ਯੋ ਜਾਇ। ਸਭਿ ਸੁਭਟਨਿ ਕੋ ਲਯੋ ਦਬਾਇ॥੨੮॥ਜੋਧਾ ਹੁਤੇ ਪੰਚ ਸੈ ਸੰਗ। ਜਿਨਹੁਂ ਉਠਾਏ ਖੜਗ ਉਤੰਗ। ਮੱਖਨ ਊਚੇ ਕਹਯੋ ਪੁਕਾਰ। 'ਨਹਿ ਪੂਰਬ ਹੀ ਕਰਹ ਪ੍ਰਹਾਰ ॥ ੨੯ ॥ ਧੀਰਮੱਲਜ ਕੋ ਮਾਨਵ ਜੋਈ। ਕਰਹਿ ਸ਼ਸਤ੍ਰ ਹਤਿ ਪ੍ਰਥਮੈ ਕੋਈ। ਤੌ ਸਭਿ ਆਯੁਧ ਏਵ ਪ੍ਰਹਾਰੋ। ਰੁੰਡ ਮੁੰਡ ਨਜਾਰੇ ਕਰਿ ਡਾਰੋ ॥੩੦॥ ਇਹ ਭੀ ਜਾਨਹਿਂ, ਐਸੀ ਕਰੋ। ਮਹਾਂ ਦੁਸ਼ਟ ਗਹਿ ਲਿਹੁ ਨਹਿ ਛਰੋ। ਲੂਟ ਲੇਉ ਇਨ ਕੋ ਸਭਿ ਡੇਰਾ। ਜੋ ਐਸ੍ਵਰਜ ਲੇ ਰਹੇ ਘਨੇਰਾ ॥੩੧ ॥ ਜੇ ਕਰਿ ਆਗੇ ਹਾਥ ਉਠਾਵਹਿ। ਕਿਧੌਂ ਕਟਕ ਕੋ ਬਾਤ ਸਨਾਵਹਿ। ਇਕ ਤੇ ਦ੍ਵੈ, ਦ੍ਵੈ ਤੇ ਕਰਿ ਚਾਰ। ਐਸੇ ਕੀਜਹਿ ਖੜਗ ਪ੍ਰਹਾਰ ॥ ੩੨ ॥ ਸ਼੍ਰੀ ਗੁਰ ਸੰਗ ਕਰੀ ਇਨ ਜੈਸੀ।ਚਹਿਯਤਿ ਹੁਤੀ ਕਰਨਿ ਅਬਿ ਤੈਸੀ।ਤਦਪਿ ਗੁਰੂ ਕੇ ਕੁਲ ਮਹਿਂ ਭਯੋ।ਯਾਂਤੇ ਜੀਵਤ ਅਬਿ ਰਹਿ ਗਯੋ॥੩੩॥ਧੀਰ ਮੱਲਜ ਕੌ ਕੁਛ ਨ ਕਹੀਜੈ।ਗਹੋ ਮਸੰਦ ਬੰਧਿ ਕਰਿ ਲੀਜੈ। ਹਾਥ ਪਿਛਾਰੀ ਕਰਿ ਕੈ ਦੋਇ।ਦਾਮਨਿ ਸਾਥ[2] ਬਾਂਧਿ ਲਿਹੁ ਸੋਇ ॥੩੪॥ਸਗਰੀ ਵਸਤੁ ਸੰਭਾਰਿ ਉਠਾਵਹੁ।ਸਤਿਗੁਰਕੇ ਘਰ ਕੋ ਪਹੁੰਚਾਵਹੁ'। ਇਮ ਕਹਿ ਮੱਖਨ ਰਿਸ ਉਰ ਭਰਿਕੈ। ਬਦਨ ਬਿਲੋਚਨ ਆਰੁਨ[3] ਕਰਿਕੈ ॥੩੫॥ ਨ੍ਰਿਭੈ ਹੋਇ ਜਿਮ ਕੇਹਰਿ ਕੂਰ। ਪਿਖਿ ਅਜੋਗਤਾ ਤਪਤਯੋ ਭੂਰ।ਹੋਵਨਿ ਮ੍ਰਿਤੁ ਨੀਕ ਮੁਖ ਜਾਨਾ[4]।–'ਧਿਕ ਜੀਵਨ ਲਖਿ ਗੁਰ ਅਪਮਾਨ॥੩੬॥ਗੁਰਕੀ ਨਿੰਦਾ ਸੁਨੀ ਨ ਜਾਇ। ਦੁਸ਼ਟ ਬਾਕ ਜਬਿ ਕਹਿਤਿ ਬਨਾਇ। ਪਾਪ ਆਤਮਾ ਕੁਮਤਿ ਅਸਾਧੂ। ਪਿਖਤਿ ਜਿ ਕਰਹਿ ਗੁਰੂ ਅਪਰਾਧੂ[5] ॥੩੭॥ ਸੋ ਕਿਮ ਸਹਯੋ ਜਾਇ ਸਿਖ ਪਾਹੀ[6]। ਨੀਕੀ ਮ੍ਰਿਤੂ ਲਖਹਿ

[1]ਜਦ ਪਿੰਡ ਵਿਚ ਵੜਿਆ ਤਾਂ ਇਕ ਗੁਰ ਦੇ ਦਾਸ ਨੇ ਮੱਖਣ ਸ਼ਾਹ ਨੂੰ ਸਾਰੀ ਗੱਲ ਦੱਸੀ। [2]ਰੱਸੀ ਨਾਲ। [3]ਲਾਲ। [4]ਮ੍ਰਿਤੂ ਹੋਣੀ ਹੀ ਚੰਗੀ ਤੇ ਮੁੱਖ ਜਾਣੀ। (ਅ) "..." ਸੂਰਖਰੋਈ ਜਾਣੀ। [5]ਜੋ (ਕਿਸੇ ਨੂੰ) ਗੁਰੂ ਦੀ ਅਵਗਜਾ ਕਰਦਾ ਤੱਕਦੇ ਹਨ ਓਹ ਪਾਪ ਆਤਮਾ "..." ਆਦਿ ਹਨ। [6]ਸਿਖ ਪਾਸੋਂ।

ਮਨ ਮਾਂਹੀ। [1]ਤੁਲਾ ਨ ਰੰਚਕ ਸਹਿ ਹੈ ਜੋਇ। ਤੋਲਾ ਧਰੇ ਸਹੈ ਕਿਮ ਸੋਇ[1] ॥ ੩੮ ॥ ਬਿਮਲ ਰਿਦਾ ਨਹਿਂ ਕੁਬਚ ਸਹਿਤ ਹੈ[2]। ਗੁਰ ਅਪਮਾਨ ਸੁ ਕਬੈ ਲਹਿਤਿ ਹੈ[3]—। ਛੁਭਤਿ ਹੋਇ ਇਮ ਮੱਖਣ ਸ਼ਾਹ।ਤਿਸ ਡੇਰੇ ਪਰ ਪਰਯੋ ਉਮਾਹ ॥ ੩੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮੱਖਣ ਸ਼ਾਹ ਕ੍ਰੋਧ' ਪ੍ਰਸੰਗ ਬਰਨਨੋ ਨਾਮ ਪੰਚਾਦਸ਼ਮੋ ਅੰਸੂ ॥ ੧੫ ॥

੧੬. [ਮੱਖਣ ਸ਼ਾਹ ਦਾ ਮਸੰਦ ਨੂੰ ਦੰਡ]।

ਦੋਹਰਾ ॥ ਆਵਨਿ ਨਿਜ ਪਰ ਕ੍ਰੋਧ ਕੈ ਬ੍ਰਿੰਦ ਨਰਨਿ ਕੋ ਜਾਨਿ। ਧੀਰਮੱਲ ਨੇ ਧੀਰ ਸਭਿ ਕੀਨਸਿ ਬਲ ਜੁਤਿ ਹਾਨਿ[4] ॥ ੧ ॥ ਚੌਪਈ ॥—ਮੱਖਣ ਲਿਯੇ ਸੈਨ ਕੋ ਆਵਾ। 'ਕਰੋਂ ਜੁੱਧ ਮੈਂ' ਬਾਕ ਅਲਾਵਾ। ਸੰਗਤਿ ਮਹਿਂ ਨਰ ਆਯੁਧ ਧਾਰੇ। ਕਰੇ ਸਕੇਲਨਿ ਸਕਲ ਹਕਾਰੇ—॥ ੨ ॥ ਜਾਨਤਿ ਭਯੋ—ਮਨੁਜ ਸਮੁਦਾਇ। ਹਮਰ ਭਟ ਥੋਰੇ ਬਿਨ ਪਾਇ[5]। ਅਪਨੋ ਦੁਰਗ ਨ ਅਪਨੋਗ੍ਰਾਮੂ*।ਅਪਨੋਮਿੱਤ੍ਰ†ਨਅਪਨੋਧਾਮੂ ॥੩॥ਬਿਗਰਜਾਇ[6]ਜੇਪਰਹਿ‡ ਲਰਾਈ। ਸਬਲ ਬ੍ਰਿੰਦ ਜੈ[7], ਨਿਬਲ ਪਲਾਈ। ਮਰਹਿਂ ਸੁਭਟ ਅਰੁ ਜੇ ਹੈਂ ਭਾਜੂ। ਨਸ਼ਟਹਿ ਕਾਰਜ ਸਕਲ ਸਮਾਜੂ ॥ ੪ ॥ ਯਾਂਤੇ ਤੂਸ਼ਨਿ ਹੀ ਬਨਿ ਆਵੈ। ਬੈਠੇ ਕੋਇ ਨ ਆਯੁਧ ਘਾਵੈ—। ਨਿਜ ਮਸੰਦ ਸੋਂ ਬੋਲਯੋ ਤਬੈ। 'ਹਮ ਕਰਤੱਬਸ ਕਰੈਂ ਕਹਾ ਅਬੈ ॥ ੫ ॥ ਭਾਗੇ ਬਨਹਿ, ਨ ਬਨਹਿ ਲਰਾਈ। ਸਦਨ ਆਪਨੋ ਨਿਕਟਿ ਨ ਥਾਈ।ਲਰਹਿਂ, ਸੁਭਟ ਵਿਖੀਯਤਿ ਹੈਂ ਥੋਰੇ। ਉਤ ਜੋਧਾ ਗਨ ਭਏ ਸ ਜੋਰੇ ॥ ੬ ॥ ਲਰਿਕੈ ਮਰਿ ਜੈ ਹੈਂ ਸਭਿ ਆਜ। ਕੈ ਨਿਜ ਨਿਜ ਦਿਸ਼ਿ ਪਰਿ ਹੈਂ ਭਾਜ। ਲੁਟਹਿਂ ਵਸਤੁ ਸਭਿ ਹੋਵੈ ਰੌਰੇ। ਦੁਸਹਿ[8] ਭਈ ਪਰਹਹਿਂ ਅਬਿ ਹੌਰੇ ॥ ੭ ॥ ਪਿਖੇ ਕੁਸ਼ਗਨ ਹਟਾਯੋ ਤੋਹਿ। ਗਯੋ, ਸੁ ਹੋਨਹਾਰ ਹੀ ਹੋਹਿ'। ਸੁਨਤਿ ਮਸੰਦ ਅਨਾਨੰਦ ਮਹਾਂ[9]। ਕਹਤਿ ਭਯੋ 'ਹੈ ਜਾਨਹਿਂ ਕਹਾਂ ॥ ੮ ॥ ਮੱਖਣ ਕਰਯੋ ਚਹਤਿ ਜੰਗ ਜੋਇ। ਇਸੇ ਅਨੁਚਿਤ ਸਭੀ ਬਿਧਿ ਸੋਇ। ਨਹੀਂ ਬਿਚਾਰ ਰਿਦੈ ਮਹਿਂ ਕੀਨਾ।

---

[1]ਰੰਚਕ ਰੱਤੀ (ਦਾ ਭਾਰ) ਜਦ ਨਹੀਂ ਸਹਾਰ ਸਕਦੀ ਤਦ ਤੋਲਾ ਧਰਿਆ ਕੀਕੂੰ ਸਹੇਗੀ। ਭਾਵ ਸਮ ਨਹੀਂ ਰਹਿ ਸਕਦੀ। [2]ਜੋ ਨਹੀਂ ਸਹਾਰ ਸਕਦਾ। [3]ਕਿਵੇਂ ਦੇਖ ਸਕਦਾ ਹੈ। [4]ਭਾਵ ਘਬਰਾ ਗਿਆ। [5]ਪੈਰ ਨਹੀਂ ਜਿਨ੍ਹਾਂ ਦੇ ਭਾਵ ਹੱਟ ਕੇ ਨਹੀਂ ਲੜ ਸਕਦੇ, ਕਿਉਂਕਿ ਅਨੀਤੀ ਸਾਡੀ ਹੈ ਇਸ ਕਰਕੇ ਦਿਲ ਮਜ਼ਬੂਤ ਨਹੀਂ ਰਹਿ ਸਕਦਾ। [6](ਗਲ) ਬਿਗੜ ਜਾਏਗੀ, (ਅ) ਲੋਕੀ ਵਿਗਾੜ ਜਾਣਗੇ (ਮੇਰੇ ਨਾਲ)। [7]ਜਿੱਤ ਜਾਣਗੇ। [8]ਕਠਨ। [9]ਬੜਾ ਉਦਾਸ।

*ਸੈਣੀਆਂ ਦਾ ਬਾਹਰੋਂ ਬਕਪੁਣੇ ਆਉਣਾ ਸਪਸ਼ਟ ਹੋ ਰਿਹਾ ਹੈ। †ਪਾ:—ਮਿੱਤ੍ਰਾ ‡ਪਾ:—ਲਰਹਿ।

ਉਚਤਾਨੁਚਿਤ ਨਹੀਂ ਮਨ ਚੀਨਾ ॥੯॥ ਤੁਮ ਗੁਰ ਰੂਪ ਭ੍ਰਾਤ ਗੁਰ ਭਯੋ।
ਪੁਨਹਿ ਭਤੀਜੇ ਸੋ ਪਦ ਲਯੋ। ਗੁਰੂ ਗ੍ਰਿੰਥ ਸਾਹਿਬ ਤੁਮ ਪਾਸ। ਸਾਦਰ
ਦਰਸ਼ਨ ਜਾਸ ਪ੍ਰਕਾਸ਼ ॥੧੦॥ ਪੱਛਪਾਤ ਕਰਿ ਜੋ ਨਹਿ ਮਾਨਹਿ।ਪੁਨਹਿ
ਅਵੱਗਯਾ ਕਰਨੀ ਠਾਨਹਿ। ਬਿਨ ਉਪਚਾਰ ਅਸਾਧ[੧] ਜੁ ਬ੍ਯਾਧੀ। ਸਿਖ
ਲਖਿ ਹੋਯੋ ਚਹਿ ਅਪਰਾਧੀ ॥ ੧੧ ॥ ਤਿਸ ਕੋ ਕਰਾਮਾਤ ਕੇ ਜ਼ੋਰ।ਚਹੀ-
ਅਤਿ ਬਸੀ ਕਰਨਿ ਬਲ ਤੋਰ। ਅਬਿ ਇਹ ਸਮਾਂ ਆਪ ਕੋ ਆਵਾ*।
ਕਰਿ ਜੁ ਸਕਹਿਂ ਹਮ, ਕਰਿ ਦਿਖਰਾਵਾ ॥ ੧੨ ॥ ਦਾਮ ਭੇਦ ਕੌ
ਰਹਯੋ ਨ ਕਾਲ। ਦੰਡ ਨ ਉਚਿਤ, ਸੈਨ ਬਡ ਨਾਲ। ਸਾਮ[੨] ਉਪਾਇ
ਬਨਹਿ ਜੋ ਇਹਾਂ। ਹੋਇ ਤ ਕਰਹੁ ਸ਼ੀਘ੍ਰ ਬੁਧਿ ਮਹਾਂ !'॥੧੩॥ ਭੈ ਆਤੁਰ
ਇਮ ਆਪਸ ਮਾਂਹੀ। ਬੋਲਤਿ ਹੁਤੇ ਰਹੀ ਸੁਧਿ ਨਾਂਹੀ। ਸੁਨਯੋ ਦ੍ਵਾਰ ਪਰ
ਰੌਰ ਬਿਸਾਲਾ। ਦਰ ਪਰ ਆਇ ਗਏ ਤਤਕਾਲਾ ॥ ੧੪ ॥ ਇਕ ਇਕ
ਕੋ ਦਸ ਦਸ ਨਰ ਧਾਏ।ਗਹਿ ਗਹਿ ਸਭਿ ਕੇ ਸ਼ਸਤ੍ਰ ਛਿਨਾਏ।ਹਾਥ ਜੋਰਿ
ਸਭਿ ਨੈ ਹੁਇ ਦੀਨ। ਇਮ ਕਾਤੁਰ[੩] ਕਰਿ ਕਰਿ ਤਜਿ ਦੀਨਿ ॥ ੧੫ ॥
ਅੰਤਰ ਜਾਇ ਪ੍ਰਵੇਸ਼ੇ ਸਾਰੇ। ਬਦਨ ਪਰਸਪਰ ਕਰਤਿ ਨਿਹਾਰੇ। ਤਜੀ
ਸੂਰਤਾ[੪] ਡਰੇ ਬਿਸਾਲਾ। ਨਹਿਂ ਕੁਛ ਸਕਯੋ ਹੋਇ ਤਿਸ ਕਾਲਾ ॥ ੧੬ ॥
ਨਹਿਂ ਭਾਜਨਿ ਕੀ ਤਬਿ ਗਤਿ ਰਹੀ। ਮੁਖ ਤੇ ਬਿਨਤੀ ਜਾਇ ਨ ਕਹੀ।
ਪੂਰਬ ਸਭਿ ਕੇ ਆਯੁਧ ਛੀਨੇ।ਕਿਤਿਕ ਪਲਾਏ[੫]ਮ੍ਰਿਤੁ ਡਰ ਕੀਨੇ ॥੧੭॥
ਹੁਇ ਤੂਸ਼ਨਿ ਤਸਕਰ ਸਮ[੬] ਕੋਈ। ਕਿਤਿਕ ਬੈਠਿਗੇ ਬ੍ਰੀੜਾ[੭] ਖੋਈ।
ਧੀਰਮੱਲ ਕੋ ਬਦਨ ਨਿਹਾਰੈਂ। ਕਿਤਿਕ ਦੁਰਾਵਤਿ ਵਸਤੂ ਟਾਰੈਂ[੮] ॥੧੮॥
ਸਭਿ ਕੇ ਸ਼ਸਤ੍ਰ ਛੀਨ ਕਰਿ ਲੀਨਿ।ਏਕ ਥਾਨ ਬੰਧਵਾਵਨਿ ਕੀਨਿ।ਪੁਨਹਿ
ਵਸਤੁ ਸਗਰੀ ਸੁ ਸੰਭਾਰੀ। ਸਤਿਗੁਰ ਕੇ ਘਰ ਕੀ ਜੁ ਨਿਹਾਰੀ ॥ ੧੯ ॥
ਬਹੁਰੋ ਦਰਬ ਸਰਬ ਕਢਵਾਯੋ। ਤਿਨਹੂੰ ਕੇ ਨਰ ਸਿਰ ਉਚਵਾਯੋ। ਪੁਨ
ਤਿਨ ਡੇਰੇ ਕੀ ਵਥੁ ਸਾਰੀ। ਬੰਧਿ ਭਾਰ ਕਰਿ ਸਕਲ ਸੰਭਾਰੀ। ੨੦ ॥

---

[੧]ਲਾਇਲਾਜ। [੨]ਸ਼ਰਨ ਲੈਣੀ। [੩]ਕਾਇਰ। [੪](ਧੀਰਮੱਲੀਆਂ ਨੇ) ਬਹਾਦਰੀ ਛੱਡ ਦਿੱਤੀ। [੫]ਨੱਸ ਗਏ। [੬]ਚੋਰ ਵਾਂਙ। [੭]ਲੱਜਾ। [੮]ਵਸਤਾਂ ਲੁਕਾ ਲੁਕਾ ਕ ਪਰੇ ਕਰਦੇ ਹਨ, ਭਾਵ ਨਜ਼ਰੋਂ ਓਹਲੇ ਕਰਦੇ ਹਨ।

*ਕਵੀ ਦਾ ਇਥੇ ਕਮਾਲ ਹੈ ਜੋ ਧੀਰਮੱਲ ਦੀ ਆਤਮ ਨਿਰਬਲਤਾ ਉਸੇ ਦੇ ਪੱਖੀ ਦੇ ਮੂੰਹੋਂ ਉਘੇੜ ਦਿਖਾਈ ਹੈ ਤੇ ਇਨਸਾਨੀ ਸੁਮੱਤ ਲਈ ਇਕ ਸਿੱਖਿਆ ਦਿਖਾਈ ਹੈ ਕਿ ਖੋਟੇ ਮੰਤ੍ਰੀ ਤੇ ਝੂਠੇ ਖੁਸ਼ਾਮਤੀ ਵੇਲੇ ਸਿਰ ਬਹਾਨੇ ਪਾਕੇ ਖਿਸਕਦੇ ਹਨ ਤੇ ਉਨ੍ਹਾਂ ਦੀਆਂ ਕੀਤੀਆਂ ਅਨੀਤੀਆਂ ਅਪਣੇ ਸਿਰ ਆਉਂਦੀਆਂ ਹਨ।

ਬਹੁਰ ਗ੍ਰਿੰਥ ਸਾਹਿਬ ਜੀ ਲੀਨਿ।ਸਿਰ ਉਚਵਾਇ ਸਿੱਖਨ ਕੇ ਦੀਨਿ।ਪੁਨ ਮਸੰਦ ਕੋ ਗਹਿ ਕਰਿ ਬੰਧਾ। ਜਿਨ ਅਪਮਾਨ ਕੀਨਿ ਮਤਿ ਅੰਧਾ ॥੨੧॥ ਹਾਹਾਕਾਰ ਸਕਲ ਨਰ ਕਰੈਂ। 'ਕਿਧ ਕੁਕਰਮ ਤੈਸੋ ਫਲ ਭਰੈਂ'। ਧੀਰਮੱਲ ਬੋਲਯੋ ਉਰ ਦੁੱਖਨ। 'ਭੋ ਮੱਖਣ! ਤੂੰ ਸਤਿਗੁਰ ਸਿੱਖਨ॥੨੨॥ਹਮ ਸਤਿਗੁਰ ਕੇ ਬੰਸ ਮਝਾਰ। ਤੈਂ ਕਿਮ ਕੀਨਸਿ ਇਹ ਅਪਕਾਰ[1]।ਸਤਿਗੁਰ ਡਰ ਨ ਧਰਹਿਂ ਉਰ ਮਾਂਹੀ। ਇਸ ਕੋ ਫਲ ਦੁਖ ਲਹਿਂ ਸੁਖ ਨਾਂਹੀ ॥੨੩॥ ਕਰਯੋ ਅਨਾਦਰ ਹਮਰੋ ਭਾਰੀ। ਵਸਤੁ ਖਸੋਟਿ ਲੀਨਿ ਤੈਂ ਸਾਰੀ। ਪੁਨ ਮਸੰਦ ਹਮਰੋ ਗਹਿ ਕਰਿ ਕੈ। ਲਿਯੋ ਗ੍ਰਿੰਥ ਸਾਹਿਬ ਸਿਰ ਧਰਿ ਕੈ॥੨੪॥ ਹਮ ਭ੍ਰਾਤਾ ਸੋਢੀ ਕੁਲ ਸਾਰੇ। ਕਰਹਿਂ ਪਰਸਪਰ ਬਹੁ ਬਿਵਹਾਰੇ। ਲਰਹਿਂ ਮਿਲਹਿਂ ਹਮ ਬਾਰਿ ਅਨੇਕ। ਬੋਲਯੋ ਅਬਿ ਲੌ ਸਿੱਖਨ ਨ ਏਕ'॥੨੫॥ ਸੁਨਿ ਕੈ ਮੱਖਣ ਸ਼ਾਹਿ ਬਖਾਨਾ। 'ਧੀਰਮੱਲਨ! ਤੁਮ ਕੁੱਕ੍ਰਿਤ[2] ਠਾਨਾ। ਕਰਿ ਨ ਸਕਹਿ ਕੋ ਏਤੀ ਬਾਤ। ਜਸ ਤੈਂ ਕਰੀ ਮਤੀ ਬੱਖਯਾਤ॥੨੬॥ ਗੁਰ ਤੇ ਸਿਖ ਕੇ ਸਦਾ ਸਹਾਈ। ਦੋਨਹੁ ਲੋਕਨਿ ਮਹਿਂ ਸੁਖਦਾਈ। ਕਬਹੁੰ ਕੁ ਸਮਾ ਹੋਇ ਅਸ ਜਾਈ। ਬਨਹਿਂ ਸਹਾਇ ਸਿੱਖ ਅਧਿਕਾਈ[3]॥੨੭॥ ਸ੍ਰੀ ਗੁਰ ਤੇਗਬਹਾਦਰ ਚੰਦ। ਸਮ ਰਹਿਂ ਹਰਖ ਸ਼ੋਕ ਜੋ ਦ੍ਵੰਦ[4]। ਨਹਿਂ ਇੱਛਾ ਥੀ ਜਗ ਬਿਦਤਾਏਂ। ਮੈਂ ਕਰਿ ਬਿਨਤੀ ਵਹਿਰ ਬਿਠਾਏ॥੨੮॥ਨਹੀਂ ਕਰਤਿ ਕੁਛ ਅੰਗੀਕਾਰੇ।ਜਗ ਮਿੱਥ੍ਯਾ ਜਿਨ ਕੇਰ ਬਿਚਾਰੇ। ਬ੍ਰਹਮਗ੍ਯਾਨ ਜਿਨ ਕੇ ਦ੍ਰਿਢ ਹੋਵਾ। ਉਰ ਅਬਿਬੇਕ ਕਟਕ ਕੋ ਖੋਵਾ[5]॥੨੯॥ਤਵ ਪਿਤ ਕੇ ਭ੍ਰਾਤਾ ਬਡਿ ਬਾਨ।ਗ੍ਯਾਨਵਾਨ ਜਿਨ ਬ੍ਰਿਤੀ ਸਮਾਨ। ਸ਼ਾਂਤਿ ਜਿਤੇਂਦ੍ਰੀ ਮਹਾਂ ਪ੍ਰਬੀਨ। ਸੋਢੀ ਕੁਲ ਕੇ ਭੂਖਨ ਚੀਨ॥੩੦॥ ਤਿਨ ਕੀ ਕਰੀ ਅਵੱਗ੍ਯਾ ਭਾਰੀ। ਹਤੀ ਤੁਪਕ, ਚਾਹਸਿ ਚਿਤ ਮਾਰੀ। ਬਡ ਅਪਰਾਧ ਕੀਨਿ ਮਤਿ ਹੀਨੇ! ਗੁਰ ਕੇ ਬੰਸ ਬਿਖੇ ਤੁਝ ਚੀਨੇ॥੩੧॥ ਛੋਰਿ ਦੀਨਿ,ਨਹਿਂ ਕੀਨਿ ਸੰਘਾਰ। ਉਚਿਤ ਮਾਰਬੇ ਹੁਤੋ ਬਿਚਾਰ'। ਇਮ ਕਹਿ ਸਭਿ ਵਥੁ ਕੀਨਿ ਅਗਾਰੀ। ਆਏ ਸਤਿਗੁਰ ਸਦਨ ਮਝਾਰੀ॥੩੨॥ ਸਗਰੀ ਵਸਤੁ ਆਨਿ ਧਰਿਵਾਈ। ਸੌਂਪੀ ਜਹਾਂ ਨਾਨਕੀ ਮਾਈ।

---

[1]ਬੁਰਾ ਕੰਮ। [2]ਖੋਟਾ ਕੰਮ। [3](ਕਦੇਕੁ ਸਮੇਂ ਪਏ ਤੇ) ਸਿੱਖ ਬੀ (ਅਧਿਕਾਈ=ਵੱਡੇ ਦੇ ਭਾਵ) ਗੁਰੂ ਦੇ ਸਹਾਈ ਆ ਹੁੰਦੇ ਹਨ। [4]ਦੋਹਾਂ ਵਿਚ। [5]ਦਿਲੋਂ ਅਗਿਆਨ ਦੀ ਸੈਨਾ ਨਾਸ਼ ਕੀਤੀ ਹੈ ਜਿਨ੍ਹਾਂ ਨੇ।

ਪੋਸ਼ਿਸ਼ ਆਦਿ ਧੀਰਮਲ ਕੇਰੀ। ਆਨਿ ਧਰੀ ਤਹਿਂ ਪੋਟ[1] ਘਨੇਰੀ ॥੩੩॥ ਦਰਬ ਸਰਬ ਗੁਰ ਆਗੇ ਧਰਯੋ। ਸਰਬਸ ਅਪਰ ਨਿਵੇਦਨ[2] ਕਰਯੋ। ਸ੍ਰੀ ਗ੍ਰਿਹ ਕਰਿਵਾਯਹੁ ਡੇਰਾ। ਆਯੋ ਮੱਖਣ ਸਿੱਖ ਬਡੇਰਾ ॥ ੩੪ ॥ ਹਾਥ ਜੋਰਿ ਕੈ ਬੰਦਨ ਠਾਨੀ। ਮੁਖ ਦੇਖ੍ਯੋ-ਰਹਿ ਏਕ ਸਮਾਨੀ-। ਪ੍ਰਾਪਤਿ ਦਰਬ ਨ ਹਰਖ ਭਯੋ ਹੈ। ਸ਼ੋਕ ਨ ਚਿਤ ਮਹਿਂ ਸਰਬ ਗਯੋ ਹੈ ॥ ੩੫ ॥ ਇਕਰਸ ਰਿਦਾ ਦੇਖਿ ਗੁਰ ਕੇਰਾ। ਉਪਜ੍ਯੋ ਰਿਦੇ ਅਨੰਦ ਘਨੇਰਾ।-ਸ਼ਿਵ ਮੂਰਤਿ[3] ਆਨਨ ਬਿਗਸਾਨਾ। ਮਨਹੁਂ ਪ੍ਰਫੁੱਲਤਿ ਕਮਲ ਮਹਾਨਾ॥ ੩੬ ॥ ਕਰੁਨਾ ਭਰੇ ਬਿਲੋਚਨ ਰੂਰੇ। ਆਸਨ ਪਰ ਬੈਠੇ ਗੁਰ ਪੂਰੇ। ਦੀਰਘ ਦਰਸ਼ਨ ਆਯੁਤ[4] ਛਾਤੀ। ਲਾਂਬੀ ਭੁਜਾ ਧਰੇ ਉਰ ਸ਼ਾਂਤੀ ॥ ੩੭॥ ਸਗਰੀ ਦੀਰਘ ਦੇਹਿ ਸੁਹਾਵੈ। ਸੇਤ ਬਸਤ੍ਰ ਨਿਰਮਲ ਛਬਿ ਛਾਵੈ। ਸਗਰੇ ਸਦ ਗੁਨ ਸਦਨ ਮਹਾਨਾ। ਬੈਠੇ ਮਹਾਂ ਬਿਰਾਜਤਿ ਥਾਨਾ* ॥ ੩੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਧੀਰਮਲ ਕੇ ਡੇਰਾ ਲੂਟਨ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥ ੧੬ ॥

## ੧੭. [ਮੱਖਣ ਸ਼ਾਹ ਨੂੰ ਗੁਰੂ ਜੀ ਦਾ ਵਰਜਣਾ]।

ਦੋਹਰਾ॥ਸਗਲ ਵਸਤੁ ਕੋ ਦੇਖਿ ਕਰਿ ਸ੍ਰੀ ਗੁਰ ਪਰਮ ਕ੍ਰਿਪਾਲ।ਮੁਖ ਮੱਖਣ ਕੀ ਦਿਸ਼ਾ ਕਰਿ ਬੂਝਨਿ ਕੀਨਿ ਹਵਾਲ ॥ ੧ ॥ਚੌਪਈ॥'ਸਭਿ ਵਸਤੂ ਕੈਸੀ ਇਹ ਲਯਾਏ ? ਕਰਹਿਂ ਰੌਰ ਕਯੋਂ ਨਰ ਸਮੁਦਾਏ ? ਤੈਂ ਅਬਿ ਸੰਝ ਪਈ ਕਿਮ ਆਵਾ ? ਆਯੁਧ ਬੰਧੇ ਮੁਖ ਦਰਸਾਵਾ'॥੨॥ਸੁਨਿ ਮੱਖਣ ਹਰਖੰਤਿ ਬਖਾਨਾ। 'ਜਿਨ ਤੁਮਰੋ ਕੀਨਸਿ ਅਪਮਾਨਾ। ਮਹਾਂ ਮੰਦਮਤਿ ਨਿੰਦਕ ਪਾਪੀ। ਦੁਸ਼ਟ ਦੁਰਾਤਮ ਦੁਖ ਸੰਤਾਪੀ ॥ ੩ ॥ ਤਿਸ ਮਸੰਦ ਕੋ ਬੰਧਨ ਕਰਯੋ। ਧੀਰਮੱਲਕ ਕੋ ਨਿਕਟਿ, ਨ ਹਰਯੋ[5]†। ਵਸਤੁ ਤੁਮਾਰੀ ਲੂਟਿ ਜਿ

[1]ਪੰਡਾਂ। [2]ਅਰਪਨ। [3]ਕੱਲਜਾਨ ਸ੍ਰੂਪ। [4]ਚੌੜੀ। [5]ਉਸ ਮਸੰਦ ਨੂੰ (ਜੋ) ਧੀਰ ਮਲ ਦੇ ਕੋਲ ਸੀ ਬੰਨ੍ਹ ਲੀਤਾ ਹੈ, ਪਰ (ਜਾਨੋਂ) ਨਹੀਂ ਮਾਰਿਆ।

*ਸ੍ਰੀ ਗੁਰੂ ਜੀ ਨੇ ਆਪ ਇਸ ਅਵਸਥਾ ਨੂੰ ਸ੍ਰੀ ਮੁਖ ਵਾਕ ਦ੍ਵਾਰਾ ਐਉਂ ਵਰਣਨ ਕੀਤਾ ਹੈ:—

ਮਾਈ ਮੈ ਧਨੁ ਪਾਇਓ ਹਰਿਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥ ੧ ॥ ਰਹਾਉ ॥ ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥ ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥ ੧ ॥ ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥ ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥ ੨ ॥ ਜਾਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ॥ ੩ ॥ [ਸੋਰਠਿ ਮਹਲਾ ੯]

†ਪਾ:—ਨਿਹਰਯੋ।

ਲੀਨਸਿ। ਤਿਨ ਤੇ ਮੈਂ ਛੀਨਸਿ ਦੁਖ ਦੀਨਸਿ[1]॥੪॥ਰਾਵਰ ਕੋ ਅਪਰਾਧੀ ਆਨਯੋਂ। ਜਿਸ ਨੇ ਆਇ ਕੁਕਰਮ ਕਮਾਨਯੋਂ। ਗੁਰ ਕੁਲ ਤੇ ਉਪਜ੍ਯੋ ਲਖਿ ਕਰਿਕੈ। ਹਤ੍ਯੋ ਨ ਧੀਰ ਮੱਲ ਹਮ ਧਰਿ ਕੈ[2] ॥ ੫ ॥ ਮੁਝ ਦੇਖਤਿ ਅਪਰਾਧ ਤੁਮਾਰੇ। ਕੋਇ ਜਿ ਕਰਹਿ ਦੁਰਾਤਮ ਭਾਰੇ। ਐਸੇ ਸ਼ਸਤ੍ਰ ਪ੍ਰਹਾ-ਰਨਿ ਕਰਿ ਹੋਂ। ਮਾਰਨਿ ਕਰੌਂ, ਕਿ ਲਰਿ ਕੈ ਮਰਿ ਹੌਂ ॥੬॥ ਸੁਧਿ ਪਹੁੰਚੀ ਜਬਿ ਹੀ ਮੁਝ ਡੇਰੇ। ਤਬਹਿ ਦੌਰ ਮੈਂ ਆਇ ਅਦੇਰੇ[3]।ਧੀਰਮੱਲਜ ਕੋ ਦੋਸ਼ ਬਡੇਰਾ। ਮੈਂ ਇਮ ਲਖਿ ਕੈ ਲੂਟਯੋ ਡੇਰਾ ॥ ੭ ॥ ਆਨੀ ਸਗਰੀ ਵਸਤੁ ਤੁਮਾਰੀ। ਅਰੁ ਤਿਨ ਕੀ ਛੀਨਸਿ ਗਹਿ ਸਾਰੀ। ਆਪ ਸਕਲ ਸੰਭਾਰਹੁ ਭਲੇ। [4]ਕਰਹਿ ਅਨਾਦਰ ਰਿਪੁ ਨਿਰਬਲੇ ॥ ੮ ॥ ਆਨਿ, ਸਦਨ ਮਹਿ ਸਰਬ ਸੁ ਲੀਨਾ[4]। ਤਿਨ ਕੋ ਕੁਛ ਅਪਕਾਰ ਨ ਕੀਨਾ[5]। ਬਿਨ ਕਾਰਨ ਤੇ ਕਿਯ ਅਪਰਾਧੇ। ਯਾਂਤੇ ਮੈਂ ਆਨਯੋਂ ਤਿਸ ਬਾਂਧੇ ॥ ੯ ॥ ਜਬਹਿ ਦੁਸ਼ਟ ਤੁਮਰੇ ਘਰ ਆਇ। ਮੋ ਢਿਗ ਕਯੋਂ ਨਹਿਂ ਸੁਧਿ ਪਹੁੰਚਾਇ।ਸਭਿ ਕੋ ਤਤਛਿਨ ਬੰਧਨ ਕਰਤੋ । ਕਰਤਿ ਸ਼ਸਤ੍ਰ ਜੇ ਪ੍ਰਾਨ ਪ੍ਰਹਰਿਤੋ ॥ ੧੦ ॥ ਅਪਨੀ ਵਸਤੁ ਦਰਬ ਯੁਤਿ ਲੀਜੈ। ਤਿਨ ਕੀ ਆਨੀ ਰਾਖਨਿ ਕੀਜੈ। ਪੁਨ ਆਗੇ ਜੋ ਹ੍ਵੈ ਮਤਿਵਾਨਾ। ਕਬਿ ਨ ਕਰਹਿ ਕੋਈ ਅਪਮਾਨਾ ॥ ੧੧ ॥ ਸੁਨਿ ਸਤਿਗੁਰ ਕਹਿ ਬਾਕ ਪ੍ਰਬੀਨਾ।'ਮੱਖਣ ਸ਼ਾਹ! ਕਹਾਂ ਤੈਂ ਕੀਨਾ?।ਕਾਮ ਕ੍ਰੋਧ ਕੇ ਬਸਿ ਹ੍ਵੈ ਸੋਈ। ਆਨਿ ਕੁਕਰਮ ਕਰਯੋ ਤਿਨ ਜੋਈ ॥੧੨॥ ਹਮ ਤਿਨ ਸਮ ਨਹਿਂ ਕਰਿਬੋ ਚਾਹੈਂ। ਜਾਨਹਿਂ ਮਹਾਂ ਦੋਸ਼ ਤਿਸ ਮਾਂਹੇ।ਜਨਮ ਮਰਨ ਜਗ ਬਾਰੰਬਾਰੀ। ਦੇਤਿ ਕਾਮਨਾ[6], ਹ੍ਵੈ ਨ ਉਬਾਰੀ ॥ ੧੩ ॥ [7]ਕਾਮ ਮੂਲ ਹੈ ਸਕਲ ਬਿਕਾਰੇ। ਕਾਮ ਬਿਨਾਸਹਿਂ ਸੁਮਤਿ ਬਿਚਾਰੈ । ਪੁਨ ਇਹ ਬਿਨਾ ਉਪਾਇ ਨਸੰਤੇ[7]। ਜਨਮ ਮਰਨ ਜੋ ਦੇਤਿ ਅਨੰਤੇ ॥ ੧੪ ॥

---

[1](ਜਿਨ੍ਹਾਂ ਨੇ ਤੁਸਾਂ ਨੂੰ) ਦੁੱਖ ਦਿੱਤੇ ਸੀ ਉਨ੍ਹਾਂ ਤੋਂ ਖੱਸ ਲਿਆਇਆ ਹਾਂ। [2]ਫੜਕੇ। [3]ਛੇਤੀ। [4]ਜਿਸ ਵੈਰੀ ਨੇ ਆਪਦਾ ਅਨਾਦਰ ਕੀਤਾ ਸੀ, ਉਸ ਨੂੰ ਨਿਰਬਲ ਕਰਕੇ (ਆਨਿ=)ਲੈ ਆਂਦਾ ਹੈ ਤੇ ਸਰਬ (ਸੈਜ ਉਸ ਤੋਂ) ਲੈਕੇ ਘਰ ਆਂਦੀ ਹੈ। (ਅ) ਅਨਾਦਰ ਕਰਕੇ ਵੈਰੀ ਨਿਰਬਲ ਕਰ ਦਿੱਤਾ ਹੈ ਜੋ ਉਸ ਲੀਤਾ ਸੀ ਸਾਰਾ ਘਰ ਲੈ ਆਂਦਾ ਹੈ। [5](ਤੁਸਾਂ) ਕੋਈ (ਉਸ ਨਾਲ) ਬੁਰਾ ਨਹੀਂ ਸੀ ਕੀਤਾ। [6]ਤ੍ਰਿਸ਼ਨਾ ਹੀ (ਜਨਮ ਮਰਨ) ਦੇਂਦੀ ਹੈ। [7]ਸਾਰੇ ਵਿਕਾਰਾਂ ਦਾ ਮੂਲ ਕਾਮਨਾ ਹੈ, ਸੁਮਤਿ ਵਾਲੇ (ਇਹ ਗਲ) ਵਿਚਾਰ ਕੇ ਕਾਮਨਾ ਨੂੰ ਨਾਸ਼ ਕਰਦੇ ਹਨ, ਫਿਰ ਏਹ (ਵਿਕਾਰ) ਬਿਨਾ ਉਪਾਵ ਦੂਰ ਹੋ ਜਾਂਦੇ ਹਨ।

ਤੂੰ ਸਤਿਗੁਰ ਕੋ ਸਿੱਖਜ ਮਹਾਨਾ। ਸਦ ਗੁਨ ਧਰਿ, ਜਿਸਤੇ ਸ਼ੁਭ ਜਾਨਾ।
ਧੀਰਮਲ ਕੀ ਵਸਤੂ ਸਰਬਾ। ਫੇਰਿ ਦੇਹੁ ਤਿਨ ਢਿਗ ਧਰਿ ਦਰਬਾ॥੧੫॥
ਜੋ ਹਮਰੇ ਢਿਗ ਧਨ ਅਰਪਾਯੋ। ਸਭਿ ਦੇਵਹੁ ਤਿਸ ਢਿਗ ਪਹੁੰਚਾਯੋ।
ਮਨ ਉਦ੍ਵੇਗ ਕੋ ਨਿਬਲ ਕਰੀਜੈ[1]। ਹੁਇ ਪ੍ਰਸੰਨ ਇਹ ਸਭਿ ਤਿਸ ਦੀਜੈ
॥੧੬॥ ਬਹੁਰੋ ਤੁਝ ਨੀਕੇ ਉਪਦੇਸ਼ਹਿ। ਲਖਹੁ ਸੁਭਾਸੁਭ[2], ਤਜਹੁ ਕਲੇ-
ਸ਼ਹਿ। ਸਤਿਗੁਰ ਮਿਲਿਨਿ ਸੁਫਲ ਹੁਇ ਜਾਵੈ। ਜਨਮ ਮਰਨ ਤੇ ਥਿਰਤਾ
ਪਾਵੈ'॥੧੭॥ਸੁਨਿ ਮੱਖਣ ਕਰ ਜੋਰਿ ਬਖਾਨਾ। 'ਜਿਨਹੁੰ ਕੀਨਿ ਅਪਮਾਨ
ਮਹਾਨਾ। ਪ੍ਰਾਨਾਂਤਕ ਲੇ ਕਰਿ ਅਪਰਾਧੂ। ਕੁਮਤੀ, ਦੁਸ਼ਟ, ਕਠੋਰ,
ਅਸਾਧੂ॥੧੮॥ਤਿਨ ਪਰ ਮ੍ਰਿਦੁਲ ਛਿਮਾ ਬਹੁ ਕਰਨੀ। ਨੀਤਿ ਬਿਖੈ ਇਹ
ਨੀਕ ਨ ਬਰਨੀ। ਛਮੀ ਪੁਰਖ ਕੇ[3] ਕਾਜ ਉਦਾਰਾ। ਨਸ਼ਟ ਹੋਤਿ[4], ਜਿਮ
ਅਗਨੀ ਪਾਰਾ॥੧੯॥ ਤਿਸ ਕੋ ਸਕਲ[5] ਕਰਹਿਂ ਅਪਰਾਧਾ।ਡਰ ਕੋ ਛੋਰਿ,
ਦੇਤਿ ਹੈਂ ਬਾਧਾ।–ਦਾਰਿੱਦ੍ਰੀ ਅਰੁ ਆਲਸਕਾਰੀ–। ਇਮ ਅਪਕੀਰਤਿ
ਹੁਇ ਬਿਸਤਾਰੀ ॥ ੨੦ ॥ ਕਰਿ ਅਪਰਾਧ ਨਹੀਂ ਡਰਪਾਵੈਂ। ਜਸ
ਕਿਧ ਤਸ ਫਲ ਜੇ ਨਹਿਂ ਪਾਵੈਂ। ਪੁਨਹਿ ਕਰਨਿ ਕੋ ਹੈ ਉਤਸਾਹੀ।ਭੀਰੂ
ਲਖੈਂ, ਅਪਰ ਸੋਂ ਪ੍ਰਾਹੀ ॥ ੨੧ ॥ ਦੰਡ ਉਚਿਤ ਹੀ ਨਿਤ ਅਪਰਾਧੀ[6]।
ਪੁਰਸ਼ੋਤਮ ਮਿਰਜਾਦਾ ਬਾਧੀ। ਦੇਖਹੁ ਰਾਮਚੰਦ ਬਡ ਧੀਰ। ਨੀਰਧ ਕੋ
ਗੰਭੀਰ ਅਭੀਰ ॥ ੨੨ ॥ ਅਸ ਆਸ਼ੈ ਲਖਿ ਓਜ ਪ੍ਰਕਾਸ਼ਾ[7]।ਜਿਸ ਤੇ ਅਤਿ
ਚਿਤਵਨੋ ਚਿਤ ਤ੍ਰਾਸਾ। ਹੁਇ ਭੈ ਭੀਤ ਉਪਾਇ ਬਤਾਇਵ। ਸਕਲ
ਕਟਕ ਕਪਿ[8] ਪਾਰ ਲੰਘਾਇਵ॥੨੩॥ਜੇ ਨ ਛਿਮਾ ਤਜਾਗਤਿ ਤਿਸ ਕਾਲਾ।
ਨਹਿਂ ਕਾਰਜ ਕਿਮ ਹੋਤਿ ਸੁਖਾਲਾ। ਪੁਨ ਸ੍ਰੀ ਕ੍ਰਿਸ਼ਨ ਚਤੁਰ ਬਲਵਾਨਾ।
ਸਭਾ ਕੌਰਵਨਿ ਕੀ ਜੁ ਮਹਾਨਾ ॥ ੨੪ ॥ ਬੈਠਨੇ ਬੀਚ ਛਿਮਾ ਕਰਿ
ਰਹੇ। ਦੁਰਜੋਧਨ ਬਡ ਪਦ ਕੋ ਲਹੇ। ਤੇਜ ਪ੍ਰਭਾਵ ਅਪਨਿ ਬਿਦਤਾਵਾ।
ਜਿਸ ਤੇ ਅਪਨੋ ਆਪ ਬਚਾਵਾ ॥ ੨੫ ॥ ਇਮ ਅਛਿਮਾ ਮਹਿਂ ਗੁਨ
ਬਹੁ ਰਹੇ। ਛਿਮਾਵਾਨ ਬਾਧਾ[9] ਬਡ ਸਹੇ। ਅੱਕ੍ਰਿਤ ਕਾਜ, ਅਪਜਸੁ ਬਿਸ-

[1]ਮਨ ਦੀ ਘਬਰਾਹਟ ਨੂੰ ਘੱਟ ਕਰੇ। [2]ਭਲਾ ਤੇ ਬੁਰਾ। [3]ਖਿਮਾਂ ਕਰਨ ਵਾਲੇ ਪੁਰਖ ਦੇ। [4]ਵਿਨਾਸ਼ ਹੁੰਦੇ ਹਨ। [5]ਭਾਵ ਛਮੀ ਪੁਰਸ਼ ਦਾ ਸਾਰੇ। [6]ਅਪ੍ਰਾਧੀ ਸਦਾ ਦੰਡ ਦੇ ਜੋਗ ਹੈ। [7]ਇਹ ਆਸ਼ਾ ਲਖ ਕੇ (ਕਿ ਦੰਡ ਉਚਿਤ ਹੀ ਨਿਤ ਅਪ੍ਰਾਧੀ) ਸਮੁੰਦਰ ਨੂੰ ਜੋ ਡੂੰਘਾ ਹੈ ਤੇ ਕਾਇਰ ਨਹੀਂ, ਡਾਂਟਿਆ [ਓਜ ਪ੍ਰਕਾਸ਼ਨਾ=ਬਲ ਪ੍ਰਗਟ ਕਰਨਾ, ਡਾਂਟਨਾ]। [8]ਬੰਦਰਾਂ ਦਾ ਦਲ ਸਾਰਾ (ਸਮੁੰਦਰ ਨੇ) ਪਾਰ ਲੰਘਾ ਦਿੱਤਾ। [9]ਦੁੱਖ।

ਤਾਰਨਿ[1] । ਦੋਸ਼ ਛਿਮਾ ਮਹਿਂ ਕਰੇ ਉਚਾਰਨਿ॥੨੬॥ ਜੇ ਤੁਮ ਰਹਹੁ ਛਿਮਾ ਕਹੁ ਧਾਰੀ । ਸਭਿ ਹੀ ਕਰਹਿਂ ਅਵੱਗਯਾ ਭਾਰੀ । ਦੁਸ਼ਟ ਕੁਕਰਮ ਕਰਨਿ ਨਿਤ ਚਾਹੈਂ । ਰੁਕਹਿਂ ਦੰਡ ਕੋ ਤ੍ਰਾਸ ਧਰਾਹੈਂ[2] ॥ ੨੭॥ ਨਾਂਹਿ ਤ ਕਰਹਿਂ ਸਭਿਨਿ ਅਪਕਾਰਾ[3] । ਦੇਹਿਂ ਪ੍ਰਜਾ ਕੋ ਕਸ਼ਟ ਅਪਾਰਾ । ਦੰਡ ਤ੍ਰਾਸ ਤੇ ਅਪਨਿ ਮ੍ਰਿਜਾਦਾ । ਰੁਕੇ ਰਹੈਂ[4], ਨਹਿਂ ਲਹੈਂ ਬਿਸਾਦਾ[5] ॥੨੮॥ ਕਯੋਂ ਤੁਮ ਦੁਸ਼ਟ ਅਵੱਗਯਾ ਸਹੋ ? ਅਬਿ ਹੇ ਪ੍ਰਭੂ ! ਮੋਹਿ ਸੋਂ ਕਹੋ[6] । ਨਿਜ ਸਿਖ ਤੇ ਸੁਨਿ ਕਰਿ ਇਮ ਬੈਨ । ਕ੍ਰਿਪਾ ਦ੍ਰਿਸ਼ਟਿ ਜੁਤਿ ਸੁੰਦਰ ਨੈਨ ॥ ੨੯ ॥ ਧੀਰਮਲਜ ਕੀ ਵਸਤੁ ਹਟਾਵਨਿ । ਸਰਬ ਦਰਬ ਕੋ ਤਿਸੈ ਦਿਵਾਵਨਿ । ਕ੍ਰਿਪਾ ਨਿਧਾਨ ਅਪਨਿ ਭਿੱਪ੍ਰਾਇ[7] । ਕਹਯੋ ਚਹਤਿ ਸ਼ੁਭ ਮਤ ਦਰਸਾਇ ॥੩੦॥ ਦੋਹਰਾ ॥ ਸਦਗੁਨ ਸਗਰੇ ਗਯਾਨ ਯੁਤਿ ਰਿਦਾ ਸਦਨ ਜਿਨ ਕੇਰ। ਸਿਖ ਕੋ ਕਰਨ ਨਿਹਾਲ ਪੁਨ ਬੋਲੇ ਸਤਿਗੁਰ ਫੇਰ ॥ ੩੧ ॥ ਦੋਹਰਾ ॥ 'ਭੋ ਮੱਖਣ ਸਿਖ ! ਕਾਨ ਦੈ ਸੁਨਹੁ, ਬਿਕਾਰ ਜਿ ਬ੍ਰਿੰਦ । ਉਪਜਤਿ ਹੈਂ ਨਰ ਕੇ ਰਿਦੈ ਸੰਕਟ ਦੇਤਿ ਬਿਲੰਦ ॥ ੩੨ ॥ ਚੌਪਈ ॥ ਸੁਖ ਕੋ ਚਾਹਤਿ ਜਿਨਹੁਂ[8] ਕਰਤਿ ਹੈ । ਤਿਨ ਹੀ ਤੇ ਬਡ ਕਸ਼ਟ ਪਰਤਿ ਹੈ । ਅਜਿਤੇਂਦ੍ਰੀ ਜਬਿ ਪਿਖਹਿ ਕਿ ਸੁਨਿ ਹੈ[9] । ਕਾਮ ਉਪਾਵਤਿ ਉਰ ਤਤਛਿਨ ਹੈ ॥੩੩॥ ਤਿਯ ਕੋ ਚਹਨਿ ਕਹਤਿ ਹੈਂ ਕਾਮ[10] । ਸਕਲ ਚਾਹ ਸੋ ਭੀ ਲਖਿ ਨਾਮ[11]। ਧਨ ਇਸਤ੍ਰੀ ਤੇ ਆਦਿ ਪਦਾਰਥ। ਪਿਖਿ ਸੁਨਿ ਲੈਬੇ ਚਾਹਤਿ ਸ੍ਵਾਰਥ[12] ॥ ੩੪ ॥ ਜਬਹਿ ਲੈਨ ਹਿਤ ਕਾਮ[13] ਉਠਾਵਾ । [14]ਤਿਹ ਪ੍ਰਤਿਬੰਧਕ ਜੋ ਦਰਸਾਵਾ । ਤਬਹਿ ਕ੍ਰੋਧ ਮਨ ਮਾਂਹਿ ਉਪਾਵੈ[15]।ਕ੍ਰਿੱਤਾਕ੍ਰਿੱਤ ਨ ਪੁਨ ਚਿਤ ਆਵੈ[16] ॥ ੩੫॥ ਹੋਇ ਕ੍ਰੋਧ ਬਸਿ ਕਰਤਿ ਕੁਕਰਮ । ਬੁਧਿ ਸਭਿ ਨਾਸਹਿ

---

[1]ਕੰਮਾਂ ਦਾ ਨਾ ਸੌਰਨਾ ਤੇ ਅਪਜਸ ਫੈਲਣਾ...... । [2]ਦੰਡ ਦਾ ਭੈ ਧਾਰ ਕੇ (ਕੁਕਰਮਾਂ ਤੋਂ) ਰੁਕੇ ਰਹਿੰਦੇ ਹਨ । [3]ਹਾਨੀ । [4]ਸਜ਼ਾ ਦੇ ਭੈ ਕਰਕੇ ਅਪਨੀ ਮਿਰਜਾਦਾ ਵਿਚ ਰੁਕੇ ਰਹਿੰਦੇ ਹਨ । [5]ਵਿਖਾਦ ਨਹੀਂ ਲਭਦੇ ਫਿਰਦੇ, ਭਾਵ (ਕਲੇਸ਼) ਪੁਆੜੇ ਨਹੀਂ ਖੜੇ ਕਰਦੇ। [6]ਇਰਾਦਾ। [7]ਜਿਨ੍ਹਾਂ (ਵਿਕਾਰਾਂ) ਨੂੰ । [8]ਅਜਿੱਤੇਂਦ੍ਰੀ (=ਜਿਸਨੇ ਇੰਦ੍ਰੇ ਨਹੀਂ ਜਿੱਤੇ ਹੋਏ) ਜਦ ਦੇਖੇ (ਇਸਤ੍ਰੀ ਨੂੰ ਯਾ) ਬਾਤਾਂ ਸੁਣੇ (ਉਸ ਦੀਆਂ)। [9]ਇਸਤ੍ਰੀ ਦੀ ਚਾਹੁਨਾ ਨੂੰ ਕਾਮ ਕਹਿੰਦੇ ਹਨ । [10]ਸਾਰੇ (ਪਦਾਰਥਾਂ ਦੀ) ਇੱਛਾ ਦਾ ਨਾਮ ਬੀ (ਕਾਮ ਹੀ) ਜਾਣੋਂ, ਏਥੇ ਭਾਵ ਕਾਮਨਾਂ ਤੋਂ ਹੈ। [11]ਸ੍ਵੈ ਅਰਥ ਜਾਣਕੇ ਲਿਆ ਚਾਹੁੰਦਾ ਹੈ । [12]ਕਾਮਨਾ (ਤ੍ਰਿਸ਼ਨਾ) । [13]ਉਸ ਕਾਮਨਾਂ ਦੀ ਪੂਰਨਤਾ ਅਗੇ ਜਦ ਕੋਈ ਰੋਕ ਦਿੱਸ ਪਵੇ ਤਦ ਮਨ ਵਿਚ ਕ੍ਰੋਧ ਉਪਜਦਾ ਹੈ। [14]ਕਰਨ ਯੋਗ ਤੇ ਨਾ ਕਰਨ ਯੋਗ (ਵਿਹਤ ਅਵਿਹਤ) ਫਿਰ ਚੇਤੇ ਨਹੀਂ ਆਉਂਦਾ। ਅਰਥਾਤ ਅਵਿਵੇਕੀ ਹੋ ਜਾਂਦਾ ਹੈ ।

ਤ੍ਯਾਗਹਿ ਧਰਮ। ਜਬਿ ਨਰ ਕੋ ਉਰ ਕ੍ਰੋਧ ਉਪਾਇ। ਕੋ ਅਸ ਪਾਪ ਜੁ ਕਰਿ ਨ ਸਕਾਇ ॥ ੩੬ ॥ ਮਾਤ ਪਿਤਾ ਗੁਰਦੇਵ ਮਹਾਨੇ। ਕਰਤਿ ਅਵੱਗ੍ਯਾ ਕਛੂ ਨ ਜਾਨੇ। ਜੋ ਹੈ ਅਬਧ, ਬਧਹਿ ਤਿਨ ਤਾਈ[1]। ਨਿਸ਼ਠੁਰ[2] ਬਾਕ ਕਹੈ ਸਮੁਦਾਈ ॥ ੩੭ ॥ ਉਪਜੇ ਕ੍ਰੋਧ ਅਪਰ ਕ੍ਯਾ ਕਹਿਨੋ। ਪ੍ਰਾਨ ਬਿਨਾਸਹਿ ਜਾਇ ਨ ਸਹਿਨੋ[3]। ਆਨ ਸਮਾਨ ਨ ਪ੍ਰਾਨ ਹਾਨ ਕੈ[4]। ਸੋ ਭੀ ਕਰਹਿ ਅਜਾਨ ਜਾਨਿ ਕੈ ॥ ੩੮ ॥ ਜੇ ਕ੍ਰੋਧਤਿ ਹੁਇ ਬਸਿ ਨਹਿਂ ਚਲੇ। ਉਰ ਮਹਿਂ ਤਪਤਹਿ ਕਾਮ ਨ ਮਿਲੈ[5]।ਤਿਹ ਦੁਖ ਤੇ ਨਹਿਂ ਕਰਹਿ ਅਹਾਰਾ। ਨਿਸ ਮਹਿਂ ਨੀਂਦ ਨ ਪਾਇ ਦੁਖਾਰਾ ॥੩੯॥ ਦਿਵਸ ਜਾਮਨੀ ਇਮ ਤਪਤਾਵੈ। ਅਨਿਕ ਭਾਂਤਿ ਸੰਕਲਪ ਉਠਾਵੈ। ਗਿਨਤੀ ਗਿਨਹਿ ਨ ਓਰਕ ਆਵੈ। ਏਵ ਕਸ਼ਟ ਮਹਿਂ ਬੈਸ ਬਿਤਾਵੈ ॥ ੪੦ ॥ਮਤਸਰ ਮਹਤ ਅਸੂਯਾ ਧਾਰੇ। ਇੱਤ੍ਯਾਦਿਕ ਉਪਜਾਇ ਬਿਕਾਰੇ। ਯਾਂਤੇ ਕਾਮ[6] ਮੂਲ ਮਨ ਜਾਨਿ। ਅਪਰ ਬਿਕਾਰ ਕਾਂਡ ਫਲ ਮਾਨਿ[7] ॥੪੧॥ ਜਬਹਿ ਮੂਲ ਕੋ ਦੇਹਿਂ ਉਖੇਰ। ਸ਼ਾਖਾ ਪੱਤ੍ਰ ਨ ਫਲ ਹ੍ਵੈ ਫੇਰ। ਇਮ ਅਵਗੁਨ ਉਰ ਤੇ ਪਰਹਰੈ। ਸਦ ਗੁਨ[8] ਆਨਿ ਪ੍ਰਵੇਸ਼ਨਿ ਕਰੈਂ ॥੪੨॥ ਕਰਨੀ ਛਿਮਾ ਮਹਾਂ ਤਪ* ਜਾਨ। ਛਿਮਾ ਕਰਨਿ ਹੀ ਦੈਬੋ ਦਾਨ। ਛਿਮਾ ਸਕਲ ਤੀਰਥ ਅਸ਼ਨਾਨ। ਛਿਮਾ ਕਰਤਿ ਨਰ ਕੀ ਕਲਿਆਨ ॥ ੪੩ ॥ ਛਿਮਾ ਸਮਾਨ ਆਨ ਗੁਨ ਨਾਂਹੀ। ਯਾਂਤੇ ਛਿਮਾ ਧਰਹੁ ਮਨ ਮਾਂਹੀ। ਸਦ ਗੁਨ ਕੋ ਨਹਿਂ ਤ੍ਯਾਗਨਿ ਕੀਜੈ। ਸਦਾ ਰਿਦੈ ਮਹਿਂ ਇਸਥਿਰ ਕੀਜੈ' ॥ ੪੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਏਕਾਦਸ਼ ਰਾਸੇ 'ਮੱਖਣਸ਼ਾਹ ਕੈ ਬਰਜਨਿ' ਪ੍ਰਸੰਗ ਬਰਨਨੰ ਨਾਮ ਸਪਤਦਸਮੋ ਅੰਸੂ ॥ ੧੭ ॥

## ੧੮. [ਘਰ ਵਿਚ ਵਿਗਾੜ ਤੇ ਗੁਰੂ ਜੀ ਦਾ ਉਪਦੇਸ਼]।

ਦੋਹਰਾ ॥ ਇਸ ਪ੍ਰਕਾਰ ਜਬਿ ਸਤਿਗੁਰੂ ਮੱਖਣ ਕੋ ਬਹੁ ਬਾਰਿ।'ਧੀਰਮੱਲ ਕੀ ਵਸਤੁ ਸਭਿ ਫੇਰਹੁ' ਕਰਤਿ ਉਚਾਰਿ ॥ ੧ ॥ ਚੌਪਈ ॥ ਮਾਤ ਨਾਨਕੀ ਤਬਿ ਚਲਿ ਆਈ। ਜਿਸ ਕੇ ਰਿਦੇ ਅਧਿਕ ਰਿਸ ਛਾਈ।-ਧੀਰਮਲ ਕੀਨਸਿ ਅਪਰਾਧੂ। ਤਿਸ ਕੋ ਹਿਤ ਚਹਿ ਪੁਨ ਇਹ ਸਾਧੂ ॥ ੨ ॥ ਜੋਗ ਦੰਡ ਕੋ ਸ਼ੱਤ੍ਰੂ ਬਿਸਾਲਾ। ਜ੍ਵਾਲਾ ਬਮਨੀ[9] ਹਤਿ ਤਿਸ ਕਾਲਾ।ਪ੍ਰਾਨ ਹਾਨਿ

---

[1] ਜੋ ਮਾਰਨੇ ਯੋਗ ਨਹੀਂ ਉਨ੍ਹਾਂ ਨੂੰ ਮਾਰਦਾ ਹੈ। [2] ਸਖਤ, ਕੌੜੇ। [3] ਪ੍ਰਾਣ ਨਾਸ਼ ਕਰ ਦੇਂਦਾ ਹੈ (ਫਿਰ ਬੀ) ਨਹੀਂ ਸਹਾਰਿਆ ਜਾਂਦਾ। [4] ਪ੍ਰਾਣ ਹਾਨ ਦੇ ਤੁੱਲ ਤਾਂ ਹੋਰ (ਕੋਈ ਪਾਪ) ਨਹੀਂ। [5] ਚਾਹ ਪੂਰੀ ਨਹੀਂ ਹੁੰਦੀ ਤਾਂ ਦਿਲ ਵਿਚ ਤਪਦਾ ਹੈ। [6] ਕਾਮਨਾਂ, ਤ੍ਰਿਸ਼ਨਾਂ। [7] ਟਹਿਣੇ ਤੇ ਫਲ ਸਮਝ ਲੈ। [8] ਸ੍ਰੇਸ਼ਟ ਗੁਣ। [9] ਬੰਦੂਕ। *ਪਾ:-ਮਹਾਤਮ।

ਲਗਿ ਕੀਨਿ ਖੁਟਾਈ। ਹਮ ਘਰ ਕੀ ਸਭਿ ਬਸਤੁ ਲੁਟਾਈ-॥ ੩ ॥
ਇਮ ਅਸਮੰਜਸ ਲਖਿ ਕਰਿ ਆਈ। ਮੱਖਨ ਸਹਿਤ ਉਠੇ ਅਗੁਵਾਈ।
ਹਾਥ ਜੋਰਿ ਪਦ ਬੰਦਨ ਠਾਨੀ। ਬੈਠੀ ਮਾਤਾ ਪਰਮ ਸੁ ਸਜਾਨੀ ॥੪॥ ਸ੍ਰੀ
ਗੁਰ ਪਿਖਿ ਕੈ ਤੂਸ਼ਨਿ ਰਹੇ। ਅਪਰ ਭਿ ਨਹੀਂ ਬਾਕ ਕਿਸਿ[1] ਕਹੇ।ਦੀਰਘ
ਸੀਤਲ ਸ੍ਵਾਸਨਿ ਲੀਨਸਿ। ਜਲ ਪਰਪੂਲਤ[2] ਬਿਲੋਚਨ ਕੀਨਸਿ ॥ ੫ ॥
'ਭੋ ਮੱਖਣ ਸਿਖ! ਸੁਨੀਅਹਿ ਬਾਤੀ। ਮਮ ਸੁਤ ਸਦਾ ਰਹਤਿ ਇਹ ਭਾਂਤੀ।
ਭਏ ਪੰਚ ਭ੍ਰਾਤਾ ਬਰ ਬੀਰ। ਛੱਤ੍ਰੀ ਧਰਮ ਬਿਖੈ ਧਰਿ ਧੀਰ॥ ੬ ॥ ਬਡੋ
ਭ੍ਰਾਤ ਗੁਰਦਿੱਤਾ ਭਯੋ। ਸਭਿ ਤੇ ਲਘੁ ਮਮ ਸੁਤ ਜਨਮਯੋ। ਨਹਿ ਬਿਵ-
ਹਾਰ ਰੁਚਹਿ ਜਿਸ ਕੋਈ। ਬੈਠਹਿ ਨਿਤ ਇਕਾਂਤ ਕੋ ਹੋਈ ॥ ੭ ॥ ਨਹਿਂ
ਬੋਲਨਿ ਕਰਤੇ ਕਿਹ ਸੰਗ।ਲੇਨਿ ਦੇਨਿ ਤੇ ਕਹਾਂ ਸੁ ਢੰਗ। ਸਿੱਖਜ ਅਨੇਕ
ਉਪਾਇਨ ਲਜਾਵਹਿਂ। ਭਨਹਿਂ ਬੇਨਤੀ ਗੁਰੂ ਮਨਾਵਹਿਂ ॥ ੮ ॥ ਇਸ
ਕੇ ਭ੍ਰਾਤ ਸਰਬ ਬੁਧਿਵੰਤੇ। ਲੇਬਿ ਦੇਬਿ[3] ਸਭਿ ਸੋਂ ਬਰਤੰਤੇ। ਬਹੁਤ ਮੋਲ
ਕੇ ਬਸਤ੍ਰਨਿ ਪਹਿਰੈਂ। ਸਿੱਖਜਨਿ ਬਿਖੈ ਪੁਜਾਵਹਿਂ ਠਹਿਰੈਂ ॥੯॥ ਹੈ ਜਿਸ
ਉਚਿਤ ਬਰਤ ਹੈਂ ਤੈਸੇ। ਅਨਿਕ ਮਨੁਜ* ਸੰਗੀ ਰਹਿਂ ਜੈਸੇ[4]।ਬਹੁਤ ਮੋਲ
ਕੇ ਭੂਖਨ ਧਾਰੈਂ। ਅਪਨਿ ਅਧਿਕਤਾ ਚਹਤਿ ਉਚਾਰੈਂ ॥ ੧੦ ॥ ਪਿਤਾ
ਪਾਸ ਤੇ ਅਪਨਿ ਬਡਾਈ। ਅਭਿਲਾਖਤਿ ਭੇ ਬਿਧਿਨਿ† ਬਨਾਈ[5] ।ਤਰੁਲ
ਤੁਰੰਗਨਿ ਪਰ ਆਰੋਹੈਂ। ਸ਼ਸਤ੍ਰ ਸਜਾਇ ਸਭਿਨਿ ਮਹਿਂ ਸੋਹੈਂ ॥ ੧੧ ॥
ਪਿਤ ਕੇ ਸਾਥ ਜਹਾਂ ਕਹਿਂ ਜਾਹਿਂ। ਭਨਹਿਂ ਸੁਨਹਿਂ ਬਿਦਤਹਿਂ ਸਭਿ
ਮਾਂਹਿ। [6]ਸਵਤਨ ਸੁਤ ਅਰੁ ਨਿਜ ਸੁਤ ਚਾਲ। ਮਮ ਮਨ ਹੋਵਤਿ ਦੇਖਿ
ਬਿਹਾਲ[6] ॥੧੨॥ ਨਿਸ ਬਾਸੁਰ ਚਿੰਤਾ ਮਹਿਂ ਰਹੌਂ। ਕਿਸੂ ਸੰਗ ਕੈਸੇ ਨਹਿਂ
ਕਹੌਂ। ਅਪਨੇ ਭਾਗ ਜਾਨਿ ਕਰਿ ਮੰਦ। ਸਵਤਨਿ ਸੁਤ ਕੋ ਲਖੌਂ ਬਿਲੰਦ
॥ ੧੩ ॥ ਕਿਤਿਕ ਦਜੋਸ ਬੀਤਹਿਂ ਘਰ ਮਾਂਹਿ[7]। ਕਬਿ ਕਬਿ ਜਾਹਿਂ ਪਿਤਾ
ਨਿਜ ਪਾਹਿ। ਸਭਿ ਤੇ ਲਘੁ ਅਪਨੋ ਸੁਤ ਦੇਖਿ। ਰੀਤਿ ਸ਼ਾਂਤਿਕੀ ਰਿਦੈ
ਅਸ਼ੇਖ[8] ॥੧੪॥ ਚਾਰਹੁੰ ਸੁਤ ਤੇ ਪਿਖਿ ਲਘੁ ਸੰਗ।ਕਰਤਿ ਭਏ ਸਨਮਾਨ

[1]ਕਿਸੇ ਨੇ। [2]ਭਰੇ ਹੋਏ। [3]ਲੈਣਾ ਦੇਣਾ। [4]ਜਿਵੇਂ ਬਹੁਤੇ ਮਨੁੱਖ ਨਾਲ ਰਹਿਣ। [5]ਬਿਧੀਆਂ ਬਣਾ ਕੇ। [6]ਸੌਂਕਣਾਂ ਦੇ ਪੁੱਤ੍ਰਾਂ ਦੀ ਅਤੇ ਆਪਣੇ ਪੁੱਤ੍ਰ ਦੀ ਰੀਤੀ ਦੇਖਕੇ ਮੇਰਾ ਮਨ ਬੇਹਾਲ ਹੁੰਦਾ ਸੀ। [7](ਜਦ) ਬੀਤ ਜਾਂਦੇ ਸੀ ਘਰ ਬੈਠਿਆਂ। [8]ਪੂਰੀ।

*ਪਾ:-ਜਨਮ। †ਪਾ:-ਬੰਧਾਨ।

ਬਡੇਰਾ। ਚਰਨ ਉਠਾਇ ਬਿਠਾਵਨਿ ਕੀਨਸਿ। ਮੁਖ ਤੇ ਬੋਲਿ ਅਧਿਕ ਹਿਤ ਦੀਨਸਿ[1] ॥੧੫॥ ਦੇਖਿ ਪੁੱਤ੍ਰ ਪਰ ਪਿਤਾ ਸਨੇਹਾ।ਮਨ ਮੇਰੇ ਭਾ ਹਰਖ ਅਛੇਹੁ[2]। ਕਿਤਿਕ ਬੇਰ ਬੈਠੇ ਉਠਿ ਆਵਾ।ਨਹੀਂ ਪੁੱਤ੍ਰ ਮਮ ਕਛੂ ਅਲਾਵਾ ॥੧੬॥ਆਵਤਿ ਕੀ ਦਿਸ਼ਿ ਦੇਖਤਿ ਰਹੇ। ਪ੍ਰੇਮ ਭਰੇ ਲੋਚਨ ਮੈਂ ਲਹੇ।ਇਸੀ ਪ੍ਰਕਾਰ ਜਬਹਿ ਜਬਿ[3] ਗਇਊ। ਦਿਨ ਪ੍ਰਤਿ ਪ੍ਰੇਮ ਅਧਿਕ ਹੀ ਭਇਊ ॥੧੭॥ਕਈਬਾਰ ਮੈਂ ਦੇਖਨਿ ਕੀਨਿ।ਤਯੋਂ ਤਯੋਂ ਮਮ ਮਨ ਸੰਸੈ ਭੀਨ। ਏਕ ਦਿਵਸ ਪਿਖਿ ਜਗ ਗੁਰ ਬੈਸੇ।ਹਾਥ ਜੋਰਿ ਮੈਂ ਬੂਝੇ ਐਸੇ ॥੧੮॥–ਮਮ ਸੁਤ ਨਹਿਂ ਜਾਨਹਿ ਬਿਵਹਾਰ।ਨਹੀਂ ਰਿਦੇ ਮਹਿਂ ਬੁੱਧਿ ਉਦਾਰ। ਨਹਿਂ ਬੋਲਹਿ ਨਹਿਂ ਕਿਸ ਤੇ ਸੁਨਿ ਹੈ।ਕੋ ਕਾਰਜ ਕਿਹੁ ਭਾਂਤਿ ਨ ਬਨਿ ਹੈ ॥੧੯॥ਸਰਬ ਭਾਂਤਿ ਮਹਿਂ ਭੋਰ[4]ਸੁਭਾਊ। ਨਹੀਂ ਸੁਜਾਨ ਪਛਾਨ ਨ ਕਾਊ। ਇਕ ਪਰੰਤੁ ਐਸੇ ਸੁਖ ਹੋਵਾ। ਤੁਮਰੇ ਢਿਗ ਮੈਂ ਆਵਤਿ ਜੋਵਾ ॥ ੨੦ ॥ ਚਾਰਹੁ ਪੁੱਤ੍ਰਨਿ ਤੇ ਇਸ ਕੇਰ। ਕਰਤੇ ਹੋ ਸਨਮਾਨ ਬਡੇਰ।ਗੁਰਦਿੱਤਾ,ਸੂਰਜ ਮੱਲ ਜੋਇ।ਅਨੀਰਾਇ ਤੀਸਰ ਸੁਤ ਸੋਇ ॥ ੨੧ ॥ ਅਟਲਰਾਇ ਚਾਰਹੁ ਮਤਿਵਾਨ। ਤਿਨ ਕੋ ਅਸ ਨ ਕਰਹੁ ਸਨਮਾਨ।ਮਮ ਸੁਤ ਕੋ ਸਾਦਰ ਬੈਠਾਈ।ਸ੍ਰੀ ਮੁਖ ਤੇ ਬਹੁ ਕਰਤਿ ਬਡਾਈ ॥੨੨॥ ਕੋ ਕਾਰਨ ਇਸ ਮਹਿਂ ਸਮੁਝਾਵਹੁ।ਨਿਤ ਸੰਸੈ ਹੁਇ ਰਿਦੈ ਮਿਟਾਵਹੁ–। ਸੁਨਿ ਕੈ ਜਗ ਗੁਰ ਮੁਗ਼ਲ ਅਰਾਤੀ[5]। ਦੀਰਘ ਬਾਹੁ ਆਯਤ ਛਾਤੀ ॥੨੩॥ ਕਮਲ ਪੱਤ੍ਰ ਬਿਸਤਿਰਤਿ ਬਿਲੋਚਨ। ਅਵਿਲੋਕਤਿ ਮੋਚਤਿ ਚਿਤ ਸੋਚਨਿ।ਸਰਬ ਨਰਨਿ ਤੇ ਦਹਿਬਿਸਾਲਾ।ਕੌਨ ਕਰੈ ਸਮਤਾ ਤਿਨ ਨਾਲ ॥ ੨੪ ॥ ਕਹਤਿ ਭਏ ਪਿਖਿ ਮੁਝ ਕਰ ਜੋਰੀ[6]। –ਇਸ ਕੀ ਸੁਨਹੁ ਬਾਤ, ਮਤਿ ਭੋਰੀ ! ਮਹਾਂ ਪੁਰਖ ਇਹ ਹੁਇ ਬਡ ਭਾਗ। ਜਿਸ ਕੇ ਰਿਦੈ ਦ੍ਵੈਸ਼ ਨਹਿਂ ਰਾਗ ॥ ੨੫ ॥ ਇਸ ਕੇ ਸੁਤ ਪੁਰਸ਼ੋਤਮ ਹੋਇ। ਜਿਸਕੀ ਸਮਤਾ ਕਰਹਿ ਨ ਕੋਇ। ਜਗਤ ਬਿਖੈ ਬਡ ਬਧਹਿ ਪ੍ਰਤਾਪੁ। ਕਰਤਾ ਦੁਸ਼ਟ ਮਲੇਛਨਿ ਖਾਪ ॥੨੬॥ ਸ੍ਰੀ ਗੁਰ ਨਾਨਕ ਕੋ ਜਸੁ ਚੰਦ। ਚੰਦ ਨ ਸਮ ਉਜਲਾਇ ਬਿਲੰਦ[7]। ਰੱਛਾ ਕਰਹਿ ਧਰਮ ਕੀ

[1]ਪਿਆਰ ਕੀਤਾ (ਗੁਰੂ ਜੀ ਨੇ)। [2]ਬਹੁਤ। [3]ਜਦੋਂ ਜਦੋਂ। [4]ਭੋਲਾ। [5](ਮੁਗਲਾਂ) ਨੂੰ ਮਾਰਨ ਵਾਲੇ। [6]ਮੇਰੇ ਹੱਥ ਜੋੜੇ ਦੇਖਕੇ। [7](ਪਰ) ਚੰਦ (ਗੁਰ ਨਾਨਕ ਦੇ ਜਸ ਦੇ) ਤੁੱਲ ਨਹੀਂ (ਗੁਰੂ ਜਸ ਚੰਦ ਤੋਂ ਬੀ) ਬਹੁਤ ਉੱਜਲ ਹੈ। ਕਟਾਖਜ ਇਹ ਹੈ ਕਿ ਚੰਦ ਵਿਚ ਕਾਲੋਂ ਹੈ ਪਰ ਗੁਰ ਨਾਨਕ ਦਾ ਜਸ ਮੂਲੋਂ ਨਿਰਮਲ ਹੈ।(ਅ)ਚੰਦਨਿ=ਚਾਂਦਨੀ ਦੇ ਵਾਂਗ ਬਹੁਤ ਪ੍ਰਕਾਸ਼ਤ ਕਰਨਗੇ।

ਧਰਨੀ[੧]।ਧਰਨੀ ਕੀਰਤਿ ਕਰਿ ਹੈ ਕਰਨੀ[੨]॥੨੭॥ਅਵਨੀ ਅਖਿਲ,ਆਪ-ਨਿਧ ਅੰਬਰ[੩]। ਅੰਬਰ ਲਗਿ ਜਸੁ ਕਥਹਿੰ ਸੁਰੰਬਰ[੪]। ਸ੍ਰੀ ਗੁਰ ਨਾਨਕ ਨਾਮ ਉਦਾਰਾ। ਉੱਜਲ,ਕਰਹਿ ਜਗਤ ਬਿਸਤਾਰਾ[੫] ॥੨੮॥ ਯਾਂਤੇ ਇਨ ਕੋ ਆਦਰ ਘਨੋ। ਕਰਤਿ ਸਭਿਨਿ ਤੇ ਕੀਰਤਿ ਸਨੋ[੬]–। ਇਸ ਕੇ ਪਿਤ ਅਸ ਸਾਚ ਉਬਾਚੀ। ਕਰਵਿ ਪ੍ਰਤੀਛਨ ਰੁਚਿ ਮੈਂ ਰਾਚੀ॥ ੨੯ ॥ ਮੈਂ ਬਯ ਤੇ ਅਬਿ ਬਿਰਧਾ ਭਈ। ਕਬਿ ਸੁ ਸਮਾ ਇਸ ਸੁਤ ਜਨਮਈ। ਤਿਨ ਕੇ ਬਾਕ ਹੋਇ ਸਦ* ਸਾਚੇ। ਸੱਤਜ ਸੰਧ[੭] ਨਿਤ ਸਤਿ ਮਹਿ ਰਾਚੇ॥ ੩੦ ॥ ਇਕ ਤੌ ਇਹ ਬਿਰਤਾਂਤ ਬਖਾਨਾ। ਦੁਤਿਯ ਕਹੌਂ ਮੱਖਣ ! ਸੁਨਿ ਕਾਨਾ। ਅੰਤ ਸਮੈਂ ਮਹਿ[੮] ਮੈਂ ਤਿਸ ਕਾਲ। ਨਿਜ ਵਿਸ਼ ਤੇ ਹੁਇ ਦੀਨ ਬਿਸਾਲ ॥ ੩੧ ॥ ਹਾਥ ਜੋਰਿ ਕਰਿ ਆਗੈ ਖਰੀ। ਖਰੀ ਰੀਤਿ[੯] ਮੈਂ ਬਿਨਤੀ ਕਰੀ। ਕਰੀ[੧੦] ਸੁੰਡ ਜੈਸੇ ਭੁਜਦੰਡ। ਦੰਡ ਜੁ ਦੇਤਿ ਸ਼ੱਤ੍ਰ ਗਨ ਖੰਡਿ ॥੩੨॥–ਹੇ ਪ੍ਰਭੁ ! ਮੋਹਿ ਗਤੀ ਕਯਾ ਹੋਇ ?। ਮਮ ਸੁਤ ਲੱਖਹਿ ਬਿਹਾਰ ਨ ਕੋਇ। ਆਪ ਬਿਨਾ ਕੋ ਹਮਰੋ ਨਾਥ?।ਜਿਨ ਕੇ ਪੱਖੀ ਕੋਇ ਨ ਸਾਥ॥੩੩॥ਕਿਸ ਕੇ ਹਮ ਅਲੰਬ ਹੁਇ ਜੀਵਹਿਂ?। ਜਬਿ ਨਿਰਾਸਰੇ ਤੁਮ ਤੇ ਥੀਵਹਿਂ।ਗੁਰ-ਦਿਤੇ ਕੇ ਸੁਤ ਹਰਿਰਾਇ। ਗੁਰ ਗਾਦੀ ਪਰ ਦਏ ਟਿਕਾਇ॥ ੩੪ ॥ ਪੁੱਤ੍ਰ ਸਰਲ[੧੧] ਕੀ ਮੈਂ ਹੌ ਮਾਤਾ। ਜਿਸ ਬਿਵਹਾਰ ਕਛੂ ਨਹਿ ਜਾਤਾ। ਰਾਵਰ ਅਬਿ ਬਿਕੁੰਠ ਚਹਿ ਜਾਨੇ। ਪ੍ਰਤਿਪਾਲਕ ਥੇ ਸਦਾ ਮਹਾਨੇ–॥ ੩੫ ॥ ਤੇਗ-ਬਹਾਦਰ ਕੇ ਪਿਤ ਸੁਨਿ ਕੈ। ਧੀਰਜ ਦੀਨਿ ਮੋਹਿ ਬਚ ਭਨਿ ਕੈ।–ਨਹਿ ਚਿੰਤਾ ਕਰਿ ਤੂੰ ਕਿਸ ਭਾਂਤਿ। ਸਭਿ ਗੁਨ ਕੀ ਨਿਧਿ ਹੈ ਤੁਵ ਤਾਤ ॥੩੬॥ ਅਪਰ ਥਾਨ ਫਿਰ ਕਰਿ ਗੁਰਿਆਈ।ਪੁਨ ਆਵਹਿ ਤੁਝ ਘਰ ਬਡਿਆਈ। ਸਭਿ ਹੀ ਨਮਹਿਂ ਤੋਹਿ ਢਿਗ ਆਇ। ਕੋਇ ਨ ਕਰਿ ਸਕਿ ਹੈ ਸਮਤਾਇ ॥ ੩੭ ॥ ਨਿੰਦਕ ਮਤਸਰ ਕਰਿ ਪਛੁਤਾਵਹਿ। ਜੋ ਪੂਜਹਿਂ ਸਭਿ ਬਾਂਛਤਿ ਪਾਵਹਿ–। ਇਸ ਪ੍ਰਕਾਰ ਕਹਿ ਮੁਝ ਹਰਖਾਵਾ। ਕ੍ਰਿਪਾ ਦ੍ਰਿਸ਼ਟਿ ਦੇਖੇ ਸੁਖ ਪਾਵਾ॥ ੩੮ ॥ ਮਮ ਸੁਤ ਪਿਤ ਕੋ[੧੨] ਜੋ ਅਸ ਬੈਨ। ਕਰਹੁੰ ਪ੍ਰਤੀ-

[੧]ਧਰਤੀ ਤੇ। [੨]ਧਰਤੀ ਉਨ੍ਹਾਂ ਦੀ ਕਰਨੀ ਦੀ ਕੀਰਤੀ ਕਰੇਗੀ; ਭਾਵ ਲੋਕੀਂ ਜਸ ਕਰਨਗੇ। [੩](ਉਹ ਕੀਰਤੀ ਫੈਲ ਜਾਏਗੀ) ਸਾਰੀ ਪ੍ਰਿਥਵੀ ਉਤੇ, ਸਮੁੰਦਰ ਉਤੇ ਤੇ ਅਕਾਸ਼ ਵਿੱਚ। [ਆਪ ਨਿਧਿ=ਸਮੁੰਦਰ]। [੪]ਅਕਾਸ਼ ਭਾਵ ਸੁਰਗ ਤਕ ਜਸ ਕਹਿਣਗੇ ਸ੍ਰੇਸ਼ਟ ਦੇਵਤੇ। (ਅ) ਸ੍ਰੇਸ਼ਟ ਦੇਵਤਿਆਂ ਤੋਂ ਲੈ ਮਹਾਂ ਵਿਸ਼ਨੂ ਤਕ ਜਸ ਕਰਨਗੇ। [ਅੰਬਰ=ਮਹਾਂ ਵਿਸ਼ਨੂ। (ਅ, ਅੰ=ਵਿਸ਼ਨੂ। ਬਰ=ਸ੍ਰੇਸ਼ਟ। ਮਹਾਂ।)] [੫](ਜੋ ਅਗੇ ਹੀ) ਉਦਾਰ ਉੱਜਲ ਹੈ, (ਉਸਨੂੰ) ਜਗਤ ਵਿਚ ਫੈਲਾਏਗਾ। [੬]ਸਹਿਤ। [੭]ਜਿਨ੍ਹਾਂ ਦਾ ਵਾਕ ਸੱਤ ਹੋਵੇ। [੮](ਛੇਵੇਂ ਗੁਰਾਂ ਦੇ) ਅੰਤ ਸਮੇਂ। [੯]ਚੰਗੀ ਤਰ੍ਹਾਂ। [੧੦] ਹਾਥੀ ਦੇ। [੧੧]ਸਿੱਧੇ ਸਾਦੇ। [੧੨]ਮੇਰੇ ਪੁੱਤ੍ਰ ਦੇ ਪਿਤਾ ਜੀ ਦੇ। *ਪਾ:–ਸ਼ਤ।

ਛਨ[1] ਮੈਂ ਦਿਨ ਰੈਨ।ਅਬਿ ਸਾਚਾ ਸੋ ਹੋਵਨਿ ਲਾਗਾ।ਤਊ ਮੋਹਿ ਸੁਤ ਦਿਢ ਬੈਰਾਗਾ ॥ ੩੯ ॥ ਧੀਰਮੱਲ ਤੇ ਆਦਿ ਸ਼ਰੀਕਾ। ਕਰਤਿ ਦ੍ਵੈਸ਼ ਨਹਿੰ ਭਾਵਹਿ ਨੀਕਾ । ਪ੍ਰਾਨ ਹਾਨਿ ਲਗਿ ਕਰਤਿ ਖੁਟਾਈ। ਜ੍ਵਾਲਾ ਬਮਣੀ ਕਹਿ ਚਲਿਵਾਈ ॥ ੪੦ ॥ ਤਿਸ ਕੋ ਭੀ ਹਿਤ, ਬਾਤਨਿ ਹੇਰਿ[2] । ਫੇਰਹਿ ਕੌਨ ਕਹੈਂ ਬਹੁ ਬੇਰ[3] । ਧੀਰਮੱਲ ਕੋ ਬਡੋ ਸਮਾਜ। ਸਰਬ ਸਮ੍ਰਿੱਧ[4] ਤਾਂਹਿ, ਘਰ ਆਜ ॥ ੪੧ ॥ ਹਮਰੋ ਜੇਤਿਕ ਅਹੈ ਗੁਜ਼ਾਰਾ। ਸੋ ਨੀਕੇ ਤੈਂ ਦ੍ਰਿਗਨਿ ਨਿਹਾਰਾ। ਤਊ ਸੰਤੋਸ਼ ਸਹਿਤ ਸੁਤ ਮੇਰਾ। ਫਿਰਵਾਵਤਿ[5] ਕਹਿ ਦਰਬ ਘਨੇਰਾ॥ ੪੨ ॥ ਤ੍ਰਿਸ਼ਨਾ ਅਗਨਿ ਲਗੀ ਤਿਨ ਘਰ ਕੋ। ਚਹੈਂ ਦਰਬ ਨਿਤ, ਸ਼ਾਂਤਿ ਨ ਉਰ ਕੋ। ਜਿਮ ਇਹ ਕਹੈਂ ਮਾਨਿਬੋ ਸੋਊ।ਚਲਹਿ ਨਹੀਂ ਬਸ ਹਮਰੋ ਕੋਊ[1]॥੪੩॥ ਇਮ ਕਹਿ ਜਨਨੀ ਫੇਰਤਿ ਲੋਚਨ। ਅਸਮੰਜਸ ਲਖਿ ਕਰਤੀ ਸੋਚਨ ।-ਮਮ ਸੁਤ ਤਿਨ ਕੋ ਕਰਹਿ ਭਲੇਰਾ। ਧਨ ਮਦ ਤੇ ਸੋ ਕ੍ਰਿਤ ਅਘ ਕੇਰਾ[6]-॥ ੪੪ ॥ ਤੂਸ਼ਨਿ ਜਨਨੀ ਨੇ ਤਬਿ ਠਾਨਾ।-ਮਮ ਸੁਤ ਬਰਜੋ-ਇਹੀ ਬਡ ਜਾਨਾ। ਇਮ ਬੋਲਤਿ ਸੁਨਿਤੇ ਗੁਰ ਧਾਮਾ[7]। ਬੀਤੀ ਤਬਹਿ ਜਾਮਨੀ ਜਾਮਾ[8] ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ਮ ਰਾਸੇ 'ਮਾਤ ਨਾਨਕੀ ਬਾਕ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸ਼ਮੋ ਅੰਸੂ ॥ ੧੮ ॥

## ੧੯. [ਧੀਰਮੱਲ ਦੀਆਂ ਚੀਜ਼ਾਂ ਮੋੜੀਆਂ]।

ਦੋਹਰਾ ॥ ਸੁਨਿ ਜਨਨੀ ਕੇ ਬਾਕ ਕੋ ਦੁਚਿਤਾ ਮੱਖਣ ਜਾਨਿ ।ਬਹੁਰ ਕਹਯੋ[9] 'ਨਹਿੰ ਦੇਰ ਕਰਿ ਜਾਹੁ ਧੀਰਮੱਲ ਥਾਨ ॥ ੧ ॥ ਚੌਪਈ ॥ ਫੇਰਹੁ[10] ਵਸਤੁ ਜਿਤਿਕ ਤਿਨ ਕੇਰੀ।ਨਿਜ ਧਨ ਕੋ ਭੀ ਦੀਜਹਿ ਫੇਰੀ*। ਚੰਚਲ ਲਛਮੀ ਥਿਰ ਨ ਰਹਤਿ ਹੈ। ਆਏ ਸੁਖ ਚਿਤ, ਗਈ ਦਹਤਿ ਹੈ[11] ॥ ੨ ॥ ਲੋਭੀ ਇਸ ਹਿਤ ਪਾਪ ਅਨੇਕ। ਕਰਤਿ ਕਰਤਿ ਮ੍ਰਿਤੁ ਲਹਿ ਅਬਿਬੇਕ। ਜਯੋਂ ਪ੍ਰਭੁ ਰਾਖੈ ਤਿਮ ਇਹ ਰਹੈ। ਸ਼ਬਦ ਬਿਖੇ ਸ੍ਰੀ ਨਾਨਕ ਕਹੈਂ:-॥੩॥

ਸ੍ਰੀ ਰਾਗ ਮਹਲਾ ੧ ਘਰੁ ੫। ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥ ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥ ੧ ॥

---

[1]ਉਡੀਕਦੀ ਹਾਂ। [2](ਉਸ ਦੀਆਂ ਖੁਟਿਆਈ ਵਾਲੀਆਂ) ਗੱਲਾਂ ਦੇਖ ਕੇ ਭੀ ਉਸਦਾ ਹਿਤ ਹੀ (ਕਰੀ ਜਾਂਦੇ ਹਨ)। [3](ਇਨ੍ਹਾਂ ਨੂੰ) ਕੌਨ ਮੋੜੇ (ਅਸੀਂ ਤਾਂ) ਬਥੇਰਾ ਕਹਿੰਦੇ ਹਾਂ। [4]ਸਮੱਗ੍ਰੀ,ਵਿਭੂਤੀ। [5]ਮੁੜਵਾਉਂਦਾ ਹੈ। [6]ਉਹ ਧਨ ਦੇ ਹੰਕਾਰ ਕਰਕੇ ਪਾਪਾਂ ਦੇ ਕਰਨ ਵਾਲਾ ਹੈ। [7]ਗੁਰੂ ਘਰ ਵਿੱਚ[...]। [8]ਪਹਿਰ ਰਾਤ ਬੀਤ ਗਈ। [9](ਗੁਰੂ ਜੀ ਨੇ) ਕਿਹਾ। [10]ਮੋੜ ਦਿਓ। [11]ਜਾਣ (ਵੇਲੇ ਚਿਤ ਨੂੰ) ਸਾੜਦੀ ਹੈ। *ਸਤਿਗੁਰੂ ਜੀ ਦੀ ਛਿਮਾ, ਵੈਰਾਗ ਤੇ ਤਿਆਗ ਦੀ ਅਵਧੀ ਸਹੀ ਹੋ ਰਹੀ ਹੈ।

ਚੌਪਈ॥ ਛਲ ਤੇ ਛਲੀ ਨ ਜਾਵਹਿ ਮਾਯਾ। ਆਦਿ ਕਟਾਰ ਨ ਆਯੁਧ ਘਾਯਾ।ਤਊ ਨਰਨਿ ਕੇ ਮਨ ਟਲਪਲੈ[1]।-ਹਮ ਕੋ ਸਭਿ ਤੇ ਬਹੁਤੀ ਮਿਲੈ- ॥੪॥ ਸੰਚਨਿ, ਪਾਲਨਿ, ਨਾਸ਼ ਮਝਾਰ। ਦੁਖ ਦਾਯਕ ਧਨ ਕੋ ਨਿਰਧਾਰ। ਭੋ ਮੱਖਣ ! ਕਨੋਂ ਚਿੰਤਾ ਕਰੈਂ। ਦੇਹੁ ਧੀਰਮੱਲ ਉਰ ਦੁਖ ਹਰੈ ॥੫॥ ਲੋਭੀ ਧਨ ਤੇ ਸੁਖ ਕੋ ਚਾਹੈ। ਨਿਸ ਦਿਨ ਇਹ ਤਿਨ ਕੇ ਉਰ ਦਾਹੈ। ਅਪਰ ਬਿਚਾਰ ਕਰਹੁ ਨਹਿਂ ਕੋਈ। ਆਨੀ ਵਸਤੁ ਦੀਜਿਯਹਿ ਸੋਈ' ॥੬॥ ਗੁਰ ਬਚ ਸ਼੍ਰਿੰਖਲ[2] ਤੇ ਰੁਕ* ਗਇਊ। ਮੱਖਣ ਮਨ ਕੁੰਜਰ[3] ਤਬਿ ਭਇਊ। ਕਹਨਿ ਲਗਯੋ 'ਭੋ ਗੁਰਹਿ ਰਜਾਇ†।ਹਮਰੋ ਬਸ ਨ ਚਲਹਿ ਕਿਸ ਭਾਇ ॥ ੭ ॥ ਰਾਵਰਿ ਬਾਕਨਿ ਕੇ ਅਨੁਸਾਰਾ। ਇਸ ਪ੍ਰਕਾਰ ਹੈ ਮਤੋ ਹਮਾਰਾ'। ਗੁਰ ਜਨਨੀ ਕੇ ਦੇਖਤਿ ਤਹਾਂ। ਨਿਜ ਭ੍ਰਿਤਯਨਿ ਸੋਂ ਮੱਖਣ ਕਹਾ ॥ ੮ ॥ 'ਧੀਰਮੱਲ ਕੇ ਨਿਕਟਿ ਸਿਧਾਵਹੁ। ਦਰਬ ਵਸਤੁ ਦਿਹੁ, ਪੁਨਹਿਂ ਸੁਨਾਵਹੁ।-ਇਮ ਜਾਨਹੁ ਸਤਿਗੁਰ ਬਡਿਆਈ। ਬੁਰੇ ਕਰਤਿ ਸੋ ਠਟਹਿਂ ਭਲਾਈ ॥੯॥ ਬਹੁਰ ਨਹੀਂ ਕਿਮ ਕਰਨੀ ਰਾਰ।-ਦੁਰਚਾਰਨਿ ਸੋਂ ਮਸਲਤ ਧਾਰਿ[4]। ਸਤਿਗੁਰ ਕਰੁਨਾ ਤੇ ਇਮ ਭਈ। ਵਸਤੂ ਅਪਰਾਧੀ ਕਹੁ ਦਈ ॥ ੧੦ ॥ ਭਲੀ ਭਈ ਨਹਿਂ ਆਯੁਧ ਚਾਲੇ। ਚਲਤਿ ਜਿ, ਨਹਿਂ ਪਾਯਤ ਕਿਤ ਭਾਲੇ[5]। ਜੀਵਤਿ ਰਹਯੋ ਦਰਬ ਪੁਨ ਪਾਯਾ। ਇਹ ਸ਼੍ਰੀ ਤੇਗ ਬਹਾਦਰ ਦਾਯਾ[6]' ॥ ੧੧॥ ਇਮ ਕਹਿ ਪਠੇ ਸੁ ਮੱਖਣ ਸ਼ਾਹ। ਵਸਤੂ ਅਖਿਲ ਸੌਂਪਿ ਕਰਿ ਤਾਂਹਿ। ਸ਼੍ਰੀ ਗੁਰ ਇਮ ਵਸਤੂ ਫਿਰਵਾਇ। ਪੌਢੇ ਮ੍ਰਿਦੁਲ ਸੇਜ ਪਰ ਜਾਇ ॥੧੨॥ ਤਬਿ ਮੱਖਣ ਉਠਿ ਬੰਦਨਿ ਕਰਿ ਕੈ।ਸੌਂਪਤਿ ਵਸਤੁ ਸੰਭਾਰਨਿ ਕਰਿ ਕੈ। ਅਖਲ ਦਈ ਵਸਤੂ ਜਬਿ ਫੇਰਿ[7]।ਪੁਨਹਿ ਗ੍ਰਿਬ ਸਾਹਿਬ ਜੀ ਹੇਰਿ ॥ ੧੩ ॥ ਦਿਯੋ ਨ ਚਹਤਿ ਅਮੋਲਕ ਜਾਨਿ।-ਰਹੈ ਗੁਰੂ ਢਿਗ-ਇੱਛਾ ਠਾਨਿ।-ਤਿਹ ਢਿਗ ਹੋਨਿ ਅਜੋਗ-ਪਛਾਨਿ।-ਗੁਰ ਘਰ ਮਹਿਂ ਰਹਿ-ਉਚਿਤ ਸੁ ਮਾਨਿ ॥ ੧੪ ॥ ਗੁਰ ਜਨਨੀ ਸੋਂ ਬਾਨੀ ਪ੍ਰਾਹੀ। 'ਇਹ ਸਮਾਨ ਦੂਸਰ ਕੁਛ ਨਾਂਹੀ। ਨਹਿਂ ਫੇਰਹੁ ਐਸੇ ਮਤ ਮੇਰਾ। ਨਿਜ ਘਰ ਮਹਿਂ ਕਰਿਵਾਵਹੁ ਡੇਰਾ ॥ ੧੫ ॥ ਗੁਰੂ ਨ ਪੂਛੈਂ, ਕਹਹੁ ਨ ਕੋਈ। ਇਸ

[1]ਭਾਵ ਨਰਾਂ ਦੇ ਮਨਾਂ ਨੂੰ ਸਾਈਂ ਤੋਂ ਟਾਲਦੀ ਤੇ ਪਲਟਾ ਦੇਂਦੀ ਹੈ। [2]ਸੰਗਲ। [3]ਹਾਥੀ। [4]ਸਲਾਹ ਕਰਕੇ। [5]ਤਾਂ ਤੂੰ ਢੂੰਡਿਆ ਨਾ ਲੱਭਦਾ। [6]ਮੇਹਰ ਹੈ। [7]ਮੋੜ।

*ਪਾ:-ਪ੍ਰੇਰਕ।   †ਪਾ:-ਭੋ ਗੁਰ ਹਰਿ ਜਾਇ।

ਦਰਸ਼ਨ ਪਰਸੇ ਸੁਖ ਹੋਈ'। ਏਵ ਮਤੌ ਕਰਿ ਸਦਨ ਰਖਾਯੋ। ਨਹਿਂ ਬਹੁ-ਤਨਿ ਕੇ ਪਾਸ ਬਤਾਯੋ ॥ ੧੬ ॥ ਲੇ ਕਰਿ ਸਰਬ ਵਸਤੁ ਕੋ ਦਾਸ। ਅਰਪੀ ਜਾਇ ਧੀਰਮਲ ਪਾਸ। ਕਹਿਵਤ ਮੱਖਣ ਕੀ ਸੁ ਸੁਨਾਈ। ਸਤਿਗੁਰ ਕੀ ਕਰੁਨਾ ਸੁ ਬਤਾਈ ॥ ੧੭ ॥ ਬਾਨ ਬਾਕ ਤੇ ਬੀਧਨ ਹੋਵਾ[1]। ਧੀਰਮੱਲ ਊਚੇ ਨਹਿਂ ਜੋਵਾ। ਧਰੇ ਲੋਭ, ਧਨ ਤਜ੍ਯੋ ਨ ਜਾਈ। ਸਹੈ ਨ ਉਰ ਬਾਕ ਜਿ ਦੁਖਦਾਈ ॥ ੧੮ ॥ ਤੂਸ਼ਨਿ ਰਹ੍ਯੋ ਧਾਰ ਕਰਿ ਜਦਾ। ਲੀਨਸਿ ਵਸਤੁ ਮਸੰਦਨਿ ਤਦਾ। ਸ੍ਰੀ ਗੁਰ ਤੇਗ ਬਹਾਦਰ ਕੇਰੀ । ਬਡ ਬਹਾਦੁਰੀ ਲਖਿ ਤਿਸ ਬੈਰੀ ॥ ੧੯ ॥ ਜਾਨਿ ਜਾਨਿ ਬਡ ਏ ਬਡਿਆਈ। ਲੱਜਜਤ ਹੋਤਿ, ਸਹੀ ਨਹਿ ਜਾਈ। ਅਪਨੋ ਭੀ ਹਿਤ ਹੈ ਜਿਸ ਮਾਂਹੀ। ਤਊ ਦੁਖਦ ਲਖਿ ਹਰਖਤਿ ਨਾਂਹੀ ॥ ੨੦ ॥ ਆਇ ਦਾਸ ਜੋ ਦੇ ਦੇ ਜਾਂਹਿ। ਲੇ ਮਸੰਦ ਸੋ ਰਾਖਹਿ ਪਾਹਿ। ਨਹਿ ਬਿਲੋਕਨੌ ਕਿਸ ਦਿਸ਼ਿ ਕਰਿਹੀ। ਲੱਜਾ ਧ[illegible] ਮਨਹੁ ਅਬਿ ਮਰਿਹੀ ॥੨੧॥ ਰਿਦੈ ਬਿਚਾਰਤਿ ਭਾ ਬਹੁ ਭਾਂਤਿ[2]।–ਗੁਰਤਾ ਕੇ ਗੁਨ ਇਹ ਬੱਖ੍ਯਾਤ। ਮੈਂ ਅਪਰਾਧ ਕੀਨਿ ਤਿਨ ਐਸੇ। ਪ੍ਰਾਨ ਹਾਨਿ ਹੁਇ ਜਾਵਹਿ ਜੈਸੇ ॥ ੨੨ ॥ ਸੋ ਅਪਰਾਧ ਚਿਤ੍ਯੋ ਨਹਿਂ ਕੋਈ । ਪੁਨ ਕੀਨਸਿ ਜਿਮ ਮਮ ਹਿਤ ਹੋਈ । ਹਰਿ ਕਿਸ ਮਹਿਂ ਐਸੇ ਗੁਨ ਨਾਂਹੀ। ਜਸ ਗੁਰ ਤੇਗ ਬਹਾਦਰ ਮਾਂਹੀ ॥੨੩॥ ਗੁਰਤਾ ਉਚਿਤ ਨ ਕੈਸੇ ਹੋਇੰ[3]?। ਧੰਨ ਧੰਨ ਤਿਨ ਸਮ ਨਹਿ ਕੋਇ।ਅਪਨੋ ਦਰਬ, ਵਸਤੁ ਮਮ ਸਾਰੀ।ਫੇਰਿ ਦੀਨਿ, ਅਵਗੁਨ ਨ ਬਿਚਾਰੀ॥ ੨੪ ॥ਸੁਨਤਿ ਹੁਤੇ ਬ੍ਰਿੱਛਨਿ ਕੀ ਰੀਤਿ। ਸੰਤਨਿ ਬਿਖੈ ਬਸਤਿ ਹੈ ਮੀਤ। ਅਪਕਾਰੀ ਪਰ ਹ੍ਵੈਂ ਉਪਕਾਰੀ। ਸੋ ਅਬਿ ਨੀਕੀ ਨੈਨ ਨਿਹਾਰੀ–॥ ੨੫ ॥ ਇਮ ਬਿਚਾਰਿ ਕਰਿ ਕਰਿ ਪਛੁਤਾਵਹਿ। ਅਪਨਿ ਆਪ ਕੋ ਧਿਕਹਿ ਮਨਾਵਹਿ[4]। ਸਰਬ ਵਸਤੁ ਕੋ ਲੇਯ ਮਸੰਦ। ਪਿਖ੍ਯੋ ਧੀਰਮਲ ਦੁਖੀ ਬਿਲੰਦ ॥੨੬॥ ਗ੍ਰੀਵਾ ਕੋ ਊਚੀ ਨ ਉਠਾਵੈ। ਨਹਿ ਸਨਮੁਖ ਕਿਹ ਨੇਤ੍ਰ ਲਗਾਵੈ। ਇਮ ਮਨ ਜਾਨਿ ਧੀਰ ਕੋ ਦੈਨਿ। ਕਹ੍ਯੋ ਮਸੰਦ ਰੁਲਾਵਨਿ ਫੈਨ[5] ॥ ੨੭ ॥ 'ਕ੍ਯੋਂ ਤੁਮ ਦੀਨ ਮਨੇ ਹੁਇ ਰਹੇ ?। ਅਪਨਿ ਪ੍ਰਤਾਪ ਆਪ ਨਹਿਂ ਲਹੇ। ਬਡੋ ਪ੍ਰਭਾਵ ਪਛਾਨਿ ਤੁਮਾਰੋ। ਨਿਜ ਕੋ ਲਘੁਤਾ ਬਿਖੈ ਬਿਚਾਰੋ ॥ ੨੮ ॥ ਦਰਬ ਸਹਿਤ ਵਸਤੂ ਦੇ ਦੀਨਸਿ।

---

[1]ਵਿੰਨ੍ਹਿਆਂ ਗਿਆ। [2]ਬਹੁਤ ਤਰ੍ਹਾਂ ਵਿਚਾਰਾਂ ਕਰਨ ਲਗਾ। [3]ਕਿਵੇਂ ਨ ਹੋਵਣ ? [4]ਧ੍ਰਿਕਾਰ ਮਨਾਂਵਦਾ ਹੈ। [5]ਬੱਗ (ਵਡ) ਰੁਲਾਉਣ ਲਈ।

ਅਪਨੇ ਉਚਿਤ ਨਹੀਂ ਇਮ ਚੀਨਸਿ। ਤੁਮਰੇ ਸਦਨ ਬਿਖੈ ਗੁਰਿਆਈ॥ ਨਹਿਂ ਕਿਸ ਹੂ ਤੇ ਛਪਹਿ ਛਪਾਈ ॥ ੨੯ ॥ ਗੁਰ ਹਰਿਰਾਇ ਅਨੁਜ ਤੂੰ ਅਹੈਂ। ਨਿਜ ਭ੍ਰਾਤਾ ਕੀ ਸਮਤਾ ਲਹੈਂ।ਦ੍ਵੈ ਹਜ਼ਾਰ ਦ੍ਵੈ ਸ਼ਤ ਅਸਵਾਰ।ਹੁਤੇ ਸਾਥ ਨਿਤ ਸ਼ਸਤ੍ਰਨਿ ਧਾਰਿ ॥ ੩੦ ॥ ਐਸ੍ਰਜ ਮਹਿਂ ਘਰ ਬਡੋ ਤੁਮਾਰਾ। ਜ਼ਾਹਰ ਜਗਤ ਜਾਨਤੋ ਸਾਰਾ।ਸ੍ਰੀਗੁਰ ਹਰਿ ਗੁਵਿੰਦ ਜੀ ਥਾਪੀ।ਤੁਮਰੇਘਰ ਕੋ ਗੁਰਤਾ ਥਾਪੀ ॥ ੩੧ ॥ ਦੇਸ਼ ਅਨੇਕ ਗਿਨੇ ਨਹਿਂ ਜਾਇਂ। ਪੂਜਤਿ ਰਹੇ ਉਪਾਇਨ ਲ੍ਯਾਇ। ਕਹਾਂ ਭਯੋ ਇਕ ਸਿਖ ਪਰਦੇਸੀ। ਕਿਯ ਅਜੋਗਤਾ ਮੂਢਨਿ ਜੈਸੀ ॥ ੩੨ ॥ ਤਊ ਚਚਾ ਤੁਮ ਤੇਗਬਹਾਦਰ। ਲਖਹਿ ਆਪ ਕੇ ਘਰ ਕੋ ਆਦਰ। ਤੁਮ ਤੇ ਊਨ[1]ਆਪ ਕੋ ਜਾਨਾ। ਅਖਿਲ ਉਪਾਇਨ ਕੋ ਅਰਪਾਨਾ ॥ ੩੩ ॥ ਕਿਧੌਂ ਤੁਮਾਰੇ ਤੇ ਡਰਪਾਵਾ। ਬਾਤ ਭਵਿੱਖਤ ਮਹਿਂ ਚਿਤ ਲਾਵਾ[2]।-ਪਰਦੇਸੀ ਮੱਖਣ ਚਲਿ ਜਾਇ। ਕੇਚਿਤ ਬਾਸੁਰ ਇਹਾਂ ਬਸਾਇ ॥ ੩੪ ॥ ਪੁਨਹਿ ਇਕਾਕੀ ਮੈਂ ਰਹਿ ਜਾਵੌਂ।ਤਦਾ ਸਹਾਇਤ ਕਿਸ ਕੀ ਪਾਵੌਂ-। ਤ੍ਰਾਸ ਭਵਿੱਖਤ ਕੇਰ ਬਿਚਾਰਾ। ਦੀਨਸਿ ਵਸਤੂ ਅਰੁ ਧਨ ਸਾਰਾ ॥ ੩੫ ॥ ਹਰਖਹੁ ਕਰਿ ਉਤਸਾਹੁ ਬਡੇਰਾ।ਚਿੰਤ ਕਰਨਿ ਕੀ ਨਹਿਂ ਇਹ ਬੇਰਾ। ਮਿਲਹਿ ਤੋਹਿ ਸਭਿ ਬਿਧਿ ਬਡਿਆਈ।ਬ੍ਰਿਧਹਿ ਸਮ੍ਰਿਧ[3] ਸੈਨ ਸਮੁਦਾਈ ॥੩੬ ॥ ਵਸਤੁ ਸੰਭਾਰਹੁ ਦਰਬ ਸਮੇਤਾ।ਗੁਰਤਾ ਥਿਰਤਾ ਤੋਹਿ ਨਿਕੇਤਾ। ਧਰਿ ਧੀਰਜ ਅਸ ਬਾਤਨਿ ਮਾਂਹੀ। ਹੋਹਿ ਦੀਨ ਉਚਿਤੀ ਤੁਝ ਨਾਂਹੀ॥੩੭॥ਜੇ ਉਤਸਾਹ ਗੇਰ ਇਮ ਦੇਵੈਂ।ਕੋਇ ਨ ਆਇ ਤੋਹਿ ਪਗ ਨੇਵੈ।ਸਕਲ ਪਦਾਰਥ ਅਬਿ ਘਰ ਆਏ।ਦੇਹੁ ਲੇਹੁ ਮਨ ਮੋਦ ਬਢਾਏ*'॥੩੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸਿ 'ਧੀਰਮਲ ਸੇ ਮਸੰਦ ਬਾਕ' ਪ੍ਰਸੰਗ ਬਰਨਨੰ ਨਾਮ ਏਕ ਊਨ ਬਿੰਸਤੀ ਅੰਸੂ॥੧੯॥

## ੨੦. [ਧੀਰਮੱਲ ਦੀ ਵਾਪਸੀ]।

ਦੋਹਰਾ ॥ ਸੁਨਿ ਮਸੰਦ ਕੇ ਬਾਕ ਕੋ ਧੀਰਮੱਲ ਲਘੁਧੀਰ[4]। ਕੁਛਕ ਦੀਨ ਮਨ ਹੋਇ ਕੈ ਕਹਤੋ ਪਾਇ ਪਰ ਪੀਰ[5] ॥ ੧ ॥ ਚੌਪਈ ॥ 'ਭੋ ਮਸੰਦ ! ਤੈਂ ਭਨਯੋ ਬਨਾਇ। ਜੇ ਉਹ ਚਹਿਤ ਮੋਹਿ ਮਰਿਵਾਇ।ਜਿਸ ਕੇ ਪਾਸ ਪੰਚ ਸੈ

---

[1]ਘੱਟ। [2]ਭਾਵ ਗੁਰੂ ਤੇਗ ਬਹਾਦਰ ਜੀ ਨੇ ਅਗੋਂ ਦੀ ਗਲ ਸੋਚੀ ਹੈ ਕਿ। [3]ਸਮਿੱਗ੍ਰੀ। [4]ਥੋੜਾ ਜਿਹਾ ਹੌਂਸਲਾ ਕਰਕੇ। [5]ਪ੍ਰੰਤੂ ਪੀੜਾ ਪਾਕੇ (ਕਿਹਾ)।

*ਧੀਰਮੱਲ ਦਾ ਮਨ ਸਚਾਈ ਤੇ ਆ ਗਿਆ ਹੈ, ਪਰ ਫੇਰ ਮਾਇਆ ਕਿਵੇਂ ਪੇਂਦੀ ਹੈ ਤੇ ਕੁਸੰਗੀ ਮਿੱਤ੍ਰਾਂ ਤੇ ਸਾਰਥੀ ਖੁਸ਼ਾਮਦੀਆਂ ਵੱਲੋਂ ਉਦੇ ਹੋ ਰਹੀ ਸੁਮਤੀ ਕਿਵੇਂ ਨਸ਼ਟ ਕੀਤੀ ਜਾਂਦੀ ਹੈ ਇੱਥੇ ਕਵੀ ਜੀ ਨੇ ਕਮਾਲ ਨਾਲ ਦਰਸਾਈ ਹੈ। ਕਵੀ ਜੀ ਦਾ ਮਾਨਸਿਕ ਅਵਸਥਾ ਤੇ ਜਗਤ ਸੁਭਾਵ ਨੂੰ ਸਮਝਣਾ ਤੇ ਦਰਸਾਉਣਾ ਉਨ੍ਹਾਂ ਦੇ ਉਚੇ ਕਵੀ ਹੋਣ ਦੀ ਨਿਸ਼ਾਨੀ ਹੈ।

ਨਰ ਹੈਂ। ਅਸ ਮੱਖਣ ਅਬਿ ਰਹਿ ਅਨੁਸਰਿ ਹੈ[੧] ॥੨॥ ਤਿਸ ਰਜਾਇ ਕੋ ਪਾਇ ਕਰੈਤਾ[੨]। ਯਾਂਤੇ ਬਚਯੋ ਮੋਹਿ ਨਹਿਂ ਹੈਤਾ[੩]।ਪੂਰਬ ਭੀ ਸ਼ਾਂਤੀ ਚਿਤ ਸੋਇ। ਕਬਹੁ ਕੁਕਰਮ ਕੀਨਿ ਨਹਿਂ ਕੋਇ ॥ ੩ ॥ ਅਬਿ ਭੀ ਕਰਿ ਨਹਿ ਸਕਹਿ ਖੁਟਾਈ। ਮੁਝ ਮਨ ਮੈਂ ਇਸ ਹੀ ਬਿਧਿ ਆਈ। ਅਥਵਾ ਤੋਹਿ ਕਹਯੋ ਜਿਸ ਭਾਂਤੀ। ਹੁਈ ਹੋਇਗੀ ਤੈਸਿਹੁਂ ਬਾਤੀ ॥ ੪ ॥ ਤਊ ਸੁਨਹੁ ਮੋਕਹੁ ਦੁਖਦਾਈ। ਭਯੋ ਬਿਗਾਰ ਜਿ ਨਹਿਂ ਸੁਧਰਾਈ[੪]। ਪਤਿ ਮਹਿਂ ਰਖਨਾ[੫] ਅਸ ਪਰ ਗਇਊ। ਜਿਸ ਤੇ ਪੂਰਬ ਸਮ ਨਹਿਂ ਭਇਊ ॥ ੫ ॥ ਅਪਜਸੁ ਬਿਥਰਹਿ ਸਭਿਹਿਨਿ ਮਾਂਹੀ। ਇਹ ਬਿਰਤਾਂਤ ਦੁਰਹਿ ਕਿਮ ਨਾਂਹੀ। ਸੋਢੀ ਬ੍ਰਿੰਦ ਸ਼ਰੀਕ ਹਮਾਰੇ। ਮਿਲਹਿਂ ਪਰਸਪਰ ਹਸਹਿ ਉਦਾਰੇ ॥ ੬ ॥ ਸਭਿ ਬਿਧਿ ਮੇਰੀ ਭਨਹਿਂ ਖੁਟਾਈ।ਤੇਗ ਬਹਾਦਰ ਕੀ ਭਲਿਆਈ। ਕਿਮ ਬੈਠੌਂ ਮੈਂ ਸਭਾ ਮਝਾਰੀ। ਹੋਵੌਂ ਲੱਜਿਤਿ ਰਿਦੇ ਬਿਚਾਰੀ ॥ ੭ ॥ ਜੋ ਰਹਿਤੇ ਕਰਤਾਰਪੁਰੇ ਮਹਿਂ। ਅਸ ਬਿਨਪਤੀ[੬] ਹੋਤਿ ਤਿਹਠਾਂ ਨਹਿਂ। ਨਿਜ ਨਿਕੇਤ ਰਹਿ ਸੁਜਸੁ ਸਮੇਤ। ਆਵਹਿਂ ਸਿਖ ਸੰਗਤਿ ਕਰਿ ਹੇਤੁ ॥ ੮ ॥ ਅਨਗਨ ਚਲੀ ਉਪਾਇਨ ਆਵਹਿ।ਨਿਜ ਘਰ ਮਹਿਂ ਸਭਿ ਬਿਧਿ ਸੁਖ ਪਾਵਹਿਂ। ਕੇਤਿਕ ਮਿਲਤਿ ਜਿ ਮੱਖਣ ਜੈਸੇ। ਪਿਖਨਿ ਸਮੁੱਥ ਨ ਹ੍ਵੈ ਤਿਹ ਕੈਸੇ[੭] ॥ ੯ ॥ ਤੈਂ ਕਹਿ ਕਹਿ ਉਪਦੇਸ਼ ਘਨੇਰ। ਇਹਾਂ ਆਨਿ ਕਰਿਵਾਯਹੁ ਡੇਰੇ। ਪੁਨਹ ਚਲਯੋ ਛੀਂਕਤਿ[੮] ਮੈਂ ਬਰਜਯੋ। ਨਹਿਂ ਮਾਨਯੋਂ, ਅਪਨੋ ਮਤ ਸਰਜਯੋਂ[੯] ॥ ੧੦ ॥ ਅਪਜਸੁ ਕੋ ਸੰਕਟ ਮੁਝ ਦੀਨਸਿ। ਤੁਮ ਅਨੁਸਾਰ ਏਹੁ ਫਲ ਲੀਨਸਿ। ਜਥਾ ਤੁਰੰਗ ਹੋਇ ਮੁਹਤਾਨਾ। ਜਾਹਿ ਕੁਮਾਰਗ ਕਰੇ ਧਿਙਾਨਾਂ ॥ ੧੧ ॥ ਬਿਖਰੀ[੧੦] ਧਰਾ ਗੇਰਿ ਅਸਵਾਰ। ਪੁਨ ਬਿਚਰਤਿ ਨਿਜ ਇੱਛਾ ਧਾਰਿ। ਤਸ ਮੇਰੇ ਸੰਗ ਕੀਨਸਿ ਬਾਤ। ਪੁਨ ਨ ਹਾਥ ਆਵਹਿ ਕਿਸ ਭਾਂਤਿ ॥੧੨॥ ਮਮ ਚਿਤ ਅਬਿ ਥਿਰਤਾ ਨਹਿਂ ਗਹੇ। ਕ੍ਯੋਂ[੧੧] ਸ਼ਰੀਕ ਹਾਸ ਕੋ ਸਹੇਂ। ਮੈਂ ਤੌ ਇਹਾਂ ਰਾਤਿ ਹੀ ਰਹੌਂ।ਤਿਮਰ ਹੋਤਿ ਹੀ ਨਿਕਸਨਿ ਚਹੌਂ ॥ ੧੩ ॥ ਨਹਿਂ ਕਿਸ ਹੂੰ ਨਿਜ ਮੁਖ ਦਿਖਲਾਵੌਂ।

[੧](ਗੁਰੂ ਜੀ ਦੇ) ਅਨੁਸਾਰੀ ਰਹਿੰਦਾ ਹੈ। [੨](ਕੰਮ) ਕਰਦਾ ਹੈ (ਮੱਖਣ ਸ਼ਾਹ)। [੩]ਮੈਨੂੰ ਮਾਰਿਆ ਨਹੀਂ। (ਅ) ਨਹੀਂ ਤਾਂ ਮੈਨੂੰ ਮਾਰ ਦੇਂਦਾ। [੪]ਜੋ ਸੁਧਰ ਨਹੀਂ ਸਕਦਾ। [੫]ਫਰਕ। [੬]ਬੇਇੱਜ਼ਤੀ। [੭]ਕਿਸੇ ਤਰ੍ਹਾਂ ਤਿਨ੍ਹਾਂ ਨੂੰ (ਮੇਰੀ ਵਲ) ਦੇਖਣ ਦੀ ਤਾਕਤ ਨਾ ਹੁੰਦੀ। [੮]ਟੁਰਨ ਵੇਲੇ ਨਿੱਛ ਪਈ ਤੇ। [੯]ਤੂੰ ਕੀਤਾ ਅਪਨਾ ਮਤਾ। [੧੦]ਬਿਖੜੀ। [੧੧]ਕਿਵੇਂ।

ਅਰਣੋਦੈ[1] ਤੇ ਪ੍ਰਥਮ ਸਿਧਾਵੋਂ।ਅਸ ਲਾਲਚ ਤੈਂ ਮੋਹਿ ਕਰਾਵਾ। ਜਿਸ ਤੇ ਪੂਰਬ ਸੁਜਸੁ ਨਸਾਵਾ॥੧੪॥ਅਬਿ ਤੂ ਵਸਤੁ ਸੰਭਾਰਨਿ ਕਰੀਅਹਿ। ਰਹੀ ਗਈ ਕੀ ਸੋਝੀ ਧਰੀਅਹਿ। ਸਭਿ ਕੇ ਭਾਰ ਲੇਹੁ ਬੰਧਵਾਇ। ਡੇਰਾ ਤਯਾਰ ਕਰਹੁ ਸਮੁਦਾਇ॥ ੧੫ ॥ ਅਪਨੇ ਨਗਰ ਬਿਖੈ ਨਿਤ ਰਹੈਂ। ਜਹਿਂ ਸਭਿ ਬਿਧਿ ਕੀ ਕੀਰਤਿ ਲਹੈਂ। ਰਹੈਂ ਜਿ ਗ੍ਰਾਮ ਬਕਾਲੇ ਠੌਰ।ਸਰਬ ਸ਼ਰੀਕਨਿ ਮਹਿਂ ਭਾ ਹੌਰਾ॥ ੧੬ ॥ ਚਾਹਨਿ ਆਏ[2] ਅਧਿਕ ਬਡਾਈ। ਭਈ ਪ੍ਰਥਮ ਹੀ ਤੇ ਲਘੁਤਾਈ'। ਇਸ ਪ੍ਰਕਾਰ ਕੋ ਮਤਿ ਸੁਨਿ ਕਰਿਕੈ। ਰਹਯੋ ਮਸੰਦ ਮੌਨਤਾ ਧਰਿ ਕੈ ॥੧੭॥ ਧੀਰਮੱਲ ਤੇ ਸੁਨਿ ਭ੍ਰਿਤ ਸਾਰੇ[3]। ਵਸਤੁ ਸਹਿਤ ਡੇਰੇ* ਕਿਯ ਤਯਾਰੇ। ਜਾਗ੍ਰਤ ਰਹੇ ਨੀਂਦ ਨਹਿਂ ਆਈ। ਬੰਧੇ ਭਾਰ ਧਰੇ ਇਕ ਥਾਂਈ॥੧੮॥ਮੱਖਣ ਕੇ ਨਰ ਦੇ ਦੇ ਜਾਹਿਂ। ਲੇ ਲੈ ਭਾਰ ਸਕਲ ਬੰਧਵਾਹਿਂ। ਅਰਧ ਰਾਤ੍ਰਿ ਲੌ ਰੌਰਾ ਰਹਯੋ। ਪੁਨ ਟਿਕ ਰਹੇ ਥਾਨ ਨਿਜ ਲਹਯੋ ॥੧੯॥ ਮੱਖਣ ਅਪਨੇ ਜਨ ਸਭਿ ਲੀਨੇ। ਸਿਵਰ ਜਾਇ ਸਿਹਜਾ ਸੁਖ ਭੀਨੇ। ਨਿਜ ਗੁਰ ਕੋ ਬਦਲਾ ਲੈ ਗਯੋ। ਤਊ ਰਿਦੇ ਮਹਿਂ ਅਟਪਟ ਭਯੋ[4] ॥ ੨੦ ॥ ਗੁਰ ਸੁਸ਼ੀਲਤਾ ਅਧਿਕ ਬਿਚਾਰਤਿ।-ਅਪਰ ਕੌਨ ਇਮ ਛਿਮਾ ਸੁ ਧਾਰਤਿ। ਤਿਨਹੁੰ ਕੀਨਿ ਦੀਰਘ ਅਪਰਾਧੂ। ਇਹ ਕੈਸੇ ਬਰਤੈਂ ਬਡ ਸਾਧੂ ॥੨੧॥ ਨਿਜ ਧਨ ਵਸਤੂ ਤਿਸ ਕੀ ਦਈ। ਨਹੀਂ ਬਿਕਿਰਤਾ[5] ਬੁਧਿ ਕੀ ਭਈ। ਧੀਰਜ ਉਰ ਮਹਿਂ ਰਹਿ ਇਕਸਾਰਾ। ਨਹਿਂ ਕੋਈ ਅਪਰਾਧ ਬਿਚਾਰਾ-॥ ੨੨ ॥ ਇੱਤਯਾਦਿਕ ਗੁਣ ਸਹਿਤ ਬਿਬੇਕ। ਮੱਖਣ ਚਿਤਵਤਿ ਰਿਦੇ ਅਨੇਕ। ਭਯੋ ਨੀਂਦ ਵਸਿ ਮੁੰਦ੍ਰਿਤ ਨੈਨ। ਨਿਜ ਘਰ ਪੌਢੇ ਗੁਰ ਸੁਖਦੈਨ ॥ ੨੩॥ ਆਧੀ ਰਾਤਿ ਢਰੀ ਜਬਿ ਆਇ। ਲੋਕ ਗਏ ਟਿਕ ਨਿਜ ਨਿਜ ਥਾਇਂ। ਆਦਿ ਮਸੰਦ ਅਪਰ ਮੁਖਿ ਮਾਨਵ[6]। ਧੀਰ ਮੱਲ ਸੋਂ ਕੀਨਿ ਬਖਾਨਵ ॥ ੨੪ ॥ 'ਅਪਨੀ ਵਸਤੁ ਅਖਿਲ ਹੀ ਆਈ। ਆਯੋ ਸੰਗ ਦਰਬ ਸਮੁਦਾਈ। ਸ੍ਰੀ ਗ੍ਰਿੰਥ ਸਾਹਿਬ ਜੀ ਮਹਾਂ। ਸੋ ਨਹਿਂ ਦੀਨਸਿ ਰਾਖਯੋ ਤਹਾਂ ॥ ੨੫ ॥ ਜਿਸ ਕੈ ਸਮ ਕੋ ਦੂਸਰ ਨਾਂਹੀ। ਵਸਤੁ ਅਮੋਲਕ ਤੁਮਰੇ ਪਾਹੀ।ਜਿਸ ਕੋ ਤਜਨੋ ਨਹਿਂ ਬਨਿ ਆਇ।ਜੋ ਬਡਿਅਨਿ ਕੇ ਹਾਥਨਿ ਕਾਇ[7] ॥ ੨੬ ॥ ਸੰਗਤਿ ਸਗਰੀ ਜਿਹ ਬਡ ਮਾਨਹਿ।

---

[1]ਸੂਰਜ ਚੜ੍ਹਨ ਤੋਂ। [2]ਚਾਹ ਕਰਕੇ ਆਏ ਸਾਂ। [3]ਸਾਰੇ ਦਾਸ। [4]ਬਿਥਵਾ, ਘਬਰਾਇਆ ਹੋਇਆ। [5]ਵਿਗਾੜ, ਵਿਕਾਰ। [6]ਮੁਖੀ ਮਨੁੱਖ। [7]ਹੱਥਾਂ ਦਾ ਹੈ। *ਪਾ:-ਡੇਰੇ।

ਦਰਸ਼ਨ ਕਰਹਿ ਕ੍ਰਿਤਾਰਥ ਜਾਨਹਿ।ਜਨੋਂ ਕਨੋਂ ਦੇਂਵਹਿ ਤਿਹ ਅਨਵਾਵਹੁ[1]।
ਤਿਸ ਬਿਹੀਨ ਕਿਮ ਘਰ ਕੋ ਜਾਵਹੁ ॥ ੨੭ ॥ ਐਸੀ ਵਸਤੁ ਹਾਥ
ਨਹਿਂ ਆਵਹਿ। ਸਭਿਹਿਨਿ ਬਿਖੈ ਮਹਤਤਾ ਪਾਵਹਿ'। ਸੁਨਿ ਕੈ ਧੀਰਮੱਲ
ਅਨੁਖਾਯੋ। 'ਮਮ ਘਰ ਤੇ ਤੁਮ ਨੇ ਸੁ ਗਵਾਯੋ ॥ ੨੮ ॥ ਮਮ ਘਰ ਕਿਮ
ਆਵੈ ਜੋ ਗਯੋ। ਰਿਪੁ ਬਲਵਾਨ ਪਾਸ ਜੋ ਥਿਯੋ। ਲਰਿਬੇ ਤੇ ਹਮ ਹਾਥ ਨ
ਆਵੈ। ਜਾਚਨਿ ਤਿਨ ਤੇ ਕਿਮ ਬਨਿ ਆਵੈ ॥੨੯ ॥ ਮਾਰਨਿ ਮਰਨ ਬੈਰ
ਪਰਿ ਗਯੋ। ਤੁਮਰੇ ਪ੍ਰੇਰੇ ਮੈਂ ਕਰਿ ਲਯੋ। ਆਇ ਗ੍ਰਿੰਥ ਸਾਹਿਬ ਹਮ ਪਾਹੀ।
ਅਸ ਉਪਾਇ ਕੋ ਪਾਯਤਿ ਨਾਂਹੀ ॥ ੩੦ ॥ ਵਸਤੁ ਦਰਬ ਇਹ ਸਭਿ
ਕਰ ਆਇ। ਕਹਹੁ ਗ੍ਰਿੰਥ ਸਾਹਿਬ ਕਿਤ ਪਾਇਂ[2] ? ਇਹੁ ਤੌ ਕਾਜ ਬੁਰੋ
ਬਹੁ ਭਯੋ। ਜਿਸ ਕੋ ਨਹਿਂ ਉਪਾਇ ਕੁਛ ਥਿਯੋ॥੩੧॥ ਜੋ ਕਰਿ ਬੈਠਿ ਰਹੌਂ
ਇਸਥਾਨ। ਤਊ ਨ ਸੋ ਦੇਹੈ ਮੁਝ ਆਨਿ। ਸ਼੍ਰੀ ਗੁਰ ਅਰਜਨ ਜੀ ਇਹੁ
ਕੀਨਾ। ਹਮਹਿਂ ਗੁਰੂ ਹਰਿਗੋਬਿੰਦ ਦੀਨਾ ॥ ੩੨ ॥ ਉਨ ਕੇ ਹਮਰੇ ਹੈਂ ਸੁ
ਬਡੇਰੇ। ਦਾਵਾ ਕਰਿ ਬੈਠਹਿ ਇਸ ਬੇਰੇ। ਜੇ ਗੁਰ ਤੇਗ ਬਹਾਦਰ ਦੇਯ।
ਨਹਿਂ ਲਾਲਚ ਕਰਿ ਆਪ ਸੁ ਲੇਯ ॥ ੩੩ ॥ ਤੌ ਹਮਰੇ ਕਰ ਆਵੈ ਸੋਇ।
ਅਪਰ ਉਪਾਇ ਚਲਹਿ ਨਹਿਂ ਕੋਇ। ਤਊ ਨ ਮੇਰੋ ਹੋਵਹਿ ਰਹਿਨੋ। ਮਹਾਂ
ਕਸ਼ਟ ਇਹ ਜਾਇ ਨ ਸਹਿਨੋ ॥ ੩੪ ॥ ਭੋਰ ਹੋਤਿ ਤੇ ਪ੍ਰਥਮ ਸਿਧਾਵੌਂ।
ਸ਼੍ਰੀ ਕਰਤਾਰਪੁਰੇ ਮਹਿ ਜਾਵੌਂ। ਸ਼੍ਰੀ ਗੁਰ ਨਾਨਕ ਆਦਿ ਮਹਾਨੇ। ਸ਼੍ਰੀ
ਹਰਿਰਾਇ ਤੀਕ ਜਗ ਮਾਨੇ॥੩੫॥ਸਭਿਹਿਨਿ ਕੇ ਮੈਂ ਚਰਨ ਮਨਾਵੌਂ। ਬਹੁ
ਪੰਚਾਂਮ੍ਰਿਤ ਕਰਿ ਬਰਤਾਵੌਂ।ਸ਼੍ਰੀਗੁਰ ਤੇਗ ਬਹਾਦਰ ਰਿਦੇ। ਬਸ ਕਰਿ[3],ਬੁਧਿ
ਫੇਰਹਿਂ ਜਦ ਕਦੇ ॥ ੩੬ ॥ ਦੇਹਿਂ ਗ੍ਰਿੰਥ ਸਾਹਿਬ ਬਿਨ ਜਾਚੇ। ਪੁਰਹਿਂ
ਕਾਮ ਇਹ ਸਤਿਗੁਰ ਸਾਚੇ। ਸ਼ਰਨ ਬਡਨਿ ਕੀ ਬਿਨਾ ਜਿ ਆਨ। ਨਹਿਂ
ਉਪਾਇ ਕੋ ਨਿਸ਼ਚੈ ਜਾਨਿ ॥ ੩੭ ॥ ਸੋ ਮੈਂ ਸ਼ਰਨ ਸਭਿਨਿ ਕੀ ਅਹੌਂ।
ਤਿਨ ਤੇ ਪੂਰਨ ਕਾਮਨਾ ਚਹੌਂ। ਜਤਨ ਹੁਤੋ ਇਹੁ ਸੋ ਕਰਿ ਦੀਨਿ।ਅਪਰ
ਉਪਾਇਨ ਤੇ ਮੈਂ ਹੀਨ' ॥੩੮॥ ਪਸਚਾਤਾਪ ਕਰਤਿ ਬਹੁ ਬਾਰੀ। ਸੋਚਤਿ
ਸੰਕਟ ਪ੍ਰਾਪਤਿ ਭਾਰੀ। ਇਮ ਬਿਰਲਾਪਤਿ ਬਹੁਤ ਬਿਸੂਰਤਿ। ਅਚਲ
ਰਹਤਿ ਜਨੁ ਚਿੱਤ੍ਰੀ ਮੂਰਤਿ ॥ ੩੯ ॥ ਜਾਗ੍ਰਤਿ ਬੀਤ ਗਈ ਸਭਿ ਰੈਨ।

[1]ਮੰਗਾਵੋ। [2]ਕਿਥੋਂ ਪਾ ਸਕਾਂਗੇ ? ਭਾਵ ਕਿਤੋਂ ਨਹੀਂ ਮਿਲਣਗੇ। [3]ਰਿਦੇ ਵਿਚ ਸਹੇ (ਉਨ੍ਹਾਂ ਦੀ.....)।

ਪੌਢਿ, ਨਹੀਂ ਤਬਿ ਮੁੰਦੇ ਨੈਨ[1]। ਚਿੰਤਾ ਸਲਿਤਾ ਮਨ ਅਰਬਿੰਦ। ਬਹਨੋ ਵਿਰਤਿ ਦੁਖ ਮਾਨਿ ਬਿਲੰਦ[2] ॥ ੪੦ ॥ ਚਤਰ ਘਟੀ ਰਾਤੀ ਜਬਿ ਰਹੀ। ਧੀਰਮੱਲ ਨਿਜ ਜਨ ਸੋਂ ਕਹੀ। 'ਆਨਹੁ ਅਬਹਿ ਜੁ ਬਾਹਨ ਮੇਰਾ।ਪਰਹੁ ਪੰਥ, ਨਹਿਂ ਕੀਜਹਿ ਦੇਰਾ'॥੪੧॥ਅਪਨੀ ਵਸਤੁ ਅਖਿਲ ਸੰਭਾਰੀ।ਲੀਨਿ ਦਰਬ ਮੁਖ ਤੂਸ਼ਨਿ ਧਾਰੀ। ਗਮਨੇ ਮਾਰਗ ਪੁਰਿ ਕਰਤਾਰ। ਚਿਤਹਿ ਗ੍ਰਿਬ ਜੀ ਰਿਦੇ ਮਝਾਰ ॥ ੪੨ ॥–ਭਲੀ ਬਡਾਈ ਪਾਵਨਿ* ਆਏ। ਹੁਤੀ ਪ੍ਰਥਮ ਭੀ ਦਈ ਗਵਾਏ–। ਅਧਿਕ ਬਿਸੂਰਤਿ ਨਿਜ ਘਰ ਗਯੋ। ਨਹਿਂ ਬਸਿ ਚਲਨੋ ਰਿਦੇ ਪਛੁਤਯੋ ॥੪੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਧੀਰਮੱਲ ਕੋ ਚਵਨ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥ ੨੦ ॥

## ੨੧. [ਮੱਖਣ ਤੇ ਗੁਰੂ ਜੀ ਸ੍ਰੀ ਅੰਮ੍ਰਿਤਸਰ ਪੁੱਜੇ]।

ਦੋਹਰਾ॥ਗ੍ਰਾਮ ਬਕਾਲੇ ਕੇ ਬਿਖੈ ਹੋਈ ਜਬਹਿ ਪ੍ਰਭਾਤਿ। ਧੀਰਮੱਲ ਕੋ ਸਿਵਰ ਪਿਖਿ[3] ਪਰਨੋ ਛੂਛ, ਗਾ ਰਾਤ[4] ॥ ੧ ॥ ਚੌਪਈ ॥ ਸਭਿਹਿਨਿ ਪੇਖਨੋ ਉਠਿ ਸੋ† ਗਯੋ–ਨਹਿਂ ਰਹਿ ਸਕਨੋ ਖੋਟ ਜਿਨ ਕਯੋ। ਨਿਜ ਪ੍ਰਾਨਨਿ ਮੈਂ ਸੰਸੇ ਜਾਨਾ। ਜਿਸ ਨੇ ਕ੍ਰੂਰ ਕਰਮ ਇਤ ਠਾਨਾ ॥ ੨ ॥ ਕੈਸੇ ਚਰਨ ਟਿਕਹਿਂ ਤਿਸ ਕੇਰੇ। ਬਡ ਅੱਪਰਾਧ ਕੀਨਿ ਸਭਿ ਹੇਰੇ। ਤ੍ਰਸਤਿ ਕਰਤਿ ਭਾ ਸੰਸੇ ਪ੍ਰਾਨ। ਸਮ ਕਾਇਰ ਕੇ ਧੀਰ ਧਰਾ ਨ–॥੩॥ ਇਸ ਪ੍ਰਕਾਰ ਤਹਿ ਮੱਖਣ ਸ਼ਾਹ। ਰਹਨੋ ਗੁਰੂ ਢਿਗ ਪ੍ਰੇਮ ਉਮਾਹ।ਦਰਸ਼ਨ ਦਰਸਹਿ ਪਰਸਹਿ ਚਰਨ। ਹਰਨੋ ਚਹੈ ਦੂਖ ਜਨਮ ਰੁ ਮਰਨ ॥ ੪ ॥ ਨਿਤ ਪ੍ਰਤਿ ਸ਼ਰਧਾ ਅਧਿਕ ਬ੍ਰਧਾਵਹਿ । ਸ੍ਰੀ ਮੁਖ ਬਾਕ ਸੁਨਹਿ ਸੁਖ ਪਾਵਹਿ । ਸ੍ਰੀ ਗੁਰ ਭਗਤਿ ਗਯਾਨ ਉਪਦੇਸ਼ਹਿਂ। ਕਟਤਿ ਕਲੇਸ਼ ਅਸ਼ੇਸ਼ ਹਮੇਸ਼ਹਿਂ ॥੫॥ ਇਕ ਦਿਨ ਮੱਖਣਸ਼ਾਹ ਬਖਾਨਾ। 'ਸ੍ਰੀ ਗੁਰਦੇਵ ਅਨੰਦ ਨਿਧਾਨਾ! ਗੁਰ ਅਰਜਨ ਜੀ ਰਚਨੋ ਸੁਧਾਸਰ। ਤਿਨ ਕੋ ਪਿਤ ਉਪਦੇਸ਼ਨੋ ਜੋ ਕਰ[5]॥੬॥ਤਹਾਂ ਜਾਨਿ ਕੀ ਹੈ ਮਮ ਚਾਹੂ। ਮੱਜਨ ਕਰੋਂ ਕਲੁਖ ਗਨ ਦਾਹੂ। ਭਲੋ ਪਰਬ ਅਬਿ ਪਹੁਚਨੋ ਆਨਿ। ਭਯੋ ਬਿਸਾਖੀ ਕੋ ਇਸ਼ਨਾਨ ॥ ੭ ॥ ਦਰਸ਼ਨ ਦਰਸੋਂ ਸ੍ਰੀ ਗੁਰੁ ਧਾਮ। ਕਹੀ ਪ੍ਰਸ਼ੰਸਾ ਜਿਸ ਅਭਿਰਾਮ। ਰਾਵਰ ਕੀ ਮੈਂ ਆਇਸੁ

[1]ਲੰਮਾ ਪੈ ਰਿਹਾ ਤਦ ਬੀ ਅੱਖ ਨਹੀਂ ਲਗੀ । [2]ਮਨ ਰੂਪੀ ਕਵਲ ਚਿੰਤਾ ਰੂਪੀ ਨਦੀ ਵਿਚ ਬੜਾ ਦੁੱਖ ਮੰਨਕੇ ਰੁੜ੍ਹ ਰਿਹਾ ਹੈ। [3]ਵੇਖਿਆ। [4]ਰਾਤ ਨੂੰ ਤੁਰ ਗਿਆ ਹੈ (ਧੀਰਮੱਲ,। [5]ਜਿਵੇਂ ਕਰਨ ਲਈ ਭਾਵ ਰਚਣ ਲਈ ਤਿਨ੍ਹਾਂ ਨੂੰ ਪਿਤਾ ਨੇ ਉਪਦੇਸ਼ਿਆ ਸੀ।

*ਪਾ:–ਅਪਨੇ। †ਪਾ:–ਨਿਸ ਖਿਸ।

ਪਾਇ। ਪੁਨ ਆਵੋਂ ਸੁੰਦਰ ਦਰਸਾਇ[1]" ॥ ੮ ॥ ਸ਼੍ਰੀ ਗੁਰੁ ਕਹ੍ਯੋ'ਦੂਰ ਕੁਛ ਨਾਂਹੀ। ਜਿਸ ਦਰਸ਼ਨ ਤੇ ਸਭਿ ਸੁਖ ਪਾਹੀਂ। ਹਮ ਭੀ ਗਮਨਹਿਂ ਚਲਿ ਦਰਸੈ ਹੈਂ। ਕਰਹਿਂ ਸ਼ਨਾਨ ਥਾਨ ਸਿਰ ਨਸੈ ਹੈਂ॥੯॥ਚਲਹਿਂ ਬੇਗ ਇਕਠੇ ਮਗ ਸੋਇ। ਮਿਲਹਿਂ ਆਇ ਪੁਨ ਹਰਖਤਿ ਹੋਇ। ਸਤਿਗੁਰੁ ਕਰਹਿਂ ਭਾਵਨਾ ਪੂਰੀ। ਉੱਜਲ ਸੁਮਤਿ ਹੋਇ ਬਿਧਿ ਰੂਰੀ'॥ ੧੦॥ ਇਸ ਪ੍ਰਕਾਰ ਸਤਿਗੁਰੁ ਫੁਰਮਾਇ। 'ਤਯਾਰੀ ਕਰਹੁ' ਸੁ ਦੀਨਿ ਰਜ਼ਾਇ। ਸੁਨਿ ਮੱਖਣ ਹਰਖ੍ਯੋ ਇਸ ਭਾਇ।–ਕਾਰਨ ਇਕ, ਦ੍ਵੈ ਕਾਰਜ ਪਾਇ[2]–॥ ੧੧॥ ਅਪਨੇ ਭਾਗ ਧੰਨ ਮਨ ਜਾਨੇ। ਦਯਾ ਗੁਰੂ ਕੀ ਮਾਨਿ ਮਹਾਨੇ।– ਜਬਿ ਲੌ ਦਰਸ਼ਨ ਹੋਵਤਿ ਰਹੈਂ। ਤਬਿ ਲੌ ਲਾਭ ਅਧਿਕ ਮੁਝ ਅਹੈ–॥੧੨॥ ਭਯੋ ਸੁ ਤਯਾਰ ਕੂਚ ਕਿਯ ਡੇਰਾ। ਗੁਰੁ ਘਰ ਕੋ ਆਯਹੁ ਤਿਸ ਬੇਰਾ। ਪਦ ਅਰਬਿੰਦ ਬੰਦਨਾ ਕੀਨਸਿ। ਦਰਸ਼ਨ ਦਰਸਿ ਪ੍ਰੇਮ ਰਸ ਭੀਨਸਿ ॥ ੧੩॥ 'ਰਾਵਰ ਕਰਹੁ ਅਰੂਢਨਿ ਜਿਸ ਪਰ। ਸੋ ਅਨਵਾਵੋਂ ਤੁਮ ਰਜ਼ਾਇ ਕਰਿ। ਚਢਹੁ ਉਚਾਵਹਿਂ ਜਾਹਿਂ ਕਹਾਰ। ਨਤੁਰ ਤੁਰੰਗਮ[3] ਬਲੀ ਉਦਾਰ ॥੧੪॥ ਕੈ ਬੜਵਾ[4] ਕੀ ਲਿਹੁ ਅਸਵਾਰੀ। ਗਮਹੁ ਪੰਥ ਜਿਸ ਰੀਤਿ ਸੁਖਾਰੀ। ਰਾਵਰ'ਕੀ ਰਜ਼ਾਇ ਹ੍ਵੈ ਜੈਸੇ। ਤੁਮ ਹਿਤ ਕਰਿਹੈਂ ਤਯਾਰੀ ਤੈਸ' ॥ ੧੫॥ ਸੁਨਿ ਕਰਿ ਸ਼੍ਰੀ ਗੁਰੁ ਤੇਗਬਹਾਦੁਰ[5]:–'ਜੋ ਬਾਹਨ[6] ਹੋਵਹਿ ਅਬਿ ਹਾਦਰ[7]। ਤਿਸ ਪਰ ਚਲਹਿਂ ਬਿਚਾਰ ਨ ਕਾਈ'। ਤਬਿ ਮੱਖਣ ਬੜਵਾ ਮੰਗਵਾਈ ॥੧੬॥ ਸੁੰਦਰ ਜ਼ੀਨ ਜਰਾਊ ਪਾਇ। ਸਰਬ ਸਾਜ ਜਿਸ ਉਚਿਤ ਸੁਹਾਇ[8]। ਬਰਨ ਸ੍ਵੇਤ ਤਨ ਰਜਤ ਸਮਾਨ[9]। ਧੀਰ[10] ਤੁਰੰਗਨਿ ਰੁਚਿਰ ਮਹਾਨ ॥ ੧੭ ॥ ਛੋਰਤਿ ਤੇਜ ਉਠਾਵ ਬਡੇਰਾ[11]। ਸੁਖਦਾਯਕ ਮਗ ਗਮਨਤਿ ਬੇਰਾ[12]। ਮਾਰਗ ਚਲੈ ਥੋਰਈ ਜਾਨੈ[13]।ਪਹੁੰਚਹਿ ਦੂਰ ਉਲੰਘਿ ਬਡ ਥਾਨੈ[14]॥੧੮॥ਪਿਖਿ ਪ੍ਰਸੰਨ ਤਿਹ ਸ਼੍ਰੀ ਗੁਰੁ ਭਏ।ਤਯਾਰੀ ਕੀਨਿ ਦਾਸ ਸੰਗ ਲਏ। ਹੁਤੀ ਤੇਜ ਤੁਰੰਗਨਿ ਗੁਰੁ ਕੇਰੀ। ਸੋ ਬਿਚ ਸਦਨ

[1]ਦਰਸ਼ਨ ਕਰਕੇ। [2]ਮੁਰਾਦ 'ਇਕ ਪੰਥ ਦੋ ਕਾਜ' ਤੋਂ ਹੈ। ਕਾਰਨ ਇੱਕ ਹੈ ਸਫਰ ਤੇ ਕਾਰਜ ਦੋ ਹਨ, ਸਤਿਗੁਰ ਜੀ ਦੇ ਦਰਸ਼ਨ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਇਸ਼ਨਾਨ। [3]ਨਹੀਂ ਤਾਂ ਘੋੜਾ। [4]ਘੋੜੀ। [5]....ਬੋਲੇ:– [6]ਅਸਵਾਰੀ। [7]ਤਿਆਰ। [8]ਜਿਸਦੇ ਯੋਗ ਹੋਕੇ ਸ਼ੋਭ ਰਹੇ ਹਨ। [9]ਚਾਂਦੀ ਵਰਗਾ। [10]ਧੀਰਜਵਾਨ। [11](ਕਦਮ) ਵੱਡਾ ਉਠਾਂਵਦੀ ਹੈ ।(ਅ) ਉਠਾਵ (=ਸੁਹੱਪਣ) ਬੜਾ ਹੈ। [12]ਰਾਹ ਚੱਲਣ ਵੇਲੇ ਬੜੀ ਸੁਖਦਾਈ ਹੈ। [13](ਜਾਨੈ=) ਪ੍ਰਤੀਤ ਐਉਂ ਦੇਂਦੀ ਹੈ ਕਿ ਥੋੜਾ ਰਾਹ ਚੱਲ ਰਹੀ ਹੈ। [14]ਭਾਵ ਪੈਂਡਾ ਬਹੁਤ ਮੁਕਾਉਂਦੀ ਹੈ।

ਬੈਧਾਇਵ ਹੇਰੀ[1]॥੧੯॥ਹੁਤੀ ਧੀਰ ਜੋ ਮੱਖਣ ਦੀਨਿ । ਤਿਹ ਅਰੂਢਿ ਕਰਿ ਚਲੇ ਪ੍ਰਬੀਨ । ਗਮਨਜੋ ਮੱਖਣ ਸ਼ਾਹ ਪਿਛਾਰੀ । ਲਿਯੋ ਸੰਗ ਮਾਨੁਖ ਭਫ ਭੁਰੀ ॥ ੨੦ ॥ ਮਾਰਗ ਗਏ ਉਲੰਘ ਕਰਿ ਸਾਰਾ । ਜਾਇ ਸੁਧਾਸਰ ਤਬਹਿ ਨਿਹਾਰਾ । ਹੁਤੇ ਮਸੰਦ ਅਗਾਰੀ ਜੇਤੇ । ਗੁਰ ਆਗਮਨ ਸ਼੍ਰੋਨ ਸੁਨਿ ਤੇਤੇ ॥ ੨੧ ॥ ਕਹੂੰ ਕਹੂੰ ਗਮਨੇ ਡਰਪਾਇ ।-*ਮਤ ਹਮ ਸਾਥ ਬਿਗਰ ਇਹ ਜਾਇ । ਦਰਬ ਆਮਦਨ ਦੇਖਿ ਬਿਸਾਲਾ । ਅਬਿ ਮੋਲੈ ਕੌ ਆਯੋ ਕਾਲਾ ॥ ੨੨ ॥ ਰਹਹਿਂ ਜਿ ਆਪ ਬਿਲੋਕਹਿਂ ਤਾਂਹੀ । ਹਮ ਤੇ ਪੁਨ ਲੈ ਹੈਂ ਬਿਧਿ ਯਾਹੀ । ਮੱਖਣ ਸਿੱਖ ਸੰਗ ਜਿਨ ਅਹੈ । ਹਮ ਸੌਂ ਕਰਹਿ ਜਥਾ ਚਿਤ ਚਹੈ ॥ ੨੩ ॥ ਧੀਰਮੱਲ ਕੋ ਲੂਟਯੋ ਡੇਰਾ । ਗੁਰ ਘਰ ਮਹਿਂ ਤਿਸ ਤੇ ਨ ਬਡੇਰਾ। ਅਪਰ ਕੌਨ ਸੌਂ ਕਰਹਿ ਭਲਾਈ । ਹਮ ਤੇ ਧਨ ਲੇ ਪਾਇ ਗੁਰਾਈ ॥੨੪॥ ਮਿਲਹੁ ਨਹੀਂ ਕੋ ਜਾਇ ਅਗਾਰੀ । ਛਪੀਅਹਿ ਨਿਜ ਨਿਜ ਥਾਨ ਮਝਾਰੀ ਇਨ ਕੋ ਸਦਾ ਸੁਭਾਵ ਸਿਸੁਤੇ[2] । ਪ੍ਰੀਤਿ ਨ ਕਰਿਹੈਂ ਕਬਹਿ ਕਿਸੂ ਤੇ[3] ॥ ੨੫ ॥ ਸਭਿਹਿਨਿ ਤੇ ਹੁਇ ਬਹਹਿ ਨਿਰਾਲਾ । ਮੇਲ ਨ ਕਿਸ ਮਸੰਦ ਕੇ ਨਾਲਾ । ਗੁਰਤਾ ਇਨ ਕਹੁ ਪ੍ਰਾਪਤਿ ਭਈ । ਇਹ ਸਭਿ ਬਾਤ ਅਬਹਿ ਬਿਦਤਈ[4] ॥ ੨੬ ॥ ਨਹਿਂ ਮਸੰਦ ਕੋ ਮਿਲਨੇ ਆਵਾ[5] । ਅਪਰ ਨ ਕਿਨ ਹੂੰ ਦੀਨਿ ਚਢਾਵਾ । ਪ੍ਰਥਮੇ ਅੰਮ੍ਰਿਤਸਰ ਜੀ ਆਯੋ । ਦਰਬ ਸੰਭਾਰਨਿ ਕੋ ਲਲਚਾਯੋ ॥ ੨੭ ॥ ਅਪਰ ਮਸੰਦ ਸਰਬ ਮਿਲਿ ਜਾਇਂ। ਗੁਰੁਤਾ ਇਨ ਕੀ ਅਚਲ ਟਿਕਾਇਂ । ਅਬਿ ਲੌਂ ਸਭਿਹਿਨਿ ਸੰਸੈ ਅਹਾ । ਗੁਰੂ ਭਯੋ ਨਿਸ਼ਚੈ ਨਹਿ ਲਹਾ[6] ॥ ੨੮ ॥ ਹਰਿਗੋਵਿੰਦ ਗੁਰ ਕੇ ਇਹ ਨੰਦਨ। ਦਾਵਾ ਰਾਖਤਿ ਉਪਰ ਮਸੰਦਨ[7]।ਇਨ ਸੋਂ ਮਿਲਿਨਿ ਨ ਅਬਿ ਬਨਿ ਆਇ।ਨਹੀਂ ਕਠੋਰ ਕਹੇ ਬਚ ਜਾਇਂ[8]*-॥੨੯॥ ਇਮ ਬਿਚਾਰਿ ਕਰਿ ਆਪਸ ਮਾਂਹਿ। ਦੁਰੇ ਮੰਦਮਤਿ ਸੰਸੈ ਪ੍ਰਾਹਿ[9]।ਸ਼੍ਰੀ ਹਰਿਮੰਦਰ ਚਾਰੋਂ ਦ੍ਵਾਰ। ਕਰੇ ਅਸਿਜਤਿ[10] ਸਭਿਨਿ ਕਿਵਾਰ[11] ॥ ੩੦ ॥ ਹੁਤੋ ਦਰਸ਼ਨੀ ਪੌਰ ਬਡੇਰਾ। ਦੋ ਕਪਾਟ

---

[1]ਬੱਧੀ ਹੋਈ ਵੇਖੀ। [2]ਬਾਲਪਨ ਤੋਂ। [3]ਕਿਸੇ ਦੇ ਨਾਲ। [4]ਪ੍ਰਗਟ ਹੋਈ ਹੈ। [5](ਅਜੇ) ਕੋਈ (ਹੋਰ) ਮਸੰਦ (ਇਨ੍ਹਾਂ ਨੂੰ ਮਿਲਣ ਬੀ ਨਹੀਂ ਆਇਆ)। [6]ਪੱਕੀ ਤਰ੍ਹਾਂ ਨਹੀਂ ਹੈ ਜਾਣਿਆਂ ਗਿਆ। [7]ਮਸੰਦਾਂ ਉੱਤੇ ਬੀ ਇਨ੍ਹਾਂ ਦਾ ਦਾਵਾ ਹੈ। [8]ਕਠੋਰ ਬਚਨ ਨਾਂ (ਕਿਤੇ) ਕਹੇ ਜਾਣ । [9]ਸੰਸਾ ਕਹਿਕੇ। [10]ਬੰਦ। [11]ਤਖਤੇ, ਬੂਹੇ। *ਮਸੰਦ ਏਹ ਵਿਚਾਰ ਕਰਦੇ ਹਨ।

ਤਾਰੋ ਪੁਨ ਫੇਰਾ।ਸ਼੍ਰੀ ਗੁਰ ਤੇਗਬਹਾਦਰ ਸੁਾਮੀ।ਲਖਿ ਮਸੰਦ ਬਿਧਿ[1] ਅੰਤਰ-ਜਾਮੀ ॥ ੩੧ ॥ ਗਏ ਤਹਾਂ ਜਬਿ, ਪਿਖ੍ਯੋ ਨ ਕੋਈ[2]।–ਬੇਮੁਖ ਭਏ–ਜਾਨਿ ਮਨ ਸੋਈ। ਮੱਖਨ ਸਾਥ ਕਹ੍ਯੋ ਇਸ ਭਾਂਤਿ। 'ਪਿਖਹੁ ਮਸੰਦਨਿ ਕੋ ਬਿਰਤਾਂਤ ॥ ੩੨ ॥ ਭਿੰਨ ਭਿੰਨ ਹੁਇ ਛਪੇ ਸਥਾਨ। ਨਹਿਂ ਆਏ ਕਰਿਬੇ ਸਨਮਾਨ। ਧਨ ਕੇ ਲੋਭ ਲਗੇ ਮਤਿਮੰਦ। ਹਮ ਕੋ ਸੁਨਿ ਨਹਿਂ ਭਏ ਅਨੰਦ ॥ ੩੩ ॥ ਸ਼੍ਰੀ ਗੁਰ ਮੰਦਿਰ ਕੇ ਦਰਵਾਜੇ।ਭੇਰਿ ਗਏ ਨਹਿ ਬਾਜਤਿ ਬਾਜੇ। ਸਬਦ ਕੀਰਤਨ ਸੁਨਿਯਤਿ ਨਾਂਹੀ। ਕੀਨਸਿ ਕਹਾਂ ਮਹਾਂ ਲਬ[3] ਮਾਂਹੀ' ॥ ੩੪ ॥ ਸੁਨਿ ਮੱਖਣ ਬੋਲ੍ਯੋ ਗੁਰ ਸੰਗ।"ਫੁਰਮਾਵਨਿ ਮੁਝ ਕਰਹੁ ਨਿਸੰਗ। ਇਨ ਸੋਂ ਕਰੌਂ ਧੀਰਮੱਲ ਜੈਸੇ। ਦੰਡ ਉਚਿਤ ਦੁਰਜਨ ਹੁਇ ਐਸੇ ॥ ੩੫ ॥ ਤੁਮਰੋ ਵਸਤੁ ਦਰਬ ਸਮੁਦਾਇ। ਕਰਹਿਂ ਚੁਰਾਵਨਿ ਮਦ[4] ਉਪਜਾਇ। ਅਬਿ ਤੁਮ ਕੋ ਦੇਖਤਿ ਦੁਰ[5] ਰਹੇ। ਸਨਮੁਖ ਆਇ ਸੁ ਬਾਕ ਨ ਕਹੇ ॥੩੬॥ ਨਹੀਂ ਉਪਾਇਨ ਆਗੇ ਧਰੀ।ਦੀਨ ਹੋਇ ਨਹਿਂ ਬਿਨਤੀ ਕਰੀ। ਅਸ ਅਨੀਤਿ ਕ੍ਯਸ ਸਕਹਿਂ ਸਹਾਰ। ਜਾਵਤਿ ਮਤਿ ਦੀਜਹਿ ਨਹਿਂ ਤਾਰ[6] ॥ ੩੭ ॥ ਛਮੀ ਪੁਰਖ ਮਹਿਂ ਤੁਮ ਪਰਧਾਨ। ਕਰਹੁ ਛਿਮਾ ਸਭਿ ਦੰਡ ਸਥਾਨ[7]"। ਸ਼੍ਰੀ ਗੁਰ ਕਹ੍ਯੋ 'ਸਮੋ ਜਬਿ ਆਵਹਿ। ਦੁਸ਼ਟ ਮੰਦ ਤਾੜਨ ਕੋ ਪਾਵਹਿਂ ॥ ੩੮ ॥ ਸਭਿ ਮਸੰਦ ਤੇ ਲੈ ਹੈਂ ਲੇਖਾ। ਪੀੜਹਿਂ ਨਿਜ ਦਰਗਾਹ ਬਿਸ਼ੇਖ਼ਾ। ਸ਼੍ਰੀ ਗੁਰ ਅਰਜਨ ਜੀ ਇਕ ਕਾਲ। ਇਨ ਕੋ ਪਿਖਿ ਕਰਿ ਖੋਟ ਬਿਸਾਲ ॥ ੩੯ ॥ ਦੀਨਹੁ ਸ੍ਰਾਪ–ਰਹਹਿਂ ਜਰ[8] ਨਾਂਹੀ। ਕਿਸੀ ਸਮੇ ਮਹਿਂ ਹ੍ਵੈ ਬਿਨਸਾਹੀ–। ਸਮੈ ਆਇ ਜਬਿ ਪ੍ਰਾਪਤਿ ਹੋਇ। ਇਨ ਕੋ ਮੂਲ ਬਿਨਾਸਹਿ ਸੋਇ ॥ ੪੦ ॥ ਧਰੇ ਲੋਭ ਇਹ ਮਰੇ ਅਗਾਰੀ। ਦਯੋ ਸ੍ਰਾਪ ਇਨ ਜਰੇਂ ਉਖਾਰੀ[9]। ਮਰੇ ਹੂਏ ਇਹ, ਕ੍ਯਾ ਹਮ ਮਾਰੈਂ। ਸ਼ਰਧਾ ਹੀਨ ਸਿਦਕ ਉਰ ਹਾਰੈਂ ॥੪੧॥ ਹਮ ਨਹਿਂ ਬੁਰਾ ਕਿਸੂ ਕੋ ਕਰਿਹੀਂ।ਜਸ ਕੁਕਰਮ ਤਸ ਫਲ ਕੋ ਭਰਿਹੀਂ। ਤੂੰ ਅਬਿ ਕਰਿ ਸ਼ਨਾਨ ਸਰ ਮਾਂਹਿ। ਜਿਸ ਤੇ ਅਖਿਲ ਪਾਪ ਬਿਨਸਾਹਿਂ ॥ ੪੨ ॥ ਮਨੋ ਕਾਮਨਾ ਪੂਰਨ ਕਰੈਂ।

---

[1]ਮਸੰਦਾਂ ਦੀ ਵਿਧੀ ਭਾਵ ਸਲੂਕ। [2]ਜਦ (ਤਹਾਂ=) ਹਰਿਮੰਦਰ ਗਏ ਤਾਂ ਕੋਈ (ਮਸੰਦ) ਨਜ਼ਰ ਨਾ ਆਇਆ। [3]ਲੋਭ ਵਿਚ। [4]ਹੰਕਾਰ। [5]ਛੁਪ। [6]ਜਦ ਤਕ ਤਾੜਕੇ ਇਨ੍ਹਾਂ ਨੂੰ ਮੱਤ ਨਾ ਦੇਈਏ। [7]ਸਾਰੀਆਂ ਦੰਡ ਦੇਣ ਜੋਗ ਥਾਵਾਂ (ਭਾਵ ਮੌਕਿਆਂ ਤੇ) ਛਿਮਾ ਕਰਦੇ ਹੋ। [8]ਜੜ੍ਹ। [9]ਸਰਾਪ ਦੇਕੇ ਜੜ੍ਹਾਂ ਉਖਾੜੀਆਂ ਹਨ।

ਮਨ ਕੀ ਤਨ ਕੀ ਮਲ ਕੋ ਹਰੈਂ। ਕਰਹੁ ਤਿਹਾਵਲ ਹੁਇ ਅਰਦਾਸ। ਸਤਿਗੁਰ ਪੂਰਤਿ ਉਰ ਕੀ ਆਸ' ॥ ੪੩ ॥ ਅਸ ਕਹਿ ਮੱਖਣ ਕੋ ਤਬਿ ਛੋਰਾ। ਹਟੇ ਆਪ ਗੁਰ ਉੱਤਰ ਓਰਾ। ਹਰਖ ਸ਼ੋਕ ਮਹਿਂ ਬ੍ਰਿਤੀ ਸਮਾਨ। ਸ਼ਤ੍ਰ ਪਰ ਕ੍ਰਿਪਾ ਦ੍ਰਿਸ਼ਟਿ ਕੋ ਠਾਨਿ ॥ ੪੪ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ਼੍ਰੀ ਅੰਮ੍ਰਿਤਸਰ ਗਮਨ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥ ੨੧ ॥

## ੨੨. [ਸ੍ਰੀ ਅੰਮ੍ਰਿਤਸਰੋਂ ਵੱਲੇ]।

ਦੋਹਰਾ ॥ ਭੁਈ ਮਸੰਦਨਿ ਕੋ ਖਬਰ–ਬਸੇ ਨ[1] ਗੁਰੂ ਕ੍ਰਿਪਾਲ। ਖਰੇ ਹੋਇ ਹਟਿ ਕੈ ਗਏ[2] ਹਮਰੀ ਹੇਰਿ ਕੁਚਾਲ–॥ ੧ ॥ ਚੌਪਈ ॥ ਹਰਖਤਿ ਹੋਇ ਨਿਕਸਿਪੁਨ ਆਇ।ਲੇਹਿਂ ਉਪਾਇਨ ਜੋ ਸਿਖ ਲ੍ਯਾਇ। ਦਰਬ ਘਨੋ ਦੁਕੂਲ ਬਹੁ ਮੋਲੇ।ਵਸਤੂ ਅਪਰ ਦੇਹਿਂ ਸਿਖ,ਸੋ ਲੇਂ[3]॥੨॥ਸਿੱਖਜਨਿ ਕੋ ਮੇਲਾ ਬਡ ਹੋਵਾ।ਮੱਜਹਿਂ ਹਰਿਮੰਦਰ ਬਰ ਜੋਵਾ। ਪੰਚਾਂਮ੍ਰਿਤ ਕਰਿਵਾਇ ਲਿਆਵਹਿਂ। ਕਰਿ ਬੰਦਨਿ ਅਰਦਾਸ ਅਲਾਵਹਿਂ ॥ ੩ ॥ ਮੱਖਣ ਸਿਖ ਕੀਨਸਿ ਇਸ਼ਨਾਨ। ਅਧਿਕ ਭਾਵਨਾ ਉਰ ਮਹਿਂ ਠਾਨਿ। ਪਹਿਰੀ ਪੋਸ਼ਿਸ਼ ਪੁਨਹਿ ਨਵੀਨ। ਪੰਚਾਂਮ੍ਰਿਤ ਕਰਿ[4] ਸੰਗੇ ਲੀਨਿ ॥੪॥ ਸ਼੍ਰੀ ਹਰਿ ਮੰਦਿਰ ਕੋ ਤਬਿ ਗਯੋ। ਹਾਥ ਜੋਰਿ ਨੰਮ੍ਰੀ ਬਹੁ ਭਯੋ। ਨਮਸਕਾਰ ਕਰਿ ਬਾਰਿਬਾਰ। ਪੁਨ ਅਰਦਾਸ ਕਰਾਇ ਉਦਾਰ ॥੫॥ ਪੰਚਾਂਮ੍ਰਿਤ ਕੋ ਤਬਿ ਵੰਡਵਾਇ। ਇਕਠੌ ਭੇ ਮਸੰਦ ਸਮੁਦਾਇ। ਤਿਨ ਸਭਿ ਕੋ ਪਿਖਿ ਮੱਖਣ ਕਹ੍ਯੋ। 'ਤੁਮ ਮਹਿਂ ਅਧਿਕ ਖੋਟ ਮੈਂ ਲਹ੍ਯੋ ॥ ੬ ॥ ਸ਼੍ਰੀ ਗੁਰੁ ਕਾਰਨ ਕਰਨ ਕ੍ਰਿਪਾਲ। ਚਲਿ ਕਰਿ ਆਏ ਕਰਨਿ ਨਿਹਾਲ। ਤੁਮ ਬੇਮੁਖ ਹੁਇ ਦੁਰੇ ਘਰਨਿ ਮੈਂ। ਨਹਿਂ ਦਰਸ਼ਨ ਕੀਨਸਿ ਤਿਸ ਛਿਨ ਮੈਂ ॥ ੭ ॥ ਨਹਿਂ ਸਨਮਾਨ ਕੀਨਿ ਤਿਨ ਕੇਰਾ। ਇਹ ਕ੍ਯਾ ਕੀਨਸਿ ਖੋਟ ਬਡੇਰਾ ? ਛਿਮਾਵੰਤ ਗੁਰ ਕਹੈਂ ਨ ਕਾਹੂ। ਨਾਂਹਿ ਤ ਬਿਪਤ ਪਰਤਿ ਤੁਮ ਮਾਂਹੂ ॥ ੮ ॥ ਇਹ ਅਪਰਾਧ ਜਿ ਤੁਮ ਤੇ ਭਯੋ। ਨਹੀਂ ਬਿਚਾਰਨਿ ਉਰ ਕਿਛ ਕਿਯੋ।ਤਊ ਆਪਨੀ ਸੰਤਤਿ ਕੇਰਾ। ਕੀਨਿ ਬੁਰਾ ਲਹਿ ਕਸ਼ਟ[5] ਬਡੇਰਾ ? ॥ ੯ ॥ ਬਾਕਨਿ ਤੇ ਹੀ ਸੁਖ ਦੁਖ ਦਾਤਾ। ਅਸ ਸਤਿਗੁਰ ਤੁਮ ਕਨੇਂ ਨਹਿ ਜਾਤਾ ? ਤੀਖਨ ਬਡ ਕੁਠਾਰ ਲੇ ਹਾਥ। ਨਿਜ ਪਗ ਹਤ੍ਯੋ ਮੂਢਤਾ[6] ਸਾਥ ॥ ੧੦ ॥ ਅਬਿ ਹੀ

[1](ਰਾਮਦਾਸਪੁਰੇ ਵਿੱਚ) ਠਹਿਰੇ ਨਹੀਂ। [2](ਸ੍ਰੀ ਅੰਮ੍ਰਿਤ ਸਰੋਵਰ ਪਾਸ) ਖੜੇ ਹੋਕੇ ਮੁੜ ਗਏ ਹਨ। [3]ਓਹ (ਮਸੰਦ) ਲੈਂਦੇ ਹਨ। [4]ਕਰਵਾਕੇ। [5]ਦੁੱਖ ਪਾਓਗੇ। [6]ਮੂਰਖਤਾ।

ਫਲ ਲੇਤੀ ਤੁਮ ਪਾਇ । ਪਰ ਸਤਿਗੁਰ ਕੀ ਜਥਾ ਰਜਾਇ[1]।ਸੁਨਿ ਮਸੰਦ ਬੋਲੇ ਧਰਿ ਤ੍ਰਾਸ । 'ਭੋ ਮੱਖਣ ! ਸੁਨਿ, ਕਹਿਂ ਤੁਝ ਪਾਸ[2] ॥ ੧੧ ॥ ਇਹ ਪਰਤਾਪ ਗੁਰਨਿ ਕੋ ਸਾਰਾ[3]।ਸਭਿਹਿਨਿ ਪਰ ਤਿਨ ਕੋ ਉਪਕਾਰਾ। ਰਣ ਜੈ ਕਰਿ ਸ੍ਰੀ ਹਰਿਗੋਵਿੰਦ । ਕਰੇ ਨਾਸ਼ ਦਲ ਤੁਰਕ ਬਿਲੰਦ ॥੧੨॥ ਤਬਿ ਕੋ ਕਰਤਿ ਈਰਖਾ,ਧ੍ਰੋਹੀ।ਇਹ ਸਤਿ ਬਾਤ ਕਹਤਿ ਹੈਂ ਤੋਹੀ। ਸ੍ਰੀ ਹਰਿਰਾਇ ਗੁਰੂ ਪੁਨ ਭਏ । ਨਹੀਂ ਸੁਧਾਸਰ ਬਾਸੋ ਕਏ ॥ ੧੩ ॥ ਸੁਨਿ ਕਰਿ ਜੋ ਮਲੇਛ ਸਮੁਦਾਇ । ਆਇ ਬਿਗਾਰ ਕਰਹਿਂ ਇਸ ਥਾਇਂ । ਇੱਤਯਾਦਿਕ ਊਰ ਗਣੀ[4] ਬਿਚਾਰ । ਨਹੀਂ ਆਇ ਬੈਠੇ ਦਰਬਾਰ ॥੧੪॥ ਇਹ ਅਬਿ ਲੌ ਭੇ ਗੁਰੂ ਨ ਨੀਕੇ । ਸਕਲ ਮਸੰਦਨਿ ਕਿਯੋ ਨ ਠੀਕੇ । ਅਰੁ ਸੰਸੇ ਮਹਿਂ ਸਗਰੀ ਸੰਗਤਿ । ਨਿਸ਼ਚੇ ਕਿਯੋ ਨ ਸਿੱਖਜਨਿ ਪੰਗਤਿ ॥ ੧੫ ॥ ਨਹੀਂ ਉਪਾਇਨ ਕਿਤ ਕੀ ਆਈ।ਕੀਰਤਿ ਕਿਤੇ ਨਹੀਂ ਬਿਥਰਾਈ।ਜਬਿ ਇਕ ਆਨ ਹੋਇ ਸਭਿ ਜਾਨ[5]*।ਹਮ ਭੀ ਦਾਸ,ਲੇਹਿਂ ਮਨ ਮਾਨਿ'॥੧੬॥ ਸੁਨਿ ਮੱਖਣ ਨੇ ਪੁਨ ਸਮੁਝਾਏ । 'ਸ੍ਰੀ ਹਰਿਕ੍ਰਿਸ਼ਨ ਬਾਕ ਕੋ ਗਾਏ ।-ਬਾਬਾ-ਕਹਯੋ-ਬਕਾਲੇ ਮਾਂਹਿ-। ਸੋ ਇਹ ਪ੍ਰਗਟੇ ਰੁਕਹਿਂ ਨ ਕਾਹਿ'॥੧੭॥ਅਪਨੀ ਕਥਾ ਸੁ ਅਖਿਲ ਸੁਨਾਇ। ਪੁਨਹਿਂ ਸਭਿਨਿ ਕੋ ਡਰ ਉਪਜਾਇ । 'ਅਬਿ ਭੀ ਜਾਹੁ ਜਾਚਨਾ ਕਰੋ । ਰਿਦੇ ਦੁਸ਼ਟਤਾ ਸਗਰੀ ਹਰੋ ॥੧੮॥ ਗਈ ਬੀਤ ਪਗ ਤਊ ਸੰਭਾਰਹੁ । ਕਰ ਜੋਰਹੁ ਅਰੁ ਬਿਨੈ ਉਚਾਰਹੁ' । ਇਮ ਸੁਨਿ, ਮਿਲੇ ਮਸੰਦ ਬਿਚਾਰਹਿਂ । 'ਮੱਖਣ ਕੋ ਨ ਬਾਕ ਤ੍ਰਿਸਕਾਰਹਿਂ ॥ ੧੯ ॥ ਅਬਿ ਇਹ ਬਿਗਰ ਪਰੈ ਹਮ ਸੰਗ । ਧੀਰਮੱਲ ਸਮ ਕਰਹਿ ਨ ਢੰਗ[6] । ਚਲਹੁ ਵਹਿਰ ਹੀ ਮਿਲਿ ਕੈ ਤਾਂਹਿ । ਕਹਿ ਸ਼ੁਭ ਬਾਕ ਲੇਹੁ ਹਰਖਾਹਿ[7] ॥ ੨੦॥ ਕਛੂ ਉਪਾਇਨ ਲੇਹੁ ਪ੍ਰਸ਼ਾਦਿ । ਜਥਾ ਅਹੈ ਗੁਰੁ ਘਰ ਮਿਰਜਾਦਿ'। ਇਮ ਬਿਚਾਰ ਕਰਿ ਅਖਿਲ ਮਸੰਦ। ਗਮਨੇ ਬਾਹਰ ਲਾਜ ਬਿਲੰਦ॥੨੧॥ ਸ੍ਰੀ ਗੁਰ ਅੰਮ੍ਰਿਤਸਰ[8] ਤੇ ਮੁਰਿ ਕੈ।ਏਕ ਗ੍ਰਾਮ ਤਹਿਂ ਨਿਕਟਿ ਨਿਹਰਿਕੈ। ਵੱਲਾ ਕਹੈਂ ਜਿਸੀ ਕੋ ਨਾਇ। ਤੀਨ ਕੋਸ ਉੱਤਰ ਦਿਸ਼ਿ ਥਾਇਂ ॥ ੨੨ ॥

---

[1]ਪਰ ਸਤਿਗੁਰੂ ਜੀ ਦੀ ਜਿਵੇਂ ਰਜ਼ਾਇ ਸੀ (ਉਵੇਂ ਹੀ ਹੋਇਆ ਭਾਵ ਤੁਹਾਨੂੰ ਹੁਣ ਦੰਡ ਨਹੀਂ ਮਿਲਿਆ)। [2]ਤੇਰੇ ਪਾਸ (ਅਸੀਂ) ਕਹਿੰਦੇ ਹਾਂ। [3]ਦਰਬਾਰ ਦਾ ਸਾਰਾ ਪ੍ਰਤਾਪ ਗੁਰਾਂ ਦਾ ਹੀ ਹੈ। [4]ਗਿਣਤੀਆਂ। [5]ਜਦੋਂ (ਕੋਈ) ਇੱਕ (ਗੁਰੂ ਆਕੇ ਹੋਇਆ ਸਭਨਾਂ ਵਿਚ ਜਾਣਿਆਂ ਜਾਇਗਾ। [6]ਸਲੂਕ। [7]ਪ੍ਰਸੰਨ ਕਰ ਲਈਏ। [8]ਦਰਬਾਰ ਸਾਹਿਬ ਤੋਂ ਮੁਰਾਦ ਹੈ। ਸ਼ਹਿਰ ਦਾ ਨਾਮ ਤਦੋਂ ਅਜੇ ਰਾਮਦਾਸਪੁਰਾ ਹੀ ਸੀ। *ਪਾ:-ਜਬ ਇਨ ਮਾਨ ਹੋਇ ਸਭਿ ਥਾਨ।

ਤਹਿਂ ਇਕ ਸਿਖ ਕੇ ਘਰ ਕਰਿ ਡੇਰਾ। ਸੇਵਾ ਕਰਤਿ ਸੁ ਭਾਵ ਬਡੇਰਾ[1]।
ਪਰੀ ਨਿਸਾ ਕੀਨਸਿ ਬਿਸਰਾਮੂ। ਜਿਨ ਕੇ ਬਾਕ ਮੋਖ ਕੇ ਧਾਮੂ ॥ ੨੩ ॥
ਅਗਲੀ ਜਬਿ ਪ੍ਰਭਾਤਿ ਹੁਇ ਆਈ। ਕਰੀ ਸਕਲ ਤਨ ਕੀ ਸੁਚਤਾਈ।
ਬੈਠੇ ਸ੍ਰੀ ਗੁਰ ਤਬਹਿ ਪ੍ਰਯੰਕ। ਤਬਿ ਮਸੰਦ ਉਰ ਧਰੇ ਅਤੰਕ[2] ॥ ੨੪ ॥
ਦੀਨ ਮਨੇ ਦੋਨਹੁਂ ਕਰ ਜੋਰੇ। ਪਹੁੰਚੇ ਢਿਗ ਗੁਰ, ਚਹਤਿ ਨਿਹੋਰੇ[3]*।
ਬੰਦਨ ਕਰਹਿਂ ਨੰਮ੍ਰਤਾ ਧਾਰਿ। ਅਰਪਿ ਉਪਾਇਨ ਕਛੁਕ ਅਗਾਰ ॥੨੫॥
ਕਹਤਿ ਭਏ 'ਭੈ ਤੁਰਕਨਿ ਕੇਰਾ। ਰਹੈ ਸੁਧਾਸਰ ਬੀਚ ਬਡੇਰਾ।—ਕੋ ਗੁਰ
ਰਹਹਿ, ਕਿ ਨਾਂਹੀ ਇਹਾਂ[4]—। ਪਿਖਿ ਪਿਖਿ ਜਾਹਿਂ ਬੈਰ ਕਰਿ ਮਹਾਂ ॥੨੬॥
ਪੈਂਦੇ ਕੋ ਸੁਤ ਆਦਿਕ ਆਨਿ। ਜਿਨਹਿਂ ਗੁਰੂ ਰਨ ਮਹਿ ਕਿਯ ਹਾਨ।
ਤਿਨ ਕੇ ਸਨਬੰਧੀ ਜੋ ਅਹੈਂ। ਸੋ ਪ੍ਰਤੀਛਨਾ ਕਰਤੇ ਰਹੈਂ ॥ ੨੭ ॥ ਤਿਨ
ਦੁਸ਼ਟਨਿ ਤੇ ਹਮ ਡਰਪਾਇਂ।—ਆਇ[5]ਬਿਗਾਰ ਨ ਕੁਛ ਕਰਿ ਜਾਇਂ—।ਹਮ
ਅੰਮ੍ਰਿਤਸਰ ਰਹਤਿ ਹੈਂ ਜੇਤੇ। ਨਿਤ ਗ਼ੁਲਾਮ ਗੁਰ ਘਰ ਕੇ ਤੇਤੇ ॥ ੨੮ ॥
ਇਹ ਅਸਥਾਨ ਸਦੀਵ ਤੁਮਾਰੋ। ਰਾਵਰ ਸ੍ਵਾਮੀ ਸਦਾ ਸਿਭਾਰੋ'। ਸੁਨਿ ਕੈ
ਸ੍ਰੀ ਗੁਰ ਤੇਗ ਬਹਾਦਰ। ਪਿਖੇ ਮਸੰਦ ਆਇ ਭੇ ਹਾਦਰ ॥ ੨੯ ॥—ਮਨ
ਖੋਟੇ ਜਿਨ ਕੇ ਸਭਿ ਭਾਂਤੀ। ਮੁਖ ਤੇ ਅਪਰ ਬਨਾਵਹਿਂ ਬਾਤੀ। ਧਨ ਲੋਭੀ
ਇਹ ਸ੍ਵਾਨ ਸਮਾਨਾ। ਕਰਹਿਂ ਚੁਰਾਵਨਿ ਭੇਟ ਮਹਾਨਾ ॥ ੩੦ ॥ ਬਹੁਤ
ਦਿਵਸ ਕੇ ਕਰਹਿਂ ਕੁਕਰਮ। ਭਏ ਮੰਦਮਤਿ ਬਿਸਰੇ ਧਰਮ[6]। ਇਨਹਿ
ਬਿਨਾਸਨਿ ਕਰਨੇ ਹਾਰਾ। ਹੋਹਿ ਅਗਾਰੋ ਪੁਰਖ ਉਦਾਰਾ—॥ ੩੧॥ ਇਮ
ਬਿਚਾਰਿ ਜਗ ਗੁਰ ਸਭਿ ਸ੍ਵਾਮੀ। ਬਚਨ ਬਖਾਨਯੋ ਅੰਤਰਜਾਮੀ। 'ਨਹਿ
ਮਸੰਦ ਤੁਮ ਅੰਮ੍ਰਿਤਸਰੀਏ[7]। ਤ੍ਰਿਸ਼ਨਾਗਨ ਤੇ ਅੰਤਰ ਸਰੀਏ[8]† ॥ ੩੨॥

---

[1]ਬੜੇ ਪ੍ਰੇਮ ਨਾਲ। [2]ਡਰ। [3]ਬੇਨਤੀ ਚਾਹੁੰਦੇ। [4](ਮੁਸਲਮਾਨ ਸੂੰਹ ਕੱਢਦੇ ਰਹਿੰਦੇ ਹਨ) ਕਿ ਕੋਈ ਗੁਰੂ ਇੱਥੇ ਰਹਿੰਦਾ ਹੈ ਕਿ ਨਹੀਂ ਰਹਿੰਦਾ। [5]ਆ ਕਰਕੇ। [6]ਧਰਮ ਵਿਸਾਰਕੇ ਮੰਦ ਮਤੀ ਹੋਏ ਹਨ। [7]ਤੁਸੀਂ ਸ੍ਰੀ ਅੰਮ੍ਰਿਤਸਰ (ਸਰੋਵਰ ਤੇ ਮੰਦਰ ਦੇ) ਮਸੰਦ ਨਹੀਂ ਹੋ। [8]ਤ੍ਰਿਸ਼ਨਾ ਦੀ ਅੱਗ ਨਾਲ ਅੰਦਰੋਂ ਸੜੇ ਹੋਏ ਹੋ।

*ਪੰਡਤ ਤਾਰਾ ਸਿੰਘ ਜੀ ਨਰੋਤਮ ਅਪਣੇ ਗੁਰ ਤੀਰਥ ਸੰਗ੍ਰਹ ਵਿਖੇ ਲਿਖਦੇ ਹਨ:— "ਅੰਮ੍ਰਿਤਸ਼ਰ ਛੋੜ ਬੱਲੇ ਗ੍ਰਾਮ ਮੇ ਆਏ ਤਬ ਅੰਮ੍ਰਿਤਸਰ ਕੀ ਮਾਈਆਂ ਪ੍ਰਸ਼ਾਦ ਲੇਕਰ ਦਰਸ਼ਨ ਕੋ ਆਈਆਂ ਉਨਕੋ ਬਰ ਦੀਆ—'ਤੁਮਾਰੇ ਮੇਂ ਸਦਾ ਭਕਤੀ ਰਹੇਗੀ'।"

†ਇਹ ਸ੍ਰਾਪ ਮੰਦਰ ਦੇ ਮਸੰਦਾਂ ਨੂੰ ਹੋ ਰਿਹਾ ਹੈ ਨਾ ਕਿ ਸ਼ਹਿਰ-ਵਾਸੀਆਂ ਨੂੰ।

ਜਸ ਖੋਟੇ ਮਗ ਕੀਨਿ ਅਲੰਬ[1]। ਤਸ ਫਲ ਪ੍ਰਾਪਤ ਕਸ਼ਟ ਕਦੰਬ[2]। ਤੁਮ ਕੈ ਸੰਤਤਿ ਪਾਇ ਤੁਮਾਰੀ। ਜਿਮ ਗੁਰ ਘਰ ਕੇ ਭੇ ਦੁਰਚਾਰੀ[3]"॥੩੩॥ਇਮ ਕਹਿ ਠਾਨੀ ਮੌਨ ਗੁਸਾਈਂ। ਮਿਲਿ ਮਸੰਦ ਗਮਨੇ ਸਮੁਦਾਈ। ਭਯੋ ਸ੍ਰਾਪ ਦੁਖਦਾਯਕ ਜਿਨ ਕੋ*। ਨਹਿਂ ਗੁਰਮਤਿ ਪ੍ਰਾਪਤਿ ਕਿਮ ਤਿਨ ਕੋ॥ ੩੪॥ 'ਅੰਤਰ ਸਰੀਏ' ਸ੍ਰਾਪ ਜੁ ਕਹ੍ਯੋ। ਅਬਿ ਲੌ ਤਹਾਂ ਅਹੈ ਹਮ ਲਹ੍ਯੋ। ਸ਼੍ਰੀ ਗੁਰ ਬਸਹਿਂ ਗ੍ਰਾਮ ਤਿਸ ਫੇਰੀ। ਕਰਤਿ ਪ੍ਰਤੀਖਨ ਮੱਖਣ ਕੇਰੀ॥ ੩੫॥ ਮਗਨ ਸ੍ਵਰੂਪਾਨੰਦ ਮਹਿ ਬੈਸੇ। ਜਿਨਹਿਂ ਬਿਕਾਰ ਛੁਯੋ ਨਹਿਂ ਕੈਸੇ। ਖਾਨ ਪਾਨ ਕਰਿਕੈ ਸ਼ੁਭ ਭਾਂਤੀ। ਟਿਕੇ ਸੇਜ ਊਪਰ ਪਸ਼ਚਾਤੀ ॥ ੩੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ਼੍ਰੀ ਗੁਰ ਅੰਮ੍ਰਿਤਸਰ ਤੇ ਹਟਨ' ਪ੍ਰਸੰਗ ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ ॥੨੨॥

## ੨੩. [ਸ਼੍ਰੀ ਗੁਰੂ ਜੀ ਦਾ ਬਕਾਲਿਓਂ ਕੂਚ]।

ਦੋਹਰਾ ॥ ਮੱਖਣ ਕਰਿ ਇਸ਼ਨਾਨ ਕੋ ਦਰਸ਼ਨ ਪਰਸਨ[4] ਕੀਨਿ। ਪੁਨ ਕਰਾਇ ਅਰਦਾਸ ਕੋ ਚਲ੍ਯੋ ਸੁ ਮਤੀ ਪ੍ਰਬੀਨ ॥ ੧ ॥ ਚੌਪਈ ॥ ਸ਼੍ਰੀ ਗੁਰੂ ਤੇਗ ਬਹਾਦਰ ਜਿਤ ਕੋ[5]। ਗਮਨੇ ਹੁਤੇ ਚਲ੍ਯੋ ਤਬਿ ਤਿਤ ਕੋ। ਅਧਿਕ ਪ੍ਰਸੰਨ ਹੋਇ ਤਿਸ ਛਿਨ ਮੈਂ। ਮਹਿਮਾ ਸਤਿਗੁਰ ਕੀ ਲਖਿ ਮਨ ਮੈਂ ॥ ੨॥ ਸਹਿਨ ਸ਼ੀਲ[6] ਜਿਨ ਕੋ ਨ ਸਮਾਨਾ। ਸਰਬ ਸ਼ਕਤਿ ਧਰਿ ਸ਼੍ਰੀ ਭਗਵਾਨਾ। ਮਗ ਮਹਿਂ ਇਮ ਠਾਨਤਿ[7] ਬਡਿਆਈ। ਪਹੁੰਚ੍ਯੋ ਗ੍ਰਾਮ ਗੁਰੂ ਜਿਸ ਥਾਈਂ ॥੩॥ ਵਹਿਰ ਗ੍ਰਾਮ ਤੇ ਕੀਨਸਿ ਡੇਰਾ। ਵਸਤੁ ਸੰਭਾਰਿ ਧਰੀ ਤਿਸ ਬੇਰਾ। ਸਰਬ ਭਾਂਤਿ ਤੇ ਕਰਿ ਤਕਰਾਈ। ਮੱਦ੍ਰ ਦੇਸ਼ ਨਰ ਜਾਨਿ ਖੁਟਾਈ[8] ॥ ੪ ॥ ਮਿਲ੍ਯੋ ਗੁਰੂ ਸੰਗ ਬੰਦਨ ਧਾਰਾ। ਸਭਿ ਪ੍ਰਸੰਗ ਭਾ ਤਥਾ ਉਚਾਰਾ।

---

[1]ਜਿਵੇਂ ਖੋਟ ਵਾਲੇਂ ਰਾਹ ਦਾ ਆਸਰਾ ਲਿਆ ਹੈ। [2]ਬਹੁਤਾ। [3]ਗੁਰ ਘਰ (ਦੇ ਹੋਕੇ) ਜਿਵੇਂ ਖੋਟੇ ਕਰਮ ਕਰਨ ਵਾਲੇ ਹੋ ਗਏ ਹੋ। [4]ਪਰਸਣਾ। [5]ਜਿਸ ਪਾਸੇ। [6]ਸਹਨ ਦਾ ਸੁਭਾਉ। [7]ਕਰਦਾ ਹੋਇਆ। [8]ਪੰਜਾਬ ਦੇ ਲੋਕਾਂ ਦੀ ਖੁਟਾਈ ਜਾਣਕੇ।

*ਇਹ ਸਪਸ਼ਟ ਹੈ ਕਿ ਸ੍ਰਾਪ ਅੰਮ੍ਰਿਤ ਸਰੋਵਰ ਦੇ ਮਸੰਦਾਂ ਨੂੰ ਹੋਇਆ ਹੈ। ਇਤਿਹਾਸ ਤੋਂ ਅਜਾਣ ਲੋਕ ਸਰਾਪ ਨੂੰ ਅੰਮ੍ਰਿਤਸਰ ਸ਼ਹਿਰ ਦੇ ਵਾਸੀਆਂ ਤੇ ਲਾਉਣ ਦੀ ਉਕਾਈ ਕਰਦੇ ਰਹਿੰਦੇ ਹਨ। ਇਸ ਵੇਲੇ ਅੰਮ੍ਰਿਤਸਰ ਨਾਮ ਮੰਦਰ ਤੇ ਸਰੋਵਰ ਦਾ ਸੀ, ਸ਼ਹਿਰ ਦਾ ਨਾਮ ਰਾਮਦਾਸ ਪੁਰਾ ਸੀ। ਸ਼ਹਿਰ ਦਾ ਨਾਮ ਅੰਮ੍ਰਿਤਸਰ ਬਹੁਤ ਪਿੱਛੋਂ ਪਿਆ ਹੈ, ਵਾਕ ਬੀ ਇਹੋ ਹਨ 'ਮਸੰਦ ਤੁਮ ਅੰਮ੍ਰਿਤਸਰੀਏ' ਜਿਸਦੇ ਅਰਥ ਹਨ, ਤੁਸੀਂ ਹਰਿ ਮੰਦਰ ਦੇ ਜੋ ਮਸੰਦ ਹੋ ਤ੍ਰਿਸ਼ਨਾ ਅਗਨ ਨਾਲ ਅੰਦਰੋਂ ਸੜਦੇ ਹੋ। ਇਸ ਸ੍ਰਾਪ ਤੋਂ ਓਹ ਸੇਵਾਦਾਰ ਬਚ ਸਕਦੇ ਹਨ ਜੋ ਹਰੀਮੰਦਰ ਦੇ ਸੇਵਕ ਹੋਣ ਤੇ ਲੋਭ ਧਾਰਕੇ ਧਨ ਅੰਗੀਕਾਰ ਨਾ ਕਰਨ।

'ਲੋਭ ਮਸੰਦਨ ਕੋ ਧਨ ਕੇਰੇ। ਬੇਮੁਖ ਭੁਏ ਕਪਾਟ[1] ਸੁ ਭੇਰੇ ॥੫॥ ਅਜਹੂੰ ਨ ਸ਼ਰਧਾ ਜਿਨ ਕੋ ਭਈ। ਕੌਨ ਗੁਰੂ, ਪਾਰੁਖ ਨਹਿੰ ਅਈ[2]। ਮੈਂ ਤਰ-ਜਨ[3] ਕਰਿ ਸੁਜਸੁ ਉਚਾਰਾ। ਤਬਿ ਮਿਲਿਬੇ ਹਿਤ ਇਤ ਪਗ ਧਾਰਾ ॥੬॥ ਧਨ ਹਿਤ ਗੁਰੂ ਸਥਾਨ ਸੰਭਾਰੇ।ਲੋਭ ਰਿਦੇ ਡਾਹਿਕਾਇ[4] ਉਦਾਰੇ।ਜੇ ਕਰਿ ਇਨਹੁ ਸਜ਼ਾਇ ਨ ਬਨੇ । ਕਰਿ ਹੰਕਾਰ ਅਫ਼ਰ ਹੈਂ ਘਨੇ ॥ ੭ ॥ ਤੁਮ ਤੇ ਸ਼ੰਕਤਿ ਮੈਂ ਅਬਿ ਰਹਯੋਂ[5]। ਤ੍ਰਾਸ[6] ਦੇਨ ਕੋ ਨਹਿਂ ਕੁਛ ਕਹਯੋ[7]। ਸੁਨਿ ਸ੍ਰੀ ਤੇਗ ਬਹਾਦਰ ਸ੍ਵਾਮੀ। ਬੋਲੇ ਜਾਨਿ* ਮਸੰਦਨਿ ਖਾਮੀ[7] ॥੮॥ 'ਇਨਹੁੰ ਸਜ਼ਾਇ ਦੇਨਿ ਕੋ ਭਾਰੀ। ਉਪਜਹਿਗੋ ਇਕ ਪੁਰਖ ਅਗਾਰੀ[8]। ਕਰਹਿ ਤਾੜਨਾ, ਪ੍ਰਾਨਨਿ ਹਾਨਹਿ। ਜਰਾਂ ਉਖਾਰਹਿ, ਕੋਇਕ ਮਾਨਹਿਂ[9] ॥ ੯ ॥ ਕਰਯੋ ਕ੍ਰਿੱਤ ਕੋ ਤਬਿ ਫਲ ਪਾਵੈਂ। ਗੁਰ ਸਿਖ ਅਪਨੇ ਮੁਖ ਨਹਿੰ ਲਾਵੈਂ'। ਇਮ ਕਹਿ ਸਤਿਗੁਰੁ ਸੁਖੁਪਤਿ ਧਾਰੀ[10]।ਮੱਖਣ ਗਾ ਨਿਜ ਸਿਵਰ ਮਝਾਰੀ ॥ ੧੦ ॥ ਸੁਪਤਿ ਭਏ ਸੁਖ ਨਿਸਾ ਬਿਤਾਈ। ਜਾਗੇ ਬਹੁਰ ਪ੍ਰਾਤਿ ਹੁਇ ਆਈ । ਭਏ ਤਯਾਰ ਮਗ ਕਰਨਿ ਪਯਾਨਾ। ਸੁੰਦਰ ਜ਼ੀਨ ਪਵਾਇ ਕਿਕਾਨਾ[11] ॥੧੧॥ ਭਏ ਅਰੂਢਨਿ ਮਾਰਗ ਚਾਲੇ। ਪਹੁੰਚੇ ਆਇ ਸੁ ਬੀਚ ਬਕਾਲੇ। ਡੇਰਾ ਕਰਤਿ ਭਏ ਨਿਜ ਧਾਂਮ। ਮਿਲੇ ਮਾਤ ਕੋ ਕੀਨਿ ਪ੍ਰਨਾਮ ॥੧੨॥-ਅਨਿਕ ਬਿਘਨ ਤੇ ਸੁਤ ਬਚਿ ਗਯੋ-। ਯਾਂ ਤੇ ਅਧਿਕ ਨੇਹੁ ਉਰ ਭਯੋ। ਮਿਲਿ ਕਰਿ ਮੁਖ ਸਿਰ ਪਰ ਕਰ ਫੇਰਾ। ਬਾਰਿ ਬਾਰਿ ਧਾਰਿ ਮੋਦ ਘਨੇਰਾ ॥ ੧੩ ॥ ਤੈਸੇ ਮੱਖਣ ਉਤਰਯੋ ਅਪਨਿ। ਡੇਰਾ ਕਰਤਿ ਭਯੋ ਨਿਜ ਥਾਨ। ਖਾਨ ਪਾਨ ਕਰਿ ਕੈ ਸਭਿ ਭਾਂਤੀ। ਸੁਪਤੇ ਤਿਮਰ ਪ੍ਰਵਿਰਤੇ ਰਾਤੀ ॥੧੪॥ ਜਾਮ ਜਾਮਨੀ ਜਾਗ੍ਰਨ ਕਰੇ।ਬਿਧਿ ਤੇ ਸੌਚ ਸੁ ਮੱਜਨ ਕਰੇ।ਬਿਦਤੀ ਬਾਤ ਜਹਾਂ ਕਹਿਂ ਦੇਸ਼ੁ।-ਬਿਦਤ ਭਏ ਸਤਿਗੁਰੂ ਵਿਸ਼ੇਸ਼ ॥ ੧੫ ॥ ਮੰਜੀ ਅਪਰ ਸੋਢੀਅਨਿ ਲਾਈ। ਲੱਜਿਤਿ ਹੋਤਿ ਗਏ ਨਿਜ ਥਾਈਂ। ਸ੍ਰੀ ਗੁਰ ਹਰਿਗੋਵਿੰਦ ਕੋ ਨੰਦ । ਗੁਰਤਾ ਗਾਦੀ ਥਿਰੇ ਬਿਲੰਦ-॥ ੧੬ ॥ ਕਹੈਂ ਪਰਸਪਰ ਸਿਖ ਪੁਰਿ ਗ੍ਰਾਮ। ਸਭਿ ਬਿਧਿ ਸੁਜਸੁ ਸੁਨਹਿੰ ਅਭਿਰਾਮ।

---

[1](ਹਰਿਮੰਦਰ ਦੇ) ਤਖਤੇ। [2]ਕੌਣ ਗੁਰੂ ਹੈ (ਇਹ) ਪ੍ਰੀਖਿਆ ਨਹੀਂ ਹੋਈ। [3]ਤਾੜ ਕੇ। [4]ਦਿਲ (ਜਿਨ੍ਹਾਂ ਦਾ) ਭਟਕਾ ਰਿਹਾ ਹੈ। [5]ਡਰਦਾ ਰਿਹਾ ਹਾਂ। [6](ਮਸੰਦਾਂ ਨੂੰ) ਡਰ। [7]ਕਚਿਆਈ, ਖੋਟ। [8]ਅਗਲੇ ਸਮੇਂ ਵਿਚ। [9]ਕਿਸੇ ਇੱਕ ਨੂੰ ਮੰਨੇਗਾ ਭਾਵ ਵਿਰਲੇ ਵਿਰਲੇ ਮਸੰਦ ਦੀ ਕਦਰ ਕਰੇਗਾ, ਜੈਸੇ ਭਾਈ ਫੇਰੂ ਆਦਿਕਾਂ ਦਾ ਸਨਮਾਨ ਹੋਇਆ ਸੀ। [10]ਨਿੰਦ੍ਰਾ ਕੀਤੀ। [11]ਘੋੜੇ ਤੇ।

*ਜਾਸ।

ਨਿਕਟ ਕਿ ਦੂਰ ਦਰਸ ਕੇ ਹੇਤੁ। ਆਵਤਿ ਗਮਨੇ ਤਜੇ ਨਿਕੇਤ ॥੧੭॥
ਅਨਿਕ ਅਕੋਰਨਿ ਕੋ ਲੈ ਆਵਹਿਂ। ਗ੍ਰਾਮ ਬਕਾਲੇ ਕੀ ਦਿਸ਼ਿ ਧਾਵਹਿਂ।
ਜਬਿ ਬੈਠਹਿ ਸ੍ਰੀ ਤੇਗਬਹਾਦਰ।ਸੰਗਤਿ ਆਨਿ ਖਰੀ ਹੁਇ ਹਾਦਰ ॥੧੮॥
ਦਰਬ ਆਦਿ ਬਹੁ ਧਰਹਿਂ ਅਗਾਰੀ। ਬੰਦਨ ਕਰਹਿਂ ਭਾਉ ਕੋ ਧਾਰੀ।
ਆਵਨਿ ਲਗੀ ਭੇਟ ਚਹੁੰ ਓਰ। ਮਾਨਹਿਂ ਸਿੱਖ ਝੁਕੈਂ ਕਰ ਜੋਰਿ ॥੧੯॥
ਸੁਨਹਿਂ ਬਿਲੋਕਹਿਂ ਸੋਢੀ ਸਾਰੇ*।ਜਰਹਿਂ ਨਹੀਂ[1], ਉਰ ਜਰਹਿਂ[2] ਕੁਵਾਰੇ[3]।
ਦ੍ਵੈਸ਼ ਉਪਾਵਤਿ ਕਟੁ[4] ਬਚ ਕਹੈਂ। ਨਹੀਂ ਮਹਾਤਮ ਗੁਰ ਕੋ ਲਹੈਂ ॥੨੦॥
ਕਿਤਿਕ ਦਿਵਸ ਰਹਿ ਮੱਖਣ ਸ਼ਾਹੂ। ਅਪਨੇ ਦੇਸ਼ ਗਮਨ ਕਰਿ ਚਾਹੂ[5]।
—ਬਹੁਦਿਨ ਬਿਤੇ ਛੋਰਿ ਘਰ ਆਯੋ। ਪੂਰੀ ਕਾਮਨਾ ਦਰਸ਼ਨ ਪਾਯੋ—॥੨੧॥
ਰਿਦੈ ਬਿਚਾਰਤਿ ਇਕ ਦਿਨ ਐਸੇ। ਚਲਿ ਆਯਹੁ ਜਹਿਂ ਸਤਿਗੁਰ ਬੈਸੇ
। ਨਿੰਮ੍ਰਿ ਹੋਇ ਕਰਿ ਬੰਦਨ ਠਾਨੀ।ਪ੍ਰੇਮ ਜਨਾਵਤਿ ਬੋਲਯੋ ਬਾਨੀ ॥੨੨॥
'ਦੂਰ ਅਧਿਕ ਤੇ ਮੈਂ ਚਲਿ ਆਯੋ। ਬਾਂਛਤਿ ਰਾਵਰਿ ਦਰਸ਼ਨ ਪਾਯੋ।
ਭਯੋ ਕ੍ਰਿਤਾਰਥ ਅਬਿ ਸਭਿ ਭਾਂਤੀ। ਹਤਿ ਸੰਸੈ ਭਾ, ਸੀਤਲ ਛਾਤੀ ॥੨੩॥
ਚਿਰੰਕਾਲ ਭਾ ਤਜੇ ਨਿਕੇਤ। ਚਲਯੋ ਚਹਤਿ ਤੁਮ ਨਾਮ ਸਮੇਤ[6]'। ਸੁਨਿ
ਸਤਿਗੁਰ ਕਹਿ ਸਹਜ ਸੁਭਾਇ। 'ਹਮ ਤੇ ਭੀ ਇਤ ਬਸਯੋ ਨ ਜਾਇ ॥
੨੪ ॥ ਤਜਹਿ ਦੇਸ਼ ਹੁਇਂ ਸਤੁੱਦ੍ਰਵ ਪਾਰ। ਕਹੂੰ ਕਰਹਿਂਗੇ ਅਪਨਿ
ਅਗਾਰ[7] । ਮਤਸਰ ਇਹਾਂ ਕਰਤਿ ਹੈਂ ਘਨੇ । ਅਸ ਨ ਹੋਇ ਕੋ
ਜਾਵਹਿ ਹਨੇ[8] ॥ ੨੫ ॥ ਜਹਾਂ ਸ਼ਾਂਤਿ ਹੁਇ ਬਿਨਾ ਬਖੇਰੇ।ਤਹਾਂ ਕੁਸ਼ਲ ਹ੍ਵੈ
ਬਸਿਬੋ ਫੇਰੇ। ਸ੍ਰੀ ਹਰਿ ਕ੍ਰਿਸ਼ਨ ਬਾਕ ਕੇ ਕਹੇ।ਗ੍ਰਾਮ ਬਕਾਲੇ ਗੁਰਤਾ ਲਹੈਂ[9]
॥ ੨੬ ॥ ਯਾਂਤੇ ਇਹਾਂ ਬਸਨਿ ਸਭਿ ਚਾਹੈਂ । ਵਧਹਿ ਦ੍ਵੈਸ਼ ਪੁਨ ਆਪਸ
ਮਾਂਹੇ। ਆਗੇ ਧੀਰਮੱਲ ਬਹੁ ਕੀਨਿ। ਕਹਾਂ ਲਾਭ ਹੋਯਹੁ ਦੁਖ ਭੀਨ' ॥
੨੭ ॥ ਇਮ ਕਹਿ ਸ੍ਰੀ ਸਤਿਗੁਰੂ ਭੇ ਤ੍ਯਾਰ। ਜਨਨੀ ਸੋਂ ਤਬਿ ਕੀਨਿ

[1]ਸਹਾਰ ਨਹੀਂ ਸਕਦੇ। [2]ਸੜਦੇ ਹਨ। [3]ਖੋਟੇ। [4]ਕੌੜੇ। [5]ਜਾਣੇ ਦੀ ਚਾਹ ਕਰਦਾ ਹੈ। [6]ਆਪ ਦੇ (ਦਾਨ ਕੀਤੇ) ਨਾਮ ਸਹਿਤ ਭਾਵ ਨਾਮ ਸਿਮਰਦੇ ਹੋਏ। (ਅ) 'ਧੰਨ ਗੁਰੂ ਤੇਗ ਬਹਾਦਰ' ਆਖਦੇ ਹੁਣ ਤੁਰਿਆ ਚਾਹੁੰਦਾ ਹਾਂ। [7]ਘਰ। [8]ਐਸਾ ਨਾ ਹੋਵੇ ਕਿ ਕੋਈ ਮਾਰੇ ਜਾਣ ਭਾਵ ਕੋਈ ਬਖੇੜਾ ਵਧ ਕੇ ਲੜਾਈ ਤੇ ਕਿਸੇ ਦੇ ਮਾਰੇ ਜਾਣ ਤਕ ਨੌਬਤ ਨਾ ਅੱਪੜੇ। [9](ਸਮਝਦੇ ਹਨ) ਕਿ ਬਕਾਲੇ ਪਿੰਡ ਗੁਰਤਾ ਪ੍ਰਾਪਤ ਹੁੰਦੀ ਹੈ।

*ਅੰਕ ੧੬ ਵਿੱਚ ਦੱਸ ਆਏ ਹਨ ਕਿ ਸੋਢੀ- ਸਾਰੇ ਸ਼ਰਮਿੰਦੇ ਹੋਕੇ ਟੁਰ ਗਏ। ਏਥੇ ਭਾਵੇਂ ਉਨ੍ਹਾਂ ਦੇ ਟੁਰਨ ਤੋਂ ਪਹਿਲੇ ਸਮੇਂ ਵਲ ਇਸ਼ਾਰਾ ਜਾਪਦਾ ਹੈ।

ਉਚਾਰਿ।‘ਅਪਰ ਗ੍ਰਾਮ ਬਸਿਬੋ ਅਬਿ ਬਨੈ।ਦ੍ਵੈਸ਼ੀ ਦ੍ਵੈਸ਼ ਕਰਤਿ ਇਤ ਘਨੈ’ ॥ ੨੮ ॥ ਇੱਤਜਾਦਿਕ ਕਹਿ ਕੈ ਸੰਗ ਮਾਤ। ਸੁਪਤੇ ਸਤਿਗੁਰ ਬਿਤੀ ਸੁ ਰਾਤਿ। ਭਈ ਪ੍ਰਭਾਤਿ ਸੌਚ ਸਭਿ ਕੀਨਿ। ਮੱਜਨ ਕਰਜੋ ਪਹਿਰਿ ਪਟ ਲੀਨਿ॥੨੯॥ਮਾਤ ਨਾਨਕੀ ਲਖਿ ਸਭਿ ਬਾਤ।-ਨਹਿਂ ਰਹਿਬੇ ਕੀ ਮਰਜ਼ੀ ਤਾਤ[੧]-। ਘਰ ਕੀ ਵਸਤੁ ਸਰਬ ਸੰਭਵਾਈ। ਚਿਰੰਕਾਲ ਕੀ ਬਸਤਿ ਸੁਹਾਈ[੨]* ॥੩੦॥ ਨਹਿਂ ਚਿਤ ਚਹਤਿ ਤਜਾਗਿਬੇ ਗ੍ਰਾਮੂ। ਪਤਿ ਪਾਛੈ ਬਾਸੀ ਕਰਿ ਧਾਮੂ। ਤਊ ਜਾਨਿ ਸਭਿ ਰੀਤਿ ਲਚਾਰੀ[੩]। ਵਸਤੁ ਸੰਭਾਰਤਿ ਦ੍ਰਿਗ ਜਲ ਡਾਰੀ ॥ ੩੧॥ ਜ਼ੀਨ ਤੁਰੰਗਨ ਪਰ ਸ਼ੁਭ ਪਾਏ। ਮੱਖਣ ਤਯਾਰ ਭਯੋ ਸਹਿਸਾਏ। ਸਭਿ ਦਾਸਨਿ ਸੋਂ ਕੀਨਿ ਉਚਾਰੀ। ‘ਆਨਹੁ ਸਗਰੀ ਵਸਤੁ ਸੰਭਾਰੀ॥ ੩੨ ॥ ਗੁਰ ਘਰ ਕੀ ਅਰੁ ਅਪਨੀ ਜੇਤੀ। ਲੇ ਕਰਿ ਆਵਹੁ ਬੇਗ ਸਮੇਤੀ’।ਇਮ ਕਹਿ ਆਨਿ ਮਿਲਯੋ ਗੁਰੁ ਸੰਗ। ਕੀਨਸਿ ਬੰਦਨ ਉਤਰਿ ਤੁਰੰਗ ॥ ੩੩ ॥ ਹਾਥ ਜੋਰਿ ਕਰਿ ਗਿਰਾ ਉਚਾਰੀ। ‘ਚਢਹੁ ਆਪ ਨਹਿਂ ਕਰਹੁ ਅਵਾਰੀ। ਸਲਿਤਾ ਤਰਨੀ ਪਰ ਚਢਿ ਤਰਨੀ[੪]। ਮਿਲਹਿਂ ਆਇ ਸਭਿ, ਵਸਤੁ ਸੰਭਰਿਨੀ[੫]’ ॥੩੪॥ ਸੁਨਿ ਸ੍ਰੀ ਤੇਗ ਬਹਾਦਰ ਚੰਦ। ਕਹਿ ਬੜਵਾ ਮੰਗਵਾਇ ਬਿਲੰਦ। ਸਜਤਿ ਜ਼ੀਨ ਜੁਤਿ ਲੇ ਕਰਿ ਆਵਾ। ਆਗੇ ਖਰੋ ਦਾਸ ਦ੍ਰਿਸ਼ਟਾਵਾ ॥ ੩੫ ॥ ਸ੍ਰੀ ਨਾਨਕ ਕੋ ਤਬਹਿ ਮਨਾਇ। ਉਠਿ ਸ਼੍ਰੀ ਤੇਗਬਹਾਦਰ ਰਾਇ।ਲੇ ਮੱਖਣ ਕੋ ਅਪਨੇ ਸੰਗ।ਚਢੇ ਤੁਰੰਗਨਿ ਪਰ ਸ਼ੁਭ ਰੰਗ ॥ ੩੬ ॥ ਦਾਸ ਛੋਰਿ ਤਬਿ ਬਾਗ ਗਹਾਈ[੬]। ਮਾਰਗ ਗਮਨ ਕੀਨਿ ਅਗਵਾਈ। ਪਾਛੇ ਮੱਖਣ ਚਢਿ ਕਰਿ ਪਯਾਨਾ। ਸੰਗ ਕਿਤਿਕ ਅਸਵਾਰ ਸੁਜਾਨਾ[੭] ॥੩੭॥ ਸ੍ਰੀ ਗੁਜਰੀ ਕੋ ਭ੍ਰਾਤਾ ਅਹੈ†। ਨਾਮ ਕ੍ਰਿਪਾਲ ਤਿਸੀ ਕੋ ਕਹੈਂ। ਸੋ ਤੁਰੰਗ ਪਰ ਹ੍ਵੈ ਅਸਵਾਰ। ਕੀਨਸਿ ਤਯਾਰੀ ਗੁਰ ਕੀ ਲਾਰ[੮] ॥੩੮॥ ਅਪਰ ਦਾਸ ਕੇਤਿਕ ਸੰਗ ਹੋਏ। ਕੇਤਿਕ ਵਸਤੁ ਸੰਭਾਰਤਿ ਜੋਏ। ਸਨੇ ਸਨੇ ਸ਼੍ਰੀ ਸਤਿਗੁਰ ਚਾਲੇ। ਪਰਜੋ ਬਹੀਰ ਦਾਸ ਬਹੁ ਨਾਲੇ ॥ ੩੯ ॥ ਇਕ ਆਗੈ ਇਕ ਪਾਛੈ ਆਇ। ਗਮਨੇ ਇਮ ਉਰ ਸ਼ੋਕ ਉਪਾਇ।

---

[੧]ਪੁੱਤ੍ਰ ਦੀ। [੨]ਵਸਦੀ ਜੋ ਹੈਸੀ। [੩]ਬੇਵਸੀ। [੪](ਜਿਥੇ) ਨਦੀ ਤਰਨ ਲਈ, ਭਾਵ ਪਾਰ ਹੋਣ ਲਈ ਬੇੜੀ ਤੇ ਚੜ੍ਹਨਾ ਹੈ, ਓਥੇ.....ਭਾਵ ਪੱਤਣ ਤੋਂ ਹੈ। [੫]ਸਾਰੇ (ਹੋਰ ਸਾਥੀ) ਚੀਜ਼ਾਂ ਸੰਭਾਲਕੇ ਆ ਮਿਲਣਗੇ (ਪਿੱਛੋਂ)। [੬]ਦਾਸ ਨੇ ਆਪਣੇ ਹੱਥੋਂ ਛੱਡਕੇ ਮਹਾਰਾਜ ਜੀ ਨੂੰ ਵਾਗ ਫੜਾਈ। [੭]ਚਤੁਰ। (ਅ) ਜਾ ਰਹੇ ਹਨ। [੮]ਨਾਲ। *ਪਾ:-ਜਹਾਂ ਬੀ।

†ਬੇਬੇ ਨਾਨਕੀ ਜੀ ਦਾ ਪੇਕਾ ਘਰ ਬਕਾਲੇ ਸੀ।

ਰਿਦੈ ਬਿਚਾਰਹਿਂ–ਗੁਰਤਾ ਗਾਦੀ। ਭਈ ਬਿਦਤ ਸਿੱਖਜਨਿ ਅਹਿਲਾਦੀ ॥ ੪੦ ॥ ਤਊ ਸ਼ਰੀਕਾ ਸੋਢੀ ਕਰੈਂ। ਨਾਹਕ ਬੈਰ ਪਰਸਪਰ ਧਰੈਂ। ਇਹ ਬਡ ਖੋਟ[1] ਦੇਤਿ ਦੁਖ ਭਾਰੀ। ਬਸਤਿ[2] ਬਕਾਲੇ ਗ੍ਰਾਮ ਮਝਾਰੀ ॥ ੪੧ ॥ ਹੇਰਿ ਬੈਰ ਕੋ ਛੋਰਨਿ ਕਰਨੋ। ਅਪਰ ਥਾਨ ਬਸਿਬੇ ਚਿਤ ਧਰਨੋ। ਕਿਸ ਕੋ ਸੁਧਿ ਕਿਸ ਥਲ ਚਲਿ ਜਾਵੈਂ। ਕਹਾਂ ਥਿਰਹਿਂ ਨਿਜ ਗ੍ਰਾਮ ਬਸਾਵੈਂ–॥੪੨॥ ਇੱਤ੍ਯਾਦਿਕ ਗਿਣਤੀ ਮਹਿਂ ਦਾਸ। ਗਮਨੇ ਸੰਗ ਸੁ ਰਿਦੇ ਉਦਾਸ। ਸ੍ਰੀ ਗੁਰ ਤੇਗਬਹਾਦਰ ਚਲੇ। ਮੱਖਣ ਸੰਗ ਸੁਭਟ ਗਨ ਭਲੇ॥੪੩॥ ਕੁਛ ਮਗ ਉਲੰਘ੍ਯਤਿ ਪਹੁੰਚੇ ਆਇ। ਨਦੀ ਬਿਪਾਸਾ ਚਲਿ ਜਿਸ ਥਾਇ।ਤਰਨੀ ਪਰ ਚਢਿ ਕੈ ਤਟ ਪਾਰ। ਹੇਰੀ ਚਲਹਿ ਬਿਮਲ ਬਹੁ ਬਾਰਿ[3]॥੪੪॥ਨੌਕਾ ਨਹੀਂ ਨਿਕਟਿ ਕੋ ਆਈ। ਇਮ ਬਿਲੋਕਿ ਠਾਂਢੇ ਤਿਸ ਥਾਈਂ। ਸਾਥ ਪਾਛਲੋ ਆਵਤਿ ਚਾਲਾ। ਕਰਤਿ ਬਿਲੋਕਨਿ ਖਰੇ ਕ੍ਰਿਪਾਲਾ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਗੁਰ ਤੇਗ ਬਹਾਦਰ ਗਮਨ' ਪ੍ਰਸੰਗ ਬਰਨਨੰ ਨਾਮ ਤੀਨਬਿੰਸਤੀ ਅੰਸੂ ॥੨੩॥

## ੨੪. [ਸ੍ਰੀ ਗੁਰੂ ਗ੍ਰੰਥ ਜੀ ਜਲ ਵਿਚ ਰੱਖੇ]।

ਦੋਹਰਾ ॥ ਠਾਂਢੇ ਤਰੀ ਪ੍ਰਤੀਖਤੇ ਪਿਖਤਿ ਪਾਛਲੋ ਸਾਥ।–ਆਇ ਮਿਲਹਿਂ ਇਕਠੇ ਸਕਲ–ਉਲੰਘਨਿ ਕੋ ਚਹਿਂ ਨਾਥ ॥੧॥ ਚੌਪਈ ॥ ਅਲਪ ਵਸਤੁ ਕੁਛ ਸਦਨ ਮਝਾਰੀ[4]। ਧੀਰਮੱਲ ਕੋ ਦੀਨਸਿ ਸਾਰੀ[5]। ਲਘੁ ਤੁਰੰਗਨਿ ਪਰ ਧਰਿ ਸੋ ਲ੍ਯਾਏ। ਸਨੇ ਸਨੇ ਗੁਰ ਢਿਗ ਚਲਿ ਆਏ ॥ ੨ ॥ ਕੇਤਿਕ ਸਿੱਖ੍ਯ ਫਕੀਰ ਕਿਤੇਕ। ਮਿਲ ਸੰਗੀ ਭੇ ਜਲਧਿ ਬਿਬੇਕ[6]। ਆਇ ਆਇ ਗੁਰ ਢਿਗ ਹੁਇ ਠਾਂਢੇ। ਸ਼ਰਧਾਲੂ ਪ੍ਰੇਮੀ ਮਨ ਗਾਢੇ ॥ ੩ ॥ ਇਤਨੇ ਮਹਿਂ ਸਿਖ ਸੋ ਚਲਿ ਆਯੋ। ਗੁਰੂ ਗ੍ਰਿੰਥ ਜਿਨ ਸੀਸ ਉਠਾਯੋ।ਦੇਖਤਿ ਗੁਰ ਅਰ ਸਿਖ ਤਿਸ ਓਰ। ਬੰਦਨ ਕਰੀ ਸਕਲ ਕਰ ਜੋਰਿ ॥ ੪ ॥ ਤੇਗ ਬਹਾਦਰ ਗੁਰੂ ਬਖਾਨ੍ਯੋ। 'ਕੌਨ ਗ੍ਰਿੰਥ ਸਾਹਿਬ ਇਹ ਆਨ੍ਯੋ।ਕਿਤ ਲੇ ਜਾਇ[7],ਅਹੈ ਕਿਸ ਪਾਸ ? ਬੂਝਹੁ ਇਸ ਕੋ, ਕਰਹੁ ਪ੍ਰਕਾਸ਼[8]' ॥ ੫ ॥ ਤਬਿ ਕ੍ਰਿਪਾਲ ਗੁਜਰੀ ਕੋ ਭ੍ਰਾਤ। ਸਰਬ ਸੁਨਾਇ ਭਨ੍ਯੋ ਸੁ ਬ੍ਰਿਤਾਂਤ। 'ਸ੍ਰੀ ਗੁਰ ਅਰਜਨ

[1]ਖੋਟੇ ਹਨ। [2](ਨਾਵੇਂ ਗੁਰੂ ਜੀ) ਵਸਦੇ ਸਨ। [3]ਬੇੜੀ ਤੇ ਚੜ੍ਹਕੇ ਪਾਰ ਹੋਣ ਲਈ ਤਟ (ਤੇ ਖੜ੍ਹੋਕੇ ਬੇੜੀ) ਤੱਕੀ, ਬਹੁਤ ਨਿਰਮਲ ਜਲ ਚੱਲਦਾ (ਨਜ਼ਰ ਪਿਆ)। (ਅ) ਐਉਂ ਬੀ ਅਰ੍ਥ ਹੁੰਦਾ ਹੈ:–ਤਟ ਪਰ ਚੜ੍ਹਕੇ ਪਾਰ ਵੱਲ ਤਰਨੀ (ਲਈ) ਹੇਰਿਆ। [4]ਭਾਵ ਥੋੜਾ ਕੁਛ ਹੀ ਘਰ ਵਿੱਚ ਸੀ। [5](ਆਪ) ਦੇ ਦਿੱਤੀ ਸੀ। [6]ਗੁਰੂ ਜੀ ਦੇ ਨਾਲ ਹੋ ਗਏ। [7]ਕਿਥੇ ਲੈ ਜਾ ਰਿਹਾ ਹੈ। [8]ਭਾਵ (ਸਾਨੂੰ) ਦੱਸੋ।

ਪ੍ਰਥਮ ਲਿਖਾਯੋ। ਧੀਰਮੱਲ ਸੋ ਛਲ ਕਰਿ ਪਾਯੋ ॥ ੬ ॥ ਡੇਰਾ ਲੂਟ ਲੀਨਿ
ਜਬਿ ਸਾਰੇ। ਤਬਿ ਤੇ ਆਯਹੁ ਸਦਨ ਹਮਾਰੇ। ਮਹਾਂ ਮਹਾਤਮ ਹੈ ਇਸ
ਕੇਰਾ। ਜਿਸ ਕੇ ਦਰਸ਼ਨ ਪੁੰਨ ਘਨੇਰਾ ॥ ੭ ॥ ਰਾਵਰਿ ਬਡਨਿ[1] ਬਨਾਯੋ
ਏਹੀ। ਇਸ ਢਿਗ ਹੁਇ ਪੂਜਾ ਬਹੁ ਲੇਹੀ। ਇਸ ਕਰਿ ਸਰਬ ਸੰਗਤਾਂ
ਆਵੈਂ। ਦਰਸਹਿਂ ਅਨਿਕ ਅਕੋਰ ਚਢ਼ਾਵੈਂ ॥ ੮ ॥ ਯਾਂਤੇ ਆਪ ਨਿਕਟਿ
ਅਬਿ ਰਹੈ। ਅਪਰ ਥਾਨ ਕੇ ਉਚਿਤ ਨ ਅਹੈ'। ਸੁਨਿ ਸ਼੍ਰੀ ਤੇਗਬਹਾਦਰ
ਕਹ੍ਯੋ। 'ਹਮਰੇ ਸੰਗ ਕੌਨ ਬਿਧਿ ਰਹ੍ਯੋ[2] ॥ ੯ ॥ ਕਿਨ ਇਹ ਰਾਖਿ ਸਾਥ
ਨਿਜ ਆਨ੍ਯੋ ? ਫੇਰਨਿ[3] ਕਹ੍ਯੋ, ਨਹੀਂ ਸੋ ਮਾਨ੍ਯੋ।ਧੀਰਮੱਲ ਕੇ ਨਿਕਟਿ
ਕਦੀ ਕੋ[4]। ਅਬਿ ਭੀ ਦੈਬੋ ਬਨਹਿ ਤਿਸੀ ਕੋ ॥ ੧੦ ॥ ਛੀਨ ਲੇਨਿ ਇਹੁ
ਉਚਿਤ ਨ ਹਮੈ।ਰਿਦੇ ਬਿਸੂਰਹਿ ਦੁਖ ਸਭਿ ਸਮੈ[5]'।ਤਬਹਿ ਕ੍ਰਿਪਾਲ ਸੁਨਾ-
ਵਨਿ ਕੀਨਿ। 'ਮੱਖਣ ਅਰੁ ਮਾਤਾ ਨਹਿਂ ਦੀਨਿ ॥ ੧੧ ॥–ਹੁਤੋ ਪਿਤਾਮੈ
ਰਾਵਰਿ ਕੇਰਾ[6]। ਜਿਨਹੁੰ ਗ੍ਰਿੰਥ ਜੀ ਕੀਨਿ[7] ਬਡੇਰਾ। ਯਾਂਤੇ ਵਸਤੁ ਆਪ
ਕੀ ਅਹੈ। ਜੋ ਗੁਰ ਗਾਦੀ ਪਰ, ਸੋ ਲਹੈ–॥ ੧੨ ॥ ਇਮ ਬਿਚਾਰ ਕਰਿ
ਦਿਯੋ ਨ ਮਾਤਾ। ਉਚਿਤ ਬਿਚਾਰ ਲੇਹੁ, ਸੁਖਦਾਤਾ ! ਅਤਿਸ਼ੈ ਦੁਰਲਭ
ਵਸਤੁ ਅਜਾਇਬ। ਇਹ ਨਹਿਂ ਦੇਨਿ ਬਨਹਿ, ਗੁਰਸਾਹਿਬ !' ॥ ੧੩ ॥
ਇਤਨੇ ਬਿਖੈ ਨਾਨਕੀ ਆਈ। ਸੁੰਦਰ ਸਮੇਂਦਨ ਪਰ ਸੁਖਦਾਈ। ਗੁਜਰੀ
ਸੰਗ ਚਢੀ ਸ਼ੁਭ ਡੋਰੇ। ਝਾਲਰ ਜ਼ਰੀਦਾਰ ਚਹੁੰ ਓਰੇ ॥ ੧੪ ॥ ਨਿਕਟਿ
ਆਇ ਸੁਤ ਕੇ ਬਚ ਸੁਨੇ। ਹਠ ਕਰਿ ਰਹੇ ਹੇਰਿ ਸਿਰ ਧੁਨੇ[8]।–ਸ਼ਤ੍ਰੁ ਕੋ
ਹਿਤ ਚਾਹਤਿ ਰਹੈ।ਪ੍ਰਾਨ ਹਾਨਿ ਲਗਿ[9] ਖੋਟੋ ਅਹੈ॥੧੫॥ਕਹੌਂ ਕਹਾਂ ਲੌਗਿ
ਬਹੁ ਸਮੁਝਾਇ। ਸਰਲ ਸੁਭਾਉ ਨ ਕੁਛ ਲਖਿ ਪਾਇ–। ਸਿੱਖਜਨਿ
ਸੰਗ ਗੁਰੂ ਪੁਨ ਕਹ੍ਯੋ। 'ਧੀਰਮੱਲ ਕੋ[10] ਹਮ ਇਹ ਲਹ੍ਯੋ॥੧੬॥ਕੋ ਅਬਿ
ਗਮਨਹੁ, ਲੇ ਕਰਿ ਜਾਵੋ। ਸੌਂਪੋ ਜਾਇ ਤਿਸੀ ਕੇ ਪਾਹੋ[11]। ਹਮਰੇ ਸੰਗ ਨ
ਰਾਖਨਿ ਕਰੋ।ਸ਼੍ਰੀ ਕਰਤਾਰਪੁਰੇ ਲੇ ਧਰੋ' ॥੧੭॥ ਸੁਨਿ ਸਿੱਖਜਨਿ ਸਭਿ ਜੋਰੇ
ਹਾਥ। ਹੋਇ ਨੰਮ੍ਰਿ ਬੋਲੇ ਗੁਰ ਸਾਥ। 'ਧੀਰਮੱਲ ਤਨ ਮਨ ਤੇ ਖੋਟਾ।ਤਿਸ

---

[1]ਵਡਿਆਂ ਨੇ। [2]ਕਿਸ ਤਰ੍ਹਾਂ ਰਹਿ ਗਿਆ। [3]ਮੋੜਨਾ। [4]ਕਦੋ ਦਾ ਭਾਵ ਬਹੁਤ ਚਿਰ ਦਾ।
[5]ਚਿੱਤੋਂ ਦੁਖੀ ਹੋਕੇ ਸਦਾ ਝੂਰਦਾ ਰਹੇਗਾ (ਧੀਰਮੱਲ)। [6]ਆਪ ਦੇ ਪਿਤਾਮਾ ਜੀ ਦਾ। [7]ਰੱਖਿਆ।
[8](ਮਾਤਾ ਜੀ ਨੇ) ਸਿਰ ਹਿਲਾਇਆ। [9](ਜੋ ਸ਼ੱਤ੍ਰੂ) ਪ੍ਰਾਣਾਂ ਦੇ ਨਾਸ਼ ਕਰਨ ਤਕ। [10]ਧੀਰਮੱਲ
ਦਾ ਇਹ (ਸ੍ਰੀ ਗੁਰੂ ਗ੍ਰੰਥ ਸਾਹਿਬ)। [11]ਪਾਸ।

ਕੇ ਦੇਖਨਿ ਤੇ ਬਹੁ ਤੋਟਾ॥੧੮॥ ਗੁਰ ਨਿੰਦਕ ਬਡ ਪਾਪ ਕਮਾਏ। ਕਹਿ ਕਰਿ ਤੁਮ ਪਰ ਤੁਪਕ ਚਲਾਏ। ਕਰਹਿ ਸਦਾ ਦੁਸ਼ਟਨਿ ਕੀ ਸੰਗਤਿ। ਉੱਤਮ ਜਨ ਜਿਸ ਕੀ ਨਹਿਂ ਪੰਗਤਿ ॥ ੧੯ ॥ ਹਮ ਤਿਸ ਕੀ ਦਿਸ਼ਿ ਮੁਖ ਨਹਿਂ ਕਰੈਂ। ਮਿਲਿਬੇ ਕੀ ਬਾਂਛਾ ਨਹਿਂ ਧਰੈਂ। ਰਾਵਰ ਕੋ ਅਪਰਾਧੀ ਭਾਰੋ। ਹਮ ਬਿਲੋਕਿ ਨਹਿਂ ਸਕਹਿਂ ਸਹਾਰੋ[1] ॥ ੨੦ ॥ ਸੁਨਿ ਗੁਰ ਸਭਿ ਸਿੱਖਨਿ ਕੀ ਬਿਨਤੀ। ਮਨ ਮਹਿਂ ਗਿਨਤਿ ਰਹੇ ਗਨ ਗਨਤੀ।–ਨਹਿਂਨ ਗ੍ਰਿੰਥ ਸਾਹਿਬ ਹਮ ਰਾਖੈਂ। ਤਿਸ ਢਿਗ ਪਹੁੰਚੈ–ਚਿਤ ਅਭਿਲਾਖੈਂ ॥ ੨੧ ॥ ਮਾਤ ਨਾਨਕੀ ਬਰਜਤਿ ਹੇਰਿ। 'ਹੇ ਸੁਤ ਕਸੇਂ ਹਠ ਕਰਹੁ ਬਡੇਰ? ਦੁਰਲਭ ਵਸਤੂ ਅਪਨਿ ਬਡਨਿ ਕੀ। ਬਹੁਰ ਨ ਪ੍ਰਾਪਤਿ ਅਨਿਕ ਜਤਨ ਕੀ[1] ॥੨੨॥ ਨਹਿਂ ਦੀਜਹਿ ਨਿਜ ਸਾਥ ਰਖੀਜਹਿ। ਨੀਕੇ ਰਿਦੇ ਬਿਚਾਰ ਲਖੀਜਹਿ। ਰਿਪੁ ਕੋ ਕਛੂ ਤਦਾਰਕ[2] ਹੋਇ। ਕਰੀ ਅਵੱਗਯਾ ਲੇ ਫਲ ਸੋਇ ॥ ੨੩ ॥ ਅਧਿਕ ਸ਼ਰੀਕਾ ਉਰ ਮਹਿਂ ਧਾਰਹਿ । ਨਹਿਂ ਬਡਿਆਈ ਤਨਕ ਬਿਚਾਰਹਿ। ਅਹੈ ਭਤੀਜਾ ਬਡ ਅਹੰਕਾਰਿ। ਨਹਿਂ ਜਿਸ ਕੇ ਕੁਛ ਰਹਯੋ ਬਿਚਾਰ ॥ ੨੪ ॥ ਕਿਸੀ ਰੀਤਿ ਤੇ ਅਦਬ ਨ ਰਾਖਾ। ਕਰਤਿ ਸਦਾ ਮਾਰਨਿ ਅਭਿਲਾਖਾ । ਇਮ ਸਨੇਹੁ ਤਿਸ ਕੇ ਸੰਗ ਧਰਨਾ। ਕਿਮ ਨ ਚਿਤਹੁ ਜਿਮ ਦੁਰਮਤ ਕਰਨਾ[3]'॥੨੫॥ਸੁਨਤਿ ਮਾਤ ਤੇ ਧਰਿ ਮੁਖ ਮੋਨ। ਚਿਤਹਿਂ[4]–ਉਪਾਇ ਕਰਹਿਂ ਅਬਿ ਕੌਨ। ਸਿਖ ਸੇਵਕ ਤਹਿਂ ਜਾਇ ਨ ਕੋਈ। ਲਖਹਿਂ ਮਹਾਂ ਅਪਰਾਧੀ ਸੋਈ ॥੨੬॥ ਕਰਤਾ ਜਾਨਿ ਕੁਕਰਮਨਿ ਕੇਰਾ। ਨਹਿਂ ਚਾਹਤਿ ਸਿਖ ਦਰਸ਼ਨ ਹੇਰਾ। ਕਰਹਿਂ ਪਰਣ, ਤਿਸ ਮੁਖ ਨਹਿਂ ਲਾਗਹਿਂ।ਕਿਮ ਪਹੁੰਚਾਇਂ ਗ੍ਰਿੰਥ ਤਿਸ ਆਗਹਿ[5]–॥੨੭॥ਤਰਨੀ ਕੀ ਪ੍ਰਤੀਖਨਾ ਕਰਤੇ।ਇਸ ਕਾਰਜ ਕੋ ਰਿਦੇ ਬਿਚਰਤੇ।ਜਬਿਨੌਕਾ ਚਲਿਕਰਿ ਢਿਗ ਆਈ। ਭਏ ਅਰੂਢਨਿ ਤਬਹਿ ਗੁਸਾਈਂ ॥੨੮॥ ਸਯੰਦਨ ਡੋਰੇ ਨਰ ਸਮੁਦਾਏ। ਮੱਖਣ ਆਦਿਕ ਤੁਰਤ ਚਢਾਏ। ਗੁਰੂ ਗ੍ਰਿੰਥ ਕੋ ਤਰੀ ਮਝਾਰ। ਸ਼ੁਭ ਥਲ ਪਿਖਿ ਕਰਿ ਧਰਯੋ ਸੁਧਾਰਿ ॥ ੨੯ ॥ ਕਰਨਧਾਰ[6] ਤਬਿ ਪ੍ਰੇਰਨਿ ਕਰੀ। ਨੀਰ ਗੰਭੀਰ ਸ਼ੀਘ੍ਰ ਚਲਿ ਤਰੀ। ਪਰਲੇ ਤੀਰ ਗਈ ਤਤਕਾਲਾ। ਉਤਰਿ ਪਰੇ ਸਤਿਗੁਰੂ ਕ੍ਰਿਪਾਲਾ ॥੩੦॥ ਇਕ ਨਰ ਸ੍ਰੀ ਕਰਤਾਰਪੁਰੇ ਕੋ

[1]ਕੀਤਿਆਂ ਬੀ। [2]ਰੋਕ; ਦੰਡ। [3]ਜਿਵੇਂ ਓਹ ਖੋਟ ਕਰਦਾ ਹੈ ਤੁਸੀਂ ਚੇਤੇ ਬੀ ਕਿਵੇਂ ਨਹੀਂ ਕਰਦੇ ਹੋ। [4]ਸੋਚਣ ਲਗੇ ਕਿ''''। [5]ਉਸਦੇ ਪਾਸ। [6]ਮਲਾਹ।

ਉਤਰਯੋ ਗੁਰ ਕੈ ਸੰਗ ਉਰੇ ਕੋ। ਬੂਝਨ ਕੀਨੋ, ਤਾਂਹਿ ਬਖਾਨਾ[1]। 'ਮੈਂ ਤਿਸ ਨਗਰ ਬਿਖੈ ਚਲਿ ਜਾਨਾ' ॥ ੩੧ ॥ ਸਤਿਗੁਰ ਕਹਯੋ 'ਕਾਜ ਹਮ ਕੀਜੈ। ਏਕ ਸੰਦੇਸ ਧੀਰਮਲ ਦੀਜੈ।–ਗੁਰੂ ਗ੍ਰਿੰਥ ਜੋ ਤੁਮ ਤੇ ਲਿਯੋ। ਸੋ ਦਰਿਆਉ ਬਿਖੈ ਧਰਿ ਦਿਯੋ ॥ ੩੨ ॥ ਆਪ ਜਾਇ ਕਰਿ ਲੇਉ ਨਿਕਾਸ। ਪੁਨ ਸਦੀਵ ਤੁਮ ਰਾਖਹੁ ਪਾਸ*। ਹਮ ਨਹਿ ਕੀਨਸਿ ਅੰਗੀਕਾਰ।ਜਾਇ ਅਗਾਰੀ ਪੰਥ ਮਝਾਰ[2]' ॥੩੩॥ ਹਾਥ ਜੋਰਿ ਤਿਹ ਮਾਨਵ ਮਾਨੀ। 'ਮੈਂ ਪਹੁੰਚਤਿ ਹੀ ਕਰੌਂ ਬਖਾਨੀ'। ਇਮ ਸਮੁਝਾਇ ਗੁਰੂ ਗਤਿ ਦਾਨੀ। ਹੁਤੋ ਗੰਭੀਰ ਬੇਗ ਜਹਿਂ ਪਾਨੀ*॥੩੪॥ਮੰਜੀ ਕੇ ਸਮੇਤ ਜਲ ਮਾਹਿ।ਕਹਿ ਕਰਿ ਭਲੇ ਰਖਾਯਹੁ ਤਾਂਹਿ। 'ਭਲੇ ਸੰਭਾਲਹੁ ਭੋ ਦਰਿਆਇ ! ਤੁਝ ਤੇ ਲੇਹਿ ਧੀਰਮਲ ਆਇ' ॥ ੩੫ ॥ ਜਲ ਗੰਭੀਰ ਮਹਿਂ ਜਬਹਿ ਟਿਕਾਏ। ਸਕਲ ਬਿਲੋਕਤਿ ਬਹੁ ਬਿਸਮਾਏ[3]। "[4]ਪ੍ਰਥਮ ਕਹਤਿ ਬਿੱਪ੍ਰੀਤ ਬਿਸਾਲਾ। ਰਿਪੁ ਕੋ ਚਹਤਿ ਭਲੋ ਸਭਿ ਕਾਲਾ[4] ॥੩੬॥ ਵਸਤੁ ਅਮੋਲਕ ਰਖਿਬੇ ਲਾਇਕ। ਦੇ ਸ਼ਰੀਕ ਕੇ ਸਦਨ ਸੁਭਾਇਕ। ਕੋ ਤਹਿਂ ਗਯੋ ਨ, ਅਬਿ ਕਯਾ ਕਰਨੋ[5]। ਸਲਿਤਾ ਸਹਿਤ ਬੇਗ ਮਹਿਂ ਧਰਯੋ ॥ ੩੭ ॥ ਜਲ ਮਹਿਂ ਕਾਗਦ ਭੀਗਹਿਂ ਜਬੈ। ਬਚਹਿਂ ਨ,ਸ਼ੀਘ੍ਰ ਜਾਹਿਂ ਗਰ ਤਬੈ।ਕਿਮ ਅੱਖਰ ਸਾਬਤ ਰਹਿ ਜੈ ਹੈਂ। ਬਿਨਾ ਭੀਤ ਜਿਮ ਚਿੱਤ੍ਰ[6] ਨ ਪੈ ਹੈ' ॥ ੩੮ ॥ ਇੱਤਯਾਦਿਕ ਆਪਸ ਮਹਿ ਕਹੈਂ। ਗੁਰ ਮਹਿੰਮਾ ਕਹੁ ਭੇਵ ਨ ਲਹੈਂ। ਪੁਨ ਸਤਿਗੁਰ ਚਲਿ ਪਰੇ ਅਗਾਰੀ। ਮੱਖਣ ਆਦਿਕ ਚਲੇ ਪਿਛਾਰੀ ॥ ੩੯ ॥ ਸਿਖ ਸ਼ਰਧਾਲੂ

---

[1](ਗੁਰੂ ਜੀ ਨੇ) ਪੁਛਿਆ ਤੇ ਉਸ (ਸਿੱਖ) ਨੇ ਉਤਰ ਦਿੱਤਾ। [2]ਅਸੀਂ ਰਾਹ ਵਿਚ ਅਗੇ ਜਾ ਰਹੇ ਹਾਂ। (ਅ) (ਇਹ ਸ੍ਰੀ ਗੁਰੂ ਗ੍ਰੰਥ ਸਾਹਿਬ) ਅਗੇ ਨੂੰ ਪੰਥ ਵਿਚ ਚਲਾ ਜਾਏਗਾ। [3]ਹੈਰਾਨ ਹੋਕੇ ਕਹਿੰਦੇ ਹਨ ਸਾਰੇ:–[4]ਪਹਿਲੇ ਤਾਂ ਪੁੱਠੀ ਗਲ ਕਹਿੰਦੇ ਸਨ (ਗੁਰੂ ਜੀ) ਕਿ ਦੁਸ਼ਮਨ ਦਾ ਭਲਾ ਸਦਾ ਮੰਗਦ ਸਨ। [5]ਭਾਵ ਧੀਰਮੱਲ ਪਾਸ ਕੋਈ ਲੈਕੇ ਨਹੀਂ ਗਿਆ ਤਾਂ ਦੇਖੋ ਹੁਣ ਕੀ ਕੀਤਾ ਨੇ। [6]ਕੰਧ ਤੋਂ ਬਿਨਾਂ ਜਿਵੇਂ ਮੂਰਤ ਨਹੀਂ ਰਹਿ ਸਕਦੀ।

*ਖਿਮਾ, ਤਿਆਗ, ਵੈਰਾਗ ਤੇ ਬੀਤਰਾਗ ਅਵਸਥਾ ਦਾ ਇਹ ਕਮਾਲ ਹੈ। ਆਪ ਦੇ ਤਿਆਗ ਨੂੰ ਇਕ ਉੱਤਮ ਫਲ ਇਹ ਲੱਗਾ ਕਿ ਅਨੰਦਪੁਰ ਦੇ ਸਾਕੇ ਤੇ ਹੋਰਨਾਂ ਪੰਥਕ ਖੇਦਾਂ ਤੇ ਦੁੱਖਾਂ ਦੇ ਸਮੇਂ ਬੀੜ ਕਰਤਾਰ ਪੁਰੇ ਸਹੀ ਸਲਾਮਤ ਪਈ ਰਹੀ ਜੋ ਅੱਜ ਤੱਕ ਪ੍ਰਾਪਤ ਹੈ। ਨਹੀਂ ਤਾਂ ਕੀਹ ਜਾਣੀਏ ਅਨੰਦ ਪੁਰ ਦੀਆਂ ਲੁੱਟਾਂ ਤੇ ਹੋਰ ਸਾਕਿਆਂ ਵੇਲੇ ਨੌ ਮਣ ਰਚਨਾ ਦੀ ਤੇ ਦਮਦਮੇ ਦੀ ਬੀੜ ਦੀ ਅਸਲ ਲਿਖਤ ਵਾਂਙੂ ਇਹ ਭੀ ਲੋਪ ਹੋ ਜਾਂਦੀ।

ਤੂਸ਼ਨਿ ਰਹੈਂ। ਗੁਰ ਕੋ ਚਰਿਤ ਭਲੇ ਉਰ ਲਹੈਂ। 'ਜੋ ਕਿਛ ਕਰਹਿਂ ਸੁ ਆਛੀ ਬਨੈ। ਸਤਿਗੁਰ ਮਤਿ ਜਾਨਹਿ ਕੋ ਮਨੈ'[1] ॥ ੪੦ ॥ ਕੋਇਕ ਕਹੈਂ 'ਦੁਲਭ ਸ਼ੁਭ ਮਹਾਂ। ਬਹੈ ਨਦੀ, ਪੁਨ ਪ੍ਰਾਪਤਿ ਕਹਾਂ। ਸ਼੍ਰੀ ਗੁਰ ਅਰਜਨ ਹਾਥਨਿ ਕੇਰਾ। ਇਨਹੁਂ ਕੀਨਿ ਲੋਪ ਸੁ ਇਸ ਬੇਰਾ॥੪੧॥ਅਸ ਵਸਤੂ ਪੁਨ ਹਾਥ ਨ ਆਵੈ। ਕੌਨ ਗੁਰੂ ਸੰਗ ਕਹਿ ਸਮੁਝਾਵੈ। ਕਰਯੋ ਨਿਫਲ ਜਲ ਬਿਖੈ ਟਿਕਾਯੋ। ਕਿਤ ਬਹਿ ਜਾਇ, ਕੌਨ ਲੇ ਪਾਯੋ'[2] ॥ ੪੨ ॥ ਪਿਖਤਿ ਨਾਲਕੀ ਰਿਦਾ ਤਪਾਯੋ। ਨਹਿ ਸੁਤ ਸੌਂ ਪੁਨ ਬਾਕ ਅਲਾਯੋ। ਮਾਰਗ ਚਲੇ ਜਾਹਿਂ ਅਗੁਵਾਈ। ਸੇਵਕ ਸਿਖ ਫਕੀਰ ਸਮੁਦਾਈ ॥੪੩॥ ਸਤਿਗੁਰ ਕੀ ਕ੍ਰਿਤ ਮੱਖਨ ਦੇਖਿ। ਧਰੀ ਮੌਨ ਬਿਸਮਾਇ ਬਿਸ਼ੇਖ। ਕਹਿ ਨ ਸਕਹਿ ਕਛੁ ਲਖਿ ਸਰਬੱਗਯ।–ਹਮ ਕਯਾ ਜਾਨਿ ਸਕਹਿਂ ਅਲਪੱਗਯ–॥ ੪੪ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਥੰਭ ਸਾਹਿਬ' ਪ੍ਰਸੰਗ ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥ ੨੪ ॥

## ੨੫. [ਧੀਰ ਮੱਲ ਨੂੰ ਸੁਨੇਹਾ ਪੁੱਜਾ]।

ਦੋਹਰਾ ॥ ਗਮਨਹਾਰ ਕਰਤਾਰਪੁਰਿ ਸੁਨਿ ਗੁਰ ਕ੍ਰਿਤੀ ਨਿਹਾਰਿ[3]। ਉਰ ਬਿਸਮਯੋ–ਗੁਰ ਕਯਾ ਕਰਯੋ,ਕਾਗਦ ਨੀਰ ਮਝਾਰ !॥ ੧ ॥ ਚੌਪਈ ॥ਬਹੁਰ ਧੀਰਮਲ ਸੰਗ ਉਚਾਰਾ[4]। 'ਜਲ ਤੇ ਲਿਹੁ ਨਿਕਾਸਿ ਬਿਨ ਬਾਰਾ[5]'। ਜੌ ਅਬਿ ਸਾਬਤ ਪ੍ਰਾਪਤਿ ਹਾਥ। ਤੌ ਅਤਿ ਕਰਾਮਾਤ ਕੇ ਸਾਥ[6] ॥ ੨॥ ਜੌ ਨਹਿਂ ਨਿਕਸਯੋ, ਕੈ ਗਰ ਗਯੋ[7]। ਦੁਲਭ ਗ੍ਰਿੰਥ ਤੌ ਬਿਨਸਤਿ ਭਯੋ।ਧੀਰਮੱਲ ਸੌਂ ਠਾਨਯੋ ਹਾਸ। ਜਿਸ ਪ੍ਰਤਿ ਕਹਯੋ ਕਿ 'ਲੇਹੁ ਨਿਕਾਸਿ'–॥ ੩ ॥ ਏਵ ਬਿਚਾਰਤਿ ਮਾਰਗ ਜਾਤੋ। ਕਹਿਬੇ ਕਾਰਨ ਤੇ ਉਤਲਾਤੋ[8]। ਸ੍ਰੋਤਾ ! ਸੁਨਹੁ ਗ੍ਰਿੰਥ ਕੀ ਕਥਾ। ਪੁਨ ਸਤਿਗੁਰ ਕੀ ਉਚਰੌਂ ਜਥਾ॥ ੪ ॥ ਸੋ ਨਰ ਪਹੁੰਚਯੋ ਪੁਰਿ ਕਰਤਾਰ। ਅਦਭੁਤ ਗਾਥਾ ਰਿਦੇ ਬਿਚਾਰਿ। ਧੀਰਮੱਲ ਕੇ ਸਦਨ ਸਿਧਾਯੋ। ਗੁਰੂ ਜਾਨਿ ਤਿਹ ਸੀਸ ਨਿਵਾਯੋ ॥੫॥ ਹਾਥ ਜੋਰਿ ਸਭਿ ਕਥਾ ਉਚਾਰੀ। 'ਮੈਂ ਆਵਤਿ ਇਤ, ਜਥਾ ਨਿਹਾਰੀ[9]। ਸਤਿਗੁਰ ਤੇਗ ਬਹਾਦਰ ਧੀਰ। ਦੇਖੇ ਨਦੀ ਬਿਪਾਸਾ ਤੀਰ ॥ ੬ ॥ ਕਹੈਂ ਸਿੱਖ ਸੌਂ–ਗ੍ਰਿੰਥ

---

[1]ਸਤਿਗੁਰਾਂ ਦੇ ਮਤਿ ਨੂੰ ਕੌਣ ਮਨ ਵਿਚ ਜਾਣ ਸਕਦਾ ਹੈ। [2]ਕੌਣ ਪਾ ਸਕੇਗਾ। [3]ਕਰਤਾਰ ਪੁਰਿ ਨੂੰ ਜਾਣ ਵਾਲੇ ਨੇ ਗੁਰੂ ਜੀ ਤੋਂ (ਸੁਨੇਹਾ) ਸੁਣ (ਗੁਰੂ ਜੀ ਦੀ) ਕ੍ਰਿਤ ਵੇਖਕੇ । [4]ਭਾਵ ਸੁਨੇਹਾ ਦਿੱਤਾ ਕਿ। [5]ਡੇਰ ਤੋਂ ਬਿਨਾ। [6]ਜੇ ਹੁਣ ਸਾਬਤ ਰਹੇ ਤੇ ਲੱਭ ਪਵੇ ਤਾਂ (ਗੁਰੂ ਜੀ) ਭਾਰੇ ਕਰਾਮਾਤ ਵਾਲੇ ਹਨ। [7]ਗਲ ਗਿਆ। [8](ਧੀਰਮਲ ਨੂੰ) (ਛੇਤੀ) ਕਹਿਣ ਦੇ ਕਾਰਨ ਕਾਹਲੀ ਕਰਦਾ ਹੈ। [9]ਜਿਵੇਂ ਦੇਖਿਆ ।

ਲਿਜਾਵਹੁ। ਸ਼੍ਰੀ ਕਰਤਾਰ ਪੁਰੇ ਪਹੁੰਚਾਵਹੁ–। ਇਤਿ ਆਵਨਿ ਕੋ ਕਿਨਹੂੰ
ਨ ਮਾਨੀ।ਤਬਿ ਧਰਿ ਦੀਨਿ ਗ੍ਰਿੰਥ ਬਿਚ ਪਾਨੀ ॥੭॥ਮੋ ਸੰਗ ਕਹ੍ਯੋ–ਤਹਾਂ
ਤੂੰ ਜਾਤਿ।ਤਿਨ ਸੋਂ ਕਹਿ ਦੀਜੈ ਇਹ ਬਾਤ।ਸੌਂਪਯੋ ਗ੍ਰਿੰਥ ਬੀਚ ਦਰੀਆਉ।
ਆਉ ਨਿਕਾਸਿ, ਪਾਸ ਲੇ ਜਾਉ–॥ ੮ ॥ ਮੈਂ ਗੁਰ ਤੇ ਸੁਨਿ ਦੇਖਤਿ ਭਯੋ।
ਮੰਜੀ ਸਹਿਤ ਤਹਾਂ ਧਰਿ ਦਯੋ। ਚਲਿ ਤੂਰਨ ਹੀ ਮਾਰਗ ਆਯੋ। ਤੁਮਰੇ
ਹਿਤ ਇਹ ਆਨਿ ਸੁਨਾਯੋ' ॥ ੯ ॥ ਬਿਨਾ ਗ੍ਰਿੰਥ ਝੂਰਤਿ ਮਲ ਧੀਰ[੧]।
ਚਿਤ ਮਹਿਂ ਪੀਰ ਗਹੀਰ ਅਧੀਰ। ਸੁਨਤਿ ਬਾਤ ਕੋ ਹਰਖ ਉਪਾਯਹੁ।
ਜਾਨ੍ਯੋ ਰਿਦੈ, ਮੋਹਿ ਢਿਗ ਆਯੋ॥੧੦॥ਬੂਝਨਿ ਲਗ੍ਯੋ'ਨੀਰ ਮਹਿਂ ਕੈਸੇ?।
ਰਹਹਿ ਸਬੂਤ ਸੁ ਪੂਰਬ ਜੈਸੇ। ਕਾਗਤ ਭੀਗ ਜਾਹਿ ਗਰ[੨]*ਸੋਈ। ਲੇਹਿਂ
ਨਿਕਾਸਿ ਕਾਜ ਕਹਾ ਹੋਈ[੩]' ॥ ੧੧ ॥ ਸੁਨਿ ਮਸੰਦ ਬੋਲ੍ਯੋ ਮਤਿ ਖੋਟਾ।
'ਇਹ ਕਹਾ ਕਰ੍ਯੋ ਨ ਕਿਨਹੂੰ ਹੋਟਾ[੪]? ਬਡੇ ਗੁਰਨਿ ਕੀ ਹਾਥਿ ਨਿਸ਼ਾਨੀ।
ਮਹਾਂ ਮਹਾਤਮਵਾਨ ਸਮਾਨੀ[੫]॥੧੨॥ ਗੁਰ ਸੰਗਤਿ ਜਿਹ ਦੇਖਨਿ ਚਹੈਂ।
ਦਰਸ਼ਨ ਕਰੈਂ ਪਾਪ ਬਡ ਦਹੈਂ। ਹਮ ਤੇ ਅਰੁ ਆਪਨਿ ਤੇ ਖੋਯੋ[੬]। ਇਸ
ਮਹਿਂ ਕੌਨ ਭਲੋ ਨਿਜ ਜੋਯੋ ॥ ੧੩ ॥ ਪੁਨ ਤੁਮ ਸੰਗ ਹਾਸ ਕਰਿ ਭੇਜਾ–
ਸਲਿਤਾ ਤੇ ਨਿਕਾਸਿ ਕਰਿ ਲੇਜਾ–।ਬਡੋ ਕਾਜ ਤਿਨ ਦੀਨਿ ਬਿਗਾਰੀ।
ਅਬਿ ਕੈਸੇ ਕੋ ਸਕਹਿ ਸੁਧਾਰੀ' ॥੧੪॥ ਧੀਰਮੱਲ ਚਿਤਵਨਿ ਚਿਤਵੰਤਾ।
ਬੋਲ੍ਯੋ ਸਭਿ ਮਹਿ ਗੁਰੂ ਬ੍ਰਿਤੰਤਾ। 'ਆਛੋ ਹੀ ਤੈਂ ਕੀਨਿ ਉਚਾਰ। ਤਊ
ਦੇਖੀਏ ਰਿਦੈ ਬਿਚਾਰਿ ॥ ੧੫ ॥ ਲਘੁ ਬਯ ਤੇ ਸ਼੍ਰੀ ਤੇਗ ਬਹਾਦਰ। ਬਡੋ
ਗੁਰੂ ਭੀ ਠਾਨਤਿ ਆਦਰ। ਭੂਲ ਨ ਕਬਿਹੂੰ ਕੂਰ ਬਖਾਨਾ। ਰਹ੍ਯੋ ਸਦਾ
ਮਨ ਸਦ ਗੁਨ ਸਾਨਾ[੭]॥੧੬॥ਅਬਿ ਭੀ ਪਿਖਹੁ ਬਕਾਲੇ ਮਾਂਹਿ। ਹਮ ਕੈਸੇ
ਕੀਨੀ ਸੰਗ ਤਾਂਹਿ। ਸੀਲ ਸਾਧਿ ਤਿਨ ਕਛੁ ਨ ਬਿਚਾਰਾ। ਹਮ ਪਰ
ਪੁਨ ਕੀਨਸਿ ਉਪਕਾਰਾ ॥ ੧੭ ॥ ਲੂਟੀ ਵਸਤੁ ਭੇਜੀ ਤਤਕਾਲਾ। ਨਿਜ
ਪੂਜਾ ਸੰਗ ਦੀਨਿ ਬਿਸਾਲਾ। ਇਮ ਕਿਸ ਤੇ ਬਨਿ ਆਵਹਿ ਕਾਰ।
ਯਾਂਤੇ ਲਖੀਯਤਿ ਸਾਧੁ ਉਦਾਰ ॥ ੧੮ ॥ ਭੋਰਾ ਬਹੁ ਸੁਭਾਵ ਜਿਨ ਕੇਰਾ।

---

[੧]ਧੀਰ ਮੱਲ। [੨]ਭਿੱਜ ਕੇ ਗਲ ਜਾਣਗੇ। [੩]ਜੇ ਕੱਢ ਵੀ ਲਈਏ ਤਾਂ ਸਾਡੇ ਕਿਸ ਕੰਮ। [੪](ਗੁਰੂ ਤੇਗ ਬਹਾਦਰ ਜੀ ਨੇ) ਇਹ ਕੀ ਕੀਤਾ, ਕੀ ਕਿਸੇ ਨੇ ਰੋਕਿਆ ਨਾ ?। [੫]ਸਤਿਕਾਰ ਸਹਿਤ ਮਹਾਂ ਮਹਾਤਮ ਵਾਲੀ। [੬]ਅਪਣੇ ਕੋਲੋਂ (ਬੀ) ਗੁਆ ਦਿੱਤਾ। [੭]ਸ੍ਰੇਸ਼ਟ ਗੁਣਾਂ ਦੇ ਸੰਯੁਕਤ।

*ਪਾ:–ਡਰ।

ਤਿਨ੍ਹ ਕੇ ਬਚ ਨਿਸ਼ਚਾ ਹੁਇ[1] ਮੋਰਾ।ਹਾਸ ਕਰਨਿ ਸੋਂ ਕਯੋਂਹੂ ਨ ਜਾਨਹਿ। ਪੁਨ ਹਮ ਸੋਂ ਕਿਮ ਕੂਰ ਬਖਾਨਹਿਂ ॥ ੧੯ ॥ ਜੇ ਅਬਿ ਕਰੀਅਹਿ ਭਲੇ ਬਿਚਾਰ।ਹਮ ਤੇ ਹੀ ਸਭਿ ਭਯੋ ਬਿਗਾਰ।ਤਊ ਛਿਮਾ ਧਾਰਨਿ ਉਰ ਕੀਨਿ। ਇਤੋ ਪਦਾਰਥ ਪਠਿ ਜੋ ਦੀਨਿ ॥ ੨੦ ॥ ਚਲਹੁ ਨਦੀ ਕੋ ਅਬਹਿ ਨਿਹਾਰਹਿ। ਗ੍ਰਿਥ ਨਿਕਾਸਹਿ ਬਹੁਰ ਸੰਭਾਰਹਿ। ਸ੍ਰੀ ਨਾਨਕ ਆਦਿਕ ਗੁਰ ਸਾਰੇ। ਕੀਨਿ ਮਨਾਵਨਿ ਮੈਂ ਬਹੁ ਵਾਰੇ ॥ ੨੧ ॥ ਕਰਨਿ ਤਿਹਾਵਲ ਮਾਨਯੋ ਘਨੋ। ਭਏ ਸਹਾਇ ਆਇ, ਮਨ ਗਿਨੋਂ।ਦੁਰਲਭ ਉੱਦਮ ਗ੍ਰਿਥ ਪਦਾਰਥ। ਜੇ ਕਰਿ ਲਹੈਂ, ਭਏ ਸਭਿ ਸ੍ਵਾਰਥ॥੨੨॥ ਮੋਹਿ ਬੰਸ ਮਹਿਂ ਰਹੇ ਬਡਾਈ। ਚਢਹਿਂ ਅਕੋਰਨ ਕੇ ਸਮੁਦਾਈ। ਤਿਸ ਹੀ ਸੰਗ ਸੁ ਗੁਰਤਾ ਗਾਦੀ। ਬਨਹਿ ਅਬਾਦੀ, ਝੁਰਹਿਂ ਬਾਦੀ[2] ॥ ੨੩ ॥ ਜਥਾ ਰੰਕ ਸੁਰਤਰੁ ਕੋ ਪਾਵਹਿ। ਮੋਕਹੁ ਅਸ ਅਨੰਦ ਉਪਜਾਵਹਿ। ਚਲਿਬੇ ਕੀ ਤਯਾਰੀ ਕਰਿ ਲੀਜਹਿ। ਇਸ ਮਹਿ ਸੰਸੈ ਨੈਕ ਨ ਕੀਜਹਿ' ॥ ੨੪॥ ਸੁਨਿ ਮਸੰਦ ਸ਼ੀਂਹੇਂ ਬਚ ਕਹ੍ਯੋ। 'ਬਾਤਨਿ ਤੇ ਅਨੰਦ ਕਿਮ ਲਹ੍ਯੋ।ਤੇਰੋ ਹੈ ਸ਼ਰੀਕ ਸੋ ਭਾਰਾ। ਸੁਭ ਗੁਨਵੰਤਾ ਜਿਸਹਿ ਬਿਚਾਰਾ ॥ ੨੫ ॥ ਹਾਸੀ ਕਰੀ ਤੋਹਿ ਸੰਗ ਐਸੇ। ਜਗ ਮਹਿ ਹੋਰਾ ਹੁਇ ਹੈਂ ਜੈਸੇ। ਖੋਜਹਿਂ ਜਬਿਹੂ ਜਾਇ ਬਿਪਾਸਾ। ਸੁਨਿ ਪਿਖਿ ਕਰਹਿਂ ਸਕਲ ਨਰ ਹਾਸਾ ॥੨੬॥ ਬਿਨਾ ਅਕਲ ਤੇ ਜਾਨਹਿਂ ਤੋਹੀ। ਨਦੀ ਸਬੇਗ[3] ਬਿਖੇ ਕਯਾ ਹੋਹੀ। ਬਹ੍ਯੋ ਹੋਇ ਗੋ ਜਲ ਕੇ ਜ਼ੋਰ। ਕੇਤਿਕ ਥਾਨ ਕਰਹਿਂਗੇ ਟੋਰ[4]? ॥੨੭॥ ਕਿਮ ਪ੍ਰਾਪਤ ਹੈ, ਰਿਦੈ ਬਿਚਾਰੋ। ਦਬ੍ਯੋ ਹੋਹਿ ਸਿਕਤਾ ਪਰ ਭਾਰੋ[5]।ਜੇ ਕਦਾਂਚ ਕਰਿ ਆਵਹਿ ਹਾਥ। ਕਾਗਦ ਗਰ ਹੋਹਿਂ ਜਲ ਸਾਥ ॥ ੨੮ ॥ ਉਜਰ[6] ਆਪਨੋ ਕਯੋਂ ਤੂੰ ਖੋਵਹਿ। ਨਹਿ ਸ਼ਰੀਕ ਕੋ ਆਸ਼ੈ ਜੋਵਹਿ। ਪ੍ਰਥਮ ਪਦਾਰਥ ਜੋ ਸਭਿ ਮੋਰੇ। ਕਿਮ ਦੀਨੇ, ਸੋ ਲਖ੍ਯੋ ਨ ਥੋਰੇ[7]* ॥ ੨੯ ॥ ਮਹਿਮਾ ਸੰਗਤਿ ਬਿਖੇ ਬਧਾਵਨਿ। ਅਪਨੇ ਗੁਨ ਗਨ ਕਰਤਿ ਦਿਖਾਵਨਿ। ਜਿਸ ਕੋ ਲੋਕ ਬਿਲੋਕਿ ਬਿਸਾਲੇ। ਅਰਪਹਿਂ ਆਨਿ ਪਦਾਰਥ ਜਾਲੇ॥ ੩੦ ॥ ਆਸ਼ੈ ਗੂਢ ਲਖ੍ਯੋ ਤੁਮ ਨਾਂਹੀ। ਨਿਸ਼ਚੈ ਕਰਹੁ ਸ਼ੱਤ੍ਰੂ ਬਚ ਮਾਂਹੀ†'। ਇੱਤਯਾਦਿਕ ਬਹੁ ਕਹ੍ਯੋ ਮਸੰਦ।

---

[1]ਭਰੋਸਾ ਹੈ। [2]ਵਿਰੋਧੀ, ਝਗੜਾਲੂ। [3]ਵਗਦੀ ਨਦੀ। [4]ਕਿਤਨੇ ਕੁ ਥਾਂ ਵਿਚ ਭਾਲ ਕਰੋਗੇ? [5]ਰੇਤ ਦਾ ਉੱਪਰ ਭਾਰ। [6]ਤਾਕਤ। [ਸੰਸ:, ਓਜਸ]। [7]ਸੋ ਤੂੰ ਥੋੜਾ ਭੀ ਨਹੀਂ ਜਾਣ ਸਕਿਆ।

*ਪਾ:-ਜੋਰੇ। †ਦੇਖੋ ਕੁਮੰਤ੍ਰੀਆਂ ਦੀ ਕੁਸੰਗਤ ਕਿੱਥੇ ਤਕ ਮਤਿ ਮਾਰਨ ਦੇ ਉਪਦੇਸ਼ ਦੇਂਦੀ ਹੈ। ਵਡੇ ਪੁਰਖਾਂ ਨੂੰ ਝੂਠੇ ਖੁਸ਼ਾਮਤੀਆਂ ਤੋਂ ਸਦਾ ਬਚਣਾ ਚਾਹੀਏ।

ਜੋ ਗੁਰ ਨਿੰਦਕ ਹੁਤੋ ਬਿਲੰਦ ॥ ੩੧॥ ਰਾਖ੍ਯੋ ਰੋਕਿ ਚਢਨਿ ਨਹਿ ਦਯੋ। ਸੋ ਦਿਨ ਇਮ ਬਿਤੀਤ ਕਰਿ ਗਯੋ[1]। ਗੁਰ ਸੋਂ ਧੀਰਮੱਲ ਕਰਿ ਬਿਨਤੀ। ਸਗਰੀ ਨਿਸ ਮਨ ਮਹਿਂ ਗਿਨ ਗਿਨਤੀ ॥ ੩੨ ॥ ਉਤਰਹਿਂ ਚਢਹਿਂ ਘਟੀਂ[2] ਬਹੁ ਬਾਰੀ। ਭਈ ਪ੍ਰਾਤਿ ਚਢਿਬੇ ਕਹੁ ਤ੍ਯਾਰੀ। ਗੁਰੂ ਬਾਕ ਪਰ ਨਿਸ਼ਚਾ ਧਰੈ।–ਕੂਰ ਨ ਕਹੈਂ ਸਦਾ ਸਚ ਰਰੈਂ–॥੩੩॥ਸ਼ੀਹਾਂ ਦੁਸ਼ਟ ਮਸੰਦ ਹਟਾਵੈ। ਗੁਰ ਮਹਿਂ ਔਗੁਨ ਕਲਪਿ[3] ਸੁਨਾਵੈ। ਪੁਨ ਮਿਟ ਰਹਹਿਂ[4] ਸੰਦੇਹ ਉਪਾਇ। ਚਿਤ ਮਹਿ ਨਹਿਂ ਇਸਥਿਰਤਾ[5] ਪਾਇ ॥ ੩੪ ॥ ਆਠਹੁੰ ਜਾਮ ਸਚਿੰਤ ਬਿਤਾਵੈ। ਚਢਨਿ ਲਗੈ ਤਬਿ ਦੁਸ਼ਟ ਹਟਾਵੈ। ਕਿਤਿਕ ਦਿਵਸ ਬੀਤੇ ਇਸ ਭਾਂਤੀ। ਮਿਲਿ ਮਿਲਿ ਕਰਹਿ ਅਨਿਕ ਬਿਧਿ ਬਾਤੀ ॥ ੩੫ ॥ ਕਹੌਂ ਕਹਾਂ ਲਗਿ ਸਕਲ ਬ੍ਰਿਤੰਤ। ਚਿਤ ਮਹਿ ਅਤਿ ਚਿੰਤਾ ਚਿਤਵੰਤਿ। ਗੁਰ ਪਰ ਕਰਹਿ ਜਬਹਿ ਵਿੱਸ੍ਵਾਸ਼। ਦੁਸ਼ਟ ਮਸੰਦ ਸੁ ਦੇਤਿ ਬਿਨਾਸਿ ॥੩੬॥ ਗੁਰ ਜਸੁ ਸ੍ਵਾਂਤੀ ਬੂੰਦ ਸਮਾਨ।ਸਿਖ ਮਨ ਸੁਕਤਾ[6] ਪਰਹਿ ਜਿ ਆਨ। ਮੁਕਤਾ ਅਨੰਦ ਅਮੋਲਕ ਹੋਇ। ਦਾਰਿਦ ਚਿੰਤਾ ਸਭਿ ਦੇ ਖੋਇ ॥ ੩੭ ॥ ਦੁਸ਼ਟ ਸਰਪ ਕੇ ਅੰਤਰ ਪਰੈਂ। ਨਿੰਦਾ ਬਿਖ ਕੋ ਤਤਛਿਨ ਕਰੈ। ਬੁਰਾ ਕਰਹਿ ਲੋਕਨਿ ਡਸ ਜਾਇ। ਗੁਰ ਨਿਸ਼ਚਾ ਕਹਿ ਦੇਤਿ ਡੁਲਾਇ ॥ ੩੮ ॥ ਖੋਟੀ ਸੰਗਤਿ ਰੰਗਤਿ ਹੋਇ। ਕਹਹੁ ਕੌਨ ਬਿਗਰ੍ਯੋ ਨਹਿ ਜੋਇ। ਪ੍ਰਥਮ ਧੀਰਮਲ ਦ੍ਵੈਸ਼ੀ ਆਪ। ਦੁਖਹਿ ਬਿਲੋਕਹਿ ਗੁਰੂ ਪ੍ਰਤਾਪ ॥ ੩੯ ॥ ਗੁਨ ਗਨ ਪਿਖਿ ਉਪਜਹਿ ਬਿੱਸ੍ਵਾਸ। ਦੁਸ਼ਟ ਮਸੰਦ ਸੁ ਦੇਤਿ ਬਿਨਾਸ਼। ਇਮ ਕੇਤਿਕ ਦਿਨ ਜਬਹਿ ਬਿਤਾਏ। ਧੀਰਮੱਲ ਬਹੁ ਚਿੰਤ ਉਪਾਏ ॥ ੪੦ ॥ ਹਠ ਕੋ ਧਾਰਿ ਚਢਨਿ ਪੁਨ ਚਾਹਾ।–ਖੋਜੌਂ ਏਕ ਬਾਰਿ ਜਲ ਮਾਂਹਾ। ਮਹਾਂ ਪੁਰਖ ਸ੍ਰੀ ਤੇਗ ਬਹਾਦਰ। ਬਚਨ ਸਾਚ ਜਿਨ, ਮਾਨ੍ਯੋ ਸਾਦਰ–॥ ੪੧ ॥ ਅਨਿਕ ਜੁਕਤਿ ਕਹਿ ਦੁਸ਼ਟ ਸੁਨਾਵੈ। 'ਕਯੋਂ ਚੋਰਾ ਹੁਇ?' ਚਢਤਿ ਹਟਾਵੈ। ਕਹ੍ਯੋ[8] ਕਿ 'ਏਕ ਬਾਰਿ ਮੈਂ ਜਾਊਂ। ਗੁਰ ਬਚ ਸਾਚ ਗ੍ਰਿਬ ਮੈਂ ਪਾਊਂ' ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਏਕਾਦਸ਼ ਰਾਸੇ 'ਧੀਰਮੱਲ' ਪ੍ਰਸੰਗ ਬਰਨਨ ਨਾਮ ਪੰਚੀਸਮੋ ਅੰਸੂ ॥ ੨੫ ॥

## ੨੬. [ਧੀਰ ਮੱਲ ਨੂੰ ਬੀੜ ਦਾ ਮਿਲਨਾ]।

ਦੋਹਰਾ ॥ ਉਠਿ ਪ੍ਰਭਾਤਿ ਕੋ ਤ੍ਯਾਰ ਭਾ ਕਰਿ ਕੈ ਸੌਚ ਸ਼ਨਾਨ। ਕੇਵਟ ਬ੍ਰਿੰਦ

---

[1]ਬਿਤੀਤ ਹੋ ਗਿਆ। [2]ਗਿਣਤੀਆਂ। [3]ਮਿਥਕੇ ਜਾਂ ਥੱਪਕੇ। [4]ਹਟ ਰਹੇ। [5]ਟਿਕਾਉ। [6]ਸਿੱਪੀ ਵਿਚ। [7](ਜੇ ਉਹ ਸ੍ਵਾਂਤੀ ਬੂੰਦ) ਪਵੇ। [8](ਧੀਰ ਮੱਲ ਨੇ) ਕਿਹਾ।

ਪ੍ਰਸਾਦਿ ਕਰਿ ਦੇਨਿ ਦਰਬ ਬਹੁ ਮਾਨਿ[1] ॥ ੧ ॥ ਚੌਪਈ ॥ ਅਪਰ ਨੀਰ ਮਹਿਂ ਤੈਰਨੇ ਹਾਰੇ। ਸੁਨਿ ਸੁਨਿ ਗੁਨਿ ਤਿਨ ਲੀਨਿ ਹਕਾਰੇ। ਜਾਰ[2] ਬ੍ਰਿੰਦ ਕੋ ਲਯੋ ਮੰਗਾਇ। ਸਭਿ ਬਿਧਿ ਤੇ ਤਯਾਰੀ ਕਰਿਵਾਇ ॥ ੨ ॥ ਜੀਨ ਪਰਯੋ ਸੁੰਦਰ ਹਯ ਆਯੋ। ਗੁਰ ਗਨ ਕੋ[3] ਮਨ ਬਿਖੈ ਮਨਾਯੋ।ਨਿਮ੍ਰਿ ਸੀਸ ਕਰਿ ਬੰਦਨ ਧਾਰੀ। 'ਇਹੀ ਕਾਮਨਾ ਪੂਰਹੁ ਹਮਾਰੀ ॥ ੩ ॥ ਪੰਚਾਂਮ੍ਰਿਤ ਬਹੁ ਆਨਿ ਕਰਾਵੌਂ। ਜੇ ਕਰਿ ਗ੍ਰਿੰਥ ਜਾਇ ਮੈਂ ਪਾਵੌਂ'। ਇਮ ਮਨੌਤ ਕੋ ਮਾਨਿ ਘਨੇਰੀ। ਹਯ ਪਰ ਚਢਯੋ ਸੈਨ ਸ਼ੁਭ ਹੇਰੀ ॥ ੪ ॥ ਹਰਖਯੋ ਲਖਯੋ-ਕਾਜ ਹੁਇ ਮੇਰੋ। ਜਿਸ ਤੇ ਔਰ ਨ ਭਲੋ ਬਡੇਰੋ-। ਗਮਨਯੋ ਮਾਰਗ ਲੇ ਨਰ ਬ੍ਰਿੰਦ। ਸੰਗ ਬਿਬਸ ਹੁਇ ਚਲਯੋ ਮਸੰਦ ॥ ੫ ॥ ਤਿਸ ਨਰ ਕੋ ਲੇ ਸੰਗਿ ਕਰਯੋ ਹੈ। ਆਨਿ ਬਿਪਾਸਾ ਕੂਲ[4] ਖਰਯੋ ਹੈ। ਜਹਿਂ ਤਿਨ ਥਾਨ ਬਤਾਵਨਿ ਕੀਨਾ। ਦੇਖਿ ਤਹਾਂ ਡੇਰਾ ਕਰਿ ਦੀਨਾ ॥੬॥ ਤੰਬੂ ਅਰੁ ਕਨਾਤ ਲਗਵਾਏ। ਤਰਨਹਾਰ[5] ਨਰ ਚਲਿ ਕਰਿ ਆਏ। ਸਭਿ ਕੋ ਦੀਨਸਿ ਅਧਿਕ ਦਿਲਾਸਾ। 'ਕਰਹੁ ਕਾਜ ਪੂਰਵਹੁ ਮਮ ਆਸਾ ॥ ੭ ॥ ਧਨ ਗਨ ਦੇਹੌਂ ਰੇਸ਼ਮ ਚੀਰ।ਜਬਿਹੂ ਗ੍ਰਿੰਥ ਲਯਾਇਹੌ ਤੀਰ'। ਸੁਨਿ ਕਰਿ ਬਰੇ ਬੀਚ ਬਹੁ ਪਾਨੀ। ਪਾਏ ਜਾਰ ਬਿਥਾਰਿ[6] ਮਹਾਨੀ ॥ ੮ ॥ ਖੋਜਨਿ ਲਗੇ ਫਿਰਹਿਂ ਜਲ ਮਾਂਹੀ। ਕੇਵਟ ਬ੍ਰਿੰਦ ਪਾਇ ਸੋ ਨਾਂਹੀ। ਖੋਜਹਿਂ ਕਰ ਸੋਂ, ਟੁਭਕੀ ਮਾਰਹਿਂ। ਇਤ ਉਤ ਬਿਚਰਹਿਂ, ਜਾਰ[7] ਪਸਾਰਹਿਂ ॥੯॥ ਫਿਰਹਿਂ ਮੱਧ ਅਰ ਦੋਨਹੁ ਤੀਰ। ਜਹਿਂ ਥੋਰੋ ਅਰੁ ਦੀਰਘ ਨੀਰ। ਅਨਿਕ ਬਿਧਿਨਿ ਕੋ ਜਤਨ ਰਚੰਤੇ। ਜਲ ਮੈਂ ਲੈ ਹੁਇ[8] ਕਿਤਿਕ ਫਿਰੰਤੇ ॥੧੦॥ ਸ਼੍ਰੀ ਨਾਨਕ ਕੋ ਕਿਤਿਕ ਮਨਾਵੈਂ। 'ਕਰਹੁ ਕ੍ਰਿਪਾ ਜਿਮ ਗ੍ਰਿੰਥ ਸੁ ਪਾਵੈਂ'। ਕੇਤਿਕ ਜਤਨ ਬਤਾਵਹਿਂ ਖਰੇ। ਕੇਤਿਕ ਬੁਧਿ ਕਰ ਬਲ ਤੇ ਕਰੇ ॥ ੧੧ ॥ ਧੀਰ ਮੱਲ ਬਹੁ ਦੇਤਿ ਦਿਲਾਸਾ। 'ਸ਼੍ਰੀ ਸਤਿਗੁਰ ਪੂਰਵਹਿਂਗੇ ਆਸਾ। ਮੰਜੀ ਸਾਹਿਬ ਗ੍ਰਿੰਥ ਜੀ ਪਾਵਹਿਂ[9]।ਇਮ ਨਿਸ਼ਚਾ ਮੇਰੇ ਮਨ ਆਵਹਿ ॥੧੨॥ ਅਰਹੁ ਭਿਰਾਵਲ ਸਭਿ ਤ੍ਰਿਪਤਾਇ। ਕਰੈਂ ਹਮੇਸ਼ ਕਿਤਿਕ ਦਿਨ ਜਾਇ'। ਜਯੋਂ ਜਯੋਂ ਭਨੈ ਧੀਰਮਲ ਤਿਨ ਕੋ। ਤਯੋਂ ਤਯੋਂ ਜਤਨ ਕਰਹਿਂ ਤਨ ਮਨ ਕੋ ॥ ੧੩ ॥ ਇਕ ਦਿਨ ਬੀਤਿ ਦੁਤਿਯ ਦਿਨ ਬੀਤਾ। ਚਿੰਤਾ ਹੋਤਿ ਸਭਿਨਿ ਕੇ

[1]ਪ੍ਰਸੰਨ ਧਨ ਦੇਣਾ ਮੰਨ ਕੇ। [2]ਜਾਲ। [3]ਸਾਰੇ ਸਤਿਗੁਰਾਂ ਨੂੰ। [4]ਕੰਢੇ। [5]ਤਾਰਨ ਵਾਲੇ। [6]ਚੌੜੇ ਕਰਕੇ। [7]ਜਾਲ। [8]ਟੁੱਭੀਆਂ ਮਾਰ ਕੇ। [9]ਪਾਵਾਂਗੇ।

ਚੀਤਾ । ਕਹੈ ਜਿ ਨਰ[੧], ਬੁਲਵਾਯੋ ਪਾਹੀ । 'ਧਰਤਿ ਗ੍ਰਿੰਥ ਤੋ ਪਿਖਯੋ ਕਿ ਨਾਂਹੀ ? ॥ ੧੪ ॥ ਕੌਨ ਸਥਾਨ ਟਿਕਾਵਤਿ ਲਹਯੋ ? । ਡਨੋ ਸਥਿਰ ਕੈ ਆਗੇ ਬਹਯੋ' । ਸੁਨਿ ਕੈ ਪੁਨਹਿ ਬਤਾਵਨਿ ਕੀਇ । 'ਇਸ ਥਲ ਥਰਯੋ ਸਿੱਖ ਸਿਰ ਲੀਏ ॥ ੧੫ ॥ ਮੁਝ ਵੇਖਤਿ ਹੀ ਤਬਹਿ ਉਤਾਰਾ । ਇਹਾ ਇਕਾਧਹੁ ਨੀਰ ਮਝਾਰਾ । ਸ੍ਰੀ ਗੁਰ ਤੇਗ ਬਹਾਦਰ ਫੇਰ । ਨੀਕੇ ਧਰਯੋ ਬਿਲੋਚਨ ਹੇਰਿ ॥ ੧੬ ॥ ਨਮੋ ਠਾਨਿ ਕਰਿ ਗਮਨੇ ਆਗੇ । ਸਰਬ ਲੋਕ ਤਿਨ ਕੇ ਸੰਗ ਲਾਗੇ । ਇਹ ਠਾਂ ਜਬਿ ਨਰ ਕੋਇ ਨ ਖਲਯੋ । ਮੈਂ ਤੁਮਰੀ ਦਿਸ਼ਿ ਮਾਰਗ ਚਲਯੋ ॥੧੭॥ ਕੈ ਸਿਕਤਾ ਊਪਰ ਕੋ ਭਿਰਯੋ । ਕੈ ਜਲ ਬੇਗ ਬਹਾਵਨਿ ਕਰਯੋ । ਇਸ ਤੇ ਤਰੇ ਔਰ ਖੁਜਵਾਈਏ । ਮਿਹਨਤ ਕਰੇਂ ਸੁ ਦੁਰਲਭ ਪਾਈਏ ॥ ੧੮ ॥ ਸਲਿਤਾ ਬਿਖੈ ਗ੍ਰਿੰਥ ਹੈ ਇਹਾਂ । ਉਰ ਨਿਸ਼ਚਾ ਕੀਜਹਿ ਦ੍ਰਿੜ ਮਹਾਂ' । ਧੀਰਮੱਲ ਸੁਨਿ ਬਾਕ ਉਚਾਰੇ'ਕਯੋਂ ਹੂੰ ਨ ਪ੍ਰਾਪਤਿ ਖੋਜਤਿ ਹਾਰੇ[੩]॥੧੯॥ਜਿਹ ਬਿਧਿ ਨਿਕਸਹਿ ਜਤਨ ਬਤਾਵਹੁ।ਮਮ ਆਗਵਨਿ ਇਹਾਂ ਸਫਲਾਵਹੁ । ਟੁਭਕੀ ਮਾਰਹਿ ਸਿਕਤਾ ਹੇਰਹਿਂ । ਹਾਥਨਿ ਤੇ ਗਹਿ ਜਲ ਧੁਤਿ ਪ੍ਰੇਰਹਿਂ[੪]॥੨੦॥ਕਰਯੋ ਟਿਕਾਵਨਿ ਜਹਾ ਬਤਾਵਹੁ। ਤਿਹ ਕੋ ਤਰੇ ਦੂਰ ਖੁਜਵਾਵਹੁ' । ਸੋ ਨਰ ਬੋਲਯੋ ਪੁਨਹਿ ਬਤਾਵੈ'ਜੇ ਤੁਮ ਚਾਹਹੁ ਗ੍ਰਿੰਥ ਜੀ ਪਾਵੈਂ ॥ ੨੧ ॥ ਕਹੈਂ ਢੀਠ ਹ੍ਵੈ ਆਪ ਅਗੇਰੇ । ਇਸ ਪ੍ਰਕਾਰ ਬਚ ਮਾਨੋ ਮੇਰੇ।ਹ੍ਵੈ ਨਿਸ਼ਕਪਟ ਤਜਹੁ ਅਹਿਮਤ[੫] ਕੋ। ਧਰਹੁ ਭਾਇ ਸੁਧਾ ਕਰਿ ਚਿਤ ਕੋ ॥ ੨੨ ॥ ਸ੍ਰੀ ਨਾਨਕ ਆਦਿਕ ਸੁਖ ਧਾਮ । ਤੇਗ ਬਹਾਦਰ ਲਗਿ ਲਿਹੁ ਨਾਮ । ਸਭਿ ਕੀ ਕਰਹੁ ਅਰਾਧਨਿ ਅਬੈ । ਮਨ ਮਹਿਂ ਮਾਨਿ ਮਨੌਤਨਿ ਤਬੈ ॥ ੨੩ ॥ ਅਬਿ ਤੁਮ ਕਰਹੁ ਇਸੀ ਬਿਧਿ ਕਾਜ । ਗੁਰੂ ਨਿਬਹਾਹਿਂ ਨਾਮ ਕੀ ਲਾਜ । ਔਰਕ ਹੋਹਿਂ ਸਹਾਇਕ ਆਇ । ਤਤਛਿਨ ਦੁਲਭ ਗ੍ਰਿੰਥ ਲਿਹੁ ਪਾਇ' ॥ ੨੪ ॥ ਧੀਰਮੱਲ ਬਾਨੀ ਸੁਨਿ ਮਾਨੀ।ਕੀਨਿ ਸਰਾਹਨਿ 'ਨੀਕ ਬਖਾਨੀ । ਕੋ ਅਸ ਅਹੈ, ਕਾਜ ਕੇ ਪਰੈ । ਸੁਕਾਮ ਜਤਨ ਤੇ ਸਿੱਧ ਨ ਕਰੈ[੬]' ॥ ੨੫ ॥ ਨਿਰਹੰਕਾਰ ਹੋਇ ਮਨ ਬਾਨੀ।ਪਦ ਅਰੁ ਪਾਨ ਪਖਾਰਸਿ ਪਾਨੀ । ਸਰਲ ਰਿਦਾ ਕਰਿ ਹੋਇ ਸਿ ਖਰਯੋ । ਨੈ ਸਤਿਗੁਰ ਕੋ ਸਿਮਰਨਿ ਕਰਯੋ ॥ ੨੬ ॥ ਪੰਚ ਬਾਰਿ ਸ਼ਬਿ ਲੇ ਕਰਿ ਨਾਮ।

[੧]ਜਿਸ ਨਰ ਨੇ (ਆ ਕੇ) ਕਿਹਾ ਸੀ। [੨]ਕੀਤਿਆਂ। [੩]ਹਾਰ ਗਏ ਹਾਂ। [੪]ਜਲ ਸਹਿਤ (ਰੇਤਾ) ਹਟਾਂਵਦੇ ਹਨ (ਮੇਰੇ ਟੋਭੇ ਆਦਿਕ)।(ਅ) ਹਥਾਂ ਨਾਲ ਫੜਕੇ ਜਲ ਸਣੇ (ਭਾਵ ਭਿੱਜੇ ਹੋਏ) ਕੱਢ ਲਈਏ (ਗੁਰੂ ਗ੍ਰੰਥ ਜੀ)। [੫]ਹੰਕਾਰ। [੬]ਸੁਖੱਲੇ ਜਤਨ ਵਾਲੀ ਸਿੱਖਿਆ (ਤੇ ਅਮਲ) ਨਾ ਕਰੇ। [੭]ਚੱਲੇ ਗਿਆ।

ਕਰ ਕੌ ਜੋਰਤਿ ਕਰਯੋ ਪ੍ਰਣਾਮ। 'ਅਪਨੋ ਕਾਰਜ ਆਪ ਕਰੀਜੈ। ਪਾਨ
ਨਿਸਾਨੀ[1] ਕੌ ਬਿਦਤੀਜੈ ॥੨੭॥ਪੰਚ ਹਜ਼ਾਰ ਰਜਤਪਣ ਕੇਰ। ਪੰਚਾਂਮ੍ਰਿਤ
ਕਰਾਇ ਤਿਨ ਹੇਰਿ[2]'। ਇਮ ਸਭਿ ਮਹਿ ਕੀਨਸਿ ਅਰਦਾਸ। ਖਰੇ
ਹੋਇ ਸਲਿਤਾ ਕੇ ਪਾਸ ॥ ੨੮ ॥ ਨਵ ਗੁਰੂਅਨਿ ਕੋ ਕਰਿ ਕਰਿ ਨਮੋ।
ਸਿਮਰਯੋ ਗ੍ਰਿੰਥ ਬਹੁਰ ਤਿਹ ਸਮੋ। 'ਸੱਤਿਨਾਮ ਕੀ ਜਾਗਤਿ ਜੋਤਿ।
ਚਿਤਵਤਿ ਜਹਿਂ ਕਹਿਂ, ਹਾਜ਼ਰ ਹੋਤਿ॥੨੯॥ਮਨੋ ਕਾਮਨਾ ਦੇਂ ਤਤਕਾਲ।
ਤੁਮ ਤੇ ਨਹਿਂ ਕੋ ਅਪਰ ਬਿਸਾਲ'। ਬਾਰਿ ਬਾਰਿ ਕਹਿ ਸਿਰ ਧਰਿ ਧਰਨੀ।
ਪਰਯੋ ਪ੍ਰੇਮ ਕਰਿ ਸਤਿਗੁਰੁ ਸ਼ਰਨੀ ॥ ੩੦ ॥ 'ਇਮ ਕਹਿ ਬਚ ਨਰ ਮੁਝ
ਢਿਗ ਭੇਜਾ।–ਆਇ ਧੀਰਮਲ ਗ੍ਰਿੰਥ ਸੁ ਲੇਜਾ–।ਸੋ ਬਚ ਪੂਰਨਿ ਕੀਜਹਿ
ਅਬੈ। ਜਿਸਤੇ ਬਿਦਤ ਹੋਇ ਜਗ ਸਬੈ' ॥੩੧॥ ਨਮੋ ਕਰਤਿ ਇਮ ਬਾਕ
ਉਚਾਰੇ। ਬੰਦਨ ਕਰਤਿ ਭਏ ਸਿਖ ਸਾਰੇ। ਪੁਨ ਪ੍ਰਵਿਸ਼ਾਏ ਨਰ ਬਿਚ
ਨੀਰ। ਖਰੋ ਧੀਰਮਲ ਸਰਿਤਾ ਤੀਰ॥੩੨॥ਟੁਭਕੀ ਮਾਰਿ ਹਾਥ ਜਬਿ ਫੇਰਾ।
ਇਤ ਉਤ ਸਿਕਤਾ ਗਨ ਕੋ ਪ੍ਰੇਰਾ[3]। ਤਬਹਿ ਪੰਘੂਰੇ ਕੋ ਬਡ ਪਾਵਾ।
ਲਗਯੋ ਹਾਥ ਜਾਨਯੋ ਤਬਿ ਪਾਵਾ[4] ॥ ੩੩ ॥ ਨਿਕਸਯੋ ਜਲ ਤੇ ਵਹਿਰ
ਬਤਾਯੋ। 'ਚਿੰਤਾ ਤਜਹੁ ਗ੍ਰਿੰਥ ਜੀ ਪਾਯੋ।ਊਪਰ ਸਿਕਤਾ ਕੇਤਿਕ ਪਰਯੋ।
ਜਿਸ ਨੇ ਸਕਲ ਅਛਾਦਨਿ ਕਰਯੋ' ॥ ੩੪ ॥ ਸੁਨਿ ਹਰਖੇ ਦੀਰਘ ਤਿਸ
ਕਾਲ। ਤਹਿਂ ਕੋ ਪਹੁੰਚੇ ਮਾਨਵ ਜਾਲ। ਟੁਭਕੀ ਮਾਰਤਿ ਸਿਕਤਾ ਟਾਰੈਂ।
ਗਹੈਂ ਪੰਘੂਰਾ ਊਰਧ ਉਠਾਰੈਂ ॥ ੩੫ ॥ ਮਾਨਵ ਚਾਰ ਲਗੇ ਚਹੁੰ ਓਰੇ।ਗਹਿ
ਕਰ ਮਹਿਂ ਕੀਨਸਿ ਬਡ ਜੋਰੇ। ਊਪਰ ਕੋ ਨਿਕਾਸਿ ਲੇ ਆਏ। ਦੇਖਤਿ
ਭਏ ਮੁਦਤ ਸਮੁਦਾਏ ॥੩੬॥ ਆਨਿ ਤੀਰ ਪਰ ਜਬਹਿ ਟਿਕਾਵਾ।ਸਭਿਨਿ
ਪਹੁੰਚਿ ਤਹਿਂ ਸੀਸ ਨਿਵਾਵਾ। ਨਿਚੁਰਤਿ ਨੀਰ ਧੀਰਮੱਲ ਹੇਰਤਿ* ।
ਹਾਥਨਿ ਸਿਕਤਾ ਪ੍ਰੇਰਤਿ ਗੇਰਤਿ ॥ ੩੭ ॥ ਊਪਰ ਤਿਸ ਕੇ ਪੰਚ ਰੁਮਾਲ।
ਦੋਇ ਰੇਸ਼ਮੀ ਸੁੰਦਰਲਾਲ। ਤੀਨ ਰੁਮਾਲ ਤੂਲ[5] ਕੇ ਹੁਤੇ। ਖੋਲਨਿ ਕਰੇ
ਆਪ ਕਰ[6] ਤਿਤੇ ॥੩੮॥ ਨਿਕਸਯੋ ਗ੍ਰਿੰਥ ਬਿਲੋਕਯੋ ਤਬੈ। ਊਪਰ ਜਲ
ਸੋਂ ਭੀਜਯੋ ਤਬੈ। ਸ਼ੁਸ਼ਕ ਬਸਤ੍ਰ ਤਬਿ ਤਰੇ ਬਿਛਾਇ।ਆਤਪ ਨੀਕੀ ਰੀਤਿ
ਲਗਾਏ ॥ ੩੯ ॥ ਖੋਲਿ ਬਿਲੋਕਯੋ ਸਭਿ ਬਿਸਮਾਏ। ਊਪਰ ਤੇ ਭੀਗਯੋ

[1]ਹੱਥਾਂ ਦੀ। [2]ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਖਕੇ। [3]ਰੇਤ ਨੂੰ ਹਟਾਇਆ। [4]ਮਿਲ ਗਿਆ। [5]ਰੂਈਂ। [6]ਆਪਣੇ ਹੱਥੀਂ। *ਕਵਿ ਦੇ ਹੂਬਹੂ ਨਕਸ਼ੇ ਬੰਨ੍ਹ ਦੇਣ ਦਾ ਕਮਾਲ ਹੈ।

ਸਭਿ ਥਾਂਏ[1]। ਜਹਿਂ ਲਗਿ ਅੱਖਰ ਹੈਂ ਬਿਰ ਲਿਖੇ। ਪਹੁੰਚ੍ਯੋ ਨੀਰ ਨ ਤਿਨ ਕੇ ਬਿਖੇ ॥੪੦॥ ਸਕਲ ਸ਼ੁਸ਼ਕ ਜਨੌਂ ਕੇ ਤਰਨੇ[2] ਅਹੇ। ਦੇਖਤਿ ਰਿਦੇ ਅਚੰਭਾ ਲਹੇ। ਜਬਿ ਕੋ ਧਰਨੌ ਦਿਵਸ ਤਬਿ ਗਿਨੇ। ਤ੍ਰੌਦਸ ਬੀਤੇ ਤਿਸ ਨਰ ਭਨੇ ॥ ੪੧ ॥ ਸਤਿਗੁਰ ਦੇ ਕਰਿ ਹਾਥ ਬਚਾਯੋ। ਨੀਰ ਬਰਨ ਪਰ ਛੁਹਨਿ ਨ ਪਾਯੋ। ਬਡ ਉਤਸਾਹ ਕਰਤਿ ਲੇ ਚਾਲੇ। ਬਾਦਿਤ ਕੋ ਬਜਵਾਇ ਬਿਸਾਲੇ ॥ ੪੨ ॥ ਚੌਰ ਢੁਰਤਿ ਚਾਰਹੁੰ ਦਿਸ਼ਿ ਸੋਇ। ਸੰਖ ਬਜਾਏ ਸ਼ਬਦ ਬਡ ਹੋਇ। ਅੰਜੁਲ ਪੁਸ਼ਪਨਿ ਕੇ ਬਰਖਾਵੈਂ। ਰੀਦਤਿ ਗਨ ਮਾਲਾ ਲਰਕਾਵੈਂ ॥ ੪੩ ॥ ਧੂਪ ਧੁਖਾਵਤਿ ਚਲਤਿ ਅਗਾਰੀ। ਭਯੋ ਅਨੰਦ ਸਭਿਨਿ ਮਹਿਂ ਭਾਰੀ। ਸ਼੍ਰੀ ਕਰਤਾਰ ਪੁਰੇ ਨਰ ਸਾਰੇ। ਹਿਤ ਆਦਰ ਹੁਇ ਮਿਲੇ ਅਗਾਰੇ ॥ ੪੪ ॥ ਪੁਰਹਿ ਪ੍ਰਵੇਸ਼ਤਿ ਭਯੋ ਉਛਾਹੂ[3]। ਨਮੋ ਕਰਹਿਂ ਅਚਰਜ ਮਨ ਮਾਂਹੂ। ਸੁਨਿ ਸੁਨਿ ਨਰ ਸਭਿ ਗ੍ਰਿਥਿ ਕਹਾਨੀ। ਦਿਨ ਤ੍ਰੌਦਸ ਮਹਿਂ ਛੁਯੋ ਨ ਪਾਨੀ॥੪੫॥ ਉੱਤਮ ਸਦਨ ਬਿਖੇ ਲੈ ਗਏ। ਅਤਿ ਅਨੰਦ ਨਰ ਨਾਰੀ ਭਏ। ਦੀਪਮਾਲਿਕਾ ਨਿਸਾ ਮਝਾਰੀ। ਗਰੀ ਬਜਾਰਨਿ ਘਰ ਘਰ ਬਾਰੀ[4] ॥ ੪੬ ॥ ਸੁਖ ਸੋਂ ਸੁਪਤਿ ਪ੍ਰਾਤਿ ਪੁਨ ਚੀਨ। ਸੌਚ ਸ਼ਨਾਨ ਸਰਬ ਨੇ ਕੀਨਿ। ਬਖਸ਼ਿਸ਼ ਧੀਰਮੱਲ ਬਹੁ ਕਰੀ। ਬਸਤ੍ਰ ਬਿਭੂਖਨ ਧਨ ਤਿਸ ਘਰੀ ॥ ੪੭ ॥ ਕਰਿ ਪੰਚਾਂਮ੍ਰਿਤ ਬਹੁ ਬਰਤਾਯੋ। ਤ੍ਰਿਪਤ ਹੋਇ ਸਭਿਹੂੰ ਨਰ ਖਾਯੋ। ਅਪਰ ਕਹਾਂ ਲਗਿ ਕਰੌਂ ਬਖਾਨਿ। ਦਿਨ ਦਿਨ ਪ੍ਰਤਿ ਉਤਸਾਹ ਮਹਾਨ ॥੪੮॥ ਗਰਨੋ ਸੁਪੇਦਾ[5] ਕਾਗਦ ਜੋਇ। ਅਪਰ ਲਗਾਇ ਸੁਧਾਰ੍ਯੋ ਸੋਇ। ਅਬਿਲੌ ਚਿੰਨ੍ਹਤਿ[6] ਪੱਤ੍ਰ ਸਾਰੇ। ਕਹਤਿ ਕਵੀ ਹਮ ਆਪ ਨਿਹਾਰੇ ॥ ੪੯ ॥ ਪੂਜਾ ਨਿਤਪ੍ਰਤਿ ਹੋਤਿ ਬਡੇਰੀ। ਆਇ ਅਕੋਰ ਧਨਾਢ੍ਯ ਘਨੇਰੀ।ਪੰਥ ਖਾਲਸਾ ਅਬਿਲੌ ਦਰਸੈ।ਗੁਰ ਕਰ ਕੋ ਲਖਿ ਸਭਿ ਕੋ ਹਰਸ਼ੈ[7] ॥੫੦॥ ਤਬਿ ਤੇ ਧੀਰਮੱਲ ਕ ਧਾਮ। ਰਹੈ ਗ੍ਰਿਥ ਸਾਹਿਬ ਅਭਿਰਾਮ। ਤਿਸ ਕੀ ਕੁਲ ਕੋ ਲੇਤਿ ਅਕੋਰ। ਅਬਹਿ ਖਾਲਸੇ ਕਰਿ ਕੇ ਜੋਰ ॥੫੧॥ ਆਦਿ ਸੁਧਾਸਰ ਲਵਪੁਰਿ ਮਾਂਹੀ। ਰਾਖਹਿਂ ਗ੍ਰਿਥ ਸੁ ਆਪਨੇ ਪਾਂਹੀ।ਧਨ ਆਦਿਕ ਭੇਟਾ ਜੋ ਦੇਯ। ਧੀਰਮੱਲ ਕੇ ਸਗਰੀ ਲੇਯ ॥ ੫੨ ॥ ਕਰੀ ਕ੍ਰਿਪਾ ਨਹਿਂ

---

[1]ਭਾਵ ਉੱਪਰੋਂ ਜਿਲਦ ਤੇ ਹਾਸ਼ੀਆ ਭਿੱਜਗਿਆ। [2]ਅੱਖਰਾਂ। [3]ਸ਼ਹਿਰ ਵਿਚ ਪ੍ਰਵੇਸ਼ ਹੋਇਆਂ ਉਤਸਾਹ ਹੋਇਆ । [4]ਬਾਲੀ। [5]ਹਾਸ਼ੀਆ। [6]ਨਿਸ਼ਾਨ ਵਾਲੇ। [7]ਗੁਰਾਂ ਦੇ ਹੱਥ ਦਾ ਜਾਣਕੇ ਸਭ ਕੋਈ (ਦਰਸ਼ਨ ਕਰਕੇ) ਖੁਸ਼ ਹੁੰਦਾ ਹੈ।

ਲੀਨਸਿ ਛੀਨ। ਸਤਿਗੁਰ ਮਤਿ ਕੋ ਜਾਨਿ ਪ੍ਰਬੀਨ[1]। ਪੁਨਹਿ ਭਵਿੱਖਤ ਕੀ ਸੁਧਿ ਨਾਂਹੀ। ਲੇਹਿ ਪੰਥ ਕੋ ਰਹਿ ਤਿਨ ਪਾਹੀ*॥ ੫੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਬਿਪਾਸਾ' ਪ੍ਰਸੰਗ ਬਰਨਨੋ ਨਾਮ ਖਸ਼ਟ ਬਿੰਸਤੀ ਅੰਸੂ ॥੨੬॥ ੨੭. [ਆਨੰਦ ਪੁਰ ਵਸਾਉਣ ਵਾਲੀ ਥਾਂ ਆਉਣਾ]।

ਦੋਹਰਾ ॥ ਗੁਰੂ ਗ੍ਰਿੰਥ ਗਾਥਾ ਜਥਾ ਕਥੀ ਸੁ ਮੈਂ ਚਿਤ ਲਾਇ। ਅਬਿ ਪ੍ਰਸੰਗ ਨੌਮੇ ਗੁਰੂ ਸੁਨਿ ਸ੍ਰੋਤਾ ਸੁਖ ਪਾਇ॥ ੧॥ ਚੌਪਈ॥ ਨਦੀ ਗ੍ਰਿੰਥ ਸਾਹਿਬ ਕੋ ਧਰਿ ਕੈ। ਸੌਂਪਿ ਭਲੇ ਅਰੁ ਬੰਦਨ ਕਰਿ ਕੈ। ਜਾਇ ਮਜਲ† ਉਤਰੇ ਨਿਸ ਜਾਨਿ। ਖਾਨ ਪਾਨ ਸਭਿ ਕੀਨਿ ਸਥਾਨ॥ ੨॥ ਸੁਪਤਿ ਜਥਾ ਸੁਖ ਕਰਿ ਬਿਸਰਾਮ। ਜਾਗੇ ਜਾਮਨਿ ਜਾਨਿ ਸੁ ਜਾਮੁ[2]। ਸੌਚ ਸ਼ਨਾਨ ਕੀਨਿ ਗੁਰ ਪੂਰੇ। ਦਾਸਨਿ ਸੁਖਦ ਚਲਿਤ ਜਿਨ ਰੂਰੇ॥ ੩॥ ਆਸਾਵਾਰ ਰਬਾਬੀ ਗਾਵਤਿ। ਸੁਨਹਿਂ ਸਿੱਖਯ ਸਭਿ ਪਾਪ ਮਿਟਾਵਤਿ। ਸਤਿਗੁਰ ਧਯਾਨ ਲਾਇ ਕਰਿ ਥਿਰੇ। ਨਿਜ ਸਰੂਪ ਮਹਿਂ ਇਕਤਾ ਕਰੇ॥ ੪॥ ਭਈ ਪ੍ਰਭਾਤਿ ਭੋਗ ਤਬਿ ਪਾਯੋ। ਸੁਨਿ ਅਰਦਾਸ ਸੀਸ ਸਭਿ ਨਿਵਾਯੋ। ਸ਼ਿੰਗਾਰੇ ਵਾਹਨ ਕੀਨਸਿ ਤਯਾਰੀ। ਡੇਰੇ ਅਰੁ ਸਯੰਦਨ ਅਸੁ[3] ਭਾਰੀ॥੫॥ ਪਹਿਰ ਬਸਤ੍ਰ ਸਭਿ ਸ਼ਸਤ੍ਰ ਲਗਾਏ। ਪ੍ਰਥਮ ਖੜਗ ਸੁੰਦਰ ਗਰ ਪਾਏ। ਕੰਚਨ ਮੁਸ਼ਟ ਮਹਾਂ ਖਰ ਧਾਰਾ[4]। ਸਰ ਖਰ[5] ਭਰਿ ਤਰਕਸ਼ ਗਰ ਧਾਰਾ॥ ੬॥ ਧਨੁਖ ਹਾਥ ਗਹਿ ਭੇ ਅਸਵਾਰ। ਮੱਖਣ ਸੰਗ ਲੋਕ ਗਨ ਲਾਰ[6]। ਸਨੈ ਸਨੈ ਚਲਿ ਪੰਥ ਗੁਸਾਈਂ। ਕਰਿ ਡੇਰਾ ਨਿਸ ਆਇ ਬਿਤਾਈ॥੭॥ ਦੇਸ਼ ਵਿਦੇਸ਼ਨਿ ਮਹਿਂ ਸੁਧਿ ਹੋਈ। ਬਿਦਤੇ ਗੁਰੂ ਸੁਨਤਿ ਸਭਿ ਕੋਈ। ਲੈ ਕਰਿ ਘਰ ਤੇ ਅਨਿਕ ਅਕੋਰ। ਸੰਗਤਿ ਆਇ ਗੁਰੂ ਕੀ ਓਰ॥੮॥ ਮਾਰਗ

[1]ਪ੍ਰਬੀਨ (ਨੌਵੇਂ) ਸਤਿਗੁਰੂ ਜੀ ਦਾ ਮਤ ਜਾਣਕੇ। [2]ਪਹਿਰ ਰਾਤ ਰਹਿੰਦੀ ਜਾਣਕੇ ਜਾਗੇ। [3]ਘੋੜੇ। [4]ਤਿੱਖੀ ਧਾਰ। [5]ਤਿਖੇ ਤੀਰਾਂ (ਨਾਲ)। [6]ਕਤਾਰ। (ਅ) ਨਾਲ।

*ਇਹ ਆਦਿ ਬਾਬਾ ਜੀ ਸ੍ਰੀ ਕਰਤਾਰ ਪੁਰ ਭਾਈ ਧੀਰਮੱਲ ਜੀ ਦੀ ਸੰਤਾਨ ਪਾਸ ਹੁਣ ਤੱਕ ਮੌਜੂਦ ਹਨ, ਸੰਗ੍ਰਾਂਤ ਦੇ ਸੰਗ੍ਰਾਂਤ ਸਭ ਸੰਗਤਾਂ ਦਰਸ਼ਨ ਕਰਦੀਆਂ ਹਨ, ਜੇ ਕੋਈ ਦੂਰੋਂ ਪ੍ਰੇਮੀ ਆਵੇ ਤਾਂ ਖਾਸ ਉਤਸਾਹ ਨਾਲ ਬਿਨਾਂ ਸੰਗ੍ਰਾਂਤੋਂ ਭੀ ਕਈ ਵਾਰ ਪ੍ਰਕਾਸ਼ ਕਰ ਦਿੰਦੇ ਹਨ, ਪਰ ਬੜੇ ਯਤਨ ਨਾਲ ਦਰਸ਼ਨ ਕਰਾਉਂਦੇ ਹਨ। ਧੀਰਮਲ ਦੇ ਵੰਸ਼ਜ ਸਿੰਘ ਸਜ ਗਏ ਸਨ, ਤਦ ਤੋਂ ਪੰਥ ਨਾਲ ਮੇਲ ਬੀ ਬਣ ਗਿਆ।

†ਕਰਤਾਰ ਪੁਰ ਤੋਂ ਕੁਛ ਵਾਟ ਤੇ ਹਜ਼ਾਰਾ ਪਿੰਡ ਹੈ, ਜਿੱਥੇ ਇਹ ਰਾਤ ਬਿਸ਼ਰਾਮ ਕੀਤਾ ਸੀ, ਅਗਲੇ ਦਿਨ ਨਵੇਂ ਸ਼ਹਿਰ ਦੇ ਲਾਗੇ ਦੁਰਗਾ ਪਿੰਡ ਵਿਚ ਅਰਾਮ ਕੀਤਾ। ਦੁਹੀਂ ਥਾਈਂ ਯਾਦਗਾਰ ਵਿਚ ਗੁਰਦੁਆਰੇ ਬਣੇ ਸੁਣੀਂਦੇ ਹਨ।

ਬਿਖੈ ਮਿਲਹਿਂ ਦਰਸੈਤੇ। ਦਰਬ ਆਦਿ ਅਨਗਨ ਅਰਪੈਤੇ। ਚਹੁੰਦਿਸ਼ਿ ਤੇ ਚਲਿ ਆਇਂ ਘਨੇਰੇ। ਮਨੋ ਕਾਮਨਾ ਪਾਇਂ ਬਡੇਰੇ ॥ ੯ ॥ ਨਿਤਪ੍ਰਤਿ ਮਿਲਹਿਂ ਹਜ਼ਾਰਹੁੰ ਆਇ। ਅਰਪਹਿ ਵਸਤੁਨਿ ਕੋ ਸਮੁਦਾਇ। ਪੈਂਡ ਉਲੰਘਿ ਗਏ ਗੁਰ ਧੀਰ। ਖਰੇ ਜਾਇ ਸਤੱਦ੍ਰਵ ਕੇ ਤੀਰ॥੧੦॥ਕਹਿ ਕਰਿ ਤਰਨੀ ਤਬਿ ਮੰਗਵਾਈ। ਕਰਨਧਾਰ[1] ਆਨੀ ਸਹਿਸਾਈ। ਮੱਖਨ ਸਹਿਤ ਪਾਰ ਤਬਿ ਪਰੇ। ਸਗਰੇ ਨਰ ਤੈਸੇ ਜਲ ਤਰੇ ॥੧੧॥ ਡੇਰਾ ਕਰਯੋ ਪਾਰਲੇ ਕੂਲ[2]। ਸ੍ਰੀ ਗੁਰ ਦੇਵ ਅਨੰਦ ਕੇ ਮੂਲ। ਚਹਤਿ ਆਪਨੋ ਨਗਰ ਬਸਾਯੋ। ਰੁਚਿਰ ਸਥਾਨ ਚਿਤਵਿ ਮਨ ਭਾਯੋ ॥ ੧੨ ॥ ਪੰਚ ਕੋਸ ਕੀਰਤ ਪੁਰਿ ਪਰੇ*। ਤਹਾਂ ਜਾਇ ਗੁਰ ਡੇਰਾ ਕਰੇ। ਹੁਤੋ ਰਾਜ ਗਿਰਪਤ[3] ਕਹਿਲੂਰੀ। ਦੂਨ ਪਹਾਰਨਿ ਕੀ ਬਹੁ ਰੂਰੀ ॥੧੩॥ ਇਤ ਸਤੱਦ੍ਰਵ ਕੋ ਚਲਹਿ ਪ੍ਰਵਾਹੂ। ਨਿਰਮਲ ਨੀਰ ਸਦੀਵ ਅਥਾਹੂ[4]। ਸਿੰਧੁ ਗਾਮਨੀ[5] ਸਲਿਤਾ ਮਹਾਂ। ਬੈਠੇ ਦ੍ਰਿਸ਼ਟਿ ਪਰਹਿ ਜਲ ਤਹਾਂ ॥ ੧੪ ॥ ਉਭਯ ਦਿਸ਼ਾ ਮਹਿ ਤੁੰਗ ਪਹਾਰ। ਪੂਰਬ ਪਸ਼ਚਮ ਧਾਰ[6] ਉਦਾਰ। ਨਿਕਟਿ ਸ਼ਿਖਰ ਪਰ ਨੈਨਾ ਦੇਵੀ†। ਜਗ ਜਨਨੀ ਈਸ਼ੁਰੀ ਅਭੇਵੀ॥੧੫॥ਕਰਨੀ ਬਿਦਤ ਭਵਿੱਖਤ ਜਾਨੀ। ਅਵਿਨੀ ਰਵਨੀ ਪਿਖਿਯ ਮਹਾਨੀ। ਤਿਸ ਥਲ ਮਹਿਂ ਕੀਨਸਿ ਗੁਰ ਡੇਰਾ। ਸਰਬ ਰੀਤਿ ਸੁਖਦਾਇਕ ਹੇਰਾ ॥ ੧੬ ॥–ਪੁਰਿ ਅਰੁ ਗ੍ਰਾਮ ਅਪਰ ਸੋਢੀਨਿ। ਕਰਹਿ ਸ਼ਰੀਕਾ ਦ੍ਵੈਸ਼ੀ ਚੀਨ। ਤਹਿਂ ਨਿਵਾਸ ਤੇ ਬਧਹਿ ਬਿਖਾਦਾ।ਦੇਖਿ ਪਰਸਪਰ ਬੰਧਹਿਂ ਬਾਦਾ[7] ॥ ੧੭ ॥ ਸ੍ਰੀ ਅੰਮ੍ਰਿਤਸਰ ਨਾਦ-

[1]ਮਲਾਹ ਨੇ। [2]ਪਾਰਲੇ ਕੰਢੇ। [3]ਪਹਾੜੀ ਰਾਜੇ। [4]ਬਹੁਤ ਡੂੰਘਾ। [5]ਸਮੁੰਦ੍ਰ ਵੱਲ ਜਾਣ ਵਾਲੀ। [6]ਪਹਾੜਾਂ ਦੀ ਕਤਾਰ। [7]ਝਗੜੇ ਬੰਨ੍ਹਣਗੇ।

*ਇਹ ਅਨੰਦਪੁਰ ਵਾਲੀ ਜੂਹ ਦਾ ਹੀ ਟਿਕਾਣਾ ਹੈ। ਇਹ ਸਾਖੀ ਬੀ ਹੈ ਕਿ ਸਤਿਗੁਰਾਂ ਪਰ ਗੁਰੂ ਹਰਿ ਕ੍ਰਿਸ਼ਨ ਜੀ ਦੀ ਮਾਤਾ ਨੂੰ ਗੁਰੂ ਹੋਣ ਦਾ ਭਰੋਸਾ ਸੀ, ਗੁਰੂ ਹਰਿ ਕ੍ਰਿਸ਼ਨ ਜੀ ਦੇ ਵਾਕ ਆਪ ਨੇ ਹੀ ਸੁਣੇ ਸਨ, ਇਸ ਕਰਕੇ ਆਪ ਨੇ ਗੁਰੂ ਜੀ ਨੂੰ ਕੀਰਤਪੁਰ ਸਦਵਾਇਆ ਸੀ ਤੇ ਗੱਦੀ, ਮੁਹਰ, ਚਵਰ ਆਦਿ ਗੁਰਤਾ ਦੇ ਸਾਮਾਨ ਅਰਪਕੇ ਸਾਰੇ ਪਰਿਵਾਰ ਨੂੰ ਕੀਰਤਪੁਰ ਰੱਖਿਆ। ਸਤਿਗੁਰਾਂ ਵੱਲੋਂ ਅਪਣੇ ਪਿਤਾ ਜੀ ਦੇ ਸਾਰੇ ਪਰਿਵਾਰ ਨਾਲ ਅਤਿ ਸਨੇਹ ਤੇ ਦਇਆ ਦਾ ਵਿਸ਼ਾਲ ਚਿਤ ਵਾਲਾ ਵਰਤਾਉ ਰਿਹਾ, ਪਰ ਸੋਢੀਆਂ ਵੱਲੋਂ ਤੇ ਅਪਣੇ ਸ਼ਰੀਕੇ ਵਲੋਂ ਵਰਤਾਉ ਵਿਰੋਧ ਵਾਲਾ ਤੱਕਕੇ ਸਤਿਗੁਰਾਂ ਨੇ ਪੰਜ ਕੁ ਮੀਲ ਉਪਰ ਨੂੰ ਜਾ ਡੇਰਾ ਲਾਯਾ ਤੇ ਅਨੰਦਪੁਰ ਨਾਮ ਦਾ ਨਗਰ ਬਸਾਯਾ। †ਇਸ ਵੇਲੇ ਏਥੇ ਕੋਈ ਨਿਸ਼ਾਨ ਟਿਕਾਣਾ ਨਹੀਂ ਹੈਸੀ। ਦੇਖੋ ਰੁਤ ੩ ਅੰਸੂ ੬ ਅੰਕ ੨੭ ਦੀ ਹੇਠਲੀ ਟੂਕ।

ਪੁਰਿ ਨੇਰੇ। ਤਹਿਂ ਜੇ ਬਸਿਹੈਂ ਪਰਹਿਂ ਬਖੇਰੇ–। ਇੱਤ੍ਯਾਦਿਕ ਬਹੁ ਭਾਂਤਿ ਬਿਚਾਰਾ।ਨਗਰ ਬਸਾਯੋ ਚਹੈਂ ਨਿਆਰਾ॥੧੮॥–ਜਿਮ ਪੂਰਬ ਗੁਰੁ ਜੇਤਿਕ ਭਏ। ਨਿਜ ਨਿਜ ਨਗਰ ਬਸਾਵਨਿ ਕਿਏ। ਤਿਮ ਅਪਨੋ ਹਮ ਅਬਹਿ ਬਸਾਵੈਂ। ਪੁਨਹਿ ਸ਼ਰੀਕਾ ਕ੍ਯੋਂ ਨ ਕਮਾਵੈ ॥ ੧੯ ॥ ਸੁਖ ਸੋਂ ਬਾਸ ਕਰਹਿਂ ਨਿਜ ਪੁਰਿ ਮੈਂ। ਮਤਸਰ ਤੇ ਨ ਤਪੈ ਕੋ ਉਰ ਮੈਂ–। ਇਮ ਬਿਚਾਰ ਕਰਿ ਕਾਰਨ ਬ੍ਰਿੰਦੂ। ਥਿਰ ਭਏ ਤੇਗ ਬਹਾਦਰ ਇੰਦੂ ॥ ੨੦ ॥ ਸੁਨਿ ਸੁਨਿ ਪੁੰਜ ਸੰਗਤਾਂ ਆਵੈਂ। ਧਨ ਸਮੁਦਾਇ ਵਸਤੁ ਅਰਪਾਵੈਂ। ਨਿਤ ਪ੍ਰਤਿ ਆਮਦਨੀ ਬਹੁ ਹੋਇ। ਦੇਗ਼ ਕਰਹਿਂ ਗੁਰ ਸਮਿਯੈ ਦੋਇ[1] ॥ ੨੧ ॥ ਦੇਸ਼ਨਿ ਕੇ ਮਸੰਦ ਗਨ ਅਹੈਂ। ਗੁਰੂ ਭਏ, ਨਿਸ਼ਚੈ ਜਬਿ ਲਹੈਂ। ਭਾਈ ਬ੍ਰਿਧ ਕੋ ਬੰਸ ਪਵਿੱਤਾ। ਪਿਤਾ ਪੁਤ ਝੰਡਾ ਗੁਰਦਿੱਤਾ ॥ ੨੨ ॥ ਭੇਟ ਅਨੇਕ ਪ੍ਰਕਾਰਨਿ ਲ੍ਯਾਏ। ਸ਼ੁਭ ਦਸਤਾਰ ਦੇਨਿ ਕਹੁ ਆਏ। ਬਾਜ ਅਮੋਲਕ ਕਠਨ ਕਮਾਨ। ਆਨੇ ਤਰਕਸ਼ ਭਰਿ ਖਰ ਬਾਨ ॥ ੨੩ ॥ ਗਾਦੀ ਪਰ ਸ਼੍ਰੀ ਤੇਗ ਬਹਾਦਰ। ਪਹੁੰਚੇ ਨਿਕਟਿ ਕਰਨਿ ਕਹੁ ਆਦਰ। ਸਕਲ ਅਕੋਰ ਅਰਪਨਾ ਕਰੀ। ਸੂਖਮ ਪਾਗ ਨਮੋ ਕਰਿ ਧਰੀ ॥ ੨੪ ॥ ਜਥਾ ਜੋਗ ਸਤਿਗੁਰੂ ਉਤਾਰੇ[2]। ਸੇਵ ਕਰਾਈ ਅਨਿਕ ਪ੍ਰਕਾਰੇ। ਬ੍ਰਿੱਧ ਕੋ ਬੰਸ ਮਿਲ੍ਯੋ ਜਬਿ ਆਈ। ਜਾਨ੍ਯੋ ਤਬਿ ਮਸੰਦ ਸਮੁਦਾਈ ॥ ੨੫ ॥ ਲੇ ਲੇ ਬ੍ਰਿੰਦ ਪਦਾਰਥ ਆਏ। ਭਏ ਦੀਨ ਪਦ ਸੀਸ ਨਿਵਾਏ। ਸਭਿ ਕੇ ਸਿਦਕ ਗੁਰੂ ਕਰਿਵਾਏ। ਜਥਾ ਜੋਗ ਦੇ ਮਾਨ ਬਧਾਏ ॥ ੨੬ ॥ ਪ੍ਰਥਮ ਰੀਤਿ ਸੋਂ ਦੇ ਸਿਰੁਪਾਊ। ਤਿਨ ਦੇਸ਼ਨਿ ਕੋ ਦਈ ਬਿਦਾਊ[3]।ਗੁਰ ਸੁਭਾਵ ਕੀ ਕਰਤਿ ਪ੍ਰਸ਼ੰਸਾ। ਕਹੈਂ ਕਿ 'ਅਬਿ ਨਾਸ੍ਯੋ ਮਨ ਸੰਸਾ' ॥ ੨੭ ॥ ਜਬਿ ਐਸੇ ਆਏ ਸਮੁਦਾਇ।ਧੀਰਮੱਲ ਸੁਨਿ ਮਨ ਖੁਨਸਾਇ। ਦੇ ਧਨ ਕੋ ਮਸੰਦ ਅਪਨਾਵੈ। ਤਊ ਨ ਕੋ ਤਿਸ ਕੇ ਢਿਗ ਜਾਵੈ ॥ ੨੮ ॥ ਕਾਬਲ ਮਹਿਂ ਮਸੰਦ ਇਕ ਰਹੈ। ਬਿਨਾ ਸੰਦੇਹ ਨ ਗੁਰ ਕੋ ਲਹੈ।ਤਿਨ[4] ਦੋਨਹੁ ਥਲ ਮਨੁਜ[5] ਪਠਾਏ। ਤੂਰਨ ਮਗ ਉਲੰਘਤਿ ਸੋ ਆਏ ॥ ੨੯ ॥ ਕਛੁਕ ਭੇਟ ਗੁਰੁ ਨਿਕਟਿ ਪਠਾਈ। ਧੀਰਮੱਲ ਢਿਗ ਤਿਤੀ ਪੁਚਾਈ। ਦੋਨਹੁੰ ਥਲ ਤੇ ਲੇ ਦਸਤਾਰ। ਗਮਨੇ ਨਿਜ ਪੁਰ ਪੰਥ ਮਝਾਰ॥੩੦॥ਤਿਸ ਮਸੰਦ ਕੋ ਦੀਨੀ ਜਾਇ। ਦੋਨੋ ਦੇਖਿ ਸੰਦੇਹ ਉਪਾਇ।–ਇਨ ਮੈਂ ਕਿਮ ਪਰਖੌਂ ਗੁਰੁ ਜੋਇ। ਪੁਨ ਮੈਂ ਰਹੌਂ ਦਾਸ ਤਿਸ

[1]ਦੋਨੋਂ ਵੇਲੇ। [2]ਉਤਾਰਾ ਦਿੱਤਾ। [3]ਵਿਦੈਗੀ। [4]ਭਾਵ ਤਿਸ ਮਸੰਦ ਨੇ। [5](ਆਪਣੇ) ਆਦਮੀ।

ਹੋਇ-॥੩੧॥ ਚਿਤਵਤਿ ਚਿਤ ਮਹਿਂ ਇਮ ਪੁਨ ਆਈ।-ਤੋਲ ਲੇਹੁਂ ਦੈ ਪਾਗ ਜਿ ਪਾਈ। ਗੁਰ ਕੀ ਗਰੁਵੀ, ਬਿਨ ਗੁਰੁ ਹੌਰੀ। ਲੇਉਂ ਪਤਾ ਬੈਠਯੋ ਇਸ ਠੌਰੀ-॥ ੩੨॥ ਪਾਛੇ ਧੀਰਮੱਲਸ ਗੁਰ ਆਗੇ[1]। ਧਰਿ ਪਗਰੀ ਤਬਿ ਤੋਲਨਿ ਲਾਗੇ। ਚਿਤ ਮਹਿਂ ਚਿਤਵਨਿ ਧਾਰੀ ਐਸੇ।-ਜੋ ਗੁਰ ਹੋਇ ਜਨਾਵਹੁ ਤੈਸੇ ॥੩੩॥ ਨਿਜ ਅਜ਼ਮਤ ਕੋ ਮੋਹਿ ਜਨਾਵਹੁ। ਦਾਸ ਜਾਨਿ ਅਬਿ ਚਰਨ ਲਗਾਵਹੁ-। ਇਮ ਉਰ ਧਰਿ ਤਕਰੀ ਪਰ ਤੋਲੀ। ਭਈ ਧੀਰਮਲ ਕੀ ਤਬਿ ਹੋਲੀ॥੩੪॥ ਪਠੀ ਜੁ ਗੁਰ ਸੁ ਉਠੇ ਨ ਉਠਾਈ। ਤਯੋਂ ਤਯੋਂ ਹੋਤਿ ਅਧਿਕ ਗਰਵਾਈ[2]। ਸਿਖ ਸੰਗਤਿ ਤਹਿਂ ਥੋ ਸਮੁਦਾਇ। 'ਧੰਨ ਗੁਰੂ' ਬੋਲੇ ਹਰਖਾਇ॥੩੫॥ਇਮ ਪਿਖਿ ਪਿਖਿ ਕਰਿ ਪਤਾ ਅਨੇਕ।ਜਾਨਯੋ ਸਤਿਗੁਰ ਜਲਧਿ ਬਿਬੇਕ। ਦੇਸ਼ ਬਦੇਸ਼ਨਿ ਕੀਰਤਿ ਹੋਈ। ਲਖਯੋ ਨਵੇਂ ਸਤਿਗੁਰ ਇਮ ਲੋਈ ॥ ੩੬ ॥ ਸੂਰਜ ਚਢਯੋ ਨ ਛਪੇ ਛਪਾਯੋ। ਮਹਿ ਮੰਡਲ ਤਮ[3] ਮੋਹ ਮਿਟਾਯੋ। ਧੀਰਮੱਲ ਕਰਿ ਚਿੰਤਾ ਮਨੇ। ਬ੍ਰਿਧ ਕੁਲ ਨਿਕਟਿ ਪਠ ਨਰ ਘਨੇ ॥੩੭॥ 'ਕਲਗੀ ਬਾਜ ਭੇਟ ਮੁਝ ਦੀਜੈ। ਜਿਤੋ ਚਹੋ ਧਨ ਤੁਮ ਅਬਿ ਲੀਜੈ'। ਅਨਿਕ ਉਪਾਵਨਿ ਕੋ ਕਰਿ ਹਾਰਾ।ਤਿਨਹੁਂ ਨਹੀਂ ਮਾਨੀ ਇਕ ਬਾਰਾ ॥ ੩੮ ॥ ਨਹਿਂ ਅਪਨੇ ਤੇ ਭੇਟ ਪਠਾਈ। ਨਹੀਂ ਆਇ ਨਿਜ ਗ੍ਰੀਵ ਨਿਵਾਈ। ਇਸ ਤੇ ਆਦਿ ਜਤਨ ਬਹੁ ਕਰੇ। ਪ੍ਰਥਮ ਸਮਾਨ ਰਹਯੋ ਥਿਰ ਘਰੇ ॥੩੯॥ ਬਿਨ ਧਨ ਜੋ ਲਖਪਤੀ ਕਹਾਵੈ। ਹੁੰਡੀ ਕਹਿ ਕਹਿ ਕੂਰ ਚਲਾਵੈ। ਸੁਮਤਿਵਾਨ ਸਯਾਨੇ ਨਹਿਂ ਮਾਨੇ। ਬਿਰਮ ਜਾਹਿਂ ਜੋ ਹੋਹਿ ਇਆਨੇ[4]॥੪੦॥ਗਰਜਯੋ ਕੇਹਰਿ ਜਬਿ ਬਨ ਮਾਂਹੀ। ਮ੍ਰਿਗ ਜੰਬੁਕ[5] ਕਿਮ ਥਿਰਤਾ ਪਾਹੀਂ। ਗਜ ਆਦਿਕ ਜਿਸ ਤੇ ਭੈ ਧਾਰੇਂ। ਤਿਸ ਆਗੈ ਕਯਾ ਅਪਰ ਬਿਚਾਰੇ ॥ ੪੧ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ਼੍ਰੀ ਅਨੰਦ ਪੁਰ ਥਾਨ ਆਗਵਨ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

## ੨੮. [ਮੱਖਣ ਸ਼ਾਹ ਵਿਦਾ। ਸ਼੍ਰੀ ਅਨੰਦ ਪੁਰ ਵਸਾਉਣਾ]।

ਦੋਹਰਾ ॥ ਜਬਿ ਸਤਿਗੁਰੁ ਥਿਰਤਾ ਗਹੀ ਐਸ਼੍ਵਰਜ ਭਯੋ ਬਿਸਾਲ। ਮੱਖਣ ਰਿਦੈ ਅਨੰਦ ਹੈ ਪੂਜੈ ਗੁਰੂ ਕ੍ਰਿਪਾਲ ॥ ੧ ॥ ਚੌਪਈ ॥ ਇਕ ਦਿਨ ਹਾਥ ਜੋਰਿ ਕਰਿ ਕਹਯੋ। 'ਪ੍ਰਭੁ ਜੀ ਰਾਵਰਿ ਦਰਸ਼ਨ ਲਹਯੋ। ਮਨੋ ਕਾਮਨਾ ਪੂਰਨ ਹੋਈ। ਜਨਮ ਮਰਨ ਕੀ ਚਿੰਤ ਨ ਕੋਈ ॥ ੨ ॥ ਜਯੋਂ ਜਯੋਂ ਨਿਤ

[1]ਪਿਛਲੇ (ਪਲੜੇ ਵਿਚ) ਧੀਰ ਮਲ ਦੀ ਤੇ ਅਗਲੇ (ਵਿਚ) ਗੁਰੂ (ਜੀ ਦੀ ਪਗ ਰਖੀ)। [2]ਭਾਰੀ। [3]ਮੋਹ ਰੂਪੀ ਅੰਧੇਰਾ। [4]ਜੇ ਅਯਾਣੇ ਹੋਣ ਤਾਂ ਭਰਮ ਜਾਣ। [5]ਗਿੱਦੜ।

ਪ੍ਰਤਿ ਦਰਸ਼ਨ ਕਰਨੈ। ਮੋਹ ਤਿਮਰ ਉਰ ਤੇ ਪਰਹਰਨੈ। ਲੋਕ ਪ੍ਰਲੋਕ ਸਹਾਇਕ ਪਾਏ। ਬਡੇ ਭਾਗ ਜਾਗੇ, ਹਿਤਵਾਏ[1] ॥ ੩ ॥ ਛਪੇ ਬਹੁਤ ਹੀ ਪ੍ਰਾਪਤਿ ਭੁਏ। ਸਭਿ ਸੰਗਤਿ ਕੇ ਸੰਸੇ ਗਏ। ਅਬਿ ਮੈਂ ਚਾਹੌਂ ਚਲਨੋ ਅਵਾਸ। ਚਿਤ ਨਿਤ ਚਰਨ ਕਵਲ ਕੇ ਪਾਸ॥੪॥–ਨਹਿਂ ਬਿਸਰਹੁ ਉਦ-ਬਰ ਕੋ ਦੀਜੈ। ਇਹ ਸੇਵਕ ਪਰ ਕਰੁਨਾ ਕੀਜੈ। ਬਾਂਛਤਿ ਰਹੌਂ ਦਰਸ ਕੋ ਤੇਰੋ[2]। ਆਵਤਿ ਅਹੈ ਚੁਮਾਸਾ ਨੇਰੇ ॥ ੫ ॥ ਚਲਨੋ ਨ ਜਾਇ ਪੰਥ ਹੁਇ ਪਾਨੀ। ਸਦਨ ਹਮਾਰੇ ਦੂਰ ਮਹਾਨੀ। ਹੇ ਪ੍ਰਭੁ! ਮੁਝ ਕੋ ਨਾਂਹਿ ਬਿਸਾਰੋ। ਸੇਵਕ ਜਾਨਿ ਸਦਾ ਸੰਭਾਰੋ' ॥ ੬ ॥ ਸੁਨਿ ਸ਼੍ਰੀ ਤੇਗ ਬਹਾਦਰ ਪੂਰੇ। ਭਏ ਪ੍ਰਸੰਨ ਦੀਨਿ ਬਰ ਰੂਰੇ। 'ਜਨਮ ਮਰਨ ਤੇਰੋ ਕਟਿ ਗਇਊ।ਸ਼੍ਰੀ ਨਾਨਕ ਕੋ ਸੇਵਕ ਭਇਊ ॥ ੭ ॥ ਸੱਤਿਨਾਮ ਸਿਮਰਹੁ ਦਿਨ ਰਾਤੀ। ਗੁਰ ਬਾਨੀ ਪਢਿ ਹੈ ਚਿਤ ਸ਼ਾਂਤੀ। ਮਨਸੋਂ ਮਿਲੇ ਸਦਾ ਮਿਲ ਰਹੇ[3]। ਪੁਨ ਬਿਯੋਗ ਸੋ ਕਬਹੁੰ ਨ ਲਹੇ ॥ ੮ ॥ ਦ੍ਰਿਸ਼ਟਿਮਾਨ ਪਰ ਕਹਾਂ ਸਨੇਹੁ[4]। ਬਿਨਸਨਹਾਰੇ ਆਦਿਕ ਦੇਹੁ। "[5]ਸੱਤਾ ਚੇਤਨ ਫੁਰਿਬੇ ਹਾਰੀ। ਬਾਲ ਬ੍ਰਿੱਧ ਬਧ ਕੇ ਨ ਮਝਾਰੀ ॥ ੯ ॥ ਸਦਾ ਏਕ ਰਸ ਪਰਮ ਪੁਨੀਤਾ। ਨਿਜ ਸਰੂਪ ਲਖਿ ਥਿਰ ਕਰਿ ਚੀਤਾ"। ਜਿਸ* ਮੈਂ ਦੁਖ ਸੁਖ ਹਰਖ ਨ ਸ਼ੋਕ। ਆਵਨ ਜਾਨ ਨ ਲੋਕ ਪ੍ਰਲੋਕ ॥ ੧੦ ॥ ਮਨ ਥਿਰ ਸਦਾ ਤਿਸੀ ਮਹਿਂ ਕਰੀਅਹਿ। ਸਦਾ ਸਰੂਪ ਅਨੂਪ ਸੰਭਰੀਅਹਿ'। ਇਮ ਕਹਿ ਖੁਸ਼ੀ ਕਰੀ ਗੁਰ ਜਬੈ। ਚਰਨ ਕਮਲ ਸੰਗ ਲਿਪਟਨੋ ਤਬੈ ॥੧੧॥ ਤਜੇ ਨ ਜਾਹਿਂ ਸੀਸ ਧਰਿ ਰਹਿਊ। ਹਾਥਨਿ ਸਾਥ ਪਲੋਸਤਿ ਗਹਿਊ।ਕਿਤਿਕ ਬਾਰਿ ਮਹਿਂ[6] ਗੁਰੂ ਛੁਰਾਏ। ਪ੍ਰੇਮ ਬਸੀ ਦ੍ਰਿਗ ਜਲ ਭਰਿ ਆਏ॥ ੧੨ ॥ ਬਾਰਿ ਬਾਰਿ ਬੰਦਨ ਕਰਿ ਭਲੇ।

---

[1]ਪ੍ਰੇਮ ਵਾਲਾ ਹੋਯਾ ਹਾਂ। [2]ਦਰਸ਼ਨ ਦੇਖਣ ਨੂੰ ਚਾਹੁੰਦਾ ਰਹਾਂ। [3]ਜੋ ਮਨ ਨਾਲ ਮਿਲੇ ਹੋਏ ਹਨ ਉਹ ਸਦਾ ਹੀ ਮਿਲ ਰਹੇ ਹਨ। [4]ਕੀਹ ਪਜਾਰ ਕਰਨਾ ਹੋਯਾ। [5]( ਦੇਹਾਦਿਕਾਂ ਨੂੰ ) ਪ੍ਰਕਾਸ਼ਣ ਵਾਲੀ ਜੋ ਚੇਤਨ ਸੱਤਾ ਹੈ ਸੋ ਬਾਲ ਬ੍ਰਿੱਧ ਆਦਿ ਅਵਸਥਾ ਵਿਚ ਨਹੀਂ ਜਦ ਦੇਹ ਆਦਿ ਅਵਸਥਾ ਨਾਲ ਬਦਲਦੇ ਹਨ ਪਰ ਉਹ ਹਰ ਅਵਸਥਾ ਵਿਚ ਇਕੋ ਜੇਹੀ ਰਹਿੰਦੀ ਹੈ, ਉਹ ਪਰਮ ਪੁਨੀਤ ਸਦਾ ਇਕ ਰਸ ਰਹਿੰਦੀ ਹੈ, ਉਸਨੂੰ ਅਪਣਾ ਸਰੂਪ ਜਾਣ ਕੇ ਚਿਤ ਨੂੰ ਟਿਕਾਓ। [ਦੇਹ ਤੋਂ ਬੁੱਧੀ ਤਕ ਸਭ ਦ੍ਰਿਸ਼ਟਮਾਨ ਹਨ, ਚੇਤਨ ਦ੍ਰਿਸ਼ਟਾ ਹੈ, ਜਿਸ ਦੀ ਸਤ੍ਯਾ ਨਾਲ ਬੁਧੀ ਆਦਿਕ ਸਫੁਰਣ ਹੁੰਦੇ ਹਨ। ਇਹ ਜੋ ਅੰਦਰ ਸ਼ੁਧ ਚੇਤਨ ਹੈ ਇਹ ਅਪਣਾ ਸਰੂਪ ਹੈ, ਇਹ ਦ੍ਰਿਸ਼ਟਾ ਹੈ]। [6]ਕਿੰਨਾਂ ਚਿਰ ਪਿੱਛੋਂ। *ਪਾ:–ਚਿਤ।

ਬਿਦਾ ਭਯੋ ਚਿਤ ਚਹਤਿ ਨ ਚਲੇ।ਮੁਰਿ ਮੁਰਿ ਹੇਰਤਿ ਨੀਠ ਚਲੈਂਤਾ।ਉਰ ਧਰਿ ਲੀਨਿ ਧ੍ਯਾਨ ਭਗਵੰਤਾ ॥ ੧੩ ॥ ਬਹੁਤ ਮੋਲ ਕੋ ਬਰ[1] ਸਿਰੁਪਾਇ। ਕਰੁਨਾ ਸਹਿਤ ਗੁਰੂ ਤੇ ਪਾਇ।ਸਿਰਪਰ ਧਰਿ ਨਿਜ ਆਇਵਿ ਡੇਰੇ।ਚਢ੍ਯੋ ਤੁਰੰਗਮ ਪਰ ਮਗ ਪ੍ਰੇਰੇ ॥ ੧੪ ॥ ਗੁਰੁ ਗੁਰੁ ਸਿਮਰਤਿ ਕੀਨਿ ਪਯਾਨਾ। ਲੇ ਕਰਿ ਅਪਨਿ ਸਮਾਜ ਮਹਾਨਾ। ਗਯੋ ਆਪਨੇ ਦੇਸ਼ ਮਝਾਰੀ। ਜਹਿਂ ਕਹਿਂ ਕੀਰਤਿ ਗੁਰਨਿ ਉਚਾਰੀ॥੧੫॥ ਇਮ ਮੱਖਣ ਜਬਿ ਸਦਨ ਸਿਧਾਰਾ। ਭਯੋ ਸਫਲ ਨਿਜ ਜਨਮ ਸੁਧਾਰਾ।ਪੀਛੇ ਸਤਿਗੁਰ ਉੱਦਮ ਧਰੈਂ। ਨਗਰ ਬਸਾਵਨਿ ਕੋ ਚਿਤ ਕਰੈਂ ॥ ੧੬ ॥ ਨ੍ਰਿਪ ਕੇ ਲੋਕ ਗ੍ਰਾਮ ਕੇ ਔਰ। ਕਰਤਿ ਮਾਲਕੀ ਜੋ ਤਿਸ ਠੌਰ। ਤਿਨ ਕੇ ਨਿਕਟਿ ਮਸੰਦ ਪਠਾਯੋ।ਜਾਇ ਪਹੂੰਚਿ ਪ੍ਰਸੰਗ ਸੁਨਾਯੋ ॥੧੭॥ 'ਸ੍ਰੀ ਹਰਿ ਗੋਵਿੰਦ ਗੁਰੂ ਬਿਸਾਲਾ।ਤਿਨ ਕੇ ਨੰਦਨ ਧੀਰ ਕ੍ਰਿਪਾਲਾ। ਜਿਨ ਸ੍ਰੀ ਤੇਗ ਬਹਾਦਰ ਨਾਮੂ।ਬਿਰਤਿ ਸ਼ਾਂਤਕੀ ਬਡ ਗੁਨ ਧਾਮੂ ॥ ੧੮ ॥ ਸੋ ਚਾਹਤਿ ਹੈਂ ਨਗਰ ਬਸਾਏ। ਥਾਂਨ ਚੰਡਿਕਾ ਤਰੇ ਸੁਹਾਏ[2] । ਜਥਾ ਇਨਹੁ ਕੇ ਜੇਸ਼ਟ ਭ੍ਰਾਤਾ । ਬਾਬਾ ਗੁਰਦਿੱਤਾ ਬੱਖ੍ਯਾਤਾ ॥ ੧੯ ॥ ਪੂਰਬ ਆਇ ਨਿਕਟਿ ਗਿਰ[3] ਥਾਨ। ਪਿਖਿ ਰਮਣੀਕ ਅਨੰਦ ਮਹਾਨ। ਸ੍ਰੀ ਕੀਰਤਪੁਰਿ ਕੀਨਿ ਬਸਾਵਨਿ। ਚਾਰਹੁ ਬਰਨ ਕਰੇ ਘਰ ਪਾਵਨਿ ॥ ੨੦ ॥ ਤਿਮ ਅਭਿਲਾਖਤਿ ਬਿਰਤਾ ਲਹੇ। ਜ਼ਰ ਖਰੀਦ ਛਿਤ ਕੋ ਚਿਤ ਚਹੇ[4]। ਇਸ ਕਾਰਨ ਤੇ ਹਮ ਚਲਿ ਆਏ'।ਸੁਨਿ ਮਸੰਦ ਤੇ ਨਰ ਸਮੁਦਾਏ ॥ ੨੧ ॥ ਅਵਨੀ ਪਤਿ ਕੋ ਬੂਝਨਿ ਕੀਨਾ। ਦੀਨਿ ਹੁਕਮ ਨੀਕੇ ਚਿਤ ਚੀਨਾ। ਨ੍ਰਿਪ ਕੇ ਨਰ ਅਰੁ ਗ੍ਰਾਮਨਿ ਕੇਰੇ। ਆਇ ਸਥਾਨ ਸਰਬ ਕੋ ਹੇਰੇ ॥ ੨੨ ॥ ਮਿਲਿ ਸਭਿਹਿਨਿ ਜਿਮ ਮੋਲ ਬਖਾਨਾ। ਕੇਤਿਕ ਦੀਨਿ ਦਰਬ ਤਿਨ ਪਾਨਾ[5]। ਜ਼ਰ ਖਰੀਦ ਕੇ ਪਟੇ ਲਿਖਾਏ। ਲੇ ਸਤਿ-ਗੁਰ ਨਿਜ ਨਿਕਟਿ ਰਖਾਏ॥੨੩॥ਰੁਚਿਰ ਮਹੂਰਤ* ਮਹਿਂ ਕਰਿ ਤ੍ਯਾਰੀ। ਗਨ ਕਾਰੀਗਰ ਲੀਨਿ ਹਕਾਰੀ। ਬ੍ਰਿੰਦ ਮਜੂਰਨਿ ਦੇ ਧਨ ਆਨੇ। ਲੇ ਸਭਿ ਅਪਨੇ ਸੰਗ ਪਯਾਨੇ[6] ॥ ੨੪ ॥ ਸਭ ਤਰਕੀਬ ਆਪ ਉਪਦੇਸ਼ੀ। ਸਦਨ ਆਦਿ ਕੀ ਨੀਂਵ ਵਿਸ਼ੇਸ਼ੀ। ਥਾਨ ਅਜੀਤ ਜਾਨਿ ਪੁਰਿ ਕੀਨਾ[7]।

[1]ਸ੍ਰੇਸ਼ਟ। [2]ਇਥੇ ਉਸ ਟਿੱਲੇ ਤੋਂ ਮੁਰਾਦ ਹੈ, ਜਿਸਨੂੰ ਹੁਣ ਨੈਣਾਂ ਦੇਵੀ ਕਹਿੰਦੇ ਹਨ। ਤਦੋਂ 'ਥਾਨ' ਇਥੇ ਕੋਈ ਨਹੀਂ ਸੀ। [3]ਪਹਾੜ ਦੇ ਕੋਲ (ਕੀਰਤਪੁਰ)। [4]ਜ਼ਮੀਨ ਮੁੱਲ ਲੈਣੀ ਚਾਹੁੰਦੇ ਹਨ। [5]ਤਿਨ੍ਹਾਂ ਦੇ ਹੱਥ। [6](ਕਾਰੀਗਰ) ਲੈਕੇ (ਮਜੂਰ) ਚੱਲੇ। [7]ਅਜੀਤ ਥਾਨ ਜਾਣਕੇ ਨਗਰ ਵਸਾਵਣਾ ਅਰੰਭਿਆ। *ਦੇਖੋ ਰਾਸ ੩ ਅੰਸੂ ੬੭ ਅੰਕ ੪੭ ਦੀ ਤੁਕ।

ਥਿਤੀ ਮਹੂਰਤ* ਮਹਿ ਚਿਤ ਚੀਨਾ[1] ॥ ੨੫ ॥ ਟਕ ਲਗਾਇ ਗੁਰ ਪ੍ਰਥਮ ਮਨਾਏ[2]। ਦਾਸਨਿ ਤੇ ਪਕਵਾਨ ਅਨਾਏ। ਸਰਬ ਪ੍ਰਕਾਰ ਕੀਨਿ ਗਨ ਮੰਗਲ। ਜਿਨ ਦਰਸ਼ਨ ਤੇ ਮਿਟਹਿਂ ਅਮੰਗਲ॥੨੬॥ਕਾਰੀਗਰ ਲਗਾਇ ਗਨ ਦਏ। ਸਦਨ ਉਸਾਰਨਿ ਲਾਗਤਿ ਭਏ। ਬਸਨਹਾਰ ਗਨ ਲੋਕ ਬੁਲਾਏ। ਦਾਨ ਮਾਨ ਕਰਿ ਸੇ ਹਰਖਾਏ ॥ ੨੭ ॥ ਨਿਕਟਿ ਕਿ ਦੂਰ ਸੁਨਯੋ ਸਭਿਹੂੰਨਿ। 'ਗੁਰ ਪੁਰਿ ਬਸਨਿ ਲਗ੍ਯੋ ਬਿਚ ਦੂੰਨ[3]'। ਕੇਤਿਕ ਧਨਕ ਆਇ ਕਰਿ ਮਿਲੇ । ਬਨਜ ਹੇਤੁ ਹਾਟਨਿ ਕਰਿ ਭਲੇ ॥ ੨੮ ॥ ਕਿਤਿਕ ਮਿਹਨਤੀ ਮਾਨਵ ਆਏ।–ਚਲਹਿ ਜੀਵਕਾ–ਮਨ ਲਖਿ ਪਾਏ। ਅਪਨੇ ਸਦਨ ਉਸਾਰਨਿ ਚਹੇ। ਸੁਤ ਬਨਿਤਾ ਲੇ ਕਰਿ ਤਹਿਂ ਰਹੇ॥੨੯॥ ਕੇਤਿਕ ਦੁਆਬੇ ਆਦਿਕ ਦੇਸ਼। ਬਸਨਹਾਰ ਮਿਲਿ ਗੁਰੂ ਵਿਸ਼ੇਸ਼। ਕਿਤਿਕ ਪਹਾਰਨਿ ਕੀ ਜਹਿਂ ਦੂਨ। ਗੁਰ ਪੁਰਿ ਬਸਨਿ ਜਾਨਿ ਸਭਿਹੂਨਿ॥ ੩੦ ॥ ਸੁਤ ਬਨਿਤਾਦਿਕ ਲਿਏ ਕੁਟੰਬ । ਬਸਯੋ ਚਹਤਿ ਭੇ ਗੁਰੂ ਅਲੰਬ। ਮਿਲਹਿਂ ਮਸੰਦਨਿ ਕੇ ਸੰਗਿ ਜਾਇ। ਚਹਤਿ ਵਸਤੁ ਕੋ ਜਾਚਤਿ ਪਾਇ ॥ ੩੧ ॥ ਹੁਕਮ ਕਿਯੋ ਸ਼੍ਰੀ ਤੇਗਬਹਾਦਰ।'ਜੋ ਮੰਗਹਿ ਕੁਛ, ਦੀਜਹਿ ਸਾਦਰ।' ਘਨੀ ਕਰੀ ਸਹਾਇ ਮਸੰਦ। ਕਾਸ਼ਟ ਆਦਿਕ ਦੇਤਿ ਬਿਲੰਦ ॥ ੩੨ ॥ ਕੇਤਿਕ ਚਿਨਹਿਂ ਚਿਨਾਵਹਿਂ ਕੋਈ। ਲੇ ਕੁਟੰਬ ਬਾਸੇ ਤਹਿਂ ਤੋਈ। ਚਿਨੀ ਦੁਕਾਨ ਬਜ਼ਾਰ ਬਨਾਯੋ । ਲੇ ਵਸਤੁਨਿ ਬਿਵਹਾਰ ਚਲਾਯੋ ॥ ੩੩ ॥ ਸੰਗਤਿ ਆਵਤਿ ਦੇਸ਼ ਬਿਦੇਸ਼। ਸੌਦਾ ਹੋਵਨਿ ਲਗ੍ਯੋ ਬਿਸ਼ੇਸ਼। ਚਾਵਰ, ਚੂਨ, ਦਾਰ ਤੇ ਆਦਿ। ਸਭਿ ਬਨਜਹਿਂ ਹਿਤ ਭੋਜਨ ਸਾਦਿ ॥੩੪॥ ਇਸ ਬਿਧਿ ਕਿਤਿਕ ਬਸੇ ਤਹਿਂ ਆਨਿ । ਮਿਹਨਤ ਮਾਨਵ ਠਾਨਿ ਮਹਾਨ। ਲੇਤਿ ਮਜੂਰੀ ਜੋ ਜਿਸ ਕਰਿ ਹੀ। ਅਪਨਿ ਜੀਵਕਾ ਸਭਿ ਅਨੁਸਰਹੀ[4] ॥ ੩੫ ॥ ਪ੍ਰਥਮ ਸਭਿਨਿ ਕੋ ਜੋ ਜਿਸ ਲਾਇਕ। ਦੇਤਿ ਭਏ ਗੁਰ ਸਭਿ ਸੁਖਦਾਇਕ। ਪ੍ਰਥਮ ਗੁਰਨਿ ਜਿਮ ਨਗਰ ਬਸਾਏ। ਤਿਮ ਹੀ ਹੋਤਿ ਭਯੋ ਸਮੁਦਾਏ[5] ॥ ੩੬ ॥ ਪੁਨ ਸਤਿਗੁਰ ਨਿਜ ਧਾਮਨਿ ਕੇਰੀ। ਨੀਵੀ ਨੀਵ ਖੁਦਾਇ ਘਨੇਰੀ। ਖਰੇ ਹੋਇ ਕਰਿ ਜੁਗਤਿ ਬਤਾਈ। 'ਇਮ ਚਿਨੀਯਹਿ

[1]ਥਿੱਤ ਦੇ ਮਹੂਰਤ ਚਿੱਤ ਵਿਚ ਜਾਣ ਕੇ। [2]ਪਹਿਲੇ (ਅੱਠੇ) ਗੁਰੂ ਸਿਮਰੇ । [3](ਪਹਾੜ ਦੀ) ਦੂਣ ਵਿੱਚ। [4]ਅਪਣੀ ਜੀਵਕਾ ਸਾਰੇ ਚਲਾਉਂਦੇ ਹਨ, [ਸੰਸ:, ਅਨੁਸਰਣ। ਅਨੁ ਸ੍ਰੀ]। [5]ਤਿਵੇਂ ਹੀ (ਇੱਥੇ ਬੀ ਲੋਕਾਂ ਦਾ) ਇਕੱਠ ਹੋਇਆ। *ਦੇਖੋ ਰਾਸ ੩ ਅੰਸੂ ੬੭ ਅੰਕ ੪੭ ਦੀ ਟੂਕ।

ਨਿਕੇਤ ਸੁਖਦਾਈ' ॥ ੩੭ ॥ ਸੁਨਿ ਕਾਰੀਗਰ ਲਗੇ ਉਸਾਰਨਿ। ਸੁੰਦਰ ਘਰ ਸਮੇਤ ਬਿਸਤਾਰਨਿ। ਇਕ ਧ੍ਰਮਸਾਲਾ ਬਡੀ ਬਨਾਈ। ਜਿਸ ਮਹਿਂ ਸੰਗਤਿ ਉਤਰਹਿ ਆਈ ॥ ੩੮ ॥ ਰਾਖੇ ਦਰ ਅਨੇਕ ਚਹੁੰ ਓਰ। ਗ੍ਰੀਖਮ ਮਹਿਂ ਸਮੀਰ[1] ਕੀ ਲੌਰ। ਇਕ ਦਰ ਕੇ ਕੇਤਿਕ ਬਨਵਾਏ[2]। ਇਸ ਪ੍ਰਕਾਰ ਪੁਰਿ ਗੁਰੂ ਬਸਾਏ ॥ ੩੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਅਨੰਦ ਪੁਰ ਬਸਾਵਨਿ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥ ੨੮ ॥

## ੨੯. [ਮਾਖੋ ਦੈਂਤ]।

ਦੋਹਰਾ ॥ ਸਤਿਗੁਰ ਰਿਦੈ ਬਿਚਾਰਿ ਕਰਿ ਪਿਖਿ ਪੁਰਿ ਕੀ ਦਿਸ਼ਿ ਦੌਨ[3]। ਹੁਤੇ ਮਸੰਦਨਿ ਸਹਿਤ ਥਿਤ, ਚਢਿ ਕਰਿ ਊਚੇ ਭੌਨ ॥ ੧ ॥ ਚੌਪਈ ॥ [4]ਇਕ ਦਿਸ਼ਿ ਧਾਰ ਫੈਲ ਜੁਤਿ ਸੈਲ। ਹਰਿਤ ਤਰੋਵਰੁ ਸੁੰਦਰ ਸੈਲ[4]। ਦਿਖੀਅਤਿ ਗਿਰਵਰ ਤੁੰਗ ਨਜੀਕਾ। ਜਹਾਂ ਬਾਸ ਸ੍ਰੀ ਦੇਵੀ ਜੀ ਕਾ* ॥ ੨ ॥ ਦੁਤਿਯ ਦਿਸ਼ਾ ਦ੍ਰਿਗ ਫੇਰਤਿ ਹੇਰਾ। ਸਤੁੱਦ੍ਰਵ ਕੇਰ ਪ੍ਰਵਾਹ ਬਡੇਰਾ। ਹੋਤਿ ਅਨੰਦ ਪਿਖੇ ਅਭਿਰਾਮੂ। ਯਾਂਤੇ ਧਰਿ ਅਨੰਦਪੁਰਿ ਨਾਮੂ ॥ ੩॥ ਜਿਸ ਦਿਨ ਧਰਯੋ ਸੁ ਨਾਮ ਗੁਸਾਈਂ। ਤਿਸ ਤੇ ਨਿਸਾ ਭਈ ਜਬਿ ਆਈ। ਖਾਨ ਪਾਨ ਕਰਿ ਪੌਢਨਿ ਕੀਨਾ। ਤਿਮਰ ਦਸੋ ਦਿਸ਼ਿ ਛਾਯੋ ਪੀਨ॥੪॥ਤਬਿ ਇਕ ਦਾਨਵ ਆਵਨਿ ਚਹਯੋ। ਬਹੁ ਦੁਰਗੰਧਤਿ ਬਾਯੂ ਬਹਯੋ। ਜਬਿ ਬਦਬੋਇ ਗੁਰੂ ਕੋ ਆਈ। ਮੁਖ ਤੇ ਬਸਨ ਠਾਨਿ[5] ਸਹਿਸਾਈ ॥ ੫॥ ਕਰਯੋ ਬਿਲੋਕਨਿ ਜਿਸ ਦਿਸ਼ਿ ਪੌਰ।ਦਾਰੁਨ ਬੇਖ ਖਰਯੋ ਤਿਸ ਠੌਰ।ਮਹਾਂ ਭਯਾਨਕ ਰੂਪ ਦਿਖਾਵਾ। ਜਿਹ ਕੇ ਪਿਖੇ ਤ੍ਰਾਸ ਨਰ ਪਾਵਾ ॥ ੬॥ ਸੀਸ ਮਹਾਂਨ ਬਿਖਾਨ ਖਰੇ ਖਰ[6]। ਲਾਲ ਬਿਸਾਲ ਕਰਾਲ ਬਾਲ ਧਰਿ[7]। ਓਠਨਿ ਕੋ ਚਾਟਤਿ ਬਡ ਜੀਹਾ[8]। ਰਕਤ ਬਿਲੋਚਨ ਦਾਰੁਨ ਦੀਹਾ[9] ॥ ੭ ॥ ਸ਼ਮਸ ਬਾਲ ਭੀ[10] ਲਾਲ

[1]ਠੰਢੀਹਵਾ। [2]ਇਕ ਦਰਵਾਜ਼ੇ ਵਾਲੇ ਭੀ ਕਈ (ਮੰਦਰ)ਬਣਵਾਏ। [3]ਪੁਰ ਦੀ ਦੋਹਾਂ ਤਰਫਾਂ ਵੱਲ ਦੇਖਿਆ। [4]ਇਕ ਪਾਸੇ ਪਹਾੜ ਸ੍ਰੇਣੀ ਪੱਥਰਾਂ ਸਣੇ ਫੈਲ ਰਹੀ ਹੈ (ਉਪਰ ਉਸਦੇ)-ਹਰੇ ਬਿੱਛਾਂ ਦਾ ਸੁਹਣਾ ਨਜ਼ਾਰਾ ਹੈ। [ਧਾਰ=ਪਾਣੀ ਦੀ ਰੌਅ। ਇਕ ਪਹਾੜੀ ਸ਼੍ਰੇਣੀ ਨੂੰ ਦੂਜੀ ਪਹਾੜ ਸ਼੍ਰੇਣੀ ਤੋਂ ਪਾਣੀ ਦੀ ਰੌਅ ਹੀ ਨਿਖੇੜਦੀ ਹੈ, ਇਸ ਕਰਕੇ ਪਹਾੜ ਸ਼੍ਰੇਣੀ ਦਾ ਨਾਉਂ ਧਾਰ ਪੈ ਗਿਆ ਹੈ]। [5]ਪੱਲਾ ਲੈ ਕੇ। [6]ਸਿੰਗ ਬੜੇ ਤਿੱਖੇ। [7](ਸਿਰ ਉੱਤੇ) ਬੜੇ ਭਿਆਨਕ ਲਾਲ ਵਾਲ ਧਾਰੇ ਹੋਏ ਹਨ। [8]ਜ਼ਬਾਨ। [9]ਬੜੇ ਭਿਆਨਕ। [10]ਦਾੜ੍ਹੀ ਦੇ ਵਾਲ ਬੀ। *ਇਹ ਗੱਲ ਗੁਰੂ ਜੀ ਪਰ ਕੋਈ ਅਸਰ ਨਹੀਂ ਰੱਖਦੀ ਸੀ, ਜਦਕਿ ਛੇਵੀਂ ਪਾਤਸ਼ਾਹੀ ਦੇ ਸਮੇਂ ਦੇ ਹਾਲ ਦਬਿਸਤਾਨ ਮਜ਼ਾਹਬ ਵਾਲੇ ਨੇ ਲਿੱਖੇ ਹਨ ਤੇ ਦੱਸਿਆ ਹੈ ਕਿ ਕੀਕੂੰ ਸਿਖ ਦੇਵੀ ਪੂਜਨ ਨੂੰ ਮਖੌਲ ਨਾਲ ਦੇਖਦੇ ਸਨ। ਤੇ ਕਵੀ ਜੀ ਐਉਂ ਲਿਖ ਰਹੇ ਹਨ ਜਿਵੇਂ ਓਥੇ ਮੰਦਰ ਸੀ ਜੋ ਵਾਸਤਵ ਵਿੱਚ ਕੋਈ ਨਹੀਂ ਸੀ।

ਬਡੇਰੇ। ਗਰ ਮਹਿਂ ਕਰ ਮਹਿਂ ਹਾਡ ਘਨੇਰੇ। ਕਾਰੋ ਰੰਗ ਅੰਗ ਸਭਿ ਕੇਰਾ। ਬੂਲ ਉਦਰ ਅਰੁ ਧਮਨੀ ਹੇਰਾ[1] ॥ ੮ ॥ ਹਾਥਨਿ ਮਹਿਂ ਨਰ ਮੁੰਡ ਬਜਾਵਹਿ। ਕ੍ਰੂਰ ਦ੍ਰਿਸ਼ਟਿ ਤੇ ਗਰਜਨਿ ਡਰਾਵਹਿ। 'ਅਬਿ ਹਮ ਖੈ ਹੈਂ 'ਤ੍ਰਿਧ ਸ਼ਿਰਅਲਹੈਂ'ਤ੍ਰਿਪਤਹਿਂ ਰਕਤ ਬਿੰਦ ਜਬਿ ਲਹੈਂ[2]* ॥੯॥ ਨਿਜ ਪੁਰਿ ਹਮਰੇ ਥਾਨ ਬਸਾਯੋ[3]। ਤਨਕ ਨਹੀਂ ਉਰ ਮੈਂ ਡਰਪਾਯੋ'। ਇਮ ਬੋਲਤਿ ਕੋ ਸੁਨਿ ਰਿਸ ਧਰਿਕੈ। ਧਨੁਖ ਧਰਨੋ ਦ੍ਰਿਗ ਗੁਰੂ ਗਹਿ ਕਰਿਕੈ॥੧੦॥ਤੀਖਨ ਭੀਖਨ ਸੰਧਨੋ[4] ਬਾਨ। ਜਬਿ ਖੈਂਚਨੋ ਕਰਿ ਬਾਹੁਨਿ ਤਾਨਿ[5]। ਲਖਨੋ[6] -ਪ੍ਰਤਾਪ ਸ਼ਕਤਿ ਮੈਂ ਮਹਾਂ। ਮੋ ਕਹੁ ਪਿਖਿ ਸਧੀਰ ਥਿਰ ਇਹਾਂ[7] ॥ ੧੧ ॥ ਐਸੀ ਹੋਇ ਨ, ਸਰ ਕੋ ਛੋਰਹਿਂ। ਅਜ਼ਮਤ ਬਲ ਤੇ ਮੁਰ ਉਰ ਫੋਰਹਿਂ-। ਤ੍ਰਸਤਿ ਹੋਇ ਕਰਿ ਤਬਿ ਘਿਘਿਆਯੋ।ਕਰੇ ਕੋਪ ਗੁਰਬਾਕ ਅਲਾਯੋ॥੧੨॥ 'ਖਰੋ ਹੋਹੁ ਤੁਝ ਜਾਨਿ ਨ ਦੈਹੈਂ। ਏਕ ਬਾਨ ਤੇ ਪ੍ਰਾਨਹਿ ਘੈਹੈਂ। ਹਿਲਨੋ ਡਰਾਵਨਿ ਅਪਰ ਨਰਨਿ ਕੋ। ਛਿਨ ਮੈਂ ਕਰਹਿਂ ਨਾਸ ਤੁਵ ਤਨ ਕੋ॥੧੩॥ ਫੇਰ ਨ ਫੇਰਾ ਕਰਹਿਂ, ਨ ਹੇਰੈਂ।ਸਹਿਤ ਕੁਟੰਬ ਹਤਹਿਂ ਇਸ ਬੇਰੈ। ਨਾਂਹਿ ਤ ਕਹੁ ਅਪਨੋ ਬਿਰਤਾਂਤ। ਥਾਉਂ ਨਾਉਂ ਕੀਜਹਿ ਬੱਖਯਾਤ' ॥੧੪॥ ਸੁਨਿ ਕਰ ਜੋਰਿ ਨਿਹੋਰਨਿ ਕਰਤਾ।ਸਨਮੁਖ ਹੁਇਕਰਿ ਅਸੁਰ[8]† ਉਚਰਿਤਾ:- 'ਮਾਖੋ ਨਾਮ ਜਾਨੀਅਹਿ ਮੇਰਾ। ਇਸ ਪੀਪਰ ਤਰੁ ਪਰ ਨਿਤ ਡੇਰਾ॥੧੫॥ ਚਿਰੰਕਾਲ ਕੋ ਬਾਸ ਹਮਾਰੋ। ਨਿਜੁ ਕੁਟੰਬ ਜੁਤਿ ਰਹਤਿ ਸੁਖਾਰੋ। ਛੀਨ ਲੀਨਿ ਤੁਮ ਕੀਨਿ ਬਸੇਰਾ।ਚਹੋ ਬਸਾਵਨਿ ਨਗਰ ਬਡੇਰਾ ॥ ੧੬ ॥ ਰਹਨੋ ਨ ਜਾਇ ਸਮੀਪ ਤੁਮਾਰੇ। ਕਰਹੁ ਕੀਰਤਨ ਊਚ ਉਚਾਰੇ। ਪਢਹਿਂ ਸਿੱਖ ਊਚੇ ਗੁਰੁ ਬਾਨੀ। ਹਮਰੀ ਕੁਲ ਕੋ ਇਹ ਦੁਖਦਾਨੀ ॥੧੭॥ ਭੱਛਨ ਸਗਲ ਦੋਸ਼ ਕੀ ਹੋਈ। ਕਛੂ ਨ ਭੱਛਨ ਦੇਂ ਹਮ ਜੋਈ[9]। ਸ਼ਬਦ ਪਢਤਿ ਜਹਿਂ ਲਗਿ ਸਿਖ ਫਿਰੈਂ। ਤਿਸ ਦਿਸ਼ਿ ਮਹਿਂ ਡਰ ਕਰਿ ਨਹਿਂ ਬਰੈਂ॥੧੮॥ ਅਪਰ ਥਾਨ ਕਿਤ ਨਗਰ ਬਸਾਵਹੁ। ਹਮਰੋ ਬਾਸਾ ਇਹਾਂ ਬਚਾਵਹੁ।

---

[1]ਨਾੜੀਆਂ ਦਿੱਸਦੀਆਂ। [2]ਬਹੁਤਾ ਲਹੂ ਜਦ ਲਵਾਂਗੇ ਤਾਂ ਰੱਜਾਂਗੇ। [3]ਸਾਡੇ ਵੱਸਣੇ ਦੀ ਜਗਾ ਵਿਚ ਅਪਣਾ ਨਗਰ ਵਸਾਇਆ ਹੈ। [4]ਜੋੜਿਆ। [5]ਭੁਜਾਂ ਦੇ ਬਲ ਕਰਕੇ। [6](ਰਾਖਸ਼ ਨੇ) ਜਾਣਿਆ। [7]ਮੈਨੂੰ ਵੇਖ ਕੇ ਸਹਿਤ ਧੀਰਜ ਦੇ ਖੜੇ ਰਹੇ ਹਨ ਏਥੇ। [8]ਦੈਂਤ। [9]ਜੋ ਸਾਨੂੰ ਕੋਈ ਵਸਤੂ ਖਾਣ ਨਹੀਂ ਦੇਂਦੇ। (ਅ) ਜੋ (ਅਸੀਂ ਖਾਂਦੇ ਸਾਂ ਹੁਣ) ਕੁਛ ਬੀ ਖਾਣ ਨਹੀਂ ਦੇਣਗੇ, ਕਿਉਂ ? ਉੱਤਰ ਅਗੇ ਪੜ੍ਹੋ 'ਸ਼ਬਦ ਪਢਤ' ਇਤਿਆਦੀ। *ਪਾ:-ਜਲ ਚਹੈਂ। †ਪਾ:-ਐਸੇ।

ਬਰਖ ਸਾਤ ਸੈ ਬੀਤੇ ਮੋਹੀ। ਬਹੁ ਗੁਜ਼ਰਾਨ ਭਲੀ ਬਿਧਿ ਹੋਹੀ ॥ ੧੯ ॥ ਗਿਰ ਕਹਿਲੂਰ ਦੂਨ ਇਹ ਸਾਰੀ। ਬਿਚਰੌਂ ਸਭਿ ਥਲ ਕਰੌਂ ਅਹਾਰੀ। ਭਈ ਚਿੰਤ ਜਬਿ ਕੇ ਤੁਮ ਆਏ। ਛੁਧਤਿ ਰਹਨਿ ਲਾਗੋ ਦੁਖ ਪਾਏ॥੨੦॥ ਇਸ ਕਾਰਨ ਤੇ ਆਯਹੁ ਤੀਰ। ਤੁਮ ਨਹਿਂ ਤ੍ਰਸੇ ਰਹੋ ਧੀਰ ਧਰਿ। ਦੇਖਿ ਬਾਨ ਮਾਰਤਿ ਮਨ ਜਾਨੇ। ਕਰਾਮਾਤ ਜੁਤਿ ਗੁਰੂ ਮਹਾਨੇ ॥ ੨੧ ॥ ਜੋ ਇਮ ਹੋਤਿ ਨ, ਦਤੋ ਮਾਰ[1]। ਕਰਤਿ ਨਗਰ ਕੇ ਨਰਨਿ ਉਜਾਰਿ[2]।ਅਤਿ ਸਮਰਥ ਜੁਤਿ ਜਬਹਿ ਪਛਾਨੇ। ਤਜਿ ਗਿਨਤੀ ਸਭਿ ਬਿਨਤੀ ਠਾਨੇ' ॥ ੨੨ ॥ ਅਸ ਕਹਿ ਖਰੋ ਕੰਪ ਤਨ ਕਰਤਾ।ਸੈਲ ਜੁ ਸੁਰਮੇ ਕੀ ਸਮਸਰਤਾ[3]। ਮਨਹੁ ਸ਼ਯਾਮਘਨ, ਦਾਂਤ ਨਿਕਾਰੇ। ਅਹੈਂ ਬਲਾਕਾ ਬਿਸਦ ਨਿਹਾਰੇਂ[4] ॥ ੨੩॥ਸੁਨਿ ਕਰਿ ਸਤਿਗੁਰੁ ਤੇਗਬਹਾਦੁਰ।ਕ੍ਰੂਰ ਬਾਕ ਤੇ ਕਰਤਿ ਅਨਾਦਰ। 'ਚਲਜੋ ਜਾਹਿ ਅਬਿ ਰਹੋ ਨ ਈਹਾਂ। ਅਪੌਰ ਥਾਨ ਬਸਿਬ ਕਰਿ ਪ੍ਰੀਹਾ[5] ॥ ੨੪ ॥ ਇਸ ਥਲ ਗੁਰ ਕੁਲ ਅਚਲ ਬਸੇਗੀ। ਬਿਘਨ ਅਨੇਕਨਿ ਤੁਰਤ ਨਸੇਗੀ। ਹੁਇ ਹੈ ਰਾਜ ਪ੍ਰਤਾਪ ਹਮਾਰਾ। ਆਵਹਿ ਸੰਗਤਿ ਵਾਰ ਨ ਪਾਰਾ ॥ ੨੫ ॥ ਤੁਮ ਸਮ ਕੀ ਕਿਮ ਹੋਇ ਰਿਹਾਇਸ਼।ਅਬਿ ਚਲਿ ਜਾਹੁ ਮਾਨਿ ਮਮ ਆਇਸੁ। ਅਪਰ ਮਲੇਛਨਿ ਕੇ ਗਨ ਦੇਸ਼। ਤਹਿਂ ਬਸਿ ਕਰਿ ਗੁਜ਼ਰਾਨ ਵਿਸ਼ੇਸ਼ ॥ ੨੬ ॥ ਇਹਾਂ ਜੰਗ ਬਡ ਪਰਹਿਂ ਪਵਾੜੇ। ਦਲ ਜੁਟਹਿਂ ਕਰਿ ਅਧਿਕ ਅਖਾੜੇ। ਤੁਝ ਕੋ ਬਨਹਿ ਗਮਨ ਇਸ ਕਾਲਾ। ਨਤੁ ਸੰਕਟ ਕੋ ਲਹੈਂ ਬਿਸਾਲਾ' ॥ ੨੭ ॥ ਸੁਨਿ ਮਾਖੋ ਤਬਿ ਜੋਰਤਿ ਹਾਥ। 'ਕਰੁਨਾ ਕਰਹੁ ਕੁਛਕ ਗੁਰੁਨਾਥ ! ਮੇਰੋ ਨਾਮ ਕਹੈਂ ਅਰੁ ਸੁਨੈਂ ।ਬਿਦਤੌਂ ਜਗਤ, ਚਾਹਿ ਅਸ ਮਨੈਂ[6]॥੨੮॥ਪੁਰਿ ਮੈਂ ਜਿਮ ਮੇਰੋ ਹੁਇ ਨਾਮੁ।ਕਰਿਬੇ ਉਚਿਤ ਤਥਾ, ਸੁਖ ਧਾਮੁ !'। ਇਮ ਕਹਿ ਬਿਨਤੀ ਕੀਨਿ ਮਹਾਨੀ।ਸੁਨਿ ਕਰਿ ਸਤਿਗੁਰੁ ਕਰੁਨਾ ਠਾਨੀ ॥ ੨੯ ॥ 'ਜਿਤਿਕ ਭੂਪ ਜੁਤਿ ਮਨੁਜ ਪਹਾਰੀ। ਅਰ ਹਿੰਦੂ ਜੋ ਦੇਸ਼ ਮਝਾਰੀ। ਹਮਰੇ ਸਿਖ ਸੇਵਕ ਜੋ ਨਾਂਹੀ। ਅਪਰ ਪੰਥ ਕ ਗਮਨਹਿਂ ਮਾਂਹੀ[7] ॥ ੩੦ ॥ ਸੋ ਸਭਿ ਤੋਹਿ ਨਾਮ ਪਰ ਕਹੈਂ।

---

[1](ਤੁਸੀਂ) ਜੇ ਇਸ ਤਰ੍ਹਾਂ ਦੇ ਨਾ ਹੁੰਦੇ (ਤਾਂ ਮੈਂ) ਮਾਰ ਦੇਂਦਾ । [2]ਉਜਾੜ। [3]ਸੁਰਮੇ ਦੇ ਪਹਾੜ ਵਾਂਙ ਕਾਲਾ। [4]ਬਗਲੇ ਵਤ ਚਿੱਟੇ (ਦੰਦ) ਦਿੱਸਦੇ ਹਨ। [5]ਇੱਛਾ। [6]ਮੇਰੇ ਮਨ ਵਿਚ ਇਹ ਚਾਹ ਹੈ। [7]ਹੋਰ ਪੰਥ (ਭਾਵ ਠਾਕਰ ਪੂਜਾ ਆਦਿ) ਵਿਚ ਚੱਲਣੇ ਵਾਲੇ।

ਮਾਖੋਵਾਲ ਅਨੰਦਪੁਰਿ ਲਹੈਂ । ਇਮ ਸੰਗਯਾ ਇਸ ਪੁਰਿ ਕੀ ਹੋਇ। ਨਰ ਨਾਰੀ ਭਾਖਹਿਂ ਸਭਿ ਕੋਇ ॥ ੩੧ ॥ ਬਿਦਤਹਿ ਜਗਤ ਵਿਖੈ ਤੁਵ ਨਾਮ। ਬਸਹਿ ਨਗਰ ਇਸ਼ ਥਲ ਅਭਿਰਾਮੁ'। ਸੁਨਤਿ ਬਾਕ ਕੋ ਜਿਮ ਗੁਰ ਭਾਖਯੋ। ਹਰਖਤਿ ਹੁਇ ਮਾਖੋ ਨਹਿਂ ਮਾਖਯੋ[1]॥੩੨॥ ਬੂਝਨਿ ਲਗਯੋ 'ਦੇਸ਼ ਅਬਿ ਕੌਨ ? ਬਸੌਂ ਜਾਇ ਕਰਿ ਕੈ ਨਿਜ ਭੌਨ। ਆਪ ਬਤਾਵਹੁ ਸੋ ਇਸ-ਥਾਨਾ। ਕਰਿ ਬੰਦਨ ਪਦ ਠਾਨਿ ਸੁ ਪਯਾਨਾ[2]'॥੩੩॥ਤਬਿ ਸਤਿਗੁਰ ਹਿਤ ਤਾਂਹਿ ਬਿਚਾਰਾ। ਲਖਯੋ ਭਵਿੱਖਯਤ ਜੋ ਹੁਇ ਸਾਰਾ। ਕਹਯੋ ਬਾਕ ਮਾਖੋ ਸੰਗ ਫੇਰ। 'ਬਸਯੋ ਚਹੈਂ ਜੇ ਕਾਲ ਬਡੇਰ॥੩੪॥ਬਿਨ ਚਿੰਤਾ ਚਿਤ ਸਹਿਤ ਕੁਟੰਬ। ਬ੍ਰਿੱਧ ਜੀਵਕਾ ਧਾਰਿ ਅਲੰਬ[3]। ਦੇਸ਼ਬਾਵਨੀ ਤੁਰਕਨਿ ਕੇਰੀ[4]। ਬਾਸਹਿ ਪੁਰੀ ਸਿਰੰਦ ਬਡੇਰੀ॥੩੫॥ਤਹਾਂ ਜਾਇ ਸੁਖ ਸਾਥ ਬਸੀਜਹਿ।ਗਨ ਗ੍ਰਾਮਨਿ ਮਹਿਂ ਜੀਵਾ ਕੀਜਹਿ। ਸੂਕੇ ਹਰੇ ਖੇਤ ਹੈਂ ਜੇਊ।ਸਭਿਕੀ ਲੇਹੁ ਭੱਛ ਕਰਿ ਤੇਊ॥੩੬॥ਆਛੋ ਦੇਸ਼ ਕਰਹਿਂ ਗੁਜ਼ਰਾਨਾ।ਸੁਨਹੁ ਤੋਰ ਹਿਤ ਕੀਨਿ ਬਖਾਨਾ।ਪ੍ਰਥਮੈ ਬਾਸ ਹੋਇ ਤਹਿਂ ਤੋਰਾ।ਕਿਤਿਕ ਕਾਲ ਬੀਤਹਿ ਲਿਹੁ ਹੇਰਾ ॥੩੭॥ਤਹਿਂ ਆਵਹਿ ਬਹੁ ਜਾਤਿ ਤਿਹਾਰੀ।ਬਸਹਿ ਬਠਿੰਡੇ ਕੇ ਜੁ ਮਝਾਰੀ। ਏਕ ਆਖ ਜਿਸ ਕੀ ਬਲਵੰਤਾ।ਸੋ ਸੰਮਤ ਕੋ ਬਾਸ ਕਰੰਤਾ ॥੩੮॥ਤਿਸਹਿ ਦੁਰਗ ਤੇ ਦੇਹਿਂ ਨਿਕਾਸੀ[5]। ਕਰਹਿਂ ਪਠਾਵਨਿ ਸੋ ਤੁਝ ਪਾਸੀ। ਬਡ ਕੁਟੰਬ ਕੋ ਲੇ ਕਰਿ ਆਵਹਿ । ਬੀਚ ਸਿਰੰਦ ਬਸਹਿ ਸੁਖ ਪਾਵਹਿ ॥੩੯॥ ਤਿਸ ਕੇ ਸੰਗ ਮੇਲ ਕਰਿ ਰਹੋ। ਸਭਿ ਕੇ ਸਹਿਤ ਬਸਹੁ ਸੁਖ ਲਹੋ'।ਇਮ ਕ੍ਰਿਪਾਲ ਜਬਿ ਥਾਨ ਬਤਾਯਹੁ। ਬੰਦਨ ਠਾਨਿ ਰਿਦੇ ਹਰਖਾਯਹੁ ॥ ੪੦ ॥ ਲੇ ਕਰਿ ਨਿਜ ਕੁਟੰਬ ਕੋ ਸਾਥ। ਸਿਰ ਪਰ ਆਇਸੁ ਮਾਨੀ ਨਾਥ। ਗਯੋ ਸਿਰੰਦ ਬਿਖੈ ਜਹਿ ਬਾਗ। ਬਡੇ ਬ੍ਰਿਛਨਿ ਕਹੁ ਕਰਿ ਅਨੁਰਾਗ ॥ ੪੧ ॥ ਬਸਯੋ ਭਲੇ ਨਿਜ ਜੀਵਾ ਕਰੈ। ਖੇਤਨਿ ਕੀ ਸ਼ੈ ਸਭਿ ਕੀ ਹਰੈ[6]। ਬਾਢਿ ਬਟੋਰਹਿ ਗਾਹਿ ਬਨਾਵਹਿਂ[7]। ਆਨਹਿਂ ਧਰਹਿਂ ਕਿ[8] ਪੀਸਿ ਪਕਾਵਹਿਂ ॥ ੪੨ ॥ ਸਤਿਗੁਰੂ ਹਰਿ ਪਰਮੇਸ਼ੁਰ ਨਾਮੁ।ਕਰਹਿਂ ਨ, ਕ੍ਰਿੱਤ ਕਰਹਿ ਸਭਿ

---

[1](ਫਿਰ) ਗੁੱਸਾ ਨਹੀਂ ਕੀਤਾ। [2]ਚੱਲਣਾ ਕਰਾਂ। [3]ਭਾਰੀ ਜੀਵਕਾ ਦਾ ਆਸਰਾ ਧਾਰਕੇ । [4]ਤੁਰਕਾਂ ਦਾ ਬਵੰਜਾ (ਪਿੰਡਾਂ ਵਾਲਾ) ਦੇਸ਼। [5](ਅਸੀਂ) ਤਿਸ ਨੂੰ ਕਿਲ੍ਹੇ ਤੋਂ ਕੱਢ ਦਿਆਂਗੇ। [6]ਖੇਤਾਂ ਦੀ ਸ਼ੈ ਸਭ ਕਿਸੇ ਦੀ ਲੈ ਜਾਵੇ। (ਅ) ਸ਼ੈ=ਤੱਤ, ਸਾਰ, ਹਿੱਸਾ। [7](ਜਦੋਂ ) ਵੱਢਕੇ ਇਕੱਠੇ ਕਰਕੇ ਗਾਹ ਬਨਾਉਂਦੇ ਹਨ ( ਲੋਕ )। [8]ਲਿਆਕੇ ਰੱਖਣ ਯਾ.....।

ਧਾਮੂ[੧]। ਤਿਨ ਤੇ ਵਹਿਰ ਕਿ ਘਰ ਮਹਿਂ ਹੋਇ[੨]। ਸ਼ੈ ਅਨਾਜ ਕੀ ਕਾਢਹਿ ਸੋਇ[੩] ॥ ੪੩ ॥ ਕਹੂੰ ਚੁਥਾਈ ਕਹੂੰ ਤਿਹਾਈ। ਕਿਤ ਤੇ ਅਰਧ ਲੇਤਿ ਸੋ ਖਾਈ।ਅਚਵਨਿ ਲਗ[੪] ਜੁ ਹਰਿ ਗੁਰ ਨਾਮੂ।ਸਿਮਰਹਿਂ,ਨਹਿਂ ਪ੍ਰਵਿਸ਼ੈ ਤਿਸ ਧਾਮੂ ॥੪੪॥ ਇਮ ਮਾਖੋ* ਜਬਿ ਗੁਰੂ ਨਿਕਾਰਾ। ਸੁਪਤਿ ਜਥਾ ਸੁਖ ਭਈ ਸਕਾਰਾ[੫]। ਸੌਚ ਸ਼ਨਾਨ ਕੀਨਿ ਪ੍ਰਭੁ ਬੈਸੇ। ਪੁਰਿ ਕੀ ਕਾਰ ਕਰਾਵਹਿਂ ਤੈਸੇ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮਾਖੇ ਨਿਕਾਸਨਿ' ਪ੍ਰਸੰਗ ਬਰਨਨੰ ਨਾਮ ਊਨ ਤ੍ਰਿੰਸਤੀ ਅੰਸੂ ॥ ੨੯ ॥

### ੩੦. [ਇਕ ਪੀਰ ਦਾ ਸੰਸਾ ਦੂਰ ਕੀਤਾ]।

ਦੋਹਰਾ ॥ ਸ੍ਰੀ ਗੁਰ ਹਰਿ ਗੋਬਿੰਦ ਕੇ ਨੰਦਨ ਬੰਦਨ ਜੋਗ। ਤੇਗ ਬਹਾਦਰ ਧਰਮ ਧੁਰ ਸਦਾ ਰਹੈਂ ਬ੍ਰਿਤਿ ਜੋਗ[੬]॥੧॥ਚੌਪਈ॥ਮੰਦਿਰ ਸੁੰਦਰ ਹੇਤ ਕਰਾਵਨਿ। ਸ੍ਰੀ ਗੁਰ ਸ਼ਿਲਪੀ[੭] ਕਰੇ ਅਵਾਹਨਿ[੮]।ਬ੍ਰਿੰਦ ਮਜੂਰ ਬੁਲਾਇ ਲਗਾਏ। ਧਰਮਸਾਲ ਕੋ ਬਨੌਤ ਬਨਾਏ ॥ ੨ ॥ ਦਾਰ[੯] ਬਿਲੰਦ ਸੁਰੰਧਤਿ ਬ੍ਰਿੰਦ। ਨਾਨਾ ਚਿੱਤ੍ਰਤਿ ਬਨ ਅਰਬਿੰਦ। ਸੁਘਰਨ ਘਰਿ ਘਰਿ ਘਰ ਘਰ ਦ੍ਵਾਰਾ[੧੦]।

---

[੧]ਸਾਰੇ ਘਰ ਦੀ।[੨]ਤਿਨ੍ਹਾਂ ਦੇ ਘਰ ਹੋਵੇ ਯਾ ਬਾਹਰ।[੩]ਅਨਾਜ ਦੀ ਸ਼ੈ ਸੋ(ਦੈਂਤ)ਕੱਢ ਲਵੇ।(ਅ) ਸੈ= ਹਿੱਸਾ,ਤੱਤ।[੪]ਛਕਣ ਲੱਗਿਆਂ।[੫]ਸਵੇਰ ਹੋਗਈ।[੬]ਨਾਵੇਂ ਗੁਰੂਜੋ ਧਰਮਦਾ ਆਸਰਾ ਹਨ ਪਰਮਾਤਮਾ ਵਿੱਖੇ ਜੁੜੀ ਬ੍ਰਿਤੀ ਵਿੱਚ ਸਦਾ ਰਹਿੰਦੇ ਹਨ। [੭]ਕਾਰੀਗਰ। [੮]ਬੁਲਾਏ। [੯]ਲੱਕੜੀਆਂ। [੧੦]ਸੁਘੜ ( ਕਾਰੀਗਰਾਂ ਨੇ ) ਘੜ ਘੜ ਕੇ ਘਰਾਂ ਘਰਾਂ ਦੇ ਦਰਵਾਜ਼ੇ ਭਾਵ ਕਾਰਗੀਰਾਂ ਨੇ ਲਕੜੀਆਂ ਘੜ ਤੇ ਚਿੱਤ੍ਰਕਾਰੀ ਵਾਲੀਆਂ ਬਨਾਕੇ ਦਰਾਂ ਦੇ ਬੂਹੇ ਬਨਾਕੇ ਧਰਮਸਾਲ ਸਜਾਈ।

*ਸਤਿਗੁਰਾਂ ਨੇ ਇਕ ਪੁਰਾਤਣ ਉੱਜੜੇ ਨਗਰ ਦੀ ਜੂਹ ਵਿਚ ਅਨੰਦਪੁਰ ਵਸਾਇਆ। ਮਾਖੋ ਵਾਲ ਪੁਰਾਤਨ ਨਾਮ ਸੀ ਜੂਹ ਦਾ। ਹੋ ਸਕਦਾ ਹੈ ਕਿ ਇੱਥੇ ਆਰਯ ਕੁਲ ਦੇ ਆਉਣ ਤੋਂ ਪਹਿਲੋਂ ਅਸਲੀ ਵਸਨੀਕਾਂ ਦਾ ਨਗਰ ਹੋਵੇ ਤੇ ਵਸਾਵਣ ਹਾਰ ਦਾ ਨਾਮ ਮਾਖੋ ਹੋਵੇ, ਕਿਉਂਕਿ ਉਸਨੂੰ ਦੈਂਤ ਲਿਖਯਾ ਹੈ। ਆਰਯ ਕੁਲ ਦੇ ਲੋਕ ਜਦ ਪੰਜਾਬ ਵਿਚ ਆਏ ਦੱਸੀਦੇ ਹਨ ਤਾਂ ਪਹਿਲੇ ਅਸਲੀ ਵਾਸੀ ਜੋ ਕਾਲੇ ਰੰਗ ਦੇ ਸਨ ਉਨ੍ਹਾਂ ਨੂੰ ਦਸ਼ਯੂ ਤੇ ਰਾਖਸ਼ਸ ਸੱਦਿਆ ਕਰਦੇ ਸਨ, ਇਨ੍ਹਾਂ ਦਾ ਦੇਸ਼ ਖੋਹਣ ਤੇ ਮਾਰਨ ਕਰਕੇ ਪਰਸਪਰ ਵੈਰ ਅਤੀ ਸੀ, ਐਸਿਆਂ ਨੂੰ ਮਗਰੋਂ ਦੈਤਜ ਵੀ ਕਿਹਾ ਕਰਦੇ ਸਨ। ਕਸ਼ਜਪ ਦੀ ਦਿੱਤੀ ਤੋਂ ਪੈਦਾ ਹੋਈ ਅਉਲਾਦ ਨੂੰ ਪੁਰਾਣਾਂ ਨੇ ਦੈਂਤ ਦੱਸਿਆ ਹੈ।

ਅਤਿ ਪਾਪੀ ਤੇ ਦੁਰਾਤਮਾ ਲੋਕਾਂ ਦੇ ਰੂਹ ਮਰ ਕੇ ਧਰਤੀ ਪਰ ਹੀ ਆਪਣੀਆਂ ਵਾਸ਼ਨਾਂ, ਤ੍ਰਿਸ਼ਨਾ, ਕੁਕਰਮਾਂ ਦੇ ਅੰਧਕਾਰ ਵਿਚ ਫਿਰਦੇ ਹੁਣ ਪੱਛਮ ਦੇ ਸਪਿਰਚੁਅਲਇਜ਼ਮ ਦੇ ਗਜ਼ਾਤਾ ਪੁਰਸ਼ਾਂ ਨੇ ਵੀ ਮੰਨੇ ਤੇ ਸਹੀ ਕੀਤੇ ਹਨ। ਖਾਸ ਜਗਾਂ ਤੇ ਉਨ੍ਹਾਂ ਦੇ ਵਸੇਬੇ ਬੀ ਮੰਨੇ ਹਨ। ਇਸੀ ਪ੍ਰਕਾਰ ਦੀ ਕੋਈ ਦੁਰਾਤਮਾ ਇਥੇ ਹੋਣੀ ਹੈ। ਇਹ ਆਤਮ ਵਿਦਿਆ ਦਾ ਅਸੂਲ ਹੈ ਕਿ ਪਰਮੇਸ਼ਰ ਦੇ ਨਾਮ ਦੇ ਪ੍ਰਭਾਵ ਅੱਗੇ ਏਹ ਅਬਗਤਿ ਰੂਹਾਂ ਠਹਿਰ ਨਹੀਂ ਸਕਦੀਆਂ।

ਕਰੀ ਸੁਹਾਵਨ ਅਨਿਕ ਪ੍ਰਕਾਰਾ ॥੩॥ ਚਾਰੁ ਚੌਕ ਚੌਕੋਨ ਅਕਾਰ। ਰਚਯੋ ਫਰਸ਼ ਇਤ ਉਤ ਦਰਬਾਰ। ਰੁਤ ਖ਼ਸ਼ਟਨਿ ਮਹਿਂ ਸਭਿ ਸੁਖਦਾਯਕ। ਸੁੰਦਰ ਬਨਯੋਂ ਦੇਖਿਬੇ ਲਾਯਕ ॥੪॥ ਇਕ ਧ੍ਰਮਸਾਲ* ਬਿਦੇਸ਼ਨਿ ਹੇਤੁ[1]। ਇਕ ਰਹਿਬੇ ਹਿਤ ਬਨੇ ਨਿਕੇਤ।ਏਕ ਪੀਰ ਕਿਤ ਗਮਨਤਿ ਜਾਈ। ਥਲ ਅਨੰਦਪੁਰਿ ਪਹੁੰਚਯੋ ਆਈ॥੫॥ਚਿਨਤੀ ਲਗੀ ਦੇਖਿ ਕਰਿ ਸੋਇ।ਰਚਨਾ ਰੁਚਿਰ ਬਜਾਰਨਿ ਜੋਇ।'ਕਿਨਹੁਂ ਕੀਨ ਇਹ?' ਪੂਛਤਿ ਭਇਊ।ਸੁਨਤਿ ਸ਼ਿਲਪੀਯਨਿ ਉਤਰ ਦਇਊ ॥ ੬ ॥ 'ਸ਼੍ਰੀ ਗੁਰ ਹਰਿਗੁਵਿੰਦ ਕੁਲ ਚੰਦੁ। ਤਿਨਕੇ ਤੇਗ ਬਹਾਦਰ ਨੰਦ। ਬੈਠਹਿਂ ਬਿਦਤ ਅਬਹਿ ਗੁਰਗਾਦੀ। ਭਰੇ ਬਿਰਾਗਰਯਾਨ ਅਹਿਲਾਦੀ॥੭॥ਤਿਨਹੁਂ ਕਰਾਏ ਇਹ ਬਰ ਮੰਦਰ।ਬਾਂਛਤਿ ਪੁਰਿ ਬਸਾਇਬੋ ਸੁੰਦਰ'। ਸੁਨਤਿ ਪੀਰ ਨੇ ਤਰਕ ਬਿਚਾਰੀ।-ਕਰਨਿ ਕਹਿਨ ਗੁਰ† ਬਿਖਮ ਨਿਹਾਰੀ[2] ॥੮॥ ਜੇ ਬੈਰਾਗ ਹੋਤਿ ਉਰ ਮਾਂਹੀ।ਇਤੋ ਅਰੰਭ ਕਰਤਿ ਕਿਮ ਨਾਂਹੀ। ਇਕ ਸਰੀਰ ਨਿਰਬਾਹ ਬਿਚਾਰੈਂ। ਜਿਸ ਕਿਸ ਬਿਧਿ ਕਰਿ ਕਾਲ ਗੁਜ਼ਾਰੈਂ ॥੯॥ ਪੁਨ ਹਿੰਦਵਨਿ ਕੋ ਗੁਰੂ ਕਹਾਵੈਂ। ਕਿਮ ਨਿਜ ਸਿੱਖਨਿ ਕੋ ਸੁ ਤਰਾਵੈਂ-। ਇਮ ਮਨ ਠਾਨਿ ਬਖਾਨਯੋ ਧੀਰ[3]। 'ਸ਼ਿਲਪੀ ! ਸੁਨਹੁਂ ਹੋਹੁ ਤੁਮ ਤੀਰ[4] ॥ ੧੦॥ ਗੁਰੂ ਸਮੀਪ ਜਾਇਬੋ ਜਬੈ। ਇਹ ਸੰਦੇਸਾ ਭਾਖਹੁ ਤਬੈ।-ਇਮ ਪ੍ਰਵਿਰਤਿ ਮਹਿਂ ਰਿਦਾ ਤੁਮਾਰੋ। ਗਨ ਸੇਵਕ ਕਿਮ ਪਾਰ ਉਤਾਰੋ?-॥ ੧੧॥ ਏਵ ਪ੍ਰਸ਼ਨ ਕਰਿ ਉੱਤਰ ਲੀਜੋ। ਹਟਿ ਆਵੋਂ ਮੈਂ[5],ਤਬਿ ਤੁਮ ਦੀਜੋ'।ਇਮ ਕਹਿ ਚਲਯੋ ਗਯੋ ਜਿਤ ਜਾਨਾ। ਸ਼ਿਲਪੀ ਕਰੀ ਕਾਰ ਤਿਸ ਥਾਨਾ॥ ੧੨ ॥ ਗੁਰ ਢਿਗ ਸੰਧਯਾ ਕੋ ਉਠਿ ਗਇਊ। ਰਿਦੇ ਸੰਦੇਸਾ ਸਿਮਰਤਿ ਭਇਊ।ਦਰਸਯੋ ਦਰਸ ਬੰਦਨਾ ਠਾਨੀ। ਸਨਮੁਖ ਖਰੋ ਹੁਇ ਗਿਰਾ ਬਖਾਨੀ॥ ੧੩ ॥ 'ਇਕ ਪੀਰ ਤਿਹ ਮਾਰਗ ਜਾਤਿ।ਹਮ ਸੋਂ ਪੂਛਿ ਕਹੀ ਤਿਨ ਬਾਤ।-ਇਮ ਪ੍ਰਬ੍ਰਿਤਿ[6] ਮਹਿਂ ਜਬਿ ਗੁਰ ਹੋਵਾ। ਕਿਮ ਤਰਿਬੋ ਸਿੱਖਨਨਿ ਕੋ ਜੋਵਾ? ॥੧੪॥ ਇਸ ਕੋ ਉੱਤਰ ਗੁਰੁ ਤੇ ਲੀਜੋ। ਹਟਿ ਹਮ ਆਵਹਿਂ ਤਬਿ ਤੁਮ ਦੀਜੋ-। ਜਯੋਂ ਰਾਵਰ ਕੀ ਹੋਇ

---

[1]ਵਿਦੇਸ਼ੀਆਂ ਵਾਸਤੇ। [2]ਗੁਰੂ ਜੀ ਦੇ ਕਰਨੇ ਤੇ ਕਹਿਣੇ ਵਿੱਚ ਫਰਕ ਦੇਖਿਆ ਹੈ। [3]ਧੀਰਜ ਵਾਨ ਯਾ ਸਿਆਣੇ (ਪੀਰ) ਨੇ। [4]ਮੇਰੇ ਕੋਲ ਹੋਕੇ ਤੁਸੀਂ ਸੁਣੋਂ, (ਅ) ਸੁਣੋ, ਤੁਸੀਂ ਗੁਰੂ ਜੀ ਦੇ ਪਾਸ ਰਹਿੰਦੇ ਹੋ। [5](ਜਦ) ਮੈਂ ਮੁੜਕੇ ਆਵਾਂਗਾ। [6]ਪਰਵਿਰਤੀ।

*ਇਥੇ ਇਸਤੋਂ ਮੁਰਾਦ ਗੁਰਦਵਾਰਾ ਨਹੀਂ ਪਰ ਉਤਾਰੇ ਦੇ ਥਾਂ ਦੀ ਹੈ। †ਪਾਃ-ਗੁਨ।

ਰਜਾਇ। ਤਯੋਂ ਆਵਤਿ ਕੋ ਕਹੈਂ ਬਨਾਇ' ॥ ੧੫ ॥ ਸੁਨਿ ਤਿਨ ਤੇ ਸ੍ਰੀ ਗੁਰੁ ਮੁਸਕਾਨੇ। ਕਹਯੋ ਤਬਹਿ'ਇਮ ਕਰਹੁ ਬਖਾਨੇ।–ਹਮਰੇ ਸਾਥ ਚਲੋ ਗੁਰ ਪਾਸ। ਜਿਮ ਪੂਛਹੁ ਤਿਮ ਕਰਹੁ ਪ੍ਰਕਾਸ਼ ॥ ੧੬ ॥ ਉੱਤਰ ਚਹਤਿ ਰੂਬਰੋ[1]ਦੀਏ–। ਇਮ ਕਹਿ ਆਵਹੁ ਤਿਹ ਸੰਗ ਲੀਏ'। ਸੁਨਿ ਸ਼ਿਲਪੀ ਸੋ ਰੈਨ ਗੁਜ਼ਾਰੀ। ਭਈ ਪ੍ਰਾਤਿ ਲਗਿ ਕਰਨਿ ਉਸਾਰੀ ॥ ੧੭ ॥ ਕਰਹਿ ਪ੍ਰਤੀਖਨ[2] ਦੇਖਨਿ ਪੀਰ।–ਲੇ ਕਰਿ ਚਲਵਿ ਸੰਗ ਗੁਰ ਤੀਰ[3]–। ਇਤਨੇ ਮਹਿਂ ਆਯੋ ਚਲਿ ਸੋਇ। ਮਿਲੇ ਪਰਸਪਰ ਹਰਖਤਿ ਹੋਇ ॥ ੧੮ ॥ ਬੂਝਯੋ 'ਮੋਹਿ ਸੰਦੇਸਾ ਦੇਹੁ। ਗੁਰੁ ਸੋਂ ਕਹਯੋ ਕਿ ਨਾਂਹੀ ਏਹੁ ?'। ਸ਼ਿਲਪੀ ਸਾਦ੍ਹ ਸੁਧਿ ਸੁ ਬਤਾਈ। 'ਹੁਕਮ ਭਯੋ ਲਿਹੁ ਦਰਸ਼ਨ ਪਾਈ' ॥ ੧੯ ॥ ਸੁਨਤਿ ਪੀਰ ਨੇ ਰਿਦੇ ਬਿਚਾਰਾ।–ਉੱਤਰ ਉਚਰਹਿਂ ਕੌਨ ਪ੍ਰਕਾਰਾ। ਚਹਿਯ ਸੁਨਯੋਂ, ਮਿਲਿਨੋ ਬਨਿ ਆਵੈ।ਸਿਫਤ ਖ਼ੁਦਾਇ ਪੰਥ ਬਿਦਤਾਵੈਂ॥੨੦॥ਹੋਇ ਗੁਫਤਗੋ[4], ਨੀਕੀ ਅਹੈ। ਮਹਾਂ ਪੁਰਖ ਸੰਗਤਿ ਸੁਖ ਲਹੈ–। ਏਵ ਬਿਚਾ-ਰਤਿ ਗਮਨਯੋ ਸਾਥ। ਜਿਹ ਠਾਂ ਬੈਠੇ ਗੁਰੁ ਜਗ ਨਾਥ ॥ ੨੧ ॥ ਝੁਕਯੋ ਸਲਾਮ ਕੀਨਿ, ਭਾ ਖਰੋ। ਖਰੋ ਭਾਇ[5] ਅੰਤਰ ਉਰ ਭਰੋ। ਆਇਸੁ ਪਾਇ ਅਸੀਨਯੋ ਪੀਰ। ਬੂਝਨਿ ਕੀਨਸਿ ਗੁਰੂ ਗਹੀਰ ॥ ੨੨ ॥ 'ਕੌਨ ਅਹੋ?ਤੁਮ ਕਹਾਂ ਬਸੰਤੋ?ਕਯਾ ਪੂਛਤਿ ਹੋ?ਕਹਹੁ ਮਤੰਤੋ'। ਭਨਯੋ ਪੀਰ ਨੇ 'ਸੱਯਦ ਮੈਂ ਹੋਂ। ਰੋਪਰ ਨਗਰੀ ਬਿਖੈ ਬਸੈ ਹੋਂ ॥੨੩॥ ਹਮਰੇ ਹੁਤੇ ਮੁਰੀਦ ਅਗਾਰੀ। ਤਿਨ ਢਿਗ ਜਾਨਿ ਹੇਤੁ ਉਰ ਧਾਰੀ। ਇਤ ਦਿਸ਼ਿ ਆਵਨਿ ਭਯੋ ਹਮਾਰਾ। ਜਿਸ ਤੇ ਯਾਫਤ[6] ਦਰਸ ਤੁਮਾਰਾ ॥੨੪॥ ਤੁਮ ਹਿੰਦੁਨਿ ਕੇ ਗੁਰੂ ਕਹਾਵਹੁ। ਭਲੋ ਹੋਨਿ ਕੋ ਪੰਥ ਬਤਾਵਹੁ।ਇਹ ਮਹਿਲਾਇਤ[7] ਮਹਾਂ ਉਸਾਰਨਿ।ਨਿਤ ਪ੍ਰਤਿ ਮਮਤਾ ਅਧਿਕ ਬਿਥਾਰਨਿ ॥੨੫॥ ਸੰਤ ਜਨਹੁੰ ਕੈ ਨਾਂਹਿਨ ਨੀਕੀ। ਬਡਤਾ* ਜਗ ਕੀ ਜਾਨਤਿ ਫੀਕੀ। ਹੁਇ ਪ੍ਰਲੋਕ ਮਹਿਂ ਜੋ ਸੁਖਦਾਈ। ਤਿਸ ਆਚਰਹਿਂ,ਤਜਹਿਂ ਚਪਲਾਈ[8]†' ॥੨੬॥ 'ਸੁਨਹੁ ਪੀਰ!' ਗੁਰਬਾਕ ਉਚਾਰਾ। 'ਸਭਿ ਆਸ਼੍ਰਮ ਤੇ ਗ੍ਰਿਹਸਤ ਉਦਾਰਾ।ਅਪਰ ਸਕਲ ਕਹੁ ਇਹ

---

[1]ਸਾਹਮਣੇ। [2]ਉਡੀਕ। [3]ਨਾਲ ਲੈ ਕਰਕੇ ਚੱਲਾਂਗਾ ਗੁਰੂ ਜੀ ਦੇ ਪਾਸ। [4]ਗਲ ਬਾਤ। [5]ਖਰਾ ਪ੍ਰੇਮ। [6]ਪਾਇਆ ਹੈ [ਫ਼ਾ:, ਯਾਫ਼ਤ=ਪਾਇਆ]। [7]ਮੰਦਰ। [8]ਚੰਚਲਤਾ।

*ਪਾ:–ਬਡਹਾ। †ਦੋ ਲਿਖਤੀ ਨੁਸਖਿਆਂ ਵਿਚ ਪਾਠ ਇਉਂ ਹੈ:–'ਤਿਸ ਆਸਚਰਜਹਿ ਤਜਹਿਂ ਪਲਾਈ।'

ਉਪਜੰਤੋ। ਪੁਨ ਸਭਿਹੂੰਨਿ ਅਲੰਬ ਰਹੰਤੋ॥੨੭॥ਜੋ ਗ੍ਰਿਹਸਤ ਤੇ ਉਤਰਹਿ ਪੂਰਾ। ਅੰਤਕਾਲ ਪ੍ਰਾਪਤਿ ਪਦ ਰੂਰਾ। ਪੁੰਨ ਦਾਨ ਕੋ ਕਰਹਿ ਸਰੀਰ। ਸੋ ਗਿਰਹੀ[1] ਗੰਗਾ ਕੋ ਨੀਰ[2]॥੨੮॥ ਜੋ ਜੋ ਥਾਨ ਵਾਨ[3] ਜਿਤ ਹੋਇ। ਹੇਰਿ ਅਤਿਥਿ ਕੌ ਪੂਜਹਿ ਸੋਇ। ਮਹਾਂ ਪੁੰਨ ਫਲ ਹੈ ਇਸ ਕੇਰਾ। ਚਿਰੰਕਾਲ ਸੁਖ ਪਾਇ ਬਡੇਰਾ ॥ ੨੯ ॥ ਇਸੀ ਪੁੰਨ ਕੇ ਫਲ ਚਹਿ ਦੇਖਾ। ਬਸਤ੍ਰ ਅਭਾਵ ਸਰੀਰ ਅਸ਼ੇਖਾ[4]। ਪੇਖਹੁ, ਜਾਨਿ ਲੇਹੁ ਇਸ ਕਾਲ। ਜਿਮ ਇਸ ਤੇ ਸੁਖ ਲਹਿਹਿ ਬਿਸਾਲ'॥੩੦॥ਸੁਨਤਿ ਪੀਰ ਚਿਤ ਚੌਂਕ੍ਰਿਤਿ ਹੋਵਾ। ਦੇਖਨਿ ਚਹਤਿ ਖਰੋ ਤਬਿ ਸੋਵਾ। ਭਯੋ ਸੁਪਨ,ਹੁਇ ਗੁਰ ਕੈ ਸੰਗ। ਬਡੇ ਬੇਗ ਤੇ ਜਾਇ ਉਤੰਗ[5] ॥੩੧॥ ਪਹੁੰਚੇ ਸੁਰਗ ਸੁ ਮੰਦਿਰ ਸੁੰਦਰ।ਭੋਗ ਅਨੰਦ ਮਹਾਂ ਜਿਨ ਅੰਦਰ। ਅਨਿਕ ਭਾਂਤਿ ਕੀ ਰਚਨਾ ਦੇਖੀ। ਪੀਰ ਮਤੀ ਬਿਸਮਾਇ ਬਸ਼ੇਖੀ ॥੩੨॥ਕਿਤਿਕ ਦੂਰ ਗਮਨਤਿ ਨੇ ਹੇਰਾ। ਘਰ ਕੰਚਨ ਕੋ ਜਟਿਤ[6] ਬਡੇਰਾ। ਰੇਸ਼ਮ ਡੋਰ ਬੀਚ ਲਰਕਾਈ। ਜ਼ਰੀ ਦਾਰ ਗੁੰਫ ਛਬਿ ਛਾਈ ॥ ੩੩ ॥ ਰੁਚਿਰ ਪ੍ਰਯੰਕ ਸੁ ਚਾਮੀਕਰ ਕੋ। ਚਹੁੰਦਿਸ਼ ਮੁਕਤਾ ਝਾਲਰ ਬਰ ਕੋ। ਮ੍ਰਿਦੁਲ ਸੇਜ ਪਯ ਫੇਨ[7] ਸਮਾਨਾ।ਆਸਤਰਨ ਸਿਰਾਸਾ ਉਪਧਾਨਾ[8] ॥ ੩੪ ॥ ਤਿਸ ਪਰ ਬੈਠਨੋ ਪੁਰਖ ਸੁਹਾਈ। ਚੰਦ੍ਰਮੁਖੀ[9] ਗਹਿ ਡੋਰ ਝੁਲਾਵੀ। ਤਿਸ ਕੋ ਸ਼੍ਰੀ ਗੁਰੂ ਬੂਝਨਿ ਕੀਨਾ। 'ਕੋ ਸ਼ੁਭ ਕਰਮ, ਦਾਨ ਕੋ ਦੀਨਾ? ॥ ੩੫ ॥ ਜਿਸ ਤੇ ਅਸ ਸੁਖ ਪ੍ਰਾਪਤਿ ਭਇਊ। ਸੋ ਤੁਮ ਕਹਹੁ ਜਥਾ ਬਿਧਿ ਕਇਊ'। ਸੁਨਤਿ ਪੁਰਖ ਨੇ ਕਰਿ ਉਰ ਗ੍ਯਾਤ। ਆਪਨਿ ਉਤਪਤਿ ਕਹਯੋ ਬ੍ਰਿਤਾਂਤ॥੩੬॥'ਪੂਰਬ ਜਨਮ ਸ਼ਿਰ ਕੋ ਮੇਰਾ। ਜੂਨ ਤਪਸੀ ਅਧਿਕ ਬਡੇਰਾ। ਏਕ ਸਥਾਨ ਕਰਤਿ ਮੈਂ ਬਾਸਾ।ਅਲਪ ਮਹੀਰੁਹ ਤਰੇ ਨਿਵਾਸਾ[10] ॥੩੭॥ ਬਿਰਛਾ ਹੀਂਸ[11] ਕੇ ਸੰਘਨ ਘਨੋ। ਮਾਨੁਖ ਸਦਨ

[1]ਗ੍ਰਿਹਸਤੀ। [2]ਗੰਗਾ ਦੇ ਨੀਰ (ਵਤ ਸ਼ੁੱਧ, ਨਿਰਮਲ)। [3]ਮਕਾਨ ਵਾਲਾ, ਗ੍ਰਿਹ ਵਾਲਾ ਭਾਵ, ਗ੍ਰਿਹਸਤੀ। [4]ਸਾਰੇ ਤੇ। [5]ਉੱਚਾ। [6]ਜੜਿਆ ਹੋਇਆ। [7]ਦੁੱਧ ਦੀ ਝੱਗ। [8]ਤਕੀਏ। [9]ਸੁਹਣੀ (ਇਸਤ੍ਰੀ) ਡੋਰ ਖਿਚਕੇ (ਪੱਖਾ) ਝੁਲਾ ਰਹੀ ਹੈ। [10]ਛੋਟੇ ਜਹੇ ਬ੍ਰਿਛ ਦੇ ਹੇਠ। [11]ਝਾੜੀ ਸੰਘਣੀ ਹੀਂਸ ਦੀ ਝੰਗੀ। [ਹੀਂਸ=ਨਾਮ ਹੈ ਇਕ ਕਾਂਟੇ ਦਾਰ ਵੇਲ ਦਾ ਜੋ ਹੁਨਾਲੇ ਵਿਚ ਫੁਲਦੀ ਤੇ ਬਰਸਾਤ 'ਵਿਚ ਫਲਦੀ ਹੈ; ਹਾਥੀ ਇਸਨੂੰ ਖਾਂਦੇ ਬੀ ਹਨ। ਕਵੀ ਜੀ ਨੇ ਆਪਣੇ ਨਾਮ ਕੋਸ਼ ਵਿਚ ਇਸ ਪਦ ਨੂੰ ਲਿਖਿਆ ਹੈ। ਯਥਾ:–ਗ੍ਰਿੰਥ ਬਿਕੰਕਤ, ਬਜਾਘਰਪਾਤ। ਸੁਰਾ ਬ੍ਰਿਖ, ਉਤਕੰਟਕ ਖਜਾਤ। ਹੀਸ ਨਾਮ ਏ ਖਸ਼ਟ ਗਿਨੇਹੁ (ਬਨ ਵਰਗ ਅੰਕ ੧੧੪)। ਪੰਜਾਬੀ, ਬਿਰਛਾ=ਝੰਗੀ, ਵਾਂਸਾਂ ਕਾਨਿਆਂ ਆਦਿਕਾਂ ਦੀ ਝੰਗੀ]।

ਬਨਾਯੋ ਮਨੋ[1]।ਪਾਨੀ ਪੌਨ ਛੁਵੈ ਨਹਿੰ ਜਹਾਂ। ਨਿਸ ਮਹਿਂ ਬਸੈਂ ਜਾਇ ਕਰਿ ਤਹਾਂ ॥ ੩੮ ॥ ਏਕ ਦਿਵਸ ਮੈਂ ਗਮਨ੍ਯੋ ਬਾਹਰ। ਹਿਤ ਅਹਾਰ ਜੀਵਨ ਹਤਿ ਜ਼ਾਹਰ[2]। ਬਿਚਰਤਿ ਬਨ ਮਹਿਂ ਮ੍ਰਿਗ ਕੋ ਮਾਰ੍ਯੋ। ਤ੍ਰਿਪਤ ਹੋਇ ਮ੍ਰਗ ਸਦਨ ਸਿਧਾਰ੍ਯੋ ॥ ੩੯ ॥ ਚਲੀ ਬਾਉ ਘਨ ਕੀ ਘਟ ਆਈ। ਧੂਲ ਉਡੀ ਦ੍ਰਿਸ਼ਟੀ ਤਮ ਛਾਈ। ਪੰਥੀ ਦੋਇ ਤਹਾਂ ਰੁਕਿ ਗਏ। ਕਿਤੌ ਆਸਰੋ ਪਿਖਤਿ ਨ ਭਏ ॥ ੪੦ ॥ ਇਤ ਉਤ ਬਿਚਰਤਿ ਜੋ ਘਰ ਮੇਰਾ। ਦੇਖ੍ਯੋ ਕੀਨਸਿ ਦੌਰਿ[3] ਬਸੇਰਾ। ਅਪਰ ਅਲੰਬ ਨਹੀਂ ਢਿਗ ਕੋਈ। ਕਰਕਾ[4] ਕੀ ਬਰਖਾ ਬਹੁ ਜੋਈ॥੪੧॥ਬੈਠਿ ਤਿਨੋਂ ਨੇ ਜਾਨੀ ਹੇਰਿ।–ਇਹ ਸਥਾਨ ਬਾਸੋ ਬਡ ਸ਼ੇਰ। ਅਸ ਨ ਹੋਇ ਅਬਿ ਚਲਿ ਸੋ ਆਵੈ।ਹਤਹਿ ਹਮਹਿਂ ਦੋਹਨਿ ਕੋ ਖਾਵੈ–॥ ੪੨ ॥ ਕਰਕਾ ਬਰਖਤਿ ਮੈਂ ਤਬਿ ਆਯੋ। ਬੋਲ ਨਰਨਿ ਕੋ ਢਿਗ ਸੁਨਿ ਪਾਯੋ। ਜਾਨ੍ਯੋਂ ਮਨੁਜ ਅਹੈਂ ਘਰ ਮਾਂਹਿ। ਆਗੇ ਗਮਨ ਕੀਨਿ ਤਬਿ ਨਾਂਹਿ ॥ ੪੩ ॥ਮੇਰੇ ਅਤਿਥਿ ਭਏ ਇਹ ਆਇ। ਰੈਨ ਬਸੇਰਾ ਕਰਿ ਸੁਖ ਪਾਇਂ। ਇਸ ਤੇ ਪਰੇ ਧਰਮ ਨਹਿਂ ਔਰ। ਅਭਿਆਗਤਿ ਕੋ ਦੇ ਸੁਖ ਠੌਰ ॥੪੪॥ ਪੂਰਬ ਕਿਸੀ ਪੁੰਨ ਤੇ ਮੋਹੀ। ਇਸ ਪ੍ਰਕਾਰ ਮਤਿ ਉਰ ਮਹਿਂ ਹੋਹੀ। ਖਰੋ ਰਹ੍ਯੋ ਮੈਂ ਬਾਹਰ ਤਬੈ। ਓਰੇ ਸਹੇ ਗਾਤ ਪਰ ਸਬੈ ॥ ੪੫ ॥ ਡਰਤਿ ਸੁ ਪੰਥੀ ਬਾਸੇ ਘਰ ਮਹਿਂ। ਸੁਖ ਸੋਂ ਬਿਤੀ ਜਾਮਨੀ ਤਿਨ ਕਹਿਂ[5]। ਦੇਖਤਿ ਰਹੇ ਵਹਿਰ ਦਿਸ਼ਿ ਦੋਊ। ਮਤ ਕੇਹਰਿ ਸਿੰਘਾਰਹਿ ਕੋਊ ॥ ੪੬ ॥ ਮੈਂ ਮਨ ਧਰਮ ਜਾਨਿ ਹਟਿ ਰਹ੍ਯੋ।ਦੁਖ ਬਰਖਾ ਸਭਿ ਤਨ ਪਰਸਹ੍ਯੋ।ਅਰਧ ਰਾਤਿ ਲੌ ਬ੍ਰਿਸ਼ਟੀ[6] ਭਈ। ਬਿਨਾ ਆਸਰੇ ਮੈਂ ਸਿਰ ਲਈ ॥ ੪੭ ॥ ਪੁਨਹਿਂ ਪੌਨ ਗਮਨੀ ਅਤਿ ਸੀਰ[7]। ਬ੍ਯਾਪ੍ਯੋ ਸਗਰੇ ਸੀਤ ਸਰੀਰ।ਭੋਰ ਹੋਤਿ ਮੈਂ ਮਿਰ-ਤਕ ਭਇਊ। ਸਿਸਰ ਬਿਸਾਲ[8] ਪ੍ਰਾਨ ਛੁਟਿ ਗਇਊ ॥ ੪੮ ॥ ਭਈ ਪ੍ਰਾਤਿ ਸੋ ਸੰਤ ਪ੍ਰਬੀਨਾ। ਨਿਕਸੇ ਮ੍ਰਿਤਕ ਮੋਹਿ ਪਿਖਿ ਲੀਨਾ। ਕਰੁਨਾ ਕੀਨਿ ਜਾਨਿ ਮਮ ਕਰਮ। ਫਲ ਦੀਨਸਿ ਅਸ, ਜਸ ਅਤਿ ਧਰਮ[9] ॥੪੯॥ ਤਿਸ ਰਾਤ੍ਰੀ ਕਾ ਫਲ ਅਸ ਹੋਵਾ। ਪਹੁੰਚਿ ਸੁਰਗ ਸਭਿ ਬਿਧਿ ਸੁਖ ਜੋਵਾ।

---

[1]ਭਾਵ ਇਹ ਕਿ ਇਕ ਨਿੱਕੇ ਬੂਟੇ ਉਤੇ ਹੀਸ ਦੀ ਸੰਘਣੀ ਛਾਈ ਵੇਲ ਨੇ ਫੈਲ ਕੇ ਇਕ ਮਨੁਖ ਦੇ ਕੋਠੇ ਵਾਂਕੂ ਬਣਾ ਦਿੱਤਾ ਸੀ। [2]ਪ੍ਰਗਟ ਜੀਵਾਂ ਨੂੰ ਮਾਰਨ ਵਾਸਤੇ। [3]ਦੌੜਕੇ। [4]ਗੜਿਆਂ ਦੀ। [5]ਤਿੰਨ੍ਹਾਂ ਦੀ। [6]ਬਰਖਾ। [7]ਠੰਢੀ। [8]ਬਹੁਤ ਠੰਢ ਸੀ। [9]ਜਿਵੇਂ ਬੜਾ ਧਰਮ ਕੀਤਾ ਹੋਵੇ।

ਅਤਿਥ ਪੂਜਿਬੋਧਰਮ ਮਹਾਨਾ।ਨਹਿੰ ਗ੍ਰਿਹਸਤੀ ਕ ਅਪਰ ਸਮਾਨਾ'॥੫੦॥
ਇਹ ਸਭਿ ਪੀਰ ਸੁਨੀ ਜਬਿ ਕਾਨ। ਕਰਜੋ ਜਗਾਵਨਿ ਪਰਜੋ ਜਿ ਥਾਨ।
ਉਠਤਿ ਚਰਨ ਪਰ ਬੰਦਨ ਕੀਨਿ। 'ਰਾਵਰਿ ਭੇਦ ਸਕਜੋ ਨਹਿੰ ਚੀਨ॥
੫੧॥ 'ਜੋ ਤੁਮ ਕਹਹੁ ਸੁ ਹੈ ਸਭਿ ਨੀਕੀ।ਰਾਵਰਿ ਕਰੈ ਬਿਨਾ ਬਹੁ ਫੀਕੀ[1]
। ਜਗਤ ਉਧਾਰਨਿ ਧਾਰਨਿ ਤਨ ਕੋ। ਮੈ ਅਸ ਨਿਸ਼ਚੈ ਕੀਨਸਿ ਮਨ
ਕੋ' ॥ ੫੨ ॥ ਸਤਿਗੁਰ ਖੁਸ਼ੀ ਭਏ ਸੁਨਿ ਬਿਨਤੀ। ਸ਼ਰਧਾ ਦਈ,ਤਜਾਗਿ
ਬਿਧ ਗਿਨਤੀ[2]। ਬੰਦਨ ਕਰਿ ਨਿਜ ਧਾਮ ਸਿਧਾਰਾ। ਅਪਰ ਥਾਨ ਮਹਿ
ਸੁਜਸੁ ਪਸਾਰਾ ॥ ੫੩ ॥ ਇਤਿ ਸ੍ਰੀ ਗੁਰ ਪ੍ਰਤਾਪ ਸਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਪੀਰ
ਪ੍ਰਸੰਗ' ਬਰਨਨੰ ਨਾਮ ਤ੍ਰਿੰਸਤੀ ਅੰਸੂ ॥ ੩੦ ॥

## ੩੧. [ਗੁਰੂ ਜੀ ਦੀ ਮਹਿਮਾ। ਧੀਰਮੱਲ ਦੀ ਈਰਖਾ]।

ਦੋਹਰਾ ॥ ਸੁੰਦਰ ਸਦਨ ਸੁਧਾਰਿ ਕਰਿ ਬਸੇਂ ਗੁਰੂ ਮਹਾਂਰਾਜ।ਪੂਜਾ ਬਸਾਵਨਿ
ਪੁਨ ਕਰੀਂ ਦੇ ਸਭਿ ਬਿਧਿਨਿ ਸਮਾਜ ॥੧॥ ਚੌਪਈ ॥ ਨਿਤ ਪ੍ਰਤਿ ਸੰਗਤਿ
ਆਇ ਨਵੀਨ। ਡੇਰਾ ਪਰਹਿ ਬਨਜ ਹੁਇ ਪੀਨ[3]। ਬੈਸਨ ਆਦਿ[4]
ਦੁਕਾਨ ਬਨਾਈ।ਗ਼ਨੀ[5] ਗਰੀਬ ਬਸੈਂ ਸਮੁਦਾਈ ॥ ੨ ॥ ਕਿਤਿਕ ਸਿੱਖਜ
ਹੀ ਰਚੈਂ ਅਵਾਸ। ਹੇਤੁ ਜੀਵਕਾ ਕੀਨਸਿ ਬਾਸ। ਕ੍ਰਿਤ ਕੋ ਕਰਨ ਹਾਰ
ਨਰ[6] ਬ੍ਰਿੰਦ। ਬਸੇ ਆਨਿ ਕਰਿ ਢਿਗ ਬਖ਼ਸ਼ਿੰਦ ॥੩॥ ਆਇ ਸੈਕਰੇ ਨਿਤ
ਨਰ ਨਾਰੀ। ਰਹੈ ਭੀਰ ਦਰਬਾਰ ਅਗਾਰੀ। ਬ੍ਰਿੰਦ ਮਸੰਦ ਅਨੰਦ ਬਿਲੰਦੇ।
ਰਚੈਂ ਨਿਕੇਤ ਨਿਕਟਿ ਸੁਖਕੰਦੇ ॥ ੪ ॥ ਅਨਿਕ ਫਕੀਰਨਿ ਪੰਕਤਿ
ਆਬੀ। ਲਖੇ ਕ੍ਰਿਪਾਲ ਪਰੇ ਸ਼ਰਣਾਈ। ਬੰਦਨ ਕਰਿ ਬੈਠਹਿੰ ਨਿਤ ਪਾਸ।
ਬਨਹਿ ਦੇਗ਼ ਤੇ ਅਚਵਹਿੰ ਗ੍ਰਾਸ ॥ ੫ ॥ ਬਾਂਛਤਿ ਬਸਤ੍ਰ ਪਾਇ ਗਨ ਰਹੈਂ।
ਜਨਮ ਸੁਧਾਰਹਿੰ 'ਗੁਰੁ ਗੁਰੁ' ਕਹੈਂ।ਕੇਤਿਕ ਦਾਸ ਸਦਾ ਰਹਿੰ ਸਾਥ। ਸੇਵਾ
ਕਰਹਿੰ ਜੋਰਿ ਕਰਿ ਹਾਥ ॥ ੬ ॥ ਦਿਨਪ੍ਰਤਿ ਐਸ਼੍ਵਰਜ ਬਧਹਿ ਬਿਸਾਲਾ।
ਦੁਗੁਨ ਚੁਗੁਨਾ ਦਸਗੁਨ ਜਾਲਾ। ਇਕ ਆਵਹਿ ਸੰਗਤਿ ਇਕ ਜਾਹੀ।
ਪਸਰਜੋ ਸੁਜਸੁ ਅਸ਼ਟ ਦਿਸ਼ਿ ਮਾਂਹੀ ॥ ੭ ॥ ਜੋ ਦੁਰਲਭ ਹੈਂ ਅਨਿਕ
ਅਕੋਰੇਂ। ਅਰਪਨਿ ਕਰੈਂ ਖਰੇ ਕਰ ਜੋਰੇਂ। ਅੰਬਰ[7], ਪਸ਼ਮੰਬਰ, ਪਾਟੰਬਰ।
ਸੁੰਦਰ ਆਦਿ ਊਨ ਕੇ ਕੰਬਰ[8] ॥ ੮ ॥ ਸ੍ਰੀ ਗੁਜਰੀ ਹਿਤ ਘਨੇ ਬਿਭੂਖਨ।

[1]ਭਾਵ ਜੋ ਆਪ ਦੀ ਕਹਿਣੀ ਹੈ ਉਹ ਤਦੇ ਸੁਹਣੀ ਹੈ ਕਿ ਆਪ ਦੀ ਕਰਨੀ ਬੀ ਉਹੋ ਹੈ ਨਹੀਂ ਤਾਂ ਕਹਿਣੀ ਫਿੱਕੀ ਪੈ ਜਾਵੇ। [2]ਦੂਜੀਆਂ ਗਿਣਤੀਆਂ ਤਿਆਗ ਕੇ। [3]ਭਾਰੀ। [4]ਵੈਸ਼ ਆਦਿਕਾਂ ਨੇ। [5]ਧਨਵਾਨ। [ਅ:, ਗ਼ਨੀ]। [6]ਭਾਵ ਮਜ਼ਦੂਰ। [7](ਸੂਤੀ) ਕਪੜੇ। [8]ਕੰਬਲ।

ਆਗੇ ਅਰਪਹਿਂ ਆਨਿ ਅਦੂਖਨ[1]।ਧਨ ਕੀ ਗਨਤੀ ਕਛੁ ਨ ਹੋਇ। ਦਿਨ ਪ੍ਰਤਿ ਗੁਰ ਆਗੇ ਬਹੁ ਜੋਇ ॥ ੯ ॥ ਪਿਖਿ ਸ਼੍ਰੀ ਤੇਗ ਬਹਾਦਰ ਦਰਬ।ਖਰਚਨ ਕਰਤਿ ਜਾਤਿ ਤਿਮ ਸਰਬ। ਨਗਰ ਬਸਾਵਨਿ ਮਹਿਂ ਬਹੁ ਦੇਤਿ। ਜਹਿਂ ਕਹਿਂ ਸੁੰਦਰ ਬਨਹਿਂ ਨਿਕੇਤ ॥ ੧੦ ॥ ਦੀਰਘ ਦੇਗ਼ ਬਨਹਿ ਜੁਗ ਕਾਲਾ। ਹੋਤਿ ਖਰਚ ਲੇ ਅੰਨ ਬਿਸਾਲਾ। ਸਿਰੇਪਾਉ ਸਿੱਖਜਨਿ ਕੋ ਦੇਤਿ। ਲੇਤਿ ਸ਼੍ਰੇਯ ਕੇ ਹਤੁ ਸੁਚੇਤ[2]॥੧੧॥ਇੱਤਯਾਦਿਕ ਬਹੁ ਕਾਰਨ ਔਰ।ਖਰਚਿ ਕਰਤਿ ਸੋਢੀ ਸਿਰਮੌਰ। ਇਸ ਬਿਧਿ ਕਤਿਕ ਬਿਤੇ ਮਹੀਨੇ। ਗੁਰੂ ਬਿਦਤ ਸਭਿ ਦੇਸ਼ਨਿ ਚੀਨੇ ॥੧੨॥ ਜੋ ਸ਼ਰੀਕ ਸੋਢੀ ਕੁਲ ਅਹੈਂ। ਮਤਸਰ ਸਹਿਤ ਬਿਸਮ ਉਰ ਰਹੈਂ।–ਕਿਸ ਪ੍ਰਕਾਰ ਬਿਵਹਾਰ ਮਝਾਰੀ। ਨਹਿਂ ਮਤਿ ਹੁਤੀ, ਬਿਤੀ ਬਯ ਸਾਰੀ[3]॥੧੩॥ਲਖਹਿਂ ਨਿਲਾਯਕ ਸਗਲੇ ਜਾਂਹੂ। ਜਿਮ ਨਿਸ਼ਚੈ ਗੁਰ ਕੀਨਸਿ ਤਾਂਹੂ।ਬਡ ਐਸ਼੍ਵਰਜ ਵਧ੍ਯੋ ਤਤਕਾਲਾ। ਦੇਖਾ ਦੇਖੀ ਮਾਨਵ ਜਾਲਾ॥੧੪॥ਹਮ ਕੌ ਤਜਿ ਤਜਿ ਤਿਸ ਢਿਗ ਗਏ। ਇਕ ਮੱਖਨ ਨੇ ਅਸ ਬਿਧਿ ਕਏ। ਅਜਹੁਂ ਨ ਕੁਛ ਬਿਚਾਰ ਉਰ ਆਯੋ[4]। ਧੀਰਮੱਲ ਘਰ ਗ੍ਰਿੰਥ ਪੁਚਾਯੋ[5]॥੧੫॥ਦੁਲਭ ਵਸਤੁ ਨਿਜ ਬਡਿਅਨਿ ਕਰ ਕੀ।ਮਹਿੰਮਾ ਲਖਿ ਨ ਸਕ੍ਯੋ ਅਸ ਬਰ ਕੀ[6]।ਕੈ ਧਰਿ ਤ੍ਰਾਸ ਫੇਰ ਕਰਿ ਦੀਨਾ।ਰਾਖ੍ਯੋ ਨਿਕਟਿ ਨ, ਕ੍ਯਾ ਇਹ ਕੀਨਾ*!॥੧੬॥ਜੋ ਸੰਗਤਿ ਹਮ ਮਾਨਨਿ ਲਾਗੀ।ਸਹਿਤ ਉਪਾਇਨ ਸੋ ਅਬਿ ਭਾਗੀ–। ਇੱਤਯਾਦਿਕ ਸੋਢੀ ਦੁਖ ਪਾਵੈਂ।ਔਗੁਨ ਕਲਪਹਿਂ ਅਨਿਕ ਸੁਨਾਵੈਂ ॥ ੧੭ ॥ ਜਯੋਂ ਜਯੋਂ ਧੀਰਮੱਲ ਜਸੁ ਸੁਨੈ।ਸੰਗਤਿ ਜਾਤਿ ਦਖਿ[7] ਸਿਰ ਧੁਨੈ। ਮਹਿਮਾ ਮਨ ਮਹਿਂ ਮਾਨਹਿ ਨੀਕੀ। ਤਊ ਲੋਭ ਵਸਿ ਮਤਿ ਹ੍ਵੈ ਫੀਕੀ ॥ ੧੮ ॥ ਜ਼ਾਨਹਿ–ਐਸ਼੍ਵਰਜ ਭਯੋ ਘਨੇਰੇ। ਚਹੁਂਦਿਸ਼ਿ ਕੀ

---

[1]ਭਾਵ ਗੁਰੂ ਜੀ ਦੇ ਅੱਗੇ । [2]ਸਾਵਧਾਨ (ਸਿੱਖ)। [3]ਕਿਸੇ ਪ੍ਰਕਾਰ ਦੇ ਵਿਹਾਰ ਵਿੱਚ ਗੁਰੂ ਜੀ ਨੇ ਸਾਰੀ ਉਮਰ ਬੀਤ ਗਈ ਪਰ ਆਪਣੀ ਬੁਧੀ ਨਹੀਂ ਸੀ ਲਗਾਈ । [4]ਅਜੇ ਬੀ (ਦੁਨੀਆਂ ਦਾਰੀ ਦੀ) ਕੁਛ ਵਿਚਾਰ ਨਹੀਂ ਆਈ ਨੇ। [5]ਧੀਰਮੱਲ ਦੇ ਘਰ ਗ੍ਰੰਥ ਜੀ ਪੁਚਾ ਦਿੱਤੇ ਹੈਨ। [6]ਐਸੇ ਸ੍ਰੇਸ਼ਟ ਗੁਰੂ ਗ੍ਰੰਥ ਜੀ) ਦੀ। [7]ਜਾਂਦੀ ਸੰਗਤ ਨੂੰ ਵੇਖਕੇ।

*ਜਿਨ੍ਹਾਂ ਦੇ ਮਨ ਸਦਾਚਾਰ ਭਜਨ ਬੰਦਗੀ ਨਾਲ ਤਿਆਗ ਵਿਚਾਰ ਦੀ ਸੁੰਦਰਤਾ ਵਿੱਚ ਨਹੀਂ ਉਠੇ, ਜਿਨ੍ਹਾਂ ਨੂੰ ਆਪੇ ਦੇ ਆਪੇ ਵਿੱਚ ਜੁੜ ਕੇ ਅੰਦਰੇ ਹੀ ਰਸੀਏ ਹੋਣ ਦਾ ਰਸ ਨਹੀਂ ਆਇਆ ਉਹ ਆਪਣੇ ਤੰਗ ਦਿਲ ਤੋਂ ਐਸੇ ਹੀ ਖਿਆਲ ਪੈਦਾ ਕਰ ਸਕਦੇ ਹਨ । ਚੂਹਾ ਪੰਛੀਆਂ ਦੇ ਆਕਾਸ਼ ਗਮਨ ਦੇ ਰੰਗ ਰਸ ਨੂੰ ਨਹੀਂ ਸਮਝ ਸਕਦਾ।

ਸੰਗਤਿ ਤਿਸ ਨੇਰੇ। ਬ੍ਰਿੰਦ ਦਰਬ ਕੋ ਅਰਪਹਿ ਜਾਈ।ਮਹਿ ਮਹਿਂ[1]ਮਹਿਮਾ ਮਹਿਤ ਲਖਾਈ ॥ ੧੯ ॥ ਭ੍ਰਾਤ ਭਤੀਜਾ ਮਮ ਗੁਰੁ ਭਯੋ। ਤਿਨ ਪਸ਼ਚਾਤ ਉਚਿਤ ਮੈਂ ਥਯੋ। ਦ੍ਵਿਇ ਪੀੜ੍ਹੀ ਇਹ ਊਪਰ ਰਹੈਂ। ਕਿਮ ਗੁਰੁ ਕਰੇ, ਨ ਇਸ ਪਦ ਲਹੈਂ[2] ॥ ੨੦ ॥ ਦਿੱਲੀ ਮਹਿਂ ਮਸੰਦ ਬਿਰਮਾਯੋ। ਤਿਸ ਤੇ ਅਪਨੋ ਨਾਮ ਕਹਾਯੋ। ਪੁਨ ਮੱਖਣ ਮੂਰਖ ਅਨਜਾਨ। ਧਨ ਦੇ ਕਰਿ ਜਗ ਕੀਨਿ ਬਖਾਨ ॥ ੨੧॥ ਦੇਨਿ ਲੇਨਿ ਕਰਿ ਇਨਕੇ ਸਾਥ। ਬੈਠਨੋ ਬਨਿ ਬਿਲੰਦ ਗੁਰੁ ਨਾਥ।ਮੋ ਤੇ ਜਰੀ ਨ ਜਾਇ ਬਡਾਈ–।[3]'ਕਹੁ ਸ਼ੀਹਾਂ! ਕਯਾ ਕਰਹਿਂ ਉਪਾਈ ? ॥ ੨੨ ॥ ਇਸ ਕੀ ਜਿਮ ਮਨੌਤ ਹਟਿ ਜਾਇ। ਚਹੁੰਦਿਸ਼ਿ ਤੇ ਧਨ ਭਾ ਸਮੁਦਾਇ। ਭਯੋ ਗ਼ਰੀਬ ਪ੍ਰਥਮ ਇਹ ਰਹਿਊ। ਨੀਠ ਨੀਠ ਗੁਜ਼ਰਾਨ ਨਿਬਹਿਊ ॥੨੩॥ ਛਪਯੋ ਰਹੈ ਕੋ ਜਾਨਹਿ ਨਾਂਹੀ। ਨਹਿਂ ਕੁਛ ਬਿਦਤ ਸੰਗਤਾਂ ਮਾਂਹੀ।ਇਕ ਬਾਰਿ ਐਸੇ ਬਨਿ ਗਯੋ। ਨਗਰ ਬਸਾਵਨਿ ਸਮਰਥ ਭਯੋ ॥ ੨੪ ॥ ਮਾਰਨ ਹਿਤ ਜ ਕਰੇ ਉਪਾਇ। ਸੋ ਸਭਿ ਬਾਦ ਗਏ ਦੁਖਦਾਇ। ਅਬਿ ਜੋ ਬਨਹਿ ਬਤਾਵਹੁ ਮੋਹੀ। ਜਬਿ ਇਹ ਟਰੈ ਸ਼ਾਂਤਿ ਚਿਤ ਹੋਹੀ' ॥ ੨੫ ॥ ਧੀਰਮੱਲ ਤੇ ਸੁਨਿ ਕਰਿ ਬੈਨ।ਦੁਸ਼ਟ ਮਸੰਦ ਕ੍ਰੂਰ ਕਰਿ ਨੈਨ। ਕਹਯੋ ਕਿ 'ਮੈਂ ਸਭਿ ਕਰਨੇ ਹਾਰਾ। ਜਾਨੌਂ ਜਤਨ ਅਨਿਕ ਪਰਕਾਰਾ ॥੨੬॥ ਮੋਹਿ ਕਹੇ ਮਹਿਂ ਰਹੀਏ ਆਪ। ਵਧਹਿ ਚੌਗੁਨੋਂ ਅਧਿਕ ਪ੍ਰਤਾਪ। ਕੋ ਅਸ ਕਾਜ ਜੁ ਤੁਮ ਤੇ ਹੋਇ ਨ।ਤੂਰਨ ਰਿਪੁ ਕੇ ਸੁਖ ਕੋ ਖੋਇ ਨ ॥ ੨੭ ॥ ਅਬਿ ਇਮ ਜਤਨ ਬਨਾਵਨਿ ਕਰੋ। ਰਾਮਰਾਇ ਸੰਗ ਪ੍ਰੀਤੀ ਧਰੋ। ਅਹੇ ਭਤੀਜਾ ਪੁੱਤ੍ਰ ਮਨਿੰਦ। ਕੁਲ ਮਹਿਂ ਲਾਯਕ ਜਨੁ ਨਭ ਇੰਦ[4] ॥ ੨੮ ॥ ਆਲਮਗੀਰ[5] ਕਹੇ ਮਹਿਂ ਜਾਂਹੀ। ਸਾਦਰ ਨਿਤ ਸਮੀਪ ਚਲਿ ਜਾਹੀ। ਸ਼ਾਹੁ ਸੰਗ ਸੋ ਬਾਤ ਚਲਾਵੈ।ਅਜ਼ਮਤਿ ਹਿਤ ਨਿਤ ਨਿਕਟਿ ਬੁਲਾਵੈ ॥ ੨੯ ॥ ਦਿੱਲੀ ਬਿਖੇ ਜਾਇ ਜੇ ਥਰੈ। ਇਤ ਹਮ ਰਹੈਂ ਕਾਜ ਸਭਿ ਸਰੈ। ਸ਼ਾਹੁ ਸਭਾ ਮਹਿਂ ਹੋਹਿ ਪ੍ਰਵੇਸ਼। ਜਾਚਹਿ ਅਜ਼ਮਤ ਅਧਿਕ ਹਮੇਸ਼ ॥ ੩੦ ॥ ਅਪਨੇ ਕਾਜ ਚਹੈ ਕਰਿਵਾਵੈ।ਨਹਿਂ ਆਵਨਿ ਦੇ ਨਿਕਟਿ ਬੁਲਾਵੈ। ਰਾਮਰਾਇ ਮਹਿਂ ਅਜ਼ਮਤਿ ਭਾਰੀ। ਕਿਮ ਸਰਬਰ ਹੁਇ ਸ਼ਾਹੁ ਅਗਾਰੀ ॥ ੩੧ ॥ ਜੇ ਕਰਿ ਕਰਾਮਾਤ ਨਹਿਂ ਹੋਇ।ਕੈ ਹਠ ਕਰੈ ਦਿਖਾਇ

---

[1]ਪ੍ਰਿਥਵੀ ਵਿਚ। [2]ਕਿਵੇਂ (ਇਨ੍ਹਾਂ ਨੂੰ) ਗੁਰੂ ਕਰ ਲਿਆ ਨੇ (ਇਹ ਤਾਂ) ਇਸ ਪਦ ਨੂੰ ਲੈ ਨਹੀਂ ਸਨ ਸਕਦੇ। [3]ਧੀਰਮੱਲ ਸ਼ੀਹੇਂ ਨੂੰ ਕਹਿੰਦਾ ਹੈ। [4]ਅਕਾਸ਼ ਵਿੱਚ ਚੰਦ੍ਰਮਾ। [5]ਔਰੰਗਜ਼ੇਬ।

ਨ ਸੋਇ। ਮਹਾਂ ਕ੍ਰੂਰ ਮਤਿ ਅਵਰੰਗ ਸ਼ਾਹੂ। ਪਕਰਹਿ ਦੋਹਿ ਕੈਦ ਕੇ ਮਾਂਹੂ ॥ ੩੨ ॥ ਕੈ ਕਰਿ ਕ੍ਰੋਧ ਕੁਮਤਿ ਤਤਕਾਲਾ। ਧਰ ਤੇ ਸੀਸ ਕਰਾਇ ਨਿਰਾਲਾ। ਜਬਿ ਦੋਨਹੁ ਮੈਂ ਇਕ ਬਨਿ ਜਾਇ। ਹੋਇ ਕੈਦ ਕੈ ਪ੍ਰਾਨ ਖ਼ਿਲਾਇ ॥ ੩੩ ॥ ਤਬਿ ਤੁਮ ਹੀ ਹੋ ਗੁਰੁ ਜਗ ਮਾਂਹੀ। ਸਭਿ ਸਿਖ ਆਇ ਆਪ ਕੇ ਪਾਹੀ।ਅਰਪਹਿੰ ਦਰਬ ਚਹੂੰ ਦਿਸ਼ਿ ਕੇਰਾ। ਹੁਇ ਰਾਵਰਿ ਐਸ਼੍ਵਰਜ ਘਨੇਰਾ ॥ ੩੪ ॥ ਇਹੁ ਉਪਾਇ ਅਬਿ ਜਾਨਨੋ ਪਰੈ। ਜਿਸ ਤੇ ਨਿਜ ਸ਼ਤ੍ਰੁ ਪਰਹਰੈ'। ਸੁਨਤਿ ਧੀਰਮਲ ਅਨੰਦ ਉਮਾਹਾ। 'ਸਾਧ ਸਾਧ' ਸੋ ਦੁਸ਼ਟ ਸਰਾਹਾ ॥੩੫॥ 'ਹੋਨਹਾਰ ਤੈਂ ਬਾਤ ਬਖਾਨੀ। ਤਹਿੰ ਪਹੁੰਚੇ ਹੁਇ ਨਿਸ਼ਚੈ ਹਾਨੀ। ਸੰਤ ਸੈਂਕਰੇ ਤਿਹ ਮਰਿਵਾਏ। ਕਿਮਹੂੰ ਕਿਸ ਤੇ ਤ੍ਰਾਸ ਨ ਪਾਏ॥ ੩੬॥ਮੋਰ ਭਤੀਜਾ ਅਜ਼ਮਤ ਭਾਰੀ।ਹਮ ਪਰ ਬਨਹਿ ਕਯੋਂ ਨ ਉਪਕਾਰੀ। ਇਕ ਤੌ ਹਮ ਪਰ ਅਹੈ ਅਸਾਨ[੧]। ਦੂਜੇ ਤਿਸ ਕੋ ਭੀ ਰਿਪੁ ਜਾਨਿ ॥ ੩੭ ॥ ਜੋ ਜਗ ਗੁਰਤਾ ਇਨ ਬਿਦਤਾਈ। ਰਾਮਰਾਇ ਲਘੁਤਾ ਕੋ ਪਾਈ। ਨਿਤ ਪ੍ਰਤਿ ਦਰਬ ਹਜ਼ਾਰਹੁਂ ਜੋਇ। ਹਮਰੋ ਅਹੈ, ਲੇਤਿ ਹੈ ਸੋਇ ॥ ੩੮ ॥ ਰਾਮਰਾਇ ਹਮ ਏਕੋ ਅਹੈਂ। ਹਾਨ ਲਾਭ ਦੋਨਹੁਂ ਸਮ ਲਹੈਂ। ਯਾਂਤੇ ਲਿਖੋ ਭਲੀ ਬਿਧਿ ਪਾਤ੍ਰੀ।–ਤੂੰ ਕਿਮ ਬੈਠਯੋ ਸੀਤਲ ਛਾਤੀ?॥੩੯॥ਸ਼ੱਤ੍ਰੂ ਸ਼ਰੀਕ ਹਮਾਰ ਤੁਮਾਰੋ। ਵਧਤਿ ਜਾਤਿ ਦਿਨਪ੍ਰਤਿ ਅਤਿ ਭਾਰੋ। ਬਿਨ ਹਾਰੇ ਇਸ, ਕਿਮ ਬਨਿ ਆਵੈ। ਜਿਸ ਤੇ ਮਹਿਮਾ ਮਹਿ ਮਹਿ ਜਾਵੈ[੨]–'॥ ੪੦॥ ਇੱਤਯਾਦਿਕ ਮਿਲਿ ਮੰਤ੍ਰ ਬਿਚਾਰਾ।ਗੁਰ ਉਪਕਾਰ ਨ ਉਰਕਛੁ ਧਾਰਾ।ਲੋਭ ਗ੍ਰਸੇ ਮਾਇਆ ਮਦ ਚਰਨੋ[੩]।ਚਿਤਵਨਿ ਕਲਮਲ ਕੋ ਚਿਤ ਕਰਨੋ*॥੪੧॥

ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਧੀਰਮੱਲ ਆਦਿ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥ ੩੧ ॥

[੧]ਉਪਕਾਰ। [੨]ਜਿਸ (ਸ਼ਰੀਕ) ਕਰਕੇ (ਸਾਡੀ) ਮਹਿਮਾਂ (ਮਹੀ=) ਪ੍ਰਿਥਵੀ ਵਿਚ ਨਾਸ਼ ਹੋ ਰਹੀ ਹੈ। ਸੂਚਨਾ–ਇਸ ਅਰਥ ਦੀ ਪੋੜ੍ਹਤਾ ਅੰਸੂ ੩੨ ਅੰਕ ੫ ਤੋਂ ਹੁੰਦੀ ਹੈ। [੩]ਚੜ੍ਹਿਆ।

*ਆਮ ਕਹਾਵਤ ਹੈ 'ਲੋਭ ਪਾਪਾਂ ਦਾ ਮੂਲ ਹੈ'। ਧੀਰਮੱਲ ਦੀ ਜਾਣ ਬੁੱਝ ਕੇ ਮਤ ਪਾਪਾਂ ਵਿੱਚ ਪਰਵਿਰਤ ਹੋ ਰਹੀ ਹੈ, ਗੁਰਿਆਈ ਨੂੰ ਐਸ਼ਰਜ ਸਮਝ ਰਿਹਾ ਹੈ। ਹਾਲਾਂ ਕਿ ਇਹ ਭਾਰੀ ਜ਼ਿੰਮੇਵਾਰੀ ਹੈ, ਜਿਸ ਨੂੰ ਅਨੁਭਵ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਅੰਗੀਕਾਰ ਨਹੀਂ ਸੇ ਕਰਦੇ। ਉਹਨਾਂ ਨੇ ਅੰਤ ਵਿੱਚ ਇਸ ਨੂੰ ਅਪਣੇ ਪਰ ਸਤਿਗੁਰ ਪਿਤਾ ਤੇ ਸਤਿਗੁਰ ਹਰਿਕ੍ਰਿਸ਼ਨ ਜੀ ਅਤੇ ਵਾਹਿਗੁਰੂ ਜੀ ਵਲੋਂ ਲਾਇਆ ਗਿਆ ਫਰਜ਼ ਸਮਝਕੇ ਅੰਗੀਕਾਰ ਕੀਤਾ ਸੀ। ਲੋਭੀ ਧਨ ਪਿੱਛੇ ਮਰ ਰਹੇ ਹਨ ਤੇ ਆਪ ਆਏ ਧਨ ਨੂੰ ਪਰੋਪਕਾਰ ਤੇ ਵੰਡ ਰਹੇ ਹਨ ਤੇ ਰੂਹਾਨੀ ਰੰਗ ਜਗਤ ਨੂੰ ਲਾ ਰਹੇ ਹਨ।

## ੩੨. [ਧੀਰ ਮਲ ਰਾਮ ਰਾਇ ਮੇਲ]।

ਦੋਹਰਾ ॥ ਧੀਰਮੱਲ ਪਾਤੀ ਲਿਖੀ ਕਰੀ ਤਰੀਫ ਉਦਾਰ। 'ਸਭਿ ਉਪਮਾ ਕੇ ਉਚਿਤ ਹੋ ਸੁਨਿ ਸੁਤ ਬਰਖੁਰਦਾਰ ! ॥੧॥ ਚੌਪਈ ॥ ਮੋਹਿ ਅਨੁਜ ਸ਼੍ਰੀ ਗੁਰੂ ਹਰਿਰਾਇ। ਤਿਹ ਜੇਸ਼ਟ ਸੁਤ ਗੁਨ ਸਮੁਦਾਇ। ਤੁਰਕੇਸ਼ੁਰ ਕੋ ਬਸਿ ਕਰਿ ਲੀਨਾ। ਜਗ ਮਹਿਂ ਬਿਦਤਯੋ ਅਜ਼ਮਤ ਪੀਨਾ ॥੨॥ ਤੋ ਸਮ ਅਪਰ ਨਹੀਂ ਜਗ ਕੋਈ। ਇਤੀ ਸ਼ਕਤਿ ਕਿਤ ਪੱਯਤਿ ਸੋਈ[1]। ਤੁਵ ਪਿਤ ਜੈਸੇ ਅਨੁਜ ਹਮਾਰਾ। ਤਿਨ ਹੀ ਸਮ ਮੈਂ ਤੋਹਿ ਨਿਹਾਰਾ ॥ ੩॥ ਗੁਰਤਾ ਵਸਤੁ ਹਮਾਰ ਤੁਮਾਰੀ। ਸਭਿ ਕਾਰਨ ਤੇ ਲਖਿ ਅਧਿਕਾਰੀ। ਤੇਗਬਹਾਦਰ ਦੂਰ ਬਡੇਰੀ[2]।ਕਿਮ ਗੁਰ ਬਨਿ ਬੈਠਯੋ ਇਸ ਬੇਰੀ॥੪॥ਚਿਤ ਮਹਿਂ ਕਯੋਂ ਨ ਚਿੰਤ ਕੌ ਠਾਨੈਂ ? ਮਹਿ ਮਹਿਂ ਮਹਿੰਮਾ ਮਹਿਤੀ ਹਾਨੈ[3]। ਦਰਬ ਹਜ਼ਾਰਹੁੰ ਰੋਜ਼ ਸੰਭਾਰੈ।ਬਡ ਐਸ਼੍ਰਰਜਆਪਨੋ ਧਾਰੈ॥੫॥ਸ਼ਾਹੁ ਨਿਕਟਿ ਬੁਲਵਾਵਨਿ ਠਾਨੋ। ਜਯੋਂ ਕਯੋਂ ਕਰਿ ਸ਼ੱਤ੍ਰੁ ਤਹਿਂ ਹਾਨੋ। ਕਰੇ ਜਤਨ ਮੈਂ ਸਰਯੋ ਨ ਕੋਈ।ਬਚਯੋ ਸੰਘਾਰਨ ਸਭਿ ਤੇ[4] ਸੋਈ ॥ ੬ ॥ ਯਾਂਤੇ ਸੁਧਿ ਤੁਵ ਨਿਕਟਿ ਪਠਾਈ। ਬਨਿ ਆਵੈ ਅਬਿ ਕਰਨਿ ਉਪਾਈ'। ਇਮ ਲਿਖਿ ਦੂਤ ਪਠਾਵਨਿ ਕੀਨਾ। ਜਾਨਯੋ-ਰਿਪੁ ਹੁਇ ਪ੍ਰਾਨਬਿਹੀਨਾ-॥੭॥ਬਹੁਤ ਮੋਲ ਕੋ ਇਕ ਸਿਰੁਪਾਉ। ਵਸਤੁ ਅਜਾਇਬ ਅਪਰ ਪਠਾਉ[5]। ਦਿੱਲੀ ਮਹਿਂ ਲੇ ਕਰਿ ਸੋ ਗਯੋ। ਰਾਮਰਾਇ ਢਿਗ ਪਹੁੰਚਤਿ ਭਯੋ ॥੮॥ ਬੰਦਨ ਠਾਨਿ ਦੀਨਿ ਪੁਨ ਪਾਤੀ। ਅਪਰ ਸੁਨਾਇ ਕੁਸ਼ਲ ਬਹੁ ਭਾਂਤੀ। ਰਾਮਰਾਇ ਤਬਿ ਖੋਲਨਿ ਕੀਨਿ। ਪਠਿ ਕਰਿ ਸਭਿ ਮਤਲਬਕੋ ਚੀਨਿ॥੯॥-ਧੀਰਮੱਲ ਭ੍ਰਾ ਮੋਹਿ ਅਧੀਨ।ਯਾਂ ਤੇ ਕੁਛਕ ਹਰਖ ਮੈਂ ਲੀਨਿ-। ਪੁਨ ਚਿੰਤਾ ਚਿਤ ਬਿਖੈ ਉਪਾਈ। -ਗਈ ਅਪਰ ਥਲ ਮਹਿਂ ਬਡਿਆਈ ॥ ੧੦ ॥ ਪ੍ਰਥਮ ਭਯੋ ਉਤਪਾਤ ਬਿਸਾਲਾ। ਦੁਹੂੰ ਦਿਸ਼ਿਨਿ ਜੋ ਸ੍ਰਾਪ ਕਰਾਲਾ। ਸਭਿ ਸੰਗਤਿ ਮਹਿਂ ਮੋਰ ਖੁਟਈ। ਪਿਤ ਸਤਿਗੁਰੁ ਪੂਰਬ[6] ਬਿਦਤਾਈ ॥ ੧੧॥ ਸ਼੍ਰੀ ਹਰਿ ਕ੍ਰਿਸ਼ਨ ਬਹੁਰ ਪਰਲੋਕ। ਜਿਸ ਤੇ ਸਭਿ ਕੁਟੰਬ ਮਹਿਂ ਸ਼ੋਕ। ਮੋ ਕਹੁ ਬੁਰਾ ਜਗਤ ਠਹਿਰਾਯੋ। ਅਬਹਿ ਅਪਰ ਉਤਪਾਤ ਉਠਾਯੋ॥੧੨॥ਹ੍ਵੈ ਜੈ ਹੈ ਕੁਛ ਤੇ ਕੁਛ ਔਰ। ਮਹਾਂ

---

[1] ਹੋਰ ਕਿਸ ਵਿੱਚ ਪਾ ਸਕੀਦੀ ਹੈ। [2] ਦੋ (ਪੀੜੀਆਂ ਉਪਰ ਹੋਣ ਤੇ) ਦੂਰ ਹਨ ਗੁਰਿਆਈ ਤੋਂ। [3] ਪ੍ਰਿਥਵੀ ਤੇ ਮਹਿੰਮਾ (ਸਾਡੀ) ਬੜੀ ਹਾਨ ਕਰਦੇ ਹਨ। [4] ਸਾਰੇ ਮਾਰਨ ਦੇ (ਜਤਨਾਂ) ਤੋਂ। [5] ਭੇਜੀ। [6] ਪਹਿਲੋਂ ਦੀ।

ਕਲੰਕਤਿ ਕਹਿਂ ਸਭਿ ਠੌਰ-।ਇੱਤ੍ਯਾਦਿਕ ਮਨ ਗਟੀ ਬਿਚਾਰਹਿ।-ਕਹਾਂ ਕਰੌਂ ਮੈਂ ਜਤਨ ਸੁਧਾਰਹਿ-॥੧੩॥ਪਾਤੀ ਕੋ ਉੱਤਰ ਲਿਖਿ ਦੀਨੋ।'ਤੁਮ ਹੋ ਬਡੇ ਸਕਲ ਬਿਧਿ ਚੀਨੋ। ਜਿਤਿਕ ਉਪਾਇ ਮੋਹਿ ਤੇ ਬਨੈ। ਕਰੌਂ ਸੁ ਮੈਂ ਜਿਮ ਚਿੰਤਾ ਹਨੈ ॥ ੧੪ ॥ ਕਹੇ ਤੁਮਾਰੇ ਮਹਿਂ ਦਿਨ ਰਾਤੀ।ਮਾਨੋਂ ਕਨੈਂ ਨ ਰਾਵਰੀ ਬਾਤੀ'। ਲਿਖੀ ਪਠਾਈ ਪੁਰਿ ਕਰਤਾਰ। ਪਠਤਿ ਧੀਰਮਲ ਆਨੰਦ ਧਾਰਿ॥੧੫॥ਕਹ੍ਯੋ ਮਸੰਦ ਸੰਗ ਸਮੁਝਾਇ।'ਸਫਲਹਿ ਤੇਰੋ ਕਹ੍ਯੋ ਉਪਾਇ। ਰਾਮਰਾਇ ਖ਼ਾਤਰ ਕਰਿ ਪਠੀ[1]। ਇਹੁ ਪਾਤੀ ਮੈਂ ਤਿਸ ਕੀ ਪਠੀ[2]॥ ੧੬ ॥ ਇਸ ਪ੍ਰਕਾਰ ਇਹ ਭਯੋ ਬ੍ਰਿਤੰਤ । ਗੁਰ ਦ੍ਰੋਹੀ ਅਨਹਿਤ[3] ਚਿਤਵੰਤਿ । ਬੁਰੇ ਭਲੇ ਕੀ ਸਾਰ ਨ ਜਾਨੈ। ਭਏ ਲੋਭ ਬਸਿ ਕੁੱਕ੍ਰਿਤ ਠਾਨੈਂ ॥ ੧੭ ॥ ਇਕ ਦਿਨ ਤੁਰਕੇਸ਼ੁਰ ਕੇ ਤੀਰ। ਬੈਠ੍ਯੋ ਰਾਮਰਾਇ ਨਰ ਭੀਰ। ਕਹ੍ਯੋ ਪ੍ਰਸੰਗ ਗੁਰਨਿ ਕੋ ਤੌਨ[4]। 'ਅਬਿ ਗਾਦੀ ਪਰ ਬੈਠ੍ਯੋ ਕੌਨ? ॥ ੧੮ ॥ ਸ਼੍ਰੀ ਹਰਿ ਕ੍ਰਿਸ਼ਨ ਬਾਲ ਬਯ ਜਾਂਹਿ। ਪਹੁੰਚੇ ਸੋ ਪ੍ਰਲੋਕ ਕੇ ਮਾਂਹਿ। ਅਧਿਕਾਰੀ ਸੁਤ ਹੁਤੋ ਨ ਕੋਇ। ਗਾਦੀ ਪਰ ਬੈਠਤਿ ਹੈ ਜੋਇ' ॥ ੧੯ ॥ ਰਾਮਰਾਇ ਸਭਿ ਬਾਤ ਸੁਨਾਈ। 'ਸ਼੍ਰੀ ਹਰਿ ਕ੍ਰਿਸ਼ਨ ਕਹੀ ਗੁਰਿਆਈ। ਹੁਤੋ ਹਮਾਰੀ ਕੁਲ ਮਹਿਂ ਏਕ। ਜਿਸ ਕੈ ਨਹਿਂ ਬਿਵਹਾਰ ਬਿਬੇਕ ॥੨੦॥ ਸੋ ਗਾਦੀ ਪਰ ਹੁਇ ਬਿਦਤਾਯੋ। ਸੁਨ੍ਯੋਂ ਸੁ ਮੈਂ ਨਿਜ ਨਗਰ ਬਸਾਯੋ। ਅਜ਼ਮਤ ਸਹਿਤ ਲੋਕ ਤਿਸ ਕਹੈਂ। ਅਰਪਹਿਂ ਦਰਬ ਕਾਮਨਾ ਲਹੈਂ ॥ ੨੧ ॥ ਪ੍ਰਗਟ੍ਯੋ ਗੁਰੂ ਤਬਹਿ ਲਖਿ ਲੇਹਿਂ[5]। ਢਿਗ ਰਾਵਰ ਕੇ ਅਜ਼ਮਤ ਦੇਹਿ। ਨਾਂਹਿ ਤ ਝੂਠ ਸਾਚ ਕਹਿ ਕਰਿ ਕੈ। ਬਿਰਮਾਵਹਿ ਨਰ ਗਨ ਛਲ ਧਰਿ ਕੈ' ॥੨੨॥ ਸੁਨਿ ਇਮ ਸ਼ਾਹੁ ਗਿਰਾ ਤਬਿ ਕਹੀ।'ਤੋ ਮਹਿਂ ਅਜ਼ਮਤ ਮੈਂ ਬਹੁ ਲਹੀ। ਨਹਿਂ ਏਤਿਕ ਕਿਸ ਅਪਰ ਮਝਾਰੀ। ਕਹਾਂ ਕਰਹਿਂ ਤਿਸ ਨਿਕਟਿ ਹਕਾਰੀ[6] ॥ ੨੩ ॥ ਤੁਮ ਭੀ ਗੁਰ ਘਰ ਕੇ ਸੁਤ ਪੋਤੇ। ਅਪਰ ਅਲਪ ਜਾਨੋਂ ਸਭਿ ਤੋ ਤੇ'।ਰਾਮਰਾਇ ਸੁਨਿ ਬਹੁਰ ਬਖਾਨੀ। 'ਤੁਮ ਮਾਲਕ ਹੋ ਸਕਲ ਸਥਾਨੀ ॥ ੨੪ ॥ ਤਿਸ ਮਹਿਂ ਬਸਹਿਂ ਜਿ ਨਰ ਸਮੁਦਾਇ। ਕ੍ਯੋਂ ਨ ਤੁਮਾਰੋ ਕਾਜ ਬਨਾਇਂ'। ਸੁਨਿ ਇਮ ਸ਼ਾਹੁ ਮੌਨ ਕਰਿ ਰਹ੍ਯੋ। ਅਪਰ ਪ੍ਰਸੰਗ ਚਲ੍ਯੋ ਕਿਸ ਕਹ੍ਯੋ[7] ॥ ੨੫ ॥ ਇਹ ਬ੍ਰਿਤੰਤ ਭਾ ਸਭਾ

[1]ਤਸੱਲੀ ਕਰ ਭੇਜੀ ਹੈ। [2]ਪੜ੍ਹੀ ਹੈ। [3]ਬੁਰਾ। [4]ਤਿਸ (ਪਾਤਸ਼ਾਹ) ਨੇ। [5]ਗੁਰੂ ਪ੍ਰਗਟਿਆ ਤਦੋਂ (ਅਸੀਂ) ਜਾਣਾਂਗੇ। [6]ਤਿਸ ਨੂੰ ਪਾਸ ਬੁਲਾਕੇ। [7]ਕਿਸੇ ਦਾ ਕਹਿਆ ਹੋਰ ਪ੍ਰਸੰਗ ਚੱਲ ਪਿਆ।

ਮਝਾਰੀ।ਸੁਨਯੋਂ ਸੁ ਪੁਰਿਕੀ ਸੰਗਤਿ ਸਾਰੀ।'ਰਾਮਰਾਇ ਇਨ ਸੰਗ ਖੁਟਾਈ। ਕਰਯੋ ਚਹਤਿ ਹੈ ਬਹੁ ਬਿਦਤਾਈ[1]' ॥ ੨੬ ॥ ਮਿਲਹਿਂ ਪਰਸਪਰ ਸਿਖ ਸਭਿ ਕਹੈਂ।'ਇਹ ਉਤਪਾਤ ਕਰਤਿ ਹੀ ਰਹੈ'। ਪੁਨ ਕੇਤਿਕ ਦਿਨ ਦੀਨਿ ਬਿਤਾਇ। ਪੁਨ ਸੰਗਤਿ ਮਿਲਿ ਕਰਿ ਸਮੁਦਾਇ ॥ ੨੭ ॥ ਦਰਸ਼ਨ ਕੀ ਲਾਲਸ ਬਹੁ ਜਾਗੀ। ਭਏ ਤਯਾਰ ਕੇਤਿਕ ਬਡਭਾਗੀ। ਲੈ ਲੈ ਵਸਤੁ ਅਜਾਇਬ ਚਲੇ। ਧਨ ਗਨ ਲੀਨਿ ਰਿਝਾਵਨਿ ਭਲੇ ॥ ੨੮ ॥ ਸਿਮਰਤਿ ਸਤਿਗੁਰ ਕੋ ਚਲਿ ਆਏ। ਪੰਥ ਅਨੰਦਪੁਰੇ ਨਿਯਰਾਏ । ਹਰਖੇ ਜਬਹਿ ਪ੍ਰਵੇਸ਼ੇ ਪੁਰਿ ਮੈਂ।ਪ੍ਰਥਮ ਸਿਵਰ ਕੋ ਕਰਿ ਸੁਖ ਉਰ ਮੈਂ॥੨੯॥ਪਾਇ ਰੁ ਪਾਨ ਪਖਾਰੇ ਪਾਨੀ। ਬਸਤ੍ਰ ਪਹਿਰ ਕਰਿ ਸ਼੍ਰਮ ਕੋ ਹਾਨੀ । ਸਭਿ ਅਕੋਰ ਲੈ ਗੁਰ ਢਿਗ ਗਏ। ਮਹਾਂ[2] ਮਸੰਦ ਅਗਾਊ ਭਏ ॥ ੩੦ ॥ ਚਰਨ ਕਮਲ ਪਰ ਅਰਪਿ ਅਕੋਰ। ਅਭਿਬੰਦਨ ਸਨਮੁਖ ਕਰ ਜੋਰਿ। ਬੈਠੇ ਦਰਸ਼ਨ ਕਰਿ ਹਰਖਾਏ। ਕੁਸ਼ਲ ਪ੍ਰਸ਼ਨ ਕੋ ਕੀਨਿ ਸੁਨਾਏ ॥ ੩੧ ॥ ਬਿਨਤੀ ਕਰਿ ਕਰਿ ਬਿਤ ਅਰਪੰਤੇ।ਸਭਿ ਸਿੱਖਜਨਿ ਕੇ ਨਾਮ ਭਨੰਤੇ।'ਮਹਾਂਰਾਜ!ਇਹ ਦਸਵੰਧ ਲਯਾਯੋ'।'ਇਨਹਿਂ ਮਨੋਰਥ ਗੁਰ ਤੇ ਪਾਯੋ' ॥੩੨॥ 'ਇਸ ਨੇ ਇਹ ਮਨੌਤ ਮਨ ਮਾਨੀ'। 'ਇਸ ਕੀ ਤੁਮ ਸਹਾਇਤਾ ਠਾਨੀ'। 'ਇਸ ਸਿਖ ਕੌ ਰੁਜ ਤਨ ਤੇ ਹਰਯੋ'। 'ਇਹ ਚਾਹਤਿ ਸਫਲਯੋ ਧਨ ਕਰਯੋ' ॥ ੩੩ ॥ ਇੱਤਯਾ-ਦਿਕ ਅਰਦਾਸ ਪ੍ਰਕਾਸ਼ਿ। ਧਰਹਿਂ ਅਕੋਰ ਚਰਨ ਕੇ ਪਾਸ। ਸੁਮਤਿਵੰਤ ਗੁਰਬਖਸ਼ ਮਸੰਦ। ਜਿਸ ਕੇ ਸਿਖ ਅਨੁਸਾਰਿ ਬਿਲੰਦ ॥ ੩੪॥ ਪੁਨ ਕਰ ਜੋਰਿ ਪ੍ਰਸੰਗ ਉਚਾਰੇ। 'ਸ੍ਰੀ ਹਰਿਕ੍ਰਿਸ਼ਨ ਬਿਕੁੰਠ ਸਿਧਾਰੇ। ਅੰਤ ਸਮੈਂ ਮੁਝ ਸੰਗ ਬਖਾਨਾ।–ਬਾਬਾ ਬਸਹਿ ਬਕਾਲੇ ਥਾਨਾ–॥ ੩੫ ॥ ਸੋ ਸਰੂਪ ਤੁਮ ਦੇਖੇ ਆਇ। ਦਾਸਨਿ ਲੋਕ ਪ੍ਰਲੋਕ ਸਹਾਇ'। ਸ੍ਰੀ ਗੁਰੁ ਮੁਸਕਾਏ ਮੁਖ ਕਹਯੋ। 'ਰਾਮਰਾਇ ਕੈਸੇ ਕਹਿ ਲਹਯੋ[3]? ॥ ੩੬ ॥ ਸ਼ਾਹੁ ਨਿਕਟਿ ਕਿਮ ਪਹੁੰਚੇ ਜਾਇ ?। ਕਿਮ ਤਿਨ ਸ੍ਰਾਪ ਦੀਨਿ ਰਿਸ ਪਾਇ? ਕੀਰਤਪੁਰਿ ਤੇ ਪ੍ਰਥਮ ਹਕਾਰੇ। ਤੁਰਕੇਸ਼ੁਰ ਕੋ ਸੀਖ ਸਿਖਾਰੇ ॥ ੩੭ ॥ ਜਬਿ ਪਹੁੰਚੇ ਤਬਿ ਕਯੋਂ ਦੁਖ ਪਾਯੋ?। ਕਹਾਂ ਬਿਗਾਰ ਕੀਨਿ ਪੁਰਿ ਜਾਯੋ?।ਜਿਸ ਤੇ ਸ੍ਰੀ ਹਰਿ ਕ੍ਰਿਸ਼ਨ ਕਿ ਸੰਗ। ਰਚਯੋ ਬਿਰੋਧ ਸ ਸ੍ਰਾਪ ਨਿਸੰਗ' ॥ ੩੮ ॥ ਸੁਨਿ ਗੁਰ-

[1]ਜ਼ਾਹਰ ਹੀ। [2]ਵਡੇ, ਮੁਖੀ। [3]ਰਾਮਰਾਇ ਨੇ ਕਿਵੇਂ (ਕਹਿ ਲਹਯੋ=) ਸਦਵਾ ਲਿਆ (ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ)। (ਅ) ਰਾਮਰਾਇ ਨੇ (ਗੁਰੂ ਹਰਿਕ੍ਰਿਸ਼ਨ ਜੀ ਨੂੰ ਕੈਸੇ ਕਹਿ=) ਕਿਹੋ ਜਿਹੇ ਜਾਣਿਆ ਸੀ। (ੲ) ਕਿਸ ਤਰ੍ਹਾਂ ਦਾ ਜਾਣਕੇ ਕੀਹ ਕਿਹਾ ਸੀ।

ਬਖਸ਼ ਬ੍ਰਿਤਾਂਤ ਸੁਨਾਯੋ। 'ਗੁਰਤਾ ਗੁਰ ਕੀ ਪਿਖਿ ਤਪਤਾਯੋ। ਕਹਿ ਬੁਲਿਵਾਇ ਆਸ਼ੈ ਏਵ:–ਮਿਲਹਿਂ ਨ ਤੁਰਕ ਸਾਥ ਗੁਰਦੇਵ॥੩੯॥ਜਾਹਿਂ ਪਲਾਇ ਕਿ ਜੰਗਲ ਦੇਸ਼। ਮਿਲਹਿਂ ਜਿ, ਫੂਟਹਿ ਪ੍ਰਨ ਸੁ ਵਿਸ਼ੇਸ਼–।ਬਹੁਰ ਸਿਖਾਯੋ ਅਜ਼ਮਤ ਹੇਰਹਿਂ। ਬਾਰਿ ਬਾਰਿ ਇਸ ਹੀ ਹਿਤ ਪ੍ਰੇਰਹਿ ॥ ੪੦ ॥ ਸ੍ਰੀ ਹਰਿਕ੍ਰਿਸ਼ਨ ਸੁ ਪਹੁੰਚੇ ਜਬੈ।ਤਿਸਤੇ ਮਹਿੰਮਾ ਅਧਿਕੀ ਤਬੈ।ਤੁਰਕੇਸ਼ੁਰ ਸੋਂ ਮਿਲੇ ਨ ਜਾਇ। ਇੱਤਯਾਇਕ ਪਿਖਿ ਰਿਸ ਉਪਜਾਇ॥੪੧॥ਅਪਰ ਨ ਬਸ ਕਛੁ ਚਲਯੋ ਅਗਾਰੇ। ਸ੍ਰਾਪ ਸੀਤਲਾ ਕੇਰ ਉਚਾਰੇ।ਹਰਖ ਨ ਸ਼ੋਕ ਗੁਰੂ ਕੋ ਹੋਯੋ। ਹੋਨਹਾਰ ਕਹੁ ਨੀਕੇ ਜੋਯੋ ॥ ੪੨ ॥ ਤਿਸ ਕਾਰਨ ਤੇ ਤਜਯੋ ਸ਼ਰੀਰ। ਸ੍ਰੀ ਹਰਿਕ੍ਰਿਸ਼ਨ ਮਹਾਂ ਮਤਿ ਧੀਰ। ਕੇਤਿਕ ਤਿਨ ਕੀਨੇ ਉਤਪਾਤ। ਅਜਹੁ ਨ ਬੈਠਤਿ ਚਿਤ ਕਰਿ ਸ਼ਾਂਤਿ ॥ ੪੩ ॥ ਏਕ ਦਿਵਸ ਰਾਵਰ ਕੀ ਗਾਥਾ। ਕਹਿਤਿ ਭਯੋ ਤੁਰਕੇਸ਼ੁਰ ਸਾਥਾ।–ਗੁਰੂ ਭਏ ਅਬਿ ਤਿਨਹੁਂ ਹਕਾਰੋ।ਅਜ਼ਮਤ ਨਾਨਾ ਬਿਧਿਨਿ ਨਿਹਾਰੋ–॥ ੪੪ ॥ ਸ਼ਾਹੁ ਨਹੀਂ ਮਾਨੀ ਕਛੁ ਬਾਤ। ਚਹਿਤਿ[1] ਆਪ ਸੋਂ ਭੀ ਉਤਪਾਤ। ਕਹਾਂ ਕਰਹਿਗੋ ਤੁਮਰੋ ਸੋਇ। ਕਿਮ ਸਮਸਰਤਾ ਪ੍ਰਾਪਤਿ ਹੋਇ ॥੪੫॥ ਗੁਰਤਾ ਨਹੀਂ ਹਾਥ ਕਿਮ ਆਵੈ। ਜਤਨ ਅਨੇਕ ਸੁ ਨਿਸ਼ਫਲ ਜਾਵੈ'। ਇੱਤਯਾਦਿਕ ਸਭਿ ਬਾਤ ਸੁਨਾਈ।ਮੁਸਕਾਨੇ ਸੁਨਿ ਤਬਹਿ ਗੁਸਾਈਂ ॥੪੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸੰਗਤਿ ਪ੍ਰਸੰਗ' ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥ ੩੨ ॥

### ੩੩. [ਗੁਰੂ ਜੀ ਦਾ ਤੀਰਥਾਂ ਨੂੰ ਪਵਿਤ੍ਰ ਕਰਨ ਟੁਰਨਾ]।

ਦੋਹਰਾ ॥ ਤੇਗ ਬਹਾਦਰ ਸਤਿਗੁਰੂ ਸਭਿ ਗਯਾਤਾ ਸੁ ਪ੍ਰਬੀਨ । ਲਖੀ ਭਵਿੱਖਯਤ ਬਾਰਤਾ ਜਿਮ ਹ੍ਵੈ ਹੈ ਸੋ ਚੀਨਿ[2] ॥੧॥ਚੌਪਈ॥ਪੁਨ ਸਿੱਖਨਨਿ ਕੋ ਕਰਨਿ ਉਧਾਰ। ਕਿਤਿਕ ਪ੍ਰਤੀਖਤਿ ਸਦਨ ਮਝਾਰ। ਪੂਰਬ ਦੇਸ਼ ਜੁ ਦੂਰ ਵਿਸ਼ੇਸ਼ੁ। ਸੰਗਤਿ ਕੋ ਅਭਿਲਾਖ ਅਸ਼ੇਸ਼ੁ ॥ ੨ ॥ ਗਮਨ ਤੀਰਥਨਿ ਕੀਨਿ ਬਹਾਨਾ। ਨਿਜ ਦਾਸਨਿ ਚਾਹਤਿ ਕੱਲਯਾਨਾ। ਪੁਰਿ ਅਨੰਦ ਜੇਤਿਕ ਬਸ ਗਏ। ਤਿਤੇ ਬਸਾਇ ਦੇਤਿ ਸੁਖ ਭਏ ॥ ੩ ॥ ਲਖਯੋ ਸ਼ਰੀਕਾ ਸੋਢਿਨਿ ਕੇਰਾ।–ਪਿਖਿ ਸੰਕਟ ਕੋ ਪਾਇਂ ਬਡੇਰਾ[3]। ਅਨਿਕ ਉਪਾਵਨਿ ਕੋ ਨਿਤ ਠਾਨੈਂ। ਦਰਬ ਲੋਭ ਜਿਨ ਰਿਦੈ ਮਹਾਨੈ ॥੪॥ ਹਮ ਚਿਤ ਸ਼ਾਂਤਿ ਧਰੇ ਬਹੁ ਰਹੇ। ਤਊ ਦੇਖਿ ਤਿਨ, ਉਰ ਦੁਖ ਦਹੇ। ਇਨ ਤੇ ਅਧਿਕ ਦੂਰ ਅਬਿ

[1](ਰਾਮਰਾਇ) ਚਾਹੁੰਦਾ ਹੈ। [2]ਸੋ ਜਾਣ ਲਈ। [3](ਸੋਢੀ) ਦੇਖ ਕੇ ਬੜਾ ਦੁੱਖ ਪਾਉਂਦੇ ਹਨ।

ਜਾਇ। ਬਿਨ ਦੇਖੇ ਹਮ ਕੌ, ਸੁਖ ਪਾਇ* ॥ ੫ ॥ ਤਾਂਤੇ ਗਮਨ ਕਰਨਿ ਅਬਿ ਆਛੇ। ਪੁਰਹਿਂ ਕਾਮਨਾ ਜੋ ਸਿਖ ਬਾਂਛੇ–। ਬਹੁ ਕਾਰਨ ਕੋ ਜਾਨਿ ਗੁਸਾਈਂ। ਕਹਿ ਨਿਜ ਲੋਕਨਿ ਸਕਲ ਜਨਾਈ ॥ ੬ ॥ 'ਸਰਬ ਭਾਂਤਿ ਤਯਾਰੀ ਕਰਿ ਲੀਜੈ। ਦੇਸ਼ ਬਿਦੇਸ਼ਨਿ ਬਿਚਰਨਿ ਕੀਜੈ।ਸਨੇ ਸਨੇ ਗਮਨੈਂ ਸੁਖ ਪਾਇ। ਡੇਰੇ ਸਜੰਦਨ ਸਾਜਿ ਬਨਾਇ' ॥7॥ ਕੇਤਿਕ ਦਾਸ ਫਕੀਰਨਿ ਸਾਥ। ਚਹਤਿ ਦਰਸ ਨਿਤ ਸਤਿਗੁਰੁ ਨਾਥ।–ਤੀਰਥ ਕਰੈਂ ਪੁੰਨ ਜਿਨ ਮਹਾਂ†। ਬਿਚਰਹਿ ਸੈਲ ਕਰਹਿਂ ਜਹਿਂ ਕਹਾਂ–॥ ੮ ॥ ਸਫਲ ਜਨਮ ਅਪਨੋ ਕੌ ਚਾਹਤਿ। ਇੱਤਜਾਦਿਕ ਕੋ ਜਾਨਿ ਉਮਾਹਤਿ। ਜੇਤਿਕ ਪੁਰਿ ਮਹਿਂ ਲੋਕ ਬਸਾਏ। ਕਰਿ ਇਕਠੇ ਸਭਿ ਨਿਕਟਿ ਬੁਲਾਏ ॥ ੯ ॥ ਸਾਦਰ ਕਹਜੋ 'ਬਸਹੁ ਸੁਖ ਪਾਇ। ਹਮ ਅਬਿ ਤੀਰਥ ਕਰਨਿ ਸਿਧਾਇ। ਕੇਤਿਕ ਦਿਨ ਇਸ ਜੰਗਲ ਦੇਸ਼[1]। ਕਰਹਿਂ ਬਿਤਾਵਨਿ ਹੋਇ ਪ੍ਰਵੇਸ਼ ॥ ੧੦ ॥ ਪੁਨ ਹਮ ਪੂਰਬ ਦਿਸ਼ਾ ਪਧਾਰੈਂ। ਬਿਚਰਹਿਂ ਤਹਿਂ ਕੇ ਦੇਸ਼ ਨਿਹਾਰਹਿਂ'। ਹਾਥ ਜੋਰਿ ਪੁਨ ਨਰਨਿ ਸੁਨਾਈ। 'ਤੁਮ ਹਮਰੇ ਨਿਤ ਨਾਥ ਸਦਾਈ॥ ੧੧ ॥ ਦੂਰ ਕਿ ਨਿਕਟਿ ਰਹਹੁ ਕਿਸ ਥਾਨੂ। ਸਦ ਸਮਰੱਥ ਗੁਰੂ ਭਗਵਾਨੂ।

---

[1]ਮਾਲਵਾ ਦੇਸ਼ ਵਿੱਚ।

*ਗੁਰੂ ਜੀ ਦੀ ਤਿਆਗ ਬ੍ਰਿਤੀ ਕਮਾਲ ਦੀ ਹੈ, ਪਹਿਲੋਂ ਗੁਰਿਆਈ ਤੋਂ ਛਪੇ ਰਹੇ ਫੇਰ ਲੈਣੋਂ ਨਾਂਹ ਕੀਤੀ, ਫੇਰ ਬਕਾਲਾ ਛਡ ਦਿੱਤਾ ਕਿ ਈਰਖੀ ਲੋਕ ਸੁਖੀ ਹੋ ਜਾਣ। ਅੰਮ੍ਰਿਤਸਰ ਆਏ ਏਥੇ ਬੀ ਈਰਖਾ ਦੇਖੀ ਤਾਂ ਤਿਆਗ ਮੁਖ ਰੱਖਕੇ ਮੁੜ ਗਏ, ਫੇਰ ਬਕਾਲਾ ਛੋੜ ਕੇ ਕੀਰਤ ਪੁਰ ਜਾ ਬਸੇ ਉਥੇ ਬੀ ਸ਼ਰੀਕਾ ਭਾਵ ਤੱਕਕੇ ਅਨੰਦਪੁਰ ਜਾ ਬਸਾਇਆ। ਅਜੇ ਬੀ ਸੋਢੀ ਸ਼ਰੀਕੇ ਨੂੰ ਠੰਢ ਨਾ ਪਈ ਤਾਂ ਆਪ ਪੰਜਾਬ ਛੋੜਕੇ ਪ੍ਰਦੇਸ਼ਾਂ ਨੂੰ ਟੁਰ ਪਏ ਕਿ ਅਸੀਂ ਪਾਸ ਨਾ ਹੋਵੀਏ ਤਾਂ ਏਹ ਸੁਖੀ ਹੋਣ ਤੇ ਮੰਨ ਮੰਨੀਆਂ ਮੌਜਾਂ ਕਰ ਲੈਣ। ਇਨ੍ਹਾਂ ਨੂੰ ਪਕੜਾਂ ਹਨ ਤੇ ਅਸੀਂ ਨਿਸ਼ਪਕੜ ਹਾਂ। ਧੀਰ ਮੱਲ ਨੇ ਜੋ ਦਿਲੀ ਮਨਸੂਬਾ ਬੱਧਾ ਸੋ ਬੀ ਇਹ ਸੀ ਕਿ ਜਿਵੇਂ ਦੇਸ਼ ਤੋਂ ਬਾਹਰ ਹੋ ਜਾਨ, ਸੋ ਤਿਆਗ ਦੇ ਸਰਦਾਰ ਆਪ ਹੀ ਉਠ ਕੇ ਟੁਰ ਪਏ ਕਿ ਤੁਸਾਂ ਲਈ ਅਸੀਂ ਆਪ ਹੀ ਦੇਸ਼ ਮੋਕਲਾ ਕਰ ਦੇਂਦੇ ਹਾਂ, ਪਾਪਾਂ ਦੇ ਭਾਗੀ ਹੋਕੇ ਤੁਸੀਂ ਕਿਉਂ ਭਾਰ ਚਾਉਂਦੇ ਹੋ।

†ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ। [ਤੁਖਾਰੀ ਮਃ ੪] ਇਸ ਤੁਕ ਅਨੁਸਾਰ ਸਤਿਗੁਰੂ ਜੀ ਤੀਰਥਾਂ ਨੂੰ ਤੇ ਤੀਰਥ ਵਾਸੀਆਂ ਨੂੰ ਤਾਰਨ ਤੁਰੇ ਹਨ ਨਾ ਕਿ ਤੀਰਥਾਂ ਦੀ ਯਾਤ੍ਰਾ ਨੂੰ, ਕਿਉਂਕਿ ਸਤਿਗੁਰੂ ਧੂਰ ਨੇ ਤਾਂ ਤੀਰਥਾਂ ਦੀ ਮੈਲ ਹਰਨੀ ਹੈ।

ਅਪਨੇ ਜਾਨਿ,ਸਹਾਇਕ ਰਹੀਅਹਿ। ਬਹੁਰੋ ਆਵਨਿ ਦੂਰਨਿ ਕਹੀਅਹਿ ॥ ੧੨ ॥ ਸਦਾ ਅਲੰਬ ਤੁਮਾਰੇ ਰਹੈਂ। ਸਦਾ ਪ੍ਰਤੀਖਤਿ ਹੀ ਚਿਤ ਚਹੈਂ। ਜਬਿ ਆਵਹੁ ਪੁਰਿ ਬਸਹਿ ਬਡੇਰਾ। ਨਾਂਹਿ ਤ ਇਤੋ ਹੋਇ ਜਿਮ ਹੇਰਾ[1]॥ ੧੩॥ ਸੁਨਿ ਸਤਿਗੁਰੂ ਪ੍ਰਸੰਨ ਬਿਸਾਲਾ। ਕਹਤਿ ਭਏ ਤਿਨ ਕੋ ਤਤਕਾਲਾ। 'ਮਹਾਂ ਪੁਰਖ ਜਬਿ ਜਨਮ ਸੁ ਪਾਵੈ। ਅਪਨੋ ਜਾਨਿ ਇਹਾਂ ਤਬਿ ਆਵੈ ॥ ੧੪ ॥ ਕਰਹਿ ਬਸਾਵਨਿ ਇਸਹਿ ਬਿਸਾਲਾ। ਰਚਨਾ ਅਧਿਕ ਹੋਇ ਤਤਕਾਲਾ। ਬੀਜ ਮਾਤ੍ਰ ਹਮ ਕੀਨਿ ਬਸਾਵਨਿ। ਤਰੁਵਰ ਸਮ ਤਬਿ ਹੋਇ ਬਿਧਾਵਨਿ ॥ ੧੫ ॥ ਲੋਕ ਹਜ਼ਾਰਹੁੰ ਨਿਤ ਪ੍ਰਤਿ ਆਵੈਂ। ਬਸਨਹਾਰ ਦੀਰਘ ਸੁਖ ਪਾਵੈਂ'। ਇੱਤਯਾਦਿਕ ਸੁਨਿ ਗੁਰ ਕੀ ਬਾਨੀ। ਸਭਿਨਿ ਜੋਰਿ ਕਰ ਬੰਦਨ ਠਾਨੀ ॥ ੧੬ ॥ ਤਬਿ ਸਤਿਗੁਰ ਤਯਾਰੀ ਕਰਿਵਾਈ। ਬਾਹਨ ਜ਼ੀਨ ਅਧਿਕ ਛਬਿ ਛਾਈ। ਸਭਿ ਕੋ ਧੀਰਜ ਦੇ ਕਰਿ ਭਲੇ। ਸਿੱਖ ਉਧਾਰਨਿ ਦੇਸ਼ਨਿ ਚਲੇ ॥ ੧੭॥ ਮਾਤ ਨਾਨਕੀ ਸਜੰਦਨ ਮਾਂਹੀ। ਪੁੱਤ੍ਰ ਸਨੇਹ ਧਾਰਿ ਸੰਗ ਜਾਹੀ। ਬਹੁਰ ਤੀਰਥਨਿ ਕੇ ਇਸ਼ਨਾਨ। ਅਧਿਕ ਸ਼ਰੀਕਾ ਸੋਢਨਿ ਜਾਨਿ ॥੧੮॥ ਸ਼੍ਰੀ ਗੁਜਰੀ ਚਢਿ ਕਰਿ ਤਬਿ ਡੋਰੇ। ਪਤਿ ਕੇ ਸੰਗ ਚਲੀ ਸੁਖ ਲੋਰੇ। ਭ੍ਰਾਤ ਕ੍ਰਿਪਾਲ ਸਾਥ ਨਿਜ ਕਰਿਓ। ਸੋ ਤੁਰੰਗ ਸੁੰਦਰ ਪਰ ਚਰਿਓ॥੧੯॥ਅਪਰ ਸਕਲ ਪਾਇਨ ਸੰਗ ਚਲੇ। ਜੇ ਚਾਹਤਿ ਪ੍ਰਲੋਕ ਹੁਇ ਭਲੇ। ਸ਼੍ਰੀ ਸਤਿਗੁਰ ਹੈ ਕੈ ਅਸਵਾਰ। ਸ਼੍ਰੀ ਨਾਨਕ ਉਰ ਸਿਮਰਨ ਧਾਰਿ ॥ ੨੦ ॥ ਮੰਦ ਮੰਦ ਗਮਨੇ ਗੁਰੁ ਸ੍ਵਾਮੀ। ਸਕਲ ਘਟਨਿ ਕੇ ਅੰਤਰਜਾਮੀ। ਪ੍ਰਥਮ ਸ਼ਿਵਰ ਦੁਇ ਕੋਸ ਲਗਾਯੋ। ਨਰ ਸਮੁਦਾਇ ਮਿਲਿਨਿ ਕੋ ਆਯੋ ॥ ੨੧ ॥ ਜੇਤਿਕ ਦਰਬ ਕੋਸ਼ ਮਹਿਂ ਜਾਨਾ। ਕੋਸ਼ਪਤੀ ਸੰਗ ਬਾਕ ਬਖਾਨਾ। ਏਕ ਦਾਸ ਕੋ ਪੁਰਿ ਮਹਿਂ ਤਯਾਗਾ। ਆਇਸੁ ਮਾਨਿ ਰਹਯੋ ਬਡਭਾਗਾ॥੨੨॥ਸਗਰੋ ਧਨ ਤਿਸ ਕੋ ਤਬਿ ਦੀਨਾ। ਕਹਯੋ ਗੁਰੂ 'ਲਖਿ ਖਰਚ ਪ੍ਰਬੀਨਾ[2] ! ਕੂਪ ਲਗਾਵਹੁ ਸਦਨ ਬਨਾਵਹੁ। ਖਰਚਹੁ ਪੁਰਿ ਕੇ ਹੇਤੁ ਬਸਾਵਹੁ ॥੨੩॥ ਜਿਮ ਸਭਿ ਲੋਕ ਅਧਿਕ ਸੁਖ ਪਾਇਂ। ਸੋ ਤੁਮ ਕੀਜਹਿ ਸਦਾ ਬਨਾਇ[3]। ਪੁਰਿ ਕੋ ਖੇਦ ਦਹਿ ਨਹਿਂ ਕੋਈ। ਜ ਕੋ ਦੇਹਿ, ਰਹੈ ਨਹਿਂ ਸੋਈ' ॥ ੨੪ ॥ ਇਮ ਤਿਸ ਕੋ ਸਮੁਝਾਇ ਗੁਸਾਈਂ। ਬੈਠੀ ਸੰਗਤਿ

[1]ਨਹੀਂ ਤਾਂ ਇਤਨਾ ਹੀ ਰਹੇਗਾ। [2]ਗੁਰੂ ਜੀ ਨੇ ਕਿਹਾ 'ਹੇ ਚਤੁਰ ! ਲਖਕੇ (ਸਮਝਕੇ) ਖਰਚ ਕਰੀਂ'। [3]ਭਾਵ ਨਾ ਬਿਰਥਾ ਗੁਆਈਂ ਨਾ ਸ਼ੂਮਪੁਣਾ ਕਰੀਂ'। [4]ਸੁਵਾਰ ਕੇ, ਚੰਗੀਤਰ੍ਹਾਂ।

ਢਿਗ ਸਮੁਦਾਈ। ਤਿਨਿ ਦਿਸ਼ਿ ਦੇਖਿ ਦ੍ਰਿਸ਼ਟਿ ਧੁਤਿ ਕਰੁਨਾ। ਚਾਹਹਿਂ ਤਿਨਹਿਂ ਕਲੇਸ਼ਨਿ ਹਰਨਾ॥੨੫॥ਕੁਛਕ ਦੀਨਿ ਉਪਦੇਸ਼ ਬਨਾਇ। ਬਹੁਰ ਬਿਸਰਜਨਿ ਕੀਨਿ ਸੁਨਾਇ।'ਭੋ ਸਿੱਖਹੁ ! ਨਰ ਤਨ ਇਹ ਰਤਨ। ਜਿਮ ਸਫਲਹਿ ਤਿਮ ਕੀਜਹਿ ਜਤਨ ॥੨੬॥ ਜਗ ਧੰਧੇ ਮਹਿਂ ਫਸਿ ਨ ਬਿਤਾ-ਵਹੁ। ਬਿਨਸ ਜਾਇ, ਪਿਖਿ ਨਹਿਂ ਬਿਰਮਾਵਹੁ। ਹੇਤੁ ਜੀਵਕਾ ਹੁਇ ਨਿਸ਼ਪਾਪ। ਕਰੌ ਕਾਰ ਕੌ–ਹਰਿ ਹਰਿ–ਜਾਪ ॥੨੭॥ ਮਨ ਮਹਿਂ ਸਿਮਰਨ ਕੀ ਲਿਵ ਰਾਖਹੁ।–ਸ੍ਵਾਸ ਨ ਬ੍ਰਿਥਾ ਜਾਇ–ਇਮ ਕਾਂਖਹੁ[1]। ਸੰਗਤਿ ਜਹਿਂ ਗੁਰੁ ਕੀ ਮਿਲਿ ਜਾਇ। ਸੇਵਾ ਕਰਹੁ ਪ੍ਰੇਮ ਉਪਜਾਇ ॥ ੨੮॥ ਪੱਖਾ ਪਾਨੀ ਪੀਸਨਿ ਕੀਜਹਿ। ਜਥਾ ਸ਼ਕਤਿ ਧਨ ਆਦਿਕ ਦੀਜੈ। ਅੰਨ ਬਸਨ ਅਰਪਨਿ ਕਰਿ ਦੈ ਹੌ। ਚਰਨਨਿ ਚਾਂਪ ਸਫਲਤਾ ਪੈ ਹੌ[2]॥੨੯॥ਅਬਿ ਤਪ ਕਰਿਬੇ ਕੌ ਨਹਿਂ ਕਾਲ। ਜਿਸ ਤੇ ਉਪਜਤਿ ਸ਼ਕਤਿ ਬਿਸਾਲ। ਤੀਨਹੁਂ ਦੇਵ ਆਦਿ ਜਗ ਅਹੇ। ਸੋ ਭੀ ਤਪ ਕੋ ਤਾਪਤਿ ਰਹੇ ॥ ੩੦ ॥ ਅਸ ਕੌ ਵਸਤੁ ਨ ਜਾਨੀ ਪਰੇ। ਪਾਇ ਨਹੀਂ ਤਪ ਤਾਪਨ ਕਰੇ। ਧ੍ਰੂ ਤੇ ਆਦਿ ਜਿਤਕ ਵਡਿਆਈ। ਅਧਿਕ ਪ੍ਰਤਾਪ ਹੋਇ ਬਿਰਧਾਈ[3] ॥ ੩੧ ॥ ਤਪ ਕਰਿਬੇ ਤੇ ਪ੍ਰਾਪਤਿ ਹੋਇ। ਤਪ ਕੀ ਮਹਿੰਮਾ ਕਹਿ ਸਭਿ ਕੋਇ। ਤਿਸ ਕੌ ਸਮਾ ਨਹੀਂ ਅਬਿ ਜਾਨਹੁਂ। ਨਿਰਬਲ ਪ੍ਰਾਨੀ ਬਿਦਤ ਪਛਾਨਹੁਂ ॥ ੩੨ ॥ ਤਿਸ ਤੇ ਸਹਸ ਗੁਨਾ ਫਲ ਪਾਵੈ। ਜੋ ਸਤਿ ਸੰਗਤਿ ਸੇਵ ਕਮਾਵੈ। ਤਪ ਕੀ ਮਹਿੰਮਾ ਤੇ ਅਧਿਕਾਈ। ਅਪਰ ਬਾਤ ਕਯਾ ਕਹੌਂ ਬਨਾਈ ॥ ੩੩ ॥ ਯਾਂਤੇ ਜਾਨਹੁਂ ਸੇਵਾ ਸਾਰ। ਸੇਵਹੁ ਸੰਤ ਕਿ ਗੁਰੁ ਦਰਬਾਰ। ਐਸੀ ਦੁਲਭ ਵਸਤੁ ਕਛੁ ਨਾਂਹੀ। ਸੇਵਹਿ ਸੰਗਤਿ ਬਹੁਰ ਨ ਪਾਹੀ ॥ ੩੪ ॥ ਮਹਾਂ ਮਹਾਤਮ ਸਿਮਰੇ ਨਾਮੁ। ਮਨ ਕੌ ਕੀਜਹਿ ਤਹਿਂ ਬਿਸਰਾਮ। ਸ੍ਵਾਰਥ ਕਿਧੌਂ ਅਕਾਰਥ ਬ੍ਰਿੰਦ[4]। ਫੁਰਹਿਂ ਸਦਾ ਮਨ ਥਿਰ ਨ ਰਹਿੰਦ[5] ॥ ੩੫॥ ਸਨੈ ਸਨੈ ਤਿਸ ਕੌ ਅਟਕਾਇ। ਕਰਹੁ ਟਿਕਾਵਨਿ ਕੋਰ ਉਪਾਇ। ਜਿਮ ਜਿਮ ਥਿਰਤਾ ਗਹੈ ਸੁਭਾਉ। ਤਿਮ ਤਿਮ ਨਿਪੁਨ ਕਰਹਿ ਬਿਰਧਾਊ[6] ॥ ੩੬ ॥ ਸਤਿਗੁਰੁ ਕੇ ਪਗ ਪੰਕਜ ਲਾਵੈ। ਕੈ ਲਿਵ ਨਾਮ ਬਿਖੈ ਅਟਕਾਵੈ। ਜਲ ਪ੍ਰਵਾਹ ਸਮ ਮਨ ਕੋ ਅਹੈ। ਜਿਤਹਿ ਕਰਹਿ ਤਿਤ ਹੀ ਨਿਤ ਬਹੈ[7] ॥ ੩੭॥ ਸਨੈ ਸਨੈ

[1]ਇਉਂ ਮੰਗੋ । [2]ਪਾਓਗੇ। [3]ਵੱਧੇ। [4]ਮਤਲਬ ਦੇ ਅਥਵਾ ਬੇਮਤਲਬੇ ਸਾਰੇ (ਸੰਕਲਪ)। [5]ਮਨ ਥਿਰ ਨਹੀਂ ਰਹਿੰਦਾ। [6]ਵਧਾਵਣਾ ਕਰੇ। [7]ਜਿਧਰ ਲਾਓ ਓਧਰੇ ਵਹਿ ਤੁਰਦਾ ਹੈ।

ਬਿਖ੍ਯਿਨਿ ਤੇ ਰੋਕੈ[1]।ਲਘੁ ਸੁਖ ਪੁਨ ਦੇ ਨਰਕ ਬਿਲੋਕੈ[2]। ਨਾਸ਼ਵੰਤ ਜਗ ਮੋਦ ਜੁ ਅਹੈ। ਅਲਪ ਕਾਲ ਮਹਿਂ, ਥਿਰ ਨਹਿਂ ਰਹੈ ॥ ੩੮ ॥ ਸਤਿਗੁਰ ਸੰਤਨਿ ਕੀ ਨਿਤ ਸੇਵਾ। ਕਰਿ ਮਨ ਅਮਲ ਜਨਾਇ ਸੁ ਭੇਵਾ[3]।ਦੁਖ ਜਬਿ ਆਨਿ ਕਿ[4] ਅਪਦਾ ਪਰੈ। ਪ੍ਰਭੁ ਭਾਣੋ ਲਖਿ ਸਿਰ ਪਰ ਧਰੈ ॥੩੯॥ ਜਾਨਿ ਕਰਮ ਫਲ ਤਰਕ ਨ ਠਾਨੈ। ਨਹਿਂ ਈਸ਼ੁਰ ਪਰ ਦੋਸ਼ ਬਖਾਨੈ। ਭੋਗਹਿ ਸੰਕਟ ਕੋ ਹਰਖਾਇ। ਲਖਹਿ ਕੁਕਰਮਨਿ ਫਲ ਬਿਨਸਾਇ[5] ॥ ੪੦ ॥ ਸੁਖ ਜਬਿ ਆਇ ਨ ਕਰਹਿ ਹੰਕਾਰ। ਜਾਨਹਿ ਦੀਨਿ[6] ਪ੍ਰਭੂ ਕਰਤਾਰ। –ਕ੍ਰਿਪਾ ਕਰੀ ਮੁਝ ਪਰ, ਗੁਰ ਦਯੋ[7]–। ਸਿਮਰਹਿ ਸੱਤਿਨਾਮ ਦੁਖ ਛਯੋ[?]॥ ੪੧ ॥ ਇੱਤਯਾਦਿਕ ਬਹੁ ਦੇ ਉਪਦੇਸ਼। ਸੰਗਤਿ ਕੀਨਸਿ ਬਿਦਾ ਅਸ਼ੇਸ਼। ਠਾਨਿ ਬੰਦਨਾ ਸਦਨ ਸਿਧਾਈ। ਬਸਿ ਤਹਿਂ ਸਤਿਗੁਰ ਰਾਤਿ ਬਿਤਾਈ ॥ ੪੨ ॥ ਭਈ ਪ੍ਰਭਾਤਿ ਅਗਾਰੀ ਚਾਲੇ। ਕਰਿ ਮੰਜ਼ਲ ਡੇਰਾ ਪੁਨ ਡਾਲੇਂ। ਸਨੇ ਸਨ ਚਲਿ ਮਗ ਬਿਚਰੰਤੇ। ਮਿਲਹਿ ਜੁ ਸਿੱਖ ਉਧਾਰ ਕਰੰਤੇ॥੪੩॥ ਜਹਾਂ ਜਾਇਂ ਸਿਖ ਸੁਨਿ ਗਨ ਆਵੈਂ। ਸਭਿ ਡੇਰੇ ਕੀ ਸੇਵ ਕਮਾਵੈਂ। ਰੋਪਰ ਨਗਰ ਉਲੰਘਤਿ ਆਏ। ਇਮ ਚਲਿ ਬਸੇ ਗ੍ਰਾਮ ਸਮੁਦਾਏ ॥੪੪॥ ਪਟਿਆਰੋ ਪੁਰਿ ਬਸਯੋ ਨ ਜਬੈ। ਤਿਸ ਤੇ ਪਰੇ ਗ੍ਰਾਮ ਲੰਘਿ ਤਬੈ। ਤਹਾਂ ਜਾਇ ਡੇਰਾ ਕਰਿ ਦੀਨਿ। ਬਸੇ ਨਿਸਾ ਸਿਖ ਸੇਵਾ ਕੀਨਿ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜਗ੍ਰਿੰਥੇ ਇਕਾਦਸ਼ਿ ਰਾਸੇ 'ਗੁਰੂ ਗਮਨ' ਪ੍ਰਸੰਗ ਬਰਨਨੰ ਨਾਮਤ੍ਰੀਨ ਤ੍ਰਿੰਸਤੀਅੰਸੂ॥੩੩॥

### ੩੪. [ਮੂਲੋਵਾਲ ਦਾ ਮਾਈਆ ਤੇ ਗੋਂਦਾ। ਸ਼ੇਖੇ ਦਾ ਤਿਲੋਕਾ ਜਿਵੰਧਾ]।

ਦੋਹਰਾ ॥ ਸ੍ਰੀ ਗੁਰ ਹਰਿਗਬਿੰਦ ਕੇ ਨੰਦਨ ਧੀਰ ਕ੍ਰਿਪਾਲ।ਸਹਿਜ ਸੁਭਾਇਕ ਬਿਚਰਤੇ ਪਹੁੰਚੇ ਮੂਲੋ ਵਾਲ ॥ ੧ ॥ ਚੌਪਈ ॥ ਦੇਖਿ ਗ੍ਰਾਮ ਗੁਰ* ਠਾਂਢੇ ਰਹੇ। ਰੁਚਿਰ ਉਚਿਤ ਥਲ ਤਹਿਂ ਕੋ ਲਹੇ। ਡੇਰਾ ਕੀਨਿ ਗ਼ਰੀਬਨਿਵਾਜ।ਅਪਰ ਟਿਕਾਯੋ ਸਕਲ ਸਮਾਜ ॥੨ ॥ ਬੀਤ ਗਈ ਘਟਿਕਾ ਜੁਗ ਜਬੈ। ਮਈਆ

---

[1](ਮਨ ਨੂੰ)ਰੋਕੇ। [2](ਕਿਉਂਕਿ ਵਿਸ਼ੇ)ਥੋੜਾ ਸੁਖ ਦੇ ਕੇ ਫੇਰ ਨਰਕ ਦਿਖਾਉਂਦੇ ਹਨ। [3](ਸੇਵਾ)ਮਨ ਨੂੰ ਨਿਰਮਲ ਕਰਕੇ ਭੇਤ ਨੂੰ ਜਣਾ ਦੇਂਦੀ ਹੈ, ਕਿ ਨਿਰਮਲ ਮਨ ਹੀ ਨਾਮ ਵਿਚ ਉੱਨਤ ਹੁੰਦਾ ਹੈ। ਅਥਵਾ ਸੇਵਾ ਨਾਲ ਮਨ ਨਿਰਮਲ ਹੁੰਦਾ ਹੈ ਤੇ ਜਿਨ੍ਹਾਂ ਸੰਤਾਂ ਦੀ ਸੇਵਾ ਕੀਤੀ ਹੈ ਉਹ ਨਿਰਮਲ ਮਨਾਂ ਨੂੰ ਸਾਈਂ ਨਾਲ ਮੇਲ ਦੇਣ ਦਾ ਭੇਤ ਜਣਾ ਦਿੰਦੇ ਹਨ। [4]ਦੁਖ ਜਦੋਂ ਆਵੇ ਯਾ''। [5]ਇਹੀ ਸਮਝੇ ਕਿ (ਸੰਕਟ ਭੋਗਣ ਨਾਲ ਕੀਤੇ ਹੋਏ) ਖੋਟੇ ਕਰਮਾਂ ਦਾ ਫਲ ਦੂਰ ਹੋ ਰਿਹਾ ਹੈ। [6]ਦਿੱਤਾ ਹੈ। [7]ਦਿੱਤਾ (ਹੈ ਸੁਖ)। *ਪਾ:–ਕਹੁ।

ਗੌਂਦਾ ਚੌਨਹੂੰ ਤਬੈ। ਆਨਿ ਬੰਦਨਾ ਕੀਨਸਿ ਗੁਰ ਕੋ। ਬੈਠੇ ਨਿਕਟਿ
ਭਾਉ ਕਰਿ ਉਰ ਕੋ ॥ ੩ ॥ ਸ੍ਰੀ ਸਤਿਗੁਰ ਤਿਨ ਸਾਥ ਬਖਾਨਾ। 'ਆਨਹੁ
ਸੁੰਦਰ ਜਲ ਹਿਤ ਪਾਨਾ। ਮਾਰਗ ਸਗਰੇ ਸ੍ਰਮ ਕੋ ਹਰਿਬੇ। ਹਾਥਨਿ ਪਾਂਵ
ਪਖਾਰਨਿ ਕਰਿਬੇ' ॥ ੪ ॥ ਸੁਨਿ ਗੋਂਦੇ ਤਬਿ ਬਾਕ ਉਚਾਰਾ।'ਇਹ ਜੋ ਕੂਪ
ਨੀਰ ਬਹੁ ਖਾਰਾ। ਕੰਕਰ ਬੀਚ ਪਰੇ ਜੁ ਸਮੂਹ। ਗ੍ਰਾਮ ਨ ਲੇਵਹਿ ਜਲ
ਇਸ ਖੂਹ ॥ ੫ ॥ ਹੁਕਮ ਆਪ ਕੋ ਜੇ ਅਬਿ ਹੋਇ। ਬਾਹਰ ਕੂਪ ਦੂਰ ਹੈ
ਸੋਇ। ਤਹਾਂ ਜਾਇ ਕਰਿ ਜਲ ਕੋ ਲ੍ਯਾਵੈਂ। ਲਗਹਿ ਬਿਲਮ ਪਰ ਆਛੋ
ਆਵੈ ॥ ੬ ॥ ਸਗਰੋ ਗ੍ਰਾਮ ਤਹਾਂ ਤੇ ਆਨੈਂ।ਪੀਵਤਿ ਪਾਨੀ ਦਿਨ ਗੁਜ਼ਰਾਨੈਂ।
ਕਠਨ ਲ੍ਯਾਇਬੋ ਸਭਿ ਕੋ ਅਹੈ। ਤਊ ਲ੍ਯਾਇਂ ਨੀਕੋ ਤਿਸ ਲਹੈਂ' ॥
੭ ॥ ਨੀਰ ਕਠਨਤਾ ਲ੍ਯਾਵਨਿ ਕੇਰੀ। ਸ੍ਰੀ ਸਤਿਗੁਰੁ ਸੁਨਿ ਕੈ ਤਿਸ
ਬੇਰੀ। ਤਿਨ ਪਰ ਕਰਨਿ ਹੇਤੁ ਉਪਕਾਰਾ। ਕਹ੍ਯੋ ਬਾਕ 'ਇਹੁ ਹੋਇ ਨ
ਖਾਰਾ ॥ ੮ ॥ ਬਿਚ ਤੇ ਕੰਟਕ ਸਕਲ ਕਢਾਓ।ਊਪਰ ਤੇ ਸੁੰਦਰ ਕਰਿਵਾਓ।
ਹੋਹਿ ਮਧੁਰ ਜਲ ਸੀਤਲ ਅਬੈ। ਪੀਵਹੁ ਗ੍ਰਾਮ ਬਿਖੈ ਨਰ ਸਬੈ ॥ ੯ ॥
ਪ੍ਰਥਮ ਹਮਾਰੇ ਕਾਰਨ ਲ੍ਯਾਵਹੁ। ਵਾਹਿਗੁਰੂ ਕਹਿ ਕਰਿ ਮੁਖ ਪਯਾਵਹੁ'।
ਸੁਨਿ ਬਿਸਮ੍ਯੋਂ ਗੋਂਦਾ ਹੁਲਸਾਯੋ। ਮਾਨ੍ਯੋਂ ਬਚਨ ਨੀਰ ਸੋ ਲ੍ਯਾਯੋ॥੧੦॥
ਸ੍ਰੀ ਸਤਿਗੁਰੁ ਜਬਿ ਪੀਵਨਿ ਕਰ੍ਯੋ। ਸੀਤਲ ਮਧੁਰ ਸ੍ਵਾਦ ਕੋ ਭਰ੍ਯੋ।
ਤ੍ਰਿਪਤ ਹੋਇ ਕਰਿ ਬਾਕ ਬਖਾਨਾ।'ਇਹੁ ਤੌ ਸੁੰਦਰ ਮਧੁਰ ਮਹਾਨਾ॥੧੧॥
ਅਬਿ ਤੇ ਕੂਪ ਗੁਰੂ ਕੋ ਹੋਇ। ਅਪਰ ਜਿ ਇਹਾਂ ਲਗਾਵਸਿ ਕੋਇ।ਨੌ ਲਗਿ
ਲਗਹਿਂ, ਹੋਹਿਂ ਦਸ ਸਾਰੇ[1] । ਇਕਦਸ਼ਮੋ[2] ਜੇ ਬਹੁਰ ਉਸਾਰੇ ॥ ੧੨ ॥
ਸੋ ਨਹਿਂ ਲਗਹਿ ਹੁਕਮ ਹੈ ਐਸੇ। ਭਗਨਿ ਬਿਦੀਰਨ ਹੋਇ ਸੁ ਕੈਸੇ[3]'।
ਇਹ ਜੋ ਬਾਕ ਗੁਰੂ ਕੋ ਭਯੋ। ਅਬਿ ਲਗਿ ਇਕਦਸ਼ਮੋ ਨਹਿ ਥਿਯੋ॥੧੩॥
ਦਸ ਹੀ ਕੂਪ ਰਹੈਂ ਤਿਸ ਗ੍ਰਾਮ। ਸਲਿਲ ਭਯੋ ਸੀਤਲ ਅਭਿਰਾਮ। ਜਲ
ਕੋ ਪ੍ਰਥਮ ਗੁਰੂ ਜਬਿ ਪਿਯੋ। ਪੁਨ ਮਾਈਏ ਅਰੁ ਗੋਂਦੇ ਪਿਯੋ ॥੧੪॥ ਪਾਇ
ਸ੍ਵਾਦ ਜਲ ਕੋ ਬਿਸਮਾਏ। ਗੁਰ ਪਗ ਪੰਕਜ ਸ਼ਰਧ ਵਧਾਏ। ਗ੍ਰਾਮ ਬਿਖੈ
ਭਈ ਕਥਾ ਅਨੂਪ। 'ਸ੍ਰੀ ਗੁਰੁ ਮੀਠਾ ਕੀਨਸਿ ਕੂਪ' ॥ ੧੫ ॥ ਸਰਬ ਭਾਉ
ਧਰਿ ਬੰਦਨ ਕਰਿਹੀਂ।ਅਨਿਕ ਭਾਂਤਿ ਕੇ ਗੁਨਨਿ ਉਚਰਿਹੀਂ।ਇਕ ਦੁਇ

---

[1] ਨੌ ਤੱਕ ਲੱਗਣਗੇ, ਤੇ ਸਾਰੇ ਦਸ ਹੋਣਗੇ। [2] ਯਾਰ੍ਹਵਾਂ। [3] ਕਿਵੇਂ ਨ ਕਿਵੇਂ ਢਹਿਕੇ ਨਾਸ਼ ਹੋ ਜਾਵੇਗਾ।

ਦਿਨ ਗੁਰੁ ਉਹਾਂ ਗੁਜ਼ਾਰੇ*। ਉਪਦੇਸ਼ਤਿ ਸਤਿਨਾਮ ਸੁਖਾਰੇ ॥੧੬॥ ਸੇਵਾ ਗੋਂਦੇ ਨੀਕ ਨ ਕਰੀ। ਹਿਰਦੈ ਅਧਿਕ ਨ ਸ਼ਰਧਾ ਧਰੀ। ਅਪਰ ਹੁਤੇ ਸੋ ਕਰਤੇ ਰਹੇ। ਜਥਾ ਸ਼ਕਤਿ ਉਰ ਪ੍ਰੀਤੀ ਲਹੇ ॥ ੧੭ ॥ ਸ੍ਰੀ ਗੁਰੁ ਤਿਨ ਕੋ ਪਾਗ ਬੰਧਾਈ। 'ਅਬਿ ਤੁਮ ਚੌਧਰ ਲਿਹੁ ਇਸ ਥਾਂਈ। ਬਨਹੁ ਗ੍ਰਾਮ ਕੇ ਮੁੱਖਜ ਉਦਾਰੇ। ਤੁਮਰੇ ਅਨੁਸਾਰੀ ਹੁਇਂ ਸਾਰੇ' ॥੧੮॥ ਸੁਨਿ ਗੋਂਦਾ ਆਯੋ ਤਬਿ ਧਾਇ। ਹਾਥ ਜੋਰਿ ਕਰਿ ਕਹ੍ਯੋ ਸੁਨਾਇ। 'ਚੌਧਰਤਾ ਮੇਰੇ ਘਰ ਮਾਂਹੀ। ਅਪਰ ਕਿਸੀ ਕੋ ਮਿਲਿ ਹੈ ਨਾਂਹੀ ॥ ੧੯ ॥ ਹੈ ਹਮੇਸ਼ ਤੇ ਮਮ ਅਨੁਸਾਰੇ। ਬਸੈਂ ਗ੍ਰਾਮ ਮਹਿਂ ਜੋ ਨਰ ਸਾਰੇ। ਅਪਰ ਚੌਧਰੀ ਕਿਮ ਠਹਿਰਾਵਹੁ। ਰੰਕਨਿ ਕੋ ਪਦ ਊਚ ਬਿਠਾਵਹੁ' ॥੨੦॥ ਗੁਰੂ ਕਹ੍ਯੋ 'ਗੋਂਦੇ! ਸੁਨਿ ਲੇਹੁ। ਪ੍ਰਥਮ ਚੌਧਰੀ ਤੁਮ ਸਭਿ ਕੇਹੁ। ਅਬਿ ਤੁਮਰੇ ਘਰ ਰਹੈ ਨ ਕੋਇ। ਯਾਂਤੇ ਅਪਰ ਚੌਧਰੀ ਹੋਇ' ॥ ੨੧॥ ਤਬਿ ਕੋ ਪੰਚਪਨੋ[1] ਤਿਨ ਕੇਰਿ। ਰਹ੍ਯੋ ਨ, ਭਏ ਸੁ ਅਪਰ ਬਡੇਰ। ਪੁਨ ਸ੍ਰੀ ਗੁਰੁ ਨੇ ਕੀਨਸਿ ਪਯਾਨਾ। ਪਹੁੰਚੇ ਸ਼ੇਖੇ ਗ੍ਰਾਮ ਸਥਾਨਾ ॥੨੨॥ ਛਾਯਾ ਜਲ ਕੋ ਸੁਖ ਜਹਿਂ ਹੇਰਾ। ਗ੍ਰਾਮ ਵਹਿਰ ਕੀਨਸਿ ਗੁਰ ਡੇਰਾ। ਤਹਾਂ ਜਾਟ ਜੀਵੰਧਾ[2]† ਰਹੈ। ਨਾਮ ਤਿਲੋਕਾ ਤਿਸ ਕੋ ਕਹੈਂ ॥ ੨੩ ॥ ਬਹੁ ਗ੍ਰਾਮਨਿ ਕੋ ਬਡ ਸਰਦਾਰ। ਜਿਸ ਕੇ ਲੋਕ ਬ੍ਰਿੰਦ ਅਨੁਸਾਰਿ। ਸਿੱਖ ਬਿਰਾਗੀ ਕੋ ਸੋ ਅਹੈ। ਤਿਸ ਕੇ ਹੁਕਮ ਬਿਖੈ ਨਿਤ ਰਹੈ ॥ ੨੪ ॥ ਸ੍ਰੀ ਗੁਰ ਕੋ ਆਵਨਿ ਸੁਨਿ ਪਾਯੋ।-ਮਿਲੌਂ ਕਿ ਨਹੀਂ-ਭਰਮ ਉਪਜਾਯੋ। ਅਪਨੇ ਗੁਰੁ ਬੈਰਾਗੀ ਸਾਥ। ਮਿਲਿਬੇ ਹਿਤ ਬੂਝੀ ਸਭਿ ਗਾਥ ॥ ੨੫ ॥ 'ਗੁਰੁ ਨਾਨਕ ਕੀ ਗਾਦੀ ਪਰ ਹੈਂ। ਸਰਬ ਲੋਕ ਮਿਲਿ ਬੰਦਨ ਕਰਿ ਹੈਂ। ਵਹਿਰ ਆਨਿ ਉਤਰਯੋ ਤਿਨ ਡੇਰਾ। ਮਿਲੌਂ ਕਿ ਨਹਿਂ, ਭਰਮਤਿ ਚਿਤ ਮੇਰਾ' ॥ ੨੬ ॥ ਸੁਨਤਿ ਬਿਰਾਗੀ ਛੁਭ੍ਯੋ ਬਿਸਾਲ। -ਜੇ ਕਰਿ ਜਾਇ ਮਿਲੈ ਤਿਨ ਨਾਲ। ਹੋਇ ਨ ਐਸੇ, ਇਹ ਫਿਰ ਜਾਇ। ਲੇ ਸਿੱਖੀ ਤਿਨ ਸੀਸ ਨਿਵਾਇ ॥ ੨੭ ॥ ਜਬਿ ਇਹ ਜਾਇ, ਪ੍ਰਬੋਧਹਿਂ[3] ਸੋਇ। ਨਹਿਂ ਮਨਤਾ ਮੇਰੀ ਪੁਨ ਹੋਇ। ਇਸ ਫਿਰਗਏ ਅਪਰਿ ਫਿਰ ਜਾਇਂ। ਗੁਰ ਕੇ ਸਿੱਖ ਬਨਹਿਂ ਸਮੁਦਾਇਂ ॥ ੨੮ ॥ ਮੋ ਕਹੁ ਨਮਸਕਾਰ ਨਹਿਂ ਕਰਿ ਹੀਂ। ਆਨਿ ਉਪਾਇਨ ਬਹੁਰ ਨ ਧਰਿਹੀਂ। ਯਾਂਤੇ ਅਬਿ ਹੀ ਬਨਹਿ

[1]ਚੌਧਰਤਾ। [2]ਜਾਤ ਜੱਟ ਗੋਤ ਜਵੰਧਾ। [3]ਉਪਦੇਸ਼ ਦੇਣਗੇ (ਇਸਨੂੰ)।

*ਪਾ:-ਇਕ ਦੁਇ ਦਿਨ ਤਹਾਂ ਕਰਹਿਂ ਗੁਜ਼ਾਰੇ। †ਪਾ:-ਜੀਵੰਦਾ।

ਉਪਾਇ।ਮਿਲਿਨੇ ਦੇਉਂ ਨ, ਲੇਹੁ ਹਟਾਇ ॥੨੯॥ ਜੇ ਮਿਲ ਕਰਿ ਮਹਿਮਾ ਲੇ ਜਾਨਿ। ਪੁਨ ਮਮ ਕਹਯੋ ਨ ਧਰਿ ਹੈ ਕਾਨ–। ਇਮ ਬਿਚਾਰ ਕਰਿ ਕਹਯੋ ਬਿਰਾਗੀ। 'ਸੁਨਹੁ ਤਿਲੋਕਾ! ਹਰਿ ਅਨੁਰਾਗੀ ॥ ੩੦ ॥ ਅਪਨ ਪੰਥ ਕੋ ਹੌਰਾ ਗੌਰਾ।ਸੁਨਤਿ ਜਾਇ ਮਿਲੀਅਹਿ ਤਿਸ ਠੌਰਾ[1]। ਸ਼ੁਭ ਮਾਰਗ ਕੀ ਬਾਤ ਬਤਾਵੈ। ਦਰਸ਼ਨ ਬੋਲਨਿ ਪੁੰਨ ਉਪਾਵੈ ॥ ੩੧॥ ਬਧਹਿ ਧਰਮ ਸੁਧਰਹਿ ਪਰਲੋਕ। ਸੁਜਸੁ ਕਹੈਂ ਨਿਜ ਪੰਥੀ ਲੋਕ। ਪਰ ਮਤ ਕੌ[2] ਮਿਲਿਬੋ ਨਹਿਂ ਨੀਕਾ। ਨਹਿਂ ਕੱਲਯਾਨ ਹੋਤਿ ਤਿਸ ਜੀਕਾ॥ ੩੨ ॥ ਤੁਮ ਧਨਵਾਨਨਿ ਕੋ* ਢਿਗ ਜਾਇ[3]। ਲੇਂ ਬਿਰਮਾਇ ਸੁ ਬਾਤ ਬਨਾਇ। ਅਨਿਕ ਮਤਨਿ ਕੇ ਚਾਹਤਿ ਐਸੇ।–ਧਨੀ ਹੋਹਿਂ ਸਿਖ ਹਮਰੇ ਜੈਸੇ–॥੩੩॥ ਜਯੋਂ ਕਯੋਂ ਕਹਿ ਮਨ ਕੋ ਬਿਰਮਾਵੈਂ–।ਬਨਹਿਂ ਸਿੱਖ ਬਹੁ ਦਰਬ ਚਢਾਵੈਂ–। ਅਪਨਿ ਪੰਥ ਤੇ ਬੇਮੁਖ ਹੋਇ। ਮਿਲਿ ਪਰਮਤਿ[4] ਧਨ ਅਰਪਹਿਂ ਸੋਇ ॥ ੩੪ ॥ ਯਾਂਤੇ ਨਹਿਂ ਮਿਲੀਅਹਿ ਕਿਸ ਸਾਥ। ਲਿਹੁ ਤੁਲਸੀ ਚਰਨੋਦਕ ਹਾਥ'। ਇਮ ਬਰਜਯੋ ਹਟਿ ਰਹਯੋ ਤਿਲੋਕਾ। ਨਹਿਂ ਸ਼੍ਰੀ ਗੁਰੁ ਕੋ ਦਰਸ ਬਿਲੋਕਾ ॥ ੩੫ ॥ ਕਰੀ ਨ ਸੇਵਾ ਕਿਸੂ ਪ੍ਰਕਾਰ। ਅਤਿਸ਼ੈ ਮੂਰਖ ਮੰਦ ਗਵਾਰ। ਦਿਨ ਦੋਇਕ ਤਹਿਂ ਰਾਖਯੋ ਡੇਰਾ। ਸਹਿਜ ਸੁਭਾਇਕ ਗੁਰੁ ਤਿਸ ਬੇਰਾ ॥ ੩੬ ॥ ਬੈਠੇ ਹੁਤੇ ਲੋਕ ਕੁਛ ਪਾਸ। ਕਰਤਿ ਬਾਰਤਾਲਾਪ ਪ੍ਰਕਾਸ਼। ਨਿਕਸਯੋ ਵਹਿਰ ਜਿਵੰਧਾ[5] ਗਯੋ। ਜਿਤ ਦਿਸ਼ਿ ਗੁਰੁ, ਹਟਿ ਤਿਸ ਦਿਸ਼ਿ ਅਯੋ[6] ॥ ੩੭ ॥ ਨਿਕਟਿ ਨਹੀਂ ਗੁਰ ਕੇ ਚਲਿ ਆਯੋ। ਨਹੀਂ ਭਾਵ ਕਰਿ ਸੀਸ ਨਿਵਾਯੋ। ਨਹੀਂ ਸਮੀਪ ਜਾਇ ਕਰਿ ਬੈਸਾ। ਬੋਲਯੋ ਸੁਨਯੋਂ ਬਾਕ ਨਹਿਂ ਕੈਸਾ॥੩੮॥ਗ੍ਰਾਮ ਪ੍ਰਵੇਸ਼ ਭਯੋ ਜਬਿ ਲਹਯੋ। ਸ਼੍ਰੀ ਗੁਰ ਤੇਗਬਹਾਦਰ ਕਹਯੋ। 'ਕੌਨ ਹੁਤੋ ਇਹ ਗਮਨਯੋ ਗ੍ਰਾਮ? । ਕੌਨ ਜਾਤਿ ਕੁਲ ਕਯਾ ਹੈ ਨਾਮ?' ॥ ੩੯ ॥ ਤਹਿਂ ਕੇ ਨਰ ਗੁਰੁ ਢਿਗ ਜੋ ਅਹੈਂ। ਤਿਨਹੁਂ ਪ੍ਰਸੰਗ ਤਿਸੀ ਕਹੁ ਕਹੈਂ। 'ਇਹ ਜੀਵੰਧਨਿ ਮਹਿਂ ਸਿਰਦਾਰ। ਬਹੁਤੇ ਲੋਕ ਰਹੈਂ ਅਨੁਸਾਰਿ ॥ ੪੦ ॥ ਘਰ ਤੇ ਵਹਿਰ ਜਿ ਕਿਤ ਕੋ ਚਾਲੈ। ਨਰ ਸਮੁਦਾਇ

[1]ਆਪਣੇ ਪੰਥ ਦਾ ਚਾਹੇ ਕੋਈ ਹੌਲਾ ਚਾਹੇ ਭਾਰੀ ਹੋਵੇ ਸੁਣਦਿਆਂ ਸਾਰ ਜਾ ਕੇ ਤਿਸ ਥਾਂ ਮਿਲੀਏ। [2]ਪਰਾਏ ਮਤ ਵਾਲੇ ਨੂੰ। [3]ਤੇਰੇ (ਵਰਗੇ) ਧਨੀ ਲੋਕਾਂ ਦੇ (ਤਿਸ ਗੁਰੂ ਜੀ ਦੇ) ਪਾਸ ਜਾਣ ਤੇ (ਉਹ)। [4]ਪਰਾਏ ਮਤ ਵਿੱਚ ਮਿਲਕੇ। [5]ਭਾਵ ਤਿਲੋਕਾ। [6]ਜਿਸ ਪਾਸੇ ਗੁਰੂ ਜੀ ਸਨ ਉਸ ਪਾਸਿਓਂ ਹਟ ਆਇਆ। *ਪਾਠ:–ਧਨਵਾਦ ਤਿਨ ਕੇ।

ਚਲਹਿ ਇਸ ਨਾਲੇ। ਅਬਿ ਭੀ ਹੁਤੇ ਸੰਗ ਨਰ ਬ੍ਰਿੰਦ। ਮਾਨਹਿਂ ਇਨ
ਕੋ ਹੁਕਮ ਬਿਲੰਦ ॥ ੪੧ ॥ ਜੀਵੰਧਨਿ ਕੋ ਬਾਹਿਯਾ[1] ਸਾਰਾ। ਤਿਨ ਮਹਿਂ
ਇਹੁ ਸਰਦਾਰ ਉਦਾਰਾ'। ਸੁਨਿ ਸਤਿਗੁਰ ਬੋਲੇ ਰਿਸ ਭੋਈ। 'ਨਹਿਂ
ਬਾਹਿਯਾ ! ਨਹਿਂ ਤੇਹਿਯਾ ਕੋਈ ॥ ੪੨॥ ਕਛੁ ਨਹਿਂ ਰਹਹਿ ਉਜਰ ਸਭਿ
ਜਾਵਹਿ। ਬਚਹਿਂ ਜੁ ਅਪਰ ਸੁ ਗ੍ਰਾਮ ਬਸਾਵਹਿਂ। ਨਹਿਂ ਸਰਦਾਰੀ ਨਹਿਂ
ਸਰਦਾਰ। ਮਰਿ ਮਰਿ ਜਨਮਹਿਂ ਹੋਹਿਂ ਖੁਆਰ ॥੪੩॥ ਹੋਇ ਏਮਨਾਬਾਦ
ਸਮਾਨ। ਬਿਨਸਹਿਂ ਸ਼ੀਘ੍ਰ ਮਹਾਨ ਅਜਾਨ'। ਇਕ ਸਿਖ ਸੇਵ ਕਰੀ ਸੁਨਿ
ਗਯੋ। ਨਿਜ ਕੁਟੰਬ ਸੰਗ ਉਚਰਤਿ ਭਯੋ ॥ ੪੪ ॥ ਬੱਜ੍ਰ ਸਮਾਨ ਸ੍ਰਾਪ*
ਇਹ ਹੁਯੋ। ਜਿਸ ਤੇ ਜੀਵੰਧਨਿ ਕੁਲ ਛਯੋ। ਸਭਿ ਬਾਹਿਯੇ ਕੋ ਹੋਯਹੁ
ਨਾਸ਼। ਕਰਿਕਾ ਸਮ ਗਰਿਗੇ ਨਰ ਨਾਸ਼[2] ॥੪੫॥ਤਹਿਂ ਤੇ ਸ੍ਰੀ ਗੁਰੁ ਕੂਚ
ਕਰਾਏ। ਪਹੁੰਚੇ ਆਇ ਨਗਰ ਹਡਿਆਏ। ਉਤਰੇ ਤਹਾਂ ਲਗਾਯੋ ਡੇਰਾ।
ਕਛ ਮਿਲਿ ਗ੍ਰਾਮ[3] ਅਏ ਤਿਸ ਬੇਰਾ॥੪੬॥ਡਰੇ ਸ੍ਰਾਪ ਤੇ ਬਿਨਤੀ ਠਾਨੀ।
'ਕਿਮ ਸਭਿ ਹੀ ਕੀ ਕਰਤੇ ਹਾਨੀ'। ਸ੍ਰੀ ਗੁਰੁ ਕਹਯੋ 'ਹੁਕਮ ਹੈ ਐਸੇ।
ਮੇਟ ਸਕਹਿ ਕੋ ਇਸ ਨਹਿਂ ਕੈਸੇ' ॥੪੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ
ਇਕਾਦਸ਼ਿ ਰਾਸੇ 'ਗ੍ਰਾਮ ਬਿਚਰਨਿ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥ ੩੪ ॥

### ੩੫. [ਹਡਿਆਏ ਨਗਰ ਤਾਪ ਦੇ ਰੋਗੀ ਅਰੋਗ ਕੀਤੇ]।

ਦੋਹਰਾ ॥ ਵਹਿਰ ਹਡਆਏ ਨਗਰ ਤੇ ਉਤਰਿ ਰਹੇ ਸ਼ੁਭ ਥਾਇਂ। ਬੈਠੇ ਗੁਰੂ

[1]ਬਾਈ ਪਿੰਡਾਂ ਦੇ ਇਲਾਕੇ ਦਾ ਸਮੁੱਚਾ ਨਾਮ। [2]ਗੜਿਆਂ ਵਤ ਗਲ ਕੇ ਨਰ ਨਾਸ਼ ਹੋ ਗਏ।
[3]ਭਾਵ. ਪਿੰਡ ਦੇ ਲੋਕ। *ਇਸਨੂੰ ਸ੍ਰਾਪ ਨਹੀਂ ਕਹਿਣਾ ਚਾਹੀਏ ਕਿਉਂਕਿ ਅੰਕ
੪੭ ਵਿਚ ਗੁਰੂ ਜੀ ਆਪ ਦੱਸਦੇ ਹਨ ਕਿ 'ਹੁਕਮ ਹੈ ਐਸੇ, ਮੇਟ ਸਕਹਿ ਕੋ ਇਸ ਨਹਿਂ
ਕੈਸੇ' ਭਾਵ ਅਸਾਂ ਵਾਹਿਗੁਰੂ ਦਾ ਹੁਕਮ ਦੱਸਿਆ ਹੈ ਜਿਸਨੂੰ ਕੋਈ ਨਹੀਂ ਮੇਟ
ਸਕਦਾ। ਇਹ ਅਗੰਮ ਵਾਚਨਾ ਹੈ।

†ਨਰੋਤਮ ਤਾਰਾ ਸਿੰਘ ਜੀ ਲਿਖਦੇ ਹਨ ਕਿ ਗ੍ਰਾਮ ਉਜੜਕੇ ਲੋਕੀ ਮੇਰਠ ਪਾਸ
ਜਾਕੇ ਵੱਸੇ, ਜਟਵਾੜਾ ਨਾਮ ਹੈ ਗਰਾਮਾਂ ਦਾ, ਧਰਮ ਸਿੰਘ ਜੀ ਪਿਆਰੇ ਇਨ੍ਹਾਂ ਵਿਚੋਂ ਸੀਗੇ
ਜਾਪਦਾ ਹੈ ਕਿ ਇਨ੍ਹਾਂ ਲੋਕਾਂ ਵਿਚ ਜ਼ੁਲਮ ਤੇ ਉਪੱਦ੍ਰਵ ਬਹੁਤ ਸੀ ਤੇ ਬੈਰਾਗੀ ਦੇ ਮਦ ਵਿਚ
ਬਹ ਲੋਕ ਪਾਪ ਕਰਮਾਂ ਤੋਂ ਸ਼ੰਕਾ ਨਹੀਂ ਧਾਰਦੇ ਸੇ। ਤਵਾ: ਖਾ: ਵਿਚ ਉਸਦਾ ਨਾਮ ਮਲੂਕਾ
ਦਿੱਤਾ ਹੈ ਤੇ ਦੱਸਿਆ ਹੈ ਕਿ ਬਹੁਤ ਖੋਟ ਕਰਮੀ ਤੇ ਪ੍ਰਜਾ ਨੂੰ ਦੁਖਦਾਈ ਸੀ। ਇਹ ਭੀ
ਲਿਖਿਆ ਹੈ ਕਿ ਇਨ੍ਹਾਂ ਨੇ ਮਗਰੋਂ ਭੁੱਲ ਬਖਸ਼ਵਾਈ ਤਾਂ ਗੁਰਾਂ ਨੇ ਕਿਹਾ ਕਿ ਇਥੋਂ ਉਜੜਕੇ
ਹੋਰਥੇ ਜਾਓ ਤਾਂ ਵੱਸੋਗੇ, ਸੋ ਦਿੱਲੀਓਂ ਪਰੇ ਜਾਕੇ ੮੬ ਪਿੰਡ ਵੱਸੇ ਹਨ, ਇਨਾਂ ਦੇ ਨਾਮ
'ਜਿਵੰਧਿਆਂ ਦਾ ਜਟਵਾੜਾ' ਹੈ।

ਬਿਰਾਜ ਹੀ ਨਿਯੋਗ੍ਰੋਧ ਕੀ ਛਾਇ[1]*॥੧॥ਚੌਪਈ॥ ਤਹਿਂ ਇਕ ਪੁਰਿ ਕੋ ਨਰ ਪਰਿ ਰਹ੍ਯੋ। ਜੂਰ ਤਨ ਚਢ੍ਯੋ ਅਗਨਿ ਜਨੁ ਦਹ੍ਯੋ॥ਮੁਖ ਸੂਖਤਿ ਲੇ ਸ੍ਵਾਸ ਅਜੋਰ॥ਕੰਪਤਿ ਕਾਇਆਂ ਸੰਕਟ ਘੋਰ॥੨॥ ਸਿਰ ਅਰੁ ਹਾਡ ਫੋਰਨੀ ਘਨੀ। ਪੀੜਤਿ ਜੂਰ ਤੇ ਜਾਇ ਨ ਭਨੀ। ਕਬਿ ਬੈਠਹਿ ਕਬਿ ਭੂ ਮਹਿ ਪਰਿਹੀ। ਕਬਿ ਅੰਗਰਾਇ ਜੰਭਾਵਨ ਕਰਿ ਹੀ[2] ॥ ੩ ॥ ਬਯਾਕੁਲ ਦੇਖਿ ਗੁਰੂ ਬਚ ਕਹ੍ਯੋ। 'ਇਹ ਕੋ ਅਹੈ ਪਾਇ ਦੁਖ ਰਹ੍ਯੋ ?। ਅਪਨੇ ਘਰ ਕਯੋਂ ਜਾਇ ਨ ਧਰ੍ਯੋ ?। ਵਹਿਰ ਪ੍ਰਿਥੀ ਪਰ ਰਜ ਸੋਂ ਭਰ੍ਯੋ' ॥੪॥ ਤਿਹ ਪੁਰਿ ਕੇ ਮਾਨਵ ਇਕ ਦੋਇ। ਦੀਨਮਨੇ ਸੁਨਿ ਬੋਲੇ ਸੋਇ। 'ਇਸਿ ਕੋ ਚਢ੍ਯੋ ਬਡੋ ਜੂਰ ਜੋਰ। ਪਾਇ ਰਹ੍ਯੋ ਸੰਕਟ ਉਰ ਘੋਰ ॥੫॥ ਗਾਤ ਦੂਬਰੋ ਪੀਰੋ ਰੰਗ। ਭਏ ਨਿਬਲ ਜਿਹ ਸਗਰੇ ਅੰਗ। ਨਹਿਂ ਭੋਜਨ ਕੀ ਰੁਚਿ ਉਰ ਜਾਗੇ। ਪਰ੍ਯੋ ਰਹੈ ਨਿਸ ਦਿਨ ਦੁਖ ਪਾਗੇ ॥੬॥ ਇਸ ਨਗਰੀ ਮਹਿਂ ਜੂਰ ਕੇ ਜੋਰ। ਗਨ ਮਾਨਵ ਪ੍ਰਾਪਤਿ ਦੁਖ ਘੋਰ। ਦੀਖਤਿ ਹੈ ਜਸ ਇਸ ਕੋ ਹਾਲ। ਤਸ ਬਹੁ ਨਰ ਕੋ ਕਸ਼ਟ ਬਿਸਾਲ ॥੭॥ ਮ੍ਰਿਤੁ ਕੇ ਬਸੀ ਸੈਂਕਰੇ ਹੋਏ। ਜੂਰ ਕੇ ਗੇਰੇ ਨਹੀਂ ਖਰੋਏ। ਹਾਹਾਕਾਰ ਹੋਤਿ ਪੁਰਿ ਮਾਂਹੀ। ਜੀਵਨ ਆਸਾ ਜੀਵਨ ਨਾਂਹੀ[3] ॥ ੮ ॥ ਕਰਿ ਕਰਿ ਹਾਰੇ ਗਨ ਉਪਚਾਰ। ਰੰਕ ਰਾਵ ਸਭਿ ਕੈ ਇਕਸਾਰ। ਇਹ ਕੰਪਤਿ ਦੁਖ ਪਾਇ ਬਡੇਰਾ। ਬੋਲਨਿ ਸ਼ਕਤਿ ਭਿ ਨਹਿਂ ਇਸ ਬੇਰਾ ॥੯ ॥ ਸੂਖ ਗਯੋ ਮੁਖ, ਲੇਟਤਿ ਅਹੈ। ਆਸ ਨ[4], ਇਹ ਜੀਵਤਿ ਬਚ ਰਹੈ। ਜੇ ਕਰਿ ਰਾਵਰਿ ਬਸ ਉਪਚਾਰ। ਕਰਹੁ ਕ੍ਰਿਪਾ ਦਿਹੁ ਦਾਨ ਉਦਾਰ ॥ ੧੦॥ ਪੁਰਖ ਕ੍ਰਿਪਾਲ ਹੋਤਿ ਉਪਕਾਰੀ। ਬਚਹਿਂ ਪ੍ਰਾਨ ਜੋ ਹੁਇ ਜੁਰ ਟਾਰੀ'। ਬੈਠਿ ਬਿਰਾਜੇ ਸਤਿਗੁਰ ਜਹਾਂ। ਟੋਵਾ ਖਨ੍ਯੋ ਹੁਤੋ ਲਘੁ ਤਹਾਂ॥੧੧॥ਸੋ ਜਲ ਸੋਂ ਪੂਰਨ ਤਿਸ ਕਾਲ। ਨੇਤ੍ਰ ਚਲਾਇ ਬਿਲੋਕਿ ਕ੍ਰਿਪਾਲ। ਕਹ੍ਯੋ 'ਜਾਇ ਤੁਮ ਇਸੇ ਉਠਾਵਹੁ। ਲਘੁ ਸਰ ਮਹਿਂ ਮੱਜਨ ਕਰਿਵਾਵਹੁ ॥ ੧੨ ॥ ਉਤਰ ਜਾਇ ਜੂਰ ਆਛੋ ਹੋਇ। ਬਹੁਰ ਨ ਪ੍ਰਾਪਤਿ ਸੰਕਟ ਕੋਇ'। ਭਾਉ ਧਾਰਿ ਗੁਰ ਕੋ ਬਚ ਮਾਨ੍ਯੋ। ਗਹਿ ਕੈ ਤਿਹ ਜਲ ਸੰਗ ਸ਼ਨਾਨ੍ਯੋ॥੧੩॥ਨੀਰ ਸਪਰਸ਼੍ਯੋ ਜਹਿਂ ਜਹਿਂ ਤਨੁ ਮੈਂ।ਸਗਰੋ ਉਤਰਿ ਗਯੋ ਜੂਰ ਛਿਨ ਮੈਂ। ਬਿਸਮੇ ਲੋਗ ਅਰੋਗ ਨਿਹਾਰ੍ਯੋ। ਸਤਿਗੁਰ ਚਰਨ

---

[1]ਬੋਹੜ ਦੇ ਬ੍ਰਿੱਛ ਹੇਠ [ਸੰਸ:, ਨ੍ਯਗ੍ਰੋਧ]। [2]ਉਬਾਸੀਆਂ ਲੈਂਦਾ ਸੀ। [3]ਜੀਵਾਂ ਨੂੰ ਜੀਉਣ ਦੀ ਆਸਾ ਨਹੀਂ ਰਹੀ। [4]ਆਸ ਨਹੀਂ। *ਸਾਖੀ: ਪੋ: ਵਿਚ 'ਟਾਹਲੀਆਂ ਦੀ ਝੰਗੀ ਹੇਠ' ਲਿਖਿਆ ਹੈ।

ਭਾਉ ਉਰ ਧਾਰਯੋ ॥੧੪॥ ਪੁਰਿ ਮਹਿਂ ਇਕ ਦੁਇ ਸਾਥ ਬਤਾਏ[1]। ਸੁਨਿ ਜੂਰ ਚਢੇ ਦੌਰਤੇ ਆਏ।ਹਾਥ ਜੋਰਿ ਕਰਿ ਬਿਨੈ ਉਚਾਰੇ।'ਹਮ ਦਾਸਨਿਕੇ ਦਾਸ ਤੁਮਾਰੇ ॥ ੧੫॥ ਪੁਰਿ ਕੇ ਭਾਗ ਜਗੇ ਤੁਮ ਆਏ। ਬਹੁ ਮਰਿ ਰਹੇ ਜੁ ਤਾਪ ਦਬਾਏ। ਅਬਿ ਹਮ ਸ਼ਰਣ ਤੁਮਾਰੀ ਪਰੇ।ਕਰਹੁ ਉਬਾਰਨਿ ਨਾਂਹਿ ਤ ਮਰੇ ॥੧੬॥ਜਿਸ ਕੇ ਤਾਪ ਆਪ ਨੇ ਖੋਵਾ।ਗਯੋ ਕਸ਼ਟ ਭਾ ਨਵਾਂ ਨਰੋਵਾ। ਤਿਸੈ ਬਿਲੋਕਿ ਦੌਰ ਹਮ ਆਏ। ਕਰਹੁ ਬਾਕ ਜੂਰ ਦੇਹੁ ਗਵਾਏ' ॥ ੧੭ ॥ ਇਮ ਕਹਿ ਜਬਿ ਬਹੁਤੇ ਘਿਘਿਆਏ।ਕ੍ਰਿਪਾ ਕਰੀ ਗੁਰ ਪਿਖਿ ਮੁਸਕਾਏ। ਕਹਯੋ ਕਿ 'ਤੁਮ ਭੀ ਕਰੋ ਸ਼ਨਾਨ। ਉਤਰਿ ਜਾਇ ਜੁਰ ਸੰਕਟ ਹਾਨਿ' ॥ ੧੮ ॥ ਸੁਨਿ ਕਰਿ ਲਘੁ ਸਰ ਮਹਿਂ ਸੋ ਬਰੇ। ਮੱਜਨ ਕਰਤਿ ਤਾਪ ਕੋ ਹਰੇ। ਤਿਮ ਹੀ ਸੁਨਿ ਸੁਨਿ ਆਵਨਿ ਲਾਗੇ। ਗਾਤ ਦੂਬਰੇ ਤਨ ਜੁਰ ਦਾਗੇ[2] ॥੧੯॥ਸਭਿਹਿਨਿ ਕੋ ਸ਼੍ਰੀ ਗੁਰ ਫੁਰਮਾਯੋ।'ਜਿਸ ਕੋ ਤਨੁ[3]ਤਾਪ ਤਪਤਾਯੋ। ਸੋ ਸਭਿ ਕਰਤੇ ਜਾਹੁ ਸ਼ਨਾਨ। ਸਿਮਰਹੁ ਵਾਹਿਗੁਰੂ ਸੁਖ ਦਾਨ ॥ ੨੦ ॥ ਜਿਮ ਦੁਖ ਤੇ ਗੁਰ ਇਹਾਂ ਛੁਟਾਏ। ਤਿਮ ਜਮ ਤੇ ਦੇ ਹਾਥ ਬਚਾਏ। ਯਾਂਤੇ ਸਿਮਰਹੁ ਸ਼੍ਰੀ ਸਤਿਨਾਮ। ਹਲਤ ਪਲਤ ਸੁਖਦਾ ਅਭਿਰਾਮ' ॥ ੨੧ ॥ ਚਢਤਿ ਜਿਤਿਕ ਜੋ ਜੂਰ ਪੁਰਿ ਮਾਂਹੀ।ਸੁਨਿ ਸਭਿ ਆਇ ਸ਼ਨਾਨ ਕਰਾਹੀਂ। ਅਪਰ ਸੈਂਕਰੇ ਰੰਕ ਸੁ ਧਨੀ। ਕੀਰਤਿ ਬਿਸਦ ਗੁਰੂ ਕੀ ਸੁਨੀ ॥ ੨੨॥ ਲੇਕਰਿ ਅਨਿਕ ਉਪਾਇਨ ਆਏ। ਅਸਨ ਬਸਨ ਧਨ ਬਹੁਤ ਚਢਾਏ। ਅਨਿਕ ਸਿੱਖ ਹੋਏ ਧਰਿ ਭਾਉ। ਸਿੱਖੀ ਧਾਰਿ ਜਪਯੋ ਸਤਿਨਾਉ ॥ ੨੩ ॥ ਬਸੇ ਜਿਤਿਕ ਬਾਸੁਰ ਤਿਸ ਥਾਨ।ਦਿਨ ਪ੍ਰਤਿ ਕਰਿਹੀਂ ਸੇਵ ਮਹਾਨ।ਲਗਯੋ ਤੜਾਗ ਤਹਾਂ ਪੁਨ ਭਾਰੀ। ਜਹਿਂ ਬੈਠੇ ਸੋ ਥਾਨ ਸੁਧਾਰੀ ॥ ੨੪ ॥ ਸੋ ਅਬਿ ਲੌ ਹਮ ਦੇਖਨਿ ਕਰਯੋ। ਗੁਰਦ੍ਵਾਰਾ ਤਿਸ ਤੀਰ ਨਿਹਰਯੋ। ਮਹਿਮਾ ਸਤਿਗੁਰ ਕੀ ਪ੍ਰਗਟਾਈ। ਪੁਰਿ ਹਡਿਆਏ*ਮਹਿਂ ਅਬਿ ਤਾਂਈ॥੨੫॥ਤਹਿਂ ਤੇ ਕਰਯੋ ਕੂਚ ਗੁਰੁ ਸ੍ਵਾਮੀ। ਗਮਨੇ ਸ਼੍ਰੀ ਪ੍ਰਭੁ ਅੰਤਰਜਾਮੀ।ਕਰਿ ਪੁਰਿ ਕੇ ਨਰ ਭਾਉ ਬਡੇਰਾ।ਰਾਖਨਿ ਹੇਤੁ ਕਹਯੋ ਬਹੁਤੇਰਾ ॥੨੬॥ ਦੇ ਧੀਰਜ ਤਿਨ ਕੋ ਬਹੁ ਭਾਂਤੀ।ਚਲਤਿ ਭਏ ਗੁਰ ਹੋਤਿ ਪ੍ਰਭਾਤੀ। 'ਧੌਲਾ'ਗ੍ਰਾਮ ਕੋਸ ਜੁਗ ਲਹਯੋ। ਤਹਾਂ ਤੁਰੰਗ ਅੜੀ ਕਰਿ ਰਹਯੋ ॥ ੨੭ ॥ ਹਨਹਿਂ ਰਕਾ-

[1]ਨਗਰ ਵਿਚ ਇਕ ਦੂਜੇ ਨਾਲ ਗੱਲ ਕੀਤੀ। [2]ਤਾਪ ਨਾਲ ਸਰੀਰ ਦੱਗ ਤਪ) ਰਿਹਾ ਸੀ (ਜਿਨ੍ਹਾਂ ਦਾ)। [3]ਸਰੀਰ। *ਰਜਾਸਤ ਪਟਿਆਲਾ ਵਿਖੇ ਬੂਨਾਲੇ ਤੋਂ ੩ ਕੋਹ ਪੱਛੋਂ ਨੂੰ ਹੈ।

ਹਨਿ ਕਮਚੀ ਮਾਰੈਂ[1]। ਤਊ ਨ ਪਾਇ ਅਗਾਰੀ ਡਾਰੈ। ਗੁਰੂ ਕਹ੍ਯੋ 'ਇਹ ਤੁਰਕਨਿ ਬੰਦੇ[2]। ਪ੍ਰਭੁ ਗੁਰ ਕੋ ਨ ਲਖਹਿਂ ਮਤਿਮੰਦੇ'॥ ੨੮ ॥ ਹਟੇ ਤਹਾਂ ਤੇ ਗਮਨੇ ਗ੍ਰਾਮੂ। 'ਸੋਹੀਬਾਲ' ਕਹੈਂ ਤਿਹ ਨਾਮੂ। ਉਤਰੇ ਤਹਾਂ ਸੁਚੇਤਾ ਕੀਨਿ। ਚਢੇ[3] 'ਕੈਲ' ਇਕ ਗ੍ਰਾਮ ਸੁ ਚੀਨ॥੨੯॥ਤਹਿਂ ਕੇ ਨਰਨਿ ਭਾਉ ਨਹਿਂ ਕੀਨਾ। ਪੁਨ ਗਮਨੇ ਤਿਨ ਲਖਿ ਮਤਿ ਹੀਨਾ। ਸੰਗਤਿ ਆਨਿ ਮਿਲੀ ਸਮੁਦਾਈ।ਬਹੁ ਧਨ ਆਦਿਉਪਾਇਨ ਲ੍ਯਾਈ॥੩੦॥ਦਰਸ਼ਨ ਕਰਿ ਕਰਿ ਅਰਪਨਿ ਕਰੀ। ਪੂਰੀ ਕਾਮਨਾ ਜਿਮ ਉਰਧਰੀ। ਗ੍ਰਾਮ 'ਵਿੱਲਵੀ[4]' ਪਹੁੰਚੇ ਜਾਇ। ਡੇਰਾ ਕੀਨਿ ਹੇਰਿ ਸ਼ੁਭ ਥਾਇਂ ॥ ੩੧ ॥ ਏਕ ਨਿਸਾ ਬਸਿ ਕੈ ਤਿਸ ਥਾਨ। ਭਏ ਪਰਬ[5] ਕੋ ਚਾਹਤਿ ਦਾਨ। ਧੇਨੁ ਇਕੋਤਰ ਸੈ ਮੰਗਵਾਈ। ਬਰਨ ਬਿਖੈ ਕਪਲਾਂ[6] ਸਮੁਦਾਈ ॥ ੩੨ ॥ ਦੇ ਦੇ ਦਰਬ ਮੋਲ ਅਨਵਾਈ। ਕਰੀ ਦਾਨ ਹਿਤ ਸਭਿ ਇਕਠਾਈ। ਗੁਜਰਾਤੀ ਦ੍ਵਿਜ ਤਬੈ ਬੁਲਾਏ। 'ਲੇਹੁ ਦਾਨੁ ਧੇਨੁ ਸਮੁਦਾਏ ॥ ੩੩ ॥ ਅਪਰ ਦਰਬ ਇਨ ਸੰਗ ਘਨੇਰਾ। ਦੈ ਹੈਂ ਤੁਮ ਕੋ ਸਭਿ ਇਸ ਬੇਰਾ'। ਸੁਨਿ ਕੈ ਦ੍ਵਿਜਹੁੰ ਨ ਮਾਨੀ ਬਾਤ। 'ਕਠਨ ਦਾਨ ਇਹ ਸਹ੍ਯੋ ਨ ਜਾਤਿ ॥ ੩੪ ॥ ਪ੍ਰਾਨਨਿ ਕੋ ਪਲਟੇ ਅਸ ਦਾਨ। ਲੇਤੇ ਹੋਇ ਜੀਵ ਕੀ ਹਾਨਿ। ਮਹਾਂ ਪਤਿੱਗ੍ਰਹੁ[7] ਕਿਮ ਲੇ ਸਕਹੀਂ। ਹਾਨਿ ਪ੍ਰਾਨ ਲੌ ਜਿਸ ਮਹਿਂ ਤਕਹੀਂ'॥੩੫॥ਜਬਿ ਅਸ ਕ੍ਰਿਤ ਸੋ ਬਿੱਪ੍ਰ ਨਿਹਾਰੇ। ਪੁਨਹ ਖੋਜ ਕਰਿ ਅਪਰ ਹਕਾਰੇ। ਸੁਨਿ ਸੁਨਿ ਧੀਰ ਨ ਧਰਿ ਹੈ ਕੋਈ। ਨਹਿਂ ਸਮਰਥ ਲੈਬੇ ਕੋ ਹੋਈ ॥ ੩੬ ॥ ਬਹੁਰ ਤਪ ਕਉ ਇਕ ਗੁਜਰਾਤੀ[8]। ਗੁਰ ਮਹਿਮਾ ਸੁ ਲਖਹਿ ਸਭਿ ਭਾਂਤੀ।ਹਾਥ ਜੋਰਿ ਕਰਿ ਗੁਰੂ ਅਗਾਰੀ। ਭਾਉ ਧਰੇ ਉਰ ਗਿਰਾ ਉਚਾਰੀ ॥ ੩੭ ॥ 'ਕ੍ਰਿਪਾ ਕਰਹੁ ਜੇ ਬਨਹੁ ਸਹਾਇਕ।ਤੌ ਇਹ ਦਾਨ ਸਕਹਿ ਲੇ ਪਾਯਕ[9]।ਲੇਉਂ ਧੇਨੁ ਮੈਂ ਆਪ ਭਰੋਸੇ। ਹਰਹੁ ਪਤਿੱਗ੍ਰਹੁ ਕਹੁ ਸਭਿ ਦੋਸ਼ੇ[10] ॥ ੩੮ ॥ ਗਰਬ ਜਾਤਿ ਕੋ ਹੌਂ ਨਹਿ ਕਰਿਹੌਂ।ਸ਼੍ਰੇਯਦ[11] ਰਾਵਰਿ ਸ਼ਰਨੀ ਪਰਿਹੌਂ।ਰਹੁੰ ਅਲੰਬ ਦੁਹਿ ਲੋਕ

[1]ਉਕਾਬਾਂ ਤੇ ਚਾਬਕ ਮਾਰਦੇ ਹਨ। [2]ਤੁਰਕਾਂ ਦੇ ਦਾਸ ਭਾਵ ਤੁਰਕਾਂ ਨੂੰ ਪੂਜਣ ਵਾਲੇ। [3]ਫਿਰ ਚੜ੍ਹਕੇ। [4]ਨਾਮ ਪਿੰਡ। [5]ਪੁੰਨਜ ਆਦਿ ਸ਼ੁਭ ਕਰਮ ਕਰਨ ਦਾ ਸਮਾਂ। [6]ਕਾਲੇ ਬਣਾਂ ਵਾਲੀ। [7]ਵੱਡਾ ਦਾਨ [ਸੰਸਃ, ਪ੍ਰਤਿਗ੍ਰਹ=ਉਹ ਦਾਨ ਜੋ ਬ੍ਰਾਹਮਣਾਂ ਨੂੰ ਸਵੀਕਾਰ ਕਰਨਾ ਜੋਗ ਹੈ]। [8]ਤਪੇ (ਨਾਮੇ ਪਿੰਡ) ਦਾ ਇਕ ਗੁਜਰਾਤੀ (ਬ੍ਰਾਹਮਣ)। [9]ਦਾਸ। [10](ਮਹਾਂ) ਦਾਨ ਲੈਣ ਦਾ ਦੋਸ਼ ਸਾਰਾ ਦੂਰ ਕਰੋ। [11]ਮੁਕਤੀ ਦਾਤਾ।

ਤੁਮਾਰਾ। ਹੇ ਸਮਰੱਥ ਕਰਹੁ 'ਨਿਸਤਾਰਾ' ॥ ੩੯ ॥ ਸਰਲ ਰਿਦੇ ਦਿਜ ਬਿਨੈ ਜੁ ਠਾਨੀ। ਕ੍ਰਿਪਾ ਨਿਧਾਨ ਬਿਹਸ ਕੈ ਮਾਨੀ।'ਜੇ ਨਰ ਕਰਹਿਂ ਭਰੋਸਾ ਗੁਰ ਕੇ। ਨਹਿਂ ਡੁਲਾਇ ਦਿਢ ਨਿਸ਼ਚਾ ਉਰ ਕੈ ॥ ੪੦ ॥ ਤਿਨ ਕੇ ਕਹਨੋਂ ਨ ਸਹਾਇਕ ਹੋਇ।ਸ੍ਰੀ ਨਾਨਕ ਜਗ ਸੂਰਜ ਜੋਇ'।ਤਬਿ ਸੰਕਲਪ ਕੀਨਿ ਸ਼ੁਭ ਭਾਂਤੀ। ਲੀਨਸਿ ਤਪੇ ਗ੍ਰਾਮ ਗੁਜਰਾਤੀ[1] ॥ ੪੧ ॥ ਗੁਰ ਕਰ ਤੇ ਜਲ ਕਰ ਪਰ ਧਾਰਾ। ਸ਼ਯਾਮ ਬਰਨ ਹੁਇ ਗਾ ਤਨ ਸਾਰਾ। ਚਿਤ ਬਯਾ-ਕੁਲ ਧੀਰਜ ਨਹਿਂ ਰਹਯੋ। ਸੰਕਟ ਨਿਜ ਸਰੀਰ ਪਰ ਲਹਯੋ ॥ ੪੨॥ ਬਹੁ ਪੀੜਤ ਹ੍ਵੈ ਗਿਰਾ ਉਚਾਰੀ। 'ਅਬਿ ਸਹਾਇ ਕੀ ਰਾਵਰਿ ਬਾਰੀ। ਤ੍ਰਾਸ ਬਿਸਾਲ ਹਰਹੁ ਸਭਿ ਮੇਰਾ। ਕ੍ਰਿਪਾ ਨਿਧਾਨ ! ਜਾਨਿ ਕਰਿ ਚੇਰਾ' ॥੪੩॥ ਸੁਨਿ ਸਤਿਗੁਰ ਨੇ ਕਰ ਸਿਰ ਧਾਰਾ। ਕਸ਼ਟ ਪਤਿੱਗ੍ਰਹੁ ਤੁਰਤ ਬਿਦਾਰਾ[2]। ਸੀਤਲ ਭਯੋ ਤਪਤ ਸਭਿ ਭਾਗੀ। ਜਿਮ ਰਵਿ ਤੇਜ ਹੋਇ ਘਨ ਆਗੀ[3] ॥ ੪੪ ॥ ਗੁਰੂ ਹਾਥ ਕੋ ਪਿਖਯੋ ਪ੍ਰਭਾਊ। ਭਯੋ ਦੀਨ ਤਜਿ ਜਾਤਿ ਸੁਭਾਊ। ਨਮੋ ਠਾਨਿ ਪੁਨ ਬਿਨੈ ਬਖਾਨੀ।'ਦੇਤਿ ਲੇਤਿ ਤੁਮ ਹੀ ਸਭਿ ਥਾਨੀ॥੪੫॥ ਇਕ ਮਹਿਂ ਥਿਰ ਕੈ ਹੋਵਤਿ ਦਾਤਾ[4]।ਦੁਤੀਏ ਮਹਿਂ ਜਾਚਤਿ ਚਿਤ ਰਾਤਾ। ਮਮ ਗ਼ਰਜ਼ੀ ਕੀ ਅਰਜ਼ੀ ਸੁਨੀਅਹਿ। ਅਪਰ ਦਾਸ ਸਮ ਸੇਵਕ ਜਨੀ-ਅਹਿਂ ॥੪੬॥ ਮਾਨਹੁ ਮੋਹਿ ਕਹਯੋ ਇਮ ਕਰੀਅਹਿ। ਚਰਨ ਆਪਨੋ ਮਮ ਸਿਰ ਧਰੀਅਹਿ। ਜਗ ਸਾਗਰ ਤੇ ਡੁਬਤਿ ਉਬਰੀਅਹਿ। ਰਾਖਹੁ ਸ਼ਰਨ ਦੋਸ਼ ਗਨ ਹਰੀਅਹਿ' ॥ ੪੭ ॥ ਤਯਾਗਯੋ ਬਿੱਪ੍ਰ ਜਾਤਿ ਹੰਕਾਰਾ। ਲਖਿ ਸਤਿਗੁਰ ਉਰ ਸਰਲ ਸੁਧਾਰਾ। ਪਗਪੰਕਜ ਦਿਜ ਕੇ ਸਿਰ ਲਾਯੋ। ਜਨਮ ਮਰਨੁ ਕੋ ਭਰਮ ਮਿਟਾਯੋ ॥ ੪੮ ॥ ਜੀਵਤਿ ਰਹਯੋ ਬਿੱਪ੍ਰ ਗੁਰ ਸਿਮਰਯੋ। ਪ੍ਰਾਪਤਿ ਭਈ ਸੁ ਗਤਿ ਜਬਿ ਮਰਯੋ। ਪੁਨ ਸਤਿਗੁਰ ਬਡ ਜੱਗਯ ਕਰਾ-ਯਹੁ। ਸਭਿ ਸੰਗਤਿ ਮਨ ਭਾਵਤਿ ਖਾਯਹੁ ॥ ੪੯ ॥ ਨਿਕਟਿ ਗ੍ਰਾਮ ਦਿਜ ਆਦਿਕ ਸਾਰੇ। ਪਠਿ ਪਠਿ ਨਰ ਨਿਜ ਨਿਕਟਿ ਹਕਾਰੇ। ਸਭਿ ਕੋ ਭੋਜਨ ਦੇ ਪਕਵਾਨਾ। ਪੂਪ ਪੂਰਿਕਾ ਸ੍ਵਾਦ ਮਹਾਨਾ॥੫੦॥ਬਿੱਪ੍ਰਨਿ ਕੋ ਧਨ ਦਛਨਾ

---

[1]ਤਪੇ ਪਿੰਡ ਦੇ ਗੁਜਰਾਤੀ ( ਬ੍ਰਾਹਮਣ ) ਨੇ। [2]ਦਾਨ ਲੈਣ ਦਾ ਕਸ਼ਟ ਦੂਰ ਕਰ ਦਿੱਤਾ। [3]ਬਦਲ ਦੇ ਅੱਗੇ ਜਿਵੇਂ ਸੂਰਜ ਦਾ ਤੇਜ ( ਠੰਢਾ ਹੋ ਜਾਂਦਾ ਹੈ )। [4]ਇਕ ( ਸਰੀਰ ) ਵਿਚ ਹੋਕੇ ਦਾਤੇ ਹੋ।

ਦੀਨਿ। ਸਭਿਨਿ ਗੁਰੂ ਕੀ ਉਸਤਤਿ ਕੀਨਿ*। ਇਸ ਪ੍ਰਕਾਰ ਕਰਿ ਤਹਾਂ ਨਿਹਾਲ। ਕਰਯੋ ਕੂਚ ਸਤਿਗੁਰੂ ਕ੍ਰਿਪਾਲ ॥੫੧॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ'ਪੁਰਿ ਹਡਿਆਏ ਬਿੱਪਰ'ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ॥੩੫॥

੩੬. [ਭੰਦੇਰ ਨਗਰ। ਅਲੀਸ਼ੇਰ। ਜੋਗੇ। ਭੂਪਾਲੀ]।

ਦੋਹਰਾ ॥ ਤਹਿਂ ਤੇ ਸਤਿਗੁਰ ਗਮਨ ਕਿਯ ਗਏ 'ਭੰਦੇਹਰੀ' ਗ੍ਰਾਮ॥ਨਿਕਟਿ ਜਾਇ ਠਾਂਢੇ ਭਏ ਪਠਯੋ ਸਿੱਖਨ ਤਿਨ ਧਾਮ ॥ ੧ ॥ ਚੌਪਈ ॥ ਸਿੱਖ ਜਾਇ ਕਰਿ ਨਰ ਗਨ ਲਹਯੋ। ਉਤਰਨਿ ਹੇਤੁ ਸਭਿਨਿ ਸੋਂ ਕਹਯੋ। 'ਵਾਹਿਗੁਰੂ ਠਾਢੇ ਢਿਗ ਗ੍ਰਾਮ। ਡੇਰਾ ਕਰਹਿਂ ਬਤਾਵਹੁ ਧਾਮ ॥ ੨ ॥ ਬਸਹਿਂ ਜਾਮਨੀ ਪ੍ਰਾਤ ਸਿਧਾਰੈਂ। ਦਰਸ਼ਨ ਦਰਸਹੁ ਬਿਘਨ ਬਿਦਾਰੈਂ'। ਸੁਨਿ ਭੰਦੇਹਰੀ[1] ਕਹਿ ਤਿਸ ਕਾਲ। 'ਜਾਹੁ ਬੂਝਿ ਕਰਿ ਸਦਨ ਕੁਲਾਲ[2]' ॥੩॥ ਹੈ ਹਮੇਸ਼ ਕੀ

---

[1]ਭੰਦੇਰ ਦੇ ਲੋਕੀਂ। [2]ਘੁਮਿਆਰ ਦਾ ਘਰ।

*ਬ੍ਰਹਮਣਾਂ ਨੇ ਦਾਨ ਲੈਣੋਂ ਨਾਂਹ ਕਰਨੀ ਤੇ ਫੇਰ ਇਕ ਸ਼ਰਧਾਵਾਨ ਬ੍ਰਹਮਣ ਲੈਂਦਾ ਹੈ ਤੇ ਗੁਰੂ ਜੀ ਦੀ ਮਹਿਮਾ ਲਖਕੇ ਸਿੱਖ ਬਣਦਾ ਹੈ, ਚਰਨਾਂ ਨੂੰ ਸੀਸ ਤੇ ਧਰਾਉਂਦਾ ਤੇ ਮੁਕਤੀ ਦਾਨ ਲੈਂਦਾ ਹੈ, ਸਾਰੀ ਉਮਰ ਨਾਮ ਜਪ ਕੇ ਮੁਕਤ ਹੁੰਦਾ ਹੈ ਜਿਸ ਤੋਂ ਸਪਸ਼ਟ ਹੋ ਗਿਆ ਕਿ ਗਊਆਂ ਦਾ ਦਾਨ ਕਿਸੇ ਮੁਕਤੀ ਫਲ ਯਾ ਕੱਲਜਾਨ ਵਾਸਤੇ ਗੁਰੂ ਜੀ ਨੇ ਨਹੀਂ ਕੀਤਾ ਸੀ, ਇਹ ਇਕ ਕੌਤਕ ਹੋਊ, ਸ਼ਰਧਾ ਹੀਨ, ਜ਼ਾਤੀ ਘੁਮੰਡ ਵਾਲੇ ਬ੍ਰਹਮਣਾਂ ਦਾ ਪਾਜ ਖੁਹਲਣ ਦਾ। ਪਰ ਅਸਲ ਗਲ ਇਉਂ ਜਾਪਦੀ ਹੈ ਕਿ ਗਿਰਾਵਾਂ ਵਿਚ ਤਪਾਲੀ ਪਈ ਸੀ, ਸਤਿਗੁਰਾਂ ਨੇ ਮਿਹਰ ਕਰਕੇ ਪਿੱਛੇ ਦੱਸੇ ਇਕ ਟੋਭੇ ਦੇ ਜਲ ਵਿਚ ਆਤਮ ਸੱਤਯਾ ਭਰਕੇ ਲੋਕਾਂ ਨੂੰ ਆਰਾਮ ਬਖਸ਼ਿਆ ਤੇ ਲੋਕਾਂ ਨੂੰ ਦੁਰਬਲ ਦੇਖਕੇ ਸੌ ਦੋ ਸੌ ਗਾਂ ਮੰਗਾਕੇ ਬਖਸ਼ਿਸ਼ ਕੀਤੀ ਕਿ ਦੁਧ ਪੀ ਕੇ ਤਕੜੇ ਹੋ ਜਾਣ। ਸਿਆਣੇ ਸਮਝ ਕੇ ਇਸ ਸ਼ੁਭ ਕੰਮ ਤੇ ਕਿਸੇ ਬ੍ਰਾਹਮਣ ਨੂੰ ਲਾਇਆ ਹੋਣਾ ਹੈ ਜਿਸ ਨੇ ਨਾਂਹ ਕੀਤੀ ਤੇ ਕਿਸੇ ਹੋਰ ਨੇ ਪਰਸੁਆਰਥ ਸਿਰ ਚਾ ਲਿਆ ਜਿਸ ਨੂੰ ਕੱਲਜਾਨ ਬਖਸ਼ੀ। ਇਹ ਵਾਰਤਾ ਬ੍ਰਾਹਮਣਾਂ ਨੇ ਕਵਿ ਜੀ ਦੇ ਦਿਤੇ ਢੰਗ ਵਿਚ ਉਲਟਾ ਲਈ ਹੋਣੀ ਹੈ। ਆਈ ਮਾਯਾ ਖਰਚ ਕਰਦੇ ਰਹਿਣਾ ਇਹ ਸਤਿਗੁਰੂ ਜੀ ਦਾ ਸੁਭਾਵ ਸੀ, ਅੰਨ ਦਾਨ ਬੀ ਦੁਖੀਆਂ ਤੇ ਰੋਗੀ ਪਰਵਾਰਾਂ ਨੂੰ ਦਿਤਾ ਹੋਣਾ ਹੈ।

ਸਤਿਗੁਰੂ ਜੀ ਕੱਲਜਾਨ ਦਾਤੇ ਸਨ, ਇਸ ਕਰਕੇ ਉਨ੍ਹਾਂ ਦੇ ਇਸ ਚੋਜ ਨੂੰ ਗਊ ਦਾਨ ਉਸ ਤਰ੍ਹਾਂ ਦਾ ਸਮਝਣਾ ਠੀਕ ਨਹੀਂ ਜਿਵੇਂ ਭ੍ਰਮ ਵਿਚ ਆਕੇ ਲੋਕੀ ਕਰਦੇ ਹਨ। ਆਪ ਨੇ ਪਹਿਲੇ ਜਾਮੇ ਵਿਚ ਭ੍ਰਮੀ ਲੋਕਾਂ ਦੇ ਇਹੋ ਜੇਹੇ ਦਾਨਾਂ ਨੂੰ ਇਉਂ ਦੱਸਿਆ ਹੈ:—ਕੰਚਨ ਕੇ ਕੋਟਿ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ ਭੂਮਿਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥ ੪ ॥ [ਸਿਰੀ ਰਾਗ ਮ: ੧

ਰੀਤਿ ਹਮਾਰੇ । ਘਰ ਕੁਲਾਲ ਕੇ ਦੇਤਿ ਉਤਾਰੇ । ਜੋ ਚਾਹਤਿ ਕਿਯ ਰਾਤਿ
ਬਸੇਰਾ । ਸਦਨ ਤਿਨਹੁੰ ਕੇ ਪਾਵਤਿ ਡੇਰਾ' ॥ ੪ ॥ ਸੁਨਿ ਸਿਖ ਨੇ ਗੁਰ
ਨਿਕਟਿ ਸੁਨਾਈ । 'ਮੂਰਖ ਲੋਕ ਬਸਹਿਂ ਇਸ ਥਾਂਈ।ਨਹਿ ਕੁਛ ਮਹਿਮਾ
ਲਖਹਿਂ ਤੁਮਾਰੀ । ਜਾਮਨਿ ਬਸਨਿ[੧] ਕੁਰੀਤ ਉਚਾਰੀ ॥ ੫ ॥ ਅਪਰ ਗ੍ਰਾਮ
ਚਲਿ ਕਰਹੁ ਬਸੇਰਾ । ਇਨ ਮਨਮੁੱਖਨਿ ਭਾਗ ਮੰਦੇਰਾ। ਜਥਾ ਰੰਕ ਗਨ
ਸੁਰਤਰੁ ਪਾਏ । ਨਹਿਂ ਸੇਵਹਿ ਕਿਛ ਲੇ ਨ ਸਕਾਏ' ॥ ੬ ॥ ਸੁਨਿ ਸਤਿਗੁਰ
ਚਲਿ ਪਰੇ ਅਗਾਰੀ।ਮੂਢਨਿ ਮਹਿੰਮਾ ਕਛੁ ਨ ਬਿਚਾਰੀ।'ਅਲੀਸ਼ੇਰ'[੨]ਡੇਰਾ
ਕਿਯ ਗ੍ਰਾਮ । ਬੈਠਿ ਬਿਰਾਜੇ ਸ੍ਰੀ ਸੁਖ ਧਾਮ ॥ ੭ ॥ ਦੋਹਰਾ ॥ ਪੀਛੇ ਸਭਿਨਿ
ਭੰਦੇਹਰਨਿ ਮਹਿਮਾ ਸੁਨੀ ਬਿਸਾਲ ।–ਹੁਤੇ ਪੁਰਖ ਪੂਰਨ ਗੁਰੂ ਸਭਿ ਪਰ
ਹੋਤਿ ਕ੍ਰਿਪਾਲ ॥ ੮ ॥ ਚੌਪਈ ॥ ਮਿਲੇ ਨ ਹਮ ਉਠਿ, ਘਰ ਮਹਿਂ ਆਏ[੩] ।
ਨਹਿਂ ਕੁਛ ਸੇਵ ਕਰੀ ਮਨ ਲਾਏ–। ਪਸ਼ਚਾਤਾਪ ਕਰਤਿ ਮਿਲਿ ਬੈਸੇ ।
ਤਿਨ ਮਹਿਂ ਲਗ੍ਯੋ ਕਹਨਿ ਇਕ ਐਸੇ॥੯॥'ਅਬਿ ਭੀ ਨਿਕਟਿ ਅਹੈ ਤਿਨ
ਡੇਰਾ । ਚਲਹੁ ਲੇਹੁ ਦਰਸ਼ਨ ਇਕ ਬੇਰਾ' । ਕਹਹਿਂ ਪਰਸਪਰ 'ਸਭਿ ਹੀ
ਚਲੀਏ । ਕੌਨ ਭੇਟ ਆਗੈ ਧਰਿ ਮਿਲੀਏ ॥੧੦॥ ਕ੍ਯਾ ਲੇ ਕਰਿ ਦਰਸ਼ਨ
ਕੋ ਦੇਹਿਂ ? । ਕਿਮ ਪ੍ਰਸੰਨ ਹੁਇ ਬਚਨ ਕਰੇਹਿਂ ?' । ਇਕ ਨਰ ਕਹਨਿ
ਲਗ੍ਯੋ ਤਿਨ ਮਾਂਹਿ । 'ਮੈਂ ਜਿਮ ਸੁਨੀ ਕਹੌਂ ਤੁਮ ਪਾਹਿ॥੧੧॥ ਟਕਿਯਨਿ
ਰੋਕਨ ਕੀ ਇਕ ਥੈਲੀ । ਅਪਰ ਪ੍ਰਸ਼ਾਦਿ ਲੇਤਿ ਹੈਂ ਭੇਲੀ । ਖੁਸ਼ੀ ਹੋਤਿ
ਪੁਨ ਦਰਸ਼ਨ ਦੇਤਿ । ਮਿਲਿ ਕਰਿ ਇਮ ਨਰ ਬਰ ਬਰ[੪] ਲੇਤਿ ॥ ੧੨ ॥
ਭੇਲੀ ਸਭਿ ਮਹਿ ਦੇਂ ਬਰਤਾਇ । ਦਰਸਹਿਂ ਲੋਕ ਹੋਇ ਸਮੁਦਾਇ। ਨਗਰ
ਹਡਨਾਏ ਜੂਰ ਨਰ ਗਨ ਕੋ । ਦਿਯੋ ਉਤਾਰਿ ਉਚਾਰਿ ਬਚਨ ਕੋ' ॥੧੩॥
ਨਰ ਤੇ ਸੁਨਿ ਭੰਦੇਹਰ ਸਾਰੇ । ਲੈ ਥੈਲੀ ਅਰੁ ਭੇਲੀ ਤ੍ਯਾਰੇ । ਮਾਰਗ ਪਰੇ
ਦਰਸਿਬੇ ਹੇਤੁ । ਜਿਨ ਕੇ ਸੁਧਿ ਪਰਲੋਕ ਅਚੇਤ[੫]॥੧੪॥ਅਰਧ ਪੰਥ ਜਬ
ਪਹੁੰਚੇ ਜਾਇ । ਮਿਲ੍ਯੋ ਸਮੁਖ ਮਾਨਵ ਇਕ ਆਇ । ਬੂਝਨਿ ਲਗੇ'ਕਹਾਂ
ਤੇ ਆਯੋ? । ਗੁਰੁ ਸਿਵਰ ਕਿਸ ਥਲ ਮੈਂ ਛਾਯੋ? ॥੧੫॥ ਜੇ ਕਰਿ ਤਿਨਕੋ
ਦਰਸ਼ਨਿ ਲੀਨਿ।ਹਮਹੁੰ ਬਤਾਵਹੁ ਕਿਸਿ ਬਿਧਿ ਕੀਨਿ ?।ਕੌਨ ਉਪਾਇਨ
ਅਰਪੀ ਜਾਇ ? ਕਿਮ ਸ੍ਰੀ ਮੁਖ ਕਹਿ ਨਿਕਟਿ ਬਿਠਾਇ ?'॥੧੬॥ ਸੁਨਿ

[੧]ਰਾਤ ਦੇ ਵੱਸਣੇ ਦੀ । [੨]ਨਾਮ ਪਿੰਡ । [੩]ਘਰ ਵਿਚ ਆਏ ( ਸ੍ਰੀ ਗੁਰੂ ਜੀ ਨੂੰ ) ਅਸੀਂ ਉਠ ਕੇ
ਜਾਕੇ ਨਾ ਮਿਲੇ । (ਅ) ਅਸੀਂ (ਗੁਰੂ ਜੀ ਨੂੰ) ਮਿਲੇ ਨਾ ਤੇ ਉਠਕੇ ( ਆਪਣੇ ) ਘਰੀਂ ਆ ਗਏ ।
[੪]ਸ੍ਰੇਸ਼ਟ ਵਰ । [੫]ਜੇਹੜੇ ਪ੍ਰਲੋਕ ਦੀ ਸੁਧ ਤੋਂ ਅਚੇਤ ਹਨ ।

ਕੈ ਤਿਸ ਨੇ ਸਕਲ ਬਤਾਈ। 'ਗੁਰ ਦਰਸ਼ਨ ਕੀਨਸਿ ਢਿਗ ਜਾਈ। ਮੈਂ ਨ ਪਾਸ ਤੇ ਪੈਸਾ ਦੀਨਸਿ।ਨਹਿਂ ਤਿਨ ਜਾਚਿ ਕਛੂ ਅਬਿ ਲੀਨਸਿ॥੧੭॥ ਬੈਠੇ ਜੋ ਪ੍ਰਸ਼ਾਦਿ ਕੁਛੁ ਆਵਾ। ਬਰਤਤਿ ਦਿਯੋ ਤਹਾਂ ਮੈਂ ਖਾਵਾ। ਬਿਨਾ ਦਿਯੇ ਦਰਸ਼ਨ ਬਹੁ ਕਰੈਂ। ਆਵਹਿਂ ਜਾਇ ਨਿਕਟਿ ਬਹੁ[*] ਖਿਰੈਂ ॥੧੮॥ ਸੁੰਦਰ ਹੈ ਸੁਭਾਇ ਜਿਨ ਕੇਰਾ। ਅਲੀਸ਼ੇਰ ਢਿਗ ਕੀਨਸਿ ਡੇਰਾ। ਲੈਂਨ ਦੇਨਿ ਕੀ ਬਾਤ ਨ ਕੋਈ। ਬੈਠੇ ਦਰਸ਼ਨ ਦੇਵਹਿਂ ਸੋਈ' ॥ ੧੯ ॥ ਸੁਨਤਿ ਭੁੰਦੇਹਰ ਹਰਖ ਬਧਾਏ। ਬੈਸਿ ਗਏ ਤਿਹਠਾਂ ਸਮੁਦਾਏ। ਗੁਰ ਰੋਰੀ ਤਹਿਂ ਫੇਰਨਿ ਕਰੀ। ਆਪਸ ਮਹਿ ਬਰਤੀ ਸਮਸਰੀ ॥੨੦॥ ਲਾਲਚ ਕਰਿ ਖੈਬੇ ਮਿਸ਼ਟਾਨ। ਤਿਸੀ ਥਾਨ ਮਹਿਂ ਕੀਨਸਿ ਖਾਨ ।ਕਹਹਿਂ ਪਰਸਪਰ 'ਭੀ ਹੈ ਆਛੇ। ਗੁੜ ਖਾਵਹਿ ਲੇਂ ਦਰਸ਼ਨ ਪਾਛੇ ॥੨੧॥ ਨਾਂਹਿ ਤ ਅਰਪਤਿ ਤਿਨ ਕੇ ਪਾਸ। ਸੋ ਲੇਤੇ ਹਮ ਹੋਤਿ ਨਿਰਾਸ। ਨਿਕਟਿ ਟਕੇ ਭੀ ਰਾਖਹੁ ਨਾਂਹੀ। ਖਨਿਕੈ ਦਾਬ ਚਲਹੁ ਛਿਤ ਮਾਂਹੀ॥੨੨॥ਢਿਗ ਤੇ ਹੇਰਿ ਜਾਚਿ ਨਹਿਂ ਲੇਹਿਂ। ਰਾਖੇ ਜਾਇਂ ਨ ਗੁਰ ਤੇ ਏਹ'।ਮਨ ਕੇ ਰੰਕ ਮਹਾਂ ਮਤਿਮੰਦੇ।ਕਰਮ ਕਰਤਿ ਹੈਂ ਪਸੂ ਮਨਿੰਦੇ ॥ ੨੩ ॥ ਇਮ ਕਹਿ ਤਿਸ ਥਲ ਟਕੇ ਦਬਾਏ[†]। ਸਭਿ ਮਿਲਿ ਗਏ ਗੁਰੂ ਜਿਸ ਥਾਂਏ। ਦਰਸ਼ਨ ਕੀਨਸਿ ਹਾਥਨਿ ਜੋਰਿ। ਨਮੋ ਠਾਨਿ ਢਿਗ ਟਿਕੇ ਬਹੋਰ॥੨੪॥ ਕਰਹਿਂ ਪਰਸਪਰ ਬੋਲਨਿ ਐਸੇ। ਸਤਿ-ਗੁਰ ਸੁਨਹਿਂ ਬਾਕ ਤਿਨ ਜੈਸੇ[1]। 'ਕਹਤਿ ਹੁਤੋ ਇਕ ਮਾਨਵ ਕੂਰ।–ਲੇ ਕਰਿ ਦਰਸ਼ਨ ਦਤਿ ਹਜੂਰ–॥੨੫ ॥ ਇਹਾਂ ਲੇਨਿ ਕੋ ਜ਼ਿਕਰ ਨ ਕੋਈ। ਬੈਠੇ ਦੇਤਿ ਦਰਸ ਗੁਰ ਸੋਈ। ਦਰਸ਼ਨ ਹਮ ਅਮੋਲ ਹੀ ਪਾਯੋ। ਜਿਨ ਕੋ ਸੁਜਸੁ ਜਗਤ ਮੈਂ ਛਾਯੋ' ॥ ੨੬ ॥ ਇਮ ਭਾਖਤਿ ਘਟਿਕਾ ਜੁਗ ਬੈਠੇ। ਪੁਨਹਿ ਗ੍ਰਾਮ ਅਪਨੇ ਚਲਿ ਪੈਠੇ[2] ।ਅਲੀਸ਼ੇਰ ਕੇ ਮਨੁਜਨਿ ਸੁਨੀ।'ਉਤਰੇ ਵਹਿਰ ਗੁਰੂ ਜਗ ਧਨੀ ॥ ੨੭ ॥ ਨਰ ਸਮੁਦਾਇ ਆਇ ਦਰਸੰਤੇ।ਅਨਿਕ ਭਾਂਤਿ ਕੀ ਸੇਵ ਕਰੰਤੇ। ਹਮ ਕੋ ਭੀ ਅਬਿ ਇਮ ਬਨਿ ਆਇ। ਦਰਸ਼ਨ ਕਰਹਿਂ ਮਿਲਹਿਂ ਢਿਗ ਜਾਇ॥੨੮॥ਪੁਰਖ ਮਹਾਨ ਸਮੀਪੀ ਪਾਇ। ਨਹਿਂ ਦਰਸਹਿਂ ਇਹ ਦੋਸ਼ ਕਹਾਇ'। ਪੁਨਹਿਂ ਪਰਸਪਰ ਕਹਤਿ ਸੁਨੰਤੇ।'ਕਜਾ ਲੇ ਚਲਹਿਂ ਜਿ ਤਿਨ ਦਰਸੰਤੇ ॥ ੨੯॥ ਪੂਰਬ ਕਰਹੁ ਉਪਾਇਨ ਤਯਾਰ।

[1]ਜਿਵੇਂ ਗੁਰੂ ਜੀ ਉਹਨਾਂ ਦੇ ਵਾਕ ਸੁਣ ਲੈਣ। [2]ਚੱਲ ਪਏ। *ਪਾ:–ਕੋ।

†ਅਤਿ ਮੂਰਖ ਤੇ ਮਹਾਨ ਸਿੱਧੜ ਲੋਕਾਂ ਦੇ ਇਲਾਕੇ ਵਿਚੋਂ ਲੰਘ ਰਹੇ ਹਨ।

ਮਿਲਿ ਸਭਿ ਦਰਸਹੁ ਦਰਸ ਉਦਾਰ'। ਇਕ ਨੇ ਕਹ੍ਯੋ 'ਭੈਦੇਹਰ ਆਏ। ਤਿਨਹਿੰ ਆਨਿ ਕਨਾ ਤਹਾਂ ਚਢਾਏ?॥੩੦॥ਸਭਿ ਸੁਧਿ ਲਿਹ ਗਾਮਨੋ ਮਿਲਿ ਜਥਾ। ਪੁਨ ਤੁਮ ਕਰਹੁ ਲਾਇਕੀ ਤਥਾ। ਗ੍ਰਾਮ ਪੰਚਾਇਤ ਹੁਤੀ ਸੁ ਜੈਸ। ਘਾਟ ਨ ਤੁਮ ਭੀ ਲਾਇਕ ਤੈਸੇ'॥੩੧॥ਤਿਨ ਮਹੁਂ ਇਕ ਨੇ ਸਕਲ ਸੁਨਾਈ। 'ਉਨ ਕੀ ਸੁਧਿ ਮੁਝ ਤੇ ਲਿਹੁ ਪਾਈ। ਕਛੂ ਨ ਭੇਟ ਧਰੀ ਗੁਰ ਆਗੇ। ਛੂਛੇ ਪਾਨ ਦਰਸ ਕਹੁ ਲਾਗ॥ ੩੨ ॥ ਮਿਲਿ ਕਰਿ ਗਏ ਨ ਬੋਲ੍ਯੋ ਕੋਊ। ਇਮ ਦਰਸ਼ਨ ਕੀਨਸਿ ਮਿਲਿ ਸੋਊ'। ਸੁਨਿ ਕੈ ਕਹਤਿ ਭਏ ਨਰ ਸਾਰੇ। 'ਹਮ ਕਨਾ ਤਿਨ ਤੇ ਹੀਨ ਬਿਚਾਰੇ ॥੩੩॥ ਤਿਨਹੁਂ ਜਿ ਮਿਲਿ ਕੈ ਨਹਿਂ ਕੁਛ ਦਿਯੋ। ਛੂਛੇ ਹੋਇ ਦਰਸ ਗੁਰ ਲਿਯੋ*। ਤੈਸੇ ਹੀ ਤੁਮ ਗਮਨਹੁਂ ਸਾਰੇ'। ਮੰਦਮਤੀ ਮਹਿੰਮਾ ਨ ਬਿਚਾਰੇ॥ ੩੪ ॥ ਛੂਛੇ ਜਾਇ ਦਰਸ ਕੌ ਕਰ੍ਯੋ। ਰਹੇ ਮੌਨ ਗੁਰ ਕੁਛ ਨ ਉਚਰ੍ਯੋ। ਏਕ ਨਿਸਾ ਬਸਿ ਕੈ ਤਿਸ ਥਾਈਂ। ਗਮਨੇ 'ਜੋਗੇ' ਗ੍ਰਾਮ ਗੁਸਾਈਂ॥੩੫॥ਹੁਤੋ ਨਿਕਟਿ ਡੇਰਾ ਕਰਿ ਦੀਨਾ। ਬੈਠਿ ਬਿਰਾਜੇ ਪ੍ਰਭੂ ਪ੍ਰਬੀਨਾ। ਦੁਗਧ ਦੇਤਿ ਇਕ ਮਹਿਖੀ ਸਾਥ[1]। ਤਿਸ ਕੀ ਦਿਸ਼ਾ ਦੇਖਿ ਜਗਨਾਥ॥ ੩੬ ॥ ਪਾਸ ਦਾਸ ਗਨ ਤਿਨ ਸੋਂ ਕਹ੍ਯੋ। 'ਦਿਵਸ ਦੁਪਹਿਰ ਭਯੋ ਹਮ ਲਹ੍ਯੋ। ਨਹੀਂ ਗ੍ਰਾਮ ਤੇ ਕੋ ਨਰ ਆਯੋ।ਘਾਸ ਆਦਿ ਕੁਛ ਨਹਿਂ ਮੰਗਵਾਯੋ ॥ ੩੭ ॥ ਭਾਉ ਨ ਕਰ੍ਯੋ ਆਨਿ ਕਰ ਕਾਂਹੂ। ਮਾਨਵ ਹੈਂ ਕਿ ਨਹੀਂ ਇਸ ਮਾਂਹੂ ?। ਪਰ੍ਯੋ ਸ਼ੂੰਨ ਜੈਸੇ ਦ੍ਰਿਸ਼ਟਾਵੈ। ਵਹਿਰ ਨਹੀਂ ਕੋ ਆਵਤਿ ਜਾਵੈ' ॥ ੩੮ ॥ ਸਿੱਖਜਨਿ ਸੁਨਿ ਕੈ ਭੇਵ ਜਨਾਯੋ। 'ਹੈ ਇਮ ਜਥਾ ਆਪ ਫੁਰਮਾਯੋ। ਸਭਿ ਨਰ ਗੁਨ ਤੇ ਹੀਨ ਦਿਸਾਵੈਂ। ਇਸ ਥਲ ਨਿਸ ਸੁਖ ਸੋਂ ਨ ਬਿਤਾਵੈਂ' ॥੩੯॥ ਸੁਨਤਿ ਸਤਿਗੁਰੂ ਕੂਚ ਕਰਾਯੋ। ਗਮਨੇ ਮਾਰਗ ਸਿਖ ਸਮੁਦਾਯੋ। ਜਿਸਨੇ ਜੋਗਾ ਕਰ੍ਯੋ ਬਸਾਵਨਿ। ਸੋ ਜੁਗਰਾਜ[2] ਹੁਤੋ ਤਿਸ ਥਾਂਵ ਨ ॥ ੪੦ ॥ ਤਿਸ ਕੋ ਪਿਤਾ ਮਿਲ੍ਯੋ ਮਗ ਮਾਂਹਿ। ਗੁਰ ਪਦ ਪੰਕਜ ਬੰਦੇ ਤਾਂਹਿ। ਕਹ੍ਯੋ ਬਾਕ ਤਿਨ ਦੇਖਿ ਸਮਾਜ। 'ਰਲੀਏ[3] ਉਤਰਹੁ ਗੁਰ ਮਹਾਰਾਜ ! ॥ ੪੧॥ ਡੇਰਾ ਕਰਹੁ ਸਕਲ ਸੁਖ ਪਾਵਹੁ। ਬਸਹੁ ਨਿਸਾ ਪੁਨ ਕੂਚ ਕਰਾਵਹੁ'। ਸੁਨਿ ਸਤਿਗੁਰ ਸ਼੍ਰੀ ਮੁਖ ਫੁਰਮਾਇ। 'ਨਹਿਂ ਅਬਿ ਰਲਿਯੋ ਉਤਰਹਿਂ, ਜਾਇਂ[4] ॥ ੪੨ ॥

[1]ਦੁੱਧ ਦਿੰਦੀ ਇਕ ਮੱਝ ਨਾਲ ਸੀ। [2]ਨਾਮ ਹੈ। ( ਅ ) ਜੋਗਾ + ਰਾਜ=ਜੋਗੇ ਪਿੰਡ ਦਾ ਮਾਲਕ। [3]'ਰੱਲਾ' ਪਿੰਡ ਦਾ ਨਾਮ ਹੈ। 'ਜੋਗਾ' 'ਰੱਲਾ' ਪਿੰਡ ਨੇੜੇ ਨੇੜੇ ਹਨ। [4]ਜਾ ਰਹੇ ਹਾਂ ਹੁਣ ਰੱਲੇ ਨਹੀਂ ਉਤਰਦੇ। *ਪਾ:-ਲਹ੍ਯੋ।

ਡੇਰਾ ਕਰਹਿਂ ਗ੍ਰਾਮ 'ਭੂਪਾਲ'। ਜਾਮਨਿ ਤਹਾਂ ਬਿਤਾਵਹਿ ਚਾਲਿ। ਤੂੰ ਜੋਗੇ ਨੂੰ ਅਧਿਕ ਬਸਾਓ। ਬਲ ਅਜੀਤ ਤਿਹ ਕੋ ਲਖਿ ਪਾਓ'॥੪੩॥ਇਮ ਕਹਿ ਉਤਰੇ ਜਾਇ 'ਭੂਪਾਲੀ'। ਨਿਸਾ ਬਿਤਾਵਨਿ ਕੀਨਿ ਸੁਖਾਲੀ। ਖਾਨ ਪਾਨ ਕਰਿ ਸਭਿ ਬਿਧਿ ਆਛੇ। ਭਈ ਪ੍ਰਭਾਤਿ ਗਮਨਿ ਗੁਰ ਬਾਂਛੇ ॥ ੪੪ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜੰਗਲ ਦੇਸ਼ ਬਿਚਰਨਿ' ਪ੍ਰਸੰਗ ਬਰਨਨੰ ਨਾਮ ਖਸਟ ਤ੍ਰਿੰਸਤੀ ਅੰਸੂ ॥ ੩੬ ॥

### ੩੭. [ਖੀਵਾ। ਭਿੱਖੀ]।

ਦੋਹਰਾ ॥ ਕੂਚ ਭੁਪਾਲਾਂ ਤੇ ਕਰਯੋ ਤੇਗਬਹਾਦਰ ਰਾਇ। ਆਇਓ 'ਖੀਵਾ' ਗ੍ਰਾਮ ਪੁਨ ਉਤਰੇ ਸਹਿਜ ਸੁਭਾਇ ॥ ੧ ॥ ਚਪਈ ॥ ਗ੍ਰਾਮ ਬਿਸਾਲ ਬਸਤਿ ਸੋ ਅਹੈ। ਮਿੱਘਾ ਗਾਹਿਕ ਇਕ ਤਹਿਂ ਰਹੈ। ਸਹਿਜ ਸੁਭਾਇਕ ਸੋ ਚਲਿ ਆਵੈ। ਦੁਇ ਤ੍ਰੈ ਘਟਿਕਾ ਬੈਠਿ ਸਿਧਾਵੈ ॥ ੨ ॥ ਇਕ ਦਿਨ ਵਹੁ ਬੈਠਯੋ ਜਬਿ ਆਈ।ਤੁਰਤ ਚਲਯੋ ਉਠਿ ਕੈ ਪਿਛਵਾਈ।ਬੂਝਯੋ ਗੁਰ 'ਕਯੋਂ ਤੁਰਤ ਸਿਧਾਰਾ ?। ਕਾਜ ਕੌਨ ਅਸ ਭੌਨ ਮਝਾਰਾ ?' ॥ ੩ ॥ ਮਿੱਘਾ ਕਹੈ 'ਨ ਕਾਰਜ ਕੋਈ। ਇਕ ਕੇ ਸਦਨ ਸਗਾਈ ਹੋਈ। ਬਾਂਟਤਿ ਹੈਂ ਸਭਿ ਕੋ ਮਿਸ਼ਟਾਨ। ਭਏ ਲੋਕ ਇਕਠੇ ਤਿਸ ਥਾਨ ॥ ੪ ॥ ਤਹਾਂ ਜਾਇ ਕੈ ਨਿਜ ਬਰਤਾਰਾ। ਲੈ ਆਵੋਂ, ਇਸ ਹੇਤੁ ਸਿਧਾਰਾ'। ਸੁਨਿ ਸਤਿਗੁਰ ਬੋਲੇ ਕਰਿ ਕਰੁਨਾ। 'ਅਬਿ ਤੇ ਕਬਹਿ ਜਾਹੁ ਕਿਸ ਘਰ ਨਾ ॥ ੫ ॥ ਤੁਵ ਬੈਠੇ ਨਿਜ ਸਦਨ ਮਝਾਰੇ। ਪਹੁੰਚਹਿ ਆਇ ਜੁਗਲ ਬਰਤਾਰੇ[੧]'। ਸੁਨਿ ਕੈ ਗਾਹਕ ਸਿਦਕ ਕਮਾਵਾ। ਬੈਠਯੋ ਨਿਕਟਿ ਨ ਅਨਤ ਸਿਧਾਵਾ[੨] ॥ ੬ ॥ ਕਹਤਿ ਭਯੋ 'ਤੁਮ ਪੁਰਖ ਬਡੇਰੇ। ਹਮ ਸੇ ਤੁਮ ਚੇਰਨਿ ਕੇ ਚੇਰੇ[੩]।ਬਾਕ ਉਚਾਰਨਿ ਕਰਿ ਹੋ ਜਥਾ। ਤਾਤਕਾਲ ਫੁਰਿ ਹੋਵਹਿ ਤਥਾ' ॥ ੭ ॥ ਉਤ ਜਿਸ ਕ ਘਰ ਭਈ ਸਗਾਈ। ਸਭਿ ਭਾਈਨ ਬਿਖੈ ਬਰਤਾਈ। ਮਿੱਘਾ ਨਹਿ ਦੇਖਯੋ ਤਹਿਂ, ਪੂਛਾ। 'ਆਯੋ ਕਯੋਂ ਨ, ਰਹੈ ਪੁਨ ਛੂਛਾ ?' ॥ ੮ ॥ ਤਹਿਂ ਇਕ ਨੇ ਭਾਖਯੋ 'ਸੋ ਗਯੋ। ਵਹਿਰ ਗੁਰੂ ਜਹਿਂ ਉਤਰਤਿ ਭਯੋ। ਹੋਇ ਨਿਕੰਮਾ ਦਿਵਸ ਬਿਤਾਵੈ। ਸਾਧੁ ਫਕੀਰ ਨਿਕਟਿ ਚਲਿ ਜਾਵੈ ॥ ੯ ॥ ਬੈਠਯੋ ਰਹੈ ਸਿਝ ਲੌ ਤਹਾਂ। ਪਹਿਰਨਿ ਖੇਬੋ ਪਾਇ ਨ ਜਹਾਂ। ਐਸੀ ਸਦਾ ਰੀਤਿ ਤਿਸ ਕੇਰੇ।ਬੈਠਹਿ ਵਹਿਰ ਕੋਇ ਕਿਤ ਹੇਰੇ?' ॥੧੦॥ ਸੁਨਿ ਕਰਿ ਗ੍ਰਾਮ ਚੌਧਰੀ ਤ੍ਰਬੈ। ਬਾਕ ਬਖਾਨਯੋ ਸੁਨਤੇ ਸਬੈ। 'ਨੀਕੀ ਰੀਤਿ ਸਾਧੁ ਢਿਗ ਜਾਨੋ।

[੧]ਦੋ ਵਰਤਾਰੇ, ਦੋ ਛਾਂਦੇ। [੨]ਹੋਰ ਥੇ ਨਾਂ ਗਿਆ। [੩]ਸਾਡੇ ਵਰਗੇ ਆਪ ਦੇ ਦਾਸਾਂ ਦੇ ਦਾਸ ਹਨ।

ਤੁਮ ਸਗਰੇ ਇਸ ਬਿਧਿ ਅਬਿ ਮਾਨੋ॥੧੧॥ ਦੇਵਹੁ ਤਿਸ ਕੇ ਦੋ ਬਰਤਾਰੇ। ਜੋ ਨ ਆਇ, ਦਿਹੁ ਸਦਨ ਮਝਾਰੇ'। ਤਬਿ ਤੇ ਕੁਛ ਬਰਤਾਵਹਿ ਕੋਊ। ਪਹੁੰਚਹਿ ਤਿਹ ਬਰਤਾਰੇ ਦੋਊ ॥ ੧੨ ॥ ਤਿਸ ਬਿਨ ਗੁਰ ਕੋ ਮਿਲਯੋ ਨ ਕੋਈ। ਭਾਗ ਬਿਹੀਨ ਗ੍ਰਾਮ ਥੋ ਸੋਈ। ਸੇਵਾ ਕਰੀ ਨ ਫਲ ਕਿਛੁ ਪਾਵਾ। ਸਤਿਗੁਰ ਤੇ ਨਹਿਂ ਕੋ ਬਰੁਸਾਵਾ ॥ ੧੩ ॥ ਤਹਿਂ ਤੇ ਕਰਯੋ ਕੂਚ ਗੁਰ ਸ੍ਵਾਮੀ।ਡੇਢ ਕੋਸ ਗੇ ਅੰਤਰਜਾਮੀ।ਤਬਿ ਪਿਸ਼ੌਰ ਕੀ ਸੰਗਤਿ ਆਈ। ਖੋਜਤਿ ਬਹੁ ਥਲ ਤੇ ਸਮੁਦਾਈ ॥ ੧੪ ॥ ਬ੍ਰਿੰਦ ਉਪਾਇਨ ਸੰਗ ਉਠਾਏ। ਗੁਰ ਦਰਸ਼ਨ ਕੇ ਅਧਿਕ ਤਿਸਾਏ।ਜਾਨਿ ਪ੍ਰੇਮ ਤਿਨ ਕੇ ਮਨ ਕੇਰੋ।ਉਤਰਿ ਪਰੇ ਉੱਦਯਾਨ ਬਡੇਰੇ ॥ ੧੫ ॥ ਜਾਲ ਬਿਰਛ ਕੀ[1] ਛਾਯਾ ਹੇਰੀ। ਹੁਤੀ ਸਘਨ ਸੁੰਦਰ ਤਿਸ ਬੇਰੀ। ਉਤਰਿ ਤਹਾਂ ਪਰਯੰਕ ਡਸਾਵਾ। ਚਾਰੁ ਚੁਕੌਨ ਬਿਛੌਨ ਬਿਛਾਵਾ ॥ ੧੬ ॥ ਬੈਠਿ ਗਏ ਸਤਿਗੁਰੂ ਬਿਰਾਜੈਂ। ਜਿਨ ਦਰਸ਼ਨ ਕਰਿਬੇ ਦੁਖ ਭਾਜੈਂ। ਚਾਰੁ ਚਾਦਰਾ ਦੀਰਘ ਘਨੋਂ। ਸੁੰਦਰ ਬਦਨ ਚੰਦ੍ਰਮਾ ਮਨੋ ॥੧੭॥ ਅੰਮ੍ਰਿਤ ਸਮ ਕੋਮਲ ਬਰ ਬੈਨ। ਕਰੁਨਾ ਭਰੇ ਰਸੀਲੇ ਨੈਨ। ਸੁੰਦਰ ਸ਼ਮਸ ਚੁਗਿਰਦੈ ਮੁਖ ਕੇ। ਮੁਸਕਾਵਤਿ ਬੋਲਤਿ ਬਚ ਸੁਖ ਕੇ ॥ ੧੮ ॥ ਸੰਗਤਿ ਆਨਿ ਚਰਨ ਲਪਟਾਈ।ਹਾਥ ਜੋਰਿ ਸਿਰ ਦਤਿ ਨਿਵਾਈ। ਕਰ ਸੋਂ ਚਰਨ ਛੁਵਹਿਂ ਮੁਖ ਫੇਰਹਿਂ[2]। ਧੰਨ ਜਨਮ ਅਪਨੋ ਪੁਨ ਹੇਰਹਿਂ ॥ ੧੯ ॥ ਧਰਹਿਂ ਉਪਾਇਨ ਅਰਪਿ ਅਗਾਰੀ। ਧਨ ਅਰੁ ਬਸਨ ਮੋਲ ਜਿਨ ਭਾਰੀ। ਅਪਰ ਪਦਾਰਥ ਅਰਪਤਿ ਰਾਸ। ਸ਼੍ਰੀ ਗੁਰੁ ਨਿਕਟਿ ਹੋਤਿ ਅਰਦਾਸ ॥ ੨੦ ॥ ਬਿਨੈ ਠਾਨਿ ਪਰਿਕਰਮਾ ਕਰਿ ਹੈਂ। ਉਸਤਤਿ ਅਨਿਕ ਪ੍ਰਕਾਰ ਉਚਰਿ ਹੈਂ। ਮਨ ਭਾਵਤਿ ਸਤਿਗੁਰ ਬਰ ਦੀਨੇ। ਤਿਨ ਕੀ ਘਾਲ ਪ੍ਰੇਮ ਯੁਤਿ ਚੀਨੇ ॥ ੨੧ ॥ ਮਿਲੇ ਬਹੁਤ ਦਿਨ ਖੋਜਤਿ ਆਏ। ਸ਼ੁਮਤਿ ਭਏ ਪੁਨ ਦਰਸ਼ਨ ਪਾਏ। ਗੁਰ ਕਹਿ ਦੀਨਸਿ ਧੀਰ ਦਿਲਾਸਾ। ਕ੍ਰਿਪਾ ਦ੍ਰਿਸ਼ਟਿ ਦੇਖਤਿ ਚਹੁੰ ਪਾਸਾ ॥ ੨੨ ॥ ਇਤਨੇ ਮਹਿਂ ਰਾਹਕ ਇਕ ਆਵਾ। ਪਿਖਿ ਪ੍ਰਭਾਵ ਕੋ ਸੀਸ ਨਿਵਾਵਾ। 'ਨਿਕਟਿ ਖੇਤ੍ਰ ਮੈਂ ਲਾਂਗੁਲ ਵਾਹਤਿ[3]। ਨਰ ਗਨ ਪਿਖਿ ਕਰਿ ਦਰਸ ਉਮਾਹਤਿ ॥੨੩॥ ਤੱਕ੍ਰ[4] ਹਮਾਰੇ ਘਰ ਤੇ ਆਈ। ਕਰਹੁ ਆਪ ਭੀ ਪਾਨ ਮੰਗਾਈ'।ਗੁਰ ਤਬਿ ਕਹਯੋ 'ਭਾਵ

---

[1]ਵਣ ਅਰਥਾਤ ਪੀਲੂ ਦਾ ਬਿੱਛ। (ਅ) ਬਹੁਤ ਬ੍ਰਿੱਛਾਂ ਦੀ। [2]ਹਥ ਨਾਲ ਚਰਨ ਛੋਹ ਕੇ ਮੁਖ ਉਪਰ ਫੇਰਦੇ ਹਨ। [3]ਹਲ ਵਾਹੁੰਦਾ ਸੀ। [4]ਲੱਸੀ [ਸੰਸ:, ਤੱਕ੍ਰ]।

ਸ਼ੁਭ ਹੇਰਾ। ਤੂੰਹੀ ਪਾਨ ਕਰਹੁ ਇਸ ਬੇਰਾ' ॥ ੨੪ ॥ ਸੁਨਿ ਪੁਨ ਭਨਯੋ 'ਆਪ ਭੀ ਪੀਯੋ। ਕ੍ਰਿਪਾ ਦ੍ਰਿਸ਼ਟਿ ਮੈਂ ਪੇਖਤਿ ਜੀਯੋ'। ਬਾਰਿ ਬਾਰਿ ਕਹਿ ਰਾਹਕ ਰਹਯੋ। ਤਬਿ ਸਤਿਗੁਰ ਸਿੱਖਨਿ ਸੋਂ ਕਹਯੋ ॥ ੨੫ ॥ ਤੱਕ੍ਰ ਪਾਨ ਕੀਨਸਿ ਤਿਸ ਬੇਰੀ। ਸੰਗਤਿ ਤ੍ਰਿਖਾ ਮਿਟਾਇ ਬਡੇਰੀ। ਰਾਹਕ ਸੋਂ ਤਬਿ ਸਤਿਗੁਰ ਪ੍ਰਾਹੀ। 'ਦੁਗਧ ਰਹੈ ਬਹੁ ਤੁਵ ਘਰ ਮਾਂਹੀ ॥ ੨੬ ॥ ਥੁਰਹਿ ਨਹੀਂ ਕਬਿ,ਹੋਇ ਘਨੇਰੋ। ਸਤਿਸੰਗਤਿ ਸੇਵੀ ਇਸ ਬੇਰੇ'। ਇਮ ਸੰਗਤਿ ਕੋ ਕਰਿ ਸਨਮਾਨ। ਤਹਿਂ ਤੇ ਸਤਿਗੁਰ ਕੀਨਸਿ ਪਯਾਨ॥੨੭॥ ਸਗਰੀ ਸੰਗਤਿ ਸੰਗ ਲਿਆਇ। 'ਭਿੱਖੀ' ਗ੍ਰਾਮ ਸਮੁਖ ਕੋ ਆਇ। ਸਨੇ ਸਨੇ ਗਮਨਤਿ ਸੁਖ ਸਾਥ। ਤਹਾਂ ਆਇ ਉਤਰੇ ਜਗ ਨਾਥ॥੨੮॥ਇਕ ਦਿਨ ਸੰਗਤਿ ਤਿਹਠਾਂ ਰਹੀ। ਪੁਨਹਿ ਬਿਦਾ ਗਮਨੇ ਉਰ ਚਹੀ। ਸਿਰੋਪਾਉ ਤਿਨ ਕੋ ਬੰਧਵਾਇ। ਜਥਾਜੋਗ ਜੇਤਿਕ ਮੁਖਿ[੧] ਆਇ ॥੨੯॥ ਪੁਨ ਮਸੰਦ ਸੋਂ ਪਾਗ ਬੰਧਾਈ। ਬਿਦਾ ਦਈ ਸਭਿਹਿਨਿ ਸੁਖਦਾਈ। ਗੁਰ ਕੀ ਖੁਸ਼ੀ ਲਈ ਸਭਿ ਪਾਇ। ਗਮਨ ਕੀਨਿ ਸੰਗਤਿ ਸਮੁਦਾਇ ॥੩੦॥ ਤਿਨ ਪਾਛੇ ਸਤਿਗੁਰ ਸੁਖ ਧਾਮਾ। ਬਸੇ ਕਿਤਿਕ ਦਿਨ ਭਿੱਖੀ ਗ੍ਰਾਮਾ। ਤਹਿਂ ਦੇਸੂ ਸਰਦਾਰ ਬਿਸਾਲੈ। ਚਾਹਲ ਗੋਤ ਚਢਹਿ ਤਿਸ ਨਾਲੈ[੨]॥੩੧॥ਦੁਇ ਦਿਨ ਬਿਤੇ ਮਿਲਨਿ ਨਹੀਂ ਆਯੋ।ਜਿਨ ਸਰਵਰ ਸੇਵਾ ਚਿਤ ਲਾਯੋ।ਦੇਹਿ ਦਰੂਦ ਰੋਟ ਪਕਵਾਇ। ਸਾਦਰ ਬੈਠਿ ਭਿਰਾਈ ਖਾਇਂ ॥੩੨॥ ਸਰਵਰ ਕੀ ਖੂੰਡੀ ਗਰ ਗੇਰੀ[੩]। ਤਿਸ ਮਹਿਂ ਸ਼ਰਧਾ ਠਾਨਿ ਘਨੇਰੀ। ਹਿੰਦੂ ਧਰਮ ਨ ਕਛੂ ਬਿਚਾਰਹਿ।ਤੁਰਕ ਰੀਤਿ ਸਿਰ ਊਪਰ ਧਾਰਹਿ॥੩੩॥ਪਰਮੇਸ਼ੁਰ ਕੋ ਜਾਨਹਿਂ ਨਾਂਹੀ।ਮਹਾਂਮੰਦ ਗਮਨੈ ਬਦਰਾਹੀ[੪]।ਜੇ ਦਿਜ ਪੰਡਿਤ,ਇਨ ਕਹੁਮਾਨਹਿਂ। ਅਪਰਨ ਕੀ ਤਬਿ ਕੌਨ ਬਖਾਨਹਿ॥੩੪॥ਗੁੱਗਾ, ਮੀਰਾਂ, ਅਰੁ ਸੁਲਤਾਨ। ਧਰਮ ਛੋਡਿ ਇਨ ਮਾਨਹਿਂ ਆਨ। ਤੌ ਪਰਮੇਸ਼ੁਰ ਕੋ ਕਯਾ ਮਾਨਹਿਂ। ਡਹਿਕੇ ਹਿੰਦੂ ਤਯਾਗਤਿ ਸਜਾਨਹਿਂ ॥ ੩੫ ॥ ਕਿਤਿਕ ਸਿੱਖ ਭਿੱਖੀ ਕੇ ਮਾਂਹਿ। ਦੇਸੂ ਕੋ ਸਮੁਝਾਵਤਿ ਚਾਹਿ। 'ਸ਼੍ਰੀ ਨਾਨਕ ਕੀ ਗਾਦੀ ਪਰ ਹੈਂ। ਮਿਲਹੁ ਇਨਹਿਂ ਜੋ ਨਿਜ ਸੁਖ ਕਰਿ ਹੈਂ ॥ ੩੬ ॥ ਇਨ ਕੋ ਕ੍ਰੋਧ ਪ੍ਰਸੰਨ[੫] ਅਫਲ ਨਹਿਂ। ਦਾਤਾ ਬਰ ਸਰਾਪ ਕੇ ਸਭਿ ਮਹਿਂ। ਦੇਵਨਿ ਕਹੁ ਭੀ[੬] ਦੁਖ

[੧]ਮੁਖੀਏ। [੨]ਚਾਹਲਾਂ ਦਾ (ਸਾਰਾ) ਗੋਤ (ਕਬੀਲਾ) ਤਿਸਦੇ ਨਾਲ ਚੜ੍ਹਦਾ ਸੀ। [੩]ਗਲ ਵਿਚ ਪਾਈ। [੪]ਖੋਟੇ ਰਾਹ ਟੁਰਦਾ ਸੀ। [੫]ਖੁਸ਼ੀ। [੬]ਦੇਵਤਿਆਂ ਨੂੰ ਬੀ।

ਸੁਖ ਦਾਨੀ। ਨਰ ਬਪੁਰਨਿ ਕੀ ਕਹਾਂ ਕਹਾਨੀ' ॥੩੭॥ਇੱਤ੍ਯਾਦਿਕ ਤਿਸ ਕੋ ਸਮੁਝਾਇ। ਸਤਿਗੁਰੁ ਸਾਥ ਮਿਲਿਨਿ ਠਹਿਰਾਇ। ਭਯੋ ਤ੍ਯਾਰ ਕੁਛ ਲਈ ਉਪਾਇਨ ।-ਮਿਲਿ ਕਰਿ ਮੈਂ ਬੰਦੋਂ ਗੁਰੁ ਪਾਇਨ-॥ ੩੮ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜੰਗਲ ਦੇਸ਼ ਬਿਚਰਨਿ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥ ੩੭ ॥

੩੮. [ਦੇਸ ਰਾਜ। ਖਜਾਲਾ ਗ੍ਰਾਮ। ਦਮਦਮਾ। ਮੌੜ]।

ਦੋਹਰਾ ॥ ਸਮੁਝਾਯਹੁ ਸਿੱਖਨਿ ਜਬਹਿ ਦੇਸੂ ਹ੍ਵੈ ਕਰਿ ਤ੍ਯਾਰ। ਭੀਰ ਸੰਗ ਲੈ ਨਰਨਿ ਕੀ ਆਯੋ ਗੁਰ ਦਰਬਾਰ ॥ ੧ ॥ ਚੌਪਈ ॥ ਦਿਵਸ ਤੀਸਰੇ ਦਰਸ਼ਨ ਆਯੋ। ਪ੍ਰਥਮ ਉਪਾਇਨ ਧਰੀ ਜੁ ਲ੍ਯਾਯੋ। ਬਿਨੈ ਸਨੀ ਬਾਨੀ ਕਹਿ ਕਰਿ ਕੈ। ਬੰਦਨ ਕੀਨਿ ਚਰਨ ਸਿਰ ਧਰਿ ਕੈ॥੨॥ਨਿੰਮ੍ਰਿ ਦੇਖਿ ਕੈ ਸ੍ਰੀ ਗੁਰੁ ਪੂਰੇ। ਕਹ੍ਯੋ ਬਾਕ ਬਾਕਨਿ ਕੇ ਸੂਰੇ। 'ਆਵਹੁ ਦੇਸਰਾਜ ਬਨਿ ਬੈਠਹੁ। ਜੇ ਦ੍ਰਿਢ ਸ਼ਰਧਾ ਸ਼ੁਭ ਘਰ ਪੈਠਹੁ[1] ॥ ੩ ॥ ਸਕਲ ਦੇਸ਼ ਪਰ ਹੁਕਮ ਚਲਾਵਹੁ। ਜੇ ਗੁਰੁ ਸਿੱਖੀ ਸਿਦਕ ਕਮਾਵਹੁ।ਇਹ ਖੂੰਡੀ ਕਿਮ ਘਰ ਮਹਿਂ ਰਾਖੀ ? ਕ੍ਯਾ ਗੁਨ ਕਰਹਿ ਸੁਨਾਵਹੁ ਸਾਖੀ ?' ॥ ੪ ॥ ਸੁਨਿ ਦੇਸੂ ਨੇ ਸਕਲ ਸੁਨਾਈ। 'ਸਰਵਰ ਕੀ ਖੂੰਡੀ ਇਹੁ ਪਾਈ। ਨਿਸ ਦਿਨ ਰੱਖ੍ਯਾ ਕਰਹਿ ਹਮਾਰੀ। ਮਹਿਖੀ ਧੇਨੁਨਿ ਦੇਤਿ ਹਜ਼ਾਰੀ[2] ॥ ੫ ॥ ਦੂਧ ਪੂਤ ਕੋ ਅਧਿਕ ਬਧਾਵਤਿ। ਸਕਲ ਦੇਸ਼ ਤਿਸ ਬਹੁਤ ਮਨਾਵਤਿ। ਕਰਹਿਂ ਰੋਟ ਅਰਪਹਿਂ ਤਿਸ ਤਾਂਈਂ। ਹਾਥ ਜੋਰਿ ਬੰਦਹਿਂ ਸਿਰ ਨ੍ਯਾਈ' ॥ ੬॥ ਸੁਨਿ ਸਤਿਗੁਰ ਨੇ ਪੁਨ ਸਮੁਝਾਵਾ। 'ਹਿੰਦੂ ਧਰਮ ਬਨ ਕੋ ਇਹ ਦਾਵਾ[3]। ਕ੍ਯੋਂ ਅਪਨੋ ਪਰਲੋਕ ਬਿਗਾਰਾ ? ਸੱਤਿਨਾਮ ਕੋ ਰਿਦੈ ਬਿਸਾਰਾ ? ॥੭॥ ਜਬਿ ਜਮ ਕੇ ਬਸਿ ਪਰ ਹੈਂ ਜਾਈ। ਤਹਾਂ ਹੋਇ ਹੈ ਕੌਨ ਸਹਾਈ ?। ਜਿਸਕੋ ਦੰਡ ਸਭਿਨਿ ਪਰ ਅਹੈ। ਤਿਸ ਆਗੇ ਕੋ ਧੀਰਜ ਲਹੈ ? ॥੮॥ ਸਤਿਗੁਰ ਸੱਤਿਨਾਮ ਬਿਨ ਔਰ। ਨਹੀਂ ਛੁਰਾਇ ਸਕਹਿ ਤਿਸ ਠੌਰ। ਜਗ ਮੈਂ ਜੇ ਪ੍ਰਤਾਪ ਕੋ ਚਾਹੈਂ। ਨਿਜ ਦੁਸ਼ਟਨਿ ਕੋ ਦਲਨਿ ਉਮਾਹੈਂ ॥ ੯ ॥ ਹਮ ਤੇ ਪੰਚ ਤੀਰ ਤੁਮ ਲੇਹੁ। ਸਭਿ ਬਿਧਿ ਕਾਰਜ ਕਰਿ ਹੈਂ ਏਹੁ'। ਸੁਨਿ ਸਤਿ-ਗੁਰ ਕੇ ਬਾਕ ਸੁਹਾਏ। ਦੇਸੂ ਉਰ ਮਹਿਂ ਤਿਸ ਛਿਨ ਭਾਏ ॥ ੧੦ ॥ ਸਰਵਰ

[1]ਜੇ ਦ੍ਰਿੜ੍ਹ ਸ਼ਰਧਾ ਹੈ ਤਾਂ ( ਸਿੱਖੀ ਰੂਪੀ ) ਸ਼ੁਭ ਘਰ ਵਿਚ ਪ੍ਰਵੇਸ਼ ਕਰੋ। [2]ਗਊਆਂ ਮੱਝੀਆਂ ਹਜ਼ਾਰਾਂ ਹੀ ਦਿੰਦੀ ਹੈ। [3]ਹਿੰਦੂ ਧਰਮ ( ਰੂਪੀ ) ਬਨ ਨੂੰ ਇਹ ਦਾਵਾ ਅਗਨੀ ( ਵਤ ਨਾਸ਼ ਕਰਨੇ ਵਾਲੀ ਹੈ)।

ਕੀ ਖੂੰਡੀ ਗਰ ਪਾਈ। ਤੂਰਨ ਤੋਰਤਿ ਦੂਰ ਬਗਾਈ। ਪੰਚ ਤੀਰ ਲੇ ਬੰਦਨ ਠਾਨੀ। ਭਯੋ ਪ੍ਰਸੰਨ ਨੀਕ ਮਨ ਮਾਨੀ ॥ ੧੧ ॥ ਅਪਨੇ ਲੋਕਨਿ ਮਹਿਂ ਪੁਨ ਕਹ੍ਯੋ। 'ਅਬਿ ਲੌ ਮੈਂ ਭੂਲ੍ਯੋ ਬਹੁ ਰਹ੍ਯੋ। ਤੁਰਕਨਿ ਕੋ ਮਾਨਤਿ ਹਮ ਰਹੇ। ਹਿੰਦੂ ਧਰਮ ਰੀਤਿ ਨਹਿਂ ਲਹੇ ॥ ੧੨ ॥ ਪ੍ਰਥਮ ਜਵਨ ਕੋ ਅਰਪ ਜੁ ਦੀਨਾ[1]। ਪਾਛੇ ਆਪ ਅਚਵਨੋ ਕੀਨਾ। ਰਾਮ ਰਹੀਮ ਨ ਮਾਨਯੋਂ ਕੋਈ। ਆਇ ਸਹਾਇਕ ਅੰਤ ਜੁ ਹੋਈ ॥੧੩॥ ਅਬਿ ਮੈਂ ਰਹਿ ਕਰਿ ਸਤਿਗੁਰੁ ਸ਼ਰਨੀ। ਕਰਵਿ ਸਕਲ ਹੀ ਆਛੀ ਕਰਨੀ[2]'। ਇਮ ਕਹਿ ਨਮੋ ਠਾਨਿ ਘਰ ਗਯੋ। ਸੇਵ ਗੁਰਨਿ ਕੀ ਕਰਤੋ ਭਯੋ ॥ ੧੪ ॥ ਦੁਗਧ ਅੰਨ ਮਿਸ਼ਟਾਨ ਘਨੇਰੇ। ਚਹਿਯ ਵਸਤੁ ਪਹੁੰਚਾਵੈ ਡੇਰੇ। ਬੈਠਹਿ ਨਿਕਟਿ ਸੁਨੈਂ ਗੁਰੁ ਬੈਨ। ਦਰਸਹਿ ਕਰਹਿ ਸਫਲ ਜੁਗ ਨੈਨ ॥ ੧੫ ॥ ਪੁਨ ਸ਼੍ਰੀ ਤੇਗ ਬਹਾਦਰ ਰਾਇ। ਭਏ ਸੁ ਤਯਾਰ ਚਲਨਿ ਅਗਵਾਇ। ਦੇਸਰਾਜ ਕਹੁ ਦ੍ਰਿਢਤਾ ਦੀਨਸਿ। 'ਮਤਿ ਅਡੋਲ ਰਹੁ ਨਿਸ਼ਚਾ ਲੀਨਸਿ ॥ ੧੬ ॥ ਇਨ ਕਹੁ ਤੀਰ ਨਹੀਂ ਮਨ ਜਾਨਿ। ਪੰਚ ਬੀਰ ਆਏ ਤੁਵ ਪਾਨ[3]। ਜੇਤਿਕ ਹੈ ਚਹੁਕੁੰਟ ਮਝਾਰੀ। ਕੋਇ ਨ ਠਹਿਰਹਿ ਇਨਹੁ ਅਗਾਰੀ॥੧੭॥ਜਿਸ ਚਾਹੈਂ ਜੀਤਹੁ ਕਰਿ ਜੰਗ। ਨਹਿਂ ਅਰਿ ਅਰਹਿ ਹੋਹਿਂ ਭਟ ਭੰਗ'। ਕ੍ਰਿਪਾ ਧਾਰਿ ਕਹਿ ਕੈ ਇਸ ਭਾਂਤਿ। ਗਮਨੇ ਸ਼੍ਰੀ ਹਰਿ ਗੋਵਿੰਦ ਤਾਤ॥੧੮॥ ਜਾਇ ਪਹੂੰਚੇ ਗ੍ਰਾਮ ਜੁ 'ਖਯਾਲੇ'।ਬਾਸਹਿਂ ਚਾਹਲ ਗੋਤ ਬਿਸਾਲੇ। ਉਤਰਿ ਪਰੇ ਡੇਰਾ ਤਹਿਂ ਕੀਨ। ਸਤਿਗੁਰੁ ਕ੍ਰਿਪਾ ਨਿਧਾਨ ਪ੍ਰਬੀਨ॥੧੯॥ਮਿਲਿਬੇ ਹੇਤੁ ਜਾਟ ਨਹਿਂ ਆਏ।ਤਨਕ ਨ ਸੇਵ ਕਰੀ ਮਨ ਲਾਏ। ਮੰਦ ਭਾਗ ਜਿਨ ਕੇ ਪਛੁਤਾਵਾ। ਲੈ ਨਹਿਂ ਸਕੇ[4], ਘਰਹਿ ਗੁਰ ਆਵਾ ॥੨੦॥ ਇਕ ਦਿਜ ਮਿਲ੍ਯੋ ਸੇਵ ਬਹੁ ਠਾਨੀ। ਕਰਤਿ ਭਾਉ ਕਾਯਾਂ ਮਨ ਬਾਨੀ। ਹਾਥ ਜੋਰਿ ਕਰਿ ਬੈਠਹਿ ਪਾਸ। ਸੁਨਿ ਹੈ ਸ਼੍ਰੀ ਮੁਖ ਬਾਕ ਬਿਲਾਸ ॥੨੧॥ ਇਕ ਦਿਨ ਸ਼੍ਰੀ ਗੁਰੁ ਸਹਿਜ ਸੁਭਾਇ। ਬਿਚਰਤਿ ਚਰਨ ਸਾਥ ਤਿਸ ਥਾਇਂ। ਹੁਤੋ ਸੰਗ ਦ੍ਵਿਜਬਰ ਬਿਚਰੰਤਾ। ਅਧਿਕ ਭਾਵਨੀ ਰਿਦੈ ਧਰੰਤਾ ॥ ੨੨ ॥ ਕੇਤਿਕ ਲੋਕ ਸੰਗ ਤਹਿਂ ਫਿਰਿਹੀਂ। ਤਬਿ ਦਿਜ ਸੋਂ ਸਤਿਗੁਰੂ ਉਚਰਿਹੀਂ। 'ਕੁਛ ਸੰਮਤ ਬੀਤੇ ਇਸ ਥਾਨ। ਲਗਹਿ

---

[1]ਪਹਿਲੇ ਜੋ ਤੁਰਕਾਂ ਨੂੰ ਅਰਪਦੇ ਰਹੇ ਹਾਂ। [2]ਕਿਰਤ। [3]ਤੇਰੇ ਹੱਥ। [4](ਦਰਸ਼ਨ) ਨਾ ਲੈ ਸਕੇ।

ਏਕ ਬਟ[੧] ਬ੍ਰਿੱਛ ਮਹਾਨ ॥ ੨੩ ॥ ਅਰੁ ਇਸ ਨਿਕਟਿ ਕੂਪ ਬਨਿਵਾਵੈ। ਜਿਸ ਤੇ ਨੀਰ ਬਹੁਤ ਨਰ ਪਾਵੈਂ’। ਇਮ ਸ੍ਰੀ ਮੁਖ ਤੇ ਬਾਕ ਬਖਾਨੇ। ਸੋ ਅਬਿ ਲਗੇ ਕਹੈ ਕਵਿ ਜਾਨੇ[੨]॥੨੪॥ਗ੍ਰਾਮ ਸੁ ਖਨਾਲੇ ਮਹਿਂ ਅਬਿ ਅਹੈਂ[੩]। ਬਿਦਤ ਲਗੇ ਨਰ ਜਾਇ ਸੁ ਲਹੈਂ[੪]। ਇਸ ਪ੍ਰਕਾਰ ਸਤਿਗੁਰ ਤਹਿਂ ਬਾਸੇ। ਦ੍ਵਿਜ ਪਰ ਭਏ ਪ੍ਰਸੰਨ ਬਿਗਾਸੇ ॥ ੨੫॥ ਕਰੀ ਬਿੱਪ੍ਰ ਪਰ ਖੁਸ਼ੀ ਬਿਸਾਲਾ। ਹਲਤ ਪਲਤ ਮਹਿਂ ਰਹਯੋ ਸੁਖਾਲਾ। ਸ੍ਰੀ ਗੁਰ ਕਰਯੋ ਕੂਚ ਨਿਜ ਡੇਰਾ।
ਨਿਕਟ ਦਮਦਮੇ ਮੌੜ ਬਡੇਰਾ ॥੨੬॥ ਤਿਸੀ ਗ੍ਰਾਮ ਕਹੁ ਪਹੁੰਚੇ ਜਾਈ। ਉਤਰਯੋ ਚਹਤਿ ਦੇਖਿ ਸ਼ੁਭ ਥਾਈਂ। ਇਕ ਥਲ ਕੰਟਕ ਕੀ ਬਡ ਬਾਰ। ਬਾਰਾ ਕਰਯੋ ਹੁਤੋ ਇਕਸਾਰ[੫] ॥ ੨੭ ॥ ਤਹਿਂ ਕੇ ਕੰਟਕ ਕੁਛ ਹਟਵਾਏ। ਡੇਰੇ ਸਹਿਤ ਗੁਰੂ ਪ੍ਰਵਿਸ਼ਾਏ। ਉਤਰਨਿ ਲਗੇ ਤਬਹਿ ਨਰ ਆਇ। ਬਰ-ਜਤਿ ਭਏ ‘ਨ ਸ਼ੁਭ ਇਹ ਥਾਇ ॥੨੮॥ ਜੰਡ ਖਰੋ ਇਸ ਮਹਿਂ ਜੋ ਭਾਰਾ। ਕਾਂਡ ਪੱਤ੍ਰ ਜੁਤਿ ਲਹਿ ਬਿਸਤਾਰਾ। ਬਸਹਿ ਪਿਸ਼ਾਚ[੬] ਇਸੀ ਮੈਂ ਕਬਿ ਕੋ। ਗ੍ਰਾਮ ਬਿਖੈ ਦੀਨਸਿ ਭੈ ਸਭਿ ਕੋ ॥ ੨੯ ॥ ਤੁਮ ਭੀ ਨਹਿਂ ਉਤਰਹੁ ਇਸ ਥਾਨ। ਘਾਤ ਪਾਇ ਕਰਿ ਹਾਨਹਿ ਪ੍ਰਾਨ। ਪਿਖਹਿ ਅਵੱਗਯਾ ਜਿਸ ਮਹਿਂ ਕਬਿਹੂੰ। ਕਰਤਾ ਤਿਸਹਿ ਬਿਨਾਸ਼ਨਿ ਤਬਿਹੂੰ ॥ ੩੦ ॥ ਹਮ ਪੂਜਤਿ ਭੈ ਜੁਤਿ ਨਿਤ ਰਹੈਂ। ਇਸ ਕਾਰਨ ਤੇ ਤੁਮ ਕੋ ਕਹੈਂ। ਵਹਿਰ ਕਰਹੁ ਕਿਤ ਡੇਰਾ ਜਾਇ। ਸੁਖ ਸੋਂ ਬਸਹੁ ਨਿਸਾ ਕੋ ਪਾਇ॥ ੩੧॥ ਤੁਮ ਕੋ ਸੁਧਿ ਹਮ ਦਈ ਬਤਾਇ। ਹੋਇ ਨ ਅਸ ਪੀਛੇ ਪਛੁਤਾਇ’।ਸੁਨਿ ਸਤਿਗੁਰ ਨੇ ਤਿਨ ਸੋਂ ਕਹ੍ਯੋ। ‘ਅਬਿ ਲੌ ਇਹਾਂ ਪਿਸ਼ਾਚ ਜੁ ਰਹ੍ਯੋ ॥ ੩੨ ॥ ਆਗੈ ਨਹੀਂ ਰਹੈ ਇਸ ਥਾਨ। ਨਿਕਸਿ ਜਾਇਗੋ ਬਿਹਰਹਿ ਆਨ[੭]। ਬਸਹਿਂ ਦੇਵਤਾ ਇਸ ਥਲ ਆਇ। ਜਿਸ ਤੇ ਤੁਮ ਸਗਰੇ ਸੁਖ ਪਾਇ[੮]’॥੩੩॥ ਤਬਿ ਡੇਰਾ ਸਤਿਗੁਰੂ ਜਮਾਯੋ। ਭਈ ਜਾਮਨੀ ਦੇਵ ਸੁ ਆਯੋ। ਹਾਥ ਜੋਰਿ ਕੈ ਬਿਨਤੀ ਠਾਨੀ। ‘ਤੁਮ ਸਮਰੱਥ ਸਗਲ ਗੁਨ ਖਾਨੀ ॥ ੩੪ ॥ ਦੋਹਰਾ ॥ ਪੂਰਬ

---

[੧]ਬੋਹੜ ਦਾ। [੨]ਕਵੀ ਜੀ ਕਹਿੰਦੇ ਹਨ ਕਿ ਓਹ (ਬੋਹੜ ਤੇ ਖੂਹ) ਹੁਣ ਤਕ ਜਾਣੇ ਭਾਵ ਦੇਖੇ ਜਾਂਦੇ ਹਨ। (ਅ) ਕਵੀ ਜੀ ਕਹਿਦੇ ਹਨ ਓਹ ਹੁਣ ਲਗੇ ਹੋਏ ਹਨ ( ਤੇ ਲੋਕ ) ਜਾਣਦੇ ਹਨ। [੩]ਅਜੇ ਤਕ ਹਨ (ਬ੍ਰਿਛ ਤੇ ਖੂਹ)। [੪]ਪ੍ਰਤੱਛ ਲਗੇ ਹੋਏ ਲੋਕੀ ਜਾ ਕੇ ਦੇਖਦੇ ਹਨ। [੫]ਇਕ ਥਾਂ ਕੰਡਿਆਂ ਦੀ ਵਾੜ ਨਾਲ ਇਕਸਾਰ ਵਾੜਾ (ਵਲਗਣ) ਕੀਤਾ ਹੋਇਆ ਸੀ। [੬]ਭੂਤ। [੭](ਕਿਤੇ) ਹੋਰਥੇ ਵਿਚਰੇਗਾ। [੮]ਪਾਓਗੇ।

ਹਮ ਇਕਠੇ ਸਕਲ ਬਸਤੇ ਗੋਇੰਦਵਾਲ। ਗੁਰੁ ਅੰਗਦ ਸ਼੍ਰੀ ਅਮਰ ਕੌ ਕਹਿਤ ਭਏ ਹਿਤ ਨਾਲ ॥੩੫॥ ਚੌਪਈ ॥–ਗੋਇੰਦਵਾਲ ਥੇਹੁ ਜੋ ਪਰਜੋ। ਉਜਰਜੋ ਧਰਮ ਝੂਠ ਥੋ ਕਰਜੋ[1]।ਅਬਿ ਤੁਮ ਜਾਇ ਬਸਾਵਨਿ ਕਰੀਅਹਿ। ਹਮਰੇ ਕਰ ਕੀ ਛਟੀ ਸੁ ਧਰੀਅਹਿ॥੩੬॥ ਭੂਤ ਪ੍ਰੇਤ ਕੌ ਲਾਖਹੁਂ ਦਲ ਹੈ। ਦੇਖਿ ਛਟੀ ਭਾਜਹਿ ਤਜਿ ਚਲਿ ਹੈਂ[2]–। ਹੁਕਮ ਮਾਨਿ ਸ਼੍ਰੀ ਅਮਰ ਸੁ ਆਏ। ਹਮ ਸਭਿਹਨਿ ਕੋ ਦੀਨਿ ਪਲਾਏ ॥ ੩੭ ॥ ਜੰਗਲ ਦੇਸ਼ ਇਤਹਿ ਸਭਿ ਆਏ। ਆਦਿ ਬਠਿੰਡੇ ਬਸਿ ਸੁਖ ਪਾਏ। ਆਵਨਿ ਭਾ ਇਸ ਦੇਸ਼ ਤੁਮਾਰੋ। ਹਮ ਕੋ ਦੁਖਦ ਸੁ ਡਰ ਉਰ ਧਾਰੋ ॥੩੮॥ ਕਹਾਂ ਬਾਸ ਹਮ ਕਰਿ ਹੈਂ ਜਾਏ। ਕ੍ਰਿਪਾ ਧਾਰਿ ਦਿਹੁ ਦੇਸ਼ ਬਤਾਏ'। ਸ਼੍ਰੀ ਗੁਰ ਕਹਜੋ 'ਆਇ ਇਕ ਕਾਲ। ਬਿਤਹਿਂ ਬਰਖ ਕੇਤਿਕ ਇਸ ਢਾਲ ॥ ੩੯ ॥ ਏਕ ਪੁਰਖ ਆਵਹਿ ਇਸ ਦੇਸ਼। ਜਾਇ ਬਠਿੰਡੇ ਕਰਹਿ ਪ੍ਰਵੇਸ਼। ਤਹਿਂ ਤੇ ਦੇਵ ਨਿਕਾਸਹਿ ਸੋਇ[3]। ਬਸਿਬੇ ਦੇਸ਼ ਦੇਇ ਜਬਿ ਹੋਇ[4]' ॥ ੪੦॥ ਇਮ ਸੁਨਿ ਨਮਸਕਾਰ ਕਰਿ ਗਯੋ। ਸ਼੍ਰੀ ਗੁਰ ਸੇਜ ਸੋਇ ਸੁਖ ਲਹਜੋ। ਸੁਪਤਿ ਜਥਾ ਸੁਖ ਨਿਸਾ ਬਿਤਾਈ। ਪੁਨ ਤਮ ਨਸਜੋ ਪ੍ਰਾਤਿ ਹੁਇ ਆਈ ॥ ੪੧ ॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜੰਗਲ ਦੇਸ਼ ਬਿਚਰਨਿ' ਪ੍ਰਸੰਗ ਬਰ-ਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥ ੩੮ ॥

## ੩੯. [ਦੇਊ ਦਾ ਅੰਤ]।

ਦੋਹਰਾ ॥ ਕਿਤਿਕ ਦਿਵਸ ਤਿਸ ਗ੍ਰਾਮ ਮਹਿ ਬਸੇ ਗੁਰੂ ਮਹਾਰਾਜ। ਸੰਗਤਿ ਦੇਖਿ ਨਿਹਾਲ ਹੁਇ ਸਿੱਖਨਿ ਸੁਧਰੇ ਕਾਜ ॥ ੧ ॥ ਚੌਪਈ ॥ ਚਲਦਲ ਲਗਜੋ ਜੰਡ ਤਿਸ ਮਾਂਹੀ[5]। ਸਤਿਗੁਰ ਬਾਕ ਨਿਫਲ ਕਿਮ ਜਾਹੀਂ। ਭਯੋ ਦੇਵਤਾ ਕੋ ਤਹਿਂ ਬਾਸ[6]। ਜੋ ਸਭਿ ਕੋ ਸੁਖ ਦੇਤਿ ਪ੍ਰਕਾਸ਼[7] ॥੨॥ ਸੁਠ ਪ੍ਰਯੰਕ ਇਕ ਦਜੋਸ ਡਸਾਯੋ। ਉੱਜਲ ਆਸਤਰਨ ਸੋਂ ਛਾਯੋ। ਤਿਸ ਪਰ ਬੈਠੇ ਗੁਰੁ ਮਹਾਂਰਾਜ। ਦਰਸ਼ਨ ਦੇਤਿ ਗ਼ਰੀਬ ਨਿਵਾਜ ॥ ੩ ॥ ਅਪਰ ਪੰਚਾਇਤ ਗੁਰ ਢਿਗ ਆਇ। ਕੰਬਲ ਪਰ ਬੈਠੇ ਸਮੁਦਾਇ। ਦਰਸ਼ਨ

---

[1](ਗੋਇੰਦੇ) ਨੇ ਝੂਠਾ ਧਰਮ ਕੀਤਾ ਸੀ (ਇਸ ਲਈ) ਉੱਜੜ ਗਿਆ ਹੈ। [2](ਥਾਂ ਨੂੰ) ਛਡ ਕੇ ਚਲੇ ਜਾਣਗੇ। [3]ਤਿੱਥੋਂ ਵੀ ਓਹ ਦੇਉ ਨੂੰ ਕੱਢੇਗਾ। [4]ਜਦੋਂ (ਓਹ) ਹੋਵੇਗਾ (ਤੁਹਾਡੇ) ਵਸਣੇ ਲਈ ਦੇਸ਼ ਦੇਵੇਗਾ। [5]ਤਿਸ ਜੰਡ ਵਿਚ ਪਿਪਲ ਉਗ ਪਿਆ। [6](ਪਿੱਪਲ ਹੋਣ ਕਰਕੇ) ਤਿੱਥੇ ਦੇਵਤਾ ਦਾ ਵਾਸਾ ਹੋ ਗਿਆ। [7](ਛਾਇਆ ਰੂਪੀ) ਪ੍ਰਤੱਖ ਸੁਖ ਦੇਣ (ਕਰਕੇ ਪਿਪਲ ਦੇਵਤਾ ਹੈ)।

ਕਰਹਿਂ ਹੋਇ ਅਰਦਾਸ। ਅਰਪਹਿਂ ਬ੍ਰਿੰਦ ਉਪਾਇਨ ਪਾਸ ॥ ੪ ॥
ਉਤ ਦੇਸੂ ਦੀ ਸੁਨਹੁ ਕਹਾਨੀ।ਜਨੋਂ ਕੀਨਸਿ ਨਿਜ ਸ਼ਰਧਾ ਹਾਨੀ।ਹੇਤੁ ਪਰਖਿਬੇ ਨਿਸ਼ਚਾ ਤਾਂਹਿ[1]। ਕੁਛ ਸੰਕਟ ਹੋਯਹੁ ਤਨ ਮਾਂਹਿ ॥੫॥ ਕਿਤਿਕ ਦਿਵਸ ਗੁਰ ਪਾਛੇ ਭਯੋ। ਕਸ਼ਟ ਸੰਗ ਤਨ ਕੋ ਤਪਤਯੋ[2]। ਧਾਇ ਨਾਮ ਤਿਸ ਇਸਤ੍ਰੀ ਕੇਰਾ। ਬੇਮੁਖ ਸਰਵਰ ਤੇ ਪਤਿ ਹੇਰਾ ॥ ੬ ॥ ਭਈ ਕ੍ਰੋਧ ਸੋਂ ਤਾੜਨੋ ਕੰਤ। 'ਤੈਂ ਕਿਸ ਤੇ ਸੀਖਨੋ ਅਸ ਮੰਤ? ਬਡੇ ਤੁਮਾਰੇ ਮਾਨਹਿਂ ਜਾਂਹੁ। ਦੂਧ ਪੂਤ ਜੋ ਦੇ ਘਰ ਮਾਂਹੁ* ॥੭॥ ਦੇਤਿ ਮੁਰਾਦ ਹਜ਼ਾਰਨਿ ਜੋਇ। ਤੈਂ ਕੈਸੇ ਕਰਿ ਤਯਾਗਨੋ ਸੋਇ? ਖੂੰਡੀ ਗਰ ਤੇ ਗੇਰਨਿ ਕੀਨਿ।ਕਿਸ ਦੋਖੀ ਤੇ ਇਹ ਸਰ ਲੀਨਿ ॥੮॥ ਯਾਂਤੇ ਕਸ਼ਟ ਤੋਹਿ ਕਉ ਹੋਵਾ। ਨਿਜ ਮੰਨਤ ਪਰ ਨਹੀਂ ਖਰੋਵਾ'। ਇੱਤਯਾਦਿਕ ਕਹਿ ਬਾਕ ਘਨੇਰੇ। ਸਰਵਰ ਮੰਨਤ ਪਰ ਪਤਿ ਪ੍ਰੇਰੇ ॥੯॥ ਦੋਇ ਦਿਵਸ ਨਹਿਂ ਮਾਨਯੋ ਦੇਸੂ। ਕਹਿ ਸਮੁਝਾਵਨਿ ਕੀਨਿ ਵਿਸ਼ੇਸ਼ੂ। ਦਿਵਸ ਤੀਸਰੇ ਮਹਿਂ ਮਨਵਾਵਾ। ਤ੍ਰਾਸ ਕਸ਼ਟ ਕੋ ਬਹੁਤ ਬਤਾਵਾ ॥ ੧੦ ॥ ਕਹੇ ਭਾਰਜਾ ਕੇ ਮਤਿ ਅੰਧੇ। ਸਰਵਰ ਕੀ ਖੂੰਡੀ ਗਰ ਬੰਧੇ।ਬੋਲਿ ਭਿਰਾਈ ਰੋਟ ਪਕਾਯੋ। ਹਾਥ ਜੋਰਿ ਕਰਿ ਬਹੁ ਘਿਘਿਆਯੋ ॥੧੧॥ ਕਰਿ ਛਲ ਤੀਰ ਧਾਇ ਲੇ ਲੀਨੇ। ਬਹੁਤ ਖੰਡ ਤਿਹ ਤੋਰਨਿ ਕੀਨੇ। ਕਰੀ ਅਵੱਗਯਾ ਸਤਿਗੁਰ ਜਾਨੀ। ਬੈਠੇ 'ਮੌੜ' ਗ੍ਰਾਮ ਇਸਥਾਨੀ ॥੧੨॥ ਪੰਚਾਇਤ ਸੋਂ ਬਚਨ ਉਚਾਰੇ। 'ਗਜ਼ਬ ਕਰਯੋ ਦੇਸੂ ਮਤਿਮਾਰੇ। ਪੰਚ ਬੀਰ ਤੀਰਨਿ ਮਹਿਂ ਥਾਪੇ। ਸੋ ਲੇ ਕਰਿ ਨਹਿਂ ਰਾਖੇ ਆਪੇ ॥ ੧੩ ॥ ਨਿਜ ਦਾਰਾ ਕਹੁ ਦੇ ਤੁਰਵਾਏ। ਅਬਿਲੌ ਤਿਹ ਫਲ ਦੁਖ ਨਹਿਂ ਪਾਏ। ਸ਼ੰਕਮਾਨ[3] ਹਮ ਤੇ ਹੁਇ ਬੀਰ। ਤਜਿ ਤੀਰਨਿ ਆਏ ਹਮ ਤੀਰ' ॥੧੪॥ ਤਿਸ ਪੰਚਾਇਤ ਮਹਿਂ ਨਰ ਕੋਈ। ਸਨਬੰਧੀ ਦੇਸੂ ਕੇ ਤੇਈ। ਖਰੇ ਭਏ ਕਰ ਜੋਰਿ ਅਗਾਰੀ। 'ਸ਼੍ਰੀ ਗੁਰ! ਛਿਮਾਂ ਕਰਹੁ ਇਸ ਬਾਰੀ ॥ ੧੫ ॥ ਹਮ ਜੌ ਲੌ ਸਮੁਝਾਵਨਿ ਜਾਇਂ[4]। ਸ਼ਰਨ ਆਪ ਕੀ ਪਰੈ ਸੁ ਆਇ।ਧੀਰਜ ਧਰਮ ਧਾਮ ਤੁਮ ਅਹੋ। ਤਤਛਿਨ ਕਰਹੁ ਆਪ ਜਿਮ ਚਹੋ' ॥੧੬॥ ਬਿਨੈ ਬਾਕ ਇੱਤਯਾਦਿਕ ਕਹਿਕੈ। ਗਮਨੇ ਭਿੱਖੀ ਕਹੁ ਚਿਤ ਚਹਿਕੈ। ਮਿਲੇ ਆਇ ਕਰਿ ਬਾਤ ਜਨਾਏ। 'ਕਯੋਂ ਗੁਰ ਕੇ ਤੁਮ ਤੀਰ ਤੁਰਾਏ' ॥ ੧੭ ॥

[1](ਗੁਰੂ ਜੀ ਨੇ) ਤਿਸਦਾ ਨਿਸ਼ਚਾ ਪਰਖਣੇ ਵਾਸਤੇ। [2]ਤਨ ਤਪ ਗਿਆ। [3]ਡਰਕੇ। [4]ਅਸੀਂ ਜਦੋਂ ਤਕ ਸਮਝਾਵਣ ਜਾਂਦੇ ਹਾਂ। *ਇਹ ਚੌਪਈ ਕਈ ਲਿਖਤੀ ਨੁਸਖਿਆਂ ਵਿਚ ਨਹੀਂ ਹੈ।

ਸੁਨਤਿ ਨਟ੍ਯੋ[1] ਦੇਸੂ ਕਹਿ ਤਾਂਹਿ। 'ਗੁਰ ਢਿਗ ਝੂਠ ਕਹ੍ਯੋ ਕਿਸ ਜਾਂਹਿ।
ਨਹਿਂ ਤੋਰੇ ਹਮ ਤੀਰ ਤਿਨਹੁੰ ਕੇ। ਸਿੱਖੀ ਧਾਰਨਿ ਕੀਨਿ ਜਿਨਹੁੰ ਕੇ' ॥
੧੮ ॥ ਸੁਨਿ ਪੰਚਾਇਤ ਗੁਰ ਢਿਗ ਆਈ। 'ਤੁਮਰੇ ਪਰ ਇਕ ਆਸ
ਟਿਕਾਈ। ਰਾਵਰ ਕੀ ਸਿੱਖੀ ਤਿਨ ਧਾਰੀ। ਅਪਰਨਿ ਕੀ ਮੰਨਤ ਸੁ
ਬਿਸਾਰੀ' ॥ ੧੯ ॥ ਝੂਠੇ ਬਾਕ ਸੁਨੇ ਗੁਰ ਕਹ੍ਯੋ। ਪਤਾ ਬਤਾਯੋ ਤਿਨ ਜੋ
ਚਹ੍ਯੋ। 'ਹੁਕਮ ਭਾਰਜਾ ਕੋ ਤਿਨ ਮਾਨਾ। ਮੰਦਮਤੀ ਨਹਿਂ ਭੇਦ ਪਛਾਨਾ'
॥ ੨੦ ॥ ਪੁਨ ਹਟਿ ਕੈ ਪੰਚਾਇਤ ਆਈ। ਸਗਰੀ ਸਾਚੀ ਬਾਤ ਬਤਾਈ।
'ਘਰ ਮੈਂ ਦੂਰਿ ਕੈ ਜੋ ਤੁਮ ਕੀਨਸਿ। ਮਨ ਗਤਿ ਜੁਤਿ ਸਭਿ ਹੀ ਗੁਰ
ਚੀਨਸਿ'[2] ॥ ੨੧ ॥ ਕਹੋ ਤੁਮਾਰੇ ਕਸਾ ਅਬਿ ਹੋਇ। ਪਰਹੁ ਚਰਨ
ਬਖਸ਼ਾਵਹੁ ਸੋਇ'। ਸੁਨੀ ਧਾਇ, ਪੰਚਾਇਤ ਆਈ। ਪਤਿ ਕੋ ਝਿਰਕਤਿ
ਕ੍ਰੋਧ ਬਧਾਈ ॥ ੨੨ ॥ ਘਰ ਸੇ ਵਹਿਰ ਨ ਨਿਕਸਨਿ ਦੀਨਸਿ। ਮਿਲਿਨਿ
ਪੰਚਾਇਤ ਕੋ ਨਹਿਂ ਕੀਨਸਿ। ਇਕ ਦੁਇ ਦਿਵਸ ਬੈਠਿ ਹਟਿ ਆਏ।
ਕਰਿ ਬੰਦਨ ਬਿਨਤੀ ਮੁਖ ਗਾਏ ॥ ੨੩ ॥ 'ਛਿਮਾ ਨਿਧਾਨ ਆਪ ਤੁਮ
ਅਹੋ। ਲਖਿ ਸਭਿ ਔਗੁਨ ਕਛੁ ਨਹਿਂ ਕਹੋ। ਪਤਿਤ ਪਾਵਨੋ ਨਾਮ
ਤੁਮਾਰਾ। ਘਨ ਸਮ ਕ੍ਰਿਪਾ ਕਰਹੁ ਇਕਸਾਰਾ' ॥੨੪॥ ਸੁਨਿ ਪੰਚਾਇਤ ਕੇ
ਬਚ ਦੀਨ। ਕ੍ਰਿਪਾ ਨਿਧਾਨ ਕਹ੍ਯੋ ਸਭਿ ਚੀਨ। 'ਬੀਚ ਫਿਰੇ ਤੁਮ ਇਕ
ਦੁਇ ਬਾਰ। ਯਾਂਤੇ ਤਲਕਾ ਬਸਹਿ ਉਦਾਰ ॥ ੨੫ ॥ ਅਰੁ ਦੇਸੂ ਕੀ
ਗਤਿ ਭਈ ਏਹੀ। ਕੱਲਰ ਤੇ ਹਮ ਕੀਨਹੁ ਲੇਹੀ[3]। ਪੁਨਹੁ ਲੂਨ ਕੱਲਰ
ਹੁਇ ਗਯੋ। ਬੰਸ ਆਪਨੋ ਨਾਸ਼ਨਿ ਕਿਯੋ ॥੨੬॥ ਅਬਿ ਤੇ ਆਗੇ ਉਪਜੈ
ਨਾਂਹੀ। ਸ਼ਨੇ ਸਨੇ ਜੀਵਤਿ ਮਰਿ ਜਾਂਹੀਂ। ਲਹੈ ਸਜ਼ਾਇ ਜਾਇ ਜਮਧਾਮ।
ਕੋ ਨ ਛੁਟਾਵਨਿ ਕੋ ਲੈ ਨਾਮ ॥ ੨੭ ॥ ਬਿਨ ਹਾਕਮ ਜਿਮ ਰੱਯਤ ਲੁਟੀ-
ਯਹਿ। ਪਤਿ ਸਮਰਥ ਬਿਨ[4] ਕਹੁ ਕਿਮ ਛੁਟੀਯਹਿ'। ਇਸ ਪ੍ਰਕਾਰ ਗੁਰ
ਸ੍ਰਾਪ ਬਖਾਨਾ। ਪਰ੍ਯੋ ਜਾਇ ਤਿਹ ਬੱਜ੍ਰ ਸਮਾਨਾ ॥੨੮॥ ਦਿਵਸ ਕਿਤਿਕ
ਮਹਿ ਦੇਸੂ ਮਰ੍ਯੋ। ਗੈਂਡਾ ਪੁੱਤ੍ਰ ਬਿਠਾਵਨਿ ਕਰ੍ਯੋ। ਕਿੰਚਤ ਮਾਸ ਬਿਤੇ
ਜਬਿ ਤਾਹੂੰ। ਪਿਤ ਕੈ ਰਾਜ ਕਰਤਿ ਸਭਿ ਮਾਹੂੰ ॥ ੨੯ ॥ ਗੈਂਡੇ ਕੀ ਤ੍ਰਿਯ

---

[1]ਉਲਟ ਗਿਆ, ਮੁੱਕਰ ਗਿਆ। [2]ਮਨ ਦੀ ਗਤੀ ਸਮੇਤ ਗੁਰੂ ਜੀ ਨੇ ਸਭ ਜਾਣ ਲਿਆ ਹੈ। [3]ਖੇਤੀ ਕੀਤੀ ਸੀ [ਸ਼ੋਕ:, ਕੋਸ਼ ਵਿਚ ਲੇਹਨਾ ਨਾਮ 'ਮਰਗੁਜ਼ਾਰ' ਦਾ ਦਿੱਤਾ ਹੈ]। [4]ਸਮ੍ਰੱਥ ਸੁਆਮੀ ਤੋਂ ਬਿਨਾਂ।

ਕੋ ਇਕ ਭ੍ਰਾਤ। ਤਿਸ ਨੇ ਕਰਯੋ ਖੂਨ ਕਿਤ ਜਾਤਿ। ਸੋ ਗੈਂਡੇ ਤਤਕਾਲ ਬੁਲਾਵਾ। ਨਿਜ ਕਰ ਤੇ ਬਰਛੀ ਸੰਗ ਘਾਵਾ ॥ ੩੦ ॥ ਤਿਸ ਕੇ ਭ੍ਰਾਤ ਹੋਇ ਇਕ ਠਾਇ। ਮਹਾਂ ਸ਼ੋਕ ਧਰਿ ਰਿਦਾ ਤਪਾਇ। ਤਸਕਰ ਸਮ ਨਿਸ ਮਹਿ ਤਹਿੰ ਗਏ। ਗੈਂਡਾ ਸੁਪਤਿ ਜਹਾਂ ਥਿਤ ਕਿਏ ॥ ੩੧ ॥ ਤਰਵਾਰਨਿ ਸੰਗ ਐਸੋ ਮਾਰਯੋ। ਭਾਜਨਿ ਹੇਤ ਨ ਪਗ ਇਕ ਧਾਰਯੋ। ਜਬਿ ਸੰਘਾਰ ਕਰਿ ਚਲੇ ਪਲਾਈ। ਸੁਭਟਨਿ ਸੈਨਾ ਕੋ[1] ਸੁਧਿ ਪਾਈ ॥ ੩੨ ॥ ਚੜ੍ਹੀ ਫੌਜ ਤਿਨ ਪਾਛੈ ਪਰੀ। ਵਹਿਰ ਹਤੇ ਲਰ ਕਰਿ ਇਕ ਘਰੀ। ਜਬਿ ਗੈਂਡਾ ਇਮ ਮਾਰਯੋ ਗਯੋ। ਪੌਤ੍ਰ ਸੁ ਦੇਸੂ ਕੋ ਇਕ ਥਿਯੋ ॥ ੩੩ ॥ ਸੋ ਬਿਖ* ਦੇਇ ਸ਼ਰੀਕਨਿ ਮਾਰਯੋ। ਇਮ ਸਗਰੋ ਤਿਹ ਮੂਲ ਉਖਾਰਯੋ। ਰਹਯੋ ਨ ਜਗ ਮਹਿੰ ਤਿਸ ਕੋ ਕੋਈ। ਗੁਰੂ ਦ੍ਵੈਸ਼ ਤੇ ਅਸ ਗਤਿ ਹੋਈ ॥ ੩੪ ॥ ਅਬਿ ਸਤਿਗੁਰ ਕੀ ਕਥਾ ਸੁਨੀਜੈ। ਗ੍ਰਾਮ ਮੌੜ ਮਹਿ ਥਿਰਤਾ ਕੀਜੈ[2]। ਡੇਢ ਕੋਸ ਤਹਿੰ ਤੇ ਇਕ ਤਾਲ। ਤਹਾਂ ਸੁ ਬੈਠੇ ਜਾਇ ਕ੍ਰਿਪਾਲ ॥ ੩੫ ॥ ਜੋ ਸੰਗਤਿ ਦਰਸ਼ਨ ਕੌ ਆਵੈ। ਉਪਦੇਸ਼ਹਿ ਸ਼ੁਭ ਤਾਲ ਖਨਾਵੈਂ। ਖੁਸ਼ੀ ਕਰਹਿੰ ਸਿੱਖਨਿ ਪਰ ਘਨੀ। ਚਾਰ ਪਦਾਰਥ ਕੇ ਗੁਰ ਧਨੀ[3] ॥੩੬॥ ਨਿਜ ਨਿਜ ਸਭਿ ਅਰਦਾਸ ਕਰਾਵਹਿ। ਪਾਇਨਿ ਪਰਸਹਿੰ ਸੀਸ ਨਿਵਾਵਹਿੰ। ਤਹਾਂ ਤੜਾਗ ਬਡੋ ਖਨਵਾਯੋ। ਜਲ ਸੁੰਦਰ ਹਿਤ ਤਯਾਰ ਕਰਾਯੋ ॥੩੭॥ ਕਿਤਿਕ ਦਿਵਸ ਬਸਿ ਕੈ ਤਿਸ ਥਾਨੇ। ਬਹੁਰ ਕੂਚ ਕਰਿ ਸ਼੍ਰੀ ਗੁਰੁ ਪਯਾਨੇ। 'ਖਾਨੇ' ਗ੍ਰਾਮ ਗਏ ਸੁਖਦਾਇ। ਪੁਨ ਦਮਦਮੇ ਪਹੂਚੇ ਜਾਇ ॥੩੮॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜੰਗਲ ਦੇਸ਼ ਬਿਚਰਨ' ਪ੍ਰਸੰਗ ਬਰਨਨੰ ਨਾਮ ਊਨਚੱਤ੍ਵਾਰਿੰਸਤੀ ਅੰਸੂ ॥ ੩੯ ॥

੪੦. [ਸੂਲੀਸਰ ਵਿਚ ਚੋਰ ਨੂੰ ਸੂਲੀ। ਬਠੇ ਗ੍ਰਾਮ।]

ਦੋਹਰਾ ॥ ਇਸੀ ਰੀਤਿ ਸੇਵਤਿ ਸੁਮਤਿ ਵਰ ਪਾਵਹਿੰ ਨਰ ਬ੍ਰਿੰਦ। ਜਬਹਿ ਅਵੱਗਯਾ ਕੋ ਕਰਹਿੰ ਸ੍ਰਾਪ ਸਹੈਂ ਮਤਿਮੰਦ ॥੧॥ ਚੌਪਈ ॥ ਪੁਨ ਸੂਲੀਸਰ[4] ਕੋ ਗੁਰ ਆਇ। ਡੇਰਾ ਕਰਯੋ ਦੇਖਿ ਸੁਭ ਥਾਇ। ਸੂਰਜ ਅਸਤਯੋ ਭਾ ਅੰਧਕਾਰੇ। ਖਾਨ ਪਾਨ ਕਰਿ ਸੁਪਤੇ ਸਾਰੇ ॥੨॥ ਦ੍ਵੈ ਤਸਕਰ ਗੁਰ ਕੇ ਸੰਗ ਲਾਗੇ। ਕਿਤਿਕ ਦਿਨਨਿ ਤੇ ਮੂਢ ਅਭਾਗੇ। ਏਕ ਤੁਰਕ ਇਕ ਹਿੰਦੂ ਸੋਇ। ਲੇਨਿ ਤੁਰੰਗ ਤਕਤਿ ਹੈਂ ਦੋਇ ॥ ੩ ॥ ਸਿਵਰ ਨਿਕਟਿ ਬੈਠੇ ਕਿਤ ਦੂਰਿ ਕੈ। ਦੇਖਨਿ ਘਾਤ ਲੇਹਿੰ ਜਿਮ ਹਰਿ ਕੈ। ਤਬਹਿ ਕੇਹਰੀ ਭੀਖਨ ਭੇਖਾ। ਗੁਰ ਡੇਰੇ ਕੋ ਆਵਤਿ ਦੇਖਾ ॥੪॥ ਚਾਰਹੁੰ ਓਰ ਫਿਰਯੋ ਕਰਿ ਬੰਦਨ।

[1]ਸੈਨਾਂ ਦੇ ਸੂਰਮਿਆਂ ਨੇ। [2]ਟਿਕੇ ਹੋਏ ਹਨ। [3]ਮਾਲਕ। [4]ਨਾਮ ਪਿੰਡ। *ਪਾ:–ਬਿਸ।

ਇਮ ਮਨਾਇ ਕੈ ਦੋਸ਼ ਨਿਕੰਦਨ । ਗਮਨਜੋ ਪੁਨ ਕਾਨਨ ਕੋ ਸੋਈ । ਦੇਖਤਿ ਦੁਰੇ ਸੁ ਤਸਕਰ ਦੋਈ[1] ॥ ੫ ॥ ਕਹਜੋ ਤੁਰਕ 'ਇਹ ਸਾਚੋ ਪੀਰ। ਉਚਿਤ ਮਾਨਿਬੇ ਗੁਨੀ ਗਹੀਰ । ਜਿਸ ਢਿਗ ਪਸੂ ਸ਼ੇਰ ਚਲਿ ਆਵਾ ।ਨਮੋ ਪ੍ਰਦੱਛਨ ਕਰਨਿ ਸਿਧਾਵਾ ॥੬॥ ਮੈਂ ਤੌ ਕਰੌਂ ਨ ਇਨ ਕੀ ਚੋਰੀ । ਇਹ[illegible] ਬੰਦਤਿ ਹੌਂ ਕਰ ਜੋਰੀ । ਜੇ ਨਿਜ ਭਲੋ ਕਰਨਿ ਉਰ ਧਰੈਂ । ਚਲਹੁ ਅਪਰ ਥਲ ਚੋਰੀ ਕਰੈਂ' ॥ ੭ ॥ਸੁਨਿ ਹਿੰਦੂ ਨੇ ਬਾਕ ਅਲਾਯੋ। 'ਕਜੋਂ ਨਿਜ ਮਨ ਮਹਿਂ ਭਰਮ ਉਠਾਯੋ ? ਕਿਹ ਕੌ ਸੁਧਿ ਕਜੋਂ ਆਯੋ ਸ਼ੇਰ[2] । ਤੈਂ ਕਜਾ ਅਜ਼ਮਤ ਪਿਖੀ ਬਡੇਰ ? ॥੮॥ ਕਿਤਿਕ ਦਿਨਨਿ ਤੇ ਹਮ ਸੰਗ ਫਿਰੇ। ਆਜ ਭਯੋ ਤਮ ਨਭ ਘਨ ਘਿਰੇ[3] । ਕੈਸੇ ਤਜਿ ਕਰਿ ਜਾਹਿਂ ਤੁਰੰਗ। ਲੈ ਹੈਂ ਆਜ ਭਲੀ ਬਿਧਿ ਸੰਗ[4] ॥ ੯ । ਰਿਦੇ ਸੰਦੇਹ ਨ ਕਰੀਅਹਿ ਕੋਊ । ਬਹੁ ਮੋਲਾ ਅਸ੍ਵ ਲੈ ਹੈਂ ਦੋਊ । ਏਕ ਬਾਰਿ ਮੈਂ ਚਢਿਬੋ ਪਾਇ। ਨਹਿਂ ਦੈ* ਹੈਂ ਪੁਨ, ਜਾਉਂ ਪਲਾਇ ॥੧੦॥ ਕਿਮ ਬਿਸਾਲ ਤੈਂ ਚਿੰਤਾ ਕਰੀ। ਮੈਂ ਲੇਹੋਂ ਸੰਗ ਰਹੁ ਇਕ ਘਰੀ' ਸੁਨਿ ਕੈ ਤੁਰਕ ਨਹੀਂ ਮਨ ਮਾਨੀ । ਤਹਾਂ ਬੈਦਿ ਕਰ ਬੰਦਨ ਠਾਨੀ ॥੧੧॥ ਗਮਨਜੋਂ ਸਦਨ ਤ੍ਰਾਸ ਕੋ ਪਾਇ। ਹਿੰਦੂ ਬੈਠਿ ਰਹਜੋ ਤਿਸ ਥਾਂਇ। ਅਰਧ ਜਾਮਨੀ ਬੀਤੀ ਜਬੈ। ਤੁਰੰਗ ਸਮੀਪ ਪਹੂਚਜੋ ਤਬੈ ॥੧੨॥ਪਰਨਿ ਲਗੀ ਪਤਰੀ ਜਲ ਬੂੰਦ[5] । ਜਹਿਂ ਤਹਿਂ ਪਸਰ ਰਹਜੋ ਤਮ ਬ੍ਰਿੰਦ। ਚੌਕੀਦਾਰ ਗਯੋ ਬਿਚ ਛਾਯਾ। ਪੁਰੇ ਬਾਉ ਤੇ ਕਛੁ ਅਲਸਾਇਆ ॥ ੧੩ ॥ ਤਬੈ ਤੁਰੰਗ ਖੋਲਿਬੋ ਕਰਜੋ । ਦੇ ਕਵਿਕਾ ਮੁਖ ਊਪਰ ਚਰਜੋ । ਜਬਿ ਡੇਰੇ ਕਹੁ ਉਲੰਘਿ ਸਿਧਾਵਾ। ਸ੍ਰੀ ਸਤਿਗੁਰ ਨੇ ਬਾਕ ਅਲਾਵਾ ॥ ੧੪ ॥ 'ਭੋ ਘੁਰਵਾਰ[6] ! ਜਗਹਿ ਕੈ ਸੋਵਹਿਂ ? ਤੁਰੰਗ ਚਲਤਿ ਕੈ ਖਰਕੋ ਹੋਵਹਿ। ਅਪਨੇ ਥਾਨ ਖਰੋ ਕੈ ਨਾਂਹੀ ? ਫੇਰਹੁ ਹਾਥ ਮਹਾਂ ਤਮ ਮਾਂਹੀ' ॥ ੧੫ ॥ ਸੁਨਿ ਸੇਵਕ ਨੇ ਨੈਨ ਉਘਾਰੇ। ਜਾਇ ਤੁਰੰਗ ਕੇ ਥਾਨ ਨਿਹਾਰੇ। ਨਹੀਂ ਬਿਲੋਕਜੋ, ਤੂਰਨ ਬੋਲਾ। 'ਗੁਰੂ ਜੀ ਤਸਕਰ ਨੇ ਅਸ੍ਵ ਖੋਲਾ ॥ ੧੬ ॥ ਅਬਿ ਹੀ ਮੀਂਹ ਮੰਦ ਬਰਸਾਯਾ। ਹੇਤੁ ਬਚਾਵਨਿ ਪ੍ਰਵਿਸ਼ਜੋ

[1]ਓਹ ਦੋਵੇਂ ਛੁਪੇ ਹੋਏ ਚੋਰ (ਸ਼ੇਰ ਨੂੰ ਮੱਥਾ ਟੇਕਦਿਆਂ) ਵੇਖਦੇ ਹਨ। [2]ਕਿਸੇ ਨੂੰ ਕੀ ਪਤਾ ਕਿ ਸ਼ੇਰ ਕਿਉਂ ਆਇਆ ਸੀ। [3]ਅਕਾਸ਼ ਵਿੱਚ ਬੱਦਲ ਘਿਰੇ ਹੋਏ ਹਨ। [4](ਆਪਣੇ) ਨਾਲ। [5]ਪਤਲੀਆਂ ਪਤਲੀਆਂ ਮੀਂਹ ਦੀਆਂ ਕਣੀਆਂ। [6]ਹੇ ਘੋੜੇ ਦੇ ਪਹਿਰੇਦਾਰਾ ! *ਪਾ:–ਪੈ।

ਛਾਯਾ। ਦੇਰਿ ਨ ਪਰੀ ਤੁਰੰਗ ਕੋ ਲੀਨਾ। ਮਹਾਂ ਕੁਕਰਮ ਮੂਢ ਕਿਨ ਕੀਨਾ ॥ ੧੭ ॥ ਅਦਬ ਨਹੀਂ ਸਤਿਗੁਰ ਕੋ ਚੀਨਾ । ਲੋਕ ਪ੍ਰਲੋਕ ਦੁਹਨਿ ਤੇ ਹੀਨਾ । ਤੁਰੰਗ ਆਪਨੋ ਆਪ ਹਟਾਵਹੁ[1] । ਤਸਕਰ ਉਚਿਤ ਸਜ਼ਾਇ ਦਿਵਾਵਹੁ ॥੧੮॥ ਨਾਂਹਿ ਤ ਇਸੀ ਦੇਸ਼ ਕੇ ਲੋਕ । ਵਸਤੁ ਖਸੋਟਹਿਂ ਮਾਰਗ ਰੋਕਿ । ਤੁਮ ਸਮਰਥ ਸਭਿ ਭਾਂਤਿਨਿ ਮਾਂਹੀ । ਰਹੈ ਅਦੰਡ ਉਚਿਤ ਇਹੁ ਨਾਂਹੀ[2] ॥੧੯॥ ਪੁਨਹਿਂ ਜ਼ਾਮਨੀ ਮਹਿਂ ਸੋ ਆਵੈ। ਹਿਲਜੋ ਵਸਤੁ ਕੁਛ ਅਪਰ ਲਿਜਾਵੈ । । ਜੇ ਨ ਦਿਖਾਵਹੁ-ਸ਼ਕਤਿ ਵਿਸ਼ੇਸ਼ । ਨਹਿਂ ਬਚ ਸਕਹੁ ਫਿਰਹੁ ਪਰਦੇਸ਼' ॥ ੨੦ ॥ ਸੁਨਿ ਸਤਿਗੁਰ ਕਹਿ ਧੀਰਜ ਦੀਨਾ। 'ਫਲ ਸੋ ਪਾਇ ਕਰਮ ਜਿਨ ਕੀਨਾ । ਉੱਤਰ ਦਿਸ਼ਿ ਲੇ ਗਯੋ ਤੁਰੰਗ। ਪਕਰਿ ਲੇਹੁ ਦੌਰਹੁ ਤਿਹ ਸੰਗ ॥ ੨੧ ॥ ਸਘਨ ਤਿਮਰ ਤੇ ਕਰਹੁ ਜੁ ਸ਼ੰਕਾ । ਹੋਤਿ ਪ੍ਰਭਾਤਿ ਗਹੋ ਮਤਿ ਰੰਕਾ[3] । ਨਹੀਂ ਜਾਇ ਹੈ ਤੁਰੰਗ ਹਮਾਰੋ । ਇਹਠਾਂ ਆਵਹਿ ਬਿਦਤ ਸਕਾਰੋ[4] ॥੨੨॥ ਸੁਨਿ ਸਤਿਗੁਰ ਕੇ ਬਾਕ ਉਦਾਰੇ। ਕਰਿ ਧੀਰਜ ਬੈਠੇ ਨਰ ਸਾਰੇ । ਕੇਤਿਕ ਸੁਪਤਿ ਰਹੇ ਕੋ ਜਾਗੇ। ਤਸਕਰ ਗਹਨਿ ਚਿੰਤ ਮਹਿਂ ਲਾਗੇ ॥ ੨੩ ॥ ਬੋਲਤਿ ਬਚ ਪ੍ਰਭਾਤਿ ਹੁਇ ਆਈ । ਤਬਿ ਸ਼ਾਰਤ ਸਤਿਗੁਰੂ ਬਤਾਈ । ਸਮੁਝਿ ਗਏ ਸੇਵਕ ਸਭਿ ਦੌਰਿ । ਪਹੁੰਚੇ ਆਧ ਕੋਸ ਕੇ ਠੌਰ ॥ ੨੪ ॥ ਠਾਂਢੋ ਤਸਕਰ ਤਹਾਂ ਨਿਹਾਰਜੋ । ਹਯ ਕਵਿਕਾ ਤੇ ਪਕਰਨਿ ਧਾਰਜੋ[5] । ਸਤਿਗੁਰ ਦਾਸਨਿ ਗਹਜੋ ਸੁ ਜਾਈ । ਮੂਰਖ ਅਧਮ ਰਹਜੋ ਸਿਰ ਨਜਾਈ ॥ ੨੫ ॥ ਤੁਰੰਗ ਸਮੇਤ ਲਏ ਚਲਿ ਆਏ । ਗੁਰੂ ਕੇ ਨਿਕਟਿ ਆਨਿ ਦਰਸਾਏ । 'ਅਰਧ ਕੋਸ ਪਰ ਬੈਠਜੋ ਏਹੁ । ਲੇ ਕਰਿ ਗਯੋ ਨਹੀਂ ਕਿਮ ਗ੍ਰੇਹੂ[6]' ॥ ੨੬ ॥ ਸੁਨਿ ਸ਼੍ਰੀ ਤੇਗ ਬਹਾਦਰ ਰਾਇ । ਬੂਝਜੋ 'ਦੀਜੈ ਸਾਚ ਬਤਾਇ । ਕਿਮ ਨਹਿਂ ਲੇਇ ਗਯੋ ਘਰ ਘੋਰਾ । ਬੈਠਿ ਰਹਜੋ ਹਮਰੇ ਢਿਗ ਭੋਰਾ[7]' ॥ ੨੭ ॥ ਤਬਿ ਤਸਕਰ ਨੇ ਸਕਲ ਬਤਾਈ । ਹਮ, ਦ੍ਵੈ ਥੇ ਇਕ ਗਯੋ ਪਲਾਈ । ਮੈਂ ਅਸੁ ਖੋਲਜੋ ਆਇ ਤੁਮਾਰਾ । ਦੇ ਕਵਿਕਾ ਹ੍ਵੈ ਕਰਿ ਅਸਵਾਰਾ ॥ ੨੮ ॥ ਕਿਤਿਕ ਦੂਰ ਮੈਂ ਮਾਰਗ ਗਯੋ । ਜਾਇ ਤਹਾਂ ਲੌ ਅੰਧਾ ਭਯੋ । ਕਿਤ ਦਿਸ਼ ਗਮਨਜੋ ਜਾਇ ਨ ਜਬੈ । ਸਾਥੀ ਕੇ ਬਚ ਸਿਮਰੇ ਤਬੈ ॥੨੯॥ ਨਮੋ ਕਰਤਿ ਕੇਹਰਿ ਕੋ

[1]ਮੁੜਾਵੋ । [2]ਜੇ ਇਹ (ਚੋਰ) ਅਦੰਡ ਰਿਹਾ ਤਾਂ ਠੀਕ ਨਹੀਂ । [3]ਮਤੀ ਦੇ ਕੰਗਾਲ ਨੂੰ । [4]ਸਵੇਰੇ । [5](ਚੋਰ ਨੇ) ਫੜਿਆ ਹੋਇਆ ਸੀ । [6]ਘਰ ਨੂੰ । [7]ਸਵੇਰ ਤਕ; (ਅ) ਹੇ ਭੋਲੇ !

ਦੇਖਾ। ਤੁਰਕ ਹੁਤੋ, ਸਮੁਝਾਇ ਵਿਸ਼ੇਖਾ[੧]। ਮੈਂ ਤਿਸ ਕੀ ਇਕ ਕਹੀ ਨ ਮਾਨੀ। ਸੋ ਚਲਿ ਗਯੋ ਆਪਨੇ ਥਾਨੀ ॥ ੩੦ ॥ ਭਯੋ ਅੰਧ ਮੈਂ ਬਹੁ ਪਛੁ-ਤਾਵਾ। ਪੁਨ ਹਟਿ ਕਰਿ ਤੁਮਰੀ ਦਿਸ਼ਿ ਆਵਾ। ਭ੍ਰਮ ਦਿਸ਼ਿ[੨] ਭਯੋ ਨ ਜਾਨਯੋ ਗਯੋ। ਹੁਇ ਲਚਾਰ ਤਿਸ ਹੀ ਥਲ ਥਿਯੋ ॥ ੩੧ ॥ ਪ੍ਰਾਤਿ ਹੋਇ ਗੇ ਦਾਸ ਤੁਮਾਰੇ। ਗਹਿ ਲੀਨਸਿ ਮੁਝ ਕੋ ਰਿਸ ਧਾਰੇ। ਅਤਿ ਮਤਿਮੰਦ ਕਿਯੋ ਬਡ ਪਾਪ। ਦ੍ਰਿਗ ਤੇ ਦੇਖਨਿ ਲਗਯੋ ਪ੍ਰਤਾਪ[੩] ॥੩੨॥ ਮੈਂ ਤਸਕਰ, ਦ੍ਰਿਹੁ ਜਥਾ ਸਜ਼ਾਇ। ਨੀਚ ਬੁੱਧਿ ਨੇ ਕੁਮਗ ਚਲਾਇ। ਭਾਗ ਹੀਨ ਮਨ ਸਮੁਝਯੋ ਨਾਂਹੀ। ਤੁਮ ਪ੍ਰਕਾਸ਼ ਰਵਿ ਸਮ ਜਗ ਮਾਂਹੀ' ॥ ੩੩ ॥ ਦੋਹਰਾ ॥ ਸਤਿਗੁਰੂ ਕਹਿੰ 'ਰੇ ਕੁੱਟਨੋ! ਸਭਿ ਜਗ ਸੋਂ ਕਰਿ ਦ੍ਰੋਹੁ। ਇਹ ਫਕੀਰ ਕੋ ਗੋਦਰਾ ਸੋ ਪਿ ਨ ਛੋਰਯੋ ਤੋਹੁ ॥ ੩੪ ॥ ਚੌਪਈ ॥ ਪਾਪ ਅਨਿਕ ਭਾਂਤਿਨਿ ਕੇ ਅਹੈਂ। ਕਰਿ ਕਰਿ ਅਧਮ ਕਸ਼ਟ ਕੋ ਲਹੈਂ। ਤਊ ਇਨਹੁੰ ਮਹਿੰ ਅੰਤਰ[੪] ਮਹਾਂ। ਲਘੁ ਤੇ ਲਘੁ ਬਡ ਤੇ ਬਡ ਕਹਾ ॥ ੩੫ ॥ ਕਹਾਂ ਅਪਰ ਕੀ ਚੋਰੀ ਕਰਨੀ। ਕਹਾਂ ਵਸਤੁ ਸੰਤਨਿ ਕੀ ਹਰਨੀ। ਯਾਂਤੇ ਜੋ ਤਸਕਰਨਿ ਸਜ਼ਾਇ। ਇਹ ਬੂਝਤਿ ਹੈਂ ਦੋਹੁ ਬਤਾਇ ॥ ੩੬ ॥ ਜਗਤ ਬਿਦਤ ਹੈ ਸੂਲੀ ਦੇਨਿ। ਸੋ ਇਹ ਆਪਹਿ ਕਰ ਹੀ ਲੈਨ'। ਇਮ ਕਹਿ ਦਾਸਨਿ ਤੇ ਛੁਰਿਵਾਯੋ। ਤਸਕਰ ਬਚ ਕਰ ਜੋਰਿ ਅਲਾਯੋ ॥੩੭॥ 'ਹੁਕਮ ਆਪ ਕੋ ਜੈਸੇ ਹੋਇ। ਤਿਮ ਕਰਿ ਹੌਂ ਬਸ ਮੋਹਿ ਨ ਕੋਇ। ਅਬਿ ਮਰਿਬੋ ਹੀ ਭਲੋ ਪਛਾਨੋਂ। ਭਾ ਤੁਮਰੋ ਅਪਰਾਧ ਮਹਾਨੋ' ॥ ੩੮ ॥ ਸ੍ਰੀ ਗੁਰ ਕਹਯੋ ਜੰਡ ਤਰੁ ਖਰੋ। ਇਸ ਕਾਸ਼ਟ ਪਰ ਚਢਿ ਕਰਿ ਮਰੋ*। ਸੁਨਤਿ ਚੋਰ ਆਰੋਹਾ ਜਾਇ[੫]। ਊਚੇ

[੧](ਉਹ) ਤੁਰਕ ਸੀ (ਉਸ ਨੇ ਮੈਨੂੰ) ਬੜਾ ਸਮਝਾਇਆ। [੨]ਦਿਸ਼ਾ ਦਾ ਭਰਮ; ਹੋਰ ਦਿਸ਼ਾ ਨੂੰ ਹੋਰ ਸਮਝ ਲੈਣਾ। [੩](ਆਪ ਜੀ ਦੇ) ਪ੍ਰਤਾਪ ਨਾਲ। [੪]ਫਰਕ। [੫]ਜਾ ਚੜ੍ਹਿਆ।

*ਇਹ ਕਥਾ ਸੂਲੀ ਸਰ ਤੋਂ ਜੈਸੀ ਅਵਿੱਦ ਲੋਕਾਂ ਤੋਂ ਸੁਣੀ ਵੈਸੀ ਲਿਖੀ ਜਾਪਦੀ ਹੈ। ਵੈਰਾਗ ਮੂਰਤੀ ਗੁਰੂ ਜੀ ਦੇ ਐਸੇ ਵਾਕ ਕਹਿਣੇ ਉਨ੍ਹਾਂ ਦੇ ਸੁਭਾਵ ਵਿਰੁੱਧ ਹਨ। ਸਾਖੀਆਂ ਦੀ ਪੋਥੀ ਵਿਚ ਚੋਰ ਚਾਰ ਦੱਸੇ ਹਨ, ਦੋ ਹਿੰਦੂ ਦੋ ਮੁਸਲਿਮ। ਦੋ ਚੋਰਾਂ ਦਾ ਸੂਲੀ ਚਾੜ੍ਹਨਾ ਬੀ ਲਿਖਿਆ ਹੈ। ਪਰ ਤਵਾ: ਖਾਲਸਾ ਨੇ ਲਿਖਿਆ ਹੈ ਕਿ ਉਹ ਇਕ ਚੋਰ ਆਪੇ ਸੂਲੀ ਚੜ੍ਹਕੇ ਮਰ ਗਿਆ। ਸਹੀ ਬੀ ਐਉਂ ਜਾਪਦਾ ਹੈ ਕਿ ਦਿਆਲ ਗੁਰੂ ਜੀ ਨੇ ਉਸ ਨੂੰ ਕੁਤਵਾਲ ਦੇ ਹਵਾਲੇ ਕਰਨ ਦੀ ਥਾਂ ਛਡ ਦੇਣ ਦੀ ਮਿਹਰ ਕੀਤੀ ਹੈ, ਉਸਨੂੰ ਇਸ ਕਮਾਲ ਦੀ ਬਖਸ਼ਿਸ਼ ਤੇ ਅਪਣੇ ਕੀਤੇ ਨੇ ਇੰਨਾਂ ਸ਼ਰਮਿੰਦਾ ਕੀਤਾ ਹੈ ਕਿ ਅਪਣੇ ਪਾਪ ਦਾ ਪ੍ਰਾਸਚਿਤ ਕਰਨੇ ਨਮਿੱਤ ਉਹ ਜੰਡ ਤੇ ਚੜ੍ਹ ਕੇ ਖੁਦਕਸ਼ੀ ਕਰਕੇ ਮਰ ਗਿਆ।

ਕਾਂਡ[੧] ਗਹਯੋ ਸਹਿਸਾਇ ॥ ੩੯ ॥ ਬਲ ਕਰਿ ਤੋਰਯੋ ਜਿਮ ਰਹਿ ਤੀਖਨ। ਦੇਖਤਿ ਸਭਿ ਕੋ ਕਰਮਾ ਭੀਖਨ[੨]। ਤਿਸ ਪਰ ਉਦਰ ਟਿਕਾਯੋ ਆਪਨਿ। ਪਾਇ ਜੋਰ ਨਿਜ ਜੀਵਨ ਖਾਪਨਿ[੩] ॥੪੦ ॥ ਜਬਿ ਅਲੰਬ ਤਿਸ ਕੇ ਹੁਇ ਗਯੋ। ਫਟਯੋ ਪੇਟ ਕਾਸ਼ਟ ਪ੍ਰਵਿਸ਼ਯੋ।ਤਤਛਿਨ ਮਰਯੋ ਸੁ ਥਲ ਅਬਿ ਅਹੈ। ਜਿਸ ਕੋ ਸੂਲੀਸਰ ਨਰ ਕਹੈਂ ॥ ੪੧ ॥ ਇਕ ਦੁਇ ਦਿਨ ਕਰਿ ਕੈ ਤਹਿਂ ਬਾਸ। ਸ੍ਰੀ ਸਤਿਗੁਰ ਸੇਵਕ ਸੁਖਰਾਸ। ਪੁਨਹਿਂ ਕੂਚ ਤਹਿਂ ਤੇ ਕਰਿ ਦੀਨਸਿ। 'ਬਰੇ[੪]' ਗ੍ਰਾਮ ਕੋ ਮਾਰਗ ਲੀਨਸਿ॥੪੨॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜੰਗਲਦੇਸ ਬਿਚਰਨ' ਪ੍ਰਸੰਗ ਬਰਨਨੰ ਨਾਮ ਚੱਤ੍ਵਾਰਿੰਸਤੀ ਅੰਸੂ ॥੪੦॥

੪੧. [ਬਰੇ। ਗੋਬਿੰਦ ਪੁਰੇ। ਗਾਗੇ। ਗੁਰਨੇ। ਮਕਰੋੜ। ਧਮਧਾਣ]।

ਦੋਹਰਾ ॥ ਤਹਿਂ ਤੇ ਚਢਿ ਸ੍ਰੀ ਸਤਿਗੁਰੂ 'ਬਰੇ' ਗ੍ਰਾਮ ਮਹਿਂ ਆਇ। ਕਰਯੋ ਨਿਵਾਸ ਸੁ ਥਾਨ ਸੁਠ ਮਿਲੇ ਲੋਕ ਸਮੁਦਾਇ॥ ੧ ॥ ਚੌਪਈ ॥ ਕਰਿ ਸੇਵਾ ਦਿਨ ਕੁਛਕ ਟਿਕਾਇ। ਹੁਤੋ ਚੁਮਾਸਾ ਘਨ ਬਰਖਾਇ। ਤਹਾਂ ਮੋਠ ਕੋ ਖੇਤ ਬਿਜਾਇ[੫]। ਚਾਰਤਿ ਭਏ ਤੁਰੰਗਨਿ ਪਾਇ[੬] ॥ ੨ ॥ ਮਹਿਖੀ ਕੋ ਨਿਤ ਪ੍ਰਤਿ ਬਹੁ ਚਾਰੇ। ਪਸੂ ਪੁਸ਼ਟ ਕੀਨਸਿ ਇਕਸਾਰੇ। ਸੰਗਤਿ ਦੂਰ ਦੂਰ ਤੇ ਆਵਹਿ। ਸਗਲ ਦੇਗ਼ ਤੇ ਭੋਜਨ ਖਾਵਹਿਂ ॥ ੩ ॥ ਆਨਿ ਉਪਾਇਨ ਬਹੁ ਅਰਪੰਤੇ। ਰਹੈਂ ਕਿਤਿਕ ਦਿਨ ਦਰਸ ਕਰੰਤੇ। ਸ਼ਰਧਾ ਸਹਿਤ ਸੁਨਹਿਂ ਉਪਦੇਸ਼। ਜਨਮ ਜਨਮ ਕੇ ਕਟਹਿਂ ਕਲੇਸ਼ ॥ ੪ ॥ ਜੋ ਮਸੰਦ ਜਿਸ ਦੇਸ਼ ਮਝਾਰੇ। ਲੇ ਗੁਰ ਕਾਰ ਹੋਹਿ ਕਰਿ ਤਯਾਰੇ।ਸੰਗਤਿ ਅਪਨੇ ਸੰਗ ਲਗਾਇ। ਆਵਹਿਂ ਸਤਿਗੁਰ ਕੋ ਦਰਸਾਇ ॥ ੫ ॥ ਇਕ ਮਸੰਦ ਦਰਸਹਿ ਰਹਿ ਪਾਸ। ਸੰਗਤਿ ਅਨਿਕ ਸੰਗ ਹੁਇ ਤਾਸ[੭]।ਅਨਗਨ ਧਨ ਸਤਿਗੁਰ ਢਿਗ ਆਵੈ। ਪਰਉਪਕਾਰ ਹੇਤੁ ਸਭਿ ਲਾਵੈਂ ॥੬॥ ਨਰਨਿ ਹਜ਼ਾਰਨਿ ਕੋ ਭਲ[੮] ਕਰਿਹੀਂ। ਦਰਸ਼ਨ ਦੇ ਕਰਿ ਦੋਸ਼ਨਿ ਹਰਿਹੀਂ। ਬਿਤਯੋ ਚੁਮਾਸਾ ਤਿਸ ਹੀ ਥਾਨ। ਮਗ ਕੇ ਸੂਕਿ ਗਏ ਬਹੁ ਪਾਨਿ ॥੭॥ ਬਰੇ ਗ੍ਰਾਮ ਪਰ ਭਏ ਪ੍ਰਸੰਨ। ਅਵਿਲੋਕਯੋ ਨੀਕੋ ਥਲ ਅੰਨ[੯]। ਪੂਰਬ ਥਾਨ ਸਦਨ ਉਠਿਵਾਏ। ਗ੍ਰਾਮ ਦੂਸਰੀ ਦਿਸ਼ਾ ਬਿਠਾਏ॥੮॥ਮਾਨਯੋ ਬਾਕ ਬਸੇ ਤਹਿਂ ਜਾਇ।ਧਨ ਅਰੁ ਧਾਨ

[੧]ਟਾਹਣਾ। [੨]ਭਯਾਨਕ ਕਰਮਾਂ ਵਾਲੇ ਨੇ। (ਅ) ਭਯਾਨਕ ਕੰਮ ਕੀਤਾ। [੩]ਜੀਵਣ ਖਪਾਉਣ ਲਈ। [੪]ਪਿੰਡ ਦਾ ਨਾਮ। [੫]ਬਿਜਵਾਕੇ (ਗੁਰੂ ਜੀ ਨੇ)। [੬]ਘੋੜੀਆਂ ਵਾੜ ਕੇ। [੭]ਤਿਸ ਦੇ ਨਾਲ। [੮]ਭਲਾ। [੯]ਹੋਰ ਥਾਂ।

ਬਧਨੋ ਅਧਿਕਾਇ। ਜੋ ਜਿਨ ਕਰੀ ਕਾਮਨਾ ਮਨ ਮੈਂ। ਪੂਰਨ ਕਰਤਿ ਭਏ ਤਿਸ ਛਿਨ ਮੈਂ ॥੯॥ ਕੂਚ ਕਰਯੋ ਪੁਨ ਗੁਰ ਪ੍ਰਸਥਾਨੇ। ਗ੍ਰਾਮ 'ਬੁਲਾਢੇ' ਉਰੈ ਸਥਾਨੇ[1]।ਉਤਰਿ ਸੁ ਨਿਸਾ ਬਿਤਾਵਤਿ ਭਏ। ਪੁਨ 'ਗੋਬਿੰਦਪੁਰੇ' ਗੁਰ ਗਏ ॥੧੦॥ ਗਮਨੇ ਤਿਹ ਤੇ 'ਗਾਗੋ' ਆਏ। ਡੇਰਾ ਕਰਯੋ ਹੇਰਿ ਸੁਭ ਥਾਏ। ਘਾਹੀ ਗਏ ਘਾਸ ਹਿਤ ਬਾਹਰ। ਜਾਇ ਕਰਯੋ ਖੇਤਹਿ ਮਹਿਂ ਆਹਰ। ॥ ੧੧ ॥ ਬੀਨ ਬੀਨ ਤ੍ਰਿਣ ਕਿਤਿਕ ਕਿਦਾਰਨ[2]। ਕਰਿ ਇਕਠੇ ਬੰਧਤਿ ਨਿਜ ਭਾਰਨਿ। ਰਾਹਕ ਜਾਟ ਆਨਿ ਕਰਿ ਪਰੇ। ਛੀਨ ਲੀਨਿ ਤ੍ਰਿਣ ਰਿਸ ਮਹਿਂ ਭਰੇ ॥ ੧੨ ॥ ਝਿਰਕਿ ਗਾਰਿ ਦੇ ਮਾਰਨਿ ਕਰੇ। ਨਿਜ ਖੇਤਨਿ ਤੇ ਵਹਿਰ ਨਿਕਰੇ। ਛੂਛੇ ਦੀਨਮਨੇ ਬਹੁ ਦਾਸ। ਆਇ ਪੁਕਾਰੇ ਗੁਰ ਕੇ ਪਾਸ ॥੧੩॥ 'ਇਹਾਂ ਜਾਟ ਮਤਿਮੂਢ ਬਿਸਾਲੇ। ਗੁਰ ਮਹਿਮਾ ਨਹਿਂ ਲਖਹਿਂ ਕੁਚਾਲੇ। ਨਹੀਂ ਬਿਗਾਰਯੋ ਤਿਨ ਕਾ ਖੇਤ। ਪ੍ਰਵਿਸ਼ੇ ਹਮ ਤ੍ਰਿਣ ਲੈਬੇ ਹੇਤੁ ॥੧੪॥ ਨਹੀਂ ਸ਼ਾਮ ਸੋਂ[3] ਆਨਿ ਹਟਾਏ। ਤ੍ਰਿਣਨਿ ਛੀਨਕੈ ਹਤੇ ਰਿਸਾਏ[4]। ਕਹਿ ਬਹੁ ਰਹੇ–ਨ ਕੀਨਿ ਉਜਾਰਾ–। ਨਹਿਂ ਮਾਨਯੋਂ ਮਤਿਮੰਦ ਗਵਾਰਾ ॥੧੫॥ ਗੁਰਮੁਖ ਨਹਿਂ ਇਹ ਮਨਮੁਖ ਮਹਾਂ। ਗੁਰ ਜੀ ਨਹੀਂ ਰਹਨਿ ਭਲ ਇਹਾਂ। ਤ੍ਰਿਣ ਬਿਨ ਸਰੈ ਨਹੀਂ ਨਿਜਡੇਰੇ। ਅਸੁ ਮਹਿਖੀ ਰਹਿਂ ਛੁਧਿਤ ਘਨੇਰੇ' ॥ ੧੬ ॥ ਸੁਨਿ ਸਤਿਗੁਰ ਨੇ ਮਾਨੀ ਬਾਤ। ਚਢਿ ਕਰਿ ਚਲੇ ਟਿਕੇ ਨਹਿਂ ਰਾਤਿ। ਤਨਕ ਕ੍ਰੋਧ ਤੇ ਸ੍ਰਾਪ ਨ ਦੀਨਹੁ। 'ਗੁਰਨੇ[5]' ਗ੍ਰਾਮ ਸੁ ਡੇਰਾ ਕੀਨਹੁ ॥ ੧੭ ॥ ਨਰ ਪੀਛੈ ਮਿਲਿ ਕਰਿ ਪਛੁਤਾਏ। 'ਬੁਰੋ ਗੁਰੂ ਅਪਰਾਧ ਕਮਾਏ[6]'। ਸਰਬ ਗ੍ਰਾਮ ਜਿਨ ਸੇਵਾ ਕਰਿਹੀਂ। ਹਾਥ ਜੋਰਿ ਬੰਦਹਿਂ ਹਿਤ ਧਰਿਹੀਂ ॥ ੧੮ ॥ ਬਰੇ ਗ੍ਰਾਮ ਨੇ ਰਾਖਿ ਚੁਮਾਸਾ। ਕਰਤਿ ਰਹੇ ਸੇਵਾ ਹੁਇ ਦਾਸਾ। ਲੋਕ ਹਜ਼ਾਰੋਂ ਮਿਲਿ ਕਰਿ ਆਵੈਂ। ਧਨ ਅਰਪਹਿਂ ਅਰੁ ਸੀਸ ਨਿਵਾਵੈਂ ॥ ੧੯ ॥ ਰਿਦੇ ਕਾਮਨਾ ਪੂਰਨ ਹੋਇ। ਜਹਿਂ ਕਹਿਂ ਪੂਜਤਿ ਹੈਂ ਸਭਿ ਕੋਇ। ਕਰੇ ਅਵੱਗਯਾ ਸ੍ਰਾਪ ਬਖਾਨਹਿਂ। ਧਨ ਅਰੁ ਧਾਨ ਮਾਲ ਸਭਿ ਹਾਨਹਿਂ ॥੨੦॥ ਕਰਾਮਾਤ ਮੈਂ ਪੂਰਨ ਏਹਾਹਮਹਿਂ ਸ੍ਰਾਪ ਕਹਿ ਕਰਿ ਹਤਿ ਦੇਹਿਂ। ਨਾਂਹਿਤ ਸਭਿ ਚਲਿ ਮਿਲਿ ਬਖਸ਼ਾਵਹੁ। ਕਰਿ ਜੋਰਹੁ ਪਗ ਸੀਸ

---

[1]ਬੁਲਾਢੇ ਨਾਮ ਪਿੰਡ ਤੋਂ ਉਰੇ। ਪਿੰਡ ਬਛੋਆਨਾ [ਸਾਖੀ: ਪੋਥੀ]। [2]ਖੇਤੀਆਂ ਦੇ। [3]ਸ਼ਾਂਤੀ ਨਾਲ। [4]ਕ੍ਰੋਧ ਕਰਕੇ ਮਾਰੇ। [5]ਨਾਮ ਪਿੰਡ ਦਾ। [6]ਗੁਰੂ ਜੀ ਦਾ (ਅਸਾਂ ਨਿਰਾਦਰ ਰੂਪੀ) ਬੁਰਾ ਅਪਰਾਧ ਕਮਾਇਆ ਹੈ।

ਨਿਵਾਵਹੁ'॥੨੧॥ਇਮ ਕਹਿ ਘ੍ਰਿਤ ਬਾਸਨ ਇਕ ਲੀਨਿ।ਇਕ ਭੂਰਾ ਸੰਗ ਚਲਿਬੋ ਕੀਨ[1]। ਗੁਰਨੇ ਮਿਲੇ ਗੁਰੂ ਕਹੁ ਸਾਰੇ।ਬਿਨਤੀ ਧੁਤਿ ਬਚ ਦੀਨ ਉਚਾਰੇ॥੨੨॥'ਛਿਮਹੁ ਕ੍ਰਿਪਾ ਕਰਿ ਹਮ ਅਪਰਾਧੂ। ਬਖਸ਼ਹੁ ਮਹਾਂ ਪੁਰਖ ਤੁਮ ਸਾਧੂ। ਅਬਿ ਲੌ ਸ੍ਰਾਪ ਜੋ ਨ ਕਛ ਕਹਯੋ। ਸ਼ੁਭ ਸੁਭਾਉ ਰਾਵਰ ਕੋ ਲਹਯੋ॥ ੨੩॥ ਨਾਂਹਿ ਤ ਹਮ ਕਯਾ ਜੰਤੁ ਬਿਚਾਰੇ। ਸ਼ੀਘ੍ਰ ਹੋਤਿ ਜੋ ਮੁਖੋਂ ਉਚਾਰੇ। ਬੱਜ੍ਰ ਸਮਾਨ ਸ੍ਰਾਪ ਨਹਿਂ ਫਿਰੈ। ਤੁਮ ਰਿਸ ਤੇ ਕੋ ਰੱਛਯਾ ਕਰੈ' ੨੪॥ ਇੱਤਯਾਦਿਕ ਬਹੁ ਬਿਨੈ ਬਖਾਨੈਂ। ਲਖਿ ਗਵਾਰ ਤਿਨ,ਗੁਰ ਨਹੀਂ ਮਾਨੈ। ਰਾਖਯੋ ਤੀਨ ਦਿਵਸ ਗੁਰ ਡੇਰਾ।ਗੁਰਨੇ ਗ੍ਰਾਮ ਬਿਖੈ, ਚਲਿ ਫੇਰਾ[2] ॥੨੫॥ਰਹੇ ਮਨਾਇ ਨ ਮਿਤਾ ਕੋ ਲੋ।ਤਿਨ ਦਿਸ਼ਿ ਦੇਖਿ ਗੁਰੂ ਨਹੀਂ ਬੋਲੇ। ਚਲਿ 'ਮਕਰੋੜ' ਗ੍ਰਾਮ ਮਹਿਂ ਆਏ। ਤਹਿਂ ਭੀ ਸੰਗ ਗਮਨਤੇ ਭਏ[3]॥ ੨੬॥ 'ਸ੍ਰੀ ਗੁਰ ਜਬਿ ਡੇਰਾ ਕਰਿ ਦੀਨਿ।ਹਾਥ ਜੋਰਿ ਬਹੁ ਹ੍ਵੈ ਕਰਿ ਦੀਨ। ਬਿਨਤੀ ਅਨਿਕ ਪ੍ਰਕਾਰ ਉਚਰੀ।ਸਿੱਖਨਨਿ ਦੇਖਿ ਸੁਪਾਰਸ਼ ਕਰੀ ॥੨੭॥ 'ਬਹੁ ਦਿਨ ਕੇ ਇਹ ਬਿਨੈ ਬਖਾਨੈਂ। ਬਿਰਦ ਆਪ ਕੋ ਕ੍ਰਿਪਾ ਨਿਧਾਨੈ।ਹੈਂ ਗਵਾਰ ਨਹੀਂ ਜਾਨਿ ਸਕੇ ਹੈਂ।ਅਬਿ ਪਛੁਤਾਇ ਸ਼ਰਨ ਤਕੇ ਹੈਂ॥੨੮॥ਸਿਰ ਗਵਾਰ ਕੇ ਲਗਹਿ ਤ ਜਾਨੈ[4]। ਤਊ ਆਪ ਹੋ ਛਿਮਾ ਮਹਾਨੇ। ਤ੍ਰਾਸ ਆਪ ਕੋ ਧਾਰਿ ਘਨੇਰਾ। ਪਸ਼ਚਾਤਾਪ ਕਰਤਿ ਬਹੁਤੇਰਾ॥ ੨੯॥ ਕ੍ਰਿਪਾ ਦ੍ਰਿਸ਼ਟਿ ਕੋ ਕਰਹੁ ਬਿਲੋਕਨਿ। ਸੰਸੇ ਹਤਿ ਸ਼ਰਧਾ ਹੁਇ ਲੋਕਨਿ। ਸਿੱਖੀ ਧਰਹਿਂ ਹੋਹਿਂ ਅਨੁਸਾਰੀ। ਭਾਉ ਭਗਤਿ ਨਿਤ ਗਹੈਂ ਤੁਮਾਰੀ' ॥ ੩੦॥ ਇਮ ਸਿੱਖਨਨਿ ਕੋ ਰੁਖ਼ ਲਖਿ ਕਰਿਕੈ।ਮਹਾਂਰਾਜ ਗੁਰ ਕਰੁਨਾ ਧਰਿ ਕੈ। ਭੂਰਾ, ਭੂਰ ਘਟਾ ਘ੍ਰਿਤ[5] ਲੀਨਿ। ਬਖਸ਼ਨਿ ਕਰੇ ਦੇਖਿ ਕੈ ਦੀਨ॥ ੩੧॥ 'ਕੁਲ ਬਰਖੋਸ਼ੀਆਨ[6] ਕੀ ਜੇਤੀ। ਕਰਨੀ ਹੁਤੀ ਉਖਾਰਨਿ ਤੇਤੀ। ਅਬਿ ਤੁਮ ਆਨਿ ਮਿਲੇ ਘਿਘਿਆਏ। ਬਧਹਿ ਨ ਬੰਸ ਨ ਹੁਇ ਸਮੁਦਾਏ[7]' ॥ ੩੨॥

[1]ਇਕ ਭੂਰਾ (ਲੈਕੇ) ਨਾਲ ਚਲੇ। [2]ਫੇਰ ਚੱਲਣ ਨੂੰ (ਤਿਆਰ) ਹੋਏ। [3]ਨਾਲ ਹੀ (ਓਹ) ਗਏ। [4]ਗਵਾਰ ਦੇ ਜਦ ਸਿਰ ਤੇ (ਸੱਟ) ਪੈਂਦੀ ਹੈ ਤਦੋਂ ਜਾਣਦਾ ਹੈ। [5]ਭੂਰਾ ਤੇ ਘਿਉ ਦਾ ਭਰਿਆ ਹੋਯਾ ਘੜਾ। [6]ਅਪਨੀਆਂ ਜੜ੍ਹਾਂ ਆਪ ਪੁਟਣ ਵਾਲਿਆਂ ਦੀ ਕੁਲ। [ਫਾ:, 'ਬਰ ਖੇਸ਼ ਨਾ ਬਖਸ਼ੂਦਨ' ਫਾਰਸੀ ਮੁਹਾਵਰੇ ਵਿਚ ਇਸ ਦਾ ਅਰਥ ਹੈ ਐਸਾ ਕੰਮ ਕਰਨਾ ਜਿਸਦਾ ਫਲ ਅਪਣੀ ਤਬਾਹੀ ਹੋਵੇ। ਇਸ ਵਾਕ ਦਾ ਸੰਖੇਪ ਰੂਪ ਪੰਜਾਬੀ ਵਿਚ ਰਹਿ ਗਿਆ ਬਰਖੋਸ਼ੀਆਨ।] (ਅ) ਗਜਾਨੀ ਇਕ ਕੁਲ ਦਾ ਨਾਮ ਬੀ ਦੱਸਦੇ ਹਨ। [7]ਬਹੁਤੀ ਹੋਕੇ (ਤੁਹਾਡੀ) ਵੰਸ ਨਹੀਂ ਵਧੇਗੀ।

ਅਲਪ ਰਹੈ ਗੋ ਬੰਸ ਤੁਮਾਰੋ। ਰਾਰ ਕਰਤਿ ਹੁਇੰ ਸੂਰ ਕਰਾਰੋ[੧]। ਜੈਸੇ ਅਗਨਿ ਜੋਰ ਬਿਤ ਗਏ[੨]। ਰਹਿ ਥੋਰੀ ਪਾਛੇ, ਸੁ ਧੁਕਏ[੩] ॥੩੩॥ਤੈਸੇ ਕੁਲ ਤੁਮਰੀ ਜਗ ਰਹੈ।ਨਹੀਂ ਪਰਾਜੈ[੪] ਰਿਪੁ ਤੇ ਲਹੈ।ਕੁਲ ਗੁਲ ਗੁੱਲੀਆਨ[੫]* ਕੀ ਜੋਇ। ਜੋ ਕਰਿ ਪੰਚ ਬੀਰ ਨਰ ਹੋਇੰ ॥੩੪॥ ਸੰਗ ਸਿੱਧੂਅਨਿ ਅਰਬੇ ਰਹੋ। ਤ੍ਰੈ ਕਰਿ ਭਾਜਨਿ ਕਬਹਿ ਨ ਚਹੋ'। ਇਸ ਪ੍ਰਕਾਰ ਬਖ਼ਸ਼ੇ ਨਰ ਸੋਇ†। ਮਾਨਨਿ ਲਗ ਆਨਿ ਸਭਿ ਕੋਇ॥ ੩੫ ॥ਦੇਹਿਂ ਉਪਾਇਨ ਬਿਨੈ ਸੁਨਾਵਹਿਂ। ਕੇਤਿਕ ਮਨ ਬਾਂਛਤਿ ਫਲ ਪਾਵਹਿਂ। ਧਨ ਅਰੁ ਧਾਨੁ ਆਇ ਅਧਿਕਾਇ।ਹਿਤ ਉਪਕਾਰ ਗੁਰੂ ਸੋ ਲਾਇੰ॥ ੩੬ ॥ ਚਲਹਿ ਦੇਗ ਭੋਜਨ ਹੁਇ ਘਨੋ। ਨਿਸ ਦਿਨ ਮਹਿਂ ਇਕ ਰਸ ਨ੍ਰਿਪ ਮਨੋ[੬]। ਛੁਧਿਤ ਨਗਨ ਕੋਊ ਚਲਿ ਆਇ। ਭੋਜਨ ਬਸਤ੍ਰ ਦੇਤਿ ਸਮੁਦਾਇ॥ ੩੭ ॥ ਸ਼੍ਰੀ ਗੁਰਦੇਵ ਤਬੈ ਚਲਿ ਆਏ। ਗ੍ਰਾਮ ਨਾਮ 'ਧਮਧਾਨ‡' ਬਤਾਏ। ਤਹਾਂ ਜਾਇ ਡੇਰਾ ਨਿਜ ਘਾਲੇ। ਸਸੈਨ ਅਰੁ ਡੇਰਾ ਨਰ ਨਾਲੇ॥ ੩੮ ॥ਸਗਰੇ ਤਹਿਂ ਉਤਰੇ ਜਬਿ ਆਈ। ਗ੍ਰਾਮ ਬਿਖੈ ਸਭਿਹਿਨਿ ਸੁਧਿ ਪਾਈ। ਸੁਨਯੋਂ ਹੁਤੋ ਜਸੁ ਪ੍ਰਥਮ ਬਿਸਾਲਾ। ਲੇ ਕਰਿ ਜਾਟ[੭] ਦੁਗਧ ਤਿਸ ਕਾਲਾ ॥੩੯॥ ਬਾਸਨ ਭਰਿ ਕਰਿ ਲੈ ਤਬਿ ਆਯੋ।ਗੁਰ ਆਗੈ ਧਰਿ ਸੀਸ ਨਿਵਾਯੋ।ਸਮੁਖ ਬੈਠਿ ਦਰਸ਼ਨ ਕੋ ਦੇਖਾ। ਬੀਚ ਸਭਾ ਕੇ ਗੁਰੁ ਜਗਤੇਸ਼ਾ॥ ੪੦ ॥ ਕਹਯੋ ਦੇਖਿ ਕਰਿ ਦੁਗਧ ਜੁ ਆਨਾ।'ਇਹੁ ਜਾਨੋ ਹੈ ਸ਼੍ਰੋਣ ਸਮਾਨਾ।ਨਹੀਂ ਪਾਨ ਕੇ ਉਚਿਤ ਹਮਾਰੇ। ਲੇ ਗਮਨੋ ਨਿਜ ਸਦਨ ਮਝਾਰੇ'॥੪੧॥ਸੁਨਿ ਰਾਹਕ ਬੋਲਯੋ ਕਰ ਜੋਰਿ। 'ਇਹ ਤੌ ਦੁਗਧ, ਕਛੂ ਨਹਿ ਔਰ। ਕਯੋਂ ਤਰਕਹੁ ਇਸ ਕੀਜਹਿ ਪਾਨਾ। ਮੈਂ ਆਨਯੋਂ ਕਰਿ ਪ੍ਰੇਮ ਮਹਾਨਾ'॥ ੪੨ ॥ ਸ਼੍ਰੀ ਗੁਰ ਕਹਯੋ ਦੁਗਧ ਕਿਸ ਕੇਰਾ? ਦੁਹਿ ਆਨਯੋਂ ਬਾਸਨ ਮਹਿਂ ਹੇਰਾ[੮]।

---

[੧]ਕਰੜੇ ਸੂਰਮੇ। [੨]ਜਿਵੇਂ ਅਗਨੀ ਦਾ ਜ਼ੋਰ ਬੀਤ ਜਾਵੇ ਤਾਂ। [੩]ਸੋ ਧੁਖਦੀ ਹੈ। [੪]ਹਾਰ। [੫]ਨਾਮ ਕੁਲ ਦਾ। [੬]ਰਾਜਿਆਂ ਵਤ (ਲੰਗਰ ਚੱਲੇ)। [੭](ਇਕ) ਜੱਟ। [੮]ਦੇਖਕੇ।

*ਪਾ:—ਗਲੀਆਨ। †ਪਿੱਛੇ ਆਪ ਹੀ ਕਹਿ ਆਏ ਹਨ 'ਤਨਕ ਕ੍ਰੋਧ ਤੇ ਸ੍ਰਾਪ ਨ ਦੀਨੋ' ਕਿ ਗੁਰੂ ਜੀ ਜ਼ਰਾ ਜਿੰਨੇ ਬੀ ਕ੍ਰੋਧ ਵਿੱਚ ਨਾ ਗਏ ਤੇ ਸ੍ਰਾਪ ਨਾ ਦਿੱਤਾ। ਇਸ ਦਾ ਭੇਤ ਪਦ 'ਬਰਖੋਸ਼ੀਆਨ' ਵਿਚ ਆਇਆ ਹੈ, ਜਿਸ ਵਿਚ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਅਪਣਾ ਕਰਮ ਹੀ ਉਨ੍ਹਾਂ ਦਾ ਨਾਸ਼ਕ ਸੀ, ਉਨ੍ਹਾਂ ਦੇ ਇਸ ਆਪ ਸਹੇੜੇ ਵਿਨਾਸ਼ ਨੂੰ ਸਤਿਗੁਰਾਂ ਨੇ ਹੁਕਮ ਬਖਸ਼ ਦਿੱਤਾ ਹੈ। ‡ਪਾ:—ਧਮਤਾਨ।

ਗਾਹਕ ਕਹਤੇ 'ਮਹਿਖ ਘਰ ਮੋਹਿ। ਜਿਸ ਕੇ ਬਤਸ[1] ਮਰਤੇ, ਨਾਹਿੰ ਹੋਹਿ॥ ੪੩॥ਬੈਠਨਿ ਦੇਤਿ ਨਹੀਂ ਸੋ ਤਰੇ। ਮੂੜ੍ਹੀ ਦੀਨਿ ਗੋਡਬੋ ਕਰੇ[2]।ਤਬਿ ਤਿਸ ਨੇ ਤਰ ਦੁਗਧ ਉਤਾਰਾ ।ਦੁਹਿ ਆਨਤੇ ਮੈਂ ਤਬਿ ਹੀ ਸਾਰਾ ॥ ੪੪॥ ਕਹੌਂ ਆਪ ਕੇ ਢਿਗ ਸਭਿ ਸਾਚੀ'।ਤਬਿ ਸਤਿਗੁਰੁ ਇਮ ਗਿਰਾ ਉਬਾਚੀ।'ਬਾਂਗਰ ਕੈ ਨਰ ਅਧਿਕ ਕਠੋਰ। ਕੋਜੇ ਗੋਡੈਂ ਦੇ ਕਰਿ ਜੋਰ[3]* ॥੪੫॥ ਬਾਰ ਬਾਰ ਸਮੁਝਾਇ ਜੁ ਤਰਜਹਿੰ। ਸਿੱਖਨਾ ਦੇਇ ਬਿਕਾਰਨਿ ਬਰਜਹਿੰ। ਤੌ ਸਿਖ ਹੋਇੰ ਕਿਧੌਂ ਹੁਇੰ ਨਾਂਹੀ। ਅਸ ਬਿਧਿ ਬਾਂਗਰ ਦੇਸ਼ ਕਿ ਮਾਂਹੀ' ॥ ੪੬ ॥ ਦੁਗਧ ਹਟਾਇ ਦੀਨਿ ਕਹਿ ਐਸੇ। ਡੇਰਾ ਟਿਕਤੇ ਗੁਰੂ ਕਹੁ ਤੈਸੇ। ਦੇਗ਼ ਬਿਸਾਲ ਨਿਤਾਪ੍ਰਤਿ ਹੋਇ। ਆਇ ਜਾਇ ਅਚਵਹਿੰ ਸਭਿ ਕੋਇ ॥ ੪੭ ॥ ਦੂਰ ਦੂਰ ਤੇ ਸੰਗਤਿ ਆਵਹਿ। ਅਨਿਕ ਅਕੋਰਨਿ ਕਹੁ ਅਰਪਾਵਹਿ। ਬ੍ਰਿੰਦ ਸਿੱਖ ਸੇਵਾ ਕਹੁ ਕਰਿਹੀਂ।ਅਪਨੀ ਸ਼੍ਰੇਯ ਲੇਨਿ ਹਿਤ ਧਰਿਹੀਂ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਧਮਧਾਨ ਆਗਵਨ ਗੁਰੂ' ਪ੍ਰਸੰਗ ਬਰਨਨੰ ਨਾਮ ਏਕਚਤਵਾਰਿੰਸਤੀ ਅੰਸੂ ॥ ੪੧ ॥

## ੪੨. [ਮਿਹਿੰ ਦੀ ਘਾਲ]।

ਦੋਹਰਾ ॥ ਰਹੇ ਗ੍ਰਾਮ ਧਮਧਾਨ ਢਿਗ ਨਿਤ ਅਖੇਰ ਬ੍ਰਿਤਿ ਜਾਇੰ। ਕਰਤਿ ਨਿਹਾਲ ਅਨੇਕ ਕੋ ਆਵਹਿੰ ਨਰ ਸਮੁਦਾਇ॥੧॥ ਚੌਪਈ॥ ਮਾਤ ਨਾਨਕੀ ਸਾਥ ਰਹਤਿ ਹੈ। ਸ਼੍ਰੀ ਗੁਜਰੀ ਨਿਜ ਨੁਖਾ ਸਹਿਤ ਹੈ। ਬਹੁਤ ਦਿਵਸ ਡੇਰਾ ਤਹਿੰ ਰਹਤੇ। ਮੰਗਲ ਨਿਤ ਅਨੰਦ ਗੁਰ ਲਹਤੇ ॥ ੨ ॥ ਨੰਦਲਾਲ ਸੋਹਨੇ ਕੋ ਨੰਦ। ਗੁਰ ਗ੍ਰਿਹ ਸੇਵਾ ਲਗਤੇ ਬਿਲੰਦ।ਮੇਹਾਂ† ਨਾਮ ਤਿਸੀ ਕੋ ਅਹੈ। ਸੇਵਾ ਅਧਿਕ ਸੇਵਤੋ ਰਹੈ॥੩॥ਤਹਿੰ ਜਲ ਹੁਤੋ ਦੂਰ ਤੇ ਲਯਾਵਨਿ। ਸਿਰ ਧਰਿ ਢੋਵਤਿ ਚਹਿ ਮਨ ਪਾਵਨ[4]। ਭਗਤਿ ਭਾਉ ਮੈਂ ਰੰਗਤੋ

---

[1]ਬੱਚਾ। [2]ਪਿਸ਼ਾਬ ਵਾਲੀ ਥਾਂ ਵਿਚ ਮਹਿੰ ਦੀ ਪੂਛ ਮੋੜਕੇ ਯਾ ਸੁਬੜ ਬਣਾਕੇ ਦੇਣੀ [ਪੰ:, ਗੁਡਣਾ=ਖੁਭਾਉਣਾ]। [3]ਜ਼ੋਰ ਨਾਲ ਬੁੱਜੇ ਧਸਾਂਦੇ ਹਨ। (ਅ) ਖੋਟਾ ਜ਼ੋਰ ਦੇ ਕੇ ਦੁਖ ਦਿੰਦੇ ਹਨ। [4]ਪਵਿੱਤ੍ਰ ਮਨ ਵਾਲਾ ।

*ਇਹ ਬੇਤਰਸੀ ਦਾ ਭੈੜਾ ਤ੍ਰੀਕਾ ਹੈ ਜਿਸ ਨਾਲ ਕੱਟੇ ਕੱਟੀ ਵਿਹੂਣੀ ਮਹਿੰ ਦਾ ਦੁੱਧ ਜ਼ੋਰੀ ਚੋ ਲੈਂਦੇ ਹਨ। ਏਹ ਲੋਕ ਅਕਸਰ ਮਹੀਆਂ ਦੇ ਚੋਰ ਹੁੰਦੇ ਸਨ, ਕੱਟੇ ਕੱਟੀਆਂ ਮਾਲਕਾਂ ਦੇ ਘਰ ਰਹਿ ਜਾਣੇ, ਇਹਨਾਂ ਮਹੀਆਂ ਚੁਰਾ ਲਿਆਉਣੀਆਂ ਫੇਰ ਇਸ ਤਰ੍ਹਾਂ ਦੇ ਜ਼ੁਲਮ ਨਾਲ ਮਹੀਆਂ ਚੋ ਲੈਣੀਆਂ, ਐਸੇ ਦੁੱਧ ਨੂੰ ਗੁਰੂ ਜੀ ਨੇ ਅੰਗੀਕਾਰ ਨਹੀਂ ਕੀਤਾ।

†ਜਾਪਦਾ ਹੈ ਕਵੀ ਜੀ ਨੇ ਓਥੇ ਆਪ ਫਿਰਕੇ ਲੋਕਾਂ ਤੋਂ ਪ੍ਰਸੰਗ ਸੁਣਕੇ ਤੇ ਸੋਧਕੇ ਲਿਖੇ ਹਨ। ਸਾਖੀ ਪੋਥੀ ਵਿਚ ਨਾਮ ਫੇਰੂ ਹੈ, ਜਿਸਨੂੰ ਸੋਧਿਆ ਹੈ।

ਮਨ ਕੋ।ਨਹਿਂ ਸੁਖ ਠਾਨਤਿ ਹੈ ਕਬਿ ਤਨ ਕੋ ॥ ੪ ॥ ਪ੍ਰੇਮ ਬਿਖੈ ਸੇਵਤਿ ਸਤਿਗੁਰ ਕੋ। ਲਾਗੀ ਲਗਨ ਇਸੀ ਬਿਧਿ ਉਰ ਕੋ। ਕਿਸ ਕੇ ਸਾਥ ਨ ਬੋਲੈ ਕਬਿਹੂੰ।ਜਿਤੋ ਖਰਚ ਜਲ ਆਨਹਿ ਸਬਿਹੂੰ॥੫॥ਵਾਹਿਗੁਰੂ ਸਿਮਰਨ ਉਰ ਕਰਤਾ। ਭਾਗ ਜਗੇ ਸ਼ਰਧਾ ਗੁਰ ਧਰਤਾ। ਖਾਨ ਪਾਨ ਕਿਛੁ ਸਹਿਜੇ ਮਿਲੇ। ਖਾਇ ਅਲਪ ਸੇਵੈ ਗੁਰ ਭਲੇ ॥੬॥ ਭੋਜਨ ਕੇਰ ਸ੍ਵਾਦ ਨਹਿਂ ਧਰੈ। ਮਿਲੈ ਜਥਾ ਸੋ ਖੈਬੋ ਕਰੈ। ਗਾਗਰ ਕੋ ਸਿਰ ਪਰ ਧਰਿ ਲਯਾਵੈ। ਢੋ ਕਰਿ ਤਿਸ ਕੋ, ਔਰ ਲਿਜਾਵੈ*॥੭॥ਜਲ ਕੀ ਤੋਟ ਨ ਹੋਨੇ ਪਾਵੈ*।ਨਿਸ ਮਹਿ ਤਮ ਹੁਇ ਤੌ ਭਰਿ ਲਯਾਵੈ। ਇਕ ਸੇਵਾ ਮਹਿਂ ਭਾ ਅਭਿਲਾਖੀ। ਅਪਰ ਨਹੀਂ ਕਿਸ ਬਿਧਿ ਕੋ ਕਾਂਖੀ ॥ ੮ ॥ ਗਾਗਰ ਤੇ ਛਿਲ ਗਾ ਸਿਰ ਮਾਸ। ਦਿਨ ਪ੍ਰਤਿ ਵਧਤਿ ਭਯੋ ਚਹੁੰਪਾਸ। ਧਰਹਿ ਭਾਵ, ਸਿਰ ਘਾਵ ਬਿਸਾਲਾ। ਮਖਕਾ ਕਾਟਤਿ ਹੈਂ ਸਭਿ ਕਾਲਾ ॥ ੯ ॥ ਨਹੀਂ ਘਾਵ ਕੀ ਪੀਰ ਬਿਚਾਰੈ। ਤਿਸੀ ਰੀਤਿ ਗਾਗਰ ਸਿਰ ਧਾਰੈ। ਜਲ ਕੀ ਤੋਟ ਹੋਨਿ ਨਹਿਂ ਦੇਈ। ਸਭਿ ਡੇਰੇ ਇਸ਼ਨਾਨ ਕਰੇਈ ॥ ੧੦ ॥ ਬਹੁਤ ਨਰਨਿ ਕੋ ਲੰਗਰ ਹੋਵੈ। ਤਿਸ ਹਿਤ ਬਹੁਤ ਆਨਿ ਜਲ ਢੋਵੈ। ਸਰਬ ਪ੍ਰਕਾਰ ਚਾਹੀਯਹਿ ਪਾਨੀ। ਬਿਨ ਆਲਸ ਜਲ ਸੇਵਾ ਠਾਨੀ॥੧੧॥ਕਿਤਿਕ ਦਿਵਸ ਬੀਤੇ ਇਸਭਾਂਤਿ। ਪਰੇ ਕਿਰਮ ਤਹਿਂ ਕਟਿ ਕਟਿ ਖਾਤਿ। ਕਿਸ ਕੇ ਸੰਗ ਨ ਕਬਿਹੂੰ ਕਹੈ। ਤੂਸ਼ਨਿ ਕਰੇ ਕਸ਼ਟ ਕੋ ਸਹੈ ॥ ੧੨ ॥ ਜਲ ਢੋਵਤਿ ਸਿਰ ਚਾਂਦੀ ਪਰੀ[੧]। ਨਹਿਂ ਸਰੀਰ ਕੀ ਸੁਧਿ ਕਿਮ ਕਰੀ। ਇਕ ਸੇਵਾ ਕੇ ਤਤਪਰ ਹੋਯੋ। ਪੂਰਬ ਕੇ ਸਮ ਹੀ ਜਲ ਢੋਯੋ ॥ ੧੩ ॥ ਕਟਿ ਕਟਿ ਕਿਰਮ ਖਾਤਿ ਹੈਂ ਮਾਸ। ਊਪਰ ਭਾਰ ਧਰਤਿ ਹੈ ਰਾਸ। ਈਨੂੰ[੨] ਗਾਗਰ ਤਰੇ ਟਿਕਾਵਤਿ। ਸੁ ਚੁਭਿ ਚੁਭਿ ਕਰਿ ਘਾਵ ਬਧਾਵਤਿ ॥੧੪॥ ਬਧਯੋ ਰਹੈ ਏਨੂੰ[੨] ਸਿਰ ਨੀਤ। ਕਬਿ ਖੋਲਹਿ ਦ੍ਰਿੜ੍ਹ ਬੰਧਨ ਹੀਤ[੩]।ਇਕ ਦਿਨ ਸਿਰ ਤੇ ਜਬਹਿ ਉਤਾਰਯੋ।ਖੋਲਿ ਰਜੂ ਤੇ ਕਰ ਮਹਿ ਧਾਰਯੋ ॥ ੧੫ ॥ ਤਿਸ ਕੇ ਸੰਗ ਕਿਰਮ ਕੁਛ ਆਏ। ਦਿਖਤਿ ਗਿਰੇ ਅਵਨੀ ਪਰ ਜਾਏ। ਮੋਹੇ ਕੀਨਸਿ ਰਿਦੈ ਬਿਚਾਰ।-ਗਿਰੇ

---

[੧]ਖੋਪਰੀ ਦੇ ਵਿਚਕਾਰ ਲਾਗਾ ਪੈ ਗਿਆ। [ਹਿੰਦੀ:, ਚਾਂਦੀ,=ਖੋਪਰੀ ਦਾ ਮੱਧਭਾਗ, ਟਟਰੀ। ਚਾਂਦੀ ਪੈਣਾਂ=ਲਾਗਾ ਲਗ ਜਾਣਾ]। [੨]ਇੰਨੂੰ=ਸਿਰ ਤੇ ਭਾਰ ਰੱਖਣ ਤੋਂ ਪਹਿਲਾਂ ਘਾਹੁ ਆਦਿ ਦੀ ਬਣਾਈ ਗੋਲ ਸ਼ੈ ਜੋ ਧਰੀਦੀ ਹੈ। [੩]ਬੰਨ੍ਹਣ ਵਾਸਤੇ।

*ਇਹ ਦੋ ਤੁਕਾਂ ਅਕਸਰ ਲਿਖਤੀ ਨੁਸਖਿਆਂ ਵਿਚ ਨਹੀਂ ਹਨ।

ਇਹਾਂ ਮਰਿ ਹੈਂ ਬਿਨ ਬਾਰ[1] ॥੧੬॥ ਮਾਸ ਕਹਾਂ ਤੇ ਭੱਖਹਿਂ ਏਹੀ। ਮਰਹਿਂ ਤੁਰਤ ਪੈਰ ਜੁ ਧਰਿ ਦੇਹੀ[2]। ਇਨਕੇ ਜੀਵਨਿ ਕੇਰ ਉਪਾਇ। ਮਮ ਸਿਰ ਬਿਨਾ ਨ ਜਾਨੋ ਜਾਇ ॥੧੭॥ ਦਯਾ ਧਾਰਿ ਸੋ ਲਿਯੋ ਉਠਾਇ। ਜਹਿਂ ਤੇ ਗਿਰੇ ਦਏ ਤਹਿਂ ਪਾਇ।ਇਸ ਬਲ ਪਾਲਨਿ ਹੁਇ ਇਨ ਕੇਰਾ। ਭੱਖਨਨਿ ਕਰਹਿਂ ਮਾਸ ਸਿਰ ਮੇਰਾ–॥ ੧੮ ॥ ਮਾਤ ਨਾਨਕੀ ਨੇ ਤਿਸ ਦੇਖਾ। ਰਿਦੇ ਉਪਾਈ ਦਯਾ ਵਿਸ਼ੇਖਾ। ਕਹਨਿ ਲਗੀ 'ਸੁਨਿ ਮੇਰੇ ਭਾਈ! ਅਧਿਕ ਪ੍ਰੇਮ ਤੇ ਸੇਵ ਕਮਾਈ ॥੧੯॥ ਸ਼੍ਰੀ ਗੁਰ ਕੇ ਗ੍ਰਿਹ ਘਾਲੀ ਘਾਲ। ਹੁਇ ਕੈ* ਕਸ਼ਟ ਬਿਹੀਨ ਨਿਹਾਲ[3]। ਸਿਰ ਪਰ ਕੀਰੇ ਪਰੇ ਨ ਜਾਨੇ। ਤਿਸੀ ਰੀਤਿ ਗੁਰ ਸੇਵਾ ਠਾਨੇ' ॥ ੨੦ ॥ ਮੋਹੇ ਸੁਨਿ ਕਰਿ ਕੀਨਸਿ ਬਿਨਤੀ। 'ਨਿਜ ਸਰੀਰ ਕੀ ਮੋਹਿ ਨ ਗਿਨਤੀ। ਮੇਰੀ ਸੇਵਾ ਜੇ ਪਰਵਾਨ। ਇਨ ਕਿਰਮਨਿ ਕੋ ਹੁਇ ਕੱਲਯਾਨ ॥ ੨੧ ॥ ਇਨ ਕੋ ਸੰਕਟ ਹੋਇ ਨ ਜੈਸੇ। ਕਰਨਿ ਉਪਾਇ ਮਾਤ ਜੀ! ਤੈਸ'। [4]'ਸਤਿਗੁਰ ਹੋਇਂ ਦਯਾਲ ਸੁਨਿ ਭਾਈ!ਦੇਹਿਂ ਸਕਲ ਬਿਧਿ ਕੀ ਵਡਿਆਈ'॥੨੨॥ ਇਮ ਸੁਨਿ ਲਗਯੋ ਸੇਵ ਕੋ ਜਾਇ। ਜਲ ਕੀ ਗਾਗਰ ਭਰਿ ਭਰਿ ਲਯਾਇ। ਜਬਿ ਸ਼੍ਰੀ ਤੇਗ ਬਹਾਦਰ ਚੰਦ। ਬੈਠੇ ਮਾਤ ਨਿਕਟਿ ਸੁਖਕੰਦ ॥੨੩॥ ਇਤਨੇ ਮਹਿਂ ਮੋਹਾਂ ਤਹਿਂ ਆਯਹੁ। ਜਲ ਗਾਗਰ ਕੋ ਸੀਸ ਉਠਾਯਹੁ। ਦੇਖਿ ਨਾਨਕੀ ਮਾਤ ਬਖਾਨਾ। 'ਹੇ ਸੁਤ!ਇਸ ਕੀ ਸੇਵ ਮਹਾਨਾ॥੨੪॥ਹੇਰਿ ਕਾਲ ਮੈਂ[5]ਅਚਰਜ ਹੋਈ। ਕਰਯੋ ਘਾਵ ਈਨੂ ਸਿਰ ਜੋਈ। ਮੁਝ ਦੇਖਤਿ ਸੋ ਜਬਹਿ ਉਤਾਰਾ। ਪਰੇ ਕਿਰਮ ਸਿਰ ਘਾਵ ਮਝਾਰਾ ॥ ੨੫ ॥ ਕੁਛਕ ਤਬਹਿ ਅਵਨੀ ਪਰ ਗਿਰੇ। ਇਨ ਉਚਾਇ ਸੋ ਸਿਰ ਪਰ ਧਰੇ। ਅਬਿ ਇਸ ਨੇ ਬਹੁ ਘਾਲੀ ਘਾਲ। ਰਹਯੋ ਆਪ ਕੇ ਸੰਗ ਬਿਸਾਲ ॥੨੬॥ ਕਬਹੂੰ ਕਿਸ ਕੋ ਨਹੀਂ ਜਨਾਈ। ਤੂਸ਼ਨਿ ਧਾਰੇ ਸੇਵ ਕਮਾਈ। ਖਾਨ ਪਾਨ ਕੋ ਸਾਦ ਨ ਲੀਨਾ। ਨਿਸ ਦਿਨ ਪ੍ਰੇਮ ਸੇਵ ਕੋ ਭੀਨਾ ॥੨੭॥ ਅਬਿ ਕ੍ਰਿਪਾਲ ਹ੍ਵੈ ਕਰਹੁ ਨਿਹਾਲ। ਜੋ ਬਾਂਛਤਿ ਸੋ ਦੇਹੁ ਬਿਸਾਲ'।ਮਾਤ ਨਾਨਕੀ ਤੇ ਸੁਨਿ ਬੈਨ। ਕਰੁਨਾ ਭਰੇ ਰਸੀਲੇ ਨੈਨ ॥੨੮॥ ਅਵਿਲੋਕਤਿ ਸੋ ਲੀਨਿ ਬੁਲਾਇ। ਜਾਨੀ ਸੇਵ ਮਹਾਂ ਸਫਲਾਇ। [6]ਪੂਰਬ ਜੁਗ ਮਹਿਂ ਜਯੋਂ ਤਪ ਘਾਲਹਿਂ। ਅਨਿਕ ਭਾਂਤਿ ਸਹਿਂ ਕਸ਼ਟ

[1]ਛੇਤੀ। [2]ਜੇ ਕੋਈ ਪੈਰ ਰਖ ਦੇਵੇਗਾ। [3]ਕਸ਼ਟ ਦੀ ਪਰਵਾਹ ਨਾ ਕਰਕੇ ਤੇ ਖੁਸ਼ ਹੋ ਹੋ ਕੇ ਘਾਲ ਘਾਲੀ ਹੈ। [4]ਮਾਤਾ ਜੀ ਬੋਲੇ। [5]ਮੈਂ ਕੱਲ ਵੇਖਕੇ। [6]ਕਵਿ ਉਕਤੀ ਟੁਰੀ ਹੈ। *ਪਾ:–ਹੈ।

ਬਿਸਾਲਹਿ ॥ ੨੯ ॥ ਹਿਮ ਰੁਤ ਮਹਿ ਬਡ ਜਲ ਤਹਿ ਪੈਠਹਿੰ[1]। ਗ੍ਰੀਖਮ ਪੰਚਾਗਨਿ ਬਿਚ ਬੈਠਹਿੰ। ਫਲ ਕੋ ਖਾਇ ਸਥੰਡਲ[2] ਜਾਈ। ਪਦ ਊਰਧ ਕਰਿ ਨਿਜ ਲਟਕਾਈ[3] ॥ ੩੦ ॥ ਪੱਤ੍ਰ ਅਹਾਰੀ ਬ੍ਰਤ ਕੋ ਸਾਧਹਿੰ। ਬਨ ਮਹਿੰ ਬਸਹਿੰ ਇਕੰਤ ਅਰਾਧਹਿੰ। ਪਦਮਾਸਨ ਕਰਿ ਜੋਗ ਕਰੰਤੇ। ਕੇਤਿਕ ਗਿਨੀਅਹਿ ਤਪ ਜੁ ਤਪੰਤੇ ॥ ੩੧ ॥ ਤਪੀਅਨਿ ਕੇ ਤਪ ਦੇਖਿ ਬਿਸਾਲਾ। ਬ੍ਰਹਮਾਦਿਕ ਸੁਰ ਹੋਹਿੰ ਕ੍ਰਿਪਾਲਾ। ਆਨਿ ਦੇਤਿ ਮਨ ਬਾਂਛਤਿ ਤਾਂਹੀ। ਅਪਰ ਸਰਬ ਸੁਖ, ਕੈਵਲ ਨਾਂਹੀ[4] ॥ ੩੨ ॥ ਸੋ ਤਪ ਦੁਸ਼ਤਰ ਹੈ ਕਲਿ ਕਾਲਾ।ਹੋਤਿ ਨਹੀਂ,ਹਠ ਕਰੇ ਬਿਸਾਲ[5]। ਕਸਟ ਸਹਨਿ ਕੀ ਸ਼ਕਤਿ ਨ ਰਹੀ। ਮ੍ਰਿਤਕ ਹੋਇ ਜੇ ਖਾਵਹਿ ਨਹੀਂ[6] ॥ ੩੩॥ ਕਿਮ ਕਾਨਨ ਮਹਿੰ ਹੋਵਹਿ ਬਾਸਾ। ਬਿਨ ਕਾਨਨ ਕਰੋਂ ਹ੍ਵੈ ਤਪ ਰਾਸਾ। ਯਾਂਤੇ ਸਤਿਗੁਰ ਰੀਤਿ ਚਲਾਈ। ਸਤਿ ਸੰਗਤਿ ਸੇਵਨਿ ਅਧਿਕਾਈ ॥ ੩੪ ॥ ਦ੍ਰਿੜ੍ਹ ਹ੍ਵੈ ਕਰਿ ਜੋ ਘਾਲਹਿ ਘਾਲ।ਸੁਖ ਦ੍ਵੈ ਲੋਕ ਲਹੈ ਸੁ ਨਿਹਾਲ।ਜਗਤ ਪਦਾਰਥ ਕੀ ਕਲਾ ਬਾਤ। ਮੁਕਤਿ ਹੋਇ, ਬੰਧਨ ਮਿਟ ਜਾਤਿ ॥ ੩੫ ॥ ਐਸੀ ਵਸਤੁ ਨਹੀਂ ਜਗ ਕੋਈ। ਗੁਰ ਸੰਗਤਿ ਤੇ ਲਹਤਿ ਨ ਜੋਈ। ਤਪ ਕਰਿਬੇ ਤੇ ਸੇਵ ਸੁਖਾਰੀ। ਚਿਰੰਕਾਲ ਲੌ ਤਾਪਹਿ ਭਾਰੀ ॥ ੩੬ ॥ ਸੇਵਨਿ ਅਲਪ ਦਿਨਨ ਕੋ ਜਾਨਿ[7]।ਫਲ ਪ੍ਰਾਪਤਿ ਹ੍ਵੈ ਮਹਦ ਮਹਾਨ।ਤਪਹਿ ਬਰਖ, ਇਕ ਦਿਨ ਕੀ ਸੇਵਾ[8]। ਤਊ ਨ ਸਮ, ਸੁਕਚੌਂ ਕਹਿ ਏਵਾ[9] ॥ ੩੭ ॥ ਮੋਹੋ ਕੀ ਸੇਵਾ ਕੋ ਦੇਖਿ। ਗੁਰੂ ਪ੍ਰਸੰਨ ਭਏ ਸੁ ਵਿਸ਼ੇਖ। ਨਿਕਟਿ ਬਿਠਾਇ ਕਹਯੋ ਭਗਵੰਤਾ।'ਅਬਿ ਸੰਤਨ ਕੋ ਬਨਹੁ ਮਹੰਤਾ ॥੩੮॥ ਕੁਛਕ ਕਾਮਨਾ ਚਹਿੰ ਬਡਿਆਈ। ਯਾਂਤੇ ਲੇਹੁ ਮਹੰਤੀ ਪਾਈ। ਸਿਰ ਕੇ ਕਿਰਮ ਬਨਹਿੰ ਸਿਖ ਤੇਰੇ। ਤੂੰ ਇਨ ਚਾਹਤਿ ਸ਼੍ਰੇਯ ਘਨੇਰੇ ॥ ੩੯ ॥ ਸੇਵਾ ਕੋ ਫਲ ਲੇਹੁ ਮਹਾਨ। ਉਪਜਹਿ ਉਰ ਮੈਂ ਬ੍ਰਹਮ ਗਿਆਨ'।ਇਮ ਕਹਿ ਦਯਾ ਦ੍ਰਿਸ਼ਟਿ ਕੋ ਦੇਖਾ। ਤਤਛਿਨ ਰਿਦੇ ਪ੍ਰਕਾਸ਼ ਵਿਸ਼ੇਖਾ ॥ ੪੦ ॥ ਭਾ ਪਪੀਲਕਾ[10]

---

[1]ਪ੍ਰਵੇਸ਼ ਕਰਦੇ ਸਨ। [2]ਥੜਾ। [3]ਭਾਵ ਪੁੱਠਾ ਲਟਕ ਕੇ। [4](ਪਰ) ਮੁਕਤੀ ਨਹੀਂ (ਦੇਂਦੇ)। [5]ਭਾਵੇ ਚਾਹੇ ਕੋਈ ਕਿੰਨਾ ਵਡਾ ਹਠ ਕਰੇ। [6]ਜੇ ਕੋਈ ਖਾਵੇ ਨਾ ਤਾਂ ਮਰ ਜਾਂਦਾ ਹੈ। [7](ਸਤਿ ਸੰਗਤ ਦੀ) ਸੇਵਾ ਥੋੜੇ ਦਿਨਾਂ ਦਾ (ਕੰਮ) ਜਾਣੋਂ। [8]ਤਪ ਵਰ੍ਹੇ ਦਾ ਤੇ ਸੇਵਾ ਇਕ ਦਿਨ ਦੀ। [9]ਇਸ ਤਰ੍ਹਾਂ ਕਹਿਦਿਆਂ ਭੀ (ਮੈਂ) ਸੰਕੋਚਦਾ ਹਾਂ ਭਾਵ ਸੇਵਾ ਵੱਧ ਹੈ। [10]ਕੀੜੀ।

ਤੇ ਬਡ ਸ਼ੇਰ। ਰਜ ਕਨਕਾ ਤੇ ਬਨਿ ਗਾ ਮੇਰੁ। ਹਾਥ ਜੋਰਿ ਪੁਨਿ ਬੰਦਨ ਕੀਨਸਿ। ਮਹਾਂ ਅਮਿਤ ਗੁਰ ਮਹਿੰਮਾ ਚੀਨਸਿ ॥ ੪੧ ॥ ਦਖਨੀ ਬੈਲ ਹੁਤੋ ਗੁਰ ਡੇਰੇ।ਸੁੰਦਰ ਤਨ ਪਰਮਾਨ ਬਡੇਰੇ।ਮੋਹੇ ਕੋ ਸੋ ਬਖਸ਼ਿਸ਼ ਕੀਨਿ। ਦੀਰਘ ਏਕ ਦਮਾਮੋ ਦੀਨਿ ॥ ੪੨ ॥ ਇਕ ਝੰਡਾ ਭਗਵੋ ਬਨਿਵਾਯੋ। ਮੋਹਾਂ ਭਾ ਮਹੰਤ ਹਰਖਾਯੋ। ਹਤੇ ਕਸ਼ਟ ਲੇ ਦਾਨ ਮਹਾਨਾ। ਸਤਿਗੁਰ ਪਾਰਬ੍ਰਹਮ ਕਰਿ ਜਾਨਾ॥ ੪੩ ॥ ਬਿਚਰਤਿ ਭਯੋ ਮਹਾਂ ਮਤਿ ਧੀਰ। ਪ੍ਰਥਮ ਕਰਯੋ ਚੇਲਾ ਲਖਮੀਰ[1]। ਗੁਰੂ ਪਾਦਕਾ[2] ਕਰੀ ਪੁਜਾਵਨਿ। ਗੁਰ ਮਹਿੰਮਾ ਬਡ ਕੀਨਿ ਜਨਾਵਨਿ ॥੪੪॥ ਇਸ ਪ੍ਰਕਾਰ ਕਰਿ ਕੈ ਗੁਰ ਸੇਵਾ। ਭਾ ਮਹੰਤ ਮੋਹਾਂ, ਸੁਖ ਲੇਵਾ। ਦੋਨਹੁੰ ਲੋਕਨਿ ਕੀ ਬਡਿਆਈ। ਗੁਰ ਸੇਵਾ ਤੇ ਤਤਛਿਨ ਪਾਈ॥ ੪੫ ॥ ਇਮ ਤਿਸ ਗ੍ਰਾਮ ਬਾਸ ਕੋ ਕਰਤੇ। ਅਨਿਕ ਪ੍ਰਕਾਰਨਿ ਬਿਚਰਨਿ ਚਰਿਤੇ[3]। ਕਰਹਿਂ ਅਖੇਰ, ਆਇਂ ਨਿਸ ਡੇਰੇ। ਸੰਗਤ ਦਰਸਹਿਂ ਪਹੁੰਚਿ ਘਨੇਰੇ ॥ ੪੬ ॥ ਦਰਬ ਬਿਸਾਲ ਸੰਗਤਾਂ ਆਨੈਂ। ਸਤਿਗੁਰ ਦੇਗ ਕਰਾਇਂ ਮਹਾਨੈ। ਤਊ ਦਰਬ ਇਕਠੋ ਬਹੁ ਹੋਇ। ਜਬਿ ਸਤਿਗੁਰ ਅਵਿਲੋਕਤਿ ਸੋਇ ॥ ੪੭ ॥ ਪਰਉਪਕਾਰ ਹੇਤੁ ਸੋ ਦੇਤਿ।ਕੂਪ ਕਹੂੰ ਕਿਤ ਬਾਗ ਲਗੇਤਿ।ਨਹਿਂ ਸਮੀਪ ਰਾਖਹਿਂ ਗੋਸਾਈਂ। ਜਯੋਂ ਆਵਤਿ ਤਯੋਂ ਦੇਤਿ ਚਲਾਈ ॥ ੪੮ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮੋਹੇ ਕੋ' ਪ੍ਰਸੰਗ ਬਰਨਨੰ ਨਾਮ ਦੋਇ ਚੱਤਵਾਰਿੰਸਤੀ ਅੰਸੂ ॥ ੪੨ ॥

੪੩. [ਧਮਧਾਣ ਦਾ ਰਾਹਕ। ਤਿਖਾਣ ਸਿੱਖ। ਕੈਂਥਲ]।

ਦੋਹਰਾ ॥ ਸ਼੍ਰੀ ਸਤਿਗੁਰ ਧਮਧਾਨ ਮਹਿਂ ਬਾਸਰ ਬਸੇ ਬਿਸਾਲ।ਲੰਮੇ ਦੇਸ਼ਨਿ ਸੰਗਤਾਂ ਦੇਸ਼ ਅਪਰ ਜੇ ਜਾਲ ॥ ੧ ॥ ਚੌਪਈ ॥ ਖੋਜਤਿ ਸੁਨਤਿ ਚਲਤਿ ਗਨ ਆਵੈਂ। ਸ਼੍ਰਮ ਤ ਪਹੁੰਚਿ ਦਰਸ ਕੋ ਪਾਵੈਂ। ਜਯੋਂ ਜਯੋਂ ਆਇਂ ਦੂਰ ਤੇ ਦਾਸ। ਚਿਤ ਮਹਿਂ ਕਰਤੇ ਪ੍ਰੇਮ ਪ੍ਰਕਾਸ਼॥ ੨॥ ਤਯੋਂ ਤਯੋਂ ਬਡ ਫਲ ਕੋ ਅਧਿਕਾਰੀ। ਹੋਇਂ ਸਿੱਖਯ ਹੰਕਾਰ ਨਿਵਾਰੀ। ਮਨੋ ਕਾਮਨਾ ਪ੍ਰਾਪਤਿ ਹੋਇ। ਸੁਜਸੁ ਬਖਾਨਤਿ ਆਵਤਿ ਸੋਇ॥ ੩ ॥ ਘਨੋ ਦਰਬ ਗੁਰ ਕੇ ਢਿਗ ਹੋਵਾ। ਅਰਪਿ ਸੰਗਤਾਂ ਦਰਸ਼ਨ ਜੋਵਾ।ਕਰਤਿ ਰਹਯੋ ਇਕ ਰਾਹਕ ਸੇਵਾ। ਬੈਠਹਿ ਆਇ ਨਿਕਟਿ ਗੁਰੁ ਦੇਵਾ॥੪॥ ਕੇਤਿਕ ਦਿਨ ਬਿਤਾਇ ਸੋ ਗਏ।ਤਯਾਰੀ ਕਰਤਿ ਕੂਚ ਕੀ ਭਏ। ਤਬਿ ਸੋ ਰਾਹਕ ਪਾਸ ਹਕਾਰ। ਹੁਤੋ

[1]ਨਾਮ ਸੀ। [2]ਗੁਰੂ ਜੀ ਦੀਆਂ ਖੜਾਵਾਂ ਦੀ। [3]ਚਰਿੱਤ੍ਰ ਕਰਦੇ ਫਿਰਦੇ ਹਨ।

ਜੁ ਦਰਬ ਦਯੋ ਤਿਸ ਸਾਰਾ* ॥੫॥ ਹੁਕਮ ਕਰਯੋ 'ਬਡ ਕੂਪ ਖਨਾਵਹੁ। ਧਨ ਗਨ ਲਾਇ ਨੀਕ ਬਨਿਵਾਵਹੁ।ਇਸ ਥਲ ਧਰਮਸਾਲ ਚਿਨਵਾਵਹੁ। ਕੋ ਸਿਖ ਸਾਧ ਬਹੁਰ ਬੈਠਾਵਹੁ ॥ ੬ ॥ ਬ੍ਰਿੰਦ ਮਹੀਰੁਹ ਸਫਲ[1] ਮੰਗਾ-ਵਹੁ। ਧਨ ਕੋ ਖਰਚਹੁ ਬਾਗ਼ ਲਗਾਵਹੁ। ਸ਼ਰਧਾ ਸਹਿਤ ਕਾਜ ਇਹ ਕਰੋ।ਰਿਦੇ ਆਪਨੇ ਲੋਭ ਨ ਧਰੋ॥੭॥ਅਪਰ ਸਥਲ ਜੋ ਚਹਹਿ ਲਗਾਯਹੁ। ਕਛੁ ਨਹਿਂ ਬਨਹਿ ਬਾਦ† ਸਭਿ ਜਾਯਹੁ[2]'। ਇਮ ਅਨਗਨ ਧਨ ਤਿਸ ਕੋ ਦੀਨਿ। ਕੂਪ ਬਾਗ਼ ਕੀ ਆਇਸੁ ਕੀਨਿ ॥ ੮ ॥ ਮਨੋ ਕਾਮਨਾ ਸੰਗਤਿ ਲੀਨਿ। ਨਿਜ ਨਿਜ ਸਦਨ ਪਯਾਨੋ ਕੀਨਿ। ਕਰਯੋ ਕੂਚ ਪੁਨ ਸਤਿਗੁਰ ਡੇਰਾ। ਚਲਯੋ ਚਹਿਤ ਚਿਤ ਪੰਥ ਬਡੇਰਾ ॥ ੯ ॥ ਪਾਛੇ ਤਿਸ ਰਾਹਕ ਕੀ ਗਾਥ। ਅਹੈ ਤਨਕ ਸੁਨੀਯਹਿ ਹਿਤ ਸਾਥ। ਧਨ ਕੋ ਦੇਖਿ ਲੋਭ ਹੁਇ ਆਯੋ। ਨਹਿਂ ਚਾਹਤਿ ਕੁਛ ਕਾਜ ਬਨਾਯੋ ॥੧੦॥ ਤਊ ਗੁਰਨਿ ਤੇ ਧਾਰੇ ਤ੍ਰਾਸ।–ਹੋਇ ਨ ਅਸ ਮਮ ਬੰਸ ਬਿਨਾਸ਼–। ਲੋਭ ਤਰੰਗਨਿ[3] ਅਧਿਕ ਬਿਥਾਰਤਿ। ਰਾਖ ਨ ਸਕਹਿ ਨ ਕੂਪ ਉਸਾਰਤਿ ॥ ੧੧॥ ਕਿਤਿਕ ਦਨੋਸ ਮਹਿਂ ਅਸ ਠਹਿਰਾਈ।–ਖੇਤ ਹਮਾਰੇ ਜਹਿਂ ਸਮੁਦਾਈ। ਤਹਾਂ ਕੂਪ ਕੋ ਦੇਹਿਂ ਲਗਾਇ। ਗੁਰੂ ਬਾਕ ਨਿਸ਼ਫਲ ਨਹਿਂ ਜਾਇ ॥ ੧੨॥ ਲਗਹਿ ਕੂਪ ਹੁਇ ਕਾਜ ਹਮਾਰਾ। ਕਿਤਿਕ ਮਹੀਰੁਹਿ ਲਾਇ ਉਦਾਰਾ। ਮੋਹਿ ਕਾਜ ਕੈ ਮਮ ਸੁਤ ਪੋਤੇ। ਕਾਸ਼ਟ ਆਇ ਕਾਜ, ਫਿਗ ਹੋਤੇ–॥ ੧੩ ॥ ਇਮ ਚਿਤ ਮਹਿਂ ਧਰਿ ਜਾਇ ਖਨਾਯੋ।ਕਾਰੀਗਰਨਿ ਪਾਸ ਚਿਨਵਾਯੋ। ਰਹਯੋ ਉਤਾਰਿ ਨ ਉਤਰਯੋ ਤਰੇ। ਜਤਨ ਅਨੇਕ ਬਿਧਿਨਿ ਕੋ ਕਰੇ ॥ ੧੪ ॥ ਅਪਰ ਕਹਾਂ ਲਗਿ ਕਹੌਂ ਬਨਾਇ।ਅਬਿ ਲੌ ਖਰੋ ਵਹਿਰ ਤਿਸਥਾਇ।ਜੋ ਧਮਧਾਨ ਸਿੰਘ ਗਨ ਰਹਯੋ। ਸਭਿ ਦੇਖਤਿ ਹਮ ਸੋਂ ਮਿਲਿ ਕਹਯੋ ॥ ੧੫ ॥ 'ਹੈ ਅਬਿ ਤੀਕ ਖਰੋ ਛਿਤ ਬਾਹਰ'। ਇਮ ਗੁਰ ਬਚਨ ਅਨਿਕ ਜਗ ਜ਼ਾਹਰ। ਨਹਿਂ ਆਇਸੁ ਰਾਹਕ ਗੁਰ ਮਾਨੀ। ਨਿਜ ਸਮਾਜ ਸਭਿ ਕੀਨਸਿ ਹਾਨੀ ॥ ੧੬॥ ਤਜਿ ਧਮਧਾਨ ਪੰਥ ਗੁਰ ਪਰੇ। ਪਹੁੰਚੇ ਏਕ ਗ੍ਰਾਮ, ਭੇ ਖਰੇ।

---

[1]ਫਲਾ ਵਾਲੇ ਬ੍ਰਿੱਛ। [2]ਸਭ ਵਿਅਰਥ ਜਾਵੇਗਾ। [3]ਲੋਭ ਦੇ ਫੁਰਨੇ।

*ਤਯਾਗ ਤੇ ਉਪਕਾਰ ਬ੍ਰਿਤੀ ਕਿੰਨੀ ਵੱਡੀ ਹੈ, ਜੋ ਮਾਯਾ ਆਈ ਹੈ ਏਥੇ ਹੀ ਸਾਧ ਸੰਗਤ ਦੇ ਸੁਖ ਲਈ ਧਰਮਸਾਲ ਤੇ ਖੂਹ ਤੇ ਖਰਚ ਕਰਕੇ ਚੱਲੇ ਹਨ। †ਪਾਃ–ਬੇਗ।

ਸਲਿਤਾ ਸਾਰਸੁਤੀ ਤਹਿੰ ਬਹੈ। ਹੱਦ ਕੁਰਛੇਤ੍ਰ ਕੀ ਸੋ ਅਹੈ ॥ ੧੭ ॥ ਤਿਸ ਤੀਰਥ ਕੀ ਚਹੁੰਦਿਸ਼ਿ ਮਾਂਹਿ।ਚਾਰਹੁੰ ਜੱਛ ਰੱਛਕਹਿਂ ਤਾਂਹਿ[1]। ਸੋ[2]ਪਸ਼ਚਮ ਦਿਸ਼ਿ ਕੋ ਥਿਤ ਜਾਨਹੁ। 'ਵਹਿਰ ਜੱਛ' ਤਿਸ ਨਾਮ ਪਛਾਨਹੁੰ[3] ॥ ੧੮ ॥ ਸਾਰਸੁਤੀ ਕੇ ਤਟ ਪਰ ਸੋਈ। ਬੂਝਯੋ ਤਬਹਿ 'ਇਹਾਂ ਸਿਖ ਕੋਈ? ਹੈ ਕਿ ਨਹੀਂ ਘਰ ਜੋ ਗੁਰ ਮਾਨਹਿ ? ਜੋ ਮਤ ਅਪਨੇ ਮਹਿਂ ਸਵਧਾਨਹਿ[4]' ॥ ੧੯ ॥ ਸੁਨਯੋਂ ਜਾਂਹਿ ਨਰ, ਤਾਂਹਿ ਬਤਾਵਾ।'ਸਿਖ ਤਿਖਾਨ ਇਕ ਇਹਾਂ ਬਸਾਵਾ'। ਆਗੈ ਕਰਯੋ ਕਹਯੋ ਜਿਨ ਐਸਾ[5]। ਪਹੁੰਚੇ ਤਿਸ ਘਰ ਦੇਖਯੋ ਬੈਸਾ ॥੨੦॥ ਕਹਯੋ ਤਾਂਹਿ ਸੋਂ'ਸਤਿਗੁਰ ਆਏ। ਉਠਿ ਬੰਦਨ ਕਰਿ ਲਿਹੁ ਫਲ ਪਾਏ'। ਸੁਨਿ ਤਿਖਾਨ ਤਜਾਗੀ ਨਿਜ ਕਾਰਾ। ਸਮੁਖ ਖਰੋ ਹੁਇ ਦਰਸ ਨਿਹਾਰਾ ॥ ੨੧ ॥ ਦੀਰਘ ਮੁਖ ਮੰਡਲ ਕੋ ਦੇਖਿ। ਧਰਯੋ ਚਰਨ ਸਿਰ ਪ੍ਰੇਮ ਵਿਸ਼ੇਖ।ਪਾਨ ਜੋਰਿ ਪੁਨ ਬੈਨ ਬਖਾਨਾ।'ਪ੍ਰਭੁ ਜੀ! ਤੁਮਰੋ ਸਰਬ ਸਥਾਨਾ ॥ ੨੨ ॥ ਉਤਰਹੁ ਆਪ, ਕ੍ਰਿਪਾ ਬਹੁ*ਧਰੋ[6]। ਨਿਜ ਸਿਖ ਜਾਨਿ ਸਫਲ ਮੁਹਿ ਕਰੋ'। ਸੁਨਿ ਸਤਿਗੁਰ ਲਖਿ ਪ੍ਰੇਮ ਬਿਸਾਲਾ। ਉਤਰੇ ਹਿਤ ਨਿਹਾਲ ਤਤਕਾਲਾ ॥ ੨੩ ॥ ਸਯੰਦਨ ਖਰੋ ਕੀਨਿ ਦਰ ਪਾਸ। ਅੰਤਰ ਪ੍ਰਵਿਸ਼ੇ ਪ੍ਰਭੁ ਅਵਾਸ[7]। ਸਰਬ ਸਮਾਜ ਦਾਸ ਚਲਿ ਆਏ। ਸਿਵਰ ਕਰਯੋ ਸ਼੍ਰਮ ਕੋ ਬਿਨਸਾਏ ॥ ੨੪ ॥ ਚਾਵਰ ਚੂਨ ਆਦਿ ਕੋ ਲਯਾਇ। ਦੇਗ਼ ਕਰੀ ਸਭਿ ਤਬਿ ਤ੍ਰਿਪਤਾਇ। ਸੁਪਤਿ ਜਥਾਸੁਖ ਰਾਤਿ ਬਿਤਾਈ।ਜਾਮ ਜਾਮਨੀ ਜਾਗਿ ਗੁਸਾਈਂ॥੨੫॥ਦਾਸ ਉਠਾਇ ਸੌਚਕੋ ਠਾਨਿ।ਗਮਨੇ ਤੀਰਥ ਕਰਨਿ ਸ਼ਨਾਨ। ਸਾਰਸੁਤੀ ਸਲਿਤਾ ਬਹੁ ਪਾਵਨ। ਨਿਰਮਲ ਨੀਰ ਲਗੇ ਤਬਿ ਨ੍ਹਾਵਨ ॥ ੨੬ ॥ ਕਰਿ ਮੱਜਨ ਕੌ ਪੌਂਛਿ ਸਰੀਰ। ਪਹਿਰਤਿ ਭਏ ਸਕਲ ਬਰ ਚੀਰ। ਬੈਠਿ ਧਯਾਨ ਕੋ ਠਾਨਿ ਮਹਾਨਾ।ਨਿਸ਼ਚਲ ਬ੍ਰਿਤਿ ਸਰੂਪ ਮਨ ਮਾਨਾ ॥ ੨੭ ॥ ਸੂਰਜ ਉਦੈ ਭਯੋ ਅਸਮਾਨ। ਦਿਜ ਗਨ ਆਇ ਅਸੀਸ

[1]ਚਾਰ ਜੱਛ ਰੱਖਯਾ ਕਰਦੇ ਸਨ ਉਸਦੀ। [2]ਓਹ (ਗ੍ਰਾਮ ਤੀਰਥ ਤੋਂ)। [3]'ਬਹਿਰ ਜੱਖ' ਉਸ (ਗ੍ਰਾਮ) ਦਾ ਨਾਮ ਪਛਾਣ ਲਓ। ਪਾਂਡਵਾਂ ਨੇ ਜੱਧ ਸਮੇਂ ਕੁਰਖੇਤਰ ਦੇ ਚਾਰ ਲਾਂਡੀ ਚਾਰ ਜੱਖ ਥਾਪੇ ਸਨ ਜੋ ਭਗੌੜਿਆਂ ਨੂੰ ਫੜ ਕੇ ਮੁੜ ਜੰਗ ਵਿੱਚ ਭੇਜਦੇ ਸੇ। ਉਨ੍ਹਾਂ ਵਿਚੋਂ ਇਕ ਦੇ ਨਾਮ ਦਾ ਇਹ ਪਿੰਡ ਹੁਣ ਤੱਕ ਹੈ। ਬਾਕੀ ਤ੍ਰੈ ਜੱਖ ਏਹ ਸਨ:-ਰਾਮ ਜੱਖ, ਰਤਨ ਜੱਖ, ਤਰਖੂ ਜੱਖ, [ਸਾਖੀ: ਪੋਥੀ, ਅੰਕ ੩੫]। [4]ਪਰਪੱਕ ਹੋਵੇ। [5]ਭਾਵ ਜਿਸ ਨੇ ਐਸਾ ਕਹਿਆ ਸੀ ਕਿ ਇਕ ਤ੍ਰਖਾਨ ਦਾ ਘਰ ਹੈ ਉਹਨੂੰ ਅੱਗੇ ਕੀਤਾ ਭਾਵ ਨਾਲ ਲੀਤਾ। [6]ਬੜੀ ਮਿਹਰ (ਧਾਰੀ=) ਕੀਤੀ ਹੈ। (ਅ) ਬੜੀ ਕ੍ਰਿਪਾ ਧਾਰ ਕਰਕੇ। [7]ਘਰ ਦੇ ਅੰਦਰ। *ਪਾ:-ਕਰਿ।

ਬਖਾਨਿ। ਸਭਿਹਿਨਿ ਕੋ ਧਨ ਦੀਨਸਿ ਦਾਨ। ਲੇ ਕਰਿ ਉਰ ਹਰਖੇ ਸੁਖ ਮਾਨਿ ॥ ੨੮ ॥ ਕੀਰਤਿ ਕਰਤਿ ਨਿਕੇਤ ਸਿਧਾਏ।'ਤਿਮ ਦੇਖੇ ਜਿਮ ਹਮ ਸੁਨਿ ਪਾਏ'। ਜਥਾ ਸ਼ਕਤਿ ਤਬਿ ਸਿੱਖ ਤ੍ਰਿਖਾਨ।ਅਰਪਨ ਕੀਨਿ ਉਪਾ-ਇਨ ਆਨਿ॥ ੨੯ ॥ਜਾਨਿ ਦੀਨਿ ਸ਼ਰਧਾ ਲਖਿ ਉਰ ਕੀ। ਖੁਸ਼ੀ ਬਿਸਾਲ ਭਈ ਸਤਿਗੁਰ ਕੀ। ਭਯੋ ਨਿਹਾਲ ਅਨੰਦ ਕੋ ਪਾਵਾ। ਗੁਰ ਪਗ ਪੰਕਜ ਸੀਸ ਲਗਾਵਾ ॥ ੩੦ ॥ ਇਮ ਸ਼੍ਰੀ ਤੇਗ ਬਹਾਦਰ ਧੀਰ। ਟਹੇ ਤੀਨ ਦਿਨ ਤੀਰਥ ਤੀਰ।ਪੁਨ ਤਯਾਰੀ ਕਰਿ ਚਹਿਤਿ ਪਯਾਨੇ।ਤਿਸ ਤ੍ਰਿਖਾਨ ਸੋਂ ਬੈਨ ਬਖਾਨੇ॥ ੩੧ ॥ 'ਕੈਂਥਲ ਪੁਰਿ ਕੋ ਹਮ ਨੇ ਜਾਨਾ।ਕੋ ਸਿਖ ਹੈ ਕਿ ਨਹੀਂ ਤਿਸ ਥਾਨਾ?। ਤਹਾਂ ਜਾਇ ਕਰਿ ਡੇਰਾ ਪਾਵੈਂ। ਸੁਖ ਸੋਂ ਬਸਿ ਕਰਿ ਦਿਵਸ ਬਿਤਾਵੈਂ' ॥ ੩੨ ॥ ਸਿਖ ਕਰ ਜੋਰਿ ਬਤਾਵਨਿ ਕੀਨਿ। 'ਕੈਂਥਲ ਮਹਿਂ ਸਿਖ ਕੇ ਘਰ ਤੀਨ। ਇਕ ਤ੍ਰਿਖਾਨ ਹੈ ਹਮਰੀ ਜਾਤਿ। ਦੁਇ ਘਰ ਬਨਕਨਿ ਕੇ[1] ਬੱਖਯਾਤ' ॥ ੩੩ ॥ ਸੁਨਿ ਗੁਰ ਭਾਖਯੋ 'ਸੰਗ ਹਮਾਰੇ। ਚਲਹੁ ਤਹਾਂ ਲਗਿ ਦੇਹੁ ਦਿਖਾਰੇ। ਪੁਨ ਹਟਿ ਆਇ ਬਸਹੁ ਸੁਖ ਸਾਥ'। ਇਮ ਕਹਿ ਕੀਨਿ ਪਯਾਨੋ ਨਾਥ॥੩੪॥ਅਸ਼ਟ ਕੋਸ ਕੋ ਮਾਰਗ 'ਕੈਂਥਲ'। ਲਯਾਯੋ ਸਿੱਖ ਤ੍ਰਿਖਾਨ ਤਿਸੈ ਥਲ। ਪ੍ਰਥਮ ਵਹਿਰ ਉਤਰੇ ਸਰ ਤੀਰ। ਖਰੀ ਮਹੀਰੁਹ ਕੀ ਜਹਿਂ ਭੀਰ ॥ ੩੫ ॥ ਬੂਝੇ ਗੁਰੂ[2] 'ਕੌਨ ਘਰ ਚਲੋ?। ਬਨਕ ਜੁਗਲ ਇਕ ਖਾਤੀ ਭਲੋ'। ਕਰਯੋ ਹੁਕਮ 'ਜਿਸ ਕੋ ਹੁਇ ਨੇਰਾ। ਤਿਸ ਕੇ ਕਰਹੁ ਜਾਇ ਅਬਿ ਡੇਰਾ' ॥੩੬॥ ਤਬਿ ਤ੍ਰਿਖਾਨ ਕੋ ਘਰ ਢਿਗ ਜਾਨਾ। ਲੇਇ ਸਮਾਜ ਗਏ ਤਿਸ ਥਾਨਾ। ਕਹਯੋ 'ਗੁਰੂ ਆਯਹੁ ਚਲਿ ਆਪ। ਜਿਨ ਦਰਸ਼ਨ ਤੇ ਬਿਨਸਤਿ ਪਾਪ' ॥ ੩੭ ॥ ਸੁਨਿਕੈ ਅਨੰਦ ਧਾਰਿ ਸਿਖ ਗਯੋ। ਵਹਿਰ ਜਾਇ ਗੁਰ ਦੇਖਤਿ ਭਯੋ।ਕਰਿ ਬੰਦਨ ਕੋ ਘਰ ਲੇ ਆਯੋ। ਸਾਦਰ ਡੇਰਾ ਕਹਿ ਕਰਿਵਾਯੋ ॥ ੩੮ ॥ ਜਥਾ ਸ਼ਕਤਿ ਸਿਖ ਸੇਵਾ ਕਰੀ। ਗੁਰ ਪ੍ਰਸੰਨ ਹੁਇ ਅਪਦਾ ਹਰੀ। ਦੋਨਹੁੰ ਸਿੱਖਨਿ ਕੇ ਘਰ ਜੋਇ। ਸਹਿਤ ਕੁਟੰਬ ਆਇ ਕਰਿ ਸੋਇ ॥੩੯॥ਅਰਪਿ ਉਪਾਇਨ ਬੰਦਨ ਠਾਨੀ।ਮਨੋ ਕਾਮਨਾ ਪੂਰਵਿ ਮਹਾਨੀ। 'ਧੰਨ ਧੰਨ' ਕਹਿ ਸਦਨ ਸਿਧਾਰੇ। 'ਗੁਰ ਦਰਸੇ ਬਡਭਾਗ ਹਮਾਰੇ' ॥ ੪੦ ॥ ਕਿਤਿਕ ਦਿਵਸ ਬਸਿ ਕਰਿ ਤਿਸ ਪੁਰੀ। ਬਹੁਰ ਚਲਨਿ ਕੀ ਮਨਸਾ ਕਰੀ। ਜਿਸ ਤ੍ਰਿਖਾਨ ਘਰ ਮਹਿਂ

[1]ਬਾਣੀਆਂ ਦੇ। [2](ਸਿਖ ਨੇ) ਸ੍ਰੀ ਗੁਰੂ ਜੀ ਤੋਂ ਪੁੱਛਿਆ।

ਤਬਿ ਬਾਸੇ। ਅਬਿ ਗੁਰਦ੍ਵਾਰੋ ਤਹਾਂ* ਪ੍ਰਕਾਸ਼ੇ॥੪੧॥ਸ਼ਬਦ ਕੀਰਤਨ ਹੋਤਿ ਹਮੇਸ਼। ਰਹੈਂ ਸਿੰਘ ਪੂਜੈਂ ਸੁ ਵਿਸ਼ੇਸ਼। ਤਿਸ ਕੈਂਥਲਪੁਰਿ ਮਹਿਂ ਕਵਿ ਬਸੈ। ਗੁਰਜਸੁ ਕਰਤਿ ਰਹਨੋ ਅਘ ਨਸੈ॥ ੪੨ ॥ ਮਿਲਹਿਂ ਭਾਉ ਧਰਿ ਸ਼ਰਧਾ ਸਾਥ। ਕਰਹਿਂ ਨਿਹਾਲ ਕ੍ਰਿਪਾ ਧਰਿ ਨਾਥ।ਕਵਿ ਸੰਤੋਖ ਸਿੰਘ ਇਸ ਹੇਤੁ। ਬਿਚਰਤਿ ਮਹਿਤਲ ਮਹਿ ਸੁਖ ਦੇਤਿ ॥ ੪੩॥ਇਤਿ ਸ਼੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਗੁਰ ਬਿਚਰਨਿ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅੰਸੂ ॥੪੩॥

## ੪੪. [ਬਾਰਨੇ ਦੇ ਰਾਹਕ ਤੋਂ ਤੰਬਾਕੂ ਛੁਡਾਯਾ।]

ਦੋਹਰਾ ॥ ਕਰਯੋ ਨਿਹਾਲ ਤਿਖਾਨ ਕੋ ਘਰ ਬਸਿ ਦਰਸ਼ਨ ਦੀਨਿ। ਪੁਨ ਇੱਛਾ ਉਰ ਠਾਨਿ ਕੈ ਚਲਿਬੇ ਤਯਾਰੀ ਕੀਨਿ ॥ ੧॥ ਚੌਪਈ ॥ ਸ਼੍ਰੀ ਗੁਜਰੀ ਡੋਰੇ ਅਸਵਾਰੀ। ਜਿਸ ਛਾਦਨਿ[1] ਮਖਮਲ ਜ਼ਰਕਾਰੀ[2]। ਇਕ ਸੁੰਦਰ ਸਯੰਦਨ ਸੰਗ ਭਲੇ। ਮਾਤ ਨਾਨਕੀ ਜਿਸ ਚੜ੍ਹਿ ਚਲੇ ॥ ੨ ॥ ਬ੍ਰਿਖਭ ਬਿਲੰਦ ਬਲੀ ਤਨ ਪੀਨ[3]। ਜਿਨ ਕੀ ਕਕੁਦ ਤੁੰਗ ਦੁਤਿ ਕੀਨਿ[4]। ਤਿਨ ਪਰ ਬਸਤ੍ਰ ਲਾਲ ਹੀ ਡਾਲੇ। ਚਲਨਿ ਬੇਗ ਬਹੁ, ਸ੍ਰਿੰਗ ਬਿਸਾਲੇ ॥ ੩ ॥ ਬ੍ਰਿੰਦ ਬਿਭੂਖਨ ਕੋ ਪਹਿਰਾਏ। ਜਬਹਿ ਚਲਤਿ ਬਡ ਸ਼ਬਦ ਉਠਾਏ। ਅੱਗ੍ਰ ਚਲਹਿ ਰਥ ਪੰਥ ਮਝਾਰ। ਪੁਨ ਡੋਲਾ ਲੈ ਬਲੀ ਕਹਾਰ ॥ ੪ ॥ ਬਹੁਰ ਬਹੀਰ ਸੰਗ ਜੋ ਦਾਸ। ਕੋ ਚਾਕਰ ਕੋ ਪ੍ਰੇਮ ਪ੍ਰਕਾਸ਼[5]। ਚਲੇ ਜਾਹਿਂ ਗੁਰ ਕੀਰਤਿ ਕਰਿਤੇ। ਦੇਸ਼ ਬਿਦੇਸ਼ ਵਿਸ਼ੇਸ਼ ਨਿਹਰਿਤੇ ॥ ੫ ॥ ਸ਼੍ਰੀ ਗੁਰ ਤੇਗ ਬਹਾਦਰ ਤਰੇ[6]। ਬਲੀ ਤੁਰੰਗ ਬੀਚ ਗੁਨ ਖਰੇ[7]। [8]ਚੰਦ੍ਰਿਕ ਚੰਦ ਮਨਿੰਦ ਬਿਲੰਦ। ਸੇਤ ਬਰਨ, ਸੁੰਦਰ ਦੁਤਿਵੰਦ[8] ॥ ੬॥ ਬਿਨ ਮਰਜ਼ੀ ਨਹਿਂ ਕਰੇ ਚਲਾਕੀ। ਚਾਲ ਅਡੋਲ ਅਮੋਲਕ ਤਾਂ ਕੀ[9]। ਮੋਰ ਮਨਿੰਦੁ ਮੋਰਿ ਕਰਿ ਗ੍ਰੀਵਾ[10]।ਚਲਹਿ ਕਿ ਖਰੇ,ਪੁਸ਼ਟ[11]ਤਨ ਥੀਵਾ॥੭॥ਗੁਰੂ ਸਧੀਰਜ[12]ਮਾਰਗ ਤੋਰਹਿਂ। ਕਰਤਿ ਕੁੰਡਲੀ ਪਾਇਨਿ ਮੋਰਹਿਂ। ਤਜਿ ਕੈਂਥਲ ਆਗੈ ਗੁਰ ਚਾਲੇ। ਲੋਕ ਆਪਨੇ ਲੀਨਸਿ ਨਾਲੇ॥੮॥ਕੋਸ ਪੰਚ ਦਸ ਮੰਜ਼ਲ ਗਏ[13]।

[1] ਦਾ) ਵਿਛਾੜ। [2]ਜ਼ਰੀ ਦਾ ਕੱਢਿਆ ਹੋਯਾ। [3]ਮੋਟੇ। [4]ਜਿਨ੍ਹਾਂ ਦੀ ਬੰਨ ਉੱਚੀ ਸ਼ੋਭਾ ਦੇ ਰਹੀ ਸੀ। [5]ਕੋਈ ਨੌਕਰ ਤੇ ਕੋਈ ਪ੍ਰੇਮੀ ਦਾਸ। [6]ਹੇਠ। [7]ਜਿਸ ਵਿੱਚ ਸੁਹਣੇ ਗੁਣ ਸਨ। [8]ਚੰਦ ਦੀ ਚਾਂਦਨੀ ਵਰਗਾ ਡਾਢੇ ਚਿੱਟੇ ਰੰਗ ਦਾ, ਤੇ ਸੁੰਦਰ ਸ਼ੋਭਾ ਵਾਲਾ। [9]ਤਿਸ (ਘੋੜੇ) ਦੀ। [10]ਗਰਦਨ ਮੋੜਕੇ। [11]ਮੋਟਾ। [12]ਸਹਜ ਨਾਲ। [13]ਪੰਦਰਾਂ ਕੋਹ ਲੰਘ ਕਰਕੇ ਮਨਜ਼ਲ ਤੇ ਪੁੱਜੇ।

*ਸਾਖੀ: ਪੋ: ਵਿਚ ਲਿਖਿਆ ਹੈ ਕਿ ਸ਼ਹਿਰ ਵਾਲੇ ਸਿੱਖ ਦੇ ਘਰ ਪ੍ਰਸ਼ਾਦਿ ਛਕਣ ਗਏ, ਉਥੇ ਕਥਾ ਕੀਰਤਨ ਦਾ ਵਰ ਬੀ ਦਿੱਤਾ। ਰਹੇ ਆਕੇ ਬਾਹਰਲੇ ਟਿਕਾਣੇ। ਹੁਣ ਦੋਹੀਂ ਥਾਈਂ ਗੁਰਦੁਆਰੇ ਹਨ। ਵਿਸ਼ੇਸ਼ ਲਈ ਦੇਖੋ ਪ੍ਰਸਤਾਵਨਾ।

ਉਤਰਨਿ ਕੋ ਗੁਰ ਚਾਹਤਿ ਭਏ । ਨਾਮ 'ਬਾਰਨਾ' ਗ੍ਰਾਮ ਬਿਲੋਕਾ । ਤਿਸ ਕੇ ਨਿਕਟਿ ਜਾਇ ਹਯ ਰੋਕਾ॥੯॥ਇਕ ਨਰ ਨਿਕਸਿਨਿਕਟਿ ਗੁਰਆਯੋ। ਦਰਸ਼ਨ ਦੇਖਤਿ ਸੀਸ ਨਿਵਾਯੋ । ਖਰੋ ਭਯੋ ਬੂਝ੍ਯੋ ਤਬਿ ਤਾਂਹੀ । 'ਸਿਖ ਕੋ ਸਦਨ ਅਹੈ ਕੈ ਨਾਂਹੀ ?' ॥ ੧੦ ॥ ਸੁਨਤਿ ਬਤਾਯੋ 'ਰਾਹਕ ਅਹੈ। ਸਗਰੇ ਗ੍ਰਾਮ ਏਕਸਿਖ ਰਹੈ।ਕੁਛਕ ਭਲੋਸ਼ਰਧਾਲੂ ਥੋਰਾ।ਬਸਹਿ ਇਕਾਕੀ, ਸਿੱਖਨ ਨ ਔਰਾ' ॥ ੧੧ ॥ ਤਬਿ ਸ਼੍ਰੀ ਤੇਗ ਬਹਾਦਰ ਭਾਖਾ। 'ਤਿਸਹਿ ਹਕਾਰਨਿ ਕੀ ਹਮ ਕਾਂਖਾ । ਕਰਨੋ ਡੇਰਾ ਤਿਸ ਕੇ ਧਾਮ । ਯਾਂਤੇ ਕਰਹੁ ਬੁਲਾਵਨਿ ਕਾਮ[1]'॥੧੨॥ਸੁਨਿ ਗੁਰ ਆਇਸੁ ਕੋ ਨਰ ਗਯੋ। ਮਿਲ੍ਯੋ ਜਾਟ ਸੋਂ ਭਾਖਤਿ ਭਯੋ।'ਵਹਿਰ ਹਕਾਰਤਿ ਹੈਂ ਨਰ ਭਲੇ।ਤੋਹਿ ਪ੍ਰਤੀਖਨਿ ਕਰਤੇ ਖਲੇ' ॥੧੩॥ ਕਾਹੂ[2] ਤਬਹਿ ਤਹਾਂ ਚਲਿ ਆਯੋ।ਕਛ[3] ਕੋ ਕਰਤਿ ਵਿਰਹਿ ਤਿਸ ਥਾਯੋ । ਸੁਨਤਿ ਜਾਟ ਨੈ ਰਿਦੈ ਬਿਚਾਰੀ ।—ਮੈਂ ਅਬਿ ਜਾਨੋਂ ਖੇਤ ਮਝਾਰੀ[4] ॥ ੧੪॥ ਤਊ ਦੇਖਿ ਮਿਲਿ ਕਰਿ ਪੁਨ ਆਵੋਂ[5] । ਕੂਤ[6] ਮਿਲਨਿ ਕਾਰਨ ਉਤਲਾਵੋਂ[7]—। ਇਮ ਬਿਚਾਰਿ ਕਰਿ ਤੂਰਨ ਆਯੋ । ਬੈਠੇ ਗੁਰ ਕੋ ਦਰਸ਼ਨ ਪਾਯੋ ॥ ੧੫ ॥ ਜਾਨਿ ਪਛਾਨੇ ਬੰਦਨ ਕੀਨਿ । ਡੇਰਾ ਕਰਿਬੇ ਆਸ਼ੈ ਚੀਨਿ[8] । ਹਾਥ ਜੋਰਿ ਕਰਿ ਬਾਕ ਉਚਾਰੇ । 'ਚਲੀਅਹਿ ਸਤਿਗੁਰ ਸਦਨ ਹਮਾਰੇ ॥ ੧੬ ॥ ਸਿਵਰ ਕਰਹੁ ਨੀਕੇ ਸੁਖ ਪਾਵਹੁ । ਸ਼ੀਘ੍ਰ ਚਲਹੁ ਨਾਹਨ ਬਿਲਮਾਵਹੁ । ਆਯੋ ਕੂਤ[9] ਕਰਨਿ ਕਛ ਇਹਾਂ[10] । ਮੈਂ ਜਾਵੋਂ ਨਿਜ ਖੇਤੀ ਜਹਾਂ' ॥ ੧੭ ॥ ਸੁਨਿ ਸ਼੍ਰੀ ਤਗ ਬਹਾਦਰ ਭਾਖਾ । 'ਤਹਿਂ ਪਹੁੰਚਨਿ ਕੀ ਕਰਹੁ ਨ ਕਾਂਖਾ । ਤੋਹਿ ਖੇਤ ਰੱਖ੍ਯਕ ਕਰਤਾਰ । ਬਚਹਿ ਅੰਨ ਘਰ ਆਨਿ ਸੁਧਾਰਿ ॥ ੧੮ ॥ ਅਬਿ ਤੂੰ ਸਿਵਰ ਕਰਾਇ ਹਮਾਰੋ । ਰਹੁ ਸੇਵਾ ਮਹਿ ਸਮੋ ਨ ਟਾਰਹੁ। ਪਾਵਹਿ ਬਰਕਤ ਗੁਰੂ ਘਨਰੀ।

[1]ਬੁਲਾਵਨ ਦਾ ਕੰਮ ਕਰੋ । [2]ਭਾਵ ਪਟਵਾਰੀ ਯਾ ਗਿਰਦਾਵਰ । [3]ਖੇਤਾਂ ਦੀ ਗਿਰਦਾਵਰੀ । [4](ਪਟਵਾਰੀ ਆਇਆ ਹੋਇਆ ਕਰਕੇ) ਮੈਂ ਹੁਣ ਖੇਤ ਵਿੱਚ (ਵੀ) ਜਾਣਾ ਹੈ । [5]ਤਾਂਭੀ (ਉਸ ਭਲੇ ਪੁਰਸ਼ ਨੂੰ ਦੇਖ ਤੇ ਮਿਲ ਕਰਕੇ ਮੁੜ ਆਵਾਂ । [6]ਗਿਰਦਾਵਰ ਯਾ ਪਟਵਾਰੀ ਨੂੰ (ਦੇਖੋ ਹੇਠ ਪ੍ਰਯਾਯ ਅੰਕ ੯ ਦਾ) । [7]ਮੈਂ ਛੇਤੀ ਕਰਦਾ ਹਾਂ । [8]ਜਾਣਿਆਂ । [9]ਬਿਨਾ ਮਿਣੇ ਤੋਲੇ ਦੇ ਖੜੇ ਫਸਲ ਦਾ ਅੰਦਾਜ਼ਾ ਲਾ ਲੈਣਾ ਕਿ ਖੇਤ ਦੀ ਪੈਦਾਵਾਰ ਐਤਨੀਕੁ ਹੈ, ਇਸਨੂੰ 'ਕੂਤਣਾ' ਆਖਦੇ ਹਨ । ਇਸ ਤਰ੍ਹਾਂ ਦੇ ਅੰਦਾਜ਼ਾ ਲਾਉਣ ਵਾਲੇ ਨੂੰ 'ਕੂਤ' ਆਖਦੇ ਹਨ । ਇਸਦਾ ਮੂਲ ਸੰਸਕ੍ਰਿਤ 'ਆਕੂਤ=ਮੁਦਆ' ਪਦ ਜਾਪਦਾ ਹੈ । ਅਰਬੀ ਪਦ 'ਕੂਤ' ਦਾ ਅਰਥ ਖ਼ੁਰਾਕ ਹੈ । [10](ਕੂਤ=) ਪਟਵਾਰੀ ਕੱਛ ਕਰਨ ਲਈ ਏਥੇ ਆਯਾ ਹੈ ।

ਜੇਕਰਿ ਰਹੈ ਬੁੱਧਿ ਥਿਰ ਤੇਰੀ'॥੧੯॥ਸੁਨਿ ਰਾਹਕ ਕਰ ਜੋਰਿ ਬਖਾਨਾ।
'ਆਪ ਕਰਹੁ ਬਿਸਰਾਮ ਸਥਾਨਾ। ਕ੍ਰਿਖੀ ਕਿਦਾਰਨਿ ਬਿਖੈ ਘਨੇਰੀ।
ਖਸ਼ਟ ਮਾਸ ਕੀ ਮਿਹਨਤ ਮੇਰੀ ॥ ੨੦ ॥ ਜੇ ਕਰਿ ਮੈਂ ਨ ਜਾਉਂ ਇਸ
ਕਾਲਾ। ਕੂਤ ਧਰਹਿ ਕਣ ਅੰਨ ਬਿਸਾਲਾ[1]। ਬਿਨਤੀ ਕਰਿ ਹੌਂ ਅੱਗ੍ਰ
ਬਡੇਰੀ। ਲੇਉਂ ਛੁਟਾਇ ਅੰਨ ਇਸ ਬੇਰੀ ॥ ੨੧ ॥ ਖ਼ਸਟ ਮਾਸ ਲੌ ਖਾਇ
ਕੁਟੰਬ। ਜੀਵਹਿਂ ਸਭਿ ਹਮ ਤਿਸੈ ਅਲੰਬ। ਏਕ ਜਾਮ ਕੋ ਕਾਮ ਅਹੈ ਸੋ।
ਕਿਮ ਨ ਜਾਉਂ ਘਰ ਅੰਨ ਰਹੈ ਸੋ' ॥ ੨੨॥ ਸੁਨਿ ਸਤਿਗੁਰ ਤਿਸ ਜਾਨਯੋ
ਮੂਢਾ। ਨਹਿਂ ਸਮੁਝਤਿ ਮਨ ਆਸ਼ੈ ਗੂਢਾ[2]। ਤਊ ਕ੍ਰਿਪਾ ਕਰਿ ਪੁਨਹਿਂ
ਬਖਾਨਾ। 'ਜੇ ਨ ਹਟਹਿਂ ਨਿਸ਼ਚੈ ਤਹਿਂ ਜਾਨਾ ॥੨੩॥ ਤੀਰ ਕਿਦਾਰ ਖਰੇ
ਹੁਇ ਰਹੀਅਹਿ। ਬਿਨੈ ਆਦਿ ਕੁਛ ਬਾਕ ਨ ਕਹੀਅਹਿ। ਹੋਵਹਿਂ ਸਤਿ-
ਗੁਰ ਤੋਹਿ ਸਹਾਇ। ਸੁਨਿ ਕਣ ਖੇਤ ਆਉ ਸਹਿਸਾਇ[3]' ॥ ੨੪ ॥ ਮਾਨਯੋ
ਬੈਨ ਪਯਾਨੋ ਕੀਨਾ। ਜਹਾਂ ਕੂਤ ਕੋ ਬਿਚਰਤਿ ਚੀਨਾ। ਸਿਖ ਕਿਦਾਰ
ਢਿਗ ਪਹੁੰਚਯੋ ਆਇ। ਛਿਤ ਕੋ ਮਿਨਤਿ ਸੁ ਇਤ ਉਤ ਜਾਇ[4] ॥੨੫॥ਦੋ
ਸੈ ਬੀਘੇ ਖੇਤ ਬਿਸਾਲਾ। ਸੋ ਜਾਨਯੋ ਮਿਨ ਕਰਿ ਤਿਸ ਕਾਲਾ। ਲਿਖਨਿ
ਲਗੇ ਤਬਿ ਜਾਟ ਸ਼ਰੀਕਾ*। ਬੋਲਯੋ 'ਇਹ ਨ ਮਿਨੀ ਛਿਤ ਠੀਕਾ॥੨੬॥
ਹੁਤੋ ਖੇਤ ਦੋ ਸੈ ਇਹ ਸਦਾ॥ਕਰਤਿ ਰਹੇ ਕਣ ਕੋ ਜਦ ਕਦਾ।ਅਬਿ ਕਿਮ
ਕਮੀ ਉਤਾਰਨਿ ਕਰਯੋ। ਇਸ ਛਿਤ ਕੋ ਨਿਤ ਹਾਲਾ[5] ਭਰਯੋ' ॥ ੨੭ ॥
ਮਿਨਨਹਾਰ ਕੋ ਕਾਛੂ[6] ਕਹਯੋ । 'ਇਹ ਕਸਾ ਕਰਯੋ ਦਰਬ ਤੈਂ ਲਹਯੋ।
ਅਰਧ ਮਾਮਲਾ ਦਯੋ ਬਿਗਾਰ। ਭਰਿ ਲੈ ਹੈਂ ਤੁਝ ਕੋ ਬਹੁ ਮਾਰਿ' ॥ ੨੮ ॥
ਸੁਨਿ ਕੈ ਕਹਯੋ† ਰਿਦੈ ਡਰ ਕੀਨਿ। 'ਮੈਂ ਅਵਨੀ ਆਛੇ ਮਿਨ ਲੀਨਿ।
ਕਰਹੁ ਬਿਲੋਕਨਿ ਪੁਨ ਮੈਂ‡ ਮਿਨੌਂ।ਚੋਕਸ ਹੋਇ ਭਲੀ ਬਿਧਿ ਗਿਨੌਂ'॥੨੯॥
ਬਹੁਰ ਜੇਵਰੀ[7] ਲਾਗੇ ਪਾਵਨਿ । ਅਪਰ ਕਰਯੋ ਨਰ ਏਕ ਮਿਲਾਵਨਿ।
ਸਨੇ ਸਨੇ ਨੀਕੇ ਪੁਨ ਮਿਨੀ। ਊਚੇ ਕਹਿ ਕਹਿ ਗਿਨਤੀ ਗਿਨੀ ॥ ੩੦ ॥
ਸੋ ਸਿਖ ਖਰੋ ਲੋਕ ਸਮੁਦਾਏ। ਸੋ ਉਤਰੀ ਪੁਨ ਸੁਨਿ ਬਿਸਮਾਏ।-ਕਹਾਂ

---

[1]ਗਿਰਦਾਵਰ ਅੰਨ ਦਾ ਕਣ ਬਹੁਤਾ ਲਾ ਦੇਵੇਗਾ। [2](ਸਤਿਗੁਰ ਦੇ) ਮਨ ਦੇ ਗੂੜੇ ਆਸ਼ੇ ਨੂੰ ਨਹੀਂ ਸਮਝਦਾ। [3]ਛੇਤੀ। [4]ਭਾਵ ਕੂਤ ਮਿਣਦਾ ਹੈ। [5]ਮਾਮਲਾ। [6]ਪਟਵਾਰੀ ਨੇ ਮਿਨਣ ਵਾਲੇ ਨੂੰ ਕਿਹਾ। [7]ਜਰੀਬ।

*ਹਿੰਦੀਆਂ ਦੀ ਇਕ ਦੂਜੇ ਨਾਲ ਈਰਖਾ ਦੇ ਸੁਭਾਵ ਨੂੰ ਕੈਸਾ ਅੱਛਾ ਦਿਖਾਇਆ ਹੈ।

†ਪਾ:-ਕੂਤ।

‡ਪਾ:-ਪੁਨਰਪ। ਪੁਨ ਹਮ।

ਭਯੋ ਇਹ ਜਾਇ ਨ ਜਾਨੀ–। ਮਿਨਨਹਾਰ ਕੋ ਖੋਟ ਪਛਾਨੀ ॥ ੩੧ ॥ ਬਰਖ ਅਨੇਕ ਮਿਨਤਿ ਇਸ ਰਹੋਵੋ ਸੈ ਹੋਤਿ ਕਮੀ ਨਹਿਂ ਲਹੋ।ਸਿਖ ਭੀ ਖਰਯੋ ਰਿਦੇ ਬਿਸਮਾਨਯੋਂ। ਤੂਸ਼ਨਿ ਠਾਨੇ ਕਛੁ ਨ ਬਖਾਨਯੋ॥ ੩੨ ॥ ਭਯੋ ਨਰਨਿ ਮਹਿ ਦੀਰਘ ਝਗਰੋ। ਮਿਨ ਗਿਨ ਠਾਨਤਿ ਨਿਰਨੈ ਸਗਰੋ।ਬਧਯੋ ਸੰਦੇਹ ਸਭਿਨਿ ਕੇ ਰਿਦੇ। ਮਿਨਨ ਲਗਯੋ ਕਾਛੂ[1] ਪੁਨ ਤਦੇ ॥੩੩॥ ਜਾਟ ਸ਼ਰੀਕ ਸੰਗ ਗਨ ਹੋਏ। ਗਿਨਹਿਂ ਜੇਵਰੀ ਕੋ ਸਭਿ ਕੋਏ। ਅਤਿ ਚੌਕਸ ਹੁਇ ਖੇਤ ਮਝਾਰਾ। ਨੀਕੇ ਮਿਨਤਿ ਭੁਏ ਤਬਿ ਸਾਰਾ॥੩੪॥ਦੋ ਸੈ ਕਹਤਿ ਸੁ ਝੂਠੇ ਪਰੇ। ਸੈ ਬੀਘੇ ਕੋ ਕਣ ਤਬਿ ਭਰੇ। ਰਿਦੈ ਬਿਸੂਰਤਿ ਬਹੁ ਨਰ ਆਏ। ਗੁਰ ਪ੍ਰਤਾਪ ਲਖਿ ਸਿਖ ਮੁਦ ਪਾਏ ॥੩੫॥ ਆਇ ਆਪਨੇ ਸਦਨ ਪ੍ਰਵੇਸ਼ਾ। ਕਰਿ ਤਯਾਰੀ ਸਭਿ ਰੀਤਿ ਵਿਸ਼ੇਸ਼ਾ। ਜਾਇ ਗੁਰੂ ਪਗ ਬੰਦਨ ਠਾਨੀ। ਪੁਨਹਿ ਬਾਰਤਾ ਸਕਲ ਬਖਾਨੀ ॥੩੬॥ ਸੁਨਿ ਤਿਸ ਕੋ ਸਤਿਗੁਰੂ ਬਖਾਨਤਿ। 'ਜੇ ਕਰਿ ਪ੍ਰਥਮ ਬਚਨ ਕੋ ਮਾਨਤਿ । ਸਰਬ ਖੇਤ ਕੋ ਲੇਤਿ ਅਨਾਜ। ਸੁਧਰਤਿ ਜੋ ਨਿਕੇਤ ਕੇ ਕਾਜ ॥੩੭॥ ਦੁਤੀ ਬਾਕ ਸ਼ਰਧਾ ਕਰਿ ਮਾਨਯੋ। ਅਰਧ ਕਾਜ ਭਾ ਆਧੋ ਹਾਨਯੋ'। ਸੁਨਿ ਮਹਿਮਾ ਗੁਰ ਕੀ ਬਹੁ ਜਾਨੀ*।ਬਾਰਿ ਬਾਰਿ ਪਦ ਬੰਦਨ ਠਾਨੀ॥੩੮॥ਲੇ ਕਰਿ ਸੰਗ ਚਲਯੋ ਨਿਜ ਧਾਮੂ। ਕਰੇ ਉਤਾਰਨਿ ਦੇ ਬਿਸਰਾਮੂ।ਬ੍ਰਿੱਛ ਅੰਬਲੀ ਕੋ ਘਰ ਮਾਂਹਿ। ਗੁਰ ਤੁਰੰਗ ਬੰਧਯੋ ਸੰਗ ਤਾਂਹਿ॥ ੩੯ ॥ ਸਯੰਦਨ ਆਦਿਕ ਸਾਦਰ ਸਾਰੇ। ਦੋ ਦੇ ਕਰਿ ਬਿਸਰਾਮ ਉਤਾਰੇ।ਜਥਾ ਸ਼ਕਤਿ ਸਭਿ ਸੇਵਾ ਠਾਨੀ। ਲ੍ਯਾਇ ਵਹਿਰ ਤੇ ਨਿਰਮਲ ਪਾਨੀ ॥੪੦॥ ਖਾਨ ਪਾਨ ਨੀਕੇ ਕਰਿਵਾਯੋ। ਸੁਪਤਿ ਜਥਾ ਸੁਖ ਸਮੈ ਬਿਤਾਯੋ । ਨਿਸ ਬਿਸਰਾਮ ਉਠੇ ਲਖਿ ਜਾਮ[2]। ਸੰਗੀ ਸਿਮਰਤਿ ਭੇ ਸਤਿਨਾਮੁ ॥੪੧॥ ਸੌਚ ਸ਼ਨਾਨ ਧਯਾਨ ਕੋ ਲਾਇ।ਉਦੈ ਭਯੋ ਜਬਿਹੂੰ ਦਿਨਰਾਇ।ਤਬਹਿ ਸਿੱਖ ਨਿਜ ਨਿਕਟਿ ਹਕਾਰਾ।ਸ਼੍ਰੇਯ ਹੇਤੁ ਉਪ-

---

[1]ਪਟਵਾਰੀ। [2]ਪਹਿਰ ਰਾਤ (ਰਹਿੰਦੀ) ਜਾਣ ਕੇ।

*ਅਤਿ ਮੂੜ੍ਹ ਚਿਤ ਨੂੰ ਵਿਸ਼੍ਵਾਸ਼ ਦੇ ਘਰ ਵਿਚ ਲਿਆਉਂਣ ਲਈ ਉਸ ਨੂੰ ਅਪਣੀ ਸ਼ਕਤੀ ਦਿਖਾਲੀ ਹੈ । ਮੂੜ ਚਿੱਤ ਸ਼ਕਤੀ ਵੇਖਕੇ ਵਿਸ਼ਵਾਸ਼ ਧਾਰਦਾ ਹੈ। 'ਤਤ ਗਯਾਨ' ਤੋਂ ਪਹਿਲੀ ਮੰਜ਼ਲ ਵਿਸ਼ਵਾਸ਼ ਦੀ ਹੈ । ਯਥਾ–'ਜਾਕੈ ਰਿਦੈ ਬਿਸਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ' ਵਿਸ਼ਵਾਸ਼ ਆ ਗਿਆ ਤੇ ਉਸ ਦੀ ਸ਼੍ਰੇਯ (=ਕਲਯਾਨ) ਲਈ ਉਪਦੇਸ਼ ਕੀਤਾ ਤੇ ਦੁਹਾਂ ਲੋਕਾਂ ਦੇ ਸੁਖ ਦੇ ਰਸਤੇ ਪਾ ਦਿੱਤਾ।

ਦੋਸ਼ ਉਚਾਰਾ॥੪੨॥ 'ਗੈਦਾਧੂਮ[1] ਬੰਸ ਤੇ ਤਜਾਗਹੁ। ਅਤਿ ਗਿਲਾਨ ਇਸ ਤੇ ਧਰਿ ਭਾਗਹੁ। ਸਿਖ ਸੰਤਨਿ ਸੇਵਾ ਮਹਿੰ ਲਾਗਹੁ। ਅਚਹੁ ਵੰਡ ਕਰਿ ਕ੍ਰਿਤਿ ਅਨੁਰਾਗੋ॥੪੩॥ਦੁਹ ਲੋਕਨਿ ਮਹਿੰ ਗੁਰੂ ਸਹਾਇ।ਦੁਖ ਤੇ ਦੇਕਰਿ ਹਾਥ ਬਚਾਇੰ। ਜਾਵਦ[2] ਤਵ ਕੁਲ ਗੈਦਾ ਧੂਮ[1] ਤਜਾਗਹਿੰ, ਕ੍ਰਿਖੀ ਕਰਹਿੰ ਨਿਜ ਭੂਮ॥ ੪੪ ॥ ਵਧਹਿ ਅਧਿਕ ਤੁਮਰੇ ਧਨ ਧਾਨ। ਧਾਮ ਵਿਖੈ ਗੋ ਮਹਿਖ ਮਹਾਨ। ਕਿਸੂ ਵਸਤੁ ਕੀ ਕਮੀ ਨ ਹੋਇ। ਸਭਿ ਸੁਖ ਪਾਇ ਬੰਸ ਮਹਿੰ ਜੋਇ॥ ੪੫॥ ਗੈਦਾਧੂਮ ਕਰਹਿ ਜਬਿ ਪਾਨ। ਤਵ ਕੁਲ ਰੰਕ ਹੋਹਿ ਧਨ ਹਾਨ'। ਸੁਨਿ ਸਤਿਗੁਰ ਕੇ ਪਾਇਨਿ ਪਰਜੋ। ਗੁਰ ਉਪਦੇਸ਼ ਧਰਜੋ ਉਰ ਕਰਜੋ ॥ ੪੬ ॥ ਕਹਿ ਕਵਿ ਸਿੰਘ ਬੰਸ ਤਿਸ ਕੇਰਾ। ਗ੍ਰਾਮ ਬਾਰਨੇ ਮਹਿ ਅਬਿ ਹੇਰਾ। ਜਬਿ ਲੌ ਗੈਦਾਧੂਮ ਨ ਪੀਯੋ।ਤਬਿ ਲੌ ਘਰ ਮਹਿ ਸਭਿ ਕਿਛ ਥੀਯੋ ॥੪੭॥ ਜੋ ਅਬਿ ਅਹੈ, ਕਰਜੋ ਤਿਨ ਪਾਨ[3]। ਭਯੋ ਰੰਕ ਧਨ ਧਾਨ ਸੁ ਹਾਨਿ। ਹਮ ਭੀ ਮਿਲਿ ਤਿਸ ਕੋ ਦੇ ਤ੍ਰਾਸ। ਖਾਨ ਹੇਤੁ ਅੰਨ ਨਹਿੰ ਜਿਸ ਪਾਸ॥੪੮॥ ਗੈਧਾਧੂਮ ਪਿਯਨਿ ਤਜਿਵਾਯੋ। ਖੰਡੇ ਕੋ ਅੰਮ੍ਰਿਤ ਪੀਲਾਯੋ।ਪੁਨ ਕਿਛ ਜਾਨਯੋਂ ਗਯੋ ਨ ਸੋਇ।ਰੰਕ ਰਹਜੋ ਕੈਧੋਂ ਧਨਿ ਹੋਇ॥ ੪੯॥ ਇਮ ਸਤਿਗੁਰ ਕੇ ਅਬਿਲੌ ਬੈਨ। ਬਿਦਤਿ ਅਹੈਂ ਜਗ ਦਿਖੀਅਤਿ ਨੈਨ। ਦਿਨ ਦ੍ਵੈ ਤੀਨ ਕਰਜੋ ਗੁਰ ਡੇਰਾ। ਕਰਿ ਸਿਖ ਕੋ ਕੱਲਯਾਨ ਬਡੇਰਾ* ॥ ੫੦ ॥ ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਬਾਰਨੇ ਗ੍ਰਾਮ' ਪ੍ਰਸੰਗ ਬਰਨਨੰ ਨਾਮ ਚਤਰ ਚੱਤ੍ਵਾਰਿੰਸਤੀ ਅੰਸੂ ॥ ੪੪ ॥

### ੪੫. [ਥਾਨੇਸਰ ਮੇਲੇ ਤੇ। ਬਨੀ ਬੱਦਰ ਪੁਰ]।

ਦੋਹਰਾ ॥ ਗ੍ਰਾਮ ਬਾਰਨੇ ਤੇ ਗੁਰੂ ਕੀਨੋ ਅੱਗ੍ਰ ਪਯਾਨ। ਸੇਤ ਸਜਤਿ ਪੋਸ਼ਿਸ਼ ਮਹਾਂ[4] ਸਤ ਤੁਰੰਗ ਸੁਜਾਨ ॥ ੧॥ ਚੌਪਈ ॥ ਗਰ ਸ਼ਮਸ਼ੇਰ ਦੁਤਿਯ ਦਿਸ਼ਿ ਭਾਥਾ। ਅਧਿਕ ਕਠੋਰ ਸਰਾਸਨ[5] ਹਾਥਾ॥ਸਭਿ ਸਮਾਜ ਯੁਤਿ ਪੰਥ ਪਧਾਰੇ। ਨਗਰ 'ਥਨੇਸਰ' ਆਇ ਅਗਾਰੇ ॥੨॥ ਖਸ਼ਟ ਕੋਸ ਥੋ ਮਗ ਉਲੰਘਾਏ। ਦੇਖਯੋ ਤੀਰਥ ਜਹਿੰ ਸਮੁਦਾਇ। ਸੂਰਜ ਗ੍ਰਹਣ ਜਾਨਿ ਕਰਿ ਮੇਲਾ। ਚਹੁੰ-ਦਿਸ਼ਿ ਤੇ ਨਰ ਭਯੋ ਸਕੇਲਾ ॥ ੩॥ ਭੀਰ ਨਰਨਿ ਕੀ ਘਨੀ ਸੁ ਆਵਤਿ। ਜਹਿੰ ਕਹਿੰ ਨਰ ਡੇਰਾ ਨਿਜ ਪਾਵਤਿ।ਪਹੁੰਚੇ ਸਤਿਗੁਰੁ ਪਿਖਹਿੰ ਸੁ ਥਾਨ। ਹਿਤ ਉਤਰਨਿ ਕੇ ਕਰਨਿ ਸ਼ਨਾਨ॥੪॥ਪੁਰਿ ਤੇ ਉੱਤਰ ਕੀ ਦਿਸ਼ਿ ਗਏ।

[1]ਤੰਬਾਕੂ। [2]ਜਦ ਤਕ। [3]ਜੋ ਹੁਣ ਹੈ ਤਿਸ ਨੇ ਪੀਤਾ ਸੀ। [4]ਚਿੱਟੀ ਬਹੁਤ ਸ਼ੋਭਦੀ ਹੈ ਪੋਸ਼ਾਕ। [5]ਧਨੁਖ।

*ਸਾਖੀ ਪੋਥੀ ਵਿਚ ਕਰਾਮਾਤ ਵੇਖਕੇ ਕਾਛੂ ਬੀ ਸਿੱਖ ਹੋਗਿਆ ਲਿਖਿਆ ਹੈ।

ਰਮਣ[1] ਸਥਾਨ ਬਿਲੋਕਤਿ ਭਏ। ਸੁੰਦਰ ਸਾਰਸੁਤੀ ਬਰ ਸਲਿਤਾ। ਪਾਵਨ ਜਲ ਕਬਿ ਕਬਿ ਸ਼ੁਭ ਚਲਤਾ ॥ ੫ ॥ ਤਿਹ ਸਥਾਨ ਤੀਰਥ ਅਭਿਰਾਮ। ਬਿਦਤ ਜਗਤ ਮਹਿਂ ਲਖੀਯਤਿ ਨਾਮ।ਤਿਸ ਕੇ ਤੀਰ ਉਤਰਿ ਥਲ ਟੋਰ। ਧਰ ਪਰ ਖਰੇ ਭਏ ਤਜਿ ਘੋਰਾ ॥ ੬ ॥ ਤੀਰ ਤੀਰ ਤੀਰਥ ਗਨ ਜਾਨੇ। ਸ਼੍ਰੀ ਗੁਰਦੇਵ ਹੇਰਿ ਹਰਖਾਨੇ। ਸਭਿ ਨਰ ਆਏ ਸਿਵਰ ਲਗਾਯੋ। ਤ੍ਰਿਣ ਐਨਾਦਿਕ ਤਬਹਿ ਮੰਗਾਯੋ॥ ੭ ॥ ਨਿਸਾ ਬਾਸ ਕੋ ਸਤਿਗੁਰੁ ਕਰਿਕੈ। ਰਹੀ ਜਾਮ ਜਾਗ੍ਰਤ ਕੋ ਧਰਿ ਕੈ। ਸੌਚ ਸ਼ਨਾਨ ਕੀਨਿ ਪੁਨ ਧਯਾਨੂ। ਬੈਠੇ ਰਹੇ ਉਦਯੋ ਪੁਨ ਭਾਨੂ ॥੮॥ਸੁਧਿ ਮੇਲੇ ਮਹਿਂ ਜਹਿਂ ਕਹਿਂ ਹੋਈ। ਦੇਖਨਿ ਕਾਰਨ ਚਹਿਂ ਚਿਤ ਸੋਈ। ਆਇ ਬਿਲੋਕਤਿ ਪਾਵਨ ਦਰਸ਼ਨ। ਸੀਸ ਨਿਵਾਇ ਕਰਹਿਂ ਪਗ ਪਰਸਨ ॥ ੯ ॥ ਕਹੈਂ 'ਭਏ ਦ੍ਵੈ ਕਾਜ ਭਲੇਰੇ। ਮੱਜਨ ਕਰਨਿ ਅਪਰ ਗੁਰੁ ਹੇਰੇ'। ਜਯੋਂ ਜਯੋਂ ਸੁਨਹਿਂ ਸਿੱਖਯ ਬਿਚ ਮੇਲੇ। ਤਯੋਂ ਤਯੋਂ ਆਵਤਿ ਬ੍ਰਿੰਦ ਸਕੇਲੇ ॥੧੦॥ਬੰਦਨ ਕਰਹਿਂ ਚਹੂੰ ਦਿਸ਼ਿ ਖਰੇ। ਬੈਠੇ ਬ੍ਰਿੰਦ ਸਭਾ ਕੋ ਭਰੇ। ਜਿਸ ਦਿਸ਼ਿ ਪ੍ਰੇਰਤਿ ਦ੍ਰਿਸ਼ਟਿ ਗੁਸਾਈਂ।ਅਨਿਕ ਨਰਨਿ ਪਰ ਸਹਿਜ ਸੁਭਾਈ ॥ ੧੧ ॥ ਤਿਸ ਦਿਸ਼ਿ ਨੰਮ੍ਰਿ ਸੀਸ ਗਨ ਹੋਵੈਂ। ਭਰੇ ਪ੍ਰੇਮ ਠਾਂਢੇ ਸਭਿ ਜੋਵੈਂ। ਗੁਰੁ ਕੋ ਫੈਲਯੋ ਸੁਜਸੁ ਵਿਸ਼ੇਖਾ।ਸੁਨਿ ਕਿਨ ਰੂਪ ਪ੍ਰਥਮ ਹੀ ਦੇਖਾ ॥ ੧੨ ॥ ਬੂਝਹਿਂ ਭਨਹਿਂ ਪਰਸਪਰ ਕੋਈ। 'ਸ਼੍ਰੀ ਨਾਨਕ ਗਾਦੀ ਪਰ ਏਈ[2]। ਸਕਲ ਕਲਾ ਸਮਰਥ ਗੁਰਦੇਵ। ਰੀਝਹਿਂ ਹੇਰਿ ਪ੍ਰੇਮ ਕੀ ਸੇਵ ॥੧੩॥ ਕਰਹਿਂ ਨਿਹਾਲ ਸ਼ਕਤਿ ਕੇ ਦਾਨੀ। ਦੁਹੂੰ ਲੋਕ ਮਹਿਂ ਸੰਕਟ ਹਾਨੀ'। ਇੱਤਯਾਦਿਕ ਮਹਿੰਮਾ ਕਹੁ ਕਹੇਂ।ਇਕ ਆਵਤਿ ਇਕ ਜਾਵਤਿ ਲਹੇ ॥ ੧੪ ॥ ਇਸ ਬਿਧਿ ਦੇ ਦਰਸ਼ਨ ਗੁਰੁ ਧੀਰ। ਭਰੀ ਰਹੈ ਸਭਿ ਬਾਸੁਰ ਭੀਰ। ਕੇਤਿਕ ਸੰਤ ਸਕਲ ਮਤ ਕੇਰੇ। ਮਿਲਹਿਂ ਬਿਠਾਵਹਿਂ ਤਿਨ ਕਉ ਨੇਰੇ ॥੧੫॥ ਸ਼ੁਭ ਸੰਬਾਦ ਸ਼ਾਂਤਕੀ ਕਰੈਂ। ਜਿਸ ਤੇ ਸ਼੍ਰੀ ਪ੍ਰਭੁ ਕਰੁਨਾ ਢਰੈਂ। ਸੁਨਿ ਸੁਨਿ 'ਧੰਨ ਧੰਨ' ਕਹਿ ਜਾਤਿ। ਕਰੈਂ ਸਰਾਹਨਿ ਕੀ ਬਹੁ ਬਾਤ ॥੧੬॥ ਕੇਤਿਕ ਸਾਧ ਨੰਮ੍ਰਿਤਾ ਧਰੈਂ। ਸ਼੍ਰੀ ਗੁਰ ਸਾਥ ਬੂਝਿਬੋ ਕਰੈਂ।'ਪ੍ਰਭੁ ਜੀ! ਇਹ ਮੇਲਾ ਕਰਿ ਆਛੇ।ਬਹੁਰ ਗਮਨ ਕੋ ਕਿਤ ਦਿਸ਼ਿ ਬਾਂਛੇ? ॥ ੧੭ ॥ ਮੱਦ੍ਰ ਦੇਸ਼ ਕੋ ਕਰਹੁ ਪਯਾਨਾ ?। ਕੈਧੋਂ ਆਨ ਥਾਨ ਕੋ ਜਾਨਾ ?'।ਸੁਨਿ ਸ਼੍ਰੀ ਤੇਗ ਬਹਾਦਰ ਭਾਖਾ।'ਤੀਰਥ ਕਰਿਬੇ

[1]ਸੁਹਣਾ। [2]ਏਹੀ ਹਨ।

ਕੀ ਅਭਿਲਾਖਾ॥੧੮॥ਪੂਰਬ ਦਿਸ਼ਾ ਪੁੰਜ ਥਲ ਪਾਵਨ ।ਕਰਹਿਂ ਅਨੇਕਨਿ ਮਹਿਂ ਬਰ ਨ੍ਹਾਵਨ। ਬ੍ਰਹਮਪੁੱਤ੍ਰ ਲੌ ਤੀਰਥ ਘਨੇ। ਸਨੇ ਸਨੇ ਕਰਿਹਹਿਂ ਸੁਖ ਸਨੇ ॥ ੧੯ ॥ ਜਮਨਾ, ਸੁਰਸਰਿ ਪੁਨ ਪਰਯਾਗ। ਆਦਿ ਗਯਾ ਸਿਨ ਤੇ ਅਘ ਭਾਗ*°। ਇਮ ਸਤਿਗੁਰੁ ਤੇ ਸੁਨਿ ਹਰਖਾਏ। ਕਹੈਂ 'ਸਾਥ ਹਮ ਉੱਤਮ ਪਾਏ ॥ ੨੦ ॥ ਨਿਤ ਰਾਵਰ ਕੋ ਦਰਸ਼ਨ ਦਰਸੈਂ। ਪਾਵਨ ਤੀਰਥ ਬ੍ਰਿੰਦਨਿ ਪਰਸੈਂ। ਦੇਸ਼ ਅਨੇਕਨਿ ਕੀ ਕਰਿ ਸੈਲ। ਰਹੈਂ ਸੁਖਾਲੇ ਤੁਮਰੇ ਗੈਲ' ॥ ੨੧ ॥–ਤੀਰਥ ਜਾਤ੍ਰਾ ਕੋ ਗੁਰੁ ਜਾਹਿਂ–। ਬਿਦਤ ਭਈ ਸਭਿ ਸਾਧਨਿ ਮਾਂਹਿ। ਮੁਦਿਤ ਹੋਇ ਕਰਿ ਰਿਦੇ ਘਨੇਰੇ। ਆਨਿ ਮਿਲੇ ਸਤਿਗੁਰੁ ਕੇ ਡੇਰੇ॥ ੨੨ ॥ ਇਕ ਦੁਇ ਦਿਨ ਬੀਤੇ ਇਸ ਭਾਇ। ਸਮਾ ਗ੍ਰਹਨ ਕੋ ਪਹੁੰਚਯੋ ਆਇ। ਪਾਵਨ ਜਲ ਮੱਜੇ ਤਿਸ ਬੇਰੇ।ਦਯੋ ਦਿਜਨਿ ਕੋ ਦਾਨ ਘਨੇਰੇ ॥ ੨੩ ॥ ਜੋ ਜੋ ਦਿਜ ਗੁਰ ਢਿਗ ਜਬਿ ਆਯੋ।ਪਾਇ ਦਾਨ ਦਾਰਿੱਦ੍ਰ ਗਵਾਯੋ । ਆਸ਼ਿਖ ਦੇਤਿ ਮੁਦਿਤ ਮਨ ਹੋਇ । ਕਹਤਿ ਰਹੇ ਕੀਰਤਿ ਬਰ ਸੋਇ॥ ੨੪ ॥ ਰਵਿ ਨਿਰਮਲ ਤੇ° ਬਹੁਰ ਸ਼ਨਾਨੇ†।ਹੁਤੋ ਜੁ ਪਾਸ ਦੀਨਿ ਸਭਿ ਦਾਨੇ। ਪੁਨ ਡੇਰੇ ਮਹਿਂ ਆਨਿ ਗੁਸਾਈਂ। ਖਾਨ ਪਾਨ ਸ਼ੁਭ ਕੀਨਿ ਬਨਾਈ ॥ ੨੫ ॥ ਨਿਸਾ ਬਾਸ ਕਰਿ ਪ੍ਰਾਤਿ ਬਹੋਰੀ। ਗਨ ਤੀਰਥ ਮੱਜੇ ਸਭਿ ਠੌਰੀ†। ਇਕ ਦੁਇ ਦਿਨ ਬਸਿ ਬਹੁਰ ਬਿਤਾਇ।ਪੁਨ ਸਤਿਗੁਰ ਤਯਾਰੀ ਕਰਿਵਾਏ॥ ੨੬ ॥ ਕੇਤਿਕ ਸਿੱਖ ਮਿਲੇ ਸੰਗ ਆਇ।

---

°ਭਾਵ ਗ੍ਰਹਣ ਹਟ ਜਾਣ ਤੇ।

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੱਸਿਆ ਹੈ ਕਿ ਤੀਰਥ ਸਾਧੂ ਦੀ ਧੂੜ ਮੰਗਦੇ ਹਨ ਯਥਾ:–'ਗੰਗਾ ਜਮਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ। [ਮਲਾਰ ਮ: ੪]' ਸੋ ਸਾਧੂਆਂ ਦੇ ਸਿਰ ਸਾਧੂ ਗੁਰੂ ਸਾਹਿਬ ਜੀ ਤੀਰਥਾਂ ਨੂੰ ਸਫਲ ਕਰਨ ਚੱਲੇ ਹਨ ਸੰਗਤਾਂ। ਨੂੰ ਤਾਰਨ ਚਲੇ ਹਨ, ਦੇਖੋ ਇਸੇ ਰਾਸ ਦਾ ਅੰਸੂ ੪੮ ਅੰਕ ੨੬ । ਇਹ ਸਮਝਣਾ ਕਿ ਅਪਣੀ ਕੱਲਯਾਨ ਅਰਥ ਚੱਲੇ ਹਨ ਗੁਰੂਗ੍ਰੰਥ ਸਾਹਿਬ ਜੀ ਦੇ ਆਸ਼ਯ ਦੇ ਵਿਰੁੱਧ ਹੈ। ਯਥਾ:–'ਅਠਿ ਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ।' [ਮਾਝ ਵਾਰ]। ਕਵੀ ਜੀ ਆਪ ਇਸੇ ਅੰਸੂ ਦੇ ਅੰਤ ਵਿਚ ਆਖਦੇ ਹਨ:–'ਤੀਰਥ ਮੱਜਨ ਕੀਨਿ ਬਹਾਨਾ। ਚਹੈਂ ਕਰਨ ਸਿੱਖਨ ਕੱਲਯਾਨਾ।' ਦੇਖੋ ਅੰਕ ੫੨।

†ਕੁਰਛੇਤ੍ਰ ਪਰ ਗ੍ਰਹਿਣ ਸਮੇਂ ਜੋ ਵਤੀਰਾ ਗੁਰੂ ਨਾਨਕ ਦੇਵ ਜੀ ਦਾ ਸੀ ਸੋਈ ਨਾਵੇਂ ਜਾਮੇ ਦਾ ਸੀ, ਉਸਤੋਂ ਵਿਲੱਖਣ ਸਮਝਣਾ ਗੁਰੂ ਜੋਤਿ ਦੀ ਮ੍ਰਿਯਾਦਾ ਨੂੰ ਨਾ ਸਮਝ ਸਕਣਾ ਹੋਵੇਗਾ।

ਅਧਿਕ ਲਾਭ ਕੋ ਉਰ ਲਖਿ ਪਾਇ। ਗੁਰੁ ਦਰਸ਼ਨ ਅਰੁ ਤੀਰਥ ਨ੍ਹਾਨ। ਇਸ ਤੇ ਅਪਰ ਨ ਬਡ ਕੱਲਯਾਨ ॥ ੨੭॥ ਕਿਤਿਕ ਤੁਰੰਗਨਿ ਪਰ ਚਢਿ ਆਏ। ਇਮ ਨਰ ਭਏ ਆਨਿ ਸਮੁਦਾਏ। ਚਢੇ ਥਨੇਸਰ ਤੇ ਗੁਰੁ ਪੂਰੇ। ਮਨ ਬਾਂਛਤਿ ਪਹੁੰਚਨਿ ਕੋ ਦੂਰੇ ॥੨੮॥ ਕੋਸ ਇਕਾਦਸ਼ ਕੀਨਿ ਪਯਾਨਾ। 'ਬਨੀ ਬਦਰਪੁਰ'[1] ਏਕ ਸਥਾਨਾ। ਤਹਾਂ ਜਾਇ ਕਰਿ ਕੀਨਸਿ ਡੇਰਾ। ਗੁਰਦ੍ਵਾਰਾ ਤਹਿੰ ਅਬਿ ਹਮ ਹੇਰਾ ॥ ੨੯॥ ਪਹੁੰਚੇ ਨਰ ਸੰਗੀ ਸਮੁਦਾਇ। ਖਾਨ ਪਾਨ ਕੋ ਕੀਨਿ ਬਨਾਇ। ਨਿਸ ਬਿਤਾਇ ਪੁਨ ਕਰਯੋ ਮੁਕਾਮ[2]। ਸਭਿ ਸੰਗੀ ਸਿਮਰਤਿ ਸਤਿਨਾਮ ॥ ੩੦ ॥ ਸੰਗਤਿ ਕਿਤਿਕ ਕਿਤਹੁੰ ਤੇ ਆਈ।ਦਰਬ ਉਪਾਇਨ ਕੋ ਬਹੁ ਲਯਾਈ। ਕਿਤਿਕ ਮਸੰਦਨ ਸੁਨਿ ਸੁਧਿ ਆਏ। ਦੀਰਘ ਮਜਲ ਕਰਤਿ ਉਤਲਾਏ ॥ ੩੧॥ ਆਇ ਮਿਲੇ ਦਰਸ਼ਨ ਕੋ ਹੇਰਾ।ਅਰਪਯੋ ਲੇ ਕਰਿ ਦਰਬ ਘਨੇਰਾ।ਜਥਾ ਜੋਗ ਸ਼੍ਰੀ ਤੇਗਬਹਾਦਰ। ਸਿਰੋਪਾਉ ਬਖਸ਼ੇ ਤਿਨ ਸਾਦਰ ॥੩੨॥ ਜੋ ਜਿਸ ਦੇਸ਼ ਹੁਤੇ ਥਿਤਿ ਆਗੇ। ਤਿਹ ਪੁਨ ਪਠੇ ਗੁਰੂ ਪਗ ਲਾਗੇ। ਗਏ ਸੰਗਤਾਂ ਤੇ ਧਨ ਲੇਤੇ। ਕਬਹਿ ਕਬਹਿ ਸ਼੍ਰੀ ਪ੍ਰਭੁ ਕੌ ਦੇਤੇ ॥ ੩੩ ॥ ਬਦਰਾ[3] ਭਰਯੋ ਦਰਬ ਕੋ ਹੇਰਾ। ਕਰੈ ਜੁ ਰਾਹਕ ਨਿਕਟਿ ਬਸੇਰਾ। ਤਿਨਹੁੰ ਬੁਲਾਇ ਦਿਯੋ ਧਨ ਸਾਰਾ। ਕਹਯੋ 'ਕੀਜੀਅਹਿ ਇਹ ਉਪਕਾਰਾ ॥ ੩੪॥ ਇਹਾਂ ਬ੍ਰਿੱਛ ਅਰੁ ਕੂਪ ਲਗਾਵਹੁ। ਸਦਾਬਰਤ ਛੁਧਿਤਨਿ ਮੁਖ ਪਾਵਹੁ। ਕਰਹੁ ਨ ਲੋਭ ਖਰਚ ਦਿਹੁ ਸਾਰੋ। ਤੁਮ ਸੁਖ ਪਾਵਹੁ ਜਨਮ ਸੁਧਾਰੋ' ॥ ੩੫॥ ਤਿਨਹੁੰ ਜੋਰਿ ਕਰ ਬਦਰਾ ਧਨ ਕੋ। ਲੀਨੋ ਪ੍ਰੇਮ ਕਰਯੋ ਬਹੁ ਮਨ ਕੋ। ਬਦਰਾ ਲੈਬੇ ਤੇ ਤਿਸ ਨਾਮ। ਬਨੀ ਬਦਰਪੁਰ* ਭਾ ਅਭਿਰਾਮ ॥੩੬॥ ਬ੍ਰਿੱਛ ਸੰਘਨੇ ਅਬਿ ਲੌ ਖਰੇ। ਗੁਰਦ੍ਵਾਰੋ ਤਹਿੰ ਚਿਨਿਬੋ ਕਰੇ। ਇਸ ਪ੍ਰਕਾਰ ਸਤਿਗੁਰੁ ਦਿਨ ਦੋਇ। ਕਰਯੋ ਮੁਕਾਮ ਦਿਯੋ ਧਨ ਸੋਇ ॥ ੩੭॥ ਬਹੁਰ ਕੂਚ ਕਰਿ ਸ਼੍ਰੀ ਗੁਰੁ ਪਯਾਨੇ। ਬ੍ਰਿੰਦ ਭਏ ਨਰ ਸੰਗ ਸੁਜਾਨੇ।ਚਲੇ ਅਨੰਦਤਿ ਰਿਦੇ ਮਝਾਰੀ। ਗੁਰ ਆਗੇ ਸਭਿ ਹੋਤਿ ਪਿਛਾਰੀ ॥ ੩੮ ॥ ਸਨੇ ਸਨੇ ਜਿਮ ਸਭਿ ਸੁਖ ਪਾਵੈਂ। ਸ਼੍ਰਮਤ ਹੋਇ ਨਹਿੰ ਤਥਾ ਸਿਧਾਵੈਂ। ਤਹਿੰ ਤ ਮੰਜ਼ਲ ਕਰੀ ਲਘੁ ਤੈਸੇ। ਜਿਸ ਤੇ ਥਕਤਿ ਨ

[1]ਨਾਮ ਪਿੰਡ ਦਾ। [2]ਟਿਕਾਉ। [3]ਥੈਲੀ [ਅ:, ਬਦਰਹ=ਚਮੜੇ ਦੀ ਥੈਲੀ ਜਿਸ ਵਿੱਚ ਮੁਹਰਾਂ ਤੇ ਦੀਨਾਰ ਰੱਖਦੇ ਹਨ, ਇਕ ਹਜ਼ਾਰ, ਦਸ ਹਜ਼ਾਰ ਯਾ ਸੱਤ ਹਜ਼ਾਰ ਦਿਰਮ ਯਾ ਦੀਨਾਰ ਜਿਸ ਵਿਚ ਪੈ ਜਾਣ]। *ਏਥੇ ਗੁਰਦੁਆਰਾ ਹੈ।

ਹੁਇ ਨਰ ਕੈਸੇ ॥ ੩੯ ॥ ਤਹਾਂ ਬਾਸ ਕਰਿ ਨਿਸਾ ਬਿਤਾਈ। ਸਭਿ ਕੀ ਸੁਧਿ ਕੋ ਲੇਹਿਂ ਗੁਸਾਈਂ । ਬਾਂਛਿਤਿ ਵਸਤੁ ਬੂਝਿ ਕਰਿ ਦੇਤਿ। ਬਸਤ੍ਰ ਅੰਨ ਆਦਿਕ ਸਭਿ ਲੇਤਿ॥ ੪੦ ॥ ਸੁਖ ਕੇ ਸਾਥ ਸਾਥ ਕੋ ਰਾਖੇ । ਥੁਰਜੋ ਨ ਕ਼ਹੇ ਲੇਹਿਂ ਜੋ ਕਾਂਖੇ। ਨ੍ਰਿਭੈ ਸਭਿਨਿ ਤੇ ਬਿਘਨ ਨ ਕੋਈ। ਸ੍ਵਾਮੀ ਸਮਰਥ ਕੇ ਸੰਗ ਹੋਈ ॥੪੧॥ ਤਹਿਂ ਤੇ ਚਢਿ ਸਤਿਗੁਰੂ ਸਿਧਾਰੇ। ਗ੍ਰਾਮ 'ਸੁਢੇਲ' ਸੁ ਜਾਇ ਨਿਹਾਰੇ । ਤਿਸ ਕੇ ਵਹਿਰ ਬ੍ਰਿੱਛ ਸ਼ੁਭ ਖਰੇ। ਸੋ ਥਲ ਹੇਰਿ ਉਤਰਿ ਸਭਿ ਪਰੇ ॥੪੨॥ ਸੇਵਕ ਸਿੱਖਜ ਮਿਲੇ ਗਨ ਜਬਿ ਕੇ। ਨਹੀਂ ਗ੍ਰਾਮ ਮਹਿਂ ਉਤਰੇ ਤਬਿਕੇ। ਡੇਰਾ ਵਹਿਰ ਕਰਹਿਂ ਲਖਿ ਗ੍ਰਾਮ। ਛੋਟੀ ਮਜਲ ਕਰਹਿਂ ਬਿਸਰਾਮ॥ ੪੩ ॥ ਬਹੁਰ ਮੁਕਾਮ ਨ ਕੀਨਸਿ ਕੋਈ। ਦਿਨ ਪ੍ਰਤਿ ਚਲਿਬੇ ਬਾਂਛਾ ਹੋਈ। ਖਾਨ ਪਾਨ ਸਭਿਹਿਨਿ ਤਹਿਂ ਕਰੇ । ਸੁਪਤਿ ਜਥਾ ਸੁਖ ਸ਼੍ਰਮ ਪਰਹਰੇ ॥ ੪੪ ॥ ਭਈ ਭੋਰ ਪੁਨ ਕੀਨਿ ਪਯਾਨਾ । ਤਯਾਗਯੋ ਗ੍ਰਾਮ ਸੁਢੇਲ ਸਥਾਨਾ। ਕੋਸ ਦਸਕ ਪਰ ਜਮਨਾ ਸਲਿਤਾ। ਜਿਸ ਜਲ ਸੁੰਦਰ ਸ਼ਯਾਮਲ ਚਲਤਾ ॥ ੪੫ ॥ ਤਿਸ ਕੇ ਤੀਰ ਉਤਰਿ ਗੁਰੁ ਖਰੇ।ਸਕਲ ਨਰਨਿ ਕੋ ਮੇਲਨਿ ਕਰੇ। ਸ਼ਸਤ੍ਰ ਸੁ ਬਸਤ੍ਰ ਸਰੀਰ ਉਤਾਰਿ । ਕਰਯੋ ਸ਼ਨਾਨ ਸੁ ਪਾਵਨ ਬਾਰਿ ॥ ੪੬ ॥ ਬਿੱਪ੍ਰ ਬਿਲੋਕਤਿ ਗ੍ਰਾਮਨਿ ਕੇਰੇ। ਜਾਨਿ ਬਿਦੇਸ਼ੀ ਪਹੁੰਚੇ ਨੇਰੇ। ਦੇਖਿ ਤਿਨਹੁਂ ਗੁਰੁ ਦੀਨੋ ਦਾਨ । ਲੇਕਰਿ ਮੁਦਿਤ ਅਸੀਸ ਬਖਾਨਿ ॥ ੪੭ ॥ ਮਿਲੇ ਬ੍ਰਿੰਦ ਕੋ ਗਯੋ ਨ ਖਾਲੀ। ਕਰਤੇ ਕੀਰਤਿ ਗਏ ਬਿਸਾਲੀ । ਪੁਨ ਕਹਿ ਕਰਿ ਤਰਨੀ ਮੰਗਵਾਈ । ਸਹਿਤ ਸਮਾਜ ਚਢੇ ਗੋਸਾਈਂ ॥੪੮॥[1]ਤਰਨਿ ਤਨੂਜਾ ਕੋ ਤਰ ਤੀਰ । ਥਿਰੇ ਜਾਇ[2]ਸਤਿ-ਗੁਰੂ ਰੰਭੀਰ। ਸਨੈਦਨ ਡੇਰਾ ਨਰ ਸਮੁਦਾਏ। ਜਬਿ ਸਭਿ ਪਾਰ ਉਤਰ ਕਰਿ ਆਏ ॥੪੯॥ ਤਹਿਂ ਤੇ ਚਢਿ ਆਗੇ ਗੁਰ ਗਏ। ਗ੍ਰਾਮ ਸਮੀਪ ਸਿਵਰ ਕੋ ਕਏ। ਨਿਸ ਬਿਸਰਾਮ ਖਾਨ ਅਰੁ ਪਾਨ। ਕਰਤਿ ਭਏ ਨਿਜ ਸ਼੍ਰਮ ਕੋ ਹਾਨਿ॥੫੦॥ਦਿਨ ਪ੍ਰਤਿ ਸਤਿਗੁਰੁ ਇਸੀ ਪ੍ਰਕਾਰਾ। ਗਮਨੇ ਜਾਤਿ ਸੁ ਪੰਥ ਮਝਾਰਾ। ਦਸ਼, ਇਕਦਸ਼ ਕੈ ਦ੍ਵਾਦਸ਼ ਕੋਸ।ਡੇਰਾ ਕਰਤਿ ਜਾਤਿ ਹਤਿਦੋਸ਼[2] ॥੫੧॥ ਪੂਰਬ ਕੋ ਮੁਖ ਕਰਿ ਗਮਨੰਤੇ। ਦੀਰਘ ਮਗ ਸੁਖ ਸੰਗ ਚਲੰਤੇ। ਤੀਰਥ ਮੱਜਨ ਕੀਨਿ ਬਹਾਨਾ। ਚਹੈਂ ਕਰਨਿ ਸਿੱਖਨਿ ਕੱਲਯਾਨਾ ॥੫੨॥

[1](ਸੂਰਜ ਦੀ ਪੁਤ੍ਰੀ) ਜਮਨਾ ਨੂੰ ਤਰਕੇ(ਦੂਜੇ)ਕੰਢੇ ਜਾ ਖੜੋਤੇ। [2]ਦੋਖਾਂ ਦੇ ਵਿਨਾਸ਼ਕ (ਗੁਰੂ ਜੀ)।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ੍ਰੀ ਗੁਰੂ ਪੰਥ ਗਮਨ' ਪ੍ਰਸੰਗ ਬਰਨਨ ਨਾਮ ਪੰਚ ਚਤ੍ਵਾਰਿੰਸਤੀ ਅੰਸੂ ॥ ੪੫ ॥

## ੪੬. [ਪੂਰਬ ਦੀ ਸੰਗਤ ਦੀ ਸਿੱਕ]।

ਦੋਹਰਾ ॥ ਪੂਰਬ ਦਿਸ਼ਿ ਸਿੱਖੀ ਬਹੁਤ ਬ੍ਰਿੰਦ ਸਿੱਖਯ ਸ਼ਰਧਾਲੁ। ਪੰਥ ਦੂਰ ਬਨਹਿ ਨ ਮਿਲਨਿ[1] ਦਰਸ਼ਨ ਚਾਹਿ ਬਿਸਾਲ॥੧॥ ਚੌਪਈ॥ ਮਿਲਹਿ ਪਰਸਪਰ ਸ਼ਬਦਨਿ ਗਾਵੈਂ। ਸਿਮਰਹਿੰ ਸੱਤਿਨਾਮ ਗੁਰੁ ਧਯਾਵੈਂ। ਚਰਨ ਕਮਲ ਸੋਂ ਪ੍ਰੇਮ ਲਗਾਵੈਂ।-ਕਬਿ ਕਰੁਨਾਕਰਿ ਆਨਿ ਦਿਖਾਵੈਂ[2]॥੨॥ਪੂਰਹਿੰ ਕਬਹਿ ਆਨ ਕਰਿ ਆਸਾ। ਜਿਮ ਘਨ ਚਾਤ੍ਰਿਕ ਹਰਹਿ ਪਿਪਾਸਾ। ਕਬਿ ਸੂਰਜ ਸਮ ਉਦਹਿ ਕ੍ਰਿਪਾਲਾ। ਬਿਕਸਾਵਹਿੰ ਦ੍ਰਿਗ ਕਮਲ ਬਿਸਾਲਾ ॥੩॥ ਕਬਿ ਰਾਂਕਾਪਤਿ ਬਦਨ[3] ਦਿਖਾਵੈਂ। ਬ੍ਰਿੰਦ ਚਕੋਰਨਿ ਸਿਖ ਹਰਖਾਵੈਂ। ਦਾਸ ਤ੍ਰਿਖਾਤੁਰ ਲਖਿ ਸਮੁਦਾਇ। ਕਬਹੁੰ ਸੁਧਾ ਸਮ ਬਾਕ ਸੁਨਾਇ ॥੪॥ ਇਹੀ ਕਾਮਨਾ ਅਹੇ ਹਮਾਰੀ।ਸਦਨ ਬਿਖੈ ਸਤਿਗੁਰੂ ਨਿਹਾਰੀ[4]।ਸਰਬ ਭਾਂਤਿ ਕੀ ਸੇਵਾ ਕਰੈਂ।ਜਨਮ ਮਰਨਕੇ ਕਲਮਲ ਟਰੈਂ-॥੫॥ਇਮ ਅਭਿਲਾਖਾ ਠਾਨਿ ਬਿਸਾਲਾ। ਕਰੀ ਪ੍ਰਤੱਗਜ਼ਾ ਨਿਜ ਨਿਜ ਸ਼ਾਲਾ[5]। ਕਿਨਹੂੰ ਰੁਚਿਰ ਪ੍ਰਯੰਕ ਬਨਾਯੋ। ਬਹੁਤ ਦਰਬ ਤਿਸ ਪਰ ਲਗਵਾਯੋ ॥੬॥ ਸੂਖਮ ਸੂਤ ਸਾਥ ਬੁਨਵਾਇਵ। ਆਸਤਰਨ ਲੇ ਬਿਸਦ ਡਸਾਇਵ। ਰੇਸ਼ਮ ਕੀ ਡੋਰੈਂ ਗੁੰਦਵਾਇਵ।ਜ਼ਰੀਦਾਰ ਗੁੰਫੇ ਲਰਕਾਇਵ॥੭॥ ਅਨਿਕ ਰੰਗ ਕੇ ਚਿੱਤ੍ਰਤਿ ਪਾਵੈ*।ਕਰਿ ਤਯਾਰ ਇਮ ਸਦਨ ਟਿਕਾਵੈਂ†।ਸਿੱਖਨਿਗਨ ਮਹਿ ਚੰਰਨ[6] ਅਲਾਵਹਿ। 'ਇਸ ਪਰ ਸ੍ਰੀ ਗੁਰ ਕੌ ਪੌਢਾਵਹਿ' ॥ ੮ ॥ ਪੂਜਾ ਕਰਹਿੰ ਨਿਤਾਪ੍ਰਤਿ ਤਾਂਹੀ[7]। ਧੂਪ ਦੀਪ ਚੰਦਨ ਚਰਚਾਹੀਂ। ਧਰਹਿ ਧਯਾਨ ਜਨੁ ਸਤਿਗੁਰੁ ਬੈਸੇ। ਭ੍ਰਮ ਤੇ ਮਾਨਿ ਲੇਤਿ ਕਬਿ ਐਸੇ[8]॥੯॥ਕਿਤਿਕ ਪ੍ਰੇਮ ਕਰਿ ਬਸਤ੍ਰ ਮਹੀਨ। ਬਹੁ ਧਨ ਖਰਚ ਮੋਲ ਕੋ ਲੀਨਿ। ਗਰ ਜਾਮੇ ਕੋ ਬਡੋ ਸਿਵਾਵੈਂ। ਲੇ ਬਿਸਾਲ ਚਾਦਰ ਕਰਿਵਾਵੈਂ ॥੧੦॥ ਧਨ ਕੋ ਖਰਚਹਿੰ ਹਿਤ ਦਸਤਾਰ।ਗੁਰੁ ਕੇ ਕਾਰਨ ਧਰਹਿ ਸੁਧਾਰਿ।ਪੁਸ਼ਪ ਧੂਪ ਚੰਦਨ ਚਰਚਾਇ।

---

[1]ਦੂਰ ਪੈਂਡਾ ਹੋਣ ਕਰਕੇ ਮਿਲਨ ਦਾ(ਨਮਿੱਤ) ਨਹੀਂ ਸੀ ਬਣਦਾ। [2](ਦਰਸ਼ਨ ਦਿਖਾਉਣਗੇ। [3]ਪੂੰਨਿਆਂ ਦੇ ਚੰਦ ਵਰਗਾ ਮੁਖੜਾ। [4]......ਦੇ ਦਰਸ਼ਨ ਕਰੀਏ। [5]ਆਪੋ ਆਪਣੇ ਘਰ। [6]ਪ੍ਰਣ, ਪ੍ਰਤੱਗਜਾ। [7]ਤਿਸ ਪਲੰਘ ਦੀ। [8]ਕਦੇ ਇਸ ਤਰ੍ਹਾਂ (ਪਲੰਘ ਤੇ ਬਿਰਾਜੇ) ਸਤਿਗੁਰ ਖਿਆਲ ਵਿਚ ਮੰਨ ਲੈਂਦੇ ਹਨ। *ਪਾ:-ਪਾਏ। †ਪਾ:-ਟਿਕਾਏ।

ਪੂਜ ਪੂਜ ਕਰਿ ਸਦਨ ਟਿਕਾਇ ॥ ੧੧ ॥ ਗਨ ਮਹਿ ਬੈਠਹਿ ਨੇਮ ਅਲਾਵੈਂ। 'ਹਮ ਅਪਨੇ ਗੁਰ ਕੋ ਪਹਿਰਾਵੈਂ'। ਕੋ ਸੁੰਦਰ ਮੰਦਿਰ ਚਿਨਵਾਵਹਿ।ਤਿਸ ਕੋ ਪੌਰ ਬਡੋ ਰਖਵਾਵਹਿ ॥੧੨॥–ਚਢੇ ਤੁਰੰਗ ਪ੍ਰਵੇਸ਼ਹਿ ਆਈ। ਬਹਿਰ ਨ ਉਤਰਹਿ ਗੁਰੂ ਕਦਾਈ–। ਅੰਤਰ ਤੇ ਰਚਿ ਚਿੱਤ੍ਰਤਿ ਕਾਰੀ। ਬੈਠਨਿ ਕਾਰਨ ਥਾਇ ਸੁਧਾਰੀ ॥ ੧੩ ॥ ਕਹੈਂ ਸਕਲ ਮਹਿ ਮਿਲਿ ਤਿਸ ਬੇਰਾ। 'ਇਹਾਂ ਕਰਾਵਹਿ ਗੁਰੁ ਕੋ ਡੇਰਾ'। ਤਿਹ ਸਥਾਨ ਕੋ ਪੂਜਹਿ ਸਦਾ।ਗੁਰੂ ਪ੍ਰਤੀਖਤਿ'ਆਵਹਿ ਕਦਾ'॥੧੪॥ਕਿਨਹੂੰ ਸੁੰਦਰ ਬਾਗ਼ ਲਗਾਏ। ਕਦਲੀ, ਬਦਰੀ ਤਰੁ ਸਮੁਦਾਏ। ਆਰੂ, ਆਮਰੂਦ, ਬਹੁ ਮੇਵੇ। ਲਗੇ ਸੇਉ ਜਿਨ ਕੋ ਖਗ ਸੇਵੈਂ ॥੧੫॥ ਬਹੁ ਰੰਗਨਿ ਕੀ ਸੁਠ ਫੁਲਵਾਰੀ। ਦਾਰਮ[1], ਨੀਂਬੂ ਸੀਂਚਤਿ ਬਾਰੀ। ਲਤਕਾ[2] ਲਾਇ ਮਨੋਹਰ ਨਾਨਾ। ਹਿਤ ਬੈਠਨਿ ਕੇ ਬੀਚ ਸਥਾਨਾ॥੧੬॥ਚਹੁੰਦਿਸ਼ਿ ਮਹਿ ਸੁੰਦਰ ਸਬਜ਼ਾਈ[3]। ਮਣੀ ਬਿਡੂਰਜ ਮਨਹੁੰ ਸੁਹਾਈ। ਕਿਨਹੂੰ ਉੱਤਮ ਅੰਨ ਧਰੇ ਹੈਂ। ਮੇਵੇ ਮਧੁਰ ਇਕੱਤ੍ਰ ਕਰੇ ਹੈਂ ॥ ੧੭ ॥ 'ਸ਼੍ਰੀ ਗੁਰ ਆਵਹਿ ਦੇਹਿ ਅਹਾਰਾ'। ਸਕਲ ਸਮਿੱਗ੍ਰੀ ਕਰਿ ਧਰਿ ਤਯਾਰਾ। ਕਿਨਹੂੰ ਰੁਚਿਰ ਫਰਸ਼ ਬਨਵਾਏ। ਅਸੁ ਕੇ ਹਿਤ ਤ੍ਰਿਣ ਕਿਨਹੁੰ ਰਖਾਏ॥ ੧੮ ॥ ਇੱਤਯਾਦਿਕ ਵਸਤੂ ਗੁਰ ਕਾਰਨ। ਧਰਹਿ ਘਰਨਿ ਨਿਤ ਕਰਹਿ ਸੰਭਾਰਨਿ। ਮੇਲ ਜੋੜ ਸੰਗਤਿ ਕੋ ਹੋਇ। ਕਰਹਿ ਬਿਨਯ[4] ਕਰ ਜੋਰਹਿ ਦੋਇ॥੧੯॥'ਗੁਰੂ ਅੰਤਰਜਾਮੀ ਸਰਬੱਗਯ! ਸਭਿ ਥਲ ਸੰਗਤਿ ਸੇਵ ਕ੍ਰਿਤੱਗਯ[5]! ਲਾਜ ਬਿਰਦ ਕੀ ਰਾਖਿ ਕ੍ਰਿਪਾਲਾ! ਸਿੱਖਨ ਕੇ ਪ੍ਰਣ ਪੂਰਹੁ ਬਿਸਾਲਾ ॥ ੨੦ ॥ ਚਹੁੰ ਜੁਗ ਮਹਿ ਜਿਨ ਜਿਨ ਆਰਾਧੇ। ਜਾਇ ਸਭਿਨਿ ਕੇ ਕਾਰਜ ਸਾਧੇ। ਪ੍ਰੇਮ ਡੋਰ ਤੇ ਐਂਚਤਿ ਜੋਇ। ਨਿਜ ਸਮੀਪ ਹੀ ਦੇਖਤਿ ਸੋਇ॥੨੧॥ [6]ਦੈਤ ਬਲੀ ਬਲ ਨੇ ਸੁਰ ਲੋਕ। ਛੀਨ ਲੀਨਿ ਦੇ ਦੇਵਨ ਸ਼ੋਕ। ਸ਼ੱਕ੍ਰ ਹੋਨਿ ਕੋ ਜੱਗਯ ਅਰੰਭੇ। ਸੁਨਿ ਸੁਰ ਗਨ ਕੈ ਭਯੋ ਅਚੰਭੇ ॥ ੨੨ ॥ ਅਪਨਿ ਸਦਨ ਤੇ ਭਏ ਨਿਰਾਸ।–ਹੇ ਮਧਸੂਦਨ!ਕਰਿ ਤਵਆਸ–।ਇੰਦ੍ਰ ਸਮੇਤ ਅਰਾਧਨਿ ਲਾਗੇ।ਬਿਨੈ ਭਨਤਿ

[1]ਅਨਾਰ। [2]ਵੇਲਾਂ (ਲਤਾ)। [3]ਹਰਿਆਵਲ। [4]ਬੇਨਤੀ। [5]ਸਾਰੇ ਥਾਂ ਵਿਚ ਸੰਗਤ ਦੀ ਕੀਤੀ ਸੇਵਾ ਦੇ ਜਾਨਣ ਹਾਰ (ਸ਼੍ਰੀ ਗੁਰੂ ਜੀ)। [6]ਬਲ ਨਾਮੇ ਬਲਵਾਨ ਦੈਂਤ ਨੇ ਸੁਰ ਲੋਕ ਖੋਹ ਕੇ ਦੇਵਤਿਆਂ ਨੂੰ ਸ਼ੋਕ ਦੇਣ ਨੂੰ (ਆਪ) ਇੰਦਰ ਹੋਣ ਲਈ ਜੱਗ ਕਰਨੇ ਸ਼ੁਰੂ ਕੀਤੇ।

ਬਹੁ ਪ੍ਰੇਮ ਸੁ ਪਾਗੇ ॥ ੨੩ ॥ ਤਿਨ ਕੋ ਹਿਤ ਪ੍ਰਭੁ ਰਹ੍ਯੋ ਨ ਗਯੋ। ਸ਼੍ਯਾਵਨ ਰੂਪ ਆਪ ਧਰਿ ਲਯੋ। ਜਾਨ੍ਯੋ ਭਗਤ ਭੂਪ ਅੰਬਰੀਸ਼[1]। ਰੱਛਕ ਭਏ ਪ੍ਰਭੁ ਜਗਦੀਸ਼* ॥ ੨੪ ॥ ਤ੍ਰੇਤੇ ਰਾਮਚੰਦ ਅਵਤਾਰ। ਬਨ ਗਮਨੇ ਜਿਨ ਚਰਿਤ ਉਦਾਰ। ਬਿਤਯੋ ਪ੍ਰਤੀਖਤਿ ਜਿਹ ਚਿਰਕਾਲਾ। ਜਾਤਿ ਭੀਲਨੀ ਬਹੁਰੋ ਬਾਲਾ ॥ ੨੫ ॥ ਤਿਹ ਮਨ ਤੋਸ਼ ਦੇਨਿ ਕੇ ਕਾਰਨ। ਸ਼੍ਰੀ ਪ੍ਰਭੁ ਕੀਨਸਿ ਨਿਕਟਿ ਪਧਾਰਨ। ਮਨੋ ਕਾਮਨਾ ਪੂਰਨ ਕੀਨਿ।ਸਭਿ ਤੇ ਊਚੋ ਪਦ ਤਿਸ ਦੀਨਿ ॥ ੨੬ ॥ ਪੁਨ ਸ਼੍ਰੀ ਕ੍ਰਿਸ਼ਨ ਬਿਦਰ ਕੇ ਗਏ। ਸੌਦਾਮਾ ਕੇ ਤੰਦੁਲ ਖਏ। ਲਾਜ ਦ੍ਰੋਪਤੀ ਕੀ ਰਖਿ ਲੀਨਿ। ਰੱਛਾ ਕੀਨਿ ਪਿਖੇ ਜੋ ਦੀਨ[2]† ॥ ੨੭ ॥ ਸ਼੍ਰੀ ਨਾਨਕ ਕਲਿ ਮਹਿਂ ਅਵਤਾਰ। ਨਗਰ ਏਮਨਾਬਾਦ ਮਝਾਰ। ਲਾਲੋ ਸ਼ੂਦ੍ਰ ਤਾਂਹਿ ਘਰ ਜਾਹਿ[3]। ਰੁਚਿ ਸੋਂ ਅਸਨ ਬਨਾਯੋ ਖਾਹਿਂ[4] ॥ ੨੮ ॥ ਤਿਨ ਗਾਦੀ ਪਰ ਭਏ ਜੁ ਪਾਛੇ। ਇਸੀ ਰੀਤਿ ਜਿਮ ਪ੍ਰੇਮੀ ਬਾਂਛੇ। ਕਰਤਿ ਰਹੇ ਸਭਿ ਪੂਰਨ ਆਸਾ। ਯਾਂਤੇ ਹਮਹਿਂ ਸਭਿਨਿ ਭਰਵਾਸਾ ॥ ੨੯ ॥ ਦੀਨ ਦਯਾਲ ਕੀ ਬਾਨ ਬਿਚਾਰਤਿ। ਯਾਂਤੇ ਹਮ ਪ੍ਰਤੀਖਨਾ ਧਾਰਤਿ। ਸ਼ਰਧਾ ਪੁਰਹਿਂ ਅੰਤਰਜਾਮੀ। ਦਾਸਨਿ ਕੀ ਬਿਨਤੀ ਸੁਨਿ ਸ੍ਵਾਮੀ ॥ ੩੦ ॥ ਅਪਰ ਜਹਾਂ ਕਹਿਂ ਪ੍ਰੇਮ ਨਿਹਾਰੇ। ਸਭਿ ਕੋ ਤ੍ਯਾਗਤਿ ਤਹਾਂ ਪਧਾਰੇ। ਕਹੈਂ‡ਕਹਾਂ ਲਗਿ ਗਿਨਤੀ ਕਰਿ ਕੈ। ਕਰੈਂ ਹਕਾਰਨਿ ਨਾਮ ਸਿਮਰਿਕੈ ॥ ੩੧ ॥ ਧਨ ਐਸ਼੍ਵਰਜ ਨਹੀਂ ਕਿਸ ਦੇਖੇ। ਸੁਚ ਤਪ ਤਾਪਨਿ,ਨਹੀਂ ਪਰੇਖੋ[5]। ਖਟ ਸ਼ਾਸਤ੍ਰਨ ਮਹਿਂ ਬਿੱਦ੍ਯਾ ਪੰਡਤ। ਅਤਿਮਤਿ ਜੁਤਿ,ਮੰਡਤਿ ਮਤ ਖੰਡਤਿ[6]॥੩੨॥ ਇੱਤ੍ਯਾਦਿਕ ਸਭਿਹਿਨਿ ਕਹੁ ਤ੍ਯਾਗਤਿ। ਜੇ ਪਗ ਪੰਕਜ ਮਹਿਂ ਅਨੁਰਾਗਤਿ।ਤਿਨ ਕੋ ਪ੍ਰੇਮ ਪਰਖਿ ਕਰਿ ਸ੍ਵਾਮੀ। ਬਸੀ ਰਹਹੁ ਨਿਤ ਅੰਤਰਜਾਮੀ!॥ ੩੩॥ਤਤਛਿਨ ਪੂਰਤਿ ਹੋ ਅਭਿਲਾਖਾ।ਇਹ ਪ੍ਰਣਤੁਮਰੋ ਸਭਿਹਿਨਿ ਭਾਖਾ।

---

[1]ਰਾਜਾ ਅੰਬਰੀਖ ਨੂੰ ਆਪਣਾ ਭਗਤ ਜਾਣਿਆ। [2]ਜੋ ਦੀਨ ਦੇਖੇ ਤਿਨ੍ਹਾਂ ਦੀ ਰੱਖਿਆ ਕੀਤੀ। [3]ਜਾਕੇ। [4](ਪ੍ਰੇਮ ਨਾਲ) ਬਨਾਯਾ ਹੋਯਾ ਭੋਜਨ ਰੁਚਿ ਨਾਲ ਖਾਧਾ। [5]ਨਹੀਂ ਪਰਖਦੇ ਹੋ। [6](ਆਪਣਾ) ਮਤ ਮੰਡਨ ਕਰਨ ਵਾਲੇ (ਤੇ ਦੂਸਰਿਆਂ ਦਾ) ਖੰਡਨ ਕਰਨ ਵਾਲੇ।

*ਅੰਬਰੀਖ ਨਾਮੇ ਵੈਸ਼ਨਵ ਰਾਜਾ ਇਕਸ਼੍ਵਾਕੂ ਦੀ ਕੁਲ ਵਿਚੋਂ ਅਜੁੱਧਯਾ ਦਾ ਰਾਜਾ ਸੀ, ਇਹ ਪ੍ਰਸਿੱਧ ਭਗਤ ਹੋਇਆ ਹੈ। ਦੁਰਬਾਸ਼ਾ ਤੋਂ ਇਸਦੀ ਰੱਛ੍ਯਾ ਕਰਨੇ ਲਈ ਵਿਸ਼ਨੂੰ ਨੇ ਆਪਣਾ ਚੱਕ੍ਰ ਦੁਰਬਾਸ਼ਾ ਦੇ ਪਿੱਛੇ ਛੱਡਿਆ ਸੀ।

†ਪ੍ਰਭੂ ਜੀ ਦੀ ਭਗਤ ਵੱਛਲਤਾ ਦੇ ਪ੍ਰਮਾਣ ਕਵੀ ਜੀ ਨੇ ਦਿੱਤੇ ਹਨ। ‡ਪਾ:-ਕਹੌਂ।

ਬੈਦਕ ਰੀਤੀ, ਲੌਕਿਕ ਕਾਨ[1]।ਤਜਿ ਕਰਿ ਤਤਛਿਨ ਸ਼੍ਰੀਭਗਵਾਨ!॥੩੪॥ ਬਸੀ ਰਹਤਿ ਨਿਸਦਿਨ ਤਿਸ ਕੇਰੇ। ਗੁਨ ਬਿਸਾਲ ਇਹ ਪ੍ਰਭੁ ! ਸਭਿ ਹੇਰੇ'।ਇਮ ਪੂਰਬ ਦਿਸ਼ਿ ਕੀ ਨਿਤਿ ਸੰਗਤਿ। ਕਰਤਿ ਅਰਾਧਨਿ ਮਿਲਿ ਮਿਲਿ ਪੰਗਤਿ॥੩੫॥ਸੰਗ੍ਰਹ ਵਸਤੁਨਿ ਕੋ ਕਰਿ ਪ੍ਰੇਮ।–ਅਰਪਹਿਂ ਗੁਰੂਨਿ– ਧਾਰਤੇ ਨੇਮ। ਸ਼ਬਦ ਕੀਰਤਨ ਗਾਵਤਿ ਭਲੇ।ਅਨੁਰਾਗਤਿ ਲੋਚਨ ਜਲ ਚਲੇ ॥ ੩੬ ॥ ਪੂਰਬ ਭਾਗ ਜਗੇ ਜਿਨ ਕੇਰੇ। ਤਿਨ ਕੇ ਉਰ ਭਾ ਪ੍ਰੇਮ ਬਡੇਰੇ। ਸਿਮਰਹਿਂ ਵਾਹਿਗੁਰੂ ਸਭਿ ਸਮੈਂ। 'ਦੀਨ ਜਾਨਿ ਦਿਹੁ ਦਰਸ਼ਨ ਹਮੈਂ ॥ ੩੭ ॥ ਸੁਨੇ ਸੁ ਗੁਨ ਸ਼੍ਰੀ ਤੇਗ ਬਹਾਦਰ । ਜਹਿਂ ਸਿਮਰਹਿਂ ਤਹਿਂ ਤਤਛਿਨ ਹਾਦਰ। ਦਰਸ਼ਨ ਦੇਤਿ ਸਹਾਇਕ ਬਨੈਂ। ਇਸ ਮਹਿਂ ਨਹਿਂ ਕੋ ਸੰਸੈ ਭਨੈਂ' ॥ ੩੮ ॥ ਗੁਰੂ ਗ੍ਰਿੰਥ ਸਾਹਿਬ ਕੇ ਆਗੇ ।ਹਾਥ ਜੋਰਿ ਬਿਨਵਤਿ ਬਡਭਾਗੇ।'ਕਰਹੁ ਹਮਾਰੀ ਪੂਰਨ ਆਸਾ।ਜਾਗਤਿ ਜੋਤਿ ਮੁਕੰਦ ਸੁ ਦਾਸਾ' ॥੩੯॥ ਕਰਹਿਂ ਤਿਹਾਵਲ ਭਨਿ ਅਰਦਾਸਾ। ਬੰਦਤਿ ਹੈਂ ਕਰਿ ਸਤਿਗੁਰ ਆਸਾ। 'ਨਹਿਂ ਬਿਲਮਹੁ ਸ਼੍ਰੀ ਤੇਗ ਬਹਾਦਰ! ਦਿਹੁ ਦਰਸ਼ਨ ਹਮ ਬੰਦਹਿਂ ਸਾਦਰ' ॥੪੦॥ ਇਸ ਪ੍ਰਕਾਰ ਪੂਰਬ ਦਿਸ਼ਿ ਮਾਂਹੀ। ਕਿਤਿਕ ਗ੍ਰਾਮ ਮਹਿਂ ਕਿਤ ਪੁਰਿ ਜਾਂਹੀ[2]। ਗੁਰੂ ਪ੍ਰਤੀਖਤਿ ਪ੍ਰੇਮ ਉਪਾਇ।ਜਹਿਂ ਕਹਿਂ ਗੁਨ ਗਾਵਤਿ ਉਮਗਾਇ ॥੪੧॥ ਸ਼੍ਰੀ ਗੁਰੂ ਤੇਗਬਹਾਦਰ ਸ੍ਵਾਮੀ। ਲਖਯੋ ਬ੍ਰਿਤਾਂਤ ਸੁ ਅੰਤਰਜਾਮੀ। ਸਭਿ ਕਾਰਜ ਤਜਿ ਚਾਹਤਿ ਚਲੇ। ਦਰਸ਼ਨ ਦੇਤਿ ਸੰਗਤਾਂ ਭਲੇ ॥੪੨॥ ਜਯੋਂ ਜਯੋਂ ਪ੍ਰੇਮ ਵਧਹਿ ਤਿਨ ਕੇਰਾ। ਤਯੋਂ ਤਯੋਂ ਚਿਤ ਅਕੁਲਾਇ ਬਡੇਰਾ।ਮਿਲਨਿ ਚਹਿਤਿ ਹੈਂ ਸਿੱਖਨਿ ਅਪਨੇ। ਜਿਨਹੁਂ ਲਗੀ ਲਿਵ ਗੁਰੁ ਗੁਰ ਜਪਨੇ ॥ ੪੩ ॥ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਪੂਰਬ ਦੇਸ਼ ਸਿੱਖਜਨਿ ਪ੍ਰੇਮ' ਬਰਨਨੰ ਨਾਮ ਖਸ਼ਟ ਚੱਤ੍ਵਾਰਿੰਸਤੀ ਅੰਸੂ ॥ ੪੬ ॥

## ੪੭. [ ਕੜੇ ਗ੍ਰਾਮ ਦਾ ਮਲੂਕ ਦਾਸ ]।

ਦੋਹਰਾ ॥ ਸਿੱਖਨਿ ਪ੍ਰੇਮ ਬਿਚਾਰਿ ਕੈ ਤੇਗਬਹਾਦਰ ਚੰਦ। ਮਿਸ ਤੀਰਥ ਇਸ਼ਨਾਨ ਕੋ ਕਹਿ ਕਰਿ ਚਲੇ ਮੁਕੰਦ॥੧॥ ਚੌਪਈ॥'ਕੜੇ'ਸੁ'ਮਾਨਿਕਪੁਰ[3]' ਕੇ ਰਾਹੂ। ਗਮਨੇ ਸਤਿਗੁਰ ਬੇਪਰਵਾਹੂ। 'ਸੰਗ ਫਕੀਰਨਿ ਕੋ ਸਮੁਦਾਇ। ਸਿਮਰਨ ਸ਼੍ਰੀ ਪ੍ਰਭੁ ਕਰਤੇ ਜਾਇਂ ॥ ੨ ॥ਬਸਤ੍ਰ ਕਖਾਇ[4] ਜਿਨਹੁਂ ਨੇ ਧਾਰੇ । ਕਰ ਤੂੰਬੇ ਜਲ ਪੀਵਨਹਾਰੇ। ਸਿਰ ਪਰ ਊਚੀ ਟੋਪੀ ਧਰੈਂ। ਕਿਤਿਕ

[1]ਲੋਕ ਲਾਜ। [ਕਾਨ=ਲਾਜ, ਮੁਥਾਜੀ]। [2]ਕਿਸੇ ਪਿੰਡ ਵਿੱਚ ਕਿਸੇ ਸ਼ਹਿਰ ਵਿਚ (ਜਿੱਥੇ) ਜਾਂਦੇ ਹਨ। [3]ਕੜੇ ਤੇ ਮਾਨਿਕ ਪਿੰਡ ਦੇ ਰਾਹ। [4]ਭਗਵੇ।

ਬਿਭੂਤਨ ਮਲਿਬੋ ਕਰੈਂ ॥ ੩ ॥ ਬ੍ਰਿੰਦ ਸਿੱਖਨ ਜੇ ਚੜ੍ਹੇ ਤੁਰੰਗ।ਬਸਤ੍ਰ ਸ਼ਸਤ੍ਰ ਸੁਭ ਧਰਿ ਕੈ ਅੰਗ ।ਪ੍ਰਥਮ ਪਹੂਚੇ ਸੁਰਸਰਿ ਥਾਨ।ਨਿਰਮਲ ਨੀਰ ਪੁਨੀਤ ਮਹਾਨ ॥ ੪ ॥ ਜਾਇ ਕੂਲ ਪਰ ਕੀਨਸਿ ਡੇਰਾ।ਪਾਪ ਨਿਵਾਰਨਿ ਦਰਸ਼ਨ ਹੇਰਾ। ਮਨਭਾਵਤਿ ਸਭਿ ਕਰਯੋ ਸ਼ਨਾਨਾ। ਜਥਾ ਸ਼ਕਤਿ ਦੇ ਕਰਿ ਦਿਜ਼ ਦਾਨਾ ॥ ੫ ॥ ਦ੍ਵੈ ਦਿਨ ਟਿਕੇ ਸੁਰਸਰੀ ਤੀਰ। ਦਰਸਹਿ ਸਤਿਗੁਰੁ ਕੋ ਨਰ ਭੀਰ। ਤਹਿਂ ਤੇ ਆਗੇ ਗਮਨੇ ਸ੍ਵਾਮੀ। ਪੂਰਨਿ ਕਾਮਨਾ ਸਿੱਖਨਿ ਕਾਮੀ[1] ॥੬॥ ਥਲ ਕਛਾਰ[2] ਕੋ ਸੁੰਦਰ ਆਵਾ। ਖਿਲਤਿ ਅਖੇਰ ਤਹਾਂ ਮਨ ਭਾਵਾ। ਆਮਿਖ ਪਾਵਨ ਹੈ ਜਿਨ ਕੇਰੇ[3]। ਹਤੇ ਹੇਰਿ ਕਰਿ ਫਿਰ ਤਿਸ ਬੇਰੇ ॥੭॥ ਮ੍ਰਿਗਨਿ ਬਿਹੰਗਨਿ ਕੋ ਸੰਘਾਰਿ। ਗਮਨੇ ਖੇਲਤਿ ਪੰਥ ਸ਼ਿਕਾਰ। ਆਮਿਖ ਕਾਟਿ ਕਾਟਿ ਸਭਿ ਲੀਨਿ ।ਨਿਜ ਬਾਜੀ ਸੰਗ ਬਾਂਧਨ ਕੀਨਿ ॥ ੮ ॥ ਇਮ ਬਹੁ ਸੁਭਟ ਸੰਗ ਗੁਰੁ ਚਾਲਤਿ। ਕਰਤਿ ਅਖ਼ੇਰ ਮ੍ਰਿਗਨਿ ਕੋ ਭਾਲਤਿ। 'ਕੜੇ' ਸਮੀਪ ਪਹੂਚੇ ਜਾਇ। ਸਾਧ ਮਲੂਕਦਾਸ ਜਿਸ ਨਾਇ ॥੯॥ ਬਸਹਿ ਤਹਾਂ ਸੁ ਬੈਸਨੋ ਧਰਮ । ਕਰਤਿ ਸਦਾ ਹੀ ਆਛੇ ਕਰਮ। ਸੁਨਿ ਕਿਸ ਤੇ 'ਸਤਿਗੁਰੁ ਜੀ ਆਏ'। ਰਿਦੇ ਅਨੰਦ ਭਯੋ ਅਧਿਕਾਇ ॥ ੧੦ ॥-ਮੈਂ ਦਰਸ਼ਨ ਕਰਿ ਹੈਂ ਗੁਰੁ ਕੇਰਾ। ਜਿਨ ਕੋ ਜਸੁ ਬਿਸਤਾਰ ਬਡੇਰਾ। ਹੋਹਿ ਪਰਮ ਮੇਰੋ ਕੱਲਯਾਨ। ਸੁਨੌਂ ਬਾਕ ਹਿਤ ਦੇ ਕਰਿ ਕਾਨ-॥੧੧॥ ਇਮ ਉਤਸਾਹ ਕਰਤਿ ਬਹੁਤੇਰਾ। ਪੁਨ ਇਕ ਆਯੋ ਜਿਨ ਗੁਰੁ ਹੇਰਾ । ਤਿਸ ਨੇ ਸਗਰੀ ਬਾਤ ਸੁਨਾਈ। 'ਗੁਰੁ ਕੇ ਸੰਗ ਸਾਧੁ ਸਮੁਦਾਈ ॥ ੧੨ ॥ ਚੜ੍ਹੇ ਤੁਰੰਗਮ ਸਿਖ ਕੁਛ ਸਾਥ। ਗਹੇ ਜਿਨਹੁੰ ਨੇ ਆਯੁਧ ਹਾਥ। ਮ੍ਰਿਗਨਿ ਬਿਹੰਗਨਿ ਕੇ ਗਨ ਮਾਰੇ। ਆਇ ਖੇਲਤਿ ਪੰਥ ਸ਼ਿਕਾਰੇ ॥ ੧੩ ॥ ਆਮਿਖ ਕਾਟਿ ਕਾਟਿ ਸਮੁਦਾਇ। ਹਯਨਿ ਸੰਗ ਬਾਂਧਯੋ ਲਟਕਾਇ। ਜਥਾ ਬਧਿਕ ਨਿਰਦਯਾਲੂ[4] ਮਾਰੇ। ਤਿਮ ਦੇਖੇ ਮੈਂ ਜੀਵ ਸੰਘਾਰੇ ॥ ੧੪ ॥ ਸਗਰੇ ਜਗਤ ਕਰਹਿ ਜਿਹ ਪੂਜਾ। ਜਿਨ ਕੇ ਸਮ ਕੋ ਸੁਨਯੋ ਨ ਦੂਜਾ। ਅਜ਼ਮਤ ਬਿਦਤ ਜਹਾਂ ਕਹਿਂ ਜਨਿਯਤਿ। ਸਤਿਸੰਗਤਿ ਮਹਿਂ ਬਡ ਜਸੁ ਭਨਿਯਤਿ' ॥ ੧੫ ॥ ਸੁਨਤਿ ਮਲੂਕਦਾਸ ਭਰਮਾਯਹੁ । ਸ਼ੰਕ ਮਾਨ, ਮਨ ਮਹਿਂ ਨਹਿਂ ਭਾਯਹੁ। ਕਹਯੋ -ਬੈਸ਼ਨੋ ਮਤ ਹੈ ਮੇਰੋ। ਸਤਿਗੁਰ ਮਾਸ ਅਹਾਰੀ ਹੇਰੋਂ ॥ ੧੬ ॥ ਕਰਨਿ

[1]ਕਾਮਨਾਂ ਵਾਲੇ ਸਿੱਖਾਂ ਦੀਆਂ ਕਾਮਨਾਂ ਪੂਰੀਆਂ ਕਰਨ ਲਈ। [2]ਨਦੀ ਆਦਿ ਦੇ ਕੰਢੇ ਦੀ ਭੋਂ। [3]ਜਿਨ੍ਹਾਂ ਦਾ ਮਾਸ ਪਵਿੱਤ੍ਰ ਹੁੰਦਾ ਹੈ। [4]ਜਿਵੇਂ ਦਇਆ ਹੀਨ ਸ਼ਿਕਾਰੀ।

ਮਿਲਾਪ ਤਿਨਹੁੰ ਢਿਗ ਜਾਨਾ।ਹੈ ਅਸਮੰਜਸ ਮੈਂ ਮਨ ਜਾਨਾ।ਬੈਠਿ ਸਦਨ ਮਹਿ ਸਿਮਰੋਂ ਹਰਿ ਹਰਿ। ਗੁਰੁ ਬਡ, ਮੈਂ ਲਘੁ,ਨਾਂਹਿਨ ਸਮਸਰ ॥ ੧੭ ॥ ਜਗ ਮੈਂ ਕੋ ਦੁਰਬਲ ਕੋ ਮੋਟਾ। ਕਿਨਹੂੰ ਲਾਭੁ ਕਿਨਹੂੰ ਕੈ ਤੋਟਾ। ਪਰ ਕੀ ਕਹਾਂ ਬਿਚਾਰ ਕਰੀਜੈ। ਬੈਠਿ ਸਦਨ ਪ੍ਰਭੁ ਕੋ ਸਿਮਰੀਜੈ–॥੧੮॥ਮਿਲਿਬੇ ਕੀ ਪ੍ਰਸਿਨਤਾ ਤਜਿ ਕੈ। ਬੈਠਿ ਰਹ੍ਯੋ ਘਰ ਹਰਿ ਹਰਿ ਭਜਿਕੈ। ਸ੍ਰੀ ਗੁਰੁ ਤੇਗਬਹਾਦਰ ਜਾਨ੍ਯੋ:–ਹਰਿ ਕੋ ਭਗਤਿ ਸੁਨਤਿ ਭਰਮਾਨ੍ਯੋ॥੧੯॥ਬਿਧਿ ਨਿਖੇਧਿ ਕਰਮਨਿ ਬਿਵਹਾਰ[1]। ਯਹਿ ਨਹਿਂ ਸੰਤਨਿ ਕੇ ਬੀਚਾਰ[2]। ਵਹਿਰ ਕ੍ਰਿਆ ਪਿਖਿ ਸ਼ਰਧਾ ਤਯਾਗੀ। ਅੰਤਰ ਬ੍ਰਿਤਿ ਕੋ ਨਹਿਂ ਅਨੁਰਾਗੀ॥੨੦॥ ਤਜਿ ਮਿਲਾਪ ਕੀ ਬਾਤਨਿ, ਬੈਠ੍ਯੋ।ਸੁਨਿ ਆਮਿਖ ਕੋ, ਨਾਕ ਸੁ ਐਂਠ੍ਯੋ[3]। ਬਿਧਿ ਨਖੇਧ ਤੇ ਕਰਿ ਕੈ ਬਾਹਰ[4]। ਚਹਿਯ ਮਿਲਾਵਨਿ ਤਿਸ ਕੋ ਜ਼ਾਹਰ–॥ ੨੧ ॥ ਇਮ ਸ੍ਰੀ ਤੇਗ ਬਹਾਦਰ ਧਾਰੀ।ਕਰਨੋ ਨਿਹਾਲ ਚਹਸਿ ਉਪਕਾਰੀ। ਬੈਠਿ ਮਲੂਕ ਦਾਸ ਜਬਿ ਰਹ੍ਯੋ। ਗਿਨਤੀ ਗਿਨਹਿ, ਨ ਮੁਖ ਕਛੁ ਕਹ੍ਯੋ ॥ ੨੨ ॥ ਕਿਤਿਕ ਦੇਰ ਮਹਿ ਤਾਂਹਿ ਰਸੋਈ।ਅਨਿਕ ਅੰਨ ਕੀ ਸਿਧ ਸਭਿ ਹੋਈ। ਥਾਲ ਪਰੋਸ੍ਯੋ ਪਾਇ ਅਹਾਰ। ਸੂਖਮ ਚਾਵਰ ਮੂੰਗ ਕੀ ਦਾਰ ॥੨੩॥ ਫੁਲਕਾ ਬਹੁਤ ਘ੍ਰਿੱਤ ਕੇ ਸਨੇ। ਠਾਕਰ ਹੇਤੁ ਸੁਧਾਰਤਿ ਘਨੇ। ਅਪਰ ਸਲਵਨ ਪਾਇ ਕਰਿ ਪ੍ਰੇਮ। ਪ੍ਰਥਮ ਭੋਗ ਲਾਵਤਿ ਨਿਤਨੇਮ॥ ੨੪ ॥ ਬਸਤ੍ਰਨਿ ਸਾਥ ਅਛਾਦ੍ਯੋ ਥਾਰ। ਜਾਇ ਧਰ੍ਯੋ ਠਾਕਰ ਅਗਵਾਰ। ਘੰਟੇ ਸੰਖ ਬਜਾਇ ਬਿਸਾਲੇ। ਖਰੋ ਅਰਾਧਹਿ ਚਿਤ ਗੋਪਾਲੇ ॥੨੫॥ ਬਹੁਰ ਉਠਾਇ ਥਾਲ ਕੋ ਲਯਾਏ। ਬਸਤ੍ਰ ਉਤਾਰਿ ਜਬਹਿ ਦ੍ਰਿਗ ਲਾਏ।ਆਮਿਖ ਦੇਖ੍ਯੋ ਬੀਚ ਅਹਾਰ। ਚਾਵਰ ਦਾਰ ਜੁ ਅਨਿਕ ਪ੍ਰਕਾਰ॥ ੨੬ ॥ ਡਾਲਿ ਮਸਾਲੇ ਰੀਧ੍ਯੋ ਨੀਕੇ। ਪਿਖਿ ਅਚਰਜ ਹੋਯਹੁ ਬਿਚ ਹੀ ਕੇ[5]।–ਇਹ ਕਯਾ ਭਯ ਨ ਜਾਨ੍ਯੋਂ ਜਾਇ। ਥਾਰ ਬੀਚ ਕਿਨ ਆਮਿਖ ਪਾਇ ॥ ੨੭ ॥ ਕਹਾਂ ਭਈ ਗਤਿ ਹੇ ਪ੍ਰਭੁ ਮੇਰੇ!–।ਕਰਹਿ ਬਿਚਾਰ ਮਹੰਤ ਘਨੇਰੇ।ਪੁਨ ਸਤਿਗੁਰ ਕੀ ਚਿਤਵਤਿ ਬਾਤ।–ਠਾਕਰ ਰੂਪ ਸੁ ਆਮਿਖ ਖਾਤਿ॥ ੨੮ ॥ ਤਿਨਹੁੰ ਭੋਗ ਆਮਿਖ ਕੋ ਲਾਯਹੁ। ਮਨ ਮੇਰੇ ਕੋ ਭਰਮ ਮਿਟਾਯਹੁ। ਸੁਨਤਿ ਮਾਸ ਮਨ ਸੰਕਤਿ ਮੇਰਾ।ਮਿਲਿਬੋ ਤਯਾਗ ਰਹ੍ਯੋ ਇਸ ਬੇਰਾ॥੨੯॥ਭੋਗਯੋ ਭੋਗੁ ਸੁ

[1]ਵਿਧੀ ਨਿਖੇਧੀ ਕਰਮਾਂ ਦਾ ਵਿਵਹਾਰ ਹੈ। [2]ਇਸ ਨੂੰ ਸੰਤ ਨਹੀਂ ਵਿਚਾਰਦੇ। [3]ਨਕ ਚਾੜ੍ਹਿਆ ਹੈ। [4]ਤੋਂ ਬਾਹਰ ਕਰਕੇ। [5]ਹਿਰਦੇ ਵਿਚ।

ਠਾਕੁਰ ਬਨਿ ਕੈ। ਸ਼ੰਕਾ ਹਰਨ ਹੇਤੁ ਮਮ ਮਨ ਕੈ। ਇਸ ਬਿਨ ਅਪਰ ਨ ਕਾਰਨ ਕੋਈ। ਸਦਾ ਅਲੇਪ ਪ੍ਰਭੂ ਗੁਰੁ ਸੋਈ॥੩੦॥ਛੁਵ ਨ ਸਕਹਿ ਜਿਸ ਕ੍ਰਿਯਾ ਕਲਾਪ[1]। ਸਭਿ ਕੋ ਪ੍ਰੇਰਕ ਆਪੇ ਆਪ। ਤਿਸ ਕੇ ਕਰਮਨਿ ਕਨਾ ਅਵਰੇਖਨਿ[2]। ਨੀਕੋ ਹੈ ਸ਼ਰਧਾ ਧਰਿ ਦੇਖਨਿ ॥ ੩੧ ॥ ਜਿਸ ਕੋ ਦਰਸ਼ਨ ਚਾਹਤਿ ਜਗਤ।ਕਰਤਿ ਕ੍ਰਿਤਾਰਥ ਲਖਹਿ ਜੁ ਭਗਤ। ਸਿੱਖਯ ਅਰਾਧਹਿੰ ਚਹੁੰਦਿਸ਼ਿ ਜਿਸ ਕੋ।ਪੂਰਹਿੰ ਮਨੋਰਥ ਹਿਤ ਸਭਿ ਕਿਸ ਕੋ ॥ ੩੨ ॥ ਬ੍ਰਿੱਤਿ ਅਖੇਰ ਕਰਤਿ ਨਿਤ ਲੀਲ੍ਹਾ। ਰਾਮਚੰਦ ਬਲਵਾਨ ਛਬੀਲਾ। ਪੁਰਸ਼ੋਤਮ ਮਿਰਜਾਦਕ ਨੀਕੋ। ਕਰਨਹਾਰ ਸੇਵਕ ਕੇ ਜੀਕੋ[3]* ॥ ੩੩ ॥ ਪੁਨ ਸ਼੍ਰੀ ਕ੍ਰਿਸ਼ਨ ਭਏ ਅਵਤਾਰ।ਲੀਲ੍ਹਾ ਕੀਨਸਿ ਅਨਿਕ ਪ੍ਰਕਾਰ।ਤਥਾ ਇਨਹੁ ਕੇ ਜੇ ਬਡ ਭਏ।ਆਯੁਧ ਧਰਤਿ ਜੁੱਧ ਜੈ ਕਏ॥੩੪॥ਯਾਂਤੇ ਲਖੀਯਤਿ ਹੈ ਇਹ ਆਦਿ[4]। ਬੀਰ[5], ਸ਼ਸ਼ਤ੍ਰ ਧਰਿ ਕੀ ਸੁ ਮ੍ਰਿਯਾਦਿ। ਨਈ ਅਨੀਤਿ ਨ ਕੀਨੀ ਕੋਇ। ਮੈਂ ਮੂਰਖ ਹੁਇ ਤਰਕੀ ਜੋਇ॥ ੩੫ ॥ ਸਮਰਥ ਕੋ ਨਹਿਂ ਦੋਸ਼ ਕਦਾਈ। ਸ਼ਿਵ ਸੰਘਾਰਕ ਸ੍ਰਿਸ਼ਟਿ ਸਬਾਈ[6]। ਸੂਤ ਕਥਤਿ ਮੁਨਿ ਮਹਿਂ ਇਤਿਹਾਸਾ[7]।ਬਿਨ ਅਪਰਾਧ ਹਲੀ ਸੁ ਬਿਨਾਸਾ[8]–॥੩੬॥ਇਮਬਿਚਾਰਕਰਿ ਸ਼ਰਧਾ ਧਾਰੀ।ਗੁਰੁ ਅਵਤਾਰ ਜਾਨਿ ਭ੍ਰਮ ਟਾਰੀ। ਘਨ ਕੇ ਪਟਲ ਦੁਰਹਿ ਰਵਿ ਜੈਸੇ[9]। ਸ਼ੰਕ ਮਲੂਕਦਾਸ ਭਈ ਤੈਸੇ ॥ ੩੭ ॥ ਪਤਾ ਪਿਖ੍ਯੋ ਇਹ ਪੌਨ ਬਹੀ ਹੈ[10]। ਨਸ੍ਯੋ ਸ਼ੰਕ ਘਨ[11], ਪਿਖ੍ਯੋ ਸਹੀ ਹੈ[12]। ਦਰਸ਼ਨ ਕੀ ਲਾਲਸ ਬਡ ਜਾਗੀ।ਪਗਪੰਕਜ ਕੋ ਭਾ ਅਨੁਰਾਗੀ॥੩੮॥ਅਪਨਿ ਆਪ ਕੋ ਬਹੁਤ ਧਿਕਾਰ੍ਯੋ। ਬਹੁਰ ਰਿਦੇ ਮਹਿਂ ਅਸ ਪ੍ਰਣ ਧਾਰ੍ਯੋ।–ਕਲਿਜੁਗ ਮੈਂ ਸਤਿਗੁਰ ਅਵਤਾਰ। ਛਪੇ ਨਹੀਂ, ਸਭਿ ਜਗ ਬਿਸਤਾਰ॥੩੯॥ਅਬਿ ਮੇਰੇ ਮਨ ਕੀ ਗਤਿ ਜਾਨਹਿਂ। ਆਪ ਹਕਾਰਨਿ ਮੋਕੋ ਠਾਨਹਿਂ। ਕਰਹਿਂ

[1]ਸਮੂਹ ! [2]ਕੀ ਪਰਖਣਾ ਹੈ। [3]ਸੇਵਕਾਂ ਦੇ ਜੀ ਦੀਆਂ ਪੂਰਨ ਵਾਲੇ। [4]ਮੁੱਢ ਤੋਂ। [5]ਸੂਰਮੇ ਹੋਕੇ। [6](ਜਿਵੇਂ) ਸਾਰੀ ਸ੍ਰਿਸ਼ਟੀ ਦੇ ਮਾਰਨ ਵਾਲੇ ਸ਼ਿਵ (ਨੂੰ ਦੋਸ਼ ਨਹੀਂ ਹੈ)। [7]ਸੂਤ (ਬ੍ਰਹਮਣ) ਮੁਨੀਆਂ ਵਿਚ ਇਤਿਹਾਸ ਕਥਨ ਕਰ ਰਿਹਾ ਸੀ। [8]ਹਲੀ (ਬਲਭੱਦ੍ਰ ਗਿਆ ਸੀ ਤੀਰਥਾਂ ਨੂੰ ਤੇ ਸ਼ਰਾਬ ਪੀਤੀ ਹੋਈ ਸੀ ਅਗੋਂ ਸੂਤ ਅਦਬ ਲਈ ਨਾ ਉਠਿਆ ਉਸਨੂੰ ਕ੍ਰੋਧ ਆਇਆ ਤਾਂ ਉਸਨੇ) ਬਿਨਾਂ ਅਪਰਾਧ ਮਾਰ ਦਿੱਤਾ ਸੂਤ ਨੂੰ। [9]ਬੱਦਲ ਦੇ ਪੜਦੇ ਵਿੱਚ ਜਿਵੇਂ ਸੂਰਜ ਲੁਕਿਆ ਹੋਯਾ ਹੋਵੇ। [10]ਜੇਹੜਾ ਇਹ ਪਤੀਆ ਵੇਖਿਆ ਹੈ ਇਹ ਪੌਣ ਵਗੀ ਹੈ। [11]ਸ਼ੰਕਾ ਰੂਪ ਬੱਦਲ ਨਾਸ ਹੋਯਾ। [12]ਸਹੀ (ਗੁਰੂ ਰੂਪੀ ਸੂਰਜ) ਨੂੰ ਵੇਖ ਲਿਆ।

*ਪਾ:–ਕਰਨ ਹਾਰ ਹਿਤ ਸੇਵਕ ਜੀਕੇ।

ਕ੍ਰਿਤਾਰਥ ਦਰਸ਼ਨ ਦੇਯ।ਰਾਖਹਿਂ ਲਾਜ ਦਾਸ ਲਖਿ ਲੇਯ-॥ ੪੦ ॥ ਏਵ ਮਨੋਰਥ ਧਰਿ ਕਰਿ ਬੈਸਾ। ਧ੍ਯਾਨ ਪਰਾਇਣ[1] ਥਿਰ ਜਵ ਜੈਸਾ। ਕਰਿ ਕੈ ਪ੍ਰੇਮ ਅਰਾਧਤਿ ਭਯੋ। ਤਨ ਕੀ ਸੁੱਧਿ ਬਿਸਰ ਤਬਿ ਗਯੋ ॥੪੧॥ ਸ਼੍ਰੀ ਗੁਰੁ ਤੇਗ ਬਹਾਦਰ ਜਾਨੀ।-ਬੈਠ੍ਯੋ ਸਾਧੁ ਪ੍ਰਤੱਗ੍ਯਾ ਠਾਨੀ-। ਨਿਜ ਸਿੱਖਨਿ ਕੋ ਬਾਕ ਬਖਾਨਾ। 'ਸੰਤ ਮਲੂਕਦਾਸ ਬੁਧਿਵਾਨਾ ॥ ੪੨ ॥ ਤਿਸ ਕੈ ਸੰਗ ਮਿਲਨਿ ਹਮ ਚਾਹਤਿ। ਸੋ ਭੀ ਆਵਨਿ ਰਿਦੈ ਉਮਾਹਤਿ। ਸਿਵਕਾ ਲੇ ਜਾਵਹੁ ਤਿਸ ਪਾਸ। ਹਮਰੋ ਆਵਨਿ ਕਰਹੁ ਪ੍ਰਕਾਸ਼ ॥੪੩॥ ਊਪਰ ਸਾਦਰ ਤਾਂਹਿ ਚਢਾਇ। ਆਨਹੁ ਹਮ ਸਮੀਪ ਤਿਹ ਜਾਇ'। ਸੁਨਿ ਕਰਿ ਦਾਸ ਪਾਲਕੀ ਲੀਨਿ। ਗਏ ਬੂਝਿ ਕਰਿ ਜਹਿਂ ਥਲ ਚੀਨਿ ॥੪੪॥ ਨਮੋ ਕਰੀ ਗੁਰੁ ਕਹਿਵਤ ਕਹੀ[2]। ਸੁਨਿ ਹਰਖ੍ਯੋ ਨਹਿਂ ਸ਼ੰਕਾ ਰਹੀ। ਭਯੋ ਅਰੂਢਿ ਪਾਲਕੀ ਮਾਂਹਿ। ਕਛ ਚੇਲੇ ਲੇ ਕਰਿ ਸੰਗ ਵਾਹਿ[3]॥੪੫॥ਆਨੰਦ*ਮਗਨ ਸਹਿਤ ਬਡਿਆਈ। ਆਇ ਨਿਕਟਿ ਉਤਰ੍ਯੋ ਸਹਿਸਾਈ। ਪਰ੍ਯੋ ਚਰਨ ਪਰ ਮਸਤਕ ਧਾਰਿ। ਕਰ੍ਯੋ ਦੋਹਰਾ ਏਕ ਉਚਾਰ ॥ ੪੬ ॥ ਦੋਹਰਾ ॥ 'ਮਲੂਕਾ ਪਾਪੀ ਪੇਡਕੋ[4] ਭਗਤਿ ਨ ਜਾਨੀ ਤੋਹਿ। ਭਗਤਿ ਲਿਖੀ ਥੀ ਅਵਰ ਕੋ ਪ੍ਰਭੁ ਧੋਖੇ ਦੇ ਮੋਹਿ[5]॥ ੪੭ ॥ ਸੁਨਿ ਮਲੂਕ ਤੇ ਦੋਹਰਾ ਸ਼੍ਰੀ ਗੁਰੁ ਕਰੁਨਾ ਧਾਰਿ। ਤਿਸ ਪ੍ਰਤਿ ਉੱਤਰ ਕੋ ਕਹ੍ਯੋ ਧੀਰਜ ਦੀਨਿ ਉਦਾਰ। ॥੪੮॥ 'ਸੁਨਿ ਮਲੂਕ ਹਰਿ ਕੇ ਭਗਤ ! ਨਹਿਂ ਰਾਖੋ ਮਨ ਦ੍ਰੋਹ। ਭਗਤ ਲਿਖੀ ਥੀ ਅਵਰ ਕੋ ਕਰਿ ਕਿਰਪਾ ਦਈ ਤੋਹਿ'॥੪੯॥ਪਿਖਿ ਸਤਿਗੁਰ ਕੋ ਦਰਸ ਕੋ ਭਯੋ ਨਿਮਗਨ ਅਨੰਦ। ਨ੍ਰਿਪਤਿ ਬੀਰ ਬਰ ਬਖ ਤਨ[6], ਮਨ ਬ੍ਰਹਮਗ੍ਯਾਨ ਅਮੰਦ†॥੫੦॥ਹਾਥਜੋਰਿ ਹੁਇਕਰਿਖਰੋਕਰਿਉਸਤਤਿ ਬਹੁ ਭਾਂਤਿ।'ਗੁਨ ਸਮੁੰਦ੍ਰ,ਮੈਂ ਕਬੋਂ[7] ਕਿਮ ਕੁਮਤਿ ਕੁਚੀਲਕੁ ਜਾਤਿ'॥੫੧॥ਬਹੁ ਬਿਨਤੀ ਕਰਿ ਲੇ ਗਯੋ ਗੁਰ ਕੋ ਨਿਜ ਗ੍ਰਿਹ ਮਾਂਹਿ। ਸੇਵਾ ਅਨਿਕ ਪ੍ਰਕਾਰ ਕੀ ਕੀਨਿ ਦੀਨ ਬਨ ਤਾਂਹਿ॥੫੨॥ਬਾਰ ਬਾਰ ਚਰਨਨਿ ਪਰ੍ਯੋ ਭੂਲ। ਛਮਾ ਕਰਿਵਾਇ। ਹਰ੍ਯੋ ਭਰਮ ਨਿਸ਼ਚੇ ਧਰ੍ਯੋ ਆਪਨਪੋ ਸਫਲਾਇ ॥ ੫੩ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਮਲੂਕ ਦਾਸ' ਪ੍ਰਸੰਗ ਬਰਨਨੰ ਨਾਮ ਸਪਤਚਤ੍ਵਾਰਿੰਸਤੀ ਅੰਸੂ ॥ ੪੭ ॥

[1]ਆਸਰੇ। [2]ਗੁਰਾਂ ਦੀ ਕਹੀ ਹੋਈ (ਗੱਲ)ਜਾ ਕਹੀ। [3]ਉਹ। [4]ਮੁੱਢੋਂ ਹੀ ਪਾਪੀ ਹੈ ਭਾਵ ਜਨਮ ਤੋਂ ਹੀ ਪਾਪੀ ਹੈ। [5]ਪ੍ਰਭੂ ਨੇ ਭੁਲੇਖੇ ਵਿੱਚ ਮੈਨੂੰ ਦੇ ਦਿੱਤੀ। [6]ਤਨ ਉਤੇ ਸ਼੍ਰੇਸ਼ਟ ਤੇ ਬੀਰ ਰਾਜਿਆਂ ਵਾਲਾ ਲਿਬਾਸ ਹੈ। [7]ਭਾਵ ਮੈਂ ਹਾਂ। *ਪਾ:-ਅਨਦਿਨ। †ਪਾ:-ਅਨੰਦ।

੪੮. [ਗੁਰੂ ਜੀ ਤ੍ਰਿਬੇਣੀ ਪੁੱਜੇ]।

ਦੋਹਰਾ॥ਮਹਾਂ ਸਿੰਘਾਸਨ ਪਰ ਗੁਰੂ ਹਾਥ ਜੋਰਿ ਬੈਠਾਇ।ਅਨਿਕ ਪ੍ਰਕਾਰਨਿ ਅਸਨ ਕੋ ਤਬਿ ਮਲੂਕ ਕਰਿਵਾਇ॥ ੧॥ ਚੌਪਈ ॥ ਥਾਰ ਪਰੋਸਜੋ ਧਰਜੋ ਅਗਾਰੀ। ਖਰੇ ਹੋਇ ਬਹੁ ਬਿਨੈ ਉਚਾਰੀ।'ਨਿਤ ਸ਼ਰਧਾ ਸੋਂ ਭੋਗ ਲਗਾਵੌਂ। ਨਹਿ ਸਰੂਪ ਪ੍ਰਭੁ ਕੋ ਦਰਸਾਵੌਂ ॥ ੨॥ ਆਜ ਪ੍ਰਤੱਖਜ ਦ੍ਰਿਗਨਿ ਕੇ ਆਗਾ। ਠਾਕੁਰ ਭੋਗ ਲਗਾਵਨਿ ਲਾਗਾ। ਭਯੋ ਸਫਲ ਮੈਂ, ਗ੍ਰਿਹ ਚਲਿ ਆਏ। ਭੋਜਨ ਅਚਹਿ ਹੋਹਿ ਤ੍ਰਿਪਤਾਏ'॥ ੩ ॥ ਦੇਖਿ ਭਾਉ ਸ਼੍ਰੀ ਗੁਰ ਤਿਸ ਕੇਰਾ। ਭੋਜਨ ਅਚਜੋ ਕ੍ਰਿਪਾ ਕਰਿ ਹੇਰਾ। ਭਯੋ ਕ੍ਰਿਤਾਰਥ ਕਸ਼ਟ ਨਿਵਾਰੇ।ਪੁਨ ਸੇਵਾ ਕੀਨਸਿ ਹਿਤ ਧਾਰੇ॥੪॥ਨਿਸਾ ਬਾਸ ਕਰਿਕੇ ਗੋਸਾਈਂ। ਜਾਗੇ ਪੁਨ ਪ੍ਰਭਾਤਿ ਹ੍ਵੈ ਆਈ । ਆਦਿ ਸ਼ਨਾਨ ਸੌਚ ਕਰਿ ਸਾਰੇ। ਸ਼੍ਰੀ ਗੁਰੁ ਭਏ ਚਲਨਿ ਕਹੁ ਤਯਾਰੇ ॥ ੫ ॥ ਜੇਤਿਕ ਸੰਗਤਿ ਤਹਿਂ ਤੇ ਆਈ। ਅਰਪਿ ਉਪਾਇਨ ਕੋ ਸਮੁਦਾਈ। ਜੋ ਜੋ ਗੁਰ ਹਿਤ ਰਾਖਨਿ ਕਰੀ। ਸੋ ਸਭਿ ਆਨਿ ਅਗਾਰੀ ਧਰੀ॥੬॥ਸੰਗਤਿ ਪਰ ਬਹੁ ਖੁਸ਼ੀ ਕਰੀ ਹੈ।ਦਾਸਨਿ ਕੀ ਅਪਦਾ ਸੁ ਹਰੀ ਹੈ। ਮਾਰਗ ਗਮਨ ਕੀਨ ਗੁਰੁ ਪੂਰੇ। ਅਨਿਕ ਪ੍ਰਕਾਰਨਿ ਵਾਹਨ ਰੂਰੇ ॥੭॥ਮਾਤ ਨਾਨਕੀ ਸੰਗ ਚਲੰਤੀ। ਚਢਿ ਸਜੰਦਨ ਸੁੰਦਰ ਸੁਖਵੰਤੀ।ਸ਼੍ਰੀ ਗੁਜਰੀ ਡੋਰੇ ਪਰ ਚਾਲੈ। ਜ਼ਰੀ ਸਿਤਾਰਨਿ ਦਿਪਤਿ ਬਿਸਾਲੈ ॥ ੮ ॥ ਬ੍ਰਿੰਦ ਦਾਸੀਆਂ ਸੰਗ ਸਿਧਾਰੀ । ਜਥਾ ਜੋਗ ਸਭਿ ਲੇ ਅਸਵਾਰੀ। ਸਾਧਨਿ ਕੋ[੧] ਸਮੁਦਾਇ ਸਿਧਾਰੇ। ਗੁਰੁ ਸੰਗਤਿ ਤੇ ਜਨਮ ਸੁਧਾਰੈਂ॥੯॥ਸਿਖ ਤੁਰੰਗਨਿ ਪਰ ਅਸਵਾਰ ।ਅਨਿਕ ਬਿਧਿਨਿ ਕੇ ਆਯੁਧ ਧਾਰਿ। ਤੀਰਥ ਮੱਜਨ ਕੀਨਿ ਬਹਾਨਾ।ਕਰਨਿ ਹੇਤੁ ਸਿੱਖਜਨਿ ਕਲਜਾਨਾ ॥ ੧੦ ॥ ਨਿਤਪ੍ਰਤਿ ਮਾਰਗ ਜਾਇ ਅਗਾਰੀ। ਜੋ ਨਰ ਮਿਲਹਿ ਭਾਵਨਾ ਧਾਰੀ। ਤਿਸ ਕੀ ਸਕਲ ਆਪਦਾ ਟਾਰੀ। ਕਰਤਿ ਜਾਤਿ ਕੱਲਜਾਨ ਉਦਾਰੀ ॥ ੧੧ ॥ ਤੀਰਥ ਰਾਜ ਪ੍ਰਯਾਗ ਬਿਸਾਲਾ। ਤਹਾਂ ਪਹੂਚੇ ਜਾਇ ਕ੍ਰਿਪਾਲਾ। [੨]ਸਤਿ ਸੰਗਤਿ ਸਿੱਖਨਿ ਬਡ ਭਾਗੇ। ਪਰਮ ਛੇਤ੍ਰ ਗੁਰ ਦਰਸ਼ਨ ਲਾਗੇ ॥ ੧੨ ॥ ਜਹਾਂ ਤ੍ਰਿਬੇਨੀ ਸੰਗਮ[੩] ਹੋਵਾ। ਪ੍ਰਥਮ ਜਾਇ ਤਹਿਂ ਗੁਰੂ ਖਰੋਵਾ। ਕਰਜੋ ਦਰਸ਼ ਪੁਨ ਗਏ ਅਸੀਨ। ਜੁਗ ਸਲਿਤਾ[੪] ਦੁਤਿ ਦੇਖਨ

[੧]ਸਾਧਾਂ ਦਾ। [੨]ਵਡਭਾਗੇ ਸਿੱਖਾਂ ਲਈ ਸਤਿ ਸੰਗਤ ਕਰਨ ਵਾਸਤੇ ਗੁਰ ਦਰਸ਼ਨ ਰੂਪੀ ਪਰਮ ਛੇਤ੍ਰ (ਲੰਗਰ) ਲੱਗਾ। [੩]ਤਿੰਨਾਂ ਨਦੀਆਂ ਦਾ ਮੇਲ। [੪]ਭਾਵ ਗੰਗਾ ਜਮਨਾ।

ਕੀਨਿ॥੧੩॥ਜਲਉੱਜਲ[1],ਇਕ ਸ੍ਯਾਮਲ[2] ਬਾਰੀ।ਸਾਰਸ੍ਵਤੀ ਬਿਦਤਾਇ[3] ਮਝਾਰੀ। ਪਾਪ ਅਨੇਕਨਿ ਕਤਰਨਿ ਛੈਨੀ[4]। ਬਡ ਸੋਭਾ ਤਿਹ ਹੋਤਿ ਤ੍ਰਿਬੈਨੀ[5]॥੧੪॥ਸਤ[6] ਰਜ[7] ਤਮ[8] ਤੀਨਹੁੰ ਕੇ ਰੰਗ।ਮਨਹੁੰ ਬਿਦਤਿ ਹੁਇ ਉਠਹਿ ਤਰੰਗ। ਜਨੁ ਤ੍ਰੈ ਦੇਵਨਿ[9] ਕੇਰ ਸਰੀਰ। ਰਹੇ ਪ੍ਰਕਾਸ਼ ਹੋਇ ਕਰਿ ਨੀਰ ॥ ੧੫ ॥ ਮਨਹੁੰ ਤ੍ਰਿਸੰਧ੍ਯਾ[10] ਸੂਰਜ ਕੇਰੀ। ਪਾਪ ਤੋਮ ਤਮ ਹਰਤਿ ਘਨੇਰੀ[11]। ਤੀਨੋ ਤਾਪ ਬਿਦਾਰਨਿ ਹੇਤੁ। ਤੀਨੋ ਰੰਗ ਧਰੇ ਦੁਤਿ ਦੇਤਿ ॥ ੧੬ ॥ ਨਿਰਮਲ ਜਲ ਕੀ ਅਤਿ ਹੁਇ ਸ਼ੋਭਾ। ਅਸ ਜਨ ਕੌਨ ਨ ਪਿਖਿ ਮਨ ਲੋਭਾ। ਪ੍ਰਥਮ ਗੁਰੂ ਜੀ ਮੱਜਨ ਕੀਨਾ।ਹੁਤੇ ਜੁ ਦਿਜ ਢਿਗ ਦਾਨ ਸੁ ਦੀਨਾ ॥ ੧੭ ॥ ਸੁਨਿ ਸੁਨਿ ਬਿੱਪ੍ਰ ਆਇ ਸਮੁਦਾਇ।ਸੋ ਭੀ ਲੈ ਕਰਿ ਦਾਨ ਸਿਧਾਇ। ਬਿੱਪ੍ਰ ਬ੍ਰਿੰਦ ਸੁਨਿ ਸੁਨਿ ਪੁਨ ਆਵਤਿ। ਜਾਤਿ ਨ ਛੂਛੇ,ਗੁਰੁ ਤੇ ਪਾਵਤਿ॥੧੮॥ਤਿਸ ਦਿਨ ਸਗਰੇ ਗੁਰ ਭਗਵਾਨ।ਦੇਤੇ ਰਹੇ ਦਿਜਨਿ ਕਹੁ ਦਾਨ*। ਜਿਤਿਕ ਸਮਿੱਗ੍ਰੀ ਗੁਰੁ ਕੇ ਪਾਸ। ਸਰਬ ਸੁ ਦੇਤਿ ਭਏ ਦਿਜ ਰਾਸ॥੧੯॥ਮਾਤ ਨਾਨਕੀ ਗੁਜਰੀ ਸਹਿਤ।ਕਰੇ ਸ਼ਨਾਨ ਦਾਨ ਦੇ ਮਹਿਤ। ਅਪਰ ਸਰਬ ਨੇ ਮੱਜਨ ਕੀਨਿ।ਜਥਾ ਸ਼ਕਤਿ ਬਿੱਪ੍ਰਨਿ ਧਨ ਦੀਨਿ ॥੨੦॥ ਸੰਗਤਿ ਨੇ ਸੁਨਿ ਸਤਿਗੁਰੁ ਆਏ। ਇਕਠੇ ਹੋਤਿ ਭਏ ਸਮੁਦਾਏ। ਲੈ ਲੈ ਅਨਿਕ ਪ੍ਰਕਾਰ ਉਪਾਇਨ। ਆਏ ਰਿਦੇ ਧਾਰ ਕਰਿ ਭਾਇਨ[12] ॥ ੨੧ ॥ ਪੂਜਾ ਕਰੀ ਅਨੇਕ ਪ੍ਰਕਾਰ।ਹਾਥ ਜੋਰਿ ਬੰਦਨ ਕੋ ਧਾਰਿ। ਬਿਨਤੀ ਕਰਿਕੈ ਅਧਿਕ ਰਿਝਾਇ।ਸਭਿ ਸੰਗਤਿਨੇਬਾਕ ਅਲਾਇ॥੨੨॥'ਹਮਰੇ ਭਾਗਨਿਕਰਿ ਤੁਮ ਆਇ।ਦੀਨਬੰਧੁ ਸ਼ੁਭ ਬਿਰਦ ਸਦਾਇ।ਮੱਜਨ ਤੀਰਥ ਕੀਨਿ ਬਹਾਨਾ। ਆਏ ਕਰਨਿ ਹਮਹਿਂ ਕੱਲ੍ਯਾਨਾ। ੨੩ ॥ ਬਸਹੁ ਇਹਾਂ ਕੇਤਿਕ ਦਿਨ

---

[1]ਗੰਗਾ ਦਾ। [2]ਜਮਨਾ ਦਾ। [3]ਭਾਵ-ਸੁਰੱਸਤੀ ਉਂਞ ਏਥੇ ਨਹੀਂ ਮਿਲਦੀ, ਮੰਨਿਆਂ ਜਾਂਦਾ ਹੈ ਕਿ ਹੇਠੋਂ ਹੇਠੋਂ ਆਕੇ ਏਥੇ ਮਿਲਦੀ ਹੈ। [4]ਕਤਰਨ ਨੂੰ ਜੋ ਛੈਣੀ ਵਤ ਹੈ। [5]ਤ੍ਰੈ ਨਦੀਆਂ (ਗੰਗਾ ਜਮਨਾ ਸੁਰਸਤੀ) ਦੇ ਸੰਗਮ। [6]ਸਤ ਦਾ ਚਿੱਟਾ ਰੰਗ ਹੈ। [7]ਰਜ ਦਾ ਲਾਲ। [8]ਤਮ ਦਾ ਕਾਲਾ। [9]ਤ੍ਰੈ ਦੇਵਤਿਆਂ (ਬ੍ਰਹਮਾ, ਵਿਸ਼ਨੂੰ, ਸ਼ਿਵ)। [10]ਤਿੰਨ ਸੰਧਿਆ (ਸਵੇਰ, ਦੁਪਹਿਰ, ਸੰਧ੍ਯਾ)। [11]ਸਮੂਹ ਪਾਪਾਂ ਦੇ ਅੰਧੇਰੇ ਨੂੰ ਬਹੁਤੀ ਹਰਨ ਵਾਲੀ। [12]ਸ਼ਰਧਾ। *ਇਨ੍ਹਾਂ ਪਾਸਿਆਂ ਵਲ ਮੰਗਤੇ ਅਕਸਰ ਬ੍ਰਾਹਮਨ ਹੀ ਹਨ, ਸਤਿਗੁਰਾਂ ਦਾ ਪੁੰਨਦਾਨ ਕਰਨਾ ਤਾਂ ਦਸਮ ਸਤਿਗੁਰਾਂ ਨੇ ਵੀ ਲਿਖਿਆ ਹੈ। ਯਥਾ—'ਪੁੰਨ ਦਾਨ ਦਿਨ ਕਰਤਿ ਬਿਤਏ' ਪਰ ਕਿਨ੍ਹਾਂ ਜਾਤੀਆਂ ਨੂੰ ? ਇਹ ਵੇਰਵਾ ਨਹੀਂ ਦੱਸਿਆ। ਦਾਨ ਕਰਨਾ ਵੀ ਕੱਲ੍ਯਾਨ ਲਈ ਨਹੀਂ ਸੀ। ਸਤਿਗੁਰਾਂ ਦੀ ਤ੍ਯਾਗ ਬ੍ਰਿਤੀ ਆਏ ਧਨ ਨੂੰ ਲੋੜਵੰਦਾਂ ਪਰ ਖਰਚ ਕਰਕੇ ਪ੍ਰਸੰਨ ਹੁੰਦੀ ਸੀ।

ਆਪ। ਵਿਹੁ ਦਰਸ਼ਨ ਕੋ ਹਤਿ ਤ੍ਰੈ ਤਾਪ।ਸਭਿ ਸੰਗਤਿ ਕੀ ਹੈ ਅਭਿਲਾਖਾ। ਅਪਨਿ ਭਲੇ ਹਿਤ ਹਮ ਨੈ ਭਾਖਾ' ॥ ੨੪ ॥ ਸੁਨਿ ਪ੍ਰਸੰਨ ਹੁਇ ਸਤਿਗੁਰੁ ਕਹ੍ਯੋ।'ਹਮਹੁੰ ਰਾਖਿਬੋ ਤੁਮ ਨੇ ਕਹ੍ਯੋ। ਜਾਨੋ ਤੀਰਥ ਕਰਨਿ ਅਗੇਰੇ।ਹੈ ਜੋ ਪੂਰਬ ਦੇਸ਼ ਬਡੇਰੇ' ॥੨੫॥ਸੁਨਿ ਸੰਗਤਿ ਨੇ ਪੁਨਹਿ ਬਖਾਨਾ।'ਤੀਰਥ ਧਰਹਿਂ ਨਰਨਿ ਅਘ ਨਾਨਾ[1]।ਤੁਮਰੋ ਹੋਇ ਸਪਰਸ਼ਨਿ ਜਬੈ।ਪਾਵਨ ਹੋਤਿ ਨਾਸ਼ ਅਘ ਸਬੈ ॥ ੨੬ ॥ ਤੀਰਥ ਗਨ ਕੋ ਕਰਨਿ ਪੁਨੀਤ। ਗਮਨਤਿ ਹੋ ਇਮ ਬਿੱਛਾ ਚੀਤ। ਤਊ ਕਾਮਨਾ ਸੰਗਤਿ ਕੇਰੀ। ਪੂਰਨ ਕਰਿਬੇ ਉਚਿਤ ਬਡੇਰੀ ॥ ੨੭ ॥ ਕਰੋ ਕ੍ਰਿਤਾਰਥ, ਕੋ ਦਿਨ ਰਹੀਅਹਿ। ਬਹੁਰ ਗਮਹੁ ਜੈਸੇ ਚਿਤ ਚਹੀਅਹਿ।ਬਹੁਤ ਦਿਵਸ ਕੀ ਹਮਰੇ ਆਸ।ਤੁਮ ਪੂਰਹੁ ਧਾਰਤਿ ਭਰਵਾਸ' ॥ ੨੮ ॥ ਇੱਤਾਦਿਕ ਬਿਨਤੀ ਸੁਨਿ ਕਾਨ। ਮਾਨਤੇਂ ਰਹਨਿ ਗੁਰੂ ਭਗਵਾਨ। ਏਕ ਹਵੇਲੀ ਸੁੰਦਰ ਸਾਰੀ। ਸਭਿ ਸੰਗਤਿ ਨੇ ਦੀਨਿ ਸੁਧਾਰੀ ॥ ੨੯ ॥ ਤਹਾਂ ਨਾਨਕੀ ਮਾਤ ਸਿਧਾਰੀ।ਸ੍ਰੀ ਗੁਜਰੀ ਜੁਤਿ ਸੌਜ[2] ਉਦਾਰੀ।ਬਸੇ ਜਾਇ ਕਰਿ ਤਿਸ ਕੇ ਬੀਚ।ਦਰਸਤਿ ਭਏ ਊਚ ਅਰੁ ਨੀਚ ॥੩੦॥ ਕਰਹਿਂ ਤ੍ਰਿਬੇਨੀ ਨਿਤ ਇਸ਼ਨਾਨ।ਨਿਤ ਸੰਗਤਿ ਦਰਸ਼ਨ ਗਨ ਆਨਿ। ਸੁਨਿ ਸੁਨਿ ਗ੍ਰਾਮ ਨਗਰ ਜੇ ਔਰ। ਸੰਗਤਿ ਬਹੁ ਆਵਹਿ ਤਿਸ ਠੌਰ ॥ ੩੧ ॥ ਅਰਪਹਿਂ ਭੇਟ ਦਰਸ ਕਰਿ ਜਾਇਂ। ਦੇਗ ਅਖੰਡ[3] ਅੰਨ ਸਮੁਦਾਇ। ਸ੍ਰੀ ਗੁਰੁ ਕੀਨਿ ਹਵੇਲੀ ਬਾਸ। ਡੇਰਾ ਸਰਬ ਤ੍ਰਿਬੇਨੀ ਪਾਸ ॥ ੩੨ ॥ ਕੇਤਿਕ ਦਿਵਸ ਸੁ ਬਸਤਿ ਬਿਤਾਏ। ਏਕ ਸਮੈਂ ਥਿਤਿ ਸਹਿਜ ਸੁਭਾਏ। ਮਾਤ ਨਾਨਕੀ ਚਲਿ ਕਰਿ ਆਈ। ਕੀਨਿ ਜਾਚਨਾ ਸੁਤ ਅਗੁਵਾਈ॥੩੩॥'ਸੁਨਹੁ ਪੁੱਤਰ! ਲਾਲਸ ਮਮ ਉਰ ਕੀ। ਅਰੁ ਬਾਨੀ ਹੈ ਤਵ ਪਿਤ ਗੁਰੁ ਕੀ। ਯਾਤੇ ਰਹੋਂ ਪ੍ਰਤੀਖਤਿ ਸਦਾ। ਤਿਨ ਕੋ ਬਾਕ ਨ ਨਿਫਲਹਿ ਕਦਾ ॥ ੩੪ ॥-ਮਹਾਂ ਪ੍ਰਤਾਪਵੰਤ ਭੁਜ ਭਾਰੀ। ਮਹਾਂ ਸੂਰਮਾ ਪਰਉਪਕਾਰੀ। ਸ੍ਰੀ ਨਾਨਕ ਤੇ ਆਦਿ ਜਿ ਗੁਰੁ ਹੈਂ। ਸਕਲ ਗੁਨਨਿ ਕਰਿ ਬਹੁ ਭਰਪੁਰ ਹੈਂ ॥ ੩੫ ॥ ਸਭਿ ਕੋ ਸੁਜਸੁ ਪ੍ਰਕਾਸ਼ਨ ਵਾਰੋ। ਸਭਿ ਕੋ ਨਾਮ ਕਰੇ ਉਜਿਯਾਰੋ। ਅਸ ਸੁਤ ਉਪਜਹਿ ਸਦਨ ਤੁਮਾਰੇ-। ਖਸ਼ਟਮ ਗੁਰੁ ਇਮ ਬਾਕ ਉਚਾਰੇ ॥ ੩੬ ॥ ਸਿਮਰਿ ਸਿਮਰਿ ਬਚ ਮੈਂ ਅਭਿਲਾਖੀ। ਤੋਹਿ ਪੁੱਤ੍ਰ ਕਬਿ ਦੇਖਵਿ ਆਂਖੀ। ਸੋ ਦਿਨ ਕਬਿ ਹੋਵਹਿ ਮੁਝ ਆਈ।ਰਹੋਂ

[1]ਤੀਰਥਾਂ ਨੇ ਲੋਕਾਂ ਦੇ ਅਮਿਤ ਪਾਪ ਧਾਰੇ ਹੋਏ ਹਨ। [2]ਅਸਬਾਬ ਸਮੇਤ। [3]ਅਤੋਟ।

ਪ੍ਰਤੀਖਤਿ ਨਿਤ ਅਧਿਕਾਈ॥੩੭॥ ਸੁਤ ਕੇ ਸੁਤ ਕੋ ਲੇਕਰਿ ਗੋਦ। ਕਰੌਂ ਦੁਲਾਰਨਿ ਪਾਇ ਪ੍ਰਮੋਦ।ਹੇ ਸਪੁੱਤ੍ਰ! ਇਹੁ ਮੇਰੀ ਆਸਾ।ਪੂਰਨ ਕਰਹੁ ਦੇਹੁ ਸੁਖਰਾਸਾ॥ ੩੮ ॥ ਪ੍ਰਾਨ ਅਹੈਂ ਮੇਰੇ ਤਨ ਜਾਵਦ।ਤੁਵ ਨੰਦਨ ਕੋ ਦਰਸੈਂ ਤਾਵਦ'।ਸੁਨਿ ਜਨਨੀ ਕੇ ਬਾਕ ਸੁਹਾਏ। ਸ੍ਰੀ ਗੁਰੂ ਮੁਖ ਤੇ ਭਾਖਿ ਸੁਨਾਏ॥੩੯॥ 'ਹੇ ਜਨਨੀ! ਜੁ ਮਨੋਰਥ ਤੋਹੀ। ਪੌਤ੍ਰ ਬਿਲੋਕਨਿ ਕੋ ਸੁਖ ਹੋਹੀ। ਪਾਰਬ੍ਰਹਮ ਕਰਤਾਰ ਕ੍ਰਿਪਾਲਾ। ਪਰਮੇਸ਼ੁਰ ਸੁਖ ਸਿੰਧੁ ਅਕਾਲਾ॥ ੪੦ ॥ ਏਕੰਕਾਰ ਜੋਤਿਯਨਿ ਜੋਤੀ। ਚੇਤਨਤਾ ਸਭਿ ਘਟਨਿ ਉਦੋਤੀ। ਤਿਸ ਅਧੀਨ ਇਹ ਤੇਰੀ ਆਸ਼ਾ। ਪੂਰਨ ਕਰਹਿਂ ਹਮਹੁੰ ਭਰਵਾਸ਼ਾ॥ ੪੧ ॥ ਜਬਿ ਪ੍ਰਸੰਨ ਹੁਇ ਦੀਨਨ ਦਾਨੀ। ਦੇਂ ਸੁਤ ਤੇਜ ਪੁੰਜ ਬ੍ਰਹਮ ਗਯਾਨੀ। ਸਮਾ ਸਮੀਪ ਪਹੂਚਯੋ ਆਈ। ਨਿਤ ਅਰਾਧਿਬੇ ਮੈਂ ਮਤਿ ਲਾਈ॥ ੪੨ ॥ ਦਯਾਸਿੰਧੁ ਕਰਿ ਦਯਾ ਪਠਾਵੈਂ।ਅਪਨਿ ਮਨੋਰਥ ਕੋ ਅਬਿ ਪਾਵੈਂ'।ਸੁਨਤਿ ਪ੍ਰਸੰਨ ਨਾਨਕੀ ਹੋਈ। ਮਨੋਂ ਰੰਕ ਲੈ ਨਵ ਨਿਧਿ ਕੋਈ॥ ੪੩॥ ਨਿਜ ਅਨਕੂਲ ਪੁੱਤ੍ਰ ਕੇ ਬੈਨ। ਸੁਨਤਿ ਲਖੀ-ਅਬਿ ਦੇਖੌਂ ਨੈਨ-। ਪੁਨ ਸ੍ਰੀ ਤੇਗਬਹਾਦਰ ਚੰਦ। ਜੋਗ ਸਾਧਨਾ ਸਹਤ ਬਿਲੰਦ॥੪੪॥ਕਰਿ ਇਸ਼ਨਾਨ ਲਗਾਇ ਸਮਾਧਨਿ। ਨਿਤ ਪ੍ਰਤਿ ਸੁਤ ਹਿਤ ਕਰਹਿਂ ਅਰਾਧਨ। ਰਹੇ ਪ੍ਰਯਾਗ ਤ੍ਰਿਬੇਨੀ ਤੀਰ। ਨਿਤ ਆਵਹਿ ਸੰਗਤਿ ਕੀ ਤੀਰ॥ ੪੫ ॥ ਇਮ ਸ੍ਰੀ ਤੇਗਬਹਾਦਰ ਕਥਾ। ਰਹੇ ਪ੍ਰਯਾਗ ਬਖਾਨੀ ਤਥਾ। ਅਬਿ ਸ੍ਰੀ ਗੋਬਿੰਦ ਸਿੰਘ ਕੋ ਆਵਨਿ।ਬਰਨਨਿ ਕਰੌਂ ਸੰਤ ਮਨ ਭਾਵਨਿ ॥੪੬॥ ਲੇ ਆਗਯਾ ਪ੍ਰਭੁ ਕੀ ਜਿਮ ਆਏ।ਪੂਰਬ ਜਨਮ ਜਥਾ ਤਪ ਤਾਏ।ਸੋ ਅਬਿ ਸੁਨਹੁ ਕਥਾ ਗੁਨਖਾਨੀ। ਸ਼੍ਰੋਤਨਿ ਕੋ ਮਨ ਬਾਂਛਤਿ ਦਾਨੀ ॥੪੭॥ ਇਤਿ ਸ਼੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਪ੍ਰਯਾਗ ਆਗਮਨ ਸ੍ਰੀ ਤੇਗ ਬਹਾਦਰ ਕੋ' ਪ੍ਰਸੰਗ ਬਰਨਨੰ ਨਾਮ ਅਸ਼ਟ ਚਤ੍ਵਾਰਿੰਸਤੀ ਅੰਸੂ ॥ ੪੮ ॥

### ੪੯. [ਹਿਮ ਕੂੰਟ ਦੀ ਸ਼ੋਭਾ]।

ਦੋਹਰਾ ॥ ਪੂਰਬ ਤਪਸਾ ਕਰਨਿ ਕੀ ਕਹੌਂ ਕਥਾ ਗੁਰ ਪੂਤ[1]। ਪੂਰਬ ਕਰਿ ਹੌਂ ਅੰਤ ਲੌ ਸ੍ਰੀ ਗੁਰੁ ਕੀਰਤਿ ਪੂਤ[2] ॥ ੧ ॥ ਚੌਪਈ ॥ ਮੁਨੀ ਬੇਸ਼ ਧਰਿ ਸ੍ਰੀ ਪ੍ਰਭੁ ਆਪਹਿਂ। ਅਨਿਕ ਪ੍ਰਕਾਰ ਤਪਨਿ ਕੋ ਤਾਪਹਿਂ। ਹੇਮ ਕੂੰਟ ਪਰਬਤ ਬਿਸਤਾਰਾ[3]। ਝਰਨੇ ਝਰਹਿਂ ਅਨੇਕ ਪ੍ਰਕਾਰਾ ॥ ੨ ॥ ਨਿਸ ਬਾਸੁਰ

[1]ਪੂਰੇ ਗੁਰੂ ਜੀ ਦੀ ਪੂਰਬਲੇ ਜਨਮ ਵਿਖੇ ਤਪੱਸਯਾ ਕਰਨੇ ਦੀ ਕਥਾ ਕਹਿੰਦੇ ਹਾਂ। [2]ਸ੍ਰੀ ਗੁਰੂ ਜੀ ਦੀ ਕੀਰਤੀ ਨਾਲ ਭਰੀ ਹੋਈ ਕਥਾ ਪੂਰਨ ਕਰਾਂਗਾ ਅੰਤ ਤੀਕ। [3]ਵਿਸਤਾਰ ਵਾਲਾ।

ਜਿਨ ਮਹਿਂ ਧੁਨਿ ਭਾਰੀ। ਸੁੰਦਰ ਬਿਮਲ ਪ੍ਰਵਾਹਤਿ ਬਾਰੀ[੧]। ਕਹੂੰ ਬੇਗ ਸੋਂ ਚਲਹਿ ਸ ਜ਼ੋਰ। ਕਹੂੰ ਭੁਮਰਕਾ ਪਰਹਿਂ ਬਿਲੋਰ[੨] ॥ ੩ ॥ ਫਟਕ[੩] ਸਮਾਨ ਸ੍ਵੱਛ ਜਲ ਸੁੰਦਰ। ਨਾਰੇ[੪]* ਬਹੈਂ ਮੀਨ ਗਨ ਅੰਦਰ। ਕਹੂੰ ਫੇਨੁ[੫] ਉੱਜਲ ਬਿਧਿ ਰੂਰੇ। ਕਿਤ ਸੁਨੀਯਤਿ ਧੁਨਿ ਦੂਰਹਦੂਰੇ[੬] ॥ ੪ ॥ ਅਨਿਕ ਧਾਤੁ ਤ ਚਿੱਤ੍ਰਤਿ ਗਿਰਵਰ। ਪੀਤ, ਰਕਤ, ਅੰਜਨ ਕੇ ਸਮਸਰ[੭]। ਦੂਰਬਾ ਸਮ ਬੈਡੂਰਜ ਜਹਿੰਵਾ[੮]। ਅਨਿਕ ਭਾਂਤਿ ਕੀ ਔਸ਼ਧਿ[੯] ਤਹਿੰਵਾ ॥ ੫ ॥ ਸੁੰਦਰ ਥਲ ਜਹਿਂ ਅਨਿਕ ਪ੍ਰਕਾਰ। ਤੁੰਗ ਸਥੰਡਲ[੧੦] ਪਾਂਤਿ ਉਦਾਰ। ਚਾਰੋਂ ਓਰ ਨੀਰ ਤਹਿਂ ਫਿਰਿਹੀ। ਹਰਿਆਵਲ ਸਭਿ ਥਲ ਮਨ ਹਰਿਹੀ ॥ ੬ ॥ ਫੂਲਨ ਬਾਰੀ[੧੧] ਚਹੁੰ ਦਿਸ਼ਿ ਮਾਂਹਿ। ਰੰਗ ਰੰਗ ਕੇ ਬਿਗਸੇ[੧੨] ਤਾਂਹਿ। ਮਹਾਂ ਸੁਗੰਧਤਿ, ਭੌਰ ਗੁੰਜਾਰਤਿ। ਸੀਤਲ ਮੰਦ ਬਹਤਿ ਬਰ ਮਾਰੁਤ[੧੩] ॥ ੭ ॥ ਪਿਖਤਿ ਬਿਲੋਚਨ ਆਨੰਦ ਦਾਨੀ। ਰਚਨਾ ਮਨੁਹਰ ਗੰਧਨਿ ਸਾਨੀ[੧੪]। ਮ੍ਰਿਦੁਲ ਦਲਨਿ ਕੇ ਪਰੇ ਬਿਛੌਨੇ। ਰਕਤ ਬਰਨ ਕੇ ਦੀਖਤਿ ਲੌਨੇ[੧੫] ॥ ੮ ॥ ਫਲ ਮਧੁਰੇ ਬਹੁ ਸ੍ਵਾਦ ਬਿਸਾਲੇ। ਅਲਬਾਲਤਿ ਤਰੁ ਥਲ ਜਲ ਚਾਲੇ[੧੬]। ਖਗ ਮ੍ਰਿਗ ਸੇਵਤਿ ਜਿਸ ਕੋ ਨੀਤਾ। ਸਰਬ ਜੰਤੁ ਤੇ ਭੈ ਸਭਿ ਬੀਤਾ[੧੭] ॥ ੯ ॥ ਕਰਹਿਂ ਪਰਸਪਰ ਅਨੰਦ ਘਨੇਰਾ। ਬੈਰ ਬਿਸਾਰਯੋ ਆਪਸ ਕੇਰਾ। ਬ੍ਰਿੱਛਨ ਕੇ ਸੰਬੂਹ ਬਹੁ ਖਰੇ। ਖਰ ਸ੍ਵਾਦ ਫਲ ਦਲਕਲ ਹਰੇ[੧੮] ॥ ੧੦ ॥ ਸਾਲ[੧੯] ਸਰਲ[੨੦], ਬਦਰੀ[੨੧], ਕਚਨਾਲ[੨੨]। ਨਾਲਕੇਰ[੨੩], ਬਿੰਦੁਲ[੨੪], ਕ੍ਰਿਤਮਾਲ[੨੫]।

---

[੧]ਵਗਦਾ ਹੈ ਜਲ। [੨]ਉੱਜਲ ਰੰਗ ਦੀਆਂ। [੩]ਬਿਲੌਰ [ਸੰਸ:, ਸ੍ਫਟਕ]। [੪]ਨਾਲੇ। [੫]ਝੱਗ। [੬]ਦੂਰ ਦੂਰ ਤਕ। (ਅ) (ਕਿਤੇ) ਦੂਰ ਤੇ (ਕਿਤੇ) ਨੇੜੇ। [ਹਦੂਰੰ=ਨੇੜੇ]। [੭]ਪੀਲੇ, ਲਾਲ, ਸੁਰਮੇ ਵਤ (ਕਾਲੇ)। [੮]ਹਰੀ ਮਣੀਆਂ ਵਰਗਾ ਜਿੱਥੇ ਘਾਹ। [੯]ਦਵਾਈਆਂ (ਦੀਆਂ ਬੂਟੀਆਂ)। [੧੦]ਉੱਚੇ ਥੜੇ। [੧੧]ਫੁਲਵਾੜੀਆਂ। [੧੨]ਖਿੜੇ ਹਨ (ਫੁੱਲ)। [੧੩]ਸ੍ਰੇਸ਼ਟ ਵਾਯੂ। [੧੪]ਮਨੋਹਰ ਰਚਨਾ ਸੁਗੰਧੀਆਂ ਨਾਲ ਮਿਲੀ। [੧੫]ਲਾਲ ਰੰਗ ਦੇ ਬੜੇ ਸੁੰਦਰ ਦਿਖਾਈ ਦਿੰਦੇ ਹਨ। [੧੬]ਬ੍ਰਿੱਛਾਂ ਦੇ ਆਲੇ ਦੁਆਲੇ ਥਾਂ ਵਿਚ ਜਲ ਚਲਦਾ ਹੈ। [੧੭]ਭਾਵ ਸਾਰੇ ਜੰਤੂ ਨਿਡਰ ਫਿਰ ਰਹੇ ਹਨ। [੧੮]ਸੁੰਦਰ ਹਰੇ ਪੱਤੇ ਤੇ ਖਰੇ ਸੁਵਾਦਲੇ ਫਲ ਵਾਲੇ। [੧੯]ਸਾਲ ਬ੍ਰਿਛ। [੨੦]ਸਿੱਧੇ। (ਅ) ਪੂਤੀ ਕਾਸ਼ਟ ਯਾ ਪਿਤੱਦ੍ਰੂ ਨਾਮੇ ਬ੍ਰਿਛ। [ਦੇਖੋ ਕਵਿ ਜੀ ਦਾ ਕੋਸ਼]। (ੲ) ਚੀੜ੍ਹ ਜਿਸ ਵਿਚੋਂ ਗੰਦਾ ਬਰੋਜ਼ਾ ਨਿਕਲਦਾ ਹੈ। [੨੧]ਬੇਰ। [੨੨]ਕਚਨਾਰ ( ਜਿਸ ਦੇ ਫੁੱਲਾਂ ਦਾ ਰਾਇਤਾ ਪੈਂਦਾ ਹੈ )। [੨੩]ਨਾਲੀਏਰ। [੨੪]ਬਿਦੁਲ=ਜਲਬੈਂਤ [ਦੇਖੋ ਕਵਿ ਜੀ ਦਾ ਕੋਸ਼]। [੨੫]ਅੰਬਲ ਤਾਸ।

*ਪਾ:-ਕਾਰੇ।

ਮਾਲਿਕ ਪਿਚ[੧], ਫਲਰਹਾ[੨], ਰਸਾਲ[੩]। ਸ਼ਾਲਮਲੀ[੪], ਪੁੰਨਾਗ[੫] ਬਿਸਾਲ॥੧੧॥ ਸਿੰਦੁਕ[੬], ਤਿੰਦੁਕ[੭], ਮਧੁਰ[੮], ਤਮਾਲ[੯]।ਕਦਰ[੧੦], ਖਦਰ[੧੧] ਬਟ[੧੨], ਨਕ੍ਤੈਮਾਲ[੧੩]। ਕੁਲਕ[੧੪], ਤਿਲਕ[੧੫], ਚਲਦਲ[੧੬], ਸੁ ਕਦੰਬ[੧੭]। ਬਾਤ-ਪੋਤ[੧੮] ਸਿੰਸਪਾ[੧੯] ਕਦੰਬ[੨੦], ॥੧੨॥ ਖਰੇ[੨੧], ਮਧੂਕ[੨੨], ਉਦਾਲਕ[੨੩] ਹਰੇ। ਹਰੇਤਪਤ[੨੪], ਚੰਪਕ[੨੫] ਗੰਧ ਬਰੇ[੨੬]। ਬਰੇ ਲਤਾ ਇਕਸਾਰੇ ਜਰੇ[੨੭]। ਜਰੇ ਨ ਕਬਿ[੨੮], ਅਸ ਤਰੁ ਬਰ ਖਰੇ[੨੯] ॥੧੩॥ ਖਿਰਨੀ[੩੦], ਅਰਨੀ[੩੧], ਬਰਲ[੩੨] ਬਿਕੀਰਨ[੩੩]। ਕੀਰਨ[੩੪], ਸਪਤ ਪਰਨ[੩੫] ਬਿਸਤੀਰਨ[੩੬]। ਅਰਜਨ[੩੭], ਕੁੰਦ[੩੮], ਕੁੰਭ[੩੯], ਕਾਰੰਭਾ[੪੦]। ਰੰਭਾ[੪੧], ਭੂਰਿੰਡੀ[੪੨] ਸੁ ਅਰੰਭਾ॥ ੧੪॥

---

[੧]ਨਿੰਮ। [ਮਾਲਕ,ਪਿਚੁਮੰਦ ਦੋਵੇਂ ਨਿੰਮ ਦੇ ਨਾਮ ਹਨ।ਅਮਰ ਕੋਸ਼] (ੲ) ਪਾਠਾਂਤ੍ਰ-ਮਾਲ ਕਪਿਥ। ਮਾਲ=ਵਣ। ਕਪਿਥ=ਕੱਥ ਦਾ ਪੇੜ।[੨]ਪਾਟਲ ਨਾਮੇ ਬ੍ਰਿਛ [ਸੰਸ:,ਫਲੇਰੁਹਾ]। [੩]ਅੰਬ। [੪]ਕੋੜਾ ਸਿੰਮਲ। [੫]ਨਾਗ ਕੇਸਰ ਜਿਸ ਪੇੜ ਤੋਂ ਬਣਦਾ ਹੈ, ਜਿਸ ਨੂੰ ਰਕਤ ਬ੍ਰਿਛ ਯਾ ਸੁਲਤਾਨਾ ਚੰਪਾ ਬੀ ਆਖਦੇ ਹਨ। (ਅ)ਜਾਇਫਲ। [੬]ਸੰਭਾਲੂ[ਅਮਰ ਕੋਸ਼]। [੭]ਤੇਂਦੂ।ਜਿਸ ਦੀ ਲਕੜੀ ਆਬਨੂਸ ਕਹਿਲਾਉਂਦੀ ਹੈ। (ਅ) ਪੀਲਕ। [੮]ਮਧੁਰ=ਜੀਵਕ-ਬ੍ਰਿੱਛ, ਮਹੂਆ, ਜੰਗਲੀ ਬੇਰ, ਬਾਦਾਮ ਬ੍ਰਿਛ (ਅ) ਪਾ:-ਮਧੁਕ=ਮੁਲੱਠੀ, ਮਹੂਆ। [੯]ਤਮਾਲ (ਪ੍ਰਸਿੱਧ ਹੈ)। [੧੦]ਚਿੱਟੀ ਖੈਰ। [੧੧]ਖੈਰ। [੧੨]ਬੋਹੜ। [੧੩]ਕਰੰਜ ਬ੍ਰਿਛ, ਇਹ ਰਾਤ ਨੂੰ ਖਿੜਦਾ ਹੈ [ਸੰਸ:, ਨਕ੍ਤਮਾਲ]। [੧੪]ਕੁਚਲਾ ਯਾ ਕਾਕੇਂਦੂ।[੧੫]ਸ਼੍ਰੀਮਤ ਨਾਮੇ ਬੂਟਾ (ਅ) ਪੁੰਨਾਗ ਦੀ ਇਕ ਜਾਤੀ,(ੲ) ਫੁਲਾਹ।[੧੬]ਪਿੱਪਲ। [੧੭]ਇਕ ਬ੍ਰਿੱਛ ਜਿਸਨੂੰ ਬਰਸਾਤ ਵਿਚ ਗੋਲ ਗੋਲ ਪੀਲੇ ਫੁਲ ਲਗਦੇ ਹਨ, ਕ੍ਰਿਸ਼ਨ ਜੀ ਚੀਰ ਲੈਕੇ ਇਸੇ ਪਰ ਚੜ੍ਹੇ ਸਨ। [੧੮]ਹਰਿੰਡ। (ਅ) ਛਿੱਛਰਾ, ਪਲਾਸ਼ [ਸੰਸ:, ਵਾਤਪੋਥ]। [੧੯]ਟਾਹਲੀ। [੨੦]ਬਹੁਤੇ (ਸਮੂਹ)। [੨੧]ਬ੍ਰਿੰਦਾਲ ਬ੍ਰਿਛ. [ਯਥਾ:-ਏਣੀ, ਖਰਾ,ਗਰੀ, ਦੇਵਤਾੜ,ਜੀਮੂਤ। ਦੇਖੋ ਨਾਮ ਕੋਸ਼]। [੨੨]ਮਹੂਆ (ਅ) ਮੁਲੱਠੀ। [੨੩]ਲਸੂੜਾ [ਸੰਸ:, ਉਦ੍ਦਾਲ]। [੨੪]ਮੂਲੀ [ਸੰਸ:, ਹਰਿਤ੍ਪਰਣ] (ਅ) ਤਪਤ ਹਰਨ ਵਾਲੇ (ੲ) ਹਰੇਤਪਤ ਚੰਪਕ=ਹਰੇ ਪੱਤਿਆਂ ਵਾਲਾ ਚੰਬਾ।[੨੫]ਹੇਮ ਪੁਸ਼ਪਕ,ਖੁਸ਼ਬੂ-ਦਾਰ ਫੁਲਾਂ ਦਾ ਬ੍ਰਿਛ। [੨੬]ਖੁਸ਼ਬੂਦਾਰ। ਅਸਲ ਵਿਚ ਇਸ ਸਾਰੀ ਤੁਕ ਦਾ ਅਰਥ ਇਹ ਹੈ, ਹਰਿਆਂ ਪੱਤਿਆਂ ਵਾਲੇ ਤੇ ਖੁਸ਼ਬੂਦਾਰ ਚੰਪਕ ਨਾਮੇ ਬ੍ਰਿਛ। ਇਹ ਪਦ ਚੰਪਕ ਹੈ ਜੋ ਇਕ ਬ੍ਰਿਛ ਹੈ, ਖੁਸ਼ਬੂਦਾਰ ਪੀਲੇ ਫੁੱਲਾਂ ਵਾਲੀ ਚੰਬੇਲੀ ਇਸਦਾ ਅਰਥ ਨਹੀਂ ਹੈ। [੨੭]ਵੇਲਾਂ ਨਾਲ (ਵਟੇ=) ਵੇੜ੍ਹੇ ਹੋਏ (ਮਾਨੋਂ) ਇਕ ਸਾਰ ਜੜੇ ਹੋਏ। [੨੮]ਸੁਕੇ ਸੜੇ ਨਹੀਂ ਕਦੇ।[੨੯]ਐਸੇ ਸ੍ਰੇਸ਼੍ਟ ਬ੍ਰਿਛ ਖੜੇ ਹਨ। [੩੦]ਨਿਮੋਲੀ ਵਰਗੇ ਇਕ ਮਿੱਠੇ ਫਲ ਦਾ ਪੇੜ।[੩੧]ਇਕ ਬ੍ਰਿਛ ਜਿਸ ਦੀ ਲੱਕੜੀ ਯੱਗ ਵਿਚ ਕੰਮ ਆਉਂਦੀ ਹੈ, ਅਗਨ ਮੰਥਿਕਾ। [੩੨]ਤਿਕ੍ਤ ਸ਼ਾਖ ਬ੍ਰਿਛ [ਅਮਰ ਕੋਸ਼] [੩੩]ਅੱਕ। [੩੪]ਖਿੰਡੇ ਹੋਏ। (ਅ) ਸੂਰਾਣਾਲੀ ਬ੍ਰਿਛ [ਸੰ:, ਕਰੁਣ]। [੩੫]ਛਤਵਨ ਦਾ ਬੂਟਾ, ਵਿਸ਼ਾਲ ਤ੍ਵਚ, ਸਪਤਪੁੜਾ। (ਅ) ਤੂਤ। [੩੬]ਫੈਲੇ ਹੋਏ। [੩੭]ਨਦੀ ਸਰਜ ਨਾਮੇ ਬ੍ਰਿਛ। ਇਹ ਹਿੰਦੁਸਤਾਨ ਵਿਚ ਨਦੀਆਂ ਕਿਨਾਰੇ ਹੁੰਦਾ ਹੈ। (ਅ) ਕਾਹ। [੩੮]ਮਰਵਤਖਾਨ। [੩੯]ਕਲਸ਼। [੪੦]ਕਾਫਨੀ,ਗੰਦ੍ਰ[ਅਮਰ ਕੋਸ਼]। [੪੧]ਕੇਲਾ। [੪੨]ਹਸ੍ਤੀ ਹਸਤਨੀ[ਸੰਸ:, ਭੁਰੁੰਡੀ ਅਮਰ ਕੋਸ਼ ਨੇ ਭੁਰੁੰਡੀ ਨਾਮ ਅਰਥੀ ਦਾ ਦਿੱਤਾ ਹੈ ਤੇ ਹੋਰ ਕਈ ਕੋਸ਼ਕਾਰਾਂ ਨੇ ਇਕ ਪ੍ਰਕਾਰ ਦੀ ਸੂਰਜ ਮੁਖੀ ਦਾ ਨਾਮ ਦੱਸਿਆ ਹੈ।

ਨੀਰਲਫਲ[੧], ਗੂਲਰ[੨], ਰ ਕਨੇਰ[੩]। ਨੇਰ ਨੇਰ ਮੁਦਪਰਨ[੪] ਘਨੇਰ[੫]।
ਬੀਰਬ੍ਰਿੱਖ[੬], ਚੈਤਕੀ[੭], ਬਹੇਰਾ[੮]। ਹੇਰਾ ਜਿਨ ਦੇ ਮੋਦ ਬਡੇਰਾ[੯] ॥
੧੫ ॥ ਕੁਟਜ[੧੦], ਕੁਟੰਨਟ[੧੧], ਸੀਤਾ[੧੨], ਬੰਜਲ[੧੩]। ਜਲ ਜੁਤਿ[੧੪]
ਰਾਇਬੇਲ[੧੫], ਤਰੁ ਮੰਜਲ[੧੬]। ਤਲ[੧੭], ਛਿਤ[੧੮], ਕੇਸੁ[੧੯], ਮਾਲਤੀ[੨੦]*

---

[੧]ਸਮੁੰਦ੍ਰ ਫਲ ਨਾਮੇ ਬ੍ਰਿਛ [ਸੰਸ: ਨਿਚੁਲ]। [੨]ਗੁੱਲਰ, ਬੋਹੜ ਪਿੱਪਲ ਦੀ ਜਾਤ ਦਾ ਬ੍ਰਿਛ ਹੈ। [੩]ਕਨੇਰ ਪ੍ਰਸਿੱਧ ਹੈ [ਸੰਸ:, ਕਣੇਰ]। [੪]ਬਨਮੂੰਗ। ਮੂੰਗਫਲੀ [ਸੰਸ:, ਮੁਦਗ੍ਰਪਰ੍ਣੀ]। [੫]ਵਡੀ (ਅ) ਗਨਿਯਾਰੀ ਨਾਮੇ ਬੂਟਾ ਜਿਸ ਨੂੰ ਛੋਟੀ ਅਰਣੀ ਬੀ ਕਹਿੰਦੇ ਹਨ। [੬]ਭਿਲਾਵਾ [ਸੰਸ, ਵੀਰਤਰੁ]। ਵੀਰਤਰੁ ਦੇ ਹੋਰ ਅਰਥ ਇਹ ਹਨ:-ਤਾਲ ਮਖਾਣਾ, ਅਰਜੁਨ ਬ੍ਰਿਛ ਦੀ ਇਕ ਜਾਤੀ, ਪਿਆ ਸਾਰ, ਸ਼ਰ ਨਾਮੇ ਘਾਸ, ਵੀਰ ਨਾਮ ਖਸ, ਕਾਲੀ ਮਰਚ, ਪੁਸ਼ਕਰ ਮੂਲ, ਆਲੂ ਬੁਖਾਰਾ, ਕਰੰਜ, ਕਨੇਰ ਆਦਿਕਾਂ ਨੂੰ ਬੀ ਕਹਿੰਦੇ ਹਨ। [੭]ਹਰੀੜ, ਪੀਲੀ ਹਰੀੜ [ਸੰਸ:, ਚੇਤਕੀ]। [੮]ਬਹੇੜਾ। [੯]ਜਿਨ੍ਹਾਂ ਨੇ ਡਿੱਠਾ ਹੈ ਉਨ੍ਹਾਂ ਨੂੰ ਬਹੁਤ ਖੁਸ਼ੀ ਦੇਂਦਾ ਹੈ। [੧੦]ਕੁਰਯਾ, ਇੰਦ੍ਰ ਜੌਂ। [੧੧]ਸਯੋਨਾਕ ਨਾਮੇ ਬ੍ਰਿਛ, ਸਾਖੋਨ। [੧੨]ਸੀਤਾ ਫਲ ਤੋਂ ਮੁਰਾਦ ਜਾਪਦੀ ਹੈ। (ਅ) ਸ਼ੀਤਾ ਨਾਮ ਅਮਲਤਾਸ ਦਾ ਬੀ ਹੈ। (ੲ) ਕਕਹੀ ਦਾ ਬਟਾ।(ਸ) ਪਾਤਾਲਗਾਰੜੀ ਵੇਲ। [੧੩]ਗਿਆਨੀ ਅਰਥ ਮੌਲਸਿਰੀ ਕਰਦੇ ਹਨ। (ਅ) ਅਮਰ ਕੋਸ਼ ਨੇ ਤਿਨੀਸ਼, ਬੈਂਤ ਤੇ ਅਸ਼ੋਕ ਬ੍ਰਿਛ ਇਸ ਦੇ ਪ੍ਰਯਾਯ ਵਾਚੀ ਪਦ ਦਿੱਤੇ ਹਨ। (ੲ) ਵੰਜਲ ਇਕ ਪ੍ਰਕਾਰ ਦੇ ਗੁੜ੍ਹਲ ਦੇ ਪੇੜ ਨੂੰ ਬੀ ਕਹਿੰਦੇ ਹਨ; ਜਿਸ ਦੇ ਫੁਲ ਸੁਹਣੇ ਹੁੰਦੇ ਹਨ [ਸੰਸ: ਵੰਜੁਲ]। (ਸ) ਸੀਤਾ ਵੰਜੁਲ=ਦੋਇ ਨਾਮ ਬੈਂਤ ਦੇ ਅਰਥਾਂ ਵਿਚ ਅਮਰ ਕੋਸ਼ ਨੇ ਪ੍ਰਯਾਯ ਵਾਚੀ ਵੀ ਲਿਖੇ ਹਨ। [੧੪]ਜਲ= ਸੁਗੰਧਬਾਲਾ ਨਾਮੇ ਬੂਟੀ। ਜੁਤਿ=ਸਮੇਤ। [੧੫]ਰਵੇਲ। ਵੱਡਾ ਚੰਬਾ। [੧੬]ਇਕ ਪ੍ਰਕਾਰ ਦੀ ਅੰਜੀਰ ਦਾ ਬ੍ਰਿਛ। (ਅ) ਇਕ ਜਲ ਵਿਚ ਹੋਣ ਵਾਲਾ ਪੌਦਾ। (ੲ) ਵੇਲਾਂ ਤੇ ਸ਼ਾਖਾਂ ਨਾਲ ਬਣਿਆ ਮੰਡਪ ਯਾ ਕੁੰਜ। [੧੭]ਤਾੜ ਦਾ ਬ੍ਰਿਛ। [੧੮]ਕਰਜ ਯਾ ਕਰੰਜ ਦਾ ਪੌਦਾ, ਜਿਸ ਨੂੰ ਕੰਜਾਂ ਬੀ ਕਹਿਦੇ ਹਨ। ਕਰੰਜ੍ਵਾ ਤੇ ਮੀਚਕਾ ਇਸੇ ਦੇ ਨਾਮ ਜਾਪਦੇ ਹਨ। [ਸੰਸ: ਛਿਤ੍ਰ]। [੧੯]ਕੇਸੂ ਫੁੱਲਾਂ ਦਾ ਪੇੜ, ਛਿੱਛਰਾ। [੨੦]ਇਕ ਪ੍ਰਕਾਰ ਦੀ ਵੇਲ ਜਿਸ ਨੂੰ ਚਿੱਟ ਖੁਸ਼ਬੂਦਾਰ ਫੁੱਲ ਬਰਸਾਤ ਵਿਚ ਫੁਲਦੇ ਹਨ। ਕਵੀਆਂ ਨੇ ਇਸ ਨੂੰ ਬਹੁਤ ਵਰਤਿਆ ਹੈ, ਜਸ ਦੀ ਉਪਮਾ ਇਸ ਨਾਲ ਦੇਂਦੇ ਹਨ। ਇਹ ਵੇਲ ਅਕਸਰ ਬ੍ਰਿਛਾਂ ਤੇ ਚੜ੍ਹਕੇ ਉਨ੍ਹਾਂ ਨੂੰ ਢਕ ਲੇਂਦੀ ਹੈ। ਹਿਮਾਲਯਾ ਦੇ ਬਨਾਂ ਵਿਚ ਬਹੁਤ ਹੁੰਦੀ ਹੈ। ਪੰਜਾਬ ਵਿਚ ਕਿਤੇ ਕਿਤੇ ਬਾਗਾਂ ਵਿਚ ਯਤਨ ਨਾਲ ਚਲਦੀ ਹੈ। (ਅ) 'ਤਲ ਛਿਤ ਕੇ ਸੁ ਮਾਲਤੀ ਜਾਲ' ਦਾ ਕਈ ਸਿਆਣੇ ਐਉਂ ਅਰਥ ਬੀ ਲਾਉਂਦੇ ਹਨ:-ਪ੍ਰਿਥਵੀ ਦੇ ਤਲ ਦੀਆਂ ਸਾਰੀਆਂ ਮਾਲਤੀ (ਆਦਿ ਲਤਾ)। ਪਤਾ ਰਹੇ ਕਿ ਮਾਲਤੀ ਆਮ ਚੰਬੇਲੀ ਦਾ ਨਾਮ ਨਹੀਂ ਹੈ।

*ਪਾ:-ਕਿੰਸਮਾਲਤੀ।

ਜਾਲ[੧] । ਜਾਲਇੰਗਦੀ[੨] ਖਰੇ ਬਿਸਾਲ[੩] ॥ ੧੬ ॥ਉਤਕੰਟਕ[੪], ਸਮੇਦਨ[੫], ਸਹਿਕਾਰ[੬] । ਸਮੀ[੭], ਸਸੰਬਰ[੮]*, ਸਾਵਰ[੯], ਸਾਰ[੧੦] । ਜੰਬੂ[੧੧] ਰੁਚਿਰ[੧੨] ਮਾਲਤੀ[੧੩] ਤਾਲ[੧੪] । ਤਾਲ ਭਰੇ ਸੁੰਦਰ ਜਲ ਨਾਲ[੧੫] ॥ ੧੭ ॥ ਦੇਵ-ਦ੍ਵਾਰ[੧੬], ਅਮਰੂਦਕ[੧੭], ਸੇਵ[੧੮] । ਸੇਵਤਿ ਖਗ ਜਿਨ ਸ਼ੋਭਾ ਦੇਵ[੧੯] । ਜ਼ਰਦਾਲੂ[੨੦], ਅੰਗੂਰ ਉਦਾਰ[੨੧]।ਦਾਰਮ[੨੨], ਨਾਗਰੰਗ[੨੩] ਫਲ ਭਾਰ[੨੪] ॥੧੮॥

ਸੈਯਾ॥ਕੋਰਨਿ[੨੫] ਕੇ ਮੁਖ ਚੈ[੨੬]ਮੁਕਲੇ[੨੭]ਬਿਕਸੇ ਰੰਗ ਫੂਲ ਨਿਕੋਰਨ[੨੮] ਕੋ।ਕੋਰਨਿ ਕੇ ਧਰਤਾ ਬਹੁ ਰਾਜਤਿ ਬਾਜਤਿ ਪਾਤ ਪਤੋਰਨਿ[੨੯]ਕੋ।ਤੋਰਨਿ ਕੋ[੩੦] ਨਹਿਂ ਦਾਇ ਬਡ ਫਲ ਬੂਟ ਬਿਸਾਲ ਬਿਜੋਰਨਿ[੩੧] ਕੋ । ਜੋਰਨ ਕੋ[੩੨]

[੧]ਵਣ, ਜਿਸ ਨੂੰ ਪੀਲੂ ਦਾ ਫਲ ਲਗਦਾ ਹੈ [ ਪੰਜਾਬੀ, ਜਾਲ ] । [੨]ਜੀਆ ਪੋਤਾ [ ਸੰਪ੍ਰਦਾਈ] । (ਅ) ਤਾਪਸਤਰੂ [ਅਮਰ ਕੋਸ਼] ( ੲ ) ਹਿੰਗੋਟ, ਮਾਲ ਕੰਗਣੀ [ ਹਿੰਦੀ ] । [੩]ਖੜੇ ਹਨ ਉੱਚੇ ਉੱਚੇ । [੪]ਤਜ, ਜਿਸ ਦੇ ਫਲ ਕਰੌਂਦੇ ਨਾਲ ਮਿਲਦੇ ਹਨ । [ ਸੰਸ:, ਉਤ੍ਕੰਟ ] ( ਅ ) ਹੀਸ, ਗਰਨਾ । [੫]ਤਿਨਿਸ਼ ਬ੍ਰਿੱਛ । ਪ੍ਰੰਤੂ ਇਹ ਅੱਗੇ ਵੰਜੁਲ ਦੇ ਅਰਥਾਂ ਵਿਚ ਬੀ ਆ ਚੁਕਾ ਹੈ (ਅ ) ਗਿਆਨੀ ਇਸ ਦਾ ਅਰਥ ਤੁਣ ਬੀ ਕਰਦੇ ਹਨ । [੬]ਖੁਸ਼ਬੂਦਾਰ ਅੰਬ । [੭]ਜੰਡ । [ ਸੰਸ:, ਸ਼ਮੀ] । [੮]ਇਕ ਪ੍ਰਕਾਰ ਦਾ ਸਾਲ, ਅਸ਼੍ਵਕਰਣੀ ! [ਸੰਸ:, ਸਸਜਸੰਵਰ] । [੯]ਲੋਧ ਬ੍ਰਿੱਛ [ਸੰਸ:, ਸ਼ਾਵਰ] । [੧੦]ਚਰੌਂਜੀ ਦਾ ਪੌਦਾ । ਸੰਸ:, ਸਾਰ] । (ਅ) ਬਾਂਸ । [ਸੰਸ:, ਤ੍ਵਕਸਾਰ] । [੧੧]ਜਾਮਨੂੰ । [੧੨]ਸੁਹਣੇ। [੧੩]ਮਾਲਤੀ ਅੱਗੇ ਆ ਚੁਕਾ ਹੈ, ਏਥੇ ਮਤਲਬ 'ਮਾਲਤੀਫਲ' ਤੋਂ ਹੋ ਸਕਦਾ ਹੈ ਜੋ ਜਾਇਫਲ ਦਾ ਨਾਮ ਹੈ । (ਅ) ਕਈ ਦਾਨੇ ਅੰਕ ੧੬ ਵਿਚ ਆਏ ਮਾਲਤੀ ਪਦ ਦਾ ਅਰਥ ਚੰਬੇਲੀ ਕਰਦੇ ਹਨ ਤੇ ਏਥੇ ਮਧੁਮਾਲਤੀ ਅਰਥ ਕਰਦੇ ਹਨ । [੧੪]ਤਾੜ ਬ੍ਰਿੱਛ । ਇਹ ਪਹਾੜਾਂ ਪਰ ਹੋਣੇ ਵਾਲੀ ਇਕ ਤਾੜ ਦੀ ਕਿਸਮ ਹੈ (Coryphataliera) [੧੫]ਸੁੰਦਰ ਪਾਣੀ ਨਾਲ ਭਰੇ ਹੋਏ ਤਲਾਉ । [੧੬]ਦੇਉਦਾਰ, ਦਿਆਰ । [੧੭]ਅਮਰੂਦ। [੧੮]ਸੇਉ, ਸੇਬ । 'ਅਮਰੂਦਕ ਸੇਉ' ਤੋਂ ਮੁਰਾਦ ਜਾਪਦੀ ਹੈ ਕਸ਼ਮੀਰੀ ਮਿੱਠੇ ਸੇਵ ਦੀ, ਜਿਸ ਦਾ ਮੁਰੱਬਾ ਪੈਂਦਾ ਹੈ ਤੇ ਔਖਧੀ ਵਿਚ ਵਰਤਦੇ ਹਨ। ਕਸ਼ਮੀਰੀ ਵਿਚ ਇਸ ਨੂੰ 'ਅਮਰੂ ਸੇਉ' ਕਹਿੰਦੇ ਹਨ । [੧੯]ਜਿਨ੍ਹਾਂ ਨੂੰ ਖਾਂਦੇ ਹੋਏ ਪੰਛੀ ਸ਼ੋਭਾ ਦੇ ਰਹੇ ਹਨ । [੨੦]ਇਕ ਪ੍ਰਕਾਰ ਦਾ ਪੀਲੇ ਰੰਗ ਦਾ ਗੋਲ ਆੜੂ । ਆੜੂ ਤੇ ਖੁਰਮਾਨੀ ਦੇ ਵਿਚਕਾਰ ਇਕ ਫਲ ਹੈ । ਕਦੇ ਖੁਰਮਾਨੀ ਤੇ ਹਾੜੀ ਨੂੰ ਤੇ ਕਦੇ ਇਕ ਤਰ੍ਹਾਂ ਦੇ ਅਲੂਚੇ ਨੂੰ ਬੀ ਕਹਿ ਲੈਂਦੇ ਹਨ । [੨੧]ਦਾਖਾਂ ਵਡੀਆਂ । ਭਾਵ ਲੰਮੇ ਅੰਗੂਰ । [੨੨]ਅਨਾਰ । [੨੩]ਨਾਰੰਗੀ । [੨੪]ਵਡੇ ਫਲ ( ਅ ) ਫਲਾਂ ਨਾਲ ਭਰੇ ਹੋਏ । [੨੫]ਕਲੀਆਂ [ ਸੰਸ:, ਕੋਰ, ਕੋਰਿਕ ] । [੨੬]ਸਮੂਹ । [ ਸੰਸ:, ਚਯ ] । [੨੭]ਅਧਖੁਲੇ [ ਸੰਸ:, ਮੁਕੁਲਿਤ=ਅੱਧੀ ਖੁੱਲ੍ਹੀ ਕਲੀ] । [੨੮]ਨਵੇਂ ਨਿਕੋਰ । [੨੯]ਪੱਤੇ ਹਵਾ ਦੇ ਚੱਲਣੇ ਨਾਲ [ਪਾਤ ਪ+ਤੋਰਨ । ਪਾਤ=ਪੱਤਾ । ਪ=ਹਵਾ, ਪੌਣ । ਤੋਰਨ=ਤੁਰਨਾ, ਚੱਲਣਾ । [ਸੰਸ: ਵਿਚ ਬੀ ਤੁਰ੍ ਧਾਤੂ ਚਲਣੇ ਅਰਥ ਵਿਚ ਹੈ)] । [੩੦]ਤੋੜਨ ਦੇ । [੩੧]ਬਿਜੋਰੀ, ਇਕ ਪ੍ਰਕਾਰ ਦਾ ਮੋਟੀ ਛਿੱਲ ਵਾਲਾ ਮਿੱਠਾ ਯਾ ਮਿੱਠਾ ਚਕੋਧਰਾ । [੩੨]ਜੋੜ ਕਰਕੇ, ਜੋੜ ਜੋੜ ਕੇ । ( ਅ ) ਜੋੜਿਆਂ ਦੇ ।

*ਪਾ:-ਸੂੰਸੀ=ਪੀਲੂ ।

ਸਿਖਰੇ ਜਨੁ ਗੁੰਦਤਿ ਬਾਯੁ ਕੇ ਬੇਗ ਅਕੋਰਨ ਕੇ[1]* ॥੧੯॥ ਸੈਯਾ॥ ਬਾਰੀ[2] ਬਡੀ,ਤਰੁ ਝੂਲ ਰਹੇ,ਅਨਕੂਲ ਬਹੈ ਨਿਤ ਮੂਲਨ ਬਾਰੀ[3]।ਬਾਰੀਨ ਪਾਇ[4] ਬਿਹੰਗਮ ਬੋਲਤਿ ਨੰਦਨ[5] ਕੀ ਸੁਖਮਾ[6] ਸਭਿ ਬਾਰੀ[7]। ਬਾਰੀ ਅਧੂਮ[8] ਮਨੋ ਅਗਨੀ, ਅਸ ਲਾਲ ਮਹਾਂ ਫਲ ਫੂਲਨ ਬਾਰੀ[9]। ਬਾਰੀਜ[10]

[1]ਭੇਟ। ਕਰਨੇ ਨੂੰ। ਇਸ ਸ੍ਵੈਯੇ ਦਾ ਅਰਥ ਸ੍ਰੀਮਾਨ ਸੱਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ ਨੇ, ਜੋ ਸ੍ਰੀ ਗੁਰ ਪ੍ਰਤਾਪ ਸੂਰਜ ਦੇ ਮੰਨੇ ਪ੍ਰਮੰਨੇ ਪੰਡਤ ਸਨ, ਅਰ ਅਨੇਕਾਂ ਸਾਧੂਆਂ ਤੇ ਗ੍ਰਿਹਸਤੀਆਂ ਨੂੰ ਜਿਨ੍ਹਾਂ ਨੇ ਇਹ ਪੁਸਤਕ ਪੜ੍ਹਾਇਆ ਸੀ, ਇਸ ਪ੍ਰਕਾਰ ਲਾਇਆ ਕਰਦੇ ਸਨ, ਉਨ੍ਹਾਂ ਦੇ ਆਪਣੇ ਹੱਥਾਂ ਦਾ ਲਿਖਿਆ ਇਹ ਅਰਥ ਅਜੇ ਤਕ ਇਕ ਕਾਪੀ ਵਿਚ ਅਸਾਂ ਪਾਸ ਪਿਆ ਹੈ ਜਿਸ ਦੀ ਹੂਬਹੂ ਫੋਟੋ ਅਸੀਂ ਹੇਠਾਂ ਦੇਂਦੇ ਹਾਂ:-

ਕੋਰਨ ਕੈ ਮੁਖ ਚੌਮੁਕਲੈ ਬਿਕਸੇ ਰੰਗ ਫੂਲ ਨਿਕੋਰਨ ਕੈ
ਕਲੀਆਂ ਦੇ ਮੁਖੜੇ ਅੱਧ ਖੁਲ੍ਹੇ ਹਨ ਅਤੇ ਖਿੜੇ ਹੋਏ ਹਨ ਰੰਗਦਾਰ ਫੁੱਲ ਨਵੇਂ ਨਿਕੋਰ॥
ਅਥਵਾ ਰੰਗਦਾਰ ਫੁੱਲ ਕੋਰ [illegible] ਕਿਨਾਰਿਆਂ ਵਾਲੇ ਕਰੋੜਾਂ ਹੀ ਤਰਾਂ ਦੇ॥
ਕੋਰਨ ਕੈ ਧਕਤਾ ਬਹੁ ਰਾਜਤ, ਭ੍ਰਾਜਤ ਪਾਤ ਪਟੋਰਨ ਕੈ
ਕਲੀਆਂ ਦੇ [illegible], ਬਹੁਤੇ ਸਾਰੇ ਸੁੰਦਰ [illegible] ਜਦੋਂ ਪਵਨ
ਦੇ ਵੇਗ ਕਰਕੇ ਹਿਲਦੇ ਹਨ ਪੱਤੇ [illegible]
ਤੋਰਨ ਕੈ ਸੰਗਿ ਦਾੜਿਮ ਪੱਕੇ ਫਲ ਬਟ ਬਿਸਾਲ ਬਿਜੌਰਨ ਕੈ
[illegible] ਨਵੀਆਂ ਉੱਤੇ ਫਲ, ਵੱਡੇ ਵੱਡੇ ਬਿਜੌਰੀਆਂ ਦੇ
[illegible]
ਜੋਰਨ ਕੈ ਸਿਖਰੇ ਜਨ ਗੁੰਦਤ ਬਾਯੁ ਕੈ ਬੇਗ ਅਕੋਰਨ ਕੈ
ਮਾਨੋ ਬ੍ਰਿਛਾਂ ਦੇ ਸਿਖਰਾਂ ਤੇ ਜੋੜ ਜੋੜ ਕੇ ਗੁੰਦੇ ਹੋਏ ਹਨ, [illegible] ਦੇ ਗਜਰੇ ਪਵਨ
ਦੀ ਭੇਟਾ ਕਰਨੇ ਨੂੰ। ਅਥਵਾ ਪਵਨ ਦੇ ਵੇਗ ਦੀ ਭੇਟਾ ਕਰਨ ਖਾਤਰ॥
ਭਾਵ ਬ੍ਰਿਛਾਂ ਦੇ ਫਲ ਪਵਨ ਕਰਕੇ [illegible]
ਹੱਥੀਂ ਤੋੜਨੇ ਦੀ [illegible] ਨਹੀਂ।

[2]ਵਾੜੀ, ਉਪਬਨ। [3]ਜਲ ਦਾ ਮੂਲ ਭਾਵ ਵਾਯੂ। (ਅ) ਜੜ੍ਹਾਂ ਯਾ ਮੁੱਢਾਂ ਕੋਲ ਪਾਣੀ ਫਿਰ ਰਿਹਾ ਹੈ। [4]ਵਾਰੀ ਨਾ ਪਾਕੇ, ਭਾਵ ਵਾਰੋ ਵਾਰੀ ਨਹੀਂ ਸਗੋਂ ਇਕੋ ਵੇਲੇ ਸਾਰੇ ਰਲ ਮਿਲਕੇ (ਅ ਵਾਰੀਨ ਪਾਇ=ਵਾਰੀਆਂ ਨੂੰ ਪਾਕੇ, ਵਾਰੋ ਵਾਰੀ, ਕਦੇ ਕੋਈ ਕਦੇ ਕੋਈ। [5]ਇੰਦਰ ਦਾ ਬਾਗ ਜੋ ਸੁਰਗ ਵਿਚ ਹੈ। [6]ਸ਼ੋਭਾ। [7]ਵਾਰ ਦਿਤੀ। [8]ਧੂਏਂ ਤੋਂ ਰਹਿਤ ਬਾਲੀ ਹੈ। [9]ਵਾੜੀ। [10]ਬਾਰਿਜ=ਜਲ ਤੋਂ ਜੰਮਿਆ ਭਾਵ ਕਮਲ। ਇਸ ਸ੍ਵੈਯੇ ਦਾ ਅਰਥ:-[ ੧ ਸਤਰ ] ਉਪਬਨ (ਬਹੁਤ) ਵੱਡਾ ਹੈ, ਬ੍ਰਿਛ ਝੂਮ ਰਹੇ ਹਨ, ਕਿਉਂਕਿ ਉੱਥੇ) ਸਦਾ ਅਨਕੂਲ ਵਾਯੂ ਵਗ ਰਹੀ ਹੈ।[੨ ਸਤਰ] ਪੰਛੀ ਰਲ ਮਿਲ ਕੇ ਸਾਰੇ ਬੋਲ ਰਹੇ ਹਨ, ( ਐਸੀ ਸ਼ੋਭਾ ਹੋ ਰਹੀ ਹੈ ਕਿ ) ਇੰਦਰ ਦੇ ਬਾਗ ਦੀ ਸਾਰੀ ਸ਼ੋਭਾ ਇਸ ਤੋਂ ਵਾਰ ਘੱਤੀ। [ ੩ ਸਤਰ ] ( ਇਹੀ ) ਵਾੜੀ ਬਹੁਤੇ ਲਾਲ ਰੰਗ ਦੇ ਫਲਾਂ ਫੁਲਾਂ ਨਾਲ ਐਸੀ (ਸ਼ੋਭਿਤ ਹੋ ਰਹੀ ਹੈ ਕਿ) ਮਾਨੋਂ ਧੂਏਂ ਤੋਂ ਰਹਿਤ ਅਗਨੀ (ਕਿਸੇ ਨੇ) ਬਾਲ ਰੱਖੀ ਹੈ। [੪ ਸਤਰ] ਅਨੇਕਾਂ ਰੰਗਾਂ ਦੇ ਕਮਲ ( ਖਿੜ ਰਹੇ ਹਨ ) ਭੌਰਿਆਂ ਦੇ ਝੁੰਡ ਉਹਨਾਂ ਪਰ ਗੁੰਜਾਰ ਕਰਦੇ ਤੇ ਸਦਕੇ ਹੋ ਰਹੇ ਹਨ।

*ਏਹ ਛੰਦ ਅੱਗੇ ਰੁਤ ੧ ਅੰਸੂ ੪੬ ਅੰਕ ੫ ਵਿਚ ਵੀ ਆਵੇਗਾ।

ਰੰਗ ਅਨੇਕਨ ਕੇ ਗਨ ਭੌਰ ਗੁੰਜਾਰ ਤਿਨ੍ਹੋ ਪਰ ਬਾਗੇ ॥ ੨੦ ॥
ਚਿੱਤ੍ਰਪਦਾ ਛੰਦ ॥ ਮੋਰ ਬਿਹੰਗ, ਮਰਾਲ ਬਿਸਾਲ, ਕਬੂਤਰ, ਕੋਕਿਲ ਕੀਰ[੧],ਅਘੋਰ[੨]।ਘੋਰਨ ਤੇ ਘਨ ਬੋਲਿ ਉਠੈਂ[੩] ਪਿਖਿ ਚਾਤ੍ਰਿਕ ਖੰਜਨ ਕੀ ਸੁਨਿ ਸ਼ੋਰ। ਸੋ ਰਹਿੰ ਸੇਵਤਿ[੪] ਕਾਨਨ ਕੋ, ਨਿਤ ਬੈਰ ਬਿਸਾਰਿ, ਨਹੀਂ ਕਰ ਜੋਰ[੫]। ਜੋਰ[੬] ਸਦੰਪਤਿ ਹ੍ਵੈ ਕਰਿ ਕੂੰਜਤਿ[੭] ਬੈਠਤਿ ਪੰਖ ਸੁਧਾਰਤਿ ਮੋਰਿ[੮]* ॥ ੨੧ ॥ ਜੋਟ ਮਿਲੇ ਚਕਵਾਨਿ ਜਿ ਕੂੰਜਤਿ ਪੂਜਤਿ ਕਾਮ ਰਹੇ ਹਰਖਾਇ। ਖਾਇ ਸਦਾ ਮਨ ਭਾਵਤਿ ਜੇ ਫਲ, ਭੌਰ ਗੁੰਜਾਰਤਿ ਹੈਂ ਅਕੁ-ਲਾਇ[੯]। ਲਾਇਕ ਜੇ ਸੁਖਦਾਇਕ ਸੁੰਦਰ ਅੰਦਰ ਕਾਨਨ ਕੇ ਬਿਰਧਾਇ। ਧਾਇ ਮਹਾਂ ਮ੍ਰਿਗਮਾਲ[੧੦] ਫਿਰੈਂ ਗਨ[੧੧]ਰੋਝ ਝੰਖਾਰਨ ਕੇ ਸਮੁਦਾਇ[੧੨] ॥ ੨੨॥ ਕੇਹਰਿ,ਭਾਲਕ ਡੋਲਤਿ ਹੈਂ[੧੩],ਗਜ ਬੋਲਤਿਹੈਂ ਕਰਨੀਅਵਲੋਕਿ[੧੪]। ਬਾਘ ਬਕਾਰਿ, ਫਨੀਨ ਫੁੰਕਾਰਿ, ਮਨੀਨ ਸੁਧਾਰਿ, ਬਸੈਂ ਕਰਿ ਓਕਾਕੋਲ

---

[੧]ਤੋਤੇ। [੨]ਸੁਹਾਵਣੇ। [੩]ਬਦਲਾਂ ਦੇ ਘੁਰ ਘੁਰ ਕਰਨ ਤੇ ਬੋਲ ਉੱਠਦੇ ਹਨ। [੪]ਉਹ (ਪੰਛੀ) ਰਹਿੰਦੇ ਹਨ ਸੇਂਵਦੇ ਭਾਵ ਵਿਚਰਦੇ ਰਹਿੰਦੇ ਹਨ। [੫]ਜ਼ੋਰ। [੬]ਜੋੜਾ। [੭]ਕੁੰਜਾਂ(ਵਿਚ ਬੈਠਦੇ ਹਨ)। [ਕੁੰਜ=ਵੇਲਾਂ ਟਹਿਣੀਆਂ ਤੋਂ ਬਣਿਆਂ ਰਮਣੀਕ ਥਾਂ]। (ਅ) ਕੂੰਜਨਾਂ=ਬੋਲਣਾ। ਗੁਟਕਦੇ ਹਨ। ਚਹਿਕਦੇ ਹਨ। [੮]ਇਸ ਸੈਯੇ ਦੇ ਅਰਥ:-[ਪਹਿਲੀ ਸਤਰ] ਮੋਰ,ਹੰਸ, ਕਬੂਤਰ,ਕੋਇਲ, ਤੋਤੇ ਆਦਿ ਸੁਹਾਵਣੇ ਪੰਛੀ (ਏਥੇ ਬਹੁਤ) ਹੁੰਦੇ ਹਨ। [ਦੂਜੀ ਸਤਰ] ਬੱਦਲ ਦੇ ਗਰਜਨ ਪਰ ਚਾਤ੍ਰਿਕ ਤੇ ਮਮੋਲੇ (ਬੱਦਲਾਂ ਨੂੰ ਆਉਂਦੇ) ਵੇਖਕੇ ਬੋਲ ਉਠਦੇ ਹਨ (ਉਨ੍ਹਾਂ ਦਾ ਇਹ) ਸ਼ੋਰ ਸੁਣਨ (ਲਾਇਕ ਹੁੰਦਾ ਹੈ)। (ਅ) ਦੇਖੋ ਏਥੇ ਅਚਰਜ) ਚਾਤ੍ਰਿਕਾਂ ਤੇ ਮਮੋਲਿਆਂ ਦਾ ਸ਼ੋਰ ਸੁਣਕੇ ਬੱਦਲ ਬੀ ਘੋਰ (ਸ਼ਬਦ ਨਾਲ) ਬੋਲ ਉੱਠਦਾ ਹੈ। [ਤੀਜੀ ਸਤਰ (ਏਥੇ ਵੱਸਣ ਵਾਲੇ) ਓਹ (ਭਾਵ ਪੰਛੀ) ਬਨਾਂ ਵਿਚ ਵਿਚਰਦੇ ਰਹਿੰਦੇ ਹਨ (ਆਪੋ ਵਿਚ) ਵੈਰ ਨੂੰ ਵਿਸਾਰ ਕੇ ਤੇ ਨਹੀਂ ਕਰਦੇ ਜ਼ੋਰ (ਇਕ ਦੂਏ ਦੇ ਉੱਤੇ)। ਚੌਥੀ ਸਤਰ] ਇਸਤ੍ਰੀ ਪਤੀ ਦਾ ਜੋੜਾ ਹੋਕੇ ਕੁੰਜਾਂ ਵਿਚ ਬੈਠਦੇ ਹਨ ਪੰਖ ਸੁਆਰਦੇ ਹਨ ਤੇ ਮੋੜ (ਖਾ ਖਾ ਕੇ ਟੁਰਦੇ ਹਨ)। [੯]ਵਿਆਕੁਲ ਹੋਕੇ, ਮਗਨ ਹੋਕੇ। [੧੦]ਹਰਨਾਂ ਦੀਆਂ ਡਾਰਾਂ। [੧੧]ਗਨ—ਸਮੂਹ, ਵੱਗ। [੧੨]ਝੁੰਡ। ਇਸ ਸਾਰੇ ਸੈਯੇ ਦਾ ਅਰਥ ਐਉਂ ਹੈ:-[੧ ਸਤਰ] ਚਕਵਿਆਂ ਦੇ ਜੋੜੇ ਮਿਲਕੇ ਚਹਿਕ ਰਹੇ ਹਨ, ਕਾਮਨਾ ਪੂਰਨ ਹੋ ਰਹੀਆਂ ਹਨ, (ਇਸ ਲਈ ਖ਼ੁਸ਼ ਹੋ ਰਹੇ ਹਨ, [੨ ਸਤਰ] ਜੋ ਮਨ ਭਾਉਂਦੇ ਫਲ ਹਨ ਉਹ ਸਦਾ ਖਾ ਰਹੇ ਹਨ। ਭੌਰੇ ਮਗਨ ਹੋ ਹੋ ਕੇ ਗੁੰਜਾਰ ਰਹੇ ਹਨ। [੩ ਸਤਰ] (ਰਹਿਣੇ ਦੇ, ਲਾਇਕ ਤੇ ਸੁਖਦਾਈ ਹੋਣ ਕਰਕੇ ਇਸ) ਬਨ ਵਿਚ (ਸਾਰੇ)ਸੁੰਦਰ (ਪੰਛੀ) ਵਧ ਰਹੇ ਹਨ। [੪ ਸਤਰ] ਮਿਰਗਾਂ ਦੀਆਂ ਡਾਰਾਂ, ਨੀਲਗਾਇ ਦੇ ਵੱਗ, ਬਾਰਾਂ ਸਿੰਗਿਆਂ ਦੇ ਝੁੰਡ ਦੌੜੇ ਫਿਰਦੇ ਹਨ। [੧੩]ਟਹਿਲ ਰਹੇ ਹਨ। [੧੪]ਹਥਨੀਆਂ ਨੂੰ ਵੇਖਕੇ।

*ਇਹ ਛੰਦ ਵੀ ਅਗੇ ਰੁਤ ੧ ਅੰਸੂ ੪੬ ਅੰਕ ੬ ਵਿਚ ਆਵੇਗਾ।

ਸਸੇ, ਨਕੁਲੇ ਤਰਕੈਂ[1] ਗਨ ਜੰਬੁਕ, ਸਾਰਕ[2], ਸਾਰਸ[3] ਕੋਕ[4]। ਕ੍ਰੌਂਚ[5] ਸੁ ਆਰਨਚੂੜ[6] ਪੁਕਾਰਤਿ ਕੋਕ ਸੁ ਬੱਤਕ ਬ੍ਰਿੰਦ ਅਸ਼ੋਕ[7]* ॥੨੩॥ ਸੈਯਾ ਛੰਦ। ਅਨਿਕ ਰੀਤਿ ਕੇ ਮੁਨਿ ਤਪ ਤਾਪਤਿ, ਇਕ ਫਲ ਖਾਂਇ, ਖਾਹਿਂ ਇਕ ਪਾਤ। ਜਲਹਾਰੀ, ਤ੍ਰਿਣਹਾਰੀ ਕੇਤਿਕ, ਨਿਰਾਹਾਰ ਕੇਤਿਕ ਨਹਿਂ ਖਾਤਿ। ਸ਼ੁਸ਼ਕਪੱਤ੍ਰ ਭੱਖਣਤਿ[8] ਨਿਤਪ੍ਰਤਿ ਇਕ, ਪੰਚਾਗਨਿ ਤੇ ਤਾਪਤਿ ਗਾਤ[9]। ਕਿਤਕ ਸਥੰਡਲਸਾਈ[10] ਤਾਪਤਿ ਬਰਖਾ ਸੀਤ ਸਹੈਂ ਸਭਿ ਭਾਂਤਿ ॥ ੨੪॥ ਅਸਮ ਕੁੰਟ[11], ਤਨ ਬਲਕਲਧਾਰੀ[12], ਊਰਧ ਪਗ[13] ਕੇਤਿਕ ਲਟਕੰਤਿ। ਜਲਸਾਈ[14], ਇਕ ਬਿਚਰਤਿ ਨਿਤਪ੍ਰਤਿ ਏਕ ਚਰਨ[15] ਦ੍ਵੈਹਾਥਉਠੰਤਿ[16]। ਕੇਤਿਕ ਬਿੱਦਯਾ ਬ੍ਰਹਮ ਬਿਚਾਰਤਿ ਸਮ ਸਰੂਪ[17] ਸਭਿ ਬਿਖੈ ਲਖੰਤਿ। ਸਵਿਤਾ ਤੇਜ ਹੁਤਾਸਨ ਜੈਸੋ[18] ਤਿਸ ਬਨ ਮਹਿਂ ਅਸ ਤਪੀ ਬਸੰਤਿ॥੨੫॥ ਜਥਾ ਕ੍ਰਿਪਨ ਧਨ ਸੰਚਨ ਮਹਿਂ ਮਨ ਤਿਮ ਤਪ ਕੋ ਸੰਚਤਿ ਦਿਨ ਰੈਨ। ਜਿਮ ਇਸਤ੍ਰੀ ਕਾਮੀ ਉਰ ਬਾਸਹਿ[19] ਤਿਮ ਬ੍ਰਹਮਬਿੱਦਯਾ ਬਸਹਿ ਟਰੈ ਨ। ਨ੍ਰਿਪਤਿ ਨਿਕਟਤਾ ਚਹਿ ਭ੍ਰਿਤ ਨਿਤ ਜਸ ਤਸੁ ਅਕਾਲ ਚਹਿਂ ਸ਼ਰਨਿ ਸਦੈਨ[20]। ਜਯੋਂ ਦਾਰਿੱਦ੍ਰ ਹਰਨ ਕਹੁ ਗ੍ਰਿਹਸਤੀ ਤਯੋਂ ਹਤਿ ਮੋਹ ਚਹਿਤਿ

---

[1]ਉਛਲਦੇ ਹਨ [ਹਿੰ: ਤਰਕਨਾ; ਤੜਕਨਾ]। [2]ਸਾਰਿਕਾ=ਮੈਨਾ [ਸੰਸ:]। (ਅ) ਗੁਟਾਰ [ਪੰਜਾਬੀ]। [3]ਲੰਮੀਆਂ ਲੱਤਾਂ ਵਾਲਾ ਇਕ ਵੱਡਾ ਜਲ ਪੰਖੀ। [4]ਕੂਕ ਰਹੇ ਹਨ। (ਅ) ਕੋਕ=ਚਕਵਾ, (ੲ) ਡੱਡੂ। [5]ਇਕ ਤਰ੍ਹਾਂ ਦੀ ਕੂੰਜ, ਕਰਾਕੁਲ। [6]ਕੁੱਕੜ। [7][ਸਾਰੇ ਸੈਯੇ ਦਾ ਅਰਥ] ਸ਼ੇਰ ਤੇ ਭਾਲੂ ਟਹਿਲ ਰਹੇ ਹਨ, ਹਾਥੀ ਹਥਨੀਆਂ ਨੂੰ ਵੇਖ ਵੇਖ ਕੇ ਬੋਲ ਰਹੇ ਹਨ। [ਦੂਸਰੀ ਸਤਰ] ਬਾਘ ਬੁੱਕਦੇ ਹਨ, ਫਨੀਅਰ (ਸਪ) ਫੁੰਕਾਰਦੇ ਹਨ (ਤੇ ਮਣੀਆਂ ਨੂੰ ਨੁਧਾਰਦੇ ਹਨ, (ਤੇ ਸਾਰੇ ਜੀਵ ਆਪੋ ਆਪਣੇ) ਘਰ ਬਣਾਕੇ (ਸੁਖੀ) ਵਸਦੇ ਹਨ। [ਤੀਸਰੀ ਸਤਰ] ਸੂਰਾਂ, ਸਹਿਆਂ, ਨਿਉਲਿਆਂ ਤੇ ਗਿੱਦੜਾਂ ਦੇ ਸਮੂਹ ਉੱਛਲ ਰਹੇ ਹਨ, ਮੈਨਾ ਤੇ ਸਾਰਸ ਬੋਲ ਰਹੇ ਹਨ। [ਚੌਥੀ ਸਤਰ] ਕ੍ਰੌਂਚ, ਕੁੱਕੜ, ਚਕਵੇ ਤੇ ਬੱਤਖਾਂ ਸਾਰੇ ਖੁਸ਼ਖੁਸ਼ ਪੁਕਾਰ ਰਹੇ ਹਨ। [8]ਖਾਂਦੇ ਹਨ। [9]ਸਰੀਰ ਨੂੰ। [10]ਬ੍ਰਤ ਦੇ ਕਾਰਣ ਜੋ ਭੁੰਜੇ ਸਵੇਂ [ਸੰਸ: ਸਥੰਡਿਲਸ਼ਾਯਿਨੑ]। [11]ਇਕ ਪ੍ਰਕਾਰ ਦੇ ਬਾਨ ਪ੍ਰਸਥੀ ਜੋ ਪੱਥਰ ਨਾਲ ਅੰਨ ਕੁੱਟਕੇ ਪਕਾਉਂਦੇ ਸਨ [ਸੰਸ:, ਅਸ਼੍ਮਕੁਟ੍ਟ]। [12]ਭੋਜ ਪੱਤ੍ਰ ਪਹਿਨਕੇ। [13]ਪੈਰ ਉਪਰ ਨੂੰ ਕਰਕੇ। [14]ਜਲ ਪਰ ਸੌਣ ਵਾਲੇ [ਸੰਸ:, ਜਲ ਸ਼ਾਯਿਨੑ]। [15]ਸਦਾ ਇਕ ਪੈਰ ਦੇ ਭਾਰ ਤੁਰਦੇ ਹਨ। [16]ਦੋ ਹੱਥ ਉਚੇ ਕਰੀ ਰਖਦੇ ਹਨ। [17]ਭਾਵ ਬ੍ਰਹਮ ਸਰੂਪ। [18]ਸੂਰਜ ਤੇ ਅਗਨ ਦਾ ਤੇਜ ਜਿਵੇਂ ਹੋਵੇ। [19]ਜਿਵੇਂ ਕਾਮੀ ਦੇ ਹਿਰਦੇ ਵਿਚ ਇਸਤ੍ਰੀ ਵਸਦੀ ਹੈ। [20](ਜਿਵੇਂ) ਰਾਜੇ ਦੇ ਨੇੜੇ ਹੋਣ ਨੂੰ ਨੌਕਰ ਚਾਹੁੰਦਾ ਹੈ ਤਿਵੇਂ ਅਕਾਲ ਪੁਰਖ ਦੀ ਸ਼ਰਨ ਨੂੰ ਸਦਾ ਚਾਹੁੰਦੇ ਹਨ।

*ਇਹ ੨੨ ਤੇ ੨੩ ਵਾਂ ਛੰਦ ਬੀ ਅੱਗੇ ਰੁੱਤ ੧ ਅੰਸੂ ੪੬ ਅੰਕ ੭ ਤੇ ੮ ਵਿਚ ਥੋੜੇ ਥੋੜੇ ਫਰਕ ਨਾਲ ਆਵੇਗਾ।

ਚਿਤ ਚੈਨ॥੨੬॥ਉੱਤਮ ਜਿਨਹੁੰ ਕਾਮਨਾ ਮਨ ਮਹਿਂ ਤਿਨ ਤਪਸਨਿ ਕੌ ਤ੍ਰਿਹ ਬਨ ਬਾਸ। ਜਨਮ ਮਰਨ ਜਿਨ ਕਬਹੁੰ ਨ ਹੁਇ ਫੁਨ ਗੋਯ ਗ੍ਯਾਨ ਅੱਗ੍ਯਾਨ ਬਿਨਾਸ਼[1]।ਪੁੰਨ ਅਸ਼ੇਸ਼, ਲੇਸ਼ ਜਿਨ ਪਾਪ ਨ, ਖਾਪਿ ਬਿਕਾਰਨਿ, ਥਾਪ ਪ੍ਰਕਾਸ਼[2]। ਬੀਤਰਾਗ[3], ਬਡਭਾਗ ਸੁ ਪਾਵਨ ਅਸ ਪੁਰਸ਼ੋਤਮ ਪਰਮ ਨਿਵਾਸ ॥੨੭॥ ਤਿਨ ਕੇ ਬਡ ਮਹਿੰਤ ਹੁਇ ਬਾਸਹਿਂ ਕਠਨ ਕਰਤਿ ਤਪ ਸ਼ੰਭੁ ਸਮਾਨ। ਰੋਕਿ ਰਿਖੀਕਿ ਨੀਕ ਬਿਧਿ ਪ੍ਰਭੁ ਜੂ ਉਰਧ ਕਰੇ ਇਕ ਪਦ ਜੁਗ ਪਾਨ[4]।ਜਿਮ ਗਿਰ ਪਰ ਤਰੁ ਸਥਿਰ ਸਿਸਰ ਰੁਤ ਤਿਮ ਰਹਿਂ ਅਚਲ ਰਿਦਾ ਦਿਢ ਠਾਨਿ। ਮਨਹੁੰ ਕਮਲ ਪਰ ਚਤੁਰਬਦਨ[5] ਥਿਤ, ਤਪ ਕੋ ਤਪਹਿਂ ਮਹਿਤ ਸਵਧਾਨ ॥੨੮॥ ਆਮਿਖ ਸ਼ੁਸ਼ਕ ਦਿਖਤਿ ਧਮਨੀ ਗਨ[6], ਤੇਜ ਪ੍ਰਤਾਪ ਦਸੋ ਦਿਸ਼ਿ ਛਾਇ। ਜਿਮ ਗ੍ਰੀਖਮ ਮੱਧ੍ਯਾਨ ਭਾਨੁ ਹੁਇ ਡਰ-ਪਤਿ ਚਿਤ ਸਭਿ, ਸਹਿ ਨ ਸਕਾਇ[7]। ਅਗਨੀ ਮਨਹੁੰ ਅਧੂਮ ਪ੍ਰਕਾਸ਼ਤਿ, ਅੱਗ੍ਰੈ ਆਇ ਨ ਕੋਇ ਥਿਰਾਇ। ਬ੍ਰਹਮਲੋਕ ਲੌ ਤੇਜ ਤਪਨ ਕਹੁ ਬਿਥਰ੍ਯੋ ਜਹਿਂ ਕਹਿ ਦ੍ਰਿਸ਼ਹਿ[8] ਸੁਭਾਇ ॥੨੯॥ ਜੀਤ੍ਯੋ ਮਨ ਹੁਇ ਧ੍ਯਾਨ ਪਰਾਇਨ ਕਰਤਾ ਪੁਰਖ ਸਾਥ ਲਿਵਲਾਇ। ਸਰਬ ਜੋਤਿ ਕੀ ਜੋਤਿ ਉਦੋਤਕ[9] ਅਸ ਸਰੂਪ ਮਹਿਂ ਰਹੇ ਸਮਾਇ। ਏਕ ਰੂਪ ਹੁਇ ਤਨ ਸੁਧਿ ਬਿਸਰੀ ਪਾਰਬ੍ਰਹਮ ਪਰਮੇਸੁਰ ਪਾਇ।ਬੀਤੇ ਬਰਖ ਅਸੰਖ,ਏਕ ਭੇ ਮੂਰਤਿ ਤਪ ਕੀ ਤਨੁ ਸੁਹਾਇ[10]॥੩੦॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਤਪ ਕਰਨਿ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯॥

### ੫੦. [ਬ੍ਰਹਮਾ ਵਲੋਂ ਦੇਵਤਿਆਂ ਪ੍ਰਤਿ ਪੁਰਾਤਨ ਕਥਾ]।

ਦੋਹਰਾ ॥ ਦ੍ਰਿਢ ਤਪਸਾ ਮਹਿਂ ਧ੍ਯਾਨ ਲਗਿ[11] ਤਪ ਕੋ ਤੇਜ ਬਿਸਾਲ। ਖਰਭਰ ਦੇਵਨ ਮਹਿਂ ਪਰ੍ਯੋ ਆਕੁਲ[12] ਭੇ ਤਿਸ ਕਾਲ ॥ ੧ ॥ ਸੈਯਾਛੰਦ। ਅਗਨਿ ਪੁਰੋਗਮ[13] ਸਹਿਤ ਪੁਰੰਦਰ[14] ਗਏ ਬ੍ਰਿੰਦ ਸੁਰ ਬ੍ਰਹਮਾ ਪਾਸ।

---

[1]ਅੱਗ੍ਯਾਨ ਨਾਸ਼ ਕਰਕੇ ਗ੍ਯਾਨ ਦੇ ਗਿਆਤਾ ਹੋ ਗਏ। [2]ਭਾਵ ਪ੍ਰਕਾਸ਼ ਵਿਚ ਇਸਥਿਤ। [3]ਜਿਨ੍ਹਾਂ ਦਾ ਰਾਗ ਦ੍ਵੈਖ ਮੁੱਕ ਗਿਆ ਹੈ। [4]ਇਕ ਪੈਰ ਦੇ ਭਾਰ ਦੋਵੇਂ ਹੱਥ ਉਚੇ ਕੀਤੇ। [5]ਬ੍ਰਹਮਾ। [6]ਮਾਸ ਸੁੱਕ ਕੇ ਸਭ ਨਾੜਾਂ ਦਿਸਦੀਆਂ ਹਨ। [7]ਜਿਵੇਂ ਹੁਨਾਲੇ ਦੀ ਦੁਪਹਿਰ ਦਾ ਸੂਰਜ ਹੋਵੇ ਸਭ ਦਾ ਚਿਤ (ਉਸ-ਤੋਂ) ਡਰਦਾ ਹੈ, ਕੋਈ ਸਹਿ ਨਹੀਂ ਸਕਦਾ। (ਅ) (ਸਕਾਇ=) ਸੇਕ ਨਹੀਂ ਸਹਾਰ ਸਕਦਾ। [8]ਅਦ੍ਰਕ ਤੋਂ ਭਾਵ ਹੈ। [9]ਉਦੇ ਕਰਨ ਵਾਲੇ (ਅਕਾਲ ਪੁਰਖ)। [10]ਸਰੀਰ ਇਕ ਤਪ ਦੀ ਮੂਰਤੀ ਹੋਕੇ ਸ਼ੋਭ ਰਿਹਾ ਹੈ। [11]ਲਗਾਇਆ ਹੋਇਆ। [12]ਵਿਆਕੁਲ। [13]ਦੇਖੋ ਰਾਸ ੨ ਅੰਸੂ ੧੨ ਅੰਕ ੧੬ ਦਾ ਪ੍ਰਯਾਯ। [14]ਇੰਦਰ।

'ਕਿਸਨੇ ਤੇਜ ਤਿਗਮ ਤਪ[1] ਤਾਪਯੋ ਸੁਰਗ ਲੋਕ ਲੌ ਭਯੋ ਪ੍ਰਕਾਸ਼ ?। ਨਹੀਂ ਸਹਾਰ ਸਕਹਿਂ ਸੁਰ ਸਾਰੇ ਕਠਨ ਘੋਰ ਅਸ ਬਿਦਤਯੋ ਰਾਸ।ਕਰੁਨਾ ਕਰਹੁ ਸਹਾਇਕ ਹ੍ਵੈ ਕਰਿ ਹਮਰੇ ਸੰਸੈ ਦੇਹੁ ਬਿਨਾਸ਼'॥੨॥ਕਹਯੋ ਦ੍ਰੁਹਣ[2] ਨੇ'ਚਿੰਤਾ ਤਯਾਗਹੁ ਕਾਲ ਸਮਾਪਤਿ ਤਪ ਕੋ ਆਇ[3]। ਅਖਲ ਜਗੰਤ ਕੋ ਰੱਛਕ ਸ੍ਵਾਮੀ ਸੋ ਤੁਮਰੇ ਭੀ ਹੋਹਿ ਸਹਾਇ। ਪ੍ਰਥਮ ਅਵਤਰੇ[4] ਪ੍ਰਭੁ ਪੁਰਸ਼ੋਤਮ ਸ਼੍ਰੀ ਨਾਨਕ ਨਿਜ ਨਾਮ ਧਰਾਇ। ਬਰਤਯੋ ਬਿਨਾ ਕਾਲ ਕਲਿ ਭੈਰਵ[5] ਭਰਯੋ ਨਰਕ ਪਾਪੀ ਸਮੁਦਾਇ ॥ ੩ ॥ ਤਿਨ ਜੀਵਨਿ ਕੋ ਨਾਮ ਅਲੰਬ ਦ੍ਵਿਧ ਸਤਿਸੰਗਤਿ ਕੋ ਪੰਥ ਬਿਸਾਲ[6]। ਤਪ ਆਦਿਕ ਮੈਂ ਲਖਿ ਅਸ਼ਕਤਿ ਨਰ ਸ਼੍ਰੇਯ ਸੁਖੇਨ ਪਾਇਂ ਤਤਕਾਲ।ਭੰਗ ਮੁਸ਼ਟ ਤਿਨ* ਬਖਸ਼ਿਸ਼ ਕੀਨਸਿ† ਗਮਨੇ ਜਮਨ ਸੁ ਅਬੈ ਕੁਚਾਲ[7]। ਹਿੰਦੁਨਿ ਧਰਮ ਬਿਨਾਸ਼ਨ ਚਾਹਤਿ ਮਹਾਂ ਮੰਦ ਮਤਿ ਦੁਸ਼ਟ ਕਰਾਲ॥੪॥ ਸੀਸ ਦੇਯ ਕੂਰੇ ਤਿਨ ਕਰਿ ਕੈ ਹਰਹਿਂ ਤੇਜ ਤਿਨ ਰਾਜ ਬਿਨਾਸਿ। ਨੌਸਰੀਰ ਧਰਿ ਬਰਤੇ ਪ੍ਰਭੁ ਜੀ ਅਬਿ ਦਸਮੇ ਕੋ ਕਰਹਿਂ ਪ੍ਰਕਾਸ਼। ਦੇਵੀ ਦੇਵ ਦੇਹੁਰੇ ਤੀਰਥ ਆਗਮ[8] ਨਿਗਮ ਅਪਰ ਮਤਿ ਰਾਸ[9]।ਹਿੰਦੁ ਧਰਮ ਕੇ ਰੱਛਕ ਹੋਵਹਿਂ ਸ਼੍ਰੀ ਗੁਰਗੋਬਿੰਦ ਸਿੰਘ ਹੁਲਾਸ[10]॥੫॥ਪਰਮਤੇ ਜਸੀ,ਪਰਮ ਸੂਰਮੇ,ਪਰਮ ਅਮਾ-ਨੁਖ[11] ਕਰਮ ਕਰੇਹਿਂ।ਜਿਨ ਕੋਤਪ ਕੋਤੇਜ ਤਿਗਮ[12]ਇਹਸੋਅਬਿ ਧਰਹਿਂ ਜਾਇ ਨਰ ਦੇਹਿ। ਅਖਿਲ ਜੋਤਿ ਕੀ ਜੋਤਿ ਪ੍ਰਕਾਸ਼ਕ ਸ਼੍ਰੀ ਨਾਨਕ ਕੀ ਧਾਰਹਿਂ ਏਹਿ[13]।ਤੁਮ ਭੀ ਜਾਹੁ ਜਗਤ ਮੈਂ ਜਿਤ ਕਿਤ ਮਨੁਜ ਸਰੀਰਨਿ ਕੋ ਧਰਿ ਲੇਹਿ' ॥ ੬ ॥ ਦੋਹਰਾ॥ ਇੰਦ੍ਰ ਪੁਰੋਗਮ ਸੁਰ ਕਹਯੋ[14] 'ਅਸ ਤਪਸੀ

---

[1]ਉੱਗ੍ਰ ਤੇਜ ਵਾਲਾ ਤਪ [ਸੰਸ:, ਤਿਗ੍ਮ]। [2]ਬ੍ਰਹਮਾ। [3]ਤਪ ਦਾ ਸਮਾਂ ਮੁੱਕਣ ਨੂੰ ਆਇਆ ਹੈ। [4]ਅਵਤਾਰ ਧਾਰਿਆ। [5]ਭਯਾਨਕ ਕਲਜੁਗ ਬਿਨਾ ਸਮੇਂ ਤੋਂ ਵਰਤਿਆ ਹੈ। [6]ਸ਼੍ਰੇਸ਼ਟ ਰਸਤਾ (ਚਲਾਯਾ ਨੇ)। [7]ਮੁਸਲਮਾਨ ਹੁਣ ਖੁਟਿਆਈ ਵਿਚ ਪੈ ਗਏ ਹਨ। [8]ਸ਼ਾਸਤ੍ਰ। [9]ਵੇਦ ਤੇ ਹੋਰ ਮਤ ਸਾਰੇ। [10]ਅਨੰਦ (ਸਰੂਪ)। [11]ਜੋ ਮਨੁੱਖ ਦੇ ਪਾਸੋਂ ਨਾ ਹੋ ਸਕਣ, ਭਾਵ ਉੱਚੇ ਤੇ ਔਖੇ। [12]ਉੱਗ੍ਰ ਤੇਜ ਵਾਲਾ। [13]ਸਾਰੇ ਜੋਤੀਆਂ ਦੇ ਪ੍ਰਕਾਸ਼ਕ ਸ੍ਰੀ ਗੁਰੂ ਨਾਨਕਦੇਵ ਜੀ ਦੀ ਇਹ ਜੋਤ ਨੂੰ ਧਾਰਨਗੇ। [14]ਇੰਦ੍ਰ ਪਰੋਗਮ ਤੇ (ਹੋਰ) ਦੇਵਤਿਆਂ ਨੇ ਕਿਹਾ (ਬ੍ਰਹਮਾ ਨੂੰ)।

*ਪਾ:—ਭਾਂਗ ਪੁਸ਼ਟ ਪਰ। †ਪੰਜਾਬੀ ਮਹਾਵਰਾ ਹੈ 'ਭੰਗ ਦੇ ਭਾੜੇ ਚੀਜ਼ ਦੇਣੀ' ਭਾਵ ਹੈ ਮੁਫਤ ਦੇ ਦੇਣਾ, ਇਹੋ ਅਰਥ ਏਥੇ ਹੈ। ਕਈ ਲੋਕ ਅਰਥ ਕਰਦੇ ਹਨ ਕਿ ਭੰਗ ਦੀਆਂ ਮੁੱਠਾਂ ਲੈਕੇ ਬਦਲੇ ਵਿੱਚ ਰਾਜ ਦਿੱਤਾ, ਇਹ ਗ਼ਲਤ ਹੈ, ਕਿਉਂਕਿ ਕਵਿ ਜੀ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਬਾਬਰ ਦੇ ਪ੍ਰਸੰਗ ਵਿੱਚ ਭੰਗ ਲੈਣ ਤੇ ਰਾਜ ਦੇਣ ਦਾ ਜ਼ਿਕਰ ਕੋਈ ਨਹੀਂ ਕਰ ਆਏ।

ਹੈ ਕੌਨ? ਕਿਮ[1]ਤਪ ਤਾਪਜੋ, ਤਾਤ ਕਿਸ, ਕਰਮ ਕਿਯੋ ਕਜਾ ਤੌਨ?॥੭॥ ਜਿਸ ਕੀ ਅਪਨੇ ਬਦਨ ਤੇ ਕਰਤਿ ਪ੍ਰਸ਼ੰਸ਼ਾ ਏਵ। ਬਧਜੋ ਬਿਸਾਲ ਪ੍ਰਤਾਪ ਜਗ ਕਿਮ ਪ੍ਰਗਟਹਿ ਤਪਸੇਵ[2]?' ॥ ੮ ॥ ਸ੍ਵੈਯਾ ਛੰਦ । ਕਹਤਿ ਭਯੋ ਕਮਲਾਸਨ ਤਿਨ ਕਹੁ 'ਸੁਨਹੁ ! ਸੁਰਹ ਅੱਖਜਾਨ[3] ਮਹਾਨ । ਚਿਰੰਕਾਲ ਕੋ ਅਹੈ ਪੁਰਾਤਨ[4] ਜਬਿ ਸਤਿਜੁਗੁ ਕੋ ਸਮਯ ਸੁਜਾਨ । ਦਾਨਵ ਦੈਤ ਬਿਲੰਦ ਬਲੀ ਗਨ ਤੀਨ ਲੋਕ ਜੀਤੇ ਸਭਿ ਥਾਨ।ਦੁਸ਼ਟ ਬਿਸਾਲ ਅਨਿ-ਸ਼ਟੈ[5] ਠਾਨਤਿ, ਤੁਮਹਿ ਨਿਕਾਸਜੋ ਸੁਖ ਕਰਿ ਹਾਨਿ ॥ ੯ ॥ ਨਿਕਟਿ ਭਗਵਤੀ ਤਬਿ ਤੁਮ ਗਮਨੇ ਅਨਿਕ ਭਾਂਤਿ ਕੀ ਸਤੁਤਿ ਸੁਨਾਇ।ਦੁਰਗਾ ਭਈ ਪ੍ਰਸੀਦਤ ਹਿਤ ਕਰਿ ਅਪਨਿ ਸਰੀਰ ਕੀਨਿ ਬਿਦਤਾਇ। ਦੀਨਸਿ ਦਰਸ਼ਨ ਧਰਮ ਗੋਪਤਾ[6] ਤੁਮ ਕੋ ਦੀਨ ਦੇਖਿ ਬਿਕੁਲਾਇ। ਦੁਰ-ਨਿਰੀਛਨਾ[7] ਪੂਛਨ ਕੀਨੇ, ਦੁਖ ਦੈਤਨਿ ਕੋ[8] ਕਹਜੋ ਬੁਝਾਇ ॥ ੧੦ ॥ ਸੁਨਿ ਕੈ ਪੁਨ ਕੋ ਕੀਨਿ ਅੰਬਕਾ[9]–ਸ਼ੱਤ੍ਰ ਤੁਮਾਰੇ ਹਤੌਂ ਰਿਸਾਇ।ਯੋਗ ਭਾਗਿ ਅਰੁ ਸਦਨ ਸੁਰਗ ਕੋ ਬਹੁਰ ਦੇਉਂ ਤੁਮੈ ਕੋ ਹਰਖਾਇ–। ਕ੍ਰੁੱਧਤਿ ਭਈ ਜੁੱਧ ਕਉ ਉੱਧਤਿ[10]ਆਯੁਧ ਸੁੱਧ[11] ਬਿਰੋਧ ਬਧਾਇ[12]। ਹਤੇ ਦੈਤ ਧਰ-ਨੀ ਤਲ ਛਾਯੋ ਸੰਘਰ ਮਹਿੰ ਘਮਸਾਨ ਬਨਾਇ ॥ ੧੧ ॥ ਰਕਤਬੀਜ[13] ਸੋਂ ਰਣ ਪੁਨ ਕੀਨਸਿ ਆਯੁਧ ਲਰੋ ਰਕਤ ਧਰ ਪਾਤ[14]। ਭਏ ਸੈਂਕਰੇ ਦੈਤ ਸਹੱਸ੍ਰੈ ਅਯੁਤ ਲੱਛ ਕੋਟੈਂ ਇਕ ਜਾਤਿ[15] । ਹਤੇ ਬਹੁਰ ਉਪਜੇ ਪੁਨ ਤੈਸੇ ਜਿਨ ਕੀ ਸੰਖਜਾ ਗਨੀ ਨ ਜਾਤਿ । ਚਿਰੰਕਾਲ ਲੌ ਰਹੀ ਘਾਲ ਕਰਿ ਸ਼੍ਰਮਤਿ ਭਈ ਕੁਛ ਤਬਿ ਜਗ ਮਾਤ ॥ ੧੨ ॥ ਦੋਹਰਾ ॥ ਸੰਖਜਾ ਨੌ ਕੇ ਅੰਕ ਪਰ ਖੋੜਸ ਸ਼ੂਨ ਲਗਾਇ[16] ।ਇਤੇ ਦੈਤ ਦੇਵੀ ਹਤੇ ਗਿਨੇ ਰਿਖਿਨਿ ਸਮੁਦਾਇ[17] ॥੧੩॥ ਬਿੰਧਜਾਚਲ ਪਰ ਥਿਤ ਭਈ ਜਗਤ ਈਸ਼੍ਵਰੀ ਜੋਇ ਬਿੰਧਜਾਚਲ ਸੁ ਨਿਵਾਸਨੀ ਯਾਂਤੇ ਕਹਿ ਸਭਿ ਕੋਇ ॥ ੧੪ ॥ ਸ੍ਵੈਯਾ ਛੰਦ ॥ ਹੋਇ ਸੁ ਲੋਪ ਧਾਰਿ ਲਘੁ ਮੂਰਤਿ ਬਿੰਧਜਾਚਲ ਪਰ ਕੀਨਿ ਨਿਵਾਸ।ਉੱਗ੍ਰ

[1]ਤੇ ਕਿਸ ਇੱਛਾ ਲਈ। [2]ਤਪੱਸ੍ਵੀ। [3]ਕਥਾ। [4]ਚਿਰ ਸਮੇਂ ਦੀ ਪੁਰਾਣੀ ਕਥਾ ਹੈ। [5]ਉਪੱਦ੍ਰਵ। [6]ਧਰਮ ਦੀ ਰੱਖਜਕ ਨੇ। [7]ਭਾਵ ਦੇਵੀ ਨੇ [ ਸੰਸਃ ਦੁਰਨਿਰੀਕਸ਼ਣ=ਜਿਸ ਦਾ ਵੇਖਣਾ ਕਠਨ ਹੋਵੇ]। [8]( ਤੁਸਾਂ ) ਦੈਂਤ ਦੇ ਦਿੱਤੇ ਦੁੱਖ ਨੂੰ। [9]ਦੇਵੀ ਨੇ। [10]ਉੱਗ੍ਰ ਹੋਈ, ਤਯਾਰ ਬਰਤਿਆਰ ਹੋਈ [ਸੰਸਃ ਉਦ੍ਧਤ]। [11]ਠੀਕ ਕਰਕੇ। [12]ਬਿਰੋਧ ਵਧਾਕੇ। [13]ਦੈਂਤ ਦਾ ਨਾਮ। [14]ਧਰਤੀ ਤੇ ਰਕਤ ਡਿੱਗੀ। [15]ਦਸ ਹਜ਼ਾਰ ਤੋਂ ਲਖ ਤੇ ਕ੍ਰੋੜਾਂ ਇਕ ਜਾਤ ਦੇ । [16]ਨੱਵੇ ਪਦਮ ੯੦੦੦੦੦੦੦੦੦੦੦੦੦੦੦੦੦ । [17]ਭਾਵ ਪੁਰਾਣਾਂ ਵਿਚ ਲਿਖੇ ਹਨ।

ਮਹਾਂ ਤਪ ਤਪਨੇ ਲਾਗੀ-ਪੁਨ ਦੈਤਨ ਕੁਲ ਕਰੌਂ ਬਿਨਾਸ–। ਇਤ ਉਤ ਦੁਸ਼ਟ ਲਗੇ ਤਬਿ ਖੋਜਨਿ ਕਾਨਨ ਬਡੇ ਪਹਾਰ ਅਵਾਸ[1]। ਸਰਿਤਾ ਸਰੁ-ਵਰ[2] ਦਰੀ[3] ਕੰਦਰਾ ਜਹਿਂ ਕਹਿਂ ਫਿਰਹਿਂ ਰਿਸੇ ਬਲ ਰਾਸ*॥ ੧੫॥ ਬੇਲ ਸੁਬੇਲ[4] ਦੈਤ ਦੁਇ† ਦੀਰਘ ਲਿਯੇ ਸੰਗ ਸੈਨਾ ਸਮੁਦਾਇ। ਰਿਦੈ-ਸ਼ੁੱਧ ਇਕ ਤਪਸੀ ਦੇਖ੍ਯੋ ਚਿਰੰਕਾਲ ਕੋ ਤਪ ਗਨ ਤਾਇ। ਬ੍ਰਹਮ ਬਿੱਦ੍ਯਾ ਮਹਿ ਨਿਸਠਿਤ[5] ਨਿਤ ਪ੍ਰਤਿ ਸੂਰਜ ਅਗਨੀ ਕੇ ਸਮ ਤਾਇ[6]। ਬੈਠ੍ਯੋ ਆਸ਼੍ਰਮ ਨਿਜ ਤਪ ਮਹਿਂ ਥਿਤ ਏਕਾਕੀ ਮਨ ਸ਼ਾਂਤਿ ਸੁਹਾਇ ॥ ੧੬ ॥ ਅਸੁਰਨ ਕੀਨਿ ਬਿਲੋਕਨਿ ਪੂਛ੍ਯੋ–ਅਹੋ ਤਾਪਸੀ! ਹਮਹਿਂ ਬਤਾਇ। ਇਕ ਇਸਤ੍ਰੀ ਸਭਿ ਅੰਗ ਮਨੋਹਰ ਰਣ ਕਰਤੀ ਅਬਿ ਗਈ ਪਲਾਇ। ਦ੍ਰਿਸ਼ਟਿ ਸੁ ਗੋਚਰ ਰਹੀ ਨ ਹਮਰੇ ਤਿਸ ਹਿਤ ਖੋਜੇ ਸਕਲ ਸੁ ਥਾਇਂ; ਭਯੋ ਮਹਾਂ ਅਚਰਜ ਨਹਿਂ ਜਾਨੀ ਦੈਤ ਹਤੇ ਜੋਧਾ ਸਮੁਦਾਇ–॥੧੭॥ ਸੁਨਿ ਤਪਸੀ ਰਿਸ ਕਰਿ ਕੈ ਬੋਲ੍ਯੋ–ਰੇ ਮੂਢਹੁ ਦੁਰਮਤਿ ਉਰਧਾਰਿ। ਕ੍ਯਾ ਬਕਬਾਦ ਕਰਤਿ ਅਨਜਾਨਹੁ[7] ਸੋ ਸ਼ਕਤੀ ਹੈ ਪਰਮ ਉਦਾਰ। ਜਹਾਂ ਕਹਾਂ ਪਰਿ ਪੂਰਨ ਪਾਵਨ ਸਿਮਰਹਿ ਸ਼ਰਧਾ ਕਰੇ ਨਿਹਾਰ[8]। ਜਬਿ ਬਿਦਤਹਿਗੀ ਰੂਪ ਭਯਾਨਕ ਤਬਿ ਤੁਮ ਗਨ ਕੋ ਕਰਹਿ ਸੰਘਾਰ–॥ ੧੮ ॥ ਸੁਨਿ ਉਨਮੱਤ ਦੈਤ ਉਰ ਕ੍ਰੂਪੇ ਮਾਰਿ ਮਾਰਿ ਸਨਮੁਖ ਰਿਖਿ ਧਾਇ। ਤਬਹਿ ਤਪੋਧਨ ਰਿਦੈ ਬਿਚਾਰ੍ਯੋ–ਇਨ ਸੋਂ ਹਮ ਕ੍ਯਾ ਕਰਹਿਂ ਰਿਸਾਇ। ਬ੍ਰਹਮ ਪਰਾਇਣ ਬ੍ਰਹਮਣ ਤਨ ਹੈ ਧਰਮ ਨ ਹਮਰੋ ਜੁੱਧ ਮਚਾਇ। ਤੈਸੇ ਸਿਸ[9] ਹੈਂ ਇਸੀ ਧਰਮ ਮਹਿਂ ਮੋਹਿ ਸਮਾਨ ਸ਼ਾਂਤਿ ਚਿਤ ਲਾਇ ॥ ੧੯ ॥ ਕੌਨ ਉਪਾਇ ਕਰਹਿਂ ਅਬਿ ਇਨ ਸੋਂ ਕ੍ਰਿਤ ਅਪਰਾਧ[10] ਉਚਿਤ ਹੈ ਦੰਡ–। ਇਮ ਨਿਸ਼ਚੈ ਕਰ ਮੁਨਿ ਬਰ ਰਿਸਧਰਿ ਨਿਜ ਦਰਸ਼ਨ ਅਤਿ ਕਿਯੋ ਪ੍ਰਚੰਡ[11]। ਲਾਖਨਿ ਬਰਖਨਿ ਕੋ ਤਪਭੀਖਨ[12] ਸਿਮਰਨਿ[13] ਤੀਖਨ ਕਰਿ ਬਰਬੰਡ[14]। ਕਰਤਾ ਪੁਰਖ ਧ੍ਯਾਨ ਕਹੁ ਧਰਿ ਕੈ ਜਿਸਕੋ ਓਜ ਤੇਜ ਅਨਖੰਡ[15] ॥ ੨੦॥ ਓਅੰ

---

[1]ਪਹਾੜਾਂ ਰੂਪ ਅਸਥਾਨਾਂ ਵਿਚ। [2]ਸਰੋਵਰ। [3]ਖੱਡਾਂ। [4]ਨਾਮ ਦੋ ਦੈਂਤਾਂ ਦਾ। [5]ਇਸਥਿਤ। [6]ਤੇਜ ਸੀ ਉਸਦਾ। [7]ਅਣਜਾਣੇ। [8]ਜੋ ਸ਼ਰਧਾ ਨਾਲ ਸਿਮਰਦਾ ਹੈ ਉਸ ਨੂੰ ਨਿਹਾਲ ਕਰਦੀ ਹੈ। (ਅ) ਦਰਸ਼ਨ ਕਰਦਾ ਹੈ। [9](ਮੇਰੇ) ਚੇਲੇ। [10]ਅਪਰਾਧ ਕਰਨ ਵਾਲੇ। ( ਅ ) ਅਪ੍ਰਾਧ ਵਾਲੀ ਕਰਤੂਤ। [11]ਤੇਜ ਵਾਲਾ। [12]ਭਯਾਨਕ ਤਪ। [13]ਸਿਮਰ ਕਰਕੇ। [14]ਬਲਵਾਨ ਤੇਜ ਸਰੂਪ ਕੀਤਾ। [15]ਅਖੰਡ। *ਪਾ:–ਜਹਾਂ ਕਹਾਂ ਫਿਰ ਸੋ ਬਲਰਾਸ। †ਪਾ:–ਹੁਇ।

ਤੇ ਹੁੰਕਾਰਾ ਕੀਨਸਿ[੧] ਸਿੰਘਖਾਲ ਕੋ ਕਰ ਮਹਿਂ ਧਾਰਿ[੨]। ਕਰਿ ਲਘੁਤਾ[੩] ਝਟਕਾਇਤ ਝਾਰਯੋ ਝਿਝਕਨ ਝਾਰਨ ਜੁਝੇ ਜੁਝਾਰ[੪]।ਦੁਰਨਿਰੀਛ ਅਤਿ ਪੁੰਜ ਤੇਜ ਕੋ ਨਿਸਕਯੋ ਤਿਸ ਤੇ ਪੁਰਖ ਉਦਾਰ[੫]। ਆਯੁਤ ਉਰ[੬] ਦੀਰਘ ਜੁਗ ਬਾਹੂ, ਕੰਧ ਉਤੰਗ[੭], ਮਹਾਂ ਬਰਿਯਾਰ[੮] ॥ ੨੧ ॥ ਲਾਲ ਬਿਲੋਚਨ ਭਰੇ ਛੋਭ ਸੋਂ ਧਨੁਖ ਬਾਨ ਕਰ ਤਰਕਸ਼ ਦੋਇ। ਹਾਟਕ ਮੁਸ਼ਟ[੯] ਖੜਗ ਖਰ* ਨਿਰਮਲ ਆਗੇ ਦੈਤਨਿ ਰਹਯੋ ਖਰੋਇ। ਲਗੇ ਪ੍ਰਹਾਰ ਕਰਨਿ ਗਨ ਆਯੁਧ ਬਖਤਰਪੋਸ਼ ਬਿਲੋਕਯੋ ਸੋਇ[੧੦]। ਇਤ ਤੇ ਤਜੇ ਪੁਰਖ ਸਰ ਤੀਖਨ, ਗਨ ਸ਼ੱਤ੍ਰੁਨਿ ਕੋ ਤਨੁ ਪਰੋਇ ॥ ੨੨ ॥ ਤੁਮਲ ਮਚਯੋ ਸੰਗ੍ਰਾਮ[੧੧] ਅਨਿਕ ਬਿਧਿ ਤੀਰਨ ਲੀਨਿ ਦਸੋ ਦਿਸ਼ਿ ਛਾਇ।ਗਜਾਰੋਹ[੧੨] ਭਟ ਰਥੀ ਕ੍ਰੋਧ ਕਰਿ ਹਯਾਰੋਹ[੧੩] ਆਏ ਗਨ ਧਾਇ। ਅਨਿਕ ਭਾਂਤਿ ਕੇ ਸ਼ਸਤ੍ਰ ਉਠਾਏ ਮੁਗਦਰ ਮੂਸਲ[੧੪] ਬਲ ਸਮੁਦਾਇ।ਤੋਮਰ,ਖੜਗ,ਤ੍ਰਿਸੂਲ ਹੂਲ ਖਰ ਭਾਲੇ ਧੋਪੈਂ[੧੫], ਗੁਰਜ ਉਠਾਇ॥ ੨੩ ॥ ਸਾਰ ਸ਼ਕਤਿ[੧੬], ਬਡ ਕਠਨ ਕੁਦੰਡੈ[੧੭], ਖਪਰੇ ਬਾਨ, ਜਮਧਰਾ ਧਾਰਿ[੧੮]। ਧਾਰ ਜਿਨਹੁੰ ਕੀਤੀਖਨ ਭੀਖਨਚਮਕਤਿ ਲੋਹ ਡਸਨਿ ਸਮ ਮਾਰ[੧੯]।ਮਾਰਿ ਮਾਰਿ ਕਹਿ ਆਨਿ ਪਰੇ ਬਹੁ ਆਯੁਧ ਜੁੱਧ ਮਝਾਰ ਪ੍ਰਹਾਰ†। ਹਾਰ ਨ ਹੋਤਿ ਸੁਰਹੁੰ ਤੇ ਕਬਹੂੰ[੨੦]ਸੇ ਜੋਧਾ ਅਰ ਪਰੇ[੨੧] ਅਸਾਰ[੨੨]॥੨੪॥ਸ਼ਲਭ ਦਲਨ[੨੩]ਸੇ ਚਲੇ ਤੀਰ ਗਨ ਦੁਹਿ ਦਿਸ਼ਿ ਤੇ ਛਾਦਯੋ ਅਸਮਾਨ। ਉਤ ਅਨੇਕ ਇਤ ਏਕ ਰਹਯੋ ਰੁਪ ਰਾਖਸ਼ ਹਤੇ ਬੇਧਿ ਕਰਿ ਬਾਨ[੨੪]। ਲੱਛ ਹੋਇ ਸੋ ਰੱਛ ਨ ਹੋਵੈ[੨੫]

---

[੧]( ਓਸ ਤਪੱਸ੍ਰੀ ਨੇ ) ਓਅੰ ਕਹਿ ਕੇ ਹੁੰਗਾਰਾ ਭਰਿਆ। [੨]ਸ਼ੇਰ ਦੀ ਖੱਲ ਹੱਥ ਵਿਚ ਲਈ। [੩]ਸ਼ੀਘ੍ਰਤਾ ਕਰਕੇ। [੪]ਸ਼ੀਘ੍ਰਤਾ ਕਰਕੇ (ਖੱਲ) ਝਟਕਾ ਕੇ ਝਾੜੀ ਤਾਂ ਲੜਨ ਵਿਚ ਸਾਰੇ ਸੂਰਮਿਆਂ ਨੂੰ ਝਿਝਕਾ ਦੇਣ ਵਾਲਾ, ਅਤੇ...... [ ਝਾਰਨ=ਸਾਰੇ। ਜੁਝੇ=ਲੜਨ ਵਿਚ। ਜੁਝਾਰ=ਸੂਰਮਿਆਂ ਨੂੰ। ਝਿਝਕਿਨ=ਝਿਝਕਾ ਦੇਣ ਵਾਲਾ]। [੫]ਕਠਨ ਹੈ ਜਿਸ ਦੀ ਦ੍ਰਿਸ਼ਟੀ, ਤੇਜ ਦਾ ਪੁੰਜ ਉਦਾਰ ਪੁਰਖ ਨਿਕਲਿਆ। [੬]ਚੌੜੀ ਛਾਤੀ। [੭]ਉੱਚੇ ਮੋਢੇ। [੮]ਮਹਾਨ ਬਲ ਵਾਲਾ। [੯]ਸੋਨੇ ਦੀ ਮੁੱਠ ਵਾਲੀ। [੧੦]ਸੰਜੋਅ ਪਹਿਨੀ ਵਾਲਾ ਦੇਖਿਆ ਉਹ ( ਪੁਰਖ )। [੧੧]ਸੰਗ੍ਰਾਮ ਦਾ ਸ਼ੋਰ ਮਚਿਆ। [੧੨]ਹਾਥੀਆਂ ਤੇ ਚੜ੍ਹੇ ਸੂਰਮੇ। [੧੩]ਘੋੜਿਆਂ ਤੇ ਚੜ੍ਹਕੇ। [੧੪]ਮੂਹਲੇ। [੧੫]ਹਿਲਾਕੇ ਤਿੱਖੇ ਭਾਲੇ। [੧੬]ਲੋਹੇ ਦੀ ਬਰਛੀ। [੧੭]ਧਨੁਖ। [੧੮]ਜਮਧਰਾਂ ਨੂੰ ਧਾਰ ਕੇ। [੧੯]ਸੱਪ ਵਾਂਗ ਡਸਦੇ ਹਨ। [੨੦](ਜਿਨ੍ਹਾਂ ਦੈਂਤਾਂ ਨੂੰ) ਕਦੇ ਦੇਵਤਿਆਂ ਤੋਂ ਹਾਰ ਨਹੀਂ ਸੀ ਹੁੰਦੀ। [੨੧]ਅੜ ਪਏ। [੨੨]ਬਹੁਤੇ। [੨੩]ਟਿੱਡੀ ਦਲ ਵਾਂਗ। [੨੪]ਬਾਨਾਂ ਨਾਲ ਵਿੰਨ੍ਹ ਕਰਕੇ। [੨੫]ਜੋ ( ਸੂਰਮੇ) ਨਿਸ਼ਾਨਾ ਹੁੰਦੇ ਹਨ ਭਾਵ ਜਿਨ੍ਹਾਂ ਤੇ ਨਿਸ਼ਾਨਾ ਵਜਦਾ ਹੈ ਉਹਨਾਂ ਦੀ ਰੱਖਯਾ ਨਹੀਂ ਹੁੰਦੀ ਭਾਵ ਬਚ ਨਹੀਂ ਸਕਦੇ।

*ਪਾ:-ਖਗ। †ਪਾ:-ਪ੍ਰਕਾਰ।

ਉੱਧੇ ਸਮੁਖ ਪਰਹਿਂ ਤਜਿ ਪ੍ਰਾਨ। ਆਯੁਧ[1] ਆਵਤਿ ਪੰਥ ਬਿਦਾਰੇ ਖੰਡ ਖੰਡ ਧਰ[2] ਗਿਰੇ ਮਹਾਨ ॥੨੫॥ ਅਨੁਜ ਸੁਬੇਲ ਬੇਲ ਕੋ ਰਿਸ ਧਰਿ ਭਿਰ੍ਯੋ ਆਇ ਮਾਰੇ ਖਰ ਤੀਰ। ਤਬਿ ਤਪਸੀ ਸੁਤ ਬੀਧਨ ਹੋਵਾ ਨਿਕਸਿ ਸ਼੍ਰੋਣ ਭਾ ਅਰੁਣ ਸ਼ਰੀਰ[3]। ਅੰਗ ਬਿਲੋਕਿ ਆਪਨੇ ਹਸ ਕਰਿ ਧਨੁ ਸਰ ਧਰਿ ਕੈ ਧੀਰ ਗੰਭੀਰ।ਸ਼ੱਤ੍ਰੁ ਚਾਪ ਕੋ ਇਕ ਤੇ[4]ਕਾਟ੍ਯੋ, ਚਾਰਨ ਤੇ ਤੁਰੰਗ[5] ਬਰ ਬੀਰ ॥ ੨੬ ॥ ਗਰੁੱਵੀ ਗੁਰਜ ਗਹੀ ਤਬਿ ਰਾਖਸ਼ ਦੁਤੀ ਹਾਥ ਮੈਂ ਸਿਪਰ ਸੰਭਾਰਿ। ਜਾਇ ਪ੍ਰਹਾਰੀ ਤਪਸੀ ਸੁਤ ਕੇ ਸ਼ੱਤ੍ਰੁ ਕੇ ਸਹਿ ਦੁਸਹਿ[6] ਪ੍ਰਹਾਰ। ਖੈਂਚਿ ਖੜਗ ਖਰ ਝਾਰ੍ਯੋ ਬਲ ਤੇ ਕੁੰਡਲ ਜੁਤਿ[7] ਸਿਰ ਦੀਨਿ ਉਤਾਰਿ। ਅਸੁਰ ਸ਼੍ਯਾਮ ਤਨ ਗਿਰ੍ਯੋ ਪ੍ਰਥੀ ਤਲ ਬੱਜ੍ਰ ਪਾਤ ਜਿਮ ਸ਼੍ਰਿੰਗ ਪਹਾਰ[8] ॥ ੨੭ ॥ ਹਤ੍ਯੋ ਸੁਬੇਲ ਬਿਲੋਕਿ ਬੇਲ ਨੇ ਬੋਲ੍ਯੋ ਬਲੀ ਬੀਰ ਬਡ ਬਾਹੁ–ਖਰੋ ਹੋਹੁ ਤਵ ਜਾਨਿ ਨ ਦੈਹੋਂ–ਇਮ ਕਹਿ ਚਮੂੰ ਲੀਨਿ ਰਣਮਾਂਹੁ। ਘੋਰ ਕਰ੍ਯੋ ਸੰਗ੍ਰਾਮ ਰਾਖਸ਼ਨਿ ਏਕ ਬਾਰ ਹੀ ਸ਼ਸਤ੍ਰ ਪ੍ਰਵਾਹ[9]। ਭੀਖਨ ਭੇਖ ਭੂਰ ਭਭਕੰਤੇ, ਪਰੇ ਉਮਡਿ ਭਟ ਰਣ ਕਰਿ ਚਾਹੁ ॥ ੨੮ ॥ ਰਿਖਿ ਨੰਦਨ ਗਨ ਕਰੇ ਨਿਕੰਦਨ ਬ੍ਰਿੰਦ ਪ੍ਰਹਾਰ ਸ਼ਰੀਰ ਸਹਾਰਿ[10]।ਕਰਿ ਲਾਘ੍ਵਤਾ ਸ਼ਸਤ੍ਰ ਬ੍ਰਖਾਏ ਨਿਜ ਪਿਤ ਕੋ ਤਪ ਰਿਦੈ ਸੰਭਾਰਿ। ਤੀਖਨ ਤੀਰ ਤਰਾਤਰ[11] ਛੋਰਤਿ ਫੋਰਤਿ ਉਰ ਫਿਰ ਕਰਿ ਦਿਸ਼ਿ ਚਾਰ। ਜਿਮ ਖਾਤੀ[12] ਬਨ ਗਨ ਕੋ ਕਾਟਤਿ ਤਿਮ ਏਕਾਕੀ ਕਰਤਿ ਪ੍ਰਹਾਰ ॥ ੨੯ ॥ ਜਿਤਿਕ ਹਤੇ ਕਿਤ ਭਜੇ ਤ੍ਰਾਸ ਧਰਿ ਕਰ੍ਯੋ ਬੇਲ ਨੇ ਕ੍ਰੋਧ ਮਹਾਨ। ਸੈਲ ਸ਼੍ਰਿੰਗ ਕਰਿ ਓਜ ਉਖਾਰ੍ਯੋ ਸਮੁਖ ਪ੍ਰਹਾਰ੍ਯੋ ਰਣ ਘਮਸਾਨ। ਆਵਤਿ ਪਿਖਿ ਸਰ ਸੋਂ ਕਰਿ ਚੂਰਨ ਪਰ੍ਯੋ ਧਰਨਿ ਕੁਛ ਕਾਜ ਸਰਾ ਨਾ।ਮੁਨਿ ਸੁਤ ਜ੍ਵਲਤਿ ਬਾਨ ਧਨ ਤਾਨ੍ਯੋ ਰਿਪੁ ਉਰ ਹਤ੍ਯੋ ਗਿਰ੍ਯੋ ਤਜਿ ਪ੍ਰਾਨ ॥ ੩੦ ॥ ਚਮੂੰ ਅਸੰਖ ਭਈ ਦਿਢ ਠਾਂਢੀ ਜੈ ਚਾਹਤਿ ਰਣ ਭੀਮ ਮਚਾਇ। ਕਟਿ ਕਟਿ ਬਿਕਟ[13] ਸੁਭਟ[14] ਝਟ ਗਿਰਿ ਗਿਰਿ ਬਰੀ ਬਰੰਗਨ[15] ਸੁਰ ਪੁਰਿ ਜਾਇ। ਸ਼ਸਤ੍ਰਨਿ ਕੀ ਬਰਖਾ ਕਰਿ ਘਨ ਸਮ ਪਰੇ ਆਇ ਚਾਰਹੁੰ ਦਿਸ਼ਿ ਧਾਇ।

[1](ਦੈਂਤਾਂ ਦੇ) ਸ਼ਸਤ੍ਰ। [2]ਧਰਤੀ ਤੇ। [3]ਸ਼ਰੀਰ ਲਾਲ ਹੋ ਗਿਆ। [4]ਸ਼ਤ੍ਰ ਦਾ ਧਨੁਖ ਇਕ ਤੀਰ ਨਾਲ। [5]ਤੇ ਚਾਰ (ਹੋਰ ਬਾਣਾਂ) ਨਾਲ ਘੋੜੇ (ਮਾਰੇ)। [6]ਕਠਨ। [7]ਵਾਲਿਆਂ ਯਾ ਮੁੰਦ੍ਰਾਂ ਸਮੇਤ। [8]ਬੱਜ੍ਰ ਦੇ ਆ ਪੈਣ ਵਾਕੂ ਪਹਾੜ ਦੀ ਚੋਟੀ ਵਾਂਗ ਡਿੱਗੇ। [9]ਸ਼ਸਤ੍ਰ ਭਲੀ ਤਰ੍ਹਾਂ ਚਲਾਏ। [10]ਬਹੁਤੇ ਵਾਰ ਸਰੀਰ ਤੇ ਸਹਾਰ ਕੇ। [11]ਬਹੁਤੇ, (ਅ) ਤਾੜ ਤਾੜ ਕਰਕੇ। [12]ਤਰਖਾਣ। [13]ਕਠਨ। [14]ਸੂਰਮੇ। [15]ਦੇਵ ਇਸਤ੍ਰੀਆਂ ਵਰ ਲਈਆਂ।

ਤਪਸੀ ਸੁਤ ਪਰਵਾਰਨਿ ਕੀਨਸਿ[੧] ਕਹੈਂ–ਹਤਹੁ ਇਸ,ਹ੍ਵੈ ਨ ਪਲਾਇ–॥ ੩੧ ॥ ਨਿਜ ਪ੍ਰਾਕ੍ਰਮ ਸੰਭਾਰਨਿ ਕਰਿਕੈ ਗਹਿ ਕੁਵੰਡ ਕੋ ਤਪਸੀ ਤਾਤ। ਮਰਦਨਿ ਕਰੇ ਦੈਤ ਬਡ ਜੋਧਾ, ਤਰ[੨] ਤੀਰਨ ਤੇ ਹਤੇ ਪਪਾਤ[੩]। ਚਰਨ ਕਿਤਿਕ ਕੇ ਗੁਲਫ[੪] ਰੁ ਜਾਨੂ[੫] ਕੇਤਿਕ ਕਟ ਤੇ ਕਟਿ[੬] ਗਿਰ ਜਾਤਿ। ਕੇਤਿਕ ਰਿਦੇ ਬਿਦੀਰਨ ਕੀਨ[੭], ਕੇਤਿਕ ਭੁਜਾ ਕਾਟਿ ਕਿਯ ਘਾਤ ॥੩੨॥ ਕਟੇ ਗ੍ਰੀਵ ਤੇ ਬਦਨ ਬੇਧਿ ਬਹੁ, ਕੇਤਿਕ ਮਸਤਕ ਸੀਸ ਗਿਰੰਤਿ। ਉਠੇ ਕਬੰਧ ਅੰਧ ਗਨ ਡੋਲਤਿ ਦੈਤਨਿ ਕੋ ਕਾਟਤਿ ਬਲਵੰਤ[੮]। ਜਿਤ ਕਿਤ ਤਪਸੀ ਸੁਤ ਕੋ ਦੇਖਤਿ ਸ਼ਸਤ੍ਰ ਉਠਾਵਤਿ ਸ਼ੱਤ੍ਰਨਿ ਹੰਤਿ[੯]। ਲੋਥਨਿ ਗਨ ਪੋਥਨ[੧੦]ਕੋ ਕਰਿ ਕੈ ਅਤਿ ਲਾਘਵਤਾ ਕਰਿ ਦਿਖਰੰਤਿ ॥ ੩੩ ॥ ਬੇਲ ਸੁਬੇਲ ਦੈਤ ਮਥਿ[੧੧] ਸਗਰੇ,ਅਪਰ ਪਲਾਏ ਦਸ ਦਿਸ਼ਿ ਮਾਂਹਿ।ਰਕਤਬੀਜ ਕੇ ਨਿਕਟਿ ਸਿਧਾਰੇ ਸੁਧਿ ਦੀਨਸਿ–ਇਕ ਤਪਸੀ ਆਹਿ ।ਤਿਸ ਨੇ ਕਰਿ ਸੰਗ੍ਰਾਮ ਖਪਾਏ ਅਸੁਰ ਅਸੰਖ, ਬਚਯੋ ਤਹਿਂ ਨਾਂਹਿ ।ਦੁਰਮਦ[੧੨] ਗਰਬਤਿ ਪੁਨ ਰਣ ਚਾਹਤਿ ਅਰੇ ਅਗਾਰੀ ਕੋ ਤਿਤਜਾਹਿ[੧੩]–॥ ੩੪ ॥ ਪੁਨ ਚਤੁਰੰਗਨਿ ਅਧਿਕ ਪਠਾਈ ਦੇ ਕਰਿ ਦਾਨ ਦਰਬ ਸਨਮਾਨ।ਮੁਨਿ ਨੰਦਨ ਸੋਂ ਸਿਰਜਨੋ ਸੰਘਰ ਆਯੁਧ ਹਤਹਿਂ ਬੂੰਦ ਜਿਮ ਬਾਨ। ਬਰਖ ਅਨੇਕੈ ਇਸ ਬਿਧਿ ਬੀਤੇ ਕਰਤੇ ਘੋਰ ਘਨੋ ਘਮਸਾਨ। ਹਤੇ ਜਾਹਿਂ ਅਰਿ ਪੁਨ ਚਢਿ ਆਵਹਿਂ, ਕਹੌਂ ਕਹਾਂ ਲੌ ਜੁੱਧ ਮਹਾਨ ॥੩੫॥ ਸੰਮਤ ਬ੍ਰਿੰਦ ਬਹੁਤ ਹੀ ਬੀਤੇ ਹਤਿ ਹਤਿ ਸ਼ੱਤ੍ਰ ਦਏ ਖਪਾਇ। ਪੁਨ ਆਵਹਿਂ ਉਪਜਤਿ ਨਿਤ ਜਾਵਹਿਂ ਬੇਸ਼ੁਮਾਰ ਮਰਿ ਹੈਂ ਰਣ ਘਾਇ। *ਗ੍ਰੀਬ ਬਢਨਿ ਤੇ ਕੀਨਿ ਸਮਾਸ[੧੪]ਜਬਿ ਐਸੋ ਸੰਗ੍ਰਾਮ ਮਚਾਇ। ਉਠੀ ਚੰਡਿਕਾ ਸਹਿਤ ਕਾਲਕਾ ਕ੍ਰੋਧਾ ਲੈ ਸ਼ਕਤੀ ਸਮੁਦਾਇ॥੩੬॥ਭਈ ਯੁੱਧ ਮਹਿਂ ਬਿਦਤ ਭਵਾਨੀ ਗਣ ਅਨੇਕ ਭੈਰਵ[੧੫] ਦਰਸਾਇ। ਮਾਰਿ ਮਾਰਿ ਅਸੁਰਨ ਪਰ ਕਰਿ ਕੈ ਏਕਹਿ ਬਾਰ ਪਰੇ

---

[੧]ਘੇਰ ਲਿਆ ਤਪੀ ਦੇ ਪੁੱਤ੍ਰ ਨੂੰ। [੨]ਬਹੁਤੇ। [੩]ਧਰਤੀ ਤੇ ਪਾ ਦਿਤੇ। [੪]ਗਿੱਟੇ। [੫]ਗੋਡੇ। [੬]ਲੱਕ ਤੋਂ ਕੱਟੇ ਜਾਕੇ। [੭]ਛਾਤੀਆਂ ਚੀਰ ਦਿਤੀਆਂ। [੮](ਦੈਂਤਾਂ ਦੇ) ਸਿਰ ਬਿਨਾਂ ਧੜ ਉਠ ਕੇ ਦੌੜਦੇ ਤੇ ਸਮੂਹ ਬਲਵਾਨ ਦੈਂਤਾਂ ਨੂੰ ਹੀ ਵੱਢਦੇ ਹਨ ( ਕਿਉਂਕਿ ਸਿਰ ਨਾ ਹੋਣ ਕਰਕੇ ) ਅੰਨ੍ਹੇ ਹਨ। [੯]ਵੈਰੀਆਂ ਨੂੰ ਮਾਰਦੇ ਹਨ। [੧੦]ਢੇਰ। [੧੧]ਮਾਰਕੇ। [੧੨]ਹੰਕਾਰੇ ਹੋਏ, ਉਨਮਤ। [੧੩]ਤਿਸ ਦੇ ਅੱਗੇ ਕੌਣ ਜਾਕੇ ਅੜੇ। [੧੪]ਸੰਖੇਪ। [੧੫]ਭੈਰੋਂ ਆਦੀ ਗਣ। *ਇਹ ਕਥਾ ਕਵੀ ਜੀ ਨੇ ਪਿੱਛੇ ਤ੍ਰਹਮਾ ਦੇ ਮੁਖ ਵਿਚ ਰਖੀ ਸੀ, ਪਰ ਇਥੇ ਇਹ ਗੱਲ ਹੁਣ ਆਪਣੀ ਵਲੋਂ ਕਹਿ ਰਹੇ ਹਨ।

ਅਰਿਰਾਇ। ਗੁਰਜਨਿ ਗਦਾ ਗਰਵ[1] ਗਹਿ ਪਾਥਰ, ਰਥ ਮਾਥੇ ਥਿਤ[2] ਮਥਹਿ ਰਿਸਾਇ[3]। ਸ਼੍ਰੋਣਤ ਨਿਕਸਤਿ ਅਚਤਿ[4]ਕਾਲਕਾ ਕਿਲਕਤ ਕਹਿ ਕਹਿ ਕਟਕ[5] ਖਪਾਇ॥ ੩੭॥ ਇਮ ਕਰਿ ਜਤਨ ਅਨੇਕ ਬਿਧਿਨਿ ਕੇ ਸਭਿ ਦੈਤਨ ਦਲ ਕੀਨਸਿ ਹਾਨਿ। ਅਪਰਾਜਿਤਾ[6], ਭਗਵਤੀ, ਭੀਮ੍ਹਾ, ਭੱਦ੍ਰਾ, ਅਭੈ, ਭੈਹਰਾ[7] ਜਾਨਿ। ਪਰਮ ਪ੍ਰਸੀਦਤਿ ਉਤਫੁਲ ਨਯਨਾ[8] ਜਨੁ ਅਰਿਬਿੰਦ ਭੋਰ ਪਿਖਿ ਭਾਨੁ[9]।ਅਸੁਰ ਅਸੈਖਨ ਤੇ ਕਰਿ ਪ੍ਰਾਕ੍ਰਮ ਬਿਜੈ ਲਈ ਰਿਪੁ ਸਭਿ ਛੈ ਮਾਨਿ'॥ ੩੮॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ ਰਾਸੇ 'ਸ਼੍ਰੀ ਗੁਰ ਪ੍ਰਿਥਮ ਜਨਮ' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ॥ ੫੦॥

### ੫੧. [ਬ੍ਰਹਮਾ ਦਾ ਪੁਰਾਤਨ ਕਥਾ ਸੁਨਾਉਣਾ]।

ਦੋਹਰਾ॥ [10]ਭੋ ਦੇਵਹੁ! ਤੁਮ ਸਭਿ ਲਖਹੁ ਜਥਾ ਭਗਵਤੀ ਜੀਤ[11]। ਪੁਨਹਿ ਪੁਰਖ ਕਉ ਪੇਖਿ ਕਰਿ ਪਰਮ ਪ੍ਰਸੀਦਤਿ ਚੀਤ॥ ੧॥ ਸੈਯਾ ਛੰਦ॥–ਹੇ ਤਪਸੀ ਕੇ ਤਪੁ ਪੁਰਸ਼ੋਤਮ[12],ਅਬਿਨਾਸੀ ਕੀ ਅੰਸ ਸਮੇਤ[13]।ਕਰਿ ਪ੍ਰਾਕ੍ਰਮ ਰਿਪੁ ਘਾਤ ਪਪਾਤੇ[14] ਅਨਗਨ ਪਰੇ ਅਯੋਧਨ ਖੇਤ[15]। ਦਾਰੁਣ ਦੁਸਹਿ ਮਚਾਯੋ ਸੰਘਰ[16] ਸੁਨਤਿ ਗਰਜਨਾ ਦੁਸ਼ਟ ਅਚੇਤ[17]।ਭਏ ਅਧੀਰ ਭੀਰੁ-ਤਾ[18]ਧਰਿ ਕੈ,ਰਹੇ ਸਮੁਖ ਗੇ ਮ੍ਰਿਤੁਨਿਕੇਤ[19]॥੨॥ਕੀਨਸਿ ਬਹੁ ਸਹਾਇਤਾ ਮੇਰੀ ਹਤਿ ਕੈ ਦੈਤ ਭੀਮ[20] ਸਮੁਦਾਇ। ਏਕ ਬੇਰ ਤੁਮ ਮੋਹਿ ਬੁਲਾਵਹੁ ਤਬਿ ਆਵਹੁੰਗੀ ਮੈਂ ਹਰਿਖਾਇ।ਮੇਰੀ ਸਹੁ ਪ੍ਰਸੰਨਤਾ ਤੁਵ ਪਰ ਬਰੰਬ੍ਰਹ[21] ਲਿਹੁ ਜਿਮ ਉਰ ਆਇ।ਅਬਿਸਰੀਰ ਜੋ ਧਾਰਨਿ ਕੀਨੋ ਚੀਰੰਜੀਵ ਹੋਵੋਂਹੁ ਸੁਖ ਪਾਇ॥ ੩॥ ਜਦਾ ਚਹਹੁ ਚਿਤ, ਤਦਾ ਤਿਆਗਹੁ ਲਾਖੋਂ ਸੰਮਤ ਜਰਾ[22] ਨ ਆਇ।ਤਪਨਿ ਤਪਹੁ ਅਤਿ ਉੱਗ੍ਰ ਤੇਜ ਹੁਇ ਦੁਸ਼ਟਦਮਨ[23] ਨਿਜ ਨਾਮ ਧਰਾਇ। ਸੰਗਤਿ ਬਨਹਿ ਅਸੰਖ ਅਨਿਕ ਥਲ, ਮਮ ਸਰੂਪ ਹੀ ਹੈ ਜਿਸ ਭਾਇ। ਇਸੀ ਬੇਸ ਮਹਿ ਬਨੇ ਰਹੋ ਨਿਤ, ਜਬਿ ਕਬਿ ਜਹਿ

[1]ਭਾਰੀ। [2]ਰਥ ਦੇ ਮੱਥੇ ਭਾਵ ਅੱਗੇ ਬੈਠਕੇ। [3]ਕ੍ਰੋਧਵਾਨ ਹੋਕੇ ਮਾਰਦੇ ਹਨ। [4]ਪੀਂਦੀ ਹੈ। [5]ਸੈਨਾ। [6]ਹੋਰਨਾ ਤੇ ਜੋ ਨਾ ਜਿੱਤੀ ਜਾ ਸਕੇ। [7]ਇਹ ਨਾਮ ਸਾਰੇ ਭਵਾਨੀ ਦੇ ਹਨ। [8]ਪ੍ਰਫੁੱਲਜਤ ਨੇਤਰਾਂ ਵਾਲੀ। [9]ਸਵੇਰੇ ਸੂਰਜ ਨੂੰ ਵੇਖਕੇ। [10]ਹੁਣ ਫੇਰ ਬ੍ਰਹਮਾ ਕਹਿੰਦਾ ਹੈ ਦੇਵਤਿਆਂ ਨੂੰ। [11]ਜਿਵੇਂ ਦੇਵੀ ਦੀ ਜਿੱਤ ਹੋਈ। [12]ਹੇ ਤਪੱਸ੍ਵੀ ਦੇ ਤਪ ( ਰੂਪੀ ਪੁੱਤ੍ਰ ) ਪੁਰਸ਼ੋਤਮ। [13]ਪਰਮੇਸ਼ਰ ਦੀ ਅੰਸ ਸਹਿਤ (ਅਵਤਾਰ ਧਾਰੀ)। [14]ਮਾਰਕੇ ਡੇਗੇ। [15]ਜੁੱਧ ਭੂਮੀ ਵਿਚ। [16]ਜੰਗ। [17]ਤੇਰੀ ਗਰਜ ਨੂੰ ਸੁਣਕੇ ਦੁਸ਼ਟ ਜੜ੍ਹ ਹੋ ਗਏ। [18]ਕਾਇਰਤਾ। [19]ਮੌਤ ਦੇ ਘਰ। [20]ਭਿਆਨਕ। [21]ਵਰ ਮੰਗ। [22]ਬੁਢੇਪਾ। [23]ਦੁਸ਼ਟਾਂ ਨੂੰ ਨਾਸ਼ ਕਰਨੇ ਵਾਲਾ।

ਕਹਿਂ ਕਰਵਿ[1] ਸਹਾਇ–॥ ੪ ॥ ਬਾਕ ਬਿਸ਼ਾਰਦ ਦੁਗਾ ਬਾਕ ਕੋ[2] ਸੁਨਤਿ ਪੁਰਖ ਨੇ ਭਾਖਯੋ ਬੈਨ।–ਨਾਮ ਸਿੰਘ ਕੋ ਧਾਰਨ ਕਰਿ ਹੌਂ ਖੁਲ੍ਹੇ ਕੇਸ, ਕਟ ਤਾਗੋ ਹੈ ਨ[3]।ਉੱਗ੍ਰ ਤੇਜ ਸ਼ੱਤ੍ਰਨਿ ਕੋ ਖਾਪਹੁਂ ਹਤਿਮਲੇਛ,ਹੇ ਪੰਕਜਨੈਨਿ[4]! ਰਚਨਾ ਅਪਰ ਬਚਨ ਕੀ ਪੱਦਵੀ ਭੋਗ ਮੋਖ ਜੁਗ ਮਿਲਹਿਂ ਸੁਖੈਨ[5] ॥ ੫ ॥ ਦੁਸ਼ਟ ਅਧਰਮੀ ਸੋਂ ਕਰਿ ਮੇਘਰ ਮਾਰਗ ਧਰਮ ਰਹੇ ਥਿਤਿ ਛਾਇ। ਜਿਤ ਕਿਤ ਹਤਹਿਂ ਮਲੇਛਨ ਗਨਕੋ,ਬਧਹਿ ਯੁੱਧ,ਪ੍ਰਿਯ ਜੁੱਧ ਮਚਾਇ[6]–। ਦੁਸ਼ਟ ਦਮਨ ਤੇ ਦੇਵੀ ਸੁਨਿ ਕਰਿ ਕਹੀ ਭਵਿੱਖਤ ਬਾਤ ਸੁਨਾਇ। –ਪੂਰਬ ਭਾਗ ਚਤੁਰਥੇ ਜੁਗ ਕੋ[7] ਤਬੈ ਸਮੋ ਐਸੇ ਬਨਿ ਆਇ॥ ੬ ॥ਮੋਹਿ ਅਵਾਹਨ ਕੋ ਤੁਮ ਕਰਿਹੌ[8] ਅਭਿ ਬਾਂਛਤਿ ਬਰ ਕੋ ਚਿਤ ਚਾਹਿ। ਮੈਂ ਤਬਿ ਸ਼ਬਦ ਪ੍ਰਕਾਸ਼ਨਿ ਕਰਿ ਕੈ ਪ੍ਰਵਿਸ਼ਾਵੋਂ[9] ਸਭਿ ਬਿਧਿ ਤੁਮ ਮਾਂਹਿ। ਨਿਜ ਕੁਟੰਬ ਕੋ ਮੋਹ ਨ ਕਰੀਅਹੁ ਰਹੋ ਸਮਾਨ ਦੁੰਦ ਉਪਜਾਹਿ[10]।ਭਾਵਤ ਇਸ ਸਰੀਰ ਕੋ ਧਾਰਹੁ ਤਪ ਪ੍ਰਿਯ ਤਪ ਕਹੁ ਤਪਉ ਉਮਾਹਿ[11] ॥ ੭ ॥ ਤਬਿ ਅਬਿਨਾਸ਼ੀ ਨਰ ਤਨ ਧਰਿ ਹੈ[12]ਨੌ ਮੂਰਤਿ ਬਰਤਹਿ ਜਗ ਬੀਚ। ਦਸਮ ਸਰੀਰ ਉਪਜਿ ਹੈ ਤੇਰੋ ਪ੍ਰਵਿਸ਼ਹਿ ਜੋਤਿ ਮਹਾਂ ਹਿਤ ਸੀਂਚ[13]।ਏਕੰਕਾਰ ਰੂਪ ਮੈਂ ਲੈ ਹੁਇ[14] ਪੰਥ ਪ੍ਰਕਾਸ਼ਹਿ ਦੇ ਰਿਪੁ ਮੀਚ[15]।ਧਰਮ ਥਿਰਹਿ, ਥਿਥਰਹਿ ਜਸੁ ਪਾਵਨ, ਕਰਹਿ[16] ਉਧਾਰਨਿ ਊਚ ਰੁ ਨੀਚ–॥ ੮ ॥ ਇਮ ਕਹਿ ਜਗਤ ਈਸ਼ਰੀ ਤਹਿਂ ਛਿਨ ਉਪਜਾਯੋ ਉਰ ਪ੍ਰੇਮ ਅਪਾਰ। ਲਗੀ ਚਾਟਿਬੇ, ਅੰਗਨਿ ਸੂੰਘਤਿ[17] ਜਥਾ ਬਤਸ[18]ਕੋ ਧੇਨੂ ਪਯਾਰ।–ਹੇ ਸੁਤ! ਇਹ ਕ੍ਰਿਪਾਨ

---

[1]ਕਰਾਂਗੀ। [2]ਵਾਕਾਂ ਵਿਖੇ ਚਤੁਰ ਦੁਰਗਾ ਦੇ ਵਾਕ ਨੂੰ। [3]ਗਲ ਜਨੇਊ ਨਹੀਂ ਰਖਾਂਗਾ। [4]ਹੇ ਕੰਵਲਾਂ ਵਰਗੇ ਨੈਣਾਂ ਵਾਲੀ! [5]ਬਾਣੀ ਦੀ ਰਚਨਾ ਹੋਰਵੇਂ ਹੋਵੇਗੀ ( ਜਿਸ ਨਾਲ ) ਭੋਗ ਮੋਖ ਦੋਵੇਂ ਪਦਵੀਆਂ ਸੌਖੇ ਮਿਲਣਗੀਆਂ [ਅਪਰ=ਹੋਰਵੇਂ। ਬਚਨ=ਬਾਣੀ] ( ਅ) ਰਚਨਾ ਅਪਰ-ਬਾਣੀ (ਬ੍ਰਹਮ ਵਿਦਯਾ) ਦੀ ਹੋਵੇਗੀ ਜਿਸ ਨਾਲ......। [6]ਜੁੱਧ ਮਚਾਉਣ ਵਿਚ ਪਿਆਰ ਸਾਡਾ ਹੋਵੇਗਾ। [7]ਚੌਥੇ ਜੁਗ ਭਾਵ ਕਲਜੁਗ ਦਾ ਪਹਿਲਾ ਭਾਗ ( ਜਦ ਹੋਵੇਗਾ )। [8]ਮੰਤ੍ਰਾਂ ਦੁਆਰਾ ਸੱਦਣਾ ਕਰੋਗੇ। [9]ਪ੍ਰਵੇਸ਼ ਕਰਾਂਗੀ। [10]ਫਸਾਦਾਂ ਦੇ ਉਪਜਿਆਂ। ( ਅ ) ਜੋ ਦੁੰਦ ਹਰਖ ਸੋਗ ਦੇ ਉਤਪੰਨ ਹੋਣ ਤਿਸ ਵਿਖੇ ਸਮਾਨ ਰਹੀਓ। [11]ਹੇ ਤਪ ਦੇ ਪਿਆਰੇ ਤਪ ਨੂੰ ਉਮਾਹ ਕੇ ਤਪੋ। [12]ਤਦ ਵਾਹਿਗੁਰੂ ਮਨੁਖ ਦਾ ਰੂਪ ਧਾਰੇਗਾ। [13]ਭਾਵ ਪਿਆਰ ਨਾਲ। [14]ਏਕੰਕਾਰ ਦੇ ਰੂਪ ਵਿਚ ਲੀਨ ਹੋ ਜਾਓਗੇ। [15]ਮੌਤ। [16]ਕਰੋਗੇ। [17]ਭਾਵ ਚੁੰਮਦੀ। [18]ਵੱਛੇ ਨੂੰ।

ਲਘੁ ਲੀਜਹਿ ਨਿਜ ਤਨ ਸੋਂ ਨਿਤ ਰਖਹੁ ਸੰਭਾਰਿ।ਸਿੰਘ ਖਾਲ ਸੇ*ਹੋਹਿ ਖਾਲਸਾ[1] ਛੱਤ੍ਰੀ ਪਦ ਸਭਿ ਆਯੁਧ ਧਾਰਿ ॥੯॥ਤੇਜ ਸਿੰਘਕੋ ਸਦਾ ਪੁਰੋਗਮ ਰਹਿਤ ਸਹਤ ਜੇ ਸਿੰਘ[2] ਉਦਾਰ । ਪੀਛੇ ਪਛੁਤਾਵਾ ਹੁਇ ਤਿਨ ਮਹਿ ਉਰ ਉਨਮਾਦ ਵਸਤੁ ਤੇ ਧਾਰਿ[3]।ਕਸ਼ਟ ਦੇਹਿਕੋ ਤੋਹਿ ਪੰਥ ਕਹੁ ਉਬਰਹਿ ਮਰਹਿ ਸੁ ਜੁੱਧ ਮਝਾਰ[4]–। ਇਮ ਕਹਿਕੈ ਅਰ ਬਹੁ ਹਿਤ ਕਰਿ ਕੈ ਪ੍ਰੇਮ ਸਾਥ ਤਨ ਸਰਬ ਨਿਹਾਰ॥੧੦॥ਭਈ ਸੁ ਲੋਪ ਭਗਵਤੀ† ਤਹਿਂ ਤੇ, ਦੁਸ਼ਟ ਦਮਨ ਨਿਜ ਨਾਮ ਧਰਾਇ। ਤਪਸੀ ਪੁਰਖ ਗਯੋ ਪਿਤ ਕੇ ਢਿਗ, ਦਰਸ਼ਨ ਦੇਖਤਿ ਸੀਸ ਨਿਵਾਇ। ਪੁੱਤ੍ਰ ਬਿਲੋਕਤਿ ਹਰਖਤਿ ਹੁਇ ਕਰਿ ਦੁਰਗਾ ਬਰ ਲਖਿ ਬਾਕ ਅਲਾਇ[5]।–ਸ਼ਕਤੀ ਕਰਿ ਪ੍ਰਸੰਨ ਹੇ ਸੁਤ ਤਵ[6],

[1]ਸ਼ੇਰ ਦੀ ਖੱਲ ਤੇ ਹੋਇਆ ਕਰਕੇ ਖਾਲਸਾ ਨਾਮ ਹੋਇਆ ( ਵੇਖੋ ਅੰਸੂ ੫੦ ਅੰਕ ੨੧ )। [2]ਰਹਤ ਦੇ ਸਹਤ ਜੋ ਮਹਾਨ ਸਿੰਘ ਹੋਣਗੇ ਸ਼ੇਰ ਵਾਲਾ ਤੇਜ ਉਹਨਾਂ ਦਾ ਅੱਗ੍ਰਗਾਮੀ ਹੋਵੇਗਾ [ਸੰਸ: ਅਗ੍ਰਗਾਮਿਨ]। [3]ਵਸਤੂ ( ਭਾਵ ਰਾਜ ਆਦਿ ) ਮਿਲਣ ਤੇ ਦਿਲ ਵਿਚ ਜੋ ਹੰਕਾਰ ਧਾਰਨਗੇ ਉਹਨਾਂ ਨੂੰ ਪਿੱਛੋਂ ਪਛੁਤਾਵਾ ਹੀ ਰਹਿ ਜਾਏਗਾ। [4]ਉਹਨਾਂ (ਉਨਮਾਦੀਆਂ ਦੀ) ਦੇਹ ਨੂੰ ਕਸ਼ਟ ਹੋਵੇਗਾ (ਨਾਲ) ਪੰਥ ਨੂੰ ਕਸ਼ਟ ਪੁਜੇਗਾ, (ਪਰ ਇਨ੍ਹਾਂ ਕਸ਼ਟਾਂ ਨਾਲ ਜੇ ਪੰਥ) ਮਰੇਗਾ ਤਾਂ ਜੁੱਧ (ਜੇ ਕਸ਼ਟਾਂ ਤੋਂ ਛੁੱਟੇਗਾ ਤਾਂ) ਜੁੱਧ ਨਾਲ। (ਅ) ਤੇਰੇ ਪੰਥ ਦੀ ਦੇਹ ਨੂੰ ਕਸ਼ਟ ਹੋਇਗਾ ਜੁੱਧ ਵਿਚ ਹੀ ਮਰੇ ਯਾ ਤਰੇਗਾ। [5]ਭਾਵ ਪਿਤਾ ਜੀ ਬੋਲੇ। [6]ਸ਼ਕਤੀ ਨੂੰ ਪ੍ਰਸੰਨ ਕਰਕੇ ਹੇ ਪੁਤਰ!

*ਕਵਿ ਜੀ ਦੇ ਪਿੱਛੇ ਆਏ ਵਰਣਨ ਵਿਚ ਗੁਰੂ ਜੀ ਦੇ ਆਪਣੇ ਉਚਾਰੇ ਬਚਨਾਂ ਨਾਲੋਂ ਫਰਕ ਦਿੱਸਦਾ ਹੈ। ਇਸ ਵਿਸ਼ੇ ਤੇ ਨਰੋਤਮ ਤਾਰਾ ਸਿੰਘ ਜੀ ਪੰਡਿਤ ਨੇ ਗੁਰ ਤੀਰਥ ਸੰਗ੍ਰਹਿ ਦੇ ਸਫਾ ੯੦ ਪਰ ਇਉਂ ਲਿਖਿਆ ਹੈ:–

"ਸੂਰਜ ਪ੍ਰਕਾਸ਼ ਮੇਂ ਕਾਰਨ ਪ੍ਰਯੋਜਨ ਨਾਮ ਦਾਨ ਸਹਿਤ ਗੁਰੂ ਜੀ ਕੇ ਅਵਤਾਰ ਹੋਨੇ ਕੀ ਕਥਾ ਲਿਖੀ ਹੈ। ਅਰ ਕਥਾ ਕਾ ਵਰਣਨ ਅਨੇਕ ਭਾਂਤ ਸੇ ਹੋਤਾ ਹੈ। ਪ੍ਰੰਤੂ ਨਾਮ ਥਾਨ ਕਾਰਨ ਪ੍ਰਯੋਜਨ ਏਕ ਹੀ ਹੋਤੇ ਹੈਂ। ਅਰ ਪੂਰਬਲੀ ਕਥਾ ਮੇਂ ਹੇਮਕੁੰਟ ਕਾ ਸੁਮੇਰ ਅਰਥ ਲਿਖਾ, ਗੁਰੂ ਤੇਗ ਬਹਾਦੁਰ ਜੀ ਕੋ ਅਕਾਲ ਕਾ ਤਪਸੀ ਰੂਪ ਲਿਖਾ, ਗੁਰੂ ਗੋਬਿੰਦ ਸਿੰਘ ਮਹਾਰਾਜ ਕਾ ਖਾਲ ਸੇ ਜਨਮ ਹੋਨਾ ਲਿਖਾ। ਸੋ ਸਭੀ ਲਿਖਨਾ ਪੂਰਬ ਲਿਖੇ ਗੁਰੂ ਜੀ ਕੇ ਬਚਨੋਂ ਸੇ ਬਿਰੁੱਧ ਸਿੱਧ ਹੋਤਾ ਹੈ। ਕਾਹੇ ਤੇ, ਹੇਮਕੁੰਟ ਕਾ ਪਤਾ ਗੁਰੂ ਜੀ ਨੇ ਪੰਡੁਰਾਜ ਕੇ ਯੋਗ ਥਾਨ ਕੇ ਸਮੀਪ ਲਿਖਾ ਹੈ। ਔ ਪੰਡੁ ਰਾਜ ਨੇ ਜੋਗ ਸਪਤ ਸ੍ਰਿੰਗ ਮੇਂ ਕੀਆ, ਊਹਾਂ ਹੀ ਗੁਜਰਾ, ਆਗੇ ਕਹੀਂ ਨਹੀਂ ਗਿਆ ਯਹ ਆਗੇ ਲਿਖੇਂਗੇ। ਗੁਰੂ ਤੇਗ ਬਹਾਦੁਰ ਜੀ ਕਾ ਪੂਰਬ ਤਪਸੀ ਹੋਨਾ ਨਹੀਂ ਲਿਖਾ, 'ਤਪ ਸਾਧਤਿ ਹਰਿ ਮੋਹ ਬੁਲਾਯੋ' ਐਸੇ ਅਪਨਾ ਲਿਖਾ ਹੈ। ਅਰ ਖਾਲ ਸੇ ਅਪਨਾ ਜਨਮ ਨਹੀਂ ਲਿਖਾ ਨਾ ਖਾਲ ਸੇ ਹੋਨੇ ਸੇ ਖਾਲਸਾ ਕਹਾਵੇਂਗਾ ਯਹ ਲਿਖਾ ਹੈ। ਅਰ ਲਿਖਨਾ ਉਨਹੀ ਕਾ ਸੱਚਾ ਹੈ, ਯਾਂਤੇ ਖਾਲਸ ਸ਼ੁੱਧ ਧਰਮ ਕੇ ਧਾਰਨੇ ਸੇ ਖਾਲਸਾ ਜਾਨੋ।"

†ਦੇਵੀ ਦੇ ਉਧਾਰ ਲਈ ਦੇਖੋ ਰੁਤ ੩ ਅੰਸੂ ੧੨ ਦੇ ਅੰਤ ਦੀ ਟੂਕ।

ਬਰ ਲੀਨਸਿ ਕਰਿ ਕੈ ਰਿਤ ਚਾਇ ॥ ੧੧॥ ਜੁੱਧ ਕਰਨਿ ਕੋ ਬਰ ਇਹ ਲੀਨਸਿ, ਯੁੱਧ ਹੇਤੁ ਹੀ ਮੈਂ ਉਪਜਾਇ।ਅਧਿਕ ਜੁੱਧ ਹਿਤ ਕਰਤਾ ਸ਼ਰਧਾ ਜੁੱਧ ਸੁ ਅਨਦਿਨ ਰਿਦੇ ਬਸਾਇ।ਰੱਛਨਾ ਮੋਹਿ ਕਰਹੁ ਇਮ ਜਾਨਹ[1]ਆਰ-ਬਲਾ ਬਾਲਿਕ ਜਬਿ ਪਾਇ। ਤਬਿ ਮੈਂ ਰਣ ਨਹਿਂ*ਕਰਵਿਬਿਲੋਕਨਹੇਸੁਤ ਇਸ ਕੋ ਰਚਹੁ ਉਪਾਇ[2] ॥੧੨॥ਜਿਮ ਗੋਭੀ[3]ਤੂਰਨ ਹੁਇ ਉਤਪਤਿ ਤਿਮ ਉਪਜਨੋ ਮੁਝ ਤੇ ਹੇ ਨੰਦ ! ਲੋਕ ਸੁਬੋਤਮ ਤੇ ਛਿਤ ਪ੍ਰਾਪਤਿ ਯਾਂਤੇ ਨਾਮ ਸੁ ਹੋਤਿ ਗੋਬਿੰਦ[4]। ਸਿੰਘ ਸੁ ਪਦ ਦੇਵੀ ਦਿਯ ਪੂਰਬ ਅਬਿ ਤੁਮ ਤਪ ਕੋ ਤਪਹੁ ਬਿਲੰਦ। ਸਮੋ ਆਇ ਤਬਿ ਬਿਦਤਹੁ ਜਗ ਮਹਿ ਬ੍ਰਿਧਹਿ ਤੇਜ ਬਡ ਸੂਰ[5]ਮਨਿੰਦ—॥ ੧੩ ॥ ਕਹੇ ਪਿਤਾ ਕੇ ਉੱਗ੍ਰ ਸੂਰਮਾ ਮਹਾਂ ਪ੍ਰਤਾਪ-ਵੰਤ ਧਰਿਧੀਰ। ਤੇਜਵੰਤ ਧਰਮਾਤਮ ਸਦ ਹੀ ਅਤਿ ਉਦਾਰ ਗੁਣਨਿਧਿ ਬਰਬੀਰ। ਬ੍ਰਿੰਦ ਅਰਿੰਦਮ[6], ਆਯੁਧ ਧਾਰੀ, ਅਜਰ ਜਰਨ ਕਹੁ ਰਿਦਾ ਗੰਭੀਰ। ਪਰ ਉਪਕਾਰ ਕਰਨਿ ਅਭਿਲਾਖੀ ਤਰਨਿ ਗਯਾਨ ਕਹੁ, ਕਰ ਧਨ ਤੀਰ[7] ॥ ੧੪ ॥ ਖੜਗ ਮਹਾਂ ਖਰ ਨਿਰਮਲ ਧਰਤਾ, ਮਹਾਂ ਕਰਮ ਕਰਤਾ ਦੁਸਹਾਰ[8]।ਅਭਿਬੰਦਨ ਚਰਨਨਿ ਪਰ ਧਰਿ ਕੈ—[9]ਆਇਸੁ ਰਾਵਰ ਕੀ ਸਿਰ ਧਾਰਿ। ਕਹਨੋ ਆਪ ਕੋ ਮੈਂ ਸਭਿ ਕਰਿ ਹੌਂ ਸਰਬ ਪ੍ਰਕਾਰ ਸਦਾ ਅਨੁਸਾਰਿ—। ਇਮ ਕਹਿ ਗਏ ਤਬਹਿ ਤਪ ਤਾਪਨਿ ਅਨਿਕ ਭਾਂਤਿ ਕੇ ਤਪੇ ਉਦਾਰ ॥ ੧੫ ॥ ਕਾਨਨ ਮਹਿਂ ਬਡ ਉੱਚ ਪਹਾਰਨਿ, ਦਰੀ ਕੰਦਰਾ ਨਦੀ ਬਿਸਾਲ।ਦੇਸ਼ ਅਗਮ†ਮਹਿਂ ਨੀਰ ਨ ਤੀਰਹਿ[10]ਬੈਠਹਿਂਤਪਤਾਪਹਿਂ ਦੁਖ ਘਾਲ[11]। ਜੇ ਬਿਸਤਰਤਿ ਪੁਲਨ[12] ਕੇ ਥਲ ਹੈਂ, ਨਿਰਜਲ ਬਿਖੈ

---

[1]ਤੁਸੀਂ ਮੇਰੀ ਰਖਯਾ ਕਰਦੇ ਹੋ ( ਮੈਂ ) ਇਹ ਜਾਣਦਾ ਹਾਂ ( ਇਸ ਲਈ )। [2]ਜਦ ਤੁਸੀਂ ਬਾਲ ਆਯੂ ਪਾਓਗੇ ਤਦ ਮੈਂ ਜੁੱਧ ਵਿਚ ( ਤੁਹਾਨੂੰ ) ਨਾਂ ਦੇਖਾਂ, ਹੇ ਪੁਤਰ ਇਸ ਦਾ ਉਪਾਉ ਕਰ। [3]ਲਗਰ, ਅੰਕੂਰ, ਕਲੀ। [4]ਤੁਸੀਂ ਸਰਵੋਤਮ (=ਅਕਾਲ ਪੁਰਖ—) ਦੇ ਲੋਕ ਤੋਂ ਧਰਤੀ ਤੇ ਪ੍ਰਾਪਤ ਹੋਏ ਹੋ ਤਾਂਤੇ ਨਾਮ ਤੁਹਾਡਾ ਗੋਬਿੰਦ ਹੋਵੇਗਾ। ਕਵੀ ਜੀ ਗੋ, ਵਿੰਦ, ਦੇ ਅਰਥ ਕਰ ਰਹੇ ਹਨ। ਗੋ=ਪ੍ਰਿਥਵੀ, ਵਿਦ ਧਾਤੂ=ਪ੍ਰਾਪਤ ਹੋਣਾ, ਭਾਵ (ਅਕਾਲ ਪੁਰਖ ਜੀ ਦੀ ਆਗਯਾ ਪਾਕੇ) ਪ੍ਰਿਥਵੀ ਤੇ ਪ੍ਰਾਪਤ। [5]ਸੂਰਜ। [6]ਸਮੂਹ ਵੈਰੀਆਂ ਦੇ ਦਮਨ ਕਰਨ ਵਾਲੇ। [7]ਗਯਾਨ ਦੇ ਸੂਰਜ ਹਨ (ਫਿਰ) ਹੱਥ ਵਿਚ ਤੀਰ ਕਮਾਨ ਧਾਰਨ ਵਾਲੇ ਹਨ। [8]ਨਾ ਸਹਾਰੇ ਜਾਣ ਵਾਲੇ। [9]ਭਾਵ ਆਪ ਬੋਲੇ:—[10]ਔਖੇ ਥਾਂ ਵਿਚ, ਜਿੱਥੇ ਜਲ ਪਾਸ ਨਹੀਂ। [11]ਦੁਖ ਵਾਲੀ ਘਾਲਨਾ ਘਾਲਕੇ। [12]ਬਰੇਤਿਆਂ। *ਪਾਠਾਂਤ੍ਰ—ਮਹਿ। †ਪਾ:—ਅਗਨਿ।

ਬਸੇ ਚਿਰਕਾਲ। ਮਨ ਇਕਾਂਤ ਕਰਿ ਪੌਨ ਰੋਧ ਕਰਿ[1] ਲਗੀ ਸਮਾਧਿ ਰਹੇ ਹਿਤ ਨਾਲ ॥੧੬॥ ਕਬਿ ਜਲ ਪੀਵਹਿਂ, ਕਬਹਿ ਨ ਪੀਵਹਿਂ, ਥੀਵਹਿਂ ਨਿਰਾਹਾਰ ਥਿਤ ਹੋਇ[2]।ਆਤਪ, ਬਰਖਾ ਸੀਤ ਸਹਾਰਹਿਂ, ਰਹਹਿਂ ਅਡੋਲ ਅਬੋਲਖਲੋਇ'।ਕਹਤਿ ਬਿਧਾਤਾ 'ਸੁਨਹੁ ਸੁਰਹੁ ਸਭਿ! ਸਮਾ ਸਮਾਪਤਿ ਕੋ ਅਬਿ ਸੋਇ। ਨਿਜ ਸਿੱਖਯਨਿ ਜੁਤਿ ਨਰ ਤਨ ਧਰਿ ਕੈ ਪੰਥ ਪ੍ਰਕਾਸ਼ਹਿਂ ਤੇਜ ਅਖੋਇ[3]' ॥ ੧੭ ॥ ਸੁਨਿ ਕਰਿ ਸੁਰ ਉਰ ਅਚਰਜ ਧਰਿ ਕਰਿ ਲਖੀ ਭਵਿੱਖਯਤ ਸਭਿ ਹੀ ਬਾਤ ।ਜਿਤ ਕਿਤ ਦੇਸ਼ ਦੇਹ* ਨਰ[4]ਧਰਿ ਕੈ ਕੌਤਕ ਪਿਖਨਿ ਚਹਤਿ ਸਭਿ ਭਾਂਤਿ । ਹਿੰਦੂ ਜਮਨ ਕੀ ਦੁਰਮਤਿ ਲਖਿ ਕਰਿ ਕਰਤਾ ਪੁਰਖ ਭਗਤ ਸੁਖਦਾਤ। ਨਿਜ ਗਨ ਸੰ ਆਇਸੁ ਅਸ ਦੀਨਸਿ 'ਗਮਨਹੁ ਲੇ ਬਿਬਾਨ ਅਵਿਦਾਤ ॥ ੧੮ ॥ ਰੂਪ ਤਪੋ ਮੈਂ[5], ਤਪ ਕੋ ਤਾਪਤਿ ਅਤਿਸ਼ੈ ਤਪਸੀ ਤਪ ਮਹਿਂ ਪਜਾਰ। ਮੋਹਿ ਸਮੀਪ ਜਾਇ ਅਬਿ ਆਨਹੁ ਘੋਰ ਤਪਨੋ ਤਪ ਦਰਸ ਉਦਾਰ ।ਸੰਮਤ ਬਿਤੇ ਅਸੇਖ ਜਿਸੀ ਕਹੁ ਮਮ ਸਰੂਪ ਸੋਂ ਇਕਤਾ ਧਾਰਿ।ਮੋਹਿ ਰੂਪ ਮਹਿਂ ਉਚਿਤ ਮਿਲਨਿ ਕੇ ਅਸਥਿ ਮਾਤ੍ਰ ਜਿਸਗਾਤ ਨਿਹਾਰ॥੧੯॥ਹੇਮ ਕੂਟ ਕੇ ਸਪਤ ਸ਼੍ਰਿੰਗ ਸ਼ੁਭ। ਸਭਿਨਿ ਬੀਚ ਬਰ ਸ਼੍ਰਿੰਗ ਸੁਹਾਇ। ਤਿਸ ਪਰ ਖਰੇ ਕਰਹਿਂ ਤਪ ਦੀਰਘ ਅਚਲ ਸ਼ੁਸ਼ਕ ਕਾਸ਼ਟ ਸਮਤਾਇ'। ਸੁਨਿ ਗਨ ਲੇ ਬਿਬਾਨ ਕਉ ਗਮਨੇ ਜਿਸ ਕੀ ਸ਼ੋਭਾ ਕਹੀ ਨ ਜਾਇ।ਸੁੰਦਰ ਬੰਦਨਵਾਰ ਦਰਨ ਪਰ ਮੁਕਤਾ ਮਹਿਤ ਪ੍ਰਕਾਸ਼ ਕਰਾਇ ॥ ੨੦ ॥ਦਿਨਮਣਿ[6] ਸਮ ਮਣਿ ਗਣ ਕੀ ਜੜਤੀ ਮਹਿਤ ਪ੍ਰਕਾਸ਼ਕ ਕਮਲ ਬਨਾਇ[7] । ਹੀਰੇ ਕੋਰਦਾਰ ਕਰਿ ਕੋਰਨ ਪੋਰਨ ਪਦਮਰਾਗ ਛਬਿ ਛਾਇ[8] । ਹੰਸਨਿ ਕੀ ਪ੍ਰਤਿਮਾ ਘਰ ਚਿੱਤ੍ਰਤਿ[9] ਊਪਰ ਕਲਸ ਉਰਧ ਦਿਪਤਾਇ। ਜਾਲ ਕਿੰਕਣੀ ਕਰਤਿ ਕੁਲਾਹਲ, ਮਨ ਅਨੁਸਾਰ ਚਲਨਿ ਸਭਿ ਥਾਇਂ[10]॥੨੧॥ਮੁਕਤਾ ਜਾਲੀ ਜ੍ਵਲਤਿ ਝਰੋਖਨਿ

---

[1]ਰੋਕਕੇ। [2]ਇਸਥਿਤ ਹੋਕੇ। [3]ਨਾਸ਼ ਰਹਿਤ ਤੇਜ ਰੱਖਕੇ। [4]ਨਰ ਸਰੀਰ। [5]ਤਪੋਮਯ=ਤਪ ਸਰੂਪ। [6]ਸੂਰਜ। [7]ਬਣਾਏ ਹੋਏ ਕਮਲ। [8]ਦਰਵਾਜਿਆਂ ਤੇ ਚੀਰੇ ਹੋਏ ਕੋਰਦਾਰ ਹੀਰੇ ਤੇ ਲਾਲ ਮਣੀਆਂ ਛਬਿ ਦੇ ਰਹੀਆਂ ਹਨ। [9]ਹੰਸਾਂ ਦੀਆਂ ਮੂਰਤਾਂ ਘਰ ਵਿਚ ਚਿੱਤ੍ਰੀਆਂ ਹੋਈਆਂ। [10](ਚੁੱਕਣ ਵਾਲੇ) ਸਾਰੇ ਗਣਾਂ ਦੀਆਂ ਤੜਾਗੀਆਂ ਛਣਕਦੀਆਂ ਹਨ ਤੇ ਉਨਾਂ ਦੀ ਚਾਲ ਮਨ ਅਨੁਸਾਰ ਹੈ। (ਅ) ਬਿਬਾਣ ਦੀਆਂ ਟੱਲੀਆਂ ਛਣਕਦੀਆਂ ਹਨ ਤੇ ਸਭ ਥਾਵਾਂ ਵਿਚ ਉਸ ਦੀ ਚਾਲ ਮਨ ਵਰਗੀ ਹੈ।*ਪਾ:-ਥੇਖ।*ਇਥੇ ੧੯੩੬ ਈ: ਤੋਂ ਗੁਰਦੁਆਰਾ ਕਾਇਮ ਹੋ ਚੁਕਾ ਹੈ।

ਰੰਮਜ ਮਨੋਹਰ ਦਿਪਤਿ ਬਿਮਾਨ। ਆਸਤਰਨ ਬਰ ਮ੍ਰਿਦੁਲ ਕਲਤਿ ਕਰਿ[੧] ਸੁੰਦਰ ਧਰੇ ਸੁਭਗ ਉਪਧਾਨੁ[੨]।ਸ਼ਯਾਮਲ ਰਕਤ[੩] ਰੰਗ ਤੇ ਆਦਿਕ ਲਗੇ ਰਤਨ ਹੀਰੇ ਦੁਤਿ ਖਾਨ। ਜਾਹਿਂ ਦੇਸ਼ ਜਿਸ, ਦੇਖੈ ਕੋ ਤਿਹ, ਕਹੈਂ ਪਰਸਪਰ 'ਹੈ ਇਹ ਭਾਨੁ' ॥ ੨੨ ॥ ਸਪਤ ਸ਼੍ਰਿੰਗ ਕੇ ਮੱਧਜ ਸ਼੍ਰਿੰਗ ਪਰ ਥਿਰਯੋ ਆਇ ਗਨ ਸਹਤ ਬਿਮਾਨ[੪]। ਸਾਦਰ ਬਿਨੈ ਸੁਨਾਵਨਿ ਕੀਨਸਿ 'ਹੇ ਤਪੁਧਨ[੫]! ਤਪ ਰੂਪ ਮਹਾਨ। ਤਪ ਅਧਿਕੋ ਤੁਮ, ਤਪਹਿ ਬਿਥਾਰਹੁ ਤਪ ਸਾਧਕ ਤੁਮਰੇ ਨ ਸਮਾਨ। ਪੂਰਨ ਕਰਹੁ ਕਾਮਨਾ ਤਨ ਕੀ ਪੁਰਸ਼ੋ-ਤਮ ਪਰਮਾਰਥਵਾਨ! ॥ ੨੩ ॥ ਪਰਮੇਸ਼ੁਰ, ਪਰਮਾਤਮ, ਪੂਰਨ, ਪਰਮ ਪੁਰਖ ਆਵਾਹਨ ਕੀਨਿ। ਕਰਹੁ ਅਰੂਢਨਿ ਬਰ ਬਿਮਾਨ ਪਰ, ਦਰਸ਼ਨ ਲੇਹੁ ਸਫਲ ਨਿਜ ਚੀਨਿ। ਅਖਿਲ ਲਾਲਸਾ ਪੂਰਵਹੁ ਅਪਨੀ,ਤੁਮ ਸਭਿ ਗਯਾਤਾ ਪਰਮ ਪ੍ਰਬੀਨ। ਤਪ ਤੇ ਸ਼ਾਂਤਿ ਕਰਹੁ ਉਰ ਅੰਤਰ, ਆਇਸੁ ਮਾਨਹੁ ਬਿਲਮ ਬਿਹੀਨ' ॥ ੨੪ ॥ ਸ਼੍ਰੀ ਮੁਖ ਪ੍ਰਭੁ ਅਕਾਲ ਕੀ ਆਗਯਾ ਸੁਨਤਿ ਭਈ ਪੁਲਕਾਵਲ ਆਇ। ਉਰ ਅਨੰਦ, ਅੱਸ਼ੂ ਭਰਿ ਆਏ, ਪ੍ਰੇਮ ਬਿਖੈ ਗਦ ਗਦ ਬਚ ਗਾਇ। ਕ੍ਰਿਸ਼ ਤਨ ਜੁਸ਼ਟ ਪੁਸ਼ਟੋ ਰਿਸ਼ਟੋ ਅਤਿ[੬] ਸਿੱਖਨਨਿ ਕੋ ਸ਼ੁਭਤਾ ਦਰਸਾਇ[੭]। ਆਸ੍ਵਾਸਨ ਕਰਿ[੮] ਸਭਿਹਿਨਿ ਕੇਰਾ ਮ੍ਰਿਦੁਲ ਸੁਖਦ ਕਹਿ ਸ਼੍ਰੇਯ ਸੁਨਾਇ ॥ ੨੫ ॥ਕਰੀ ਅਕਾਲ ਪੁਰਖ ਦਿਸ਼ਿ ਬੰਦਨ ਪਹੁੰਚੇ ਪੁਨਹਿ ਸਮੀਪ ਬਿਮਾਨ। ਝਾਲਰ ਮੁਕਤਾ ਲਰਕਤਿ ਚਹੁੰਦਿਸ਼ਿ ਬੀਚ ਬੈਠਕਾ ਬਨੀ ਮਹਾਨ। ਤੀਨ ਪ੍ਰਦੱਛਨ ਦੀਨਸਿ ਫਿਰ ਕਰਿ ਨੰਮ੍ਰੀ ਹੋਇ ਅਰੂਢੇ ਜਾਨ[੯]। ਪਰਮਗੁਰੂ[੧੦] ਮਹਿਂ ਮਨ ਕੋ ਕੀਨਸਿ ਗਮਨ ਚਹਯੋ ਦਰਸ਼ਨ ਇਛ ਠਾਨਿ ॥ ੨੬ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਪੂਰਬ ਜਨਮ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤੀ ਅੰਸੂ ॥ ੫੧ ॥

## ੫੨. [ਅਕਾਲ ਪੁਰਖ ਪਾਸੋਂ ਵਿਦੈਗੀ]।

ਦੋਹਰਾ ॥ ਕਰਯੋ ਗਮਨ ਕੋ ਮੁਨਿ ਜਬਹਿ, ਬੇਗ ਬਿਸਾਲ ਬਿਮਾਨ। ਤੂਰਨ ਹੀ ਊਰਧ ਉਠਯੋ, ਚਲਯੋ ਜਾਤਿ ਜਿਮ ਭਾਨੁ ॥ ੧ ॥ ਸੈਯਾ ਛੰਦ ॥ ਬੇਗ ਬਿਮਾਨ ਸਮਾਨ ਜੁ ਮਨ ਕੇ[੧੧] ਨਿਮਖ ਬਿਖੈ ਪਹੁੰਚਯੋ ਦਰਬਾਰ।ਛਰੀਦਾਰ

[੧]ਸਜਾਇਆ ਹੋਇਆ [੨]ਸ੍ਰੇਸ਼ਟ ਤਕੀਏ।[੩]ਕਾਲੇ ਲਾਲ। [੪]ਗਣਾਂ ਸਮੇਤ ਵਿਮਾਨ।[੫]ਤਪੱਸ੍ਵੀ। [੬]ਤਨ ਜੋ ਕ੍ਰਿਸ (=ਲਿੱਸਾ) ਸੀ ਬਹੁਤ ਰਿਸ਼ਟ ਪੁਸ਼ਟ ਤੇ (ਜੁਸ਼ਟ=) ਆਨੰਦਮਯ ਹੋ ਗਿਆ। [੭]ਤਪੀ ਦੇ ਚੇਲਿਆਂ ਨੂੰ (ਉਨ੍ਹਾਂ ਦਾ ਉਹ ਜੁਸਾ) ਸੁਭਤਾ ਵਾਲਾ ਦਿਖਾਈ ਦਿਤਾ। [੮]ਦਿਲਾਸਾ ਦੇਕੇ। [੯]ਬਿਮਾਨ ਉਤੇ। [੧੦]ਪਰਮੇਸ਼ੁਰ। [੧੧]ਮਨ ਦੇ ਸਮਾਨ ਜਿਸ ਬਿਮਾਨ ਦਾ ਵੇਗ ਹੈ।

ਦਰਸ਼ਨ ਪ੍ਰਿਯ ਠਾਂਢੇ, ਸਿੰਘਪੌਰ ਜਨੁ ਰਜਤ ਪਹਾਰ[1]। ਸੂਰਜ ਸਮਸਰ ਮਹਿਦ ਪ੍ਰਕਾਸ਼ਕ,ਕਵਿ ਸਮਰਥ ਕੋ ਕਰਹਿ ਉਚਾਰ।ਤਹਿਂ ਤੇ ਉਤਰਿ ਖਰੋ ਤਬਿ ਦਰਸੋ ਮੁਖ ਮੰਡਲ ਜਨੁ ਚੰਦ੍ਰ ਉਦਾਰ[2]॥੨॥[3]ਸੁੰਦਰ ਦਰਸ਼ਨ ਮੰਦਰ ਦਰ ਪਰ, ਮੰਦਹਾਸ, ਮ੍ਰਿਦੁਸ਼੍ਵਰ ਮੁਦਪਾਇ। ਸਾਦਰ ਅੱਗ੍ਰ ਲੈਨ ਕੋ ਆਏ[3] ਮਿਲੇਸੰਗ ਲੈ ਚਲੇ ਲਵਾਇ[4]।ਗਏ,ਪ੍ਰਭੂ ਕੇ ਦਰਸ਼ਨ ਕਰਿ ਕੈ ਕਰੀ ਦੰਡ ਵਤ ਪ੍ਰੇਮ ਬਧਾਇ। ਪੁਟ ਲੋਚਨ ਤੇ ਰੂਪ ਅਮੀ ਨਿਧਿ ਪਾਨ ਕਰਤਿ ਬਹੁ, ਨਹਿਂ ਤ੍ਰਿਪਤਾਇ[5]॥੩॥ਹਾਥ ਬੰਦਿ ਪੁਨ ਬੰਦਨ ਧਾਰੀ ਠਾਂਢੇ ਭਏ ਨਿੰਮ੍ਰਤਾ ਸਾਥ।ਕਹੇ ਨਾਮ ਜੋ ਬੀਚ'ਜਾਪਜੀ'ਬਰਨਨ ਕਰੇ ਸਤੁਤਿ ਕੀ ਗਾਥ।ਕਹਿ ਕਰਿ ਮੁਖਿ ਤੇ 'ਨਮਹਿ ਨਮਹਿ ਪ੍ਰਭੁ' ਬਾਰਿਬਾਰ ਨਿਵਾਯਵ ਮਾਥ।'ਸਰਬ ਜੋਤਿ ਕੀ ਜੋਤਿ ਰੂਪ ਤੁਮ, ਅਖਿਲ ਲੋਕ ਨਾਥਨਿ ਕੇ ਨਾਥ ॥ ੪ ॥ ਭੁਜੰਗ ਪ੍ਰਯਾਤ ਛੰਦ ॥ ਨਮੋ ਸੱਤ੍ਯ ਨਾਮੰ[6] ! ਨਮੋ ਸੱਤ੍ਯ ਰੂਪੰ[7]। ਚਿਦਾਨੰਦ ਏਕੰ[8], ਅਨਾਮੈ[9],ਅਰੂਪੰ[10]।ਨਮੋ ਬੀਜਬੀਜੰ[11],ਮਹਾਨੰ ਮਹਾਨੰ[12] ।ਸਮਾਨੰ ਸਭੂਤੰ, ਭਵਿੱਖ੍ਯੰ, ਭਵਾਨੰ[13] ॥੫॥ ਨਮੋ ਨਾਥ ਪੂਰੇ ਸਦਾ ਸਿੱਧਿ ਦਾਤਾ। ਮਹਾਂਦੇਵ ਦੇਵੰ[14], ਬਿਧਾਤੰ ਬਿਧਾਤਾ[15]। ਜੁਗੀਸ਼ੰ[16],ਭੁਗੀਸ਼ੰ[17], ਅਧੀਸ਼ੰ, ਅਨੀਸ਼ੰ[18]। ਸਹੱਸ੍ਰੰ ਸੁ ਬਾਹੂ ਸਹੱਸ੍ਰੰ ਸੁ ਸੀਸੰ[19] ॥ ੬ ॥ ਸਹੱਸ੍ਰਾਛ ਸ਼੍ਰੋਨੰ[20], ਸਹੱਸ੍ਰੰ ਸੁ ਘ੍ਰਾਨਾ[21]। ਸਹੱਸ੍ਰਾਨਨੰ[22], ਜੈ[23], ਸਹੱਸ੍ਰੰ ਸੁ ਪ੍ਰਾਨਾ[24]।ਨਮੋ ਤੀਨ ਰੂਪਾ, ਨਮੋ

---

[1]ਪਿਆਰੇ ਦਰਸ਼ਨਾਂ ਵਾਲੇ ਛਰੀਦਾਰ ਸਿੰਘ ਪੌਰ ਤੇ ਖੜੇ ਹਨ ( ਜੋ ਸਿੰਘ ਪੌਰ ) ਮਾਨੋਂ ਚਾਂਦੀ ਦੇ ਪਹਾੜ ਵਾਂਗ ਹੈ। [2](ਤਪੀ ਜੀ ਦਾ) ਮੁਖ ਮੰਡਲ ਪੂਰਨ ਚੰਦ ਵਾਂਗ ਦਿੱਸਿਆ। ( ਅ ) ਕਈ ਸਿਆਣੇ ਅਗੋਂ ਲੈਣ ਆਇਆਂ ਵਲ ਲਾਉਂਦੇ ਹਨ। [3]ਮੰਦਰ ਦੇ ਬੂਹੇ ਅੱਗੇ ਸੁਹਣੇ ਦਰਸ਼ਨਾਂ ਵਾਲੇ ਮੁਸਕ੍ਰਾ ਰਹੇ, ਮਿਠੀ ਸੁਰ ਵਿਚ ਖੁਸ਼ੀ ਨਾਲ (ਜੀ ਆਇਆਂ ਕਹਿ ਰਹੇ) ਆਦਰ ਨਾਲ ਲੈਣ ਆਏ ਅੱਗੋਂ। [4]ਨਾਲ ਲੈਕੇ। [5]ਨੇਤਰਾਂ ਰੂਪ ਡੋਨਿਆਂ ਨਾਲ ਸਰੂਪ ਰੂਪੀ ਅੰਮ੍ਰਿਤ ਦੀ ਨਿਧੀ ਪੀਂਦੇ ਰਜਦੇ ਨਹੀ। [6]ਹੇ ਸਤਿਨਾਮ ਵਾਲੇ। [7]ਹੇ ਸੱਤ ਰੂਪ ਵਾਲੇ। [8]ਆਪ ਇਕੋ ਹੀ ਸੱਤ ਚੇਤਨ ਆਨੰਦ ਰੂਪ ਵਾਲੇ ਹੋ। [9]ਰੋਗ ਰਹਤ। [10]ਰੂਪ ਰਹਤ। [11]ਕਾਰਨਾ ਦੇ ਕਾਰਨ। [12]ਵਡਿਆਂ ਦੇ ਵਡੇ। [13]ਭੂਤ ਭਵਿੱਖਤ ਤੇ ਵਰਤਮਾਨ ਵਿਚ (ਆਪ) ਇਕ ਰਸ ਹੋ। [14]ਸ਼ਿਵਜੀ ਦੇ ਵੀ ਦੇਵ ਹੋ। [15]ਬ੍ਰਹਮਾਂ ਦੇ ਵੀ ਵਿਧਾਤਾ ਹੋ। [16]ਜੋਗੀਆਂ ਦੇ ਈਸ਼ਰ। [17]ਭੋਗੀਆਂ ਦੇ ਈਸ਼ਰ। [18](ਅਧੀਸ਼=) ਪ੍ਰਿਥਵੀ ਦੇ ਰਾਜਿਆਂ ਦੇ ਰਾਜਾ, ਤੇ ਸੈਨਾ ਪਤੀਆਂ ਦੇ ਈਸ਼ਰ। [19]ਹਜ਼ਾਰਾਂ ਬਾਹਾਂ ਤੇ ਹਜ਼ਾਰਾਂ ਸੀਸ ਹਨ। [20](ਸਹਸ੍ਰ+ਅਕਸ਼=) ਹਜ਼ਾਰਾਂ ਨੇਤਰ ਤੇ ਹਜ਼ਾਰਾਂ ਕੰਨ ਹਨ। [21]ਨੱਕ। [22]ਹਜ਼ਾਰਾਂ ਮੁਖ। [23]ਜੈ ਹੋਵੈ (ਆਪ ਦੀ)। [24]ਹਜ਼ਾਰਾਂ ਹੀ ਆਪ ਦੇ ਪ੍ਰਾਣ ਹਨ।

ਤੀਨ ਹੀਨਾ[੧]।ਨਮੋ ਪੰਚ* ਮੂਲੰ ਨਮੋ ਪੰਚ ਕੀਨਾ[੨]॥੭॥ਅਰੂਪੰ[੩], ਅਨੰਗੰ[੪], ਅਭੰਗੰ[੫], ਅਨਾਸੰ[੬]। ਸਮਸਤੰ[੭] ਉਪਾਵੈਂ, ਸਮਸਤੰ ਪਕਾਸ਼ੈਂ[੮]। ਸਮਸਤੰ ਸੰਘਾਰੈਂ, ਸਮਸਤੰ ਅਲੰਬੰ[੯]।ਨਮੋ ਸ਼ੇਖ ਸਾਈ ਬਿਰੰ ਜਾਤਿ ਅੰਬੰ[੧੦]॥੮॥ਨਮੋ ਦ੍ਰਾੜਗਾੜ੍ਹੰ[੧੧] ਕਰਾਲੰ ਬਿਸਾਲੰ। ਨਮੋ ਖੜਗ ਕੇਤੰ, ਮਹਾਂ ਕਾਲ ਕਾਲੰ[੧੨]। ਨਮੋ ਚਾਰ ਚਾਰੂ[੧੩] ਸਰੂਪੰ ਬਿਰਾਜੈ।ਸਦਾਜੈ ਸਦਾਜੈ ਸਦਾਜੈ ਸਦਾਜੈ[੧੪]॥੯॥ ਨਮੋ ਧੁੰਧ ਧੁੰਧੰ, ਨਮੋ ਸ਼ਾਂਤਿ ਸ਼ਾਂਤੰ। ਨਮੋ ਅੰਧਕਾਰੰ ਨਮੋ ਜੋਤਿ ਜੋਤੰ[੧੫]। ਸਮਸਤੰ ਬਿਥੇ ਨੀਤ ਤੋ ਮੈ ਸਮਸਤੰ[੧੬]। ਨਮਸਤੰ ਨਮਸਤੰ ਨਮਸਤੰ ਨਮਸਤੰ[੧੭] ॥੧੦॥ਸਦਾ ਮੰਡਲਾਕਾਰ ਜੋਤੀ ਅਖੰਡੰ।ਅਨਾਦੰ, ਅਨੰਤੰ[੧੮], ਅਦੰਡੰ, ਪ੍ਰਚੰਡੰ[੧੯]।ਸਤੰ ਲੋਕ ਸੀਸੰ[੨੦], ਪਗੀ ਹੈ ਪਤਾਲੰ[੨੧]।ਸਸੀ ਸੂਰ ਨੇਤ੍ਰੰ, ਮੁਖੰ ਜ੍ਵਾਲ ਜ੍ਵਾਲੰ[੨੨] ॥ ੧੧ ॥ ਕ੍ਰਿਪਾਲੰ, ਅਕਾਲੰ, ਦੁਕਾਲੰ[੨੩] ਪ੍ਰਣਾਸੀ[੨੪]। ਸਦਾਜੈ, ਸਦਾਜੈ, ਨਮੋ ਜੋਤਿ ਰਾਸੀ[੨੫]। ਚਿਦਾਨੰਦ ਸੰਗੀ ਸਦਾ ਸੰਗ ਸੋਹੈ। ਨਮੋ ਹੈ, ਨਮੋ ਹੈ, ਨਮੋ ਹੈ, ਨਮੋ ਹੈ' ॥ ੧੨ ॥ ਦੋਹਰਾ ॥ ਬਾਰਬਾਰ ਕਰਿਕੈ ਨਮੋ ਪਦ ਪੰਕਜ ਸਿਰ ਰਾਖਿ। ਕਹਯੋ 'ਮੋਹਿ ਆਗਯਾ ਦਿਜੈ ਜਿਮ ਰਾਵਰਿ ਅਭਿਲਾਖ' ॥ ੧੩ ॥ ਸੈਯਾ ॥ ਸ੍ਰੀ ਪੁਰਸ਼ੋਤਮ ਸ੍ਰੀ ਪਰਮਾਤਮ ਸ੍ਰੀ ਪਰਮੇਸ਼੍ਵਰ ਪਾਵਨ ਪੂਰਨ।ਦੇਖਿ ਕ੍ਰਿਪਾਲ ਬਿਸਾਲ ਪ੍ਰਸੀਦ ਕੈ ਜਾਂ ਦਰਸੰਨ

---

[੧](ਆਪ) ਤਿੰਨ ਹੀ ਰੂਪਾਂ (ਰਜੋ ਸਤੋ ਤਮੋ) ਵਾਲੇ ਹੋ ਤੇ (ਆਪ ਹੀ ਇਨ੍ਹਾਂ) ਤਿੰਨਾਂ ਤੋਂ ਰਹਤ ਹੋ। [੨]ਪੰਜਾਂ ( ਤੱਤਾਂ ) ਦੇ ਮੁੱਢ ਤੇ ਪੰਜਾਂ ਦੇ ਕਰਨੇ ਵਾਲੇ ਹੋ। [੩]ਰੂਪ ਰਹਤ। [੪]ਅੰਗ ਰਹਿਤ ( ਅ_) ਸੁੰਦਰ। [੫]ਨਾਸ਼ ਰਹਤ। [੬]ਆਸਾ ਰਹਤ ( ਅ ) ਨਾਸ਼ ਰਹਤ। [੭]ਸਾਰਿਆਂ ਨੂੰ। [੮]ਪ੍ਰਕਾਸ਼ਣੇ ਵਾਲ ਹੋ। [੯]ਆਸਰਾ ਹੋ। [੧੦](ਪ੍ਰਲਯਕਾਲ ਵਿਚ) ਜਲ ਪਰ ਸ਼ੇਸ਼ਨਾਗ ਉਤੇ ਸੌਂ ਕੇ ਇਸਥਿਤ ਹੁੰਦੇ ਹੋ। [੧੧]ਦ੍ਰਿੜ (=ਪੱਕੀਆਂ) ਦਾੜ੍ਹਾਂ। ਕਰੜੀ ਹੁੜ ਵਾਲੇ ( ਵਰਾਹ ਅਵਤਾਰ ਵਲ ਇਸ਼ਾਰਾ ਹੈ )। [੧੨]ਮਹਾਂ ਕਾਲ ਦੇ ਕਾਲ। [੧੩]ਸੁੰਦਰ ਤੇ ਸੁੰਦਰ। [੧੪]ਚਾਰੇ ਜੁਗਾਂ ਵਿਚ ਜੈ ਹੋਵੇ। ( ਅ ) ਹੇ ਸਦਾ ਜੈ (ਰੂਪ) ਸਦਾ ਜੈ (ਕਰਨੇ ਵਾਲੇ, ਦਾਸਾਂ ਦੀ ਆਪ) ਸਦਾ ਜੈ ( ਕਰ ਰਹੇ ਹੋ ਸੋ ਇਸ ਲਈ ਸਾਡੀ ਵੀ) ਸਦਾ ਜੈ ਕਰੋ। [੧੫]ਹੇ ਅੰਧਕਾਰ ਰੂਪ ਤੇ ਜੋਤੀਆਂ ਦੀ ਜੋਤ। [੧੬]ਸਾਰਿਆਂ ਵਿਚ ਸਦਾ ਤੂੰ ਹੈ ਤੇਰੇ ਵਿਚ ਸਾਰਾ (ਪ੍ਰਪੰਚ ਸਦਾ) ਹੈ। [੧੭]ਚਾਰੇ ਅੰਤਹਕਰਣਾ ਕਰਕੇ ਨਮਸਕਾਰ ਹੈ ( ਅ) ਹੇ ਨਮਸਕਾਰ (ਕਰਨੇ ਜੋਗ ਜੋ ਤੈਨੂੰ) ਨਮਸਕਾਰ ਕਰਦੇ ਹਨ (ਉਹਨਾਂ ਦਵਾਰਾ ਮੈਂ) ਨਮਸਕਾਰ (ਕਰਨੇ ਵਾਲਾ ਹੋਕੇ) ਨਮਸਕਾਰ ਕਰਦਾ ਹਾਂ। [੧੮]ਅੰਤ ਰਹਤ। [੧੯]ਤੀਖਣ। [੨੦]ਸੱਤਿ ਲੋਕ (ਤੇਰਾ) ਸੀਸ ਹੈ। [੨੧]ਪਤਾਲ ਚਰਨ ਹਨ। [੨੨]ਪ੍ਰਕਾਸ਼ ਰਹੀ ਅੱਗ ਮੂੰਹ ਹੈ। [੨੩](ਜੰਮਣ ਮਰਨ ਦੇ) ਦੋ ਸਮੇਂ।(ਅ) ਔਖੇ ਸਮੇਂ। [੨੪]ਨਾਸ਼ ਕਰਨੇ ਵਾਲੇ। [੨੫]ਜੋਤੀਆਂ ਦੀ ਖਾਣ।

*ਪਾ:-ਪੰਥ।

ਕੋ ਪਾਵਤਿ ਕੂਰ ਨ[1]। ਰੂਪ ਅਨੰਤ ਅਨਾਦਿ ਪ੍ਰਭੂ ਨਿਜ ਦਾਸਨ ਕੇਰ ਸਹਾਇਕ ਪੂਰਨ। ਜਾਂ ਪਦ ਕੇ ਨਖ ਸੁੰਦਰਤਾ ਲਖਿ ਆਨ ਤਿਲੋਕ ਬਿਖੈ ਸਮ ਰੂਰ ਨ[2] ॥੧੪॥ ਸੈਯਾ ਛੰਦ ॥ ਧੁਨਿ ਗੰਭੀਰ ਸਘਨ ਮ੍ਰਿਦੁਲਾ ਬਹੁ ਬੋਲੇ ਬਾਕ ਮੰਦ ਮੁਸਕਾਨ। 'ਦੁਸ਼ਟਦਮਨ! ਸੁਨਿ ਪਥਮੈ ਉਪਜਯੋ, ਕਰਯੋ ਤਪੀਸੁਰ ਨੇ ਮਮ ਧ੍ਯਾਨ।ਅਪਨੇ ਤਪ ਪਭਾਵ ਤ ਕੀਨਸਿ ਕਾਰਨ ਕਰਿਬੇ ਜੁੱਧ ਮਹਾਨ। ਯਾਂਤੇ ਅੰਸ ਅਹੈਂ ਤੂੰ ਹਮਰੀ ਤਪੇ ਮਹਾਂ ਤਪ ਕ੍ਵੈ ਨ ਸਮਾਨ[3] ॥ ੧੫ ॥ ਨਹੀਂ ਕਿਸੂ ਭੀ ਤਪਯੋ ਇਤੋ ਤਪ ਤੀਨ ਜੁਗਨਿ ਲੌ ਕੀਨਿ ਮਹਾਨ।ਅਬਿ ਅਵਤਾਰ ਪਿਥੀ ਤਲ ਧਰਿਕੈ ਮੇਰੋ ਕਾਜ ਕਰਹੁ ਬਚ ਮਾਨਿ। ਦੁਸ਼ਟ ਜਮਨ ਨੇ[4] ਭ੍ਰਿਸ਼ਟ ਹਿੰਦ ਕਿਯ ਤੁਮ ਅਲੰਬ ਹੋਵਹੁ ਸਵਧਾਨ। ਮਾਨੁਖ ਤਨ ਧਰਿ ਲੀਲਾ ਨਿਜ ਕਰਿ ਸੱਤਨਾਮ ਭਗਤੀ ਦਿਹੁ ਦਾਨ' ॥ ੧੬ ॥ ਸੁਨਿ ਕੈ ਦੁਸ਼ਟ ਦਮਨ ਕਰ ਜੋਰੇ 'ਤਹਾਂ ਜਾਨਿ ਮੈਂ ਬਿਘਨ ਬਿਸਾਲ। ਅਨਿਕ ਭਾਂਤਿ ਕੀ ਹੋਹਿਂ ਪ੍ਰਬਿਰਤਾ[5] ਅਰੁ ਬਹੁ ਬਧਯੋ ਕਲੀ ਕੋ ਕਾਲ। ਚਰਨ ਆਪ ਕੇ ਸੁਰਤ ਚੁਭੀ ਮਮ, ਟਿਕਯੋ ਅਧਿਕ ਮਨ ਪ੍ਰੇਮ ਰਸਾਲ। ਚਿਤ ਮਹਿਂ ਨਹੀਂ ਜਾਨਿ ਅਭਿਲਾਖਾ ਇਕ ਰਸ ਰਚਯੋ ਸਰੂਪ ਸੰਭਾਲਿ[6]' ॥ ੧੭ ॥ ਸੁਨਿ ਕੈ ਪ੍ਰਭੁ ਜਯੋਂ ਕਯੋਂ ਸਮੁਝਾਯੋ ਸ਼੍ਰੀ ਦੇਵੀ ਕੋ ਕਹਯੋ ਬਿਤਾਂਤ*। 'ਭਏ ਲਬਧ ਬਰ ਸ਼ਕਤੀ ਤੇ ਤੁਮ[7], ਸੌਪਿ ਸਮੋ ਆਯੋ ਨਿਜਕਾਤ[8]। ਪੰਥ ਖਾਲਸਾ ਸਿਰਜਨਿ ਉੱਤਮ† ਮਾਰਗ ਭਗਤਿ ਪ੍ਰੇਮ[9] ਅਵਿਦਾਤ।ਛੱਤ੍ਰੀ ਧਰਮ ਨਹੀਂ ਜਗ ਦਿਖੀਯਤਿ, ਭਏ ਮਲੇਛ, ਅਚਾਰਨ ਘਾਤ[10] ॥ ੧੮ ॥ ਰਚਯੋ ਜਗਤ ਜਬਿ ਪੂਰਬ ਹਮ ਨੇ ਉਪਜਾਏ ਬਲਿ ਦੈਤ ਬਿਸਾਲ। ਮਹਾਂ ਦੀਨ[11] ਲੌ ਬਹੁਤ ਪਠਾਏ ਤਿਨਹੁ ਚਲਾਏ ਨਿਜ ਨਿਜ ਚਾਲ[12]।ਸੱਤਨਾਮ ਉਪਦੇਸ਼ ਨ ਕੀਨਸਿ ਪਾਰਬ੍ਰਹਮਕੀ ਨਹੀ ਸੰਭਾਲਿ[13]। ਅਬਿ ਤੁਮ ਸੁਗਮ ਚਲਾਵਹੁ ਨੀਕੇ ਰਹਿਤਿ ਕਹਤਿ ਕੇ ਸਹਿਤ ਰਸਾਲ[14]'

[1]ਝੂਠੇ ਨਹੀਂ ਪਾ ਸਕਦੇ ਭਾਵ ਸਚੇ ਪਾਂਵਦੇ ਹਨ। [2]ਹੋਰ ਤ੍ਰਿਲੋਕੀ ਵਿਚ ਕੋਈ ( ਵਸਤੂ ) ਸੁੰਦਰ ਨਹੀਂ। [3]ਕੋਈ ਤੇਰੇ ਸਮਾਨ ਨਹੀਂ। [4]ਜਵਨੀ ਦੁਸ਼ਟਾਂ ਭਾਵ ਤੁਰਕਾਂ ਨੇ। [5]ਪ੍ਰਵਿਰਤੀਆਂ। [6]ਸੰਭਾਲਕੇ। [7]ਤੁਸੀਂ ਦੇਵੀ ਤੋਂ ਵਰ ਪ੍ਰਾਪਤ ਕੀਤੇ ਸੀ। [8]ਨੇੜੇ, ਨਜ਼ਦੀਕ। [9]ਪ੍ਰੇਮਾ ਭਗਤੀ। [10]ਸਿਸ਼ਟਾਚਾਰ ਦਾ ਨਾਸ਼ ਹੋ ਗਿਆ ਹੈ। [11]ਮੁਹੰਮਦ। [12]ਆਪੋ ਆਪਣੀ ਚਾਲ। [13]ਯਾਦ। [14]ਸੁੰਦਰ।

*ਬਚਿਤ੍ਰ ਨਾਟਕ ਵਿਚ ਅਕਾਲ ਪੁਰਖ ਜੀ ਦੇ ਮੁਖਾਰਬਿੰਦ ਤੋਂ ਦੇਵੀ ਦਾ ਜ਼ਿਕਰ ਕੋਈ ਨਹੀਂ, ਤਾਂਤੇ ਇਹ ਮੰਨਣੇ ਜੋਗ ਨਹੀਂ।

†ਪਾ:–ਅੰਤਰ।

॥੧੯॥ਇਮ ਕਹਿ ਦੁਸ਼ਟ ਦਮਨ ਕਹੁਬਹੁਬਿਧਿ ਅਪਨੇਅੰਕਬਿਖੈ ਬੈਠਾਇ। 'ਮੈਂ ਅਪਨਾ ਸੁਤ ਤੋਹਿ ਨਿਵਾਜਯੋ ਪੰਥ ਪ੍ਰਚੁਰ ਕਰੀਅਹਿ ਜਗ ਜਾਇ। ਸ਼੍ਰੀ ਨਾਨਕ ਕੀ ਜੋਤਿ ਮਹਾਂ ਬਲਿ ਨਵਮ ਸਰੀਰ ਬਿਖੈ ਪ੍ਰਵਿਸ਼ਾਇ[1]। ਸੋ ਤਪਸੀ ਹੈ ਪਿਤਾ ਤੁਹਾਰੋ ਸ਼ਾਂਤਿਮਤੀ ਸਭਿ ਸੋਂ ਸਮਤਾਇ ॥ ੨੦॥ ਪ੍ਰਥਮ ਜਨਮ ਜਿਮ ਹੁਤੋ ਸ਼ਾਂਤਿਮਤਿ ਦੁਤਿਯ ਜਨਮ ਮਹਿਂ ਤਿਸੈ ਸਮਾਨ। ਜੋਗ ਜੱਗਯ ਕਰਿ ਮੋਹਿ ਅਰਾਧਤਿ ਚਹਤਿ ਪੁੱਤ੍ਰ ਤੁਮ ਕੋ ਤਿਸ ਥਾਨ। ਸ਼੍ਰੀ ਨਾਨਕ ਕੀ ਜੋਤਿ ਉਦਾਰਾ ਪ੍ਰਵਿਸ਼ਹਿ ਤੁਮ ਮਹਿਂ ਇਕਤਾ ਠਾਨਿ[2]। ਮੋਹਿ ਸਰੂਪ ਹੋਇ ਕਰਿ ਮੋ ਮਹਿਂ,ਲੈਤਾ ਪ੍ਰਾਪਤਿ ਮਹਿਦ ਮਹਾਨ॥੨੧॥ਮਮ ਸੁਤ ਤੂੰ ਹੈਂ ਮਮ ਸਰੂਪ ਹੀ, ਪਿਤਾ ਪੁੱਤ੍ਰ ਮਹਿ ਭੇਦ ਨ ਹੋਇ।ਧਰਮ ਕਰਹੁ ਬਿਦਤਾਵਨਿ ਜਗ ਮਹਿਂ ਤੁਝ ਬਿਨ ਅਪਰ ਸਮਰਥ ਨ ਕੋਇ।ਪੁੱਤ੍ਰਾਦਿਕ ਮਹਿਂ ਰਹਿਨ ਅਮੋਹ, ਰਿਪੁਨਿ ਹਤਨਿ ਕੋ ਆਲਸ ਖੋਇ। ਸਿਮਰਨ ਸੱਤਿਨਾਮ ਪਰਬਿਰਤਹੁ ਛੱਤ੍ਰੀ ਪੰਥ ਉਪਜਿ ਹੈ ਸੋਇ' ॥੨੨॥ ਇਮ ਕਹਿ ਮਸਤਕ ਸੂੰਘਤ ਦੇਖਤਿ ਜਿਮ ਪਿਤ ਤੇ ਸੁਤ ਕਿਤੇ ਸਿਧਾਇ। ਮ੍ਰਿਦੁਲ ਮਧੁਰ ਸਾਰਥ ਪੁਰਸ਼ਾਰਥ ਸ਼੍ਰੇਯ ਭਰੇ ਸ਼ੁਭ ਬਾਕ ਸੁਨਾਇ।ਸੁਨਿ ਕੈ ਦੁਸ਼ਟ ਦਮਨ ਹੁਇ ਠਾਂਢੇ ਹਾਥ ਜੋਰਿ ਕਰਿ ਬਿਨੈ ਅਲਾਇ। 'ਪੰਥ ਚਲਹਿ ਤਬਿ ਜਗਤ ਮਝਾਰੇ ਜਬਿ ਹੋਵਹੁ ਤੁਮ ਆਪ ਸਹਾਇ' ॥ ੨੩॥ ਆਇਸੁ ਮਾਨਿ ਸੀਸ ਪਰ ਪ੍ਰਭੁ ਕੀ ਬਾਰ ਬਾਰ ਅਭਿਬੰਦਨ ਕੀਨਿ। ਕਰਤਾ ਪੁਰਖ ਅਕਾਲ ਕ੍ਰਿਪਾਲੋ ਏਕੰਕਾਰ ਸੁ ਗੁਰੂ ਪ੍ਰਬੀਨ। ਹੋਇ ਬਿਸਰਜਨ ਤਜਿ ਦਰਬਾਰਹਿਂ, ਆਇ ਪਿਖਯੋ ਬਿਮਾਨ ਅਸੀਨ। ਨਮੋ ਕਰਤਿ ਹੀ ਤੁਰਤ ਪਯਾਨੋ ਨਿਜ ਆਸ਼੍ਰਮ ਕੋ ਪਹੁੰਚੇ ਚੀਨ ॥੨੪॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜਗ੍ਰਿੰਥੇ ਇਕਾਦਸ਼ਿ ਰਾਸੇ'ਸ਼੍ਰੀ ਅਕਾਲ ਪੁਰਖ ਸੋਂ ਮੇਲ'ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ॥੫੨॥

### ੫੩. [ਤ੍ਰਿਬੇਣੀ ਵਿਖੇ ਨਿਵਾਸ]।

ਦੋਹਰਾ॥ਸਗਰੇ ਸਿੱਖਯ[3]ਹਕਾਰਿ ਕੈ ਦਿਯੋ ਬ੍ਰਿਤੰਤ ਸੁਨਾਇ। 'ਧਰਹਿਂ ਧਰਾ-ਤਲ ਜਨਮ ਕੋ ਸ਼੍ਰੀ ਗੁਰੁ[4] ਆਇਸੁ ਪਾਇ॥੧॥ ਤੁਮ ਭੀ ਚਲਿ ਸਭਿ ਦੇਸ਼ ਮੈਂ ਧਰਹੁ ਸੁ ਨਰਨਿ ਸਰੀਰ।ਛੱਤ੍ਰੀ ਧਰਮ ਨਿਬਾਹਿਕੈ ਜੁੱਧਬਿਖੈ ਬਨਿ ਬੀਰ ॥੨॥ਸ੍ਵੈਯਾ॥ਕੇਸ ਰਖੋ ਕਛ*ਊਪਰ ਬੇਸ ਮੈਂ[5]ਆਯੁਧ ਧਾਰਿ ਮਚਾਇ ਲਰਾਈ।

---

[1]ਪ੍ਰਵੇਸ਼ੀ ਹੋਈ ਹੈ। [2]ਇਕ ਰੂਪ ਹੋ ਜਾਵੇਗੀ। [3]ਚੇਲੇ। [4]ਭਾਵ ਅਕਾਲ ਪੁਰਖ ਦੀ। [5]ਉਪਰਲੇ ਵੇਸ ਵਿਚ ਕੇਸ ਤੇ ਕੱਛ ਰੱਖੋ। *ਪਾ:—ਕੇਸਹਿ ਕੇ ਕਛ।

ਸ਼ੱਤਨਿ ਜੀਤਹੁ ਤੌ ਥਿਤ ਪਾਵਹੁ ਰਾਜ ਕਰਹੁ ਸੁਖ ਲੈਸਮੁਦਾਈ।ਨਾਹਿੰਤ ਜੁੱਧ ਮੈਂ ਕ੍ਰੁੱਧਤਿ ਹ੍ਵੈ ਦਿਹੁ ਪ੍ਰਾਨ, ਲਹੋ ਬ੍ਰਹਮ ਲੋਕ ਸੁਥਾਈ[1]। ਸ੍ਰੀ ਗੁਰ ਦੇਵ[2]ਕੋ ਸੇਵੇਨਿਕੈ ਅਹੰਮੇਵ ਬਿਨਾ ਦਿਹੁ ਬੰਧ ਨਸਾਈ' ॥੩॥ ਸਿੱਖਨਿ ਸੋਂ ਇਮ ਕੋਮਲ ਭਾਖਿ ਮਹਾਂਰਥ[3] ਹੈ ਸਭ ਕੋ ਸੁਖਦਾਈ। 'ਜੋਗ ਮਹਾਂ ਤਪ ਸਾਧਨਿ ਆਦਿਕ ਹੈ ਇਨ ਕੋ ਫਲੁ ਸੋ ਲਿਹੁ ਪਾਈ।ਚੀਤ ਲਗਾਵਹੁ ਮੋਹਿ ਬਿਖੈ, ਮਨ ਸੰਗ ਰਹੋ, ਪੁਨ ਨਾ ਭਰਮਾਈ। ਸ੍ਰੀ ਸਤਿਨਾਮ ਸਦਾ ਸਿਮਰੋ ਕਲਿ ਕਾਲ ਮੈਂ,ਅੰਤ ਸਭੈ ਮਿਲਿ ਜਾਈ[4]' ॥੪॥ ਸੈਯਾ ਛੰਦ॥ ਦੁਸ਼ਟ ਦਮਨ ਨਿਜ ਰੂਪ ਰਮਨ ਸਦ[5], ਇਮ ਸਿੱਖ੍ਯਨ ਕੋ ਤਪ ਫਲ ਦੀਨਿ। ਰਹਿਤ ਸਹਿਤ ਹੁਇ ਉਰ ਗੁਰੁ ਸਿਮਰਨ, ਛੱਤ੍ਰੀ ਧਰਮ ਨ੍ਰਿਬਾਹਿ ਪ੍ਰਬੀਨ।'ਜਨਮ ਮਰਨ ਸੰਕਟ ਕੋ ਤ੍ਯਾਗਨਿ ਨਿਤ ਮਮ ਨਿਕਟਿ ਕਿ ਮੋ ਮਹਿ ਲੀਨ।ਦੂਹੂੰ ਲੋਕ ਕੋ ਆਨੰਦ ਦੀਨਸਿ ਪ੍ਰਥਮ ਪੰਥ ਤੇ ਪੰਥ ਨਵੀਨ' ॥੫॥ ਸੁਨਿ ਕਰਿ ਸਿੱਖ੍ਯ ਅਖਿਲ ਹਰਖਾਏ ਹਾਥ ਜੋਰਿ ਕੈ ਸੀਸ ਨਿਵਾਇ। 'ਮਹਾਂਬਾਹੁ ਉਤ-ਸਾਹ ਮਹਾਤਮ ਪ੍ਰਥਮ ਇਕਾਕੀ ਰਿਪੁ ਸਮੁਦਾਇ[6]। ਸਹਿਤ ਸੁਬੇਲ ਬੇਲ ਬਡ ਜੋਧੇ ਦ੍ਰਿਢ ਹ੍ਵੈ ਸੰਘਰ ਮਹਿਤ ਮਚਾਇ। ਤਜੇ ਮਾਰਗਣ ਅਸੁਰ ਮਾਰਿ-ਗਣ ਜਥਾ ਮਾਰ ਗਣ ਹਤਿ ਖਗਰਾਇ[7] ॥੬॥ ਬੇਲ ਸੁਬੇਲ ਸੰਘਾਰਨਿ ਕਰਿ ਕੈ ਦੁਸ਼ਟ ਦਮਨ ਨਿਜ ਨਾਮ ਧਰਾਇ। ਰਣ ਪ੍ਰਿਯ ਰਣ ਕਰਿ ਅਸੁਰ ਸੰਘਾਰੇ ਬੀਰਜ[8] ਧੀਰਜ ਅਧਿਕ ਉਪਾਇ। ਮਾਨੁਖ ਤਨ ਲੀਲਾ ਮਹਿੰ ਖੇਲਹੁ ਜਥਾ ਆਪ ਕੀ ਹੋਇ ਰਜ਼ਾਇ। ਨਤੁ ਅਬਿ ਕੌਨ ਲਰੈ ਤੁਮ ਸਮ ਹੁਇ ਓਜ ਸੁ ਰਾਵਰਿ ਸਹਿ ਨ ਸਕਾਇ'॥੭॥[9]'ਗੁਰ ਬਰ ਸ੍ਰੀ ਅਕਾਲ ਕੀ[10] ਆਇਸੁ ਜਿਮ ਹੁਇ ਤਿਮ ਰਹਿਨੋ ਬਨਿ ਆਇ। ਉਤਪਤਿ ਪੰਥ ਖਾਲਸਾ ਕਰਿ ਹੌਂ ਜਿਸ ਮਹਿੰ ਸ਼ਕਤਿ ਤੇਜ ਪਵਿਸ਼ਾਇ। ਰਹਿਤ ਰਾਖਨੀ, ਤਪ ਕੋ ਸਾਧਹਿ[11], ਸਿਮਰਹਿੰ ਸੱਤਿਨਾਮ ਸਤਿ ਭਾਇ[12]।ਭੋ ਸਿੱਖਹੁ! ਇਹੁ ਕਾਰਜ ਸਾਧੋ ਪੁਰਸ਼ੋਤਮ ਕੀ ਪਾਇ ਰਜ਼ਾਇ ॥੮॥ਹਿੰਦੂ ਧਰਮ ਕੋ ਰਾਖਨਿ

[1]ਸ੍ਰੇਸ਼ਟ ਥਾਂ ਬ੍ਰਹਮ ਲੋਕ ਲਵੋ। [2]ਅਕਾਲ ਪੁਰਖ ਨੂੰ। [3]ਗੂੜ੍ਹ ਅਰਥ, ਮਹਾਂ ਸਿੱਧਾਂਤ। [4]ਅੰਤ ਨੂੰ ਤੁਸੀਂ ਸਾਰੇ ਮੇਰੇ ਵਿਚ ਮਿਲ ਜਾਵੋਗੇ। [5]ਸਦਾ ਸੁੰਦਰ ਰੂਪ। [6]ਪਹਿਲੇ ਕੱਲਿਆਂ ਨੇ ਸਮੂਹ ਵੈਰੀ। [7](ਮਾਰ੍ਗਣ=) ਤੀਰ ਛੱਡ ਕੇ ਬਹੁਤੇ ਦੈਂਤ ਮਾਰੇ ਜਿਵੇਂ ਗਰੜ ਸਾਰੇ ਸਰਪਾਂ ਨੂੰ ਮਾਰਦਾ ਹੈ। [ਸੰਸ:, ਮਾਰ੍ਗਣ=ਤੀਰ। ਮਾਰਿ=ਮਾਰੇ। ਮਾਰ=ਸੱਪ,ਵਾ ਮਾਰ]। [8]ਬਲ,ਬੀਰਤਾ। [9]ਦੁਸ਼ਟ ਦਮਨ ਜੀ ਬੋਲੇ। [10]ਪੂਜਨੀਕ ਸ੍ਰੇਸ਼ਟ ਪਰਮੇਸ਼ੁਰ ਅਕਾਲ ਦੀ। [11]ਰਹਿਤ ਰੱਖਣੀ ਤੇ (ਗੁਰੂ ਸੇਵਾ ਰੂਪੀ) ਤਪ ਦਾ ਸਾਧਣਾ। [12]ਸਹਿਜ ਸੁਭਾਇ। (ਅ) ਸੱਚੇ ਪ੍ਰੇਮ ਨਾਲ।

ਕਰਿ ਹੌਂ ਤੁਰਕ ਤੇਜ ਤਰੁ ਕੋ ਤੁਰਵਾਇ[੧]। ਦੋਨਹੁੰ ਪਰ ਹੁਇ ਪੰਥ ਖਾਲਸਾ ਭੋਗ ਮੋਖ ਕੋ ਕਰਤਲ[੨] ਪਾਇ। ਜਹਿਂ ਕਹਿਂ ਬਿਦਤਹਿ ਗੁਨ ਅਨੇਕ ਜੁਤਿ ਰਣ ਪ੍ਰਿਯ ਰਣ ਕੋ ਚਹਤਿ ਸਦਾਇ। ਕਲੀ ਕਾਲ ਮਹਿ ਗਤਿ ਸੁਖੇਨ ਲਹਿ, ਦਹਿ[੩] ਬਿਕਾਰ, ਰਹਿ ਨਾਮ ਸਮਾਇ' ॥੯॥ ਨਿਜ ਸਿੱਖਯਨਿ ਰਿਖਿ ਬੇਖਨ ਸੋਂ ਇਮੁ ਭਨੀ ਭਵਿੱਖਯਤ ਸਭਿ ਹੀ ਬਾਤ[੪]। ਕਰੇ ਬਿਸਰਜਨ ਨਿਜ ਨਿਜ ਥਾਵਨਿ ਜਾਤਿ ਬਿਚਾਰਤਿ ਮਤਿਅਵਦਾਤ[੫]। ਸ੍ਰੀ ਪ੍ਰਭੁ ਦੁਸ਼ਟ-ਦਮਨ ਜਲ ਮੱਜਨੋ ਚਢੇ ਸਥੰਡਲ ਪਰ ਚਿਤ ਸ਼ਾਂਤਿ। ਕੁਸ਼ ਬਿਸਤਰ ਪਰ ਹੁਇ ਪਦਮਾਸਨ ਬੈਠਿ ਗਏ ਕਰਿ ਕੈ ਰਿਜ ਗਾਤ[੬] ॥ ੧੦ ॥ ਖੈਂਚਿ ਪ੍ਰਾਣ ਕੋ ਜੋਰ ਪਾਇ ਕਰਿ ਦਸਮੋਦ੍ਵਾਰ ਫੋਰਿਬੋ ਕੀਨ। ਜਨਮ ਧਰਨਿ ਕੋ ਧਰਨ ਬਿਖੈ[੭] ਪ੍ਰਭੁ ਨਿਜ ਇੱਛਯਾਤੇ ਛੋਰਿ ਸੁਦੀਨ। ਬ੍ਰਿੰਦ ਪੁਸ਼ਪ ਬ੍ਰਿੰਦਾਰਕ ਲੈ ਕਰਿ ਬਿੰਦੂ ਜਿਮ ਬਰਖਾਇ[੮] ਪ੍ਰਬੀਨ। ਅਧਿਕ ਸੁਗੰਧੈਂ ਧੂਪ ਦੀਪ ਬਹੁ ਅਤਿ ਉਤਸਵ ਅਪਨੇ ਮਹਿਂ ਚੀਨਿ ॥੧੧॥ ਇਤਿ ਸ੍ਰੀ ਤੇਗ ਬਹਾਦਰ ਗੁਰੂ ਜੀ ਬ੍ਰਿੰਦ ਤੀਰਥਨਿ ਤੀਰ ਨਿਵਾਸ। ਸਭਿ ਅਸਥਾਨ ਦਾਨ ਦੇ ਮਾਨਦ, ਪਾਵਨ ਤੇ ਪਾਵਨ ਕਰ ਤਾਸ[੯]। ਜੱਗਯ ਹੋਮ ਦਛਨਾ ਬਹੁ ਕੰਚਨ ਸਾਧਨ ਦ੍ਵਿਜਨਿ ਰੰਕ ਜੋ ਰਾਸ[੧੦]। ਅਨਿਕ ਪਕਾਰ ਕਰਾਇ ਅਹਾਰਨਿ ਦੇਤਿ ਅਚਾਵਤਿ ਸ੍ਵਾਦਨਿ ਰਾਸ ॥੧੨॥ ਇਮ ਅਨੇਕ ਹੀ ਤੀਰਥ ਕਰਿ ਕੈ ਤੀਰਥ ਰਾਜ ਤ੍ਰਿਬੇਨੀ ਤੀਰ। ਪੁੰਨ ਦਾਨ ਕਰਿ ਦਿਵਸ ਬਿਤਾਏ ਜੋਗ ਸਮਾਧਿ ਬਿਖੈ ਗੰਭੀਰ। ਕਰਹਿਂ ਜੱਗਯ ਬਹੁ ਕੰਚਨ ਦੇਵਹਿਂ, ਪਾਟੰਬਰ ਪਸ਼ਮੰਬਰ ਚੀਰ। ਬਹੁਤ ਮੋਲ ਕੇ ਦੁਰਲਭ ਸੁੰਦਰ ਦੇਤਿ ਬਿਭੂਖਨ ਮੁਕਤਾ ਹੀਰ ॥੧੩॥ ਬੇਦ ਪਾਠਿ[੧੧] ਗੇ ਬਿੱਪ ਸੁ ਕਰਮੀ[੧੨] ਸ਼ਾਂਤ, ਦਾਂਤਿ[੧੩], ਸੁਚ, ਸੰਜਮ ਧਾਰਿ। ਸਮ-ਦਰਸੀ ਸੰਤੋਸ਼ੀ ਧੀਮਤਿ[੧੪] ਬਿਨੁ ਮਤਸਰ ਮੁਖ ਮ੍ਰਿਦੁਲ ਉਚਾਰਿ। ਸਹਨ ਸ਼ੀਲ ਅਨਕੂਲੀ ਤਪ ਕੇ ਬਿੱਦਯਾ ਮਹਿਂ ਅੱਭਯਾਸ ਉਦਾਰ। ਸਤਿਬਾਦੀ

---

[੧]ਬ੍ਰਿੱਛ ਨੂੰ ਤੋੜਕੇ। [੨]ਹੱਥ ਦੀ ਤਲੀ ਤੇ। [੩]ਸਾੜ ਕੇ। [੪]ਆਪਣੇ ਚੇਲਿਆਂ ਨੂੰ ਰਿਖੀਬੇਖ ਵਿਚ ਦੁਸ਼ਟ ਦਮਨ ਜੀ ਨੇ ਸਾਰੀ ਭਵਿੱਖਯਤ ਦੀ ਗਲ ਕਹੀ। [੫]ਉੱਜਲ ਮਤੀ ਵਾਲੇ। [੬]ਸਿੱਧਾ ਸਰੀਰ ਕਰਕੇ। [ਸੰਸ:, ਰਿਜ]। [੭]ਧਰਤੀ ਵਿਚ। [੮]ਦੇਵਤਿਆਂ ਨੇ ਕਈ ਤਰ੍ਹਾਂ ਦੇ ਫੁੱਲ ਲੈਕੇ ਬੂੰਦਾਂ ਵਤ ਬਰਖਾਏ। [੯]ਦਾਨ ਨਾਲ ਮਾਨ ਦਿੰਦੇ ਹਨ ਤੇ ਚਰਨਾਂ ਨਾਲ ਪਵਿੱਤ੍ਰ ਕਰਦੇ ਹਨ ਤਿਨ੍ਹਾਂ (ਤੀਰਥਾਂ) ਨੂੰ। [੧੦]ਸਾਧਾਂ, ਬ੍ਰਾਹਮਣਾਂ ਤੇ ਸਮੂਹ ਕੰਗਾਲਾਂ ਨੂੰ। [੧੧]ਬੇਦ ਪਾਠੀ। [੧੨]ਸ੍ਰੇਸ਼ਟਾਚਾਰੀ। [੧੩]ਇੰਦ੍ਰਯ (ਇੰਦ੍ਰਯ ਦਮਨ=) ਰੋਕਣ ਵਾਲੇ [ਸੰਸ:, ਦਾਂਤ]। [੧੪]ਬੁਧੀਵਾਨ। (ਅ) ਸ੍ਰੇਸ਼ਟ ਮਤੀ ਵਾਲੇ।

ਪਰਮਾਤਮ ਜਿਨ ਕੇ, ਸਦਾ ਧਰਮ ਅਪਨੇ ਅਨੁਸਾਰ॥ ੧੪॥ ਸੈਯਾ॥ ਬ੍ਰਿੰਦ ਦ੍ਵਿਜੋਤਮ ਆਇ ਮਿਲੇ ਅਸ ਸ੍ਰੀ ਗੁਰੁ ਕੋ ਜਸ ਕਾਨ ਸੁਨੇ। ਸੋਢਿ ਸੁ ਬੰਸ ਕਿ ਭੂਖਨ ਉੱਤਮ ਧੀਰ ਉਦਾਰ ਬਿਸਾਲ ਗੁਨੇ[1]।ਦਾਨ ਕੋ ਦੇਤਿ ਹੈਂ,ਮਾਨ ਕੋ ਦੇਤਿ ਹੈਂ, ਗਯਾਨ ਕੋ ਦੇਤਿ ਹੈਂ ਆਸ ਪੁਨੇ[2]। ਨੰਦ ਕੋ ਦੇਤਿ ਅਨੰਦ ਕੋ ਦੇਤਿ ਹੈਂ, ਰੂਪ ਮੁਕੰਦ ਕੇ ਬਾਕ ਭਨੇ[3] ॥ ੧੫ ॥ ਦੇਸ਼ ਬਿਦੇਸ਼ਨਿ ਤੇ ਦ੍ਵਿਜ ਆਵਤਿ ਪਾਵਤਿ ਹੈਂ ਧਨ ਕੋ ਮਨ ਭਾਯੋ।ਬ੍ਰਿੰਦ ਅਹਾਰ ਸੁ ਕੀਨਸਿ ਮਾਧੁਰ ਪੂਰਕ[4],ਮੋਦਕ[5],ਪੂਪ ਖੁਆਯੋ। ਭੂਰ ਪੰਚਾਂਮ੍ਰਿਤ ਹੋਤਿ ਰਹੈ ਨਿਤ ਹੋਮ ਕਰੈਂ ਜਵ ਘ੍ਰਿੱਤ ਮੰਗਾਯੋ। ਕਾਮਨਾ ਪੂਰਨ ਹੋਤਿ ਅਨੇਕਨਿ ਸ੍ਰੀ ਗੁਰੁ ਨੈ ਜਸੁ ਯੌਂ ਬਿਥਰਾਯੋ ॥ ੧੬ ॥ ਰਾਤਿ ਕੋ ਠਾਨਿ ਕੈ ਤਜਾਗ ਮਹਾਨ ਅਲੱਖ ਕੀ ਸੇਵ ਕਰੈਂ ਉਰ ਮਾਂਹੀ। ਪ੍ਰਾਣ ਨਿਰੋਧਿ ਕੈ ਊਰਧ ਕੋ ਕਰਿ ਮੂਰਧ ਮੈਂ ਥਿਰਤਾ,ਨ ਚਲਾਹੀਂ[6]।ਚੰਚਲ ਜੋ ਮਨ ਕੋ ਬਸਿ ਮੈਂ ਕਰਿ ਪ੍ਰੇਮ ਅਗਾਧ ਤੇ ਨਾ ਨਿਕ-ਸਾਹੀਂ। ਕੇਤਿਕ ਕਾਲ ਬਿਤੀਤਹਿ ਬੈਠਤਿ ਸ੍ਰੀ ਪਰਮੇਸ਼ੁਰ ਮੈਂ ਥਿਰ ਪਾਹੀਂ ॥ ੧੭ ॥ ਦੋਹਰਾ ॥ ਇਸ ਬਿਧਿ ਕਰੀ ਅਰਾਧਨਾਂ ਅਲਖ ਰੂਪ ਗੁਰਦੇਵ। ਪਰਮ ਪ੍ਰਸੀਦੇ ਜਾਨਿ ਕੈ ਨਿਸਬਾਸਰ ਕੀ ਸੇਵ॥੧੮॥ਦੁਸ਼ਟ ਦਮਨ ਪਠਿਬੋ ਕਰੇ ਅਪਨੀ ਅੰਸ ਸੁ ਜਾਨ।-ਮੋਹਿ ਪੁੱਤ੍ਰ ਕਰਿਬੋ ਚਹਤਿ-ਅਸ ਸੰਕਲਪ ਪਛਾਨਿ ॥ ੧੯ ॥ ਸੈਯਾ ਛੰਦ ॥ ਤੀਰਥ ਰਾਜ ਤ੍ਰਿਬੇਨੀ ਊਪਰ ਬੀਤ ਗਏ ਜਬਿਹੂ ਖਟ ਮਾਸ। ਪੁੰਨ ਦਾਨ ਦਿਨ ਕਰਤਿ ਬਿਤਾਏ ਤਹੀਂ ਆਨਿ ਕੀਨਸਿ ਪਰਕਾਸ਼। ਸ੍ਰੀ ਗੁਜਰੀ ਗ੍ਰਭ ਧਾਰਯੋ ਪਾਵਨ ਬ੍ਰਧੈ ਚੰਦ ਸਮ ਚਾਰੁ ਉਜਾਸ[7]। ਜਹਿਂ ਕਹਿਂ ਇਸਤ੍ਰੀ ਜੋ ਅਵਿਲੋਕਹਿ ਬਿਸਮਹਿ ਪ੍ਰੇਮ ਪਰਹਿ[8] ਦੁਤਿ ਰਾਸ ॥੨੦॥ ਦੇਖਿ ਨੁਖਾ ਕੋ ਮਾਤ ਨਾਨਕੀ ਬਧਯੋ ਅਨੰਦ, ਨ ਰਿਦੇ ਸਮਾਇ। ਦਾਨ ਬਹੁਤ ਰੰਕਨਿ ਕੋ ਦੀਨਸਿ ਲੇਤਿ ਆਸ਼ਿਖਾ ਕੋ ਹਰਖਾਇ ॥-ਮਹਾਂ ਪ੍ਰਤਾਪੀ ਸੁਤ ਕੇ ਸੁਤ ਹ੍ਵੈ ਪਤਿ ਕੋ ਬਾਕ ਅਬਹਿ ਬਿਦਤਾਇ-। ਸਕਲ ਗੁਰੁਨਿ ਕੋ ਮਹਾਂ ਅਰਾਧਤਿ ਕਰਹਿ ਤਿਹਾਵਲ ਕੋ ਬਰਤਾਇ ॥ ੨੧ ॥ ਮਹਿੰਮਾ ਮਹਾਂ ਪੌਤ੍ਰ ਕੀ ਜਾਨਤਿ ਯਾਂਤੇ ਉਤਸਵ ਕੋ ਅਧਿਕਾਇ।

---

[1]ਜਾਣੇ ਜਾਂਦੇ ਹਨ। [2]ਆਸਾਂ ਪੂਰਨ ਕਰਦੇ ਹਨ। [3]ਮੁਕੰਦ ਰੂਪ ਪ੍ਰਮਾਤਮਾਂ(ਦੀ ਪ੍ਰਾਪਤੀ)ਦੇ ਵਾਕਾਂ ਨੂੰ ਉਚਾਰਦੇ ਹਨ। [4]ਪੂਰੀਆਂ। [5]ਲੱਡੂ। [6]ਪ੍ਰਾਣਾਂ ਨੂੰ ਰੋਕ ਕੇ ਦਸਵੇਂ ਦਵਾਰ ਵਿਚ ਇਸਥਿਤ ਕਰਦੇ ਹਨ, ਚਲਾਇਮਾਨ ਨਹੀਂ ਹੁੰਦੇ। [7]ਉਜਾਲਾ। [8]ਪ੍ਰੇਮ ਵਿਚ ਪੈਂਦੀ ਹੈ।

ਮਨ ਹੀ ਮਨਹਿੰ ਮਨਾਵਤਿ ਪ੍ਰਭੁ ਕੋ 'ਇਕੰਕਾਰ ਸਭਿਨਿ ਕੋ ਰਾਇ। ਕਰੋ ਮਨੋਰਥ ਪੂਰਨ ਮਮ ਅਬਿ ਰਹੌਂ ਪ੍ਰਤੀਖਤਿ ਬਰਖ ਬਿਤਾਇ। ਸਦ ਬਲਿਹਾਰ ਜਾਉਂ ਤਿਸ ਦਿਨ ਪਰ ਸੁਤ ਕੋ ਸੁਤ ਜਬਿ ਮੁਖ ਦਿਖਰਾਇ॥ ੨੨॥ ਮਮ ਸੁਤ ਕੇ ਨਹਿੰ ਸੰਤਤਿ ਹੋਈ ਸੰਮਤ ਬੀਤੇ ਬਾਂਛਤਿ ਜਾਲ[੧]। ਤੀਨ ਲੋਕਪਤਿ ਪ੍ਰਭੁ ਪਰਮੇਸ਼ੁਰ ਮੈਂ ਜਾਨਤੋ ਅਬਿ ਭਯੋ ਕ੍ਰਿਪਾਲ। ਪੁੰਜ ਤੇਜ ਕੋ ਅਧਿਕ ਪ੍ਰਤਾਪੀ ਜਨਮਹਿਗੋ ਅਸ ਸੁੰਦਰ ਬਾਲ। ਧੰਨ ਭਾਗ ਮੈਂ ਬਨੌਂ ਦਿਵਸ ਤਿਸ' ਇਮ ਮਾਤਾ ਕੋ ਮੋਦ ਬਿਸਾਲ॥ ੨੩॥ ਸੰਗਤ ਨਿਤ ਪ੍ਰਤਿ ਆਇ ਘਨੇਰੀ ਨਿਕਟਿ ਨਿਕਟਿ ਚਹੁੰ ਦਿਸ਼ਿ ਤੇ ਬ੍ਰਿੰਦ। ਸ੍ਰੀ ਗੁਰ ਤੇਗ ਬਹਾਦਰ ਦਰਸਹਿਂ ਬਾਂਛਤਿ ਫਲ ਕੋ ਪਾਇਂ ਬਿਲੰਦ। ਸੁਤ ਚਾਹਤਿ,ਬਿਤ ਕੇਤਿਕ ਚਾਹਤਿ, ਕੋ ਅਰੋਗ, ਚਹਿ ਕਿਤਿਕ ਅਨੰਦ।ਕੇਤਿਕ ਭਗਤਿਭਾਉ ਕੋ ਜਾਚਤਿ,ਚਹਿੰ ਸਿਮਰਨ ਸਤਿਨਾਮ ਮੁਕੰਦ॥ ੨੪॥ ਉਪਜਹਿ ਬ੍ਰਹਮ ਗਯਾਨ ਉਰ ਕੇਤਿਕ, ਨਵਨਿਧ ਸਿੱਧਾਂ ਕੇਚਿਤ ਪਾਇਂ। ਕੇਤਿਕ ਸੇਵਤਿ ਨਿਤ ਪਗ ਪੰਕਜ ਬਸਹਿਂ ਨਿਕਟਿ ਦਰਸ਼ਨ ਦਰਸਾਇਂ। ਕਰਹਿ ਦੇਗ ਕੋ, ਆਨਹਿ ਜਲ ਕੋ, ਬਸਤ੍ਰ ਪਖਾਰਹਿਂ ਧਰਿ ਚਿਤ ਚਾਇ। ਕੇਚਿਤ ਪਵਨ ਝੁਲਾਵਹਿਂ ਗੁਰੁ ਕੋ, ਕੋ ਪਨਹੀ ਕੋ ਪੋਂਛ ਬਨਾਇ॥ ੨੫॥ ਧਰਹਿ ਭਾਉ ਕੋ ਚਰਨ ਪਖਾਰਹਿਂ, ਕੋ ਈਂਧਨ ਆਨਹਿ ਹਰਖਾਇ। ਸੂਖਮ ਬਸਤ੍ਰ ਮੋਲ ਬਹੁ ਦੈਕੈ ਕੋ ਪੋਸ਼ਿਸ਼ ਲਯਾਵੈ ਬਨਿਵਾਇ।ਚੀਰ ਜ਼ਨਾਨੇ ਜ਼ਰੀ ਜੁਗਤ ਕੋ ਅਰਪਹਿ ਘਰ ਸਤਿਗੁਰੁ ਕੇ ਜਾਇ। ਆਨਹਿਂ ਅੰਨ ਕਿਤਿਕ ਬਹੁ ਸ਼੍ਰੇਸ਼ਟ ਸਿਤਾ ਘ੍ਰਿਤ ਲੰਗਰ ਮਹਿਂ ਪਾਇ॥ ੨੬॥ ਕੌਨ ਕੌਨ ਸੇਵਾ ਕੋ ਗਿਨੀਅਹਿ ਕਰਹਿਂ ਆਨਿ ਹਿਤ ਨਿਜ ਕੱਲਯਾਨ[੨]। ਭਰੀ ਭੀਰ ਸਤਿਗੁਰੁ ਕੇ ਚਹੁੰਦਿਸ਼ਿ ਰਹੈਂ ਨਿਤਾਪ੍ਰਤਿ ਹਿਤ ਨਿਜ ਠਾਨਿ। ਪਾਇਂ ਸਰਬ ਕੁਛ ਧਰਹਿਂ ਕਾਮਨਾ, ਹੋਹਿ ਕੀਰਤਨ ਸੁਨਹਿਂ ਸੁਜਾਨ। ਲੋਕ ਪ੍ਰਲੋਕ ਸੁਧਾਰਨੋ, ਕੇਤਿਕ ਸਹਤ ਸਿੱਧਿ ਕੇ ਬਿਦਤਿ ਜਹਾਨ॥ ੨੭॥ ਨਮੋ ਕਰਨਿ ਅਵਿਕਾਸ਼ ਨ ਪਾਵਹਿ ਸੰਗਤਿ ਨਈ ਹਜ਼ਾਰੋਂ ਆਇ। ਇਕ ਰੁਖ਼ਸਦ ਹੋਵਹਿ ਕਰਿ ਬੰਦਨ ਅਨਿਕ ਪ੍ਰਕਾਰਨਿ ਜਸੁ ਬਿਦਤਾਇ।ਲਯਾਇ ਤਿਹਾਵਲ ਕਰਿ ਅਰਦਾਸਨਿ ਦਿਨ ਪ੍ਰਤਿ ਬਹੁਤ ਬਾਰਿ ਬਰਤਾਇ। 'ਧੰਨ ਧੰਨ'

---

[੧](ਪੋਤ੍ਰਾ)ਚਾਹੁੰਦੀ ਨੂੰ ਬਹੁਤ ਸਾਲ ਬੀਤੇ। [੨]ਆਕੇ ਕਰਦੇ ਹਨ ਆਪਣੀ ਕਲਯਾਨ ਵਾਸਤੇ(ਸੇਵਾ)।

ਚਹੁੰਦਿਸ਼ਿਨਿ ਸੁਨਾਵਹਿਂ, ਇਮ ਮੰਗਲ ਸੁਖ ਕੋ ਸਮੁਦਾਇ॥ ੨੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸ਼੍ਰੀ ਗੁਰੂ ਪ੍ਰਯਾਗ ਸਥਿਤ' ਪ੍ਰਸੰਗ ਬਰ-ਨਨੰ ਨਾਮ ਤੀਨ ਪੰਚਾਸਤਿ ਅੰਸੂ ॥੫੩॥

## ੫੪. [ਪ੍ਰਯਾਗ ਤੋਂ ਕਾਂਸ਼ੀ]।

ਦੋਹਰਾ ॥ ਸ਼੍ਰੀ ਗੁਰੁ ਕਰਿ ਕੈ ਬਾਸ ਤਹਿਂ ਕੇਤਿਕ ਦਿਵਸ ਬਿਤਾਇ। ਭਏ ਤਯਾਰ ਆਗੇ ਚਲਨਿ ਮਿਲੈਂ ਮਨੁਜ ਸਮੁਦਾਇ[1] ॥ ੧ ॥ ਚੌਪਈ ॥ ਸਭਿ ਤੇ ਰੁਖਸਦ ਹੁਇ ਗੁਰ ਚਾਲੇ। ਵਾਹਨ ਅਨਿਕ ਸਜਾਇ ਬਿਸਾਲੇ। ਸੰਗ ਫਕੀਰਨਿ ਕੋ ਸਮੁਦਾਇ। ਕਿਤਿਕ ਤੁਰੰਗਨਿ ਪਰ ਭਟ ਜਾਇਂ ॥ ੨ ॥ ਸਿਵਕਾ ਛੋਰੇ ਸਨੈਦਨ ਜਾਤਿ।ਤਜਿ ਪ੍ਰਯਾਗ ਕੋ ਗਮਨੇ ਪ੍ਰਾਤਿ।ਥੋਰੇ ਕੋਸਨਿ ਡੇਰਾ ਕਰੈਂ। ਸਨੇ ਸਨੇ ਆਗੈ ਚਲਿ ਪਰੈ ॥ ੩ ॥ ਇਸ ਪ੍ਰਕਾਰ ਗਮਨਤਿ ਗੁਰੁ ਪੂਰੇ। ਜਿਸ ਕੇ ਗੁਨ ਗਨ ਪਾਵਨ ਰੂਰੇ। ਕਾਂਸ਼ੀ ਪੁਰੀ ਪਹੂੰਚੇ ਜਾਇ। ਡੇਰਾ ਕਰਯੋ ਹੇਰਿ ਸੁਭ ਥਾਇਂ ॥੪॥ਜਬਿ ਹੀ ਸੰਗਤਿ ਕੋ ਸੁਧਿ ਹੋਈ।ਮਿਲੈਂ ਪਰਸਪਰ ਸਿਖ ਸਭਿ ਕੋਈ। ਅਨਿਕ ਉਪਾਇਨ ਕੋ ਕਰਿ ਤਯਾਰੀ। ਜਾਇ ਸੁ ਅਰਪੀ ਗੁਰੂ ਅਗਾਰੀ ॥ ੫ ॥ ਹਾਥ ਜੋਰਿ ਅਰਦਾਸ ਕਰਾਈ। ਧਰੇ ਭਾਵਨਾ ਗੁਰ ਤੇ ਪਾਈ। ਮੁੱਖਿ ਮਸੰਦ ਆਇ ਪਗ ਪਰਯੋ। ਦਰਬ ਜਿਤਿਕ ਸਭਿ ਆਗੇ ਧਰਯੋ ॥ ੬ ॥ ਜੀਵਨ ਲਾਭ ਲਹਯੋ ਗੁਰ ਦਰਸ਼ਨ। ਆਇ ਕਰਹਿਂ ਪਗ ਪੰਕਜ ਪਰਸਨ। ਨਾਨਾ ਭਾਂਤਿਨਿ ਉਤਸਵ ਕਰੈਂ। ਲਯਾਇਂ ਤਿਹਾਵਲ ਆਗੇ ਧਰੈਂ ॥ ੭ ॥ ਕਿਤਿਕ ਦਿਵਸ ਗੁਰੁ ਡੇਰੋ ਰਾਖਾ। ਰਾਖਹਿ ਸੰਗਤਿ ਕਰਿ ਅਭਿਲਾਖਾ। ਸਿੱਖਯਨਿ ਮਨ ਬਾਂਛਤਿ ਬਰ ਜਾਚੇ। ਦੇਖਿ ਭਾਉ ਦੇ[2] ਸਤਿਗੁਰ ਸਾਚੇ ॥ ੮ ॥ ਪਸਰਯੋ ਸੁਜਸੁ ਅਧਿਕ ਬਿਚ ਕਾਂਸ਼ੀ। ਮਿਲਿ ਮਿਲਿ ਨਰ ਜਿਤ ਕਿਤੈ[3] ਪ੍ਰਕਾਸ਼ੀ। ਬਹੁ ਪੰਡਿਤ ਬਿੱਦਯਾ ਮਹਿਂ ਨਿਪੁਨ। ਆਵਤਿ ਹੈਂ ਗੁਰੁ ਕੇ ਹਿਤ ਦਰਸ਼ਨ ॥ ੯ ॥ਸੰਨਯਾਸੀ ਬਹੁ ਤਪੀ ਦਿਗੰਬਰ[4]। ਅਨਿਕ ਭੇਖ ਜੇ ਪਹਿਰਤਿ ਅੰਬਰ। ਪੂਛਹਿਂ ਆਨਿ ਬ੍ਰਹਮ ਕੋ ਨਿਰਨੈ। ਨਿਤ ਪ੍ਰਤਿ ਉੱਤਰ ਸਤਿਗੁਰੁ ਬਰਨੈਂ॥੧੦॥ਜਸ ਜਸ ਜਿਨ ਜਿਨ ਬੂਝਨਿ ਕਰਯੋ। ਤਸ ਤਸ ਉੱਤਰ ਗੁਰੂ ਉਚਰਯੋ। ਹਰਖਹਿਂ ਸੁਨਿ ਉਸਤਤੀ ਬਖਾਨੈਂ। 'ਜਥਾ ਜੋਗ ਜਗ ਗੁਰ ਹਮ ਜਾਨੈਂ'॥੧੧॥ਸਿੱਖ ਹਜ਼ਾਰਹੁਂ ਹੋਵਤਿ ਆਇ। ਸ਼ਰਧਾ ਧਰਿ ਧਰਿ ਬਰ ਕੋ ਪਾਇਂ। ਬਹੁ ਸੰਗਤਿ ਕੋ ਲਗਯੋ ਦਿਵਾਨ। ਹਰਖਤਿ ਹੁਇ ਸਤਿਗੁਰੂ ਬਖਾਨਿ ॥ ੧੨ ॥ 'ਇਹ ਪੁਰਿ ਸ਼ਿਵ ਕੋ ਮਹਾਂ ਮਹਾਤਮ। ਰਹਹਿਂ ਸੰਤ ਸਿਖ ਨਿਰਮਲ

[1]ਬਹੁਤੇ ਮਨੁਖ ਮਿਲਦੇ ਹਨ (ਆ ਕੇ)। [2]ਦਿੰਦੇ ਹਨ। [3]ਜਿੱਥੇ ਕਿੱਥੇ। [4]ਭਾਵ ਨਾਂਗੇ।

ਆਤਮ*।ਗੁਰੁ ਸਿੱਖੀ ਕੋ ਕੋਠਾ ਅਹੈ ॥ ਗੁਰ ਸ਼ਰਧਾ ਉਰ ਧਰਿ ਬਰ ਰਹੈਂ[1] ॥੧੩॥ ਪਾਵਨ ਛੇਤ੍ਰ ਆਦਿਕੋ ਭਯੋ[2]। ਨੀਲਕੰਠ[3] ਰੁਚਿ ਸੋਂ ਰਚਿ ਦਯੋ। ਜੋ ਮਾਨਵਬਾਸਹਿ ਸਮੁਦਾਇ।ਗਤਿ ਦੇਵਨਿ ਮਹਿ ਬਨਹਿ ਸਹਾਇ॥੧੪॥ਸਿਮਰਹੁ ਸੁਖਦਾ ਨਿਤ ਸਤਿਨਾਮ। ਸ਼ੰਕਰ ਪੁਰੀ ਬਸਹੁ ਕਰਿ ਧਾਮ*'। ਸੁਨਿ ਕਰਿ 'ਕਾਂਸ਼ੀ ਮਹਿਂ ਗੁਰੁ ਆਇ। ਕੇਤਿਕ ਦਯੋਸ ਬਸੇ ਮਨ ਭਾਇ' ॥ ੧੫ ॥ ਸੰਗਤਿ ਜੌਨਪੁਰੇ[4] ਕੀ ਆਈ। ਅਪਰ ਜਿ ਗ੍ਰਾਮ ਨਗਰ ਗਿਰਦਾਈ[5]। ਸੁਨਿ ਸਤਿਗੁਰ ਕੋ ਤਹਿਂ ਆਗਵਨੂ। ਪ੍ਰੇਮ ਧਰੇ ਆਏ ਤਜਿ ਭਵਨੂ॥੧੬॥ ਅਨਿਕ ਅਕੋਰਨਿ ਕੋ ਅਰਪੰਤੇ। ਹਾਥ ਜੋਰਿ ਕਰਿ ਨਮੋ ਕਰੰਤੇ। ਪਗ ਪੰਕਜ ਕੀ ਰਜ ਕੋ ਲੈਕੈ।ਸਿਰ ਮੁਖ ਪਰ ਫੇਰਹਿਂ ਹਿਤ ਕੈ ਕੈ॥੧੭॥ ਜਨਮ ਲਾਭ ਸਿੱਖਨਿ ਸਭਿ ਲੀਨਾ। ਧਰਿ ਧਰਿ ਪ੍ਰੇਮ ਦਰਸ ਗੁਰੁ ਕੀਨਾ। ਇਕ ਭਾਈ ਗੁਰੁਬਖਸ਼ ਹੁਲਾਸੀ। ਸੰਗਤਿ ਸੰਗ ਜਵਨ ਪੁਰ ਬਾਸੀ[6] ॥ ੧੮ ॥ ਪ੍ਰੇਮੀ ਮਹਾਂ ਭਜਨ ਕੋ ਕਰਿਤਾ। ਰਿਦੈ ਧਯਾਨ ਸਤਿਗੁਰ ਕੋ ਧਰਿਤਾ। ਸ੍ਰੀ ਗੁਰੁ ਤੇਗਬਹਾਦਰ ਤੀਰ। ਕਰਯੋ ਭਜਨ ਤਿਨ ਧੁਨਿ ਗੰਭੀਰ ॥੧੯॥ ਧਰਿ ਧਰਿ ਪ੍ਰੇਮ ਮਹਾਂ ਧੁਨਿ ਸਾਥ। ਕਰਹਿ ਸੁਨਾਵਨਿ ਸਤਿਗੁਰ ਨਾਥ। ਏਕ ਜਾਮ ਲਗਿ ਕਰਤਿ ਰਹਯੋ ਹੈ। ਸੁਨਿ ਗੁਰੁਦੇਵ ਸੁ ਪ੍ਰੇਮਿ ਲਹਯੋ ਹੈ ॥ ੨੦ ॥ ਕ੍ਰਿਪਾਨਿਧਾਨ ਪ੍ਰਸੰਨ ਬਿਸਾਲਾ। ਇਸ ਬਿਧਿ ਬਰ ਦੀਨਸਿ ਤਿਸ ਕਾਲਾ। 'ਸੁਨਿ ਭਾਈ ਗੁਰੁਬਖਸ਼ ਨਿਹਾਲ। ਨਹੀਂ ਫਸਹਿ ਨਿਸ਼ਠੁਰ ਜਮਜਾਲ[7] ॥ ੨੧ ॥ ਤੁਵ ਘਰ ਪੁੱਤ੍ਰ ਹੋਇ ਹੈ ਜੋਈ। ਕਿਰਤਨ ਕਰਹਿ ਭਜਨ ਕੋ ਸੋਈ। ਤੋਹਿ ਬੰਸ ਤੇ ਕਿਰਤਨ ਕਥਾ। ਸੁਨਹਿਂ ਪ੍ਰੇਮ ਧਰਿ ਸੰਗਤਿ ਜਥਾ' ॥੨੨॥ ਪੁਨ ਸਭਿ ਸੰਗਤਿ ਪਗ ਲਪਟਾਈ। ਖੁਸ਼ੀ ਕਰੀ ਸਤਿਗੁਰੁ ਸਭਿ

[1]ਰਿਦੇ ਵਿਚ ਸ਼ਰਧਾ ਧਾਰਕੇ ਸ੍ਰੇਸ਼ਟ (ਸਿਖ) ਰਹਿੰਦੇ ਹਨ। [2]ਪਵਿੱਤ੍ਰ ਅਸਥਾਨ (ਕਾਂਸ਼ੀ) ਮੁੱਢ ਦਾ ਹੋਇਆ ਹੈ। [3]ਸ਼ਿਵ ਜੀ ਨੇ। [4]ਗੋਮਤੀ ਕਿਨਾਰੇ ਇਕ ਸ਼ਹਿਰ ਦਾ ਨਾਮ ਹੈ, ਜਿੱਥੇ ਨਾਵੇਂ ਗੁਰਾਂ ਦਾ ਗੁਰਦੁਆਰਾ ਹੈ। [5]ਆਸੇ ਪਾਸੇ ਦੇ। [6]ਜੌਨ ਪੁਰ ਵਸਣ ਵਾਲੀ ਸੰਗਤ ਨਾਲ ( ਆਇਆ )। [7]ਜਮ ਦੇ ਕਠਨ ਜਾਲ ਵਿਚ।

*ਕਵਿ ਜੀ ਹਿੰਦੂ ਮਤ ਦੇ ਵੱਡੇ ਤੀਰਥ ਦਾ ਉਨ੍ਹਾਂ ਦੇ ਸ਼ਾਸਤ੍ਰਾਂ ਅਨੁਸਾਰ ਮਹਾਤਮ ਕਹਿ ਰਹੇ ਹਨ। ਸਿਖ ਉਥੇ ਭਾਈ ਗੁਰਦਾਸ ਦੇ ਵਕਤ ਤੋਂ ਬਹੁਤੇ ਸਨ ਇਸ ਕਰਕੇ ਗੁਰ ਸਿੱਖੀ ਦਾ ਕੋਠਾ ਦੱਸਦੇ ਤੇ ਸੱਤਿਨਾਮ ਸਿਮਰਨ ਦਾ ਉਪਦੇਸ਼ ਦ੍ਰਿੜ੍ਹਾ ਰਹੇ ਹਨ। ਕਾਂਸ਼ੀ ਵਿਚ ਇਸ ਵੇਲੇ ਗੁਰ ਨਾਨਕ ਦੇਵ, ਨਾਂਵੀਂ ਪਾਤਸ਼ਾਹੀ ਤੇ ਦਸਮ ਗੁਰੂ ਜੀ ਦੇ ਗੁਰਧਾਮਾਂ ਤੋਂ ਛੁੱਟ ਉਦਾਸੀ ਤੇ ਨਿਰਮਲੇ ਸੰਤਾਂ ਦੇ ਤੀਹ ਚਾਲੀ ਡੇਰੇ ਹਨ। ਅੰਕ ੧੩ ਦਾ ਵਾਕ ਜਾਪਦਾ ਹੈ ਕਿ ਵਰ ਦੇ ਰਹੇ ਹਨ।

ਤੋਂਈ॥ਤਿਨ ਕੇ ਮਸਤਕ ਪਰ ਕਰ ਧਰਿ ਕਰਿ। ਹਰਖ ਮਹਾਂ ਸਿੱਖਨਿ ਉਰ ਭਰਿ ਭਰਿ॥੨੩॥ਬਿਦਾ ਭਈ ਗੁਰੁ ਜਸੁ ਕੋ ਗਾਵਤਿ।ਬਰ ਬਹੁ ਲੈ ਲੈ ਉਰ ਉਮਗਾਵਤਿ। ਇਮ ਬਹੁ ਸੰਗਤਿ ਕਰੀ ਨਿਹਾਲ। ਕਿਤਿਕ ਦਿਨੇਸ ਬਸਿ ਤਹਾਂ ਕ੍ਰਿਪਾਲ॥ ੨੪॥ ਆਦਿ ਜੌਨਪੁਰਿ ਸੰਗਤਿ ਜੇਤੀ। ਭਈ ਬਿਦਾ ਲੈ ਅਭਿਮਤਿ[1] ਤੇਤੀ। ਪੁਨ ਸ੍ਰੀ ਸਤਿਗੁਰੁ ਕੂਚ ਕਰਯੋ ਹੈ। ਚਲਨਿ ਮਨੋਰਥ ਅੱਗ੍ਰ ਧਰਯੋ ਹੈ॥ ੨੫॥ ਸਹਸਰਾਵ[2]*ਕੋ ਚਲੇ ਅਗਾਰੀ।ਤਹਿਂ ਇਕ ਬਸਹਿ ਪ੍ਰੇਮ ਧਰਿ ਭਾਰੀ। ਗੁਰੁ ਕੋ ਸਿੱਖ ਹੁਤੋ ਅਭਿਰਾਮ। ਚਾਚਾ ਫੱਗੋ ਤਿਸ ਕੋ ਨਾਮ॥ ੨੬॥ ਗੁਰੁਮੁਖ ਸੋ ਸਤਿਗੁਰ ਕੋ ਪਯਾਰੋ। ਪ੍ਰਗਟ ਪ੍ਰੇਮ ਤੇ ਪ੍ਰਣ ਤਿਨ ਧਾਰੋ। ਨਵੋਂ ਸਦਨ ਅਪਨੋ ਚਿਨਵਾਇਵ। ਊਚੋ ਦ੍ਵਾਰ ਬਡੋ ਰਖਵਾ-ਇਵ॥੨੭॥ ਅੰਦਰ ਮੰਦਰ ਸੁੰਦਰ ਕੀਨਿ। ਅਜਰ[3]ਚਾਰ ਚੌਕੋਨ ਨਵੀਨ। ਆਛੇ ਦਰ ਤਿਨ ਕੇ ਰਖਵਾਇ।ਰਚਵਾਵਹਿ ਸਭਿ ਆਪ ਬਤਾਇ[4]॥ ੨੮॥ ਇਕ ਦਿਨ ਸੰਗਤ ਭੀ ਇਕ ਠੌਰ। ਹੇਰਯੋ ਸਭਿਨਿ ਵਹਿਰ ਕੋ ਪੌਰ। ਘਰ ਪ੍ਰਮਾਨ ਤੇ ਬਡੋ ਕਰਾਯੋ। ਰਿਦੈ ਬਿਖੈ ਸੰਸੈ ਉਪਜਾਯੋ॥ ੨੯॥ ਬੂਝਨਿ ਕਰਯੋ ਸਭਿਨਿ ਨੇ ਐਸੇ। 'ਪੌਰ ਇਤੋ ਕਰਿਵਾਯਹੁ ਕੈਸੇ ?। ਸਰਬ ਸਦਨ ਕੇ ਤਜਯੋ ਪ੍ਰਮਾਨ[5]। ਰਾਖਯੋ ਦ੍ਵਾਰਾ ਕ੍ਤੋ ਮਹਾਨ[6]?' ॥੩੦॥ ਸੁਨਿ ਫੱਗੋ ਨੇ ਉੱਤਰ ਦੀਨਾ। 'ਸਦਨ ਚਿਨਾਵਤਿ ਮੈਂ ਪ੍ਰਣ ਕੀਨਾ। ਸਤਿਗੁਰੁ ਆਵਹਿੰਗੇ ਮਮ ਡੇਰੇ।ਅੰਤਰ ਜਾਮੀ ਘਟ ਘਟ ਕੇਰੇ ॥੩੧॥ ਤਿਨ ਕੇ ਹਿਤ ਮੈਂ ਕਰਯੋ ਨਿਕੇਤ। ਪ੍ਰਣ ਪੂਰਹਿਂ ਪਿਖਿ ਪ੍ਰੇਮ ਸਮੇਤ। ਸ਼ਸਤ੍ਰਨਿ ਸਹਤਿ ਅਰੂਢਿ ਤੁਰੰਗ। ਆਵਹਿੰਗੇ ਜਬਿ ਭਏ ਉਤੰਗ[7]॥੩੨॥ਵਹਿਰ ਨਹੀਂ ਪ੍ਰਭੁ ਉਤਰਨਿ ਕਰੈਂ। ਚਢੇ ਤੁਰੰਗਮ ਮਮ ਘਰ ਬਰੈਂ। ਉਤਰਿ ਸਿੰਘਾਸਨ ਪਰ ਥਿਰ ਜਾਇਂ। ਵਹਿਰ ਉਤਰਿ ਨਹਿਂ ਪਗ ਸੋਂ ਆਇਂ[8] ॥ ੩੩ ॥ ਯਾਂਤੇ ਰਚਯੋ ਬਡੋ ਮੈਂ ਪੌਰ।ਮੈਂ ਹੋਰੋਂ†ਸਤਿਗੁਰੁ ਸਿਰਮੌਰ। ਕ੍ਰਿਪਾ ਕਰਹਿੰਗੇ ਆਵਹਿ ਘਰ ਮਹਿਂ। ਸਹਿਤ ਪ੍ਰੇਮ ਕੇ ਸ਼ਰਧਾ ਉਰ ਮਹਿਂ ॥ ੩੪ ॥ ਕਹਤਿ ਸੰਤ ਅਰੁ ਬੇਦ ਪੁਰਾਨ। ਇਸ ਬਿਧਿ ਕੀ ਮਹਿਮਾ ਭਗਵਾਨ। ਪੂਰਨ ਕਰਹਿਂ ਪ੍ਰਤੱਗਯਾ

[1]ਮਨ ਇੱਛਤ (ਬਰ)। [2]ਨਾਮ ਹੈ ਨਗਰ ਦਾ, ਸਸਰਾਮ। [3]ਵਿਹੜਾ। [4]ਦੱਸ ਦੱਸ ਕੇ। [5]ਅੰਦਾਜ਼ਾ। [6]ਕਿਉਂ ਵਡਾ ਰਖਯਾ ਹੈ, ਕੇਡਾ ਵਡਾ ਰਖ੍ਯਾ ਹੈ। [7]ਉੱਚੇ ਹੋਏ ਹੋਏ। [8]ਬਾਹਰ ਉੱਤਰ ਕੇ ਪੈਰੀਂ ਚੱਲਕੇ ਅੰਦਰ ਨਾ ਆਵਣ।

*ਸਸਰਾਮ ਕਾਂਸ਼ੀ ਦੇ ਨੇੜੇ ਪਰ ਬੰਗਾਲ ਸੂਬੇ ਵਿਚ ਇਕ ਸ਼ਹਿਰ ਹੈ ਜਿੱਥੇ ਸ਼ੇਰ ਸ਼ਾਹ ਬਾਦਸ਼ਾਹ ਦੀ ਕਬਰ ਹੈ। ਇਥੇ ਨਾਵੇਂ ਸਤਿਗੁਰਾਂ ਦਾ ਗੁਰਦਵਾਰਾ ਤੇ ਬਾਗ਼ ਹੈ, ਅਰ ਸਿੱਖੀ ਵਸੋਂ ਬੀ ਹੈ।

†ਪਾਃ-ਹੋਰੋ=ਹੌਲਾ ਹਾਂ।

ਦਾਸਨਿ'। ਸੁਨਿ ਕਰਿ ਸਸੈ ਕੀਨਿ ਬਿਨਾਸ਼ਨ[1] ॥ ੩੫ ॥ [2]ਬਿੱਦ੍ਯਾ ਬੁਧਿ ਅਰੁ ਦਰਬ ਸਮਾਜ। ਐਸ੍ਵਰਜ ਬਡੇ ਸੁ ਦੇਸ਼ਨਿ ਰਾਜ। ਅਪਰ ਅਨੇਕ ਭਾਂਤਿ ਬਡਿਆਈ।ਤਪਨਿ ਘੋਰ ਤਪਤੇ[3] ਸਮੁਦਾਈ॥ ੩੬॥ ਨਹਿਂ ਦੇਖਤਿ ਤਿਨ ਕੋ ਪ੍ਰਭੁ ਭੂਲ। ਰਹੈਂ ਪ੍ਰੇਮ ਕੇ ਨਿਤ ਅਨਕੂਲ। ਦਾਸਨਿ ਪਾਸ ਦੌਰ ਕਰਿ ਆਵਹਿਂ। ਜਿਮ ਜਨ[4] ਮਨ ਹ੍ਵੈ ਤਥਾ ਕਰਾਵਹਿਂ ॥ ੩੭ ॥ ਨਾਮਦੇਵ ਕੇ ਸੰਗ ਫਿਰੇ ਹੈਂ। ਛਾਵਨ ਛਪਰੀ[5] ਕਾਜ ਕਰੇ ਹੈਂ। ਪੰਡਿਤ ਪੰਡੇ ਕੀਨਿ ਪਿਛਾਰੀ। ਫੇਰਿ ਦੇਹੁਰਾ ਥਿਰੇ ਅਗਾਰੀ ॥੩੮॥ ਧਨੇ ਕੇ ਬਛੁਰੇ ਗਨ ਚਾਰੇ। ਕੀਨਸਿ ਰੋਟੀ ਛਾਛ[6] ਅਹਾਰੇ। ਬਦਰੀ ਫਲ ਸਵਰੀ[7] ਤੇ ਖਾਏ। ਬਿਦਰ ਦਾਸ ਲਖਿ ਤਿਸ ਗ੍ਰਿਹ ਆਏ ॥ ੩੯ ॥ ਸ਼੍ਰੀ ਨਾਨਕ ਆਦਿ ਜੁ ਗੁਰ ਭਏ। ਇਸੀ ਪ੍ਰਕਾਰ ਦਾਸ ਗ੍ਰਿਹ ਗਏ। ਬਰਨ ਜਾਤਿ ਕੋ ਨਹੀਂ ਬਿਚਾਰਤਿ।ਪ੍ਰੇਮ ਹੇਰਿ ਤਿਸ ਢਿਗ ਪਗ ਧਾਰਤਿ ॥੪੦॥ ਇਮ ਗੁਨ ਸੁਨਿ ਮੈਂ ਸ਼ਰਧਾ ਧਾਰੀ। ਕੀਨਸਿ ਨਿਸ਼ਚੈ ਰਿਦੈ ਮਝਾਰੀ।--ਦਾਸ ਜਾਨਿ ਕਰਿ ਆਇਂ ਜ਼ਰੂਰ। ਕਰਹਿਂ ਪਤੱਗ੍ਯਾ ਮੇਰੀ ਪੂਰ--'॥ ੪੧ ॥ ਇਮ ਫੱਗੋ ਤੇ ਸੁਨਿ ਕਰਿ ਸਾਰੇ। ਅਧਿਕ ਪ੍ਰੇਮ ਕਰਿ ਸ਼ਰਧਾ ਧਾਰੇ। ਗੁਰੁ ਚਰਨਨਿ ਮੈਂ ਪ੍ਰੀਤਿ ਉਪਾਈ। ਸੱਤਿਨਾਮ ਸਿਮਰਤਿ ਸੁਖਦਾਈ॥ ੪੨ ॥ ਧੰਨ ਗੁਰੂ ਜਿਸ ਕੇ ਗੁਨ ਏਹੁ। ਕੋਸ ਹਜ਼ਾਰਨਿ ਜਨ ਲਖਿ ਲੇਹਿਂ[8]। ਹੇਰਿ ਪ੍ਰੇਮ ਨ੍ਰਿਪ ਮਨ ਕੋ[9] ਭਾਰੀ। ਗਏ ਸੰਗਲਾਦੀਪ ਮਝਾਰੀ॥ ੪੩॥ ਦਰਸ਼ਨ ਦੀਨਿ ਕ੍ਰਿਤਾਰਥ ਕਰਨੋ। ਗੁਰ ਸਥਾਪਿ ਮੰਜੀ ਬੈਠਰਨੋ। ਅਬਿ ਲੌ ਸ਼੍ਰੀ ਨਾਨਕ ਕੋ ਧ੍ਯਾਵਤਿ। ਅਨਿਕ ਪ੍ਰਕਾਰਨਿ ਕੇ ਗੁਨ ਗਾਵਤਿ ॥ ੪੪ ॥ ਸ਼੍ਰੀ ਹਰਿਗੋਬਿੰਦ ਬਾਹੁ ਬਿਸਾਲਾ। ਗਮਨੇਪੁਰਿਕਸ਼ਮੀਰ ਕ੍ਰਿਪਾਲਾ।ਬ੍ਰਿਧਾ ਸਿੱਖਨੀ ਨਿਜ ਕਰਕਾਤਿ[10]।ਪੋਸ਼ਿਸ਼ ਪਹਿਰਾਈ ਗੁਰੁ ਗਾਤ ॥ ੪੫ ॥ ਤਿਸ ਕੋ ਪ੍ਰੇਮ ਜਾਨਿ ਕਰਿ ਧਾਏ। ਉਲੰਘੇ ਬਿਖਮ ਸੈਲ ਸਮੁਦਾਏ। ਕੌਨ ਕੌਨ ਗਿਨੀਅਹਿਂ ਗੁਨ ਰੂਰੇ। ਜਥਾ ਕਰੈਂ ਜਗ ਸਤਿਗੁਰੁ ਪੂਰੇ ॥ ੪੬ ॥ ਫੱਗੋ ਕੀ ਪਰਤੱਗ੍ਯਾ ਸੁਨੀ। ਸਤਿਗੁਰੁ ਕੀ ਮਹਿੰਮਾ ਬਡ ਗੁਨੀ। ਭਏ ਸਿੱਖਜ ਪ੍ਰੇਮੀ ਸਮੁਦਾਇ। ਗੁਰੁ ਹਿਤ ਰਖੀ ਵਸਤੁ ਗਨ ਲ੍ਯਾਇ॥ ੪੭ ॥ ਸਕਲ ਪ੍ਰਤੀਖਤਿ ਗੁਰ ਆਗਵਨੂ। ਸੁੰਦਰ

[1](ਸੰਗਤ ਨੇ ਆਪਣਾ) ਸੰਸਾ ਦੂਰ ਕੀਤਾ। [2]ਫਿਰ ਚਾਚਾ ਫੱਗੋ ਜੀ ਕਹਿੰਦੇ ਹਨ। [3]ਘੋਰ ਤਪਾਂ ਨੂੰ ਤਪਦੇ ਹਨ। [4]ਦਾਸਾਂ ਦੇ। [5]ਛੱਪਰ ਛੱਤਣ ਦਾ। [6]ਲੱਸੀ। [7]ਭੀਲਣੀ। [8]ਹਜ਼ਾਰਾਂ ਕੋਹਾਂ ਤੇ ਦਾਸ ਨੂੰ ਜਾਣਕੇ। [9]ਸ਼ਿਵਨਾਭ ਰਾਜੇ ਦੇ ਮਨ ਦਾ। [10]ਆਪਣੇ ਹੱਥੀਂ ਕੱਤਕੇ।

ਭੇਟ ਧਰਹਿਂ ਨਿਜ ਭਵਨੂ।ਜਿਮ ਬਾਵਨ ਚੰਦਨ ਉਪਜੈ ਹੈ। ਸਭਿ ਕਾਨਨ[1] ਚੰਦਨ ਬਨਿ ਜੈਹੈ ॥ ੪੮ ॥ ਫੱਗੋ ਤੇ ਪ੍ਰਣ ਸੁਨਿ ਤਿਮ ਸਾਰੇ। ਗੁਰੂ ਉਡੀਕਤਿ ਸੰਝ ਸਕਾਰੇ। ਤਿਨ ਸਿੱਖਜਨਿ ਕੇ ਮਨ ਕੀ ਜਾਨਿ। ਕਾਂਸ਼ੀ ਤੇ ਗੁਰ ਕੀਨਿ ਪਯਾਨ ॥ ੪੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਕਾਂਸ਼ੀ ਆਗਮਨ ਸਤਿਗੁਰ ਕੋ' ਪ੍ਰਸੰਗ ਬਰਨਨੰ ਨਾਮ ਚਤਰ ਪੰਚਾਸਤੀ ਅੰਸੂ ॥ ੫੪ ॥

### ੫੫. [ਸਸਰਾਮ ਚਾਚੇ ਫੱਗੋ ਦੇ]।

ਦੋਹਰਾ ॥ ਰਤਨਾਕਰ ਗੁਰੁ ਗਯਾਨ ਕੋ[2] ਦੇਸ਼ਨਿ ਪਯਾਨਾ ਕੀਨਿ। ਊਖਰ[3] ਪੋਖਰ[4] ਸਭਿ ਭਰੇ[5] ਸਿੱਖੀ ਪੰਥ ਨਵੀਨ[6] ॥ ੧ ॥ ਚੌਪਈ ॥ ਪੂਰਨ ਪ੍ਰਣ ਹਿਤ ਸਿੱਖਜਨਿ ਕੇਰਾ। ਕਰਯੋ ਕੂਚ ਕਾਂਸ਼ੀ ਤੇ ਡੇਰਾ। ਖੇਂਚੇ ਪ੍ਰੇਮ ਡੋਰ ਤੇ ਦਾਸਨਿ। ਚਲੇ ਜਾਤਿ ਪ੍ਰਭੁ ਹਾਥ ਸਰਾਸਨ[7] ॥੨॥ ਭਾਥਾ ਖੜਗ ਬੰਧਿ ਕਟ ਸੰਗੇ। ਗਮਨਤਿ ਹੁਇ ਅਸਵਾਰ ਤੁਰੰਗੇ। ਮਾਤ ਨਾਨਕੀ ਨੁਖਾ ਸਮੇਤ। ਡੋਰੇ ਸਯੰਦਨ ਪਰ ਛਬਿ ਦੇਤਿ ॥੩॥ ਕਬਿ ਸ਼ਿਵਕਾ ਪਰ ਚਢਹਿਂ ਗੁਸਾਈਂ। ਸਨੇ ਸਨੇ ਮਾਰਗ ਉਲੰਘਾਈ। ਪਹੁੰਚਤਿ ਭੇ ਮਿਰਜ਼ਾ ਪੁਰਿ ਨਗਰੀ। ਸੁਨਿ ਕਰਿ ਗੁਰੁ ਸੁਧਿ ਸੰਗਤਿ ਸਗਰੀ ॥ ੪ ॥ ਉਪਹਾਰਨਿ ਲੇ ਅਨਿਕ ਪ੍ਰਕਾਰੀ। ਆਦਰ ਹਿਤ ਆਏ ਅਗਵਾਰੀ। ਮਿਲੇ ਧਾਇ ਕਰਿ ਬਹੁਤ ਉਮਾਹਤਿ। ਜਥਾ ਤ੍ਰਿਖਾਤੁਰ ਜਲ ਕੋ ਚਾਹਤਿ ॥ ੫ ॥ ਕਰ ਜੋਰਹਿਂ ਨਿਜ ਸੀਸ ਝੁਕਾਵਹਿਂ। ਗੁਰੁ ਕੇ ਪਦ ਅਰਬਿੰਦ ਲਗਾਵਹਿਂ। ਲੇ ਕਰਿ ਸੰਗ ਸਿਵਰ ਕਰਿਵਾਯਵ। ਕਰਤਿ ਭਏ ਜਿਮ ਗੁਰੁ ਫੁਰਮਾਯਵ ॥੬॥ ਅਨਿਕ ਪ੍ਰਕਾਰਨਿ ਕੀ ਕਰਿ ਸੇਵਾ। ਕਰੇ ਪ੍ਰਸੰਨ ਮਹਾਂ ਗੁਰੁ ਦੇਵਾ। ਖਾਨ ਪਾਨ ਕੀ ਟਹਿਲ ਬਿਸਾਲਾ। ਪੁਰਿ ਕੀ ਸੰਗਤਿ ਕਰਿ ਤਿਸ ਕਾਲਾ ॥ ੭ ॥ ਹੁਤੀ ਇਕੱਤ੍ਰ ਜੁ ਗੁਰੁ ਕੀ ਕਾਰ। ਧਰਯੋ ਆਨਿ ਕਰਿ ਦਰਬ ਉਦਾਰ। ਬਸਤ੍ਰ ਬਿਭੂਖਨ ਸੁੰਦਰ ਦੀਨਿ। ਅਰਪਨ ਸਕਲ ਅਕੋਰਨ ਕੀਨਿ ॥ ੮ ॥ ਇਕ ਦੁਇ ਕਰਿ ਮੁਕਾਮ[8] ਗੁਰ ਚਲੈਂ। ਮਗ ਮੈਂ ਬਹੁ ਸਿਖ ਸੰਗਤਿ ਮਿਲੈਂ। ਅਰਪਿ ਉਪਾਇਨ ਬੰਦਨ ਠਾਨੈਂ। ਜਾਚਹਿਂ ਬਰ ਕੋ ਬਿਨੈ ਬਖਾਨੈਂ ॥ ੯ ॥ ਕਰਤਿ ਜਾਤਿ ਸਤਿਗੁਰੂ ਨਿਹਾਲ। ਅਨਿਕ ਨਰਨਿ ਕੇ ਬੰਧਨ ਟਾਲਿ। ਜੈ ਜੈਕਾਰ ਹੋਇ ਤਹਿਂ ਰਹਯੋ। ਪੁਰਿ ਗ੍ਰਾਮਨਿ ਸਭਿ ਨੇ ਜਸੁ ਕਹਯੋ ॥੧੦॥ ਜਥਾ ਮਹਾਂ

[1]ਸਾਰਾ ਬਨ। [2]ਗਿਆਨ ਦੇ ਸਮੁੰਦਰ ਸ੍ਰੀ ਗੁਰੂ ਜੀ। [3]ਕੱਲਰ ਵਾਲੀ ਭੂਮੀ। [4]ਛੱਪੜ। [5](ਨਾਮ ਰੂਪੀ ਜਲ ਨਾਲ) ਭਰ ਦਿੱਤੇ। [6]ਸਿੱਖੀ ਰੂਪ ਨਵੀਨ ਪੰਥ (ਅਧਿਕਾਰੀ ਅਨ ਅਧਕਾਰੀ) ਭਾਵ ਸਭਨਾਂ ਵਿਚ ਭਰਿਆ। [7]ਹਥ ਵਿਚ ਧਨੁਖ ਧਾਰੇ। [8]ਭਾਵ ਇਕ ਦੋ ਦਿਨ ਟਿਕ ਕੇ।

ਘਨ ਉਮਡਹਿ ਸਾਵਨ। ਥਲ ਉੱਚਾਵਚ[1] ਕਰਹਿ ਬਸਾਵਨਿ। ਤਪਤ ਹਰਹਿ ਸਭਿ ਕੀ ਇਕਸਾਰ। ਤਥਾ ਨਿਹਾਲ ਕਰਤਿ ਇਕਬਾਰ ॥ ੧੧ ॥ ਚਲਤਿ ਚਲਤਿ ਕ੍ਰਮਨਾਸ਼ਾ[2]* ਸਲਿਤਾ।ਤਹਾਂ ਆਇ ਹੇਰਯੋ ਜਲ ਚਲਤਾ। ਉਤਰਿ ਤਹਾਂ ਕੀਨਸਿ ਇਸ਼ਨਾਨਾ। ਜੋ ਅਪਵਿੱਤ ਅਹੈ ਅਸਥਾਨਾ ॥ ੧੨॥ ਸਤਿਗੁਰ ਪਰਸੇ ਹੋਹਿ ਪੁਨੀਤ। ਮਹਾਂ ਦੋਸ਼ ਤਿਸ[3] ਜਾਇ ਬਿਤੀਤ। ਪੁਨ ਸੰਤਨਿ ਸੋਂ ਬਾਕ ਬਖਾਨਾ। 'ਹੁਤੋ ਤ੍ਰਿਸ਼ੰਕੂ[4] ਭੂਪ ਮਹਾਨਾ॥੧੩॥ਮੁਨਿ ਗਨ ਤੀਰਥ ਗਨ[5] ਜਲ ਲੀਨੋ। ਤਿਸ ਨ੍ਰਿਪ ਕੋ ਮਜਨਾਵਨਿ ਕੀਨੋ[6]। ਤਿਸ ਤੇ ਨਦੀ ਕਹੈਂ ਕ੍ਰਮਨਾਸ਼ਾ। ਅਬਿ ਤੇ ਭਈ ਕੁਕਰਮ ਬਿਨਾਸਾ[7]† ॥ ੧੪ ॥ ਗਮਨੇ ਸਤਿਗੁਰ ਗਏ ਅਗਾਰੀ। ਸਹਸਰਾਵ[8] ਕੇ ਪਹੁੰਚਿ ਮਝਾਰੀ। ਸਭਿ ਕੋ ਤਯਾਗ ਇਕਾਕੀ ਭਏ। ਨਿਜ ਤੁਰੰਗ ਕੋ ਬੇਗ ਚਲਏ॥ ੧੫ ॥ ਕਹਯੋ 'ਪਿਛਾਰੀ ਸਗਰੇ ਆਵਹੁ। ਮੰਦ ਮੰਦ ਮਾਰਗ ਗਮਨਾਵਹੁ। ਹਮ ਨੈ ਕਰਨੋ ਕਾਜ ਅਗਾਰੇ'। ਇਮ ਕਹਿ ਸਤਿਗੁਰ ਬੇਗ ਸਿਧਾਰੇ ॥ ੧੬ ॥ ਚਾਚਾ ਫੱਗੋ ਕੇ ਘਰ ਗਏ। ਕਰੀ ਪ੍ਰਤੱਗਯਾ ਪੂਰਤਿ ਭਏ। ਪੌਰ ਸਦਨ ਕੋ ਬਡੋ ਚਿਨਾਯੋ। ਪ੍ਰੇਮ ਡੋਰ ਗੁਰ ਐਂਚਿ ਮੰਗਾਯੋ ॥ ੧੭ ॥–ਵਾਹਨ ਚਢੇ ਅਜਰ ਮਹਿਂ ਆਵੈਂ–। ਇਮ ਪ੍ਰਣ ਠਾਨਯੋਂ ਪ੍ਰੀਤਿ ਬਧਾਵੈ। ਸ੍ਰੀ ਗੁਰੁ ਤੇਗਬਹਾਦਰ ਚੰਦ। ਆਏ ਚਢੇ ਤੁਰੰਗ ਬਿਲੰਦ ॥ ੧੮ ॥ ਗਰ ਸ਼ਮਸ਼ੇਰ ਸੁਹਾਇ ਨਿਖੰਗ। ਹਾਥ ਸਰਾਸਨ ਦੀਰਘ ਅੰਗ। ਬਾਜ ਅਰੂਢੇ ਅੰਤਰ ਬਰੇ। ਅਜਰ ਰੁਚਿਰ ਮਹਿ ਸ਼ੋਭਤਿ ਖਰੇ॥੧੯॥ ਇਤ ਉਤ ਨਰ ਹੇਰਹਿਂ ਸਮੁਦਾਇ। 'ਇਹ ਕੋ ਨਭ[9] ਤੇ ਉਤਰਯੋ ਆਇ? ਮਹਾਰਾਜ[10] ਸਮ ਬਡ ਉਤਸਾਹੀ।ਕਿਤ ਤੇ ਸ਼ੰਕਮਾਨ[11] ਚਿਤ ਨਾਂਹੀ॥੨੦॥

[1]ਉੱਚੇ ਨੀਵੇਂ। [2]ਕਾਂਸ਼ੀ ਤੇ ਬਿਹਾਰ ਦੇ ਵਿਚਕਾਰ ਦੀ ਇਕ ਨਦੀ ਦਾ ਨਾਮ। [3]ਤਿਸ (ਤੀਰਥ ਦਾ)। [4]ਨਾਮ ਰਾਜਾ ਦਾ। [5]ਬਹੁਤੇ ਤੀਰਥਾਂ ਦਾ। [6]ਨੁਹਾਇਆ। [7]ਭਾਵ ਕੁਕਰਮ ਬਿਨਾਸ਼ਾ ਨਾਮ ਬਣ ਗਿਆ ਹੁਣ ਤੋਂ। [8]ਸਸਰਾਮ ਨਾਮ। ਅਸਲ ਨਾਮ ਹੈ 'ਸ਼ੇਰ ਸ਼ਾਹ ਆਗਮ'। [9]ਅਕਾਸ਼। [10]ਪਾਤਸ਼ਾਹਾਂ ਵਤ। [11]ਸ਼ੰਕਾ ਵਾਲਾ। *ਪਾ:–ਕ੍ਰਮਨਾਸ਼ਿਨ। †ਇਥੇ ਕਵੀ ਜੀ ਧੁਨੀ ਕੱਢਦੇ ਹਨ ਕਿ ਜਿਸ ਨਦੀ ਨੂੰ ਲੋਕੀ ਕਰਮ ਨਾਸ਼ਾ ਕਹਿਕੇ ਉਸ ਵਿਚ ਇਸ਼ਨਾਨ ਤੋਂ ਸ਼ੁਭ ਕਰਮਾਂ ਦਾ ਨਾਸ਼ ਸਮਝਦੇ ਸਨ ਉਸ ਵਿਚ ਇਸ਼ਨਾਨ ਕਰਕੇ ਸਤਿਗੁਰੂ ਜੀ ਨੇ ਐਸਾ ਪਵਿੱਤ੍ਰ ਕੀਤਾ ਕਿ ਹੁਣ ਕੁਕਰਮਾਂ ਦੇ ਨਾਸ਼ ਕਰਨ ਵਾਲੀ ਹੋ ਗਈ, ਤਿਵੇਂ ਉਹ ਰੂਹਾਂ ਜਿਨ੍ਹਾਂ ਨੂੰ ਲੋਕ ਅਪਵਿੱਤ੍ਰ ਕਹਿੰਦੇ ਹਨ ਉਹ ਸਤਿਗੁਰੂ ਜੀ ਨਾਲ ਛੋਹਕੇ ਪਵਿੱਤ੍ਰ ਹੋ ਗਈਆਂ। 'ਪਸੂ ਪਰੇਤਹੁ ਦੇਵ ਕਰ ਪੂਰੇ ਸਤਿਗੁਰ ਕੀ ਵਡਿਆਈ ॥'

[ਅ. ਭਾ: ਸੂ:

ਬਦਨ ਪ੍ਰਫੁੱਲਿਤਿ ਕਮਲ ਸਮਾਨ।ਨੇਤ੍ਰ ਬਿਸਾਲ ਕ੍ਰਿਪਾਲ ਸੁਜਾਨ।ਦੀਰਘ ਭੁਜਾ ਸ਼ਸਤ੍ਰ ਸਭਿ ਧਾਰੀ। ਗਰ ਜਾਮਾ ਜਿਨ ਕੇ ਦੁਤਿ ਭਾਰੀ ॥ ੨੧ ॥ ਆਇ ਅਚਾਨਕ ਪ੍ਰਵਿਸ਼ੇ ਧਾਮੂ। ਨ੍ਰਿਭੈ ਸਭਿਨਿ ਤੇ ਤਨ ਅਭਿਰਾਮੂ।ਭਏ ਅਚੰਭੈ ਦੇਖਤਿ ਰੂਪ। ਜਨੁ ਉਤਰਯੋ ਇਹ ਦੇਵ ਸਰੂਪ ॥ ੨੨ ॥ ਮਸਤਕ ਮਹਾਂ ਦਿਪਤ ਹੈ ਜੋਤਿ। ਅਹਿਲਾਦਕ ਜਨੁ ਚੰਦ ਉਦੋਤਿ। ਤਬਿ ਚਾਚਾ ਫੱਗੋ ਚਲਿ ਆਯੋ। ਠਾਂਢੇ ਅਜਰ ਗੁਰੂ ਦਰਸਾਯੋ ॥ ੨੩ ॥ ਨਿਸ਼ਚੈ ਭਯੋ ਨ -ਹੈਂ ਗੁਰ ਏਹੀ-। ਖਿਚਯੋ ਜਾਤਿ ਮਨ ਤਊ ਸਨੇਹੀ। ਬਿਕਸਤਿ ਜਾਤਿ ਬਦਨ ਜਲਜਾਤਾ[1]। ਦੇਖਤਿ ਰਿਦਾ ਉਮਗਿ ਹੁਲਸਾਤਾ[2] ॥ ੨੪ ॥ ਸਹਜ ਸੁਭਾਇਕ ਪ੍ਰੇਮ ਬਧੰਤਾ।ਖਰੇ ਸਮੁਖ ਚਿਤ ਮਹਿਂ ਚਿਤਵੰਤਾ।ਬੂਝਿ ਨ ਸਕਹਿ ਤੇਜ ਦਰਸੰਤਾ। ਪਿਖਿ ਬਿਸਮਤਿ ਬੋਲੇ ਭਗਵੰਤਾ ॥ ੨੫ ॥ 'ਹੇ ਫੱਗੋ! ਤੈਂ ਪ੍ਰਣ ਅਤਿ ਧਾਰਯੋ। ਘਰ ਕੋ ਪੌਰ ਬਿਸਾਲ ਉਸਾਰਯੋ। ਹਮ ਅਤਿ ਦੂਰ, ਨ ਰਿਦੇ ਬਿਚਾਰਯੋ।ਕਿਮ ਆਵਹਿੰਗੇ,ਨਹਿਂ ਨਿਰਧਾਰਯੋ॥੨੬॥ਪੰਥ ਸੈਂਕਰੇ ਕੋਸਨਿ ਕੇਰਾ। ਕਿਤੇ ਦਿਵਸ ਮਹਿਂ ਪਹੁੰਚੈ ਡੇਰਾ। ਬਿਨਾ ਬਿਚਾਰੇ ਪ੍ਰੇਮ ਮਹਾਨਾ। ਸੰਗਤਿ ਮੈਂ ਸੁਨਾਇ ਪ੍ਰਣ ਠਾਨਾ ॥੨੭॥ ਤੁਮ ਮਨਸ਼ਾ ਕੇ ਪੂਰਨ ਹੇਤੁ। ਸਦਨ ਪ੍ਰਵੇਸ਼ੇ ਬਾਜ[3] ਸਮੇਤ। ਤੋਰ ਪ੍ਰਤੱਗਸਾ ਪੂਰਨ ਕਰੀ। ਜਿਮ ਇੱਛਾ ਤਿਮ ਕਰਿ ਇਸ ਘਰੀ' ॥ ੨੮ ॥ ਸੁਨਿ ਫੱਗੋ ਕੇ ਨਿਸ਼ਚੈ ਭਯੋ। -ਇਹ ਗੁਰ ਤੇਗਬਹਾਦਰ ਅਯੋ-।ਤਤਛਿਨ ਉਮਗਯੋ ਰਿਦੇ ਬਿਲੰਦ।ਦੇਖਿ ਚੰਦ ਕੋ ਸਿੰਧੁ ਮਨਿੰਦ ॥ ੨੯ ॥ ਭਰੇ ਬਿਲੋਚਨ ਮੋਹਦ ਅਨੰਦ। ਮੁਕਤਾ ਸਮ ਛੂਟਤਿ ਜਲ ਬੂੰਦ। ਮੁਖ ਪਰਪੁਲਤ ਅੱਸ਼੍ਰ ਕੇ ਸੰਗ[4]। ਤ੍ਰਿਪਤਿ ਨ ਦੇਖਤਿ ਚਢੇ ਤੁਰੰਗ॥੩੦॥ਭਾ ਸਥੰਭ[5]ਕੁਛ ਕਹ੍ਯੋ ਨ ਜਾਈ। ਰੁਕਯੋ ਕੰਠ ਮੁਖ ਗਿਰਾ ਨ ਆਈ। ਚਖਨਿ ਸਪਲਕ[6] ਥਿਰਯੋ ਰਹਿ ਆਗੇ। ਬਹੁਰ ਪਾਇ ਸੁਧਿ ਕੋ ਬਡਭਾਗੇ ॥੩੧॥ ਪੂਜਤਿ ਰਹ੍ਯੋ ਜਿਸੇ ਦਿਨ ਰਾਤੀ। ਹੁਤੋ ਪ੍ਰਯੰਕ ਰਚਯੋ ਸ਼ੁਭ ਭਾਂਤੀ। ਕਰਿ ਤੂਰਨਤਾ ਆਨਿ ਡਸਾਯਹੁ। ਸੁੰਦਰ ਆਸਤਰਨ ਸੋਂ ਛਾਯਹੁ ॥੩੨॥ ਧਰੇ ਮੁਲਾਇਮ ਬਰ ਉਪਧਾਨੁ।ਰੇਸ਼ਮ ਡੋਰੈਂ ਤਨੀ ਮਹਾਨ। ਜਾਇ ਰਕਾਬ ਗਹੀ ਤਬਿ ਹਾਥ। ਤੁਰੰਗ ਉਤਾਰੇ ਸ਼੍ਰੀ ਗੁਰ

[1]ਕਵਲ ਵਾਂਙੂ ਮੁਖ। [2]ਖੁਸ਼ੀ ਨਾਲ ਉਛਲਦਾ ਪਿਆ ਹੈ। [3]ਘੋੜੇ। [4]ਭਰ ਗਿਆ ਹੰਝੂਆਂ ਨਾਲ। [5]ਥੰਮ ਵਾਂਙੂ ਹੋ ਗਿਆ ਭਾਵ ਅਹਿੱਲ ਖੜਾ ਰਹਿ ਗਿਆ। [6]ਭਾਵ ਨੇਤ੍ਰਾਂ ਦੀ ਪਲਕਾਂ ਦੇ ਸਹਤ ਟਿਕਟਿਕੀ ਬੱਝ ਗਈ।

ਨਾਥ॥੩੩॥ ਸਿੰਘਾਸਨ ਪਰ ਤਬਹਿ ਬਿਠਾਏ। ਪਰਯੋ ਡੰਡਵਤ ਗੁਰ ਅਗ-ਵਾਏ। ਬਾਰਿ ਬਾਰਿ ਅਭਿਬੰਦਨ ਭੂਮ[1]। ਪਗ ਪੰਕਜ ਗਹਿ ਆਨਨ ਚੂੰਮ[2] ॥ ੩੪ ॥ ਲੇ ਗੁਰੁ ਕੀ ਪਨਹੀ ਨਿਜ ਹਾਥ।ਤਿਸ ਤੇ ਧੂਲ ਲਗਾਵਤਿ ਮਾਥ। ਹਾਥ ਜੋਰਿ ਹੁਇ ਖਰੋ ਅਗਾਰੀ। ਬਾਰਿ ਬਾਰਿ ਹੋਵਤਿ ਬਲਿਹਾਰੀ ॥ ੩੫ ॥ 'ਸ੍ਰੀ ਗੁਰੁ ! ਤੀਨ ਲੋਕ ਕੇ ਸੁਾਮੀ। ਸਦਾ ਸਭਿਨਿ ਕੇ ਅੰਤਰਜਾਮੀ।ਕੌਨ ਰੰਕ ਮੈਂ, ਚਲਿ ਘਰ ਆਏ। ਬਿਰਦ ਦਾਸ ਬਤਸਲ ਤੁਮ ਗਾਏ[3] ॥ ੩੬ ॥ ਦੀਨ ਬੰਧੁ ਹੈ ਨਾਮ ਤੁਮਾਰਾ। ਰਾਖਹੁ ਲਾਜ ਬਿਦਤਿ ਸੰਸਾਰਾ।ਤੁਮ ਬਿਨ ਇਮ ਗੁਨ ਮਹਿਂ ਕਿਸ ਮਾਂਹੂ। ਨਿਰਧਨ ਕੇ ਧਨ ਹੋ ਸਭਿ ਕਾਂਹੂ[4]' ॥੩੭॥ ਸਹਸਰਾਵ ਕੇ[5] ਪੁਰਿ ਮਹਿਂ ਸਾਰੇ। ਸੁਨਿ ਸੁਨਿ ਸਿਖ ਹਰਖਤਿ ਉਰ ਭਾਰੇ। ਜੋ ਜੋ ਵਸਤੁ ਧਰੀ ਗੁਰ ਹੇਤੁ। ਸੋ ਸਭਿ ਲੈ ਲੈ ਪ੍ਰੇਮ ਸਮੇਤ॥੩੮॥ਅਨਿਕ ਅਕੋਰਨਿ ਕਰ ਧਰਿ ਆਏ। ਦੇਖਤਿ ਦਰਸ਼ਨ ਸੀਸ ਨਿਵਾਏ।ਕਰ ਜੋਰਹਿਂ ਅਰੁ ਬਿਨੈ ਬਖਾਨਹਿਂ।ਕਰਹਿਂ ਤਿਹਾਵਲ ਕੋ ਬਹੁ ਆਨਹਿਂ॥੩੯॥ਕ੍ਰਿਪਾਸਿੰਧੁ ਸਭਿ ਕੀ ਦਿਸ਼ਿ ਦੇਖਿ। ਕਰਹਿਂ ਖੁਸ਼ੀ ਲਹਿ ਅਨੰਦ ਵਿਸ਼ੇਖ। ਉਤਸਵ ਠਾਨਹਿਂ ਅਨਿਕ ਪ੍ਰਕਾਰੀ। ਧੂਪ ਧੁਖਾਇ ਆਰਤੀ ਉਤਾਰੀ ॥ ੪੦ ॥ ਫੂਲਨਿ ਮਾਲਾ ਰਚਹਿਂ ਬਿਸਾਲੇ। ਬਹੁਤ ਸੁਗੰਧਤਿ ਗੁਰ ਗਰ ਡਾਲੇਂ। ਮੇਵੇ ਮਧੁਰ ਮਧੁਰ ਫਲ ਲਯਾਏ। ਭੋਜਨ ਹੇਤੁ ਅੰਨ ਸਮੁਦਾਏ ॥ ੪੧ ॥ ਮਾਤ ਨਾਨਕੀ ਨੁਖਾ ਸਮੇਤ। ਆਇ ਬਾਸ ਕਿਯ ਤਿਸੀ ਨਿਕੇਤ। ਡੇਰਾ ਅਪਰ ਵਹਿਰ ਸਭਿ ਹੋਯੋ[6]। ਨਰ ਨਾਰਿਨਿ ਮਿਲਿ ਸਤਿਗੁਰ ਜੋਯੋ ॥ ੪੨ ॥ ਹੇਤੁ ਦੇਗ਼ ਕੇ ਸ੍ਰੇਸ਼ਟ ਅੰਨ। ਗਨ ਆਨਹਿਂ ਚਹਿਂ ਗੁਰੂ ਪ੍ਰਸੰਨ।ਦੁਗਧ ਘ੍ਰਿਤ ਬਹੁ ਬਿਧਿ ਮਠਿਆਈ। ਸੂਖਮ ਚਾਵਰ ਫਲ ਸਮੁਦਾਈ ॥ ੪੩ ॥ ਅਨਿਕ ਬਿਧਿਨਿ ਕਰਿਵਾਇ ਅਹਾਰੇ।ਸਤਿਗੁਰ ਕੋ ਅਚਵਾਵਨਿ ਧਾਰੇ। ਬ੍ਰਿੰਦ ਸਿੱਖ ਬੈਠਤਿ ਹੈਂ ਪਾਸ। ਗੁਰ ਕੋ ਬਾਕ ਸੁਨਹਿਂ ਸੁਖਰਾਸ॥ ੪੪ ॥ ਕੇਤਿਕ ਦਿਨ ਤਹਿਂ ਕੀਨਸਿ ਡੇਰਾ। ਪੂਰਯੋ ਪ੍ਰਣ ਬਹੁ ਸਿੱਖਨਿ ਕੇਰਾ। ਜੋ ਜੋ ਗੁਰੂ ਹਿਤ ਜਿਸ ਜਿਸ ਰਾਖਾ।ਸੋ ਸੋ ਅਰਪਤਿ ਪੂਰ ਭਿਲਾਖਾ ॥ ੪੫ ॥ ਸਭਿ ਸਿੱਖਨਨਿ ਪਰ ਖੁਸ਼ੀ ਭਏ ਹੈਂ। ਰਿਦੇ ਮਨੋਰਥ ਪੂਰ ਦਏ ਹੈਂ। ਪੁਨ ਚਹਿਂ ਗਮਨਯੋ

[1]ਧਰਤੀ ਤੇ। [2]ਮੂੰਹ ਨਾਲ ਚੁੰਮੇ। [3]ਤੁਸਾਡਾ ਬਿਰਦ ਦਾਸਾਂ ਨੂੰ ਪਯਾਰਨ ਵਾਲਾ ਕਹੀਦਾ ਹੈ। [4]ਨਿਰਧਨ ਦੇ ਧਨ ਹੋ ਤੇ ਸਭ ਕਿਸੇ ਦੇ (ਅਪਣੇ) ਹੋ। (ਅ) ਕੋਈ ਧਨੀ ਹੋਵੇ ਯਾ ਨਿਰਧਨੀ ਹੋਵੇ ਆਪ ਸਭ ਕਿਸੀ ਦੇ ਹੋ। [5]ਸਸਰਾਮ ਸ਼ਹਿਰ। [6]ਹੋਰ ਸਾਰਾ ਡੇਰਾ ਬਾਹਰ ਹੋਇਆ।

ਗੁਰੂ ਅਗਾਰੀ। ਕਵਿ ਸੰਤੋਖ ਸਿੰਘ ਹੈ ਬਲਿਹਾਰੀ ॥੪੬॥ ਇਤਿ ਸ੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਢੱਗੋ ਕੇਰ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥੫੫॥

### ੫੬. [ਮਿਸਰਾਵ ਫੇਰਾ, ਬੇਰੀ। ਬਾਗ਼ ਵਿਚ ਨਿਵਾਸ]।

ਦੋਹਰਾ ॥ ਬਿਹਸ ਕਹਯੋ ਸਤਿਗੁਰੁ ਤਬਹਿ ਢੱਗੋ ਨਿਕਟਿ ਬੁਲਾਇ।'ਸਿੱਖਨਿ ਗ੍ਰਿਹ ਤੇ ਕਾਰ ਗੁਰੁ ਲੇ ਕੀਨਸਿ ਇਕਥਾਇ[1] ॥ ੧ ॥ ਚੌਪਈ ॥ ਸੋ ਅਬਿ ਅਰਪਨ ਕੀਜਹਿ ਆਨਿ । ਹਮ ਚਾਹਤਿ ਆਗੈ ਪ੍ਰਸਥਾਨ' । ਹਾਥ ਜੋਰਿ ਤਿਨ ਸਕਲ ਸੁਨਾਈ। 'ਕਹਯੋ ਜੁ ਮੈਂ ਆਗੇ ਇਕਥਾਈ[2] ॥੨॥ ਸੋ ਗਿਨ ਗਿਨ ਪੈਸੇ ਲਗ[3] ਸਾਰੇ । ਹੁੰਡੀ ਕੋ ਕਰਾਇ ਬਹੁ ਬਾਰੇ । ਰਹਯੋ ਹਜ਼ੂਰ ਪੁਚਾਵਤਿ ਸੋਈ। ਛਾਨੀ[4] ਨਹੀਂ ਆਪ ਤੇ ਕੋਈ ॥੩॥ਅਬਿ ਬਾਕੀ ਜੇਤਿਕ ਧਨ ਕੀਨਾ। ਸੋ ਸਭਿ ਚਹੌਂ ਆਪ ਕੋ ਦੀਨਾ'। ਇਮ ਕਹਿ ਦਯੋ ਦਰਬ ਕੋ ਆਨਿ। ਜੋ ਸਿੱਖਨਨਿ ਤੇ ਲੀਨਿ ਮਹਾਨ॥੪॥ਪਿਖਿ ਸਤਿਗੁਰ ਨੇ ਤਿਹ ਸੋਂ ਕਹਯੋ। 'ਅਪਰ ਲਯਾਉ ਜੋ ਬਾਕੀ ਰਹਯੋ। ਹਮਰੇ ਹਿਤ ਜੋ ਕਿਛ ਕਿਸ ਦੀਨਾ।ਸੋ ਅਬਿ ਦੇਹੁ ਜੁ ਤੁਵ ਕਰ ਲੀਨਾ'॥੫॥ਸੁਨਿ ਢੱਗੋ ਮਨ ਮਹਿ ਬਿਸਮਾਨਯੋ।-ਇਹ ਕਯਾ ਸਤਿਗੁਰ ਬਾਕ ਬਖਾਨਯੋ।ਮੋ ਢਿਗ ਤਉ ਅਬਿ ਕੁਛ ਨਹਿ ਰਹਯੋ।ਇਹ ਕਿਮ ਜਾਚਹਿ,ਕਯਾ ਉਰ ਲਹਯੋ?॥੬॥ਕੂਰ ਬਾਕ ਇਹ ਕਹੈਂ ਨ ਕਯੋਂ ਹੂੰ। ਮੁਝ ਢਿਗ ਰਹਯੋ ਨ, ਸਤਿ ਭੀ ਯੋਂ ਹੂੰ[5]-।ਚਿਤ ਚਿਤਵਤਿ ਬਿਤਵਤਿ[6]ਤਿਸ ਕਾਲ। ਇਕ ਸਿਖਨੀ ਗਤਿ[7]ਕੀਨਿ ਸੰਭਾਲ[8]॥੭॥ 'ਸੁਨਹੁ ਪ੍ਰਭੂ!ਜੋ ਮੈਂ ਨਹਿ ਦੀਨਾ। ਆਪ ਸਿਮਰਿ[9] ਚਾਹਹੁ ਜਿਸ ਲੀਨਾ। ਇਕ ਦਿਨ ਇਕ ਸਿਖ ਕੇ ਘਰ ਗਯੋ। ਤਹਾਂ ਨ ਸਿਖ ਕੋ ਦੇਖਤਿ ਭਯੋ ॥ ੮ ॥ ਸਿਖਨੀ ਹੁਤੀ ਤਿਸੀ ਸੰਗ ਭਾਖੀ।-ਦਿਹੁ ਗੁਰੁ ਕਾਰ ਜੁ ਹੈ ਘਰ ਰਾਖੀ-।ਕਹਨਿ ਲਗੀ-ਸਿਖ ਨਾਹਨ ਘਰੋ। ਨਿਕਟਿ ਨ ਕੁਛ ਦੈਬੋ ਕਯਾ ਕਰੋਂ-॥੯॥ ਸੁਨਿ ਕੈ ਪੁਨ ਮੈਂ ਬੋਲਯੋ ਤਾਂ ਸੋਂ ।-ਜੋ ਕਿਛ ਹੋਹਿ ਦੇਹੁ ਨਿਜ ਪਾਸੋਂ। ਜੋ ਦੇਵਹਿ ਸੋ ਮੈਂ ਲੈ ਜਾਊਂ*।ਸਤਿਗੁਰ ਪਾਸ ਦੇਇ ਪਹੁੰਚਾਊਂ*- ॥ ੧੦ ॥ ਨਿਰਧਨ ਸਿਖ ਗਰੀਬ ਕੋ ਧਾਮ।ਕਾਲ ਨਿਬਾਹਤਿ[10] ਕਰਿ ਪਰ-

---

[1] ਤੂੰ ਲੈ ਕੇ ਇਕੱਠੀ ਕੀਤੀ ਹੈ। [2] ਇਕੱਠੀ ਕੀਤੀ ਸੀ। [3] ਪੈਸੇ ਪੈਸੇ ਤਕ। [4] ਗੁੱਝੀ। [5] ਇਹ ਬੀ ਸੱਚ ਹੈ ਕਿ ਮੇਰੇ ਪਾਸ (ਬਾਕੀ ਕੁਛ) ਨਹੀਂ ਰਹਿਆ। [6] ਬੀਤਿਆ। [7] ਇਕ ਸਿੱਖਣੀ ਦਾ ਕੌਤਕ ਯਾ ਕਰਨੀ। [8] ਯਾਦ ਕੀਤੀ। [9] ਯਾਦ ਕਰਾਕੇ। [10] ਝੱਟ ਲੰਘਾਉਂਦੇ।

*ਪਾ:-ਗੁਰ ਹਿਤ ਲੇਨ ਤੋਹਿ ਘਰ ਆਇਵ। ਕਿਮ ਝੂਠੇ ਅਬਿ ਹਟਿ ਕਰ ਜਾਇਵ।

ਕਾਮ[1]। ਭਈ ਸੁ ਕੋਪ ਸੁਨੋ ਬਚ ਮੇਰੇ। ਐਸੇ ਕਹਨਿ ਲਗੀ ਤਿਸ ਬੇਰੇ॥ ੧੧॥–ਜੇ ਕਰਿ ਛੂਛਾ ਗਮਨਤਿ ਨਾਂਹਿ। ਕੂਰਾ ਪਰਯੋ ਅਜਰ ਲੇ ਜਾਹਿ। ਅਪਰ ਕਹਾਂ ਦੇਵੈਂ ਤੁਮ ਹਾਥ। ਲਜਾਇ ਕਮਾਇ ਨ ਘਰ ਕੋ ਨਾਥ[2]–॥ ੧੨॥ ਮੈਂ ਸੁਨਿ ਬਿਨੈ ਕੀਨਿ:–ਤਬਿ ਏਹੋ।ਰਿਦੇ ਭਾਵਨਾ ਸੋਂ ਤੁਮ ਦੇਹੋ–। ਭਰਿ ਅੰਜੁਲ ਰਿਸ ਤੇ ਉਰ ਪੂਰਾ। ਮਮ ਅੰਚਲ ਸੰਗ ਬੰਧਯੋ ਕੂਰਾ[3]॥੧੩॥ ਸੋ ਮੈਂ ਤਿਸੀ ਰੀਤਿ ਲੇ ਆਯੋ। ਗ੍ਰਿਹ ਮਹਿਂ ਖੋਲਯੋ ਅਵਨਿ ਗਿਰਾਯੋ।ਤਿਸ ਮਹਿਂ ਏਕ ਪਰੀ[4] ਮੈਂ ਹੇਰੀ। ਬਦਰੀ ਫਲ ਕੀ ਗਿਟਕ ਬਡੇਰੀ॥ ੧੪॥ ਸੋ ਮੈਂ ਇਹਾਂ ਬੋਇ ਕਰਿ ਦੀਨਿ।ਤਿਸ ਤੇ ਬਦਰੀ ਕੋ ਤਰੁ ਚੀਨਿ।ਤੁਮ ਅੰਤਰ-ਜਾਮੀ ਸਭਿ ਜਾਨੀ। ਕਾਰ ਆਪ ਕੀ ਇਹੈ ਨਿਸ਼ਾਨੀ॥ ੧੫॥ ਲੀਜੈ ਸੋ, ਸਿਖ ਕਰੋ ਸਹਾਇ। ਅੰਸ ਗੁਰੂ ਇਹੁ ਤਰੁ ਨਿਪਜਾਇ'। ਗਨ ਸਿੱਖਨਨਿ ਮਹਿਂ ਸੁਨਤਿ ਪ੍ਰਸੰਨੇ। ਕਹਯੋ ਗੁਰੂ 'ਸਿਖ! ਤੂੰ ਧਨ ਧੰਨੇ॥੧੬॥ ਗੁਰਮੁਖ ਪਰਸੁਾਰਥ ਕੋ ਕਰਿਤਾ। ਰਿਦੈ ਲੋਭ ਹੰਕਾਰ ਨ ਧਰਿਤਾ। ਗੁਰ ਕਾਰਜ ਕੋ ਕਰਤਿ ਅਰੰਭ। ਸਿੱਖੀ ਥੰਭਨ ਕੇ ਤੁਮ ਥੰਭ[5]॥੧੭॥ਭਵਸਾਗਰ ਤੇ ਉਤਰੈਂ ਪਾਰ। ਅਪਰ ਅਨੇਕਨਿ ਕਰਹੁ ਉਧਾਰ। ਤੁਵ ਗਤਿ ਚਹਤਿ ਹੁਤੇ ਬਿਦਤਾਈ[6]। ਗਨ ਸਿੱਖਨਨਿ ਮਹਿਂ ਅਬਹਿ ਸੁਨਾਈ॥ ੧੮॥ ਗੁਨ ਗਨ ਅਪਨੇ, ਪਰ ਕੇ ਦੋਸ਼। ਚਹਤਿ ਛਪਾਇ ਧਰਤਿ ਸੰਤੋਸ਼। ਸੋਈ ਸਿੱਖ ਭਲੇ ਮਮ ਪਯਾਰੇ। ਸਾਸ ਸਾਸ ਮਹਿਂ ਮੋਹਿ ਚਿਤਾਰੇ॥੧੯॥ ਹੇ ਫੱਗੋ ਤੂੰ ਗੁਰਮੁਖ ਸਿੱਖਨ। ਸੁਨਹਿ ਕਥਾ ਸਿਖ ਤੋਹਿ ਭਵਿੱਖਨ। ਤਿਨ ਕੋ ਸਿੱਖੀ ਪ੍ਰਾਪਤਿ ਹੋਇ। ਕਾਮ ਕ੍ਰੋਧ ਹੰਕਾਰ ਨ ਕੋਇ'॥ ੨੦॥ ਸੁਨਿ ਕਰਿ ਸੰਗਤਿ ਬਾਕ ਬਿਲਾਸ। ਮਹਿੰਮਾ ਜਾਨੀ ਅਨੰਦ ਪ੍ਰਕਾਸ਼। ਹਾਥ ਜੋਰਿ ਪੁਨ ਅਰਜ਼ ਗੁਜ਼ਾਰੀ। 'ਪੁਰਹੁ ਭਾਵਨੀ ਪ੍ਰਭੂ ਹਮਾਰੀ॥੨੧॥ਗਨ ਸਿੱਖਨਿ ਮਿਲਿ ਕਰਿ ਅਨੁਰਾਗ। ਤੁਮ ਹਿਤ ਵਹਿਰ ਲਗਾਇਵ ਬਾਗ਼। ਆਰੂ, ਆਮਰੂਦ, ਤਰੁ ਅੰਬ। ਕਦਲੀ ਯੁਕਤ ਸੀਂਚਿ ਤਰੁ ਅੰਬੁ[7]॥ ੨੨॥ ਚਹੁੰਦਿਸ਼ਿ ਦੂਰਬਾ[8] ਹਰਿਤ ਖਰੀ ਹੈ। ਹੇਰਤਿ ਮਨ ਕੋ ਹਰਤਿ ਖਰੀ ਹੈ[9]। ਬਰਨ ਬਰਨ ਕੀ ਬਡ ਫੁਲਵਾਰੀ। ਬਾਰੀ ਬਾਰਿ ਪਾਇ ਕਰਿ ਪਾਰੀ[10]॥੨੩॥ਬੀਚ ਸਥੰਡਲ

[1]ਪਰਾਇਆ ਕੰਮ ਕਰਕੇ। [2]ਪਤੀ। [3]ਕੂੜਾ। [4]ਪਈ ਹੋਈ। [5]ਸਿੱਖੀ ਦੇ ਸੰਭਾਲਨ ਨੂੰ ਥੰਭ ਵਤ ਹੋ, ਭਾਵ ਆਸ਼ਾ ਹੋ। [6]ਤੇਰੀ ਕਰਨੀ ਪ੍ਰਗਟ ਕੀਤੀ ਚਾਹੁੰਦੇ ਸੀ। [7]ਬ੍ਰਿਛ ਜਲ ਨਾਲ ਸਿੰਚਕੇ। [8]ਖੱਬਲ ਘਾਸ। [9]ਦੇਖਿਆਂ ਮਨ ਨੂੰ ਚੰਗੀ ਹਰਦੀ ਹੈ। [10]ਵਾੜੀ ਜਲ ਪਾਕੇ ਪਾਲੀ ਹੈ।

ਚਾਰ ਚੁਕੋਨਾ। ਸਫਲ ਔਨ ਤਰੁ[1], ਬਰਨੈ ਕੌਨਾ।ਆਪ ਚਰਨ ਤਿਸ ਥਲ ਚਲਿ ਪਾਵਹੁ। ਸਫਲ ਬਾਗ ਕੋ ਸਫਲ[2] ਬਨਾਵਹੁ' ॥੨੪॥ ਇਮ ਦਾਸਨਿ ਕੀ ਬਿਨਤੀ ਸੁਨਿ ਕੈ। ਸਭਿ ਸੰਗਤਿ ਕੀ ਪ੍ਰੀਤੀ ਗੁਨਿ ਕੈ। ਜ਼ੀਨ ਪਵਾਯੋ ਰੁਚਿਰ ਤੁਰੰਗ। ਭਏ ਤਯਾਰ ਨਿਜ ਸਿੱਖਨਿ ਸੰਗ ॥ ੨੫ ॥ ਹਯ ਅਰੂਢਿ ਤਿਸ ਦਿਸ਼ਿ ਕੋ ਚਲੇ । ਆਗੇ ਕਰਹਿਂ ਕੀਰਤਨ ਭਲੇ। ਸੰਗਤਿ ਬ੍ਰਿੰਦ ਭਜਨ ਕੋ ਕਰਿਤੇ ।ਗਮਨਤਿ ਗੁਰੁ ਕੋ ਦਰਸ ਨਿਹਰਿਤੇ ॥ ੨੬ ॥ ਪਹੁੰਚੇ ਚਲਿ ਕਰਿ ਬਾਗ਼ ਮਝਾਰ।ਚਹੁੰ ਦਿਸ਼ਿ ਮਹਿਂ ਸਿਖ ਜੈ ਜੈ ਕਾਰ।ਸੁੰਦਰ ਜਹਾਂ ਸਥਾਨ ਬਨਾਇਵ। ਤਹਾਂ ਜਾਇ ਸਤਿਗੁਰੁ ਉਤਰਾਇਵ ॥ ੨੭ ॥ ਸੁੰਦਰ ਆਨਿ ਪ੍ਰਯੰਕ ਡਸਾਇਵ । ਚਹੁੰਦਿਸ਼ਿ ਫਰਸ਼ ਅਪਰ ਕਰਵਾਇਵ । ਭਜਨ ਅਨੰਦ ਕਰਤਿ ਤਹਿਂ ਬੈਸੇ। ਰਘੁਨੰਦਨ ਮੁਨਿ ਗਨਿ ਮਹਿਂ ਜੈਸੇ ॥ ੨੮ ॥ ਮਾਲੀ ਫੂਲਨਿ ਮਾਲ ਬਿਸਾਲ। ਅਪਰ ਪੁਸ਼ਪ ਬਹੁ ਰੰਗਨਿ ਜਾਲ[3] ਫਲ ਮਧੁਰੇ ਅਰੁ ਤੁਰਸ਼ ਅਨੇਕ।ਕੀਨੇ ਅਰਪਨਿ ਜਲਧਿ ਬਿਬੇਕ[4]॥੨੯॥ ਬਹੁਤ ਭਾਂਤਿ ਕੇ ਬਿਟਪ ਦਿਖਾਏ । ਸ੍ਰੀ ਸਤਿਗੁਰ ਹਿਤ ਜੋ ਲਗਵਾਏ। ਨਹਿਰ ਨੀਰ ਕੀ ਬਹੁਤ ਚਲਾਈ। ਚਹੁੰਦਿਸ਼ਿ ਮਹਿਂ ਦੂਰਬਾ ਛਿਰਕਾਈ[5] ॥ ੩੦ ॥ ਬੇਲਨਿ ਕੇ ਬਿਸਤਾਰ ਬਡੇਰੇ। ਸੰਗਤ ਸਹਤਿ ਗੁਰੂ ਸਭਿ ਹੇਰੇ। ਸਗਰੇ ਦਿਵਸ ਬਸੇ ਤਿਸ ਬਾਗ।ਹੇਰਿ ਹੇਰਿ ਸੰਗਤਿ ਅਨੁਰਾਗ ॥੩੧॥ਕਰੀ ਭਾਵਨਾ ਪੂਰਨ ਨੀਕੇ। ਧਰਤਿ ਜੁ ਰਹੇ ਮਨੋਰਥ ਜੀ ਕੇ। ਇਤ ਉਤ ਨਿਜ ਦ੍ਰਿਸ਼ਟੀ ਕੋ ਪ੍ਰੇਰਤਿ। ਰਚਨਾ ਉਪਬਨ ਕੀ ਸਭਿ ਹੇਰਤਿ ॥ ੩੨ ॥ ਜਾਨਿ ਪ੍ਰੇਮ ਸਿੱਖਨਿ ਕੋ ਜਾਲ। ਭਨਯੋ ਬਚਨ 'ਤੁਮ ਭਏ ਨਿਹਾਲ'। ਸੰਝ ਭਈ ਲੇ ਸੰਗਤਿ ਸੰਗਿ। ਸਤਿਗੁਰ ਭਏ ਅਰੂਢਿ ਤੁਰੰਗ॥ ੩੩ ॥ ਸਨੇ ਸਨੇ ਪੁਨ ਪੁਰਿ ਮਹਿਂ ਆਏ। ਉਤਸਵ ਕਰਤਿ ਅਨਿਕ ਮਨਿ ਭਾਏ । ਧਰਮਸਾਲ ਮਹਿ ਉਤਰੇ ਜਾਇ। ਜੋ ਸਭਿ ਸੰਗਤਿ ਕੀਨਿ ਬਨਾਇ ॥ ੩੪ ॥ ਰੁਚਿਰ ਪ੍ਰਯੰਕ ਸੁ ਊਪਰ ਰਾਜੈਂ । ਪਿਖਿ ਪਿਖਿ ਸਿੱਖਨਿ ਕਲਮਖ[6] ਭਾਜੈਂ । ਭਈ ਨਿਸਾ ਪੁਨ ਮੰਗਲ ਕਰੇ। ਧੂਪ ਧੁਖਾਵਹਿਂ ਆਨੰਦ ਭਰੇ ॥ ੩੫ ॥ ਦੀਪਕ ਬਾਰਿ ਆਰਤੀ ਸਾਜੀ। ਗਨ ਸੰਖਨਿ ਕੀ ਧੁਨਿ ਬਡ ਗਾਜੀ। ਫੂਲਨਿ ਕੀ ਬਰਖਾ ਬਰਖਾਵਹਿਂ। ਮਾਲ ਬਿਸਾਲ ਗਰੇ ਪਹਿਰਾਵਹਿਂ ॥ ੩੬ ॥ ਸ਼ਬਦ

[1]ਸਹਿਤ ਫਲਾਂ ਦੇ ਧਰਤੀ ਤੇ ਬਿੱਛ ਹਨ । [2]ਭਾਵ ਭਾਗੀ ਭਰਿਆ। [3]ਬਹੁਤੇ। [4]ਗੁਰੂ ਜੀ ਦੀ ਭੇਟਾ ਕੀਤੇ। [5]ਖਬਲ ਘਾਹ ਖਲੇਰ ਕੇ ਲਾਇਆ ਹੋਇਆ ਸੀ। [6]ਪਾਪ।

ਕੀਰਤਨ ਕੀਨਿ ਬਿਸਾਲਾ। ਜਾਗਤਿ ਰਹੇ ਸਿੱਖਨ ਤਿਸ ਕਾਲਾ। ਅਨਿਕ ਪ੍ਰਕਾਰਨਿ ਕੇਰ ਅਹਾਰਾ। ਮਧੁਰ ਸਲਵਣ ਸੁ ਤੁਰਸ਼ ਅਚਾਰਾ[1] ॥ ੩੭॥ ਜਿਸ ਕੇ ਗ੍ਰਿਹ ਕੀ ਵਸਤੁ ਜੁ ਆਈ। ਸ੍ਰੀ ਗੁਰ ਤੇਗ ਬਹਾਦਰ ਖਾਈ। ਸਫਲ ਜਨਮ ਤਿਨ ਅਪਨੋ ਜਾਨਾ। ਨਿਸ਼ਚੈ ਧਰਿ, ਜਮ ਕੋ ਦੁਖਹਾਨਾ॥ ੩੮॥ਜੁਤਿ ਮਿਸਰੀ ਕੇ ਦੁਗਧ ਲਿਆਏ।ਮਾਤ ਨਿਕਟਿ ਕੁਛ ਦਿਯੋ ਪੁਚਾਏ। ਕੋ ਚਾਂਪਤਿ ਹੈ ਚਰਨ ਸਪ੍ਰੇਮ। ਹਾਂਕਤਿ ਪੌਨ ਚਾਹਤੇ ਛੇਮ॥੩੯॥ ਧਰਮਸਾਲ ਮਹਿਂ ਕਰਿ ਕੈ ਸੈਨ। ਤੀਨ ਜਾਮ ਜਬਿ ਬੀਤੀ ਰੈਨ। ਉਠੇ ਪ੍ਰਭੂ ਕਰਿ ਸੌਚਾਚਾਰ। ਪੁਨ ਸ਼ਨਾਨ ਕਰਿ ਨਿਰਮਲ ਬਾਰਿ[2] ॥੪੦॥ ਬੈਠੇ ਮਨ ਕੋ ਗੁਰੂ ਟਿਕਾਇ।ਆਸਾਵਾਰ ਸਿੱਖਨ ਤਬਿ ਗਾਇਂ। ਸ਼ਬਦ ਪ੍ਰੇਮ ਕੇ ਛੰਤਨਿ ਗਾਏ। ਹੋਤਿ ਪ੍ਰਾਤਿ ਕੋ ਭੋਗ ਸੁ ਪਾਏ॥ ੪੧॥ ਸ੍ਰੀ ਗੁਰ ਤੇਗ ਬਹਾਦਰ ਚੰਦ। ਗਮਨਯੋਂ ਚਾਹਤਿ ਧਰੇ ਅਨੰਦ। ਵਾਹਨ ਸਗਰੇ ਕਰਿ ਕੈ ਤਯਾਰ। ਹੋਤਿ ਭਏ ਤਤਛਿਨ ਅਸਵਾਰ॥੪੨॥ਕਿਤਿਕ ਦੂਰ ਸੰਗਤਿ ਸੰਗ ਆਈ। ਕਰਿ ਕਰਿ ਪ੍ਰੇਮ ਚਰਨ ਲਪਟਾਈ। ਦ ਦੇ ਧੀਰਜ ਸਤਿਗੁਰ ਮੋਰੀ[3]। ਆਪ ਪਯਾਨੇ ਪੂਰਬ ਓਰੀ॥ ੪੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਸਹਸਰਾਂਵ ਕੋ ਡੇਰਾ' ਪ੍ਰਸੰਗ ਬਰਨਨੰ ਨਾਮ ਖਸਟ ਪੰਚਾਸਤੀ ਅੰਸੂ॥ ੫੬॥

### ੫੭. [ਗਯਾ ਜੀ। ਜੈਤਾ ਸੇਠ]।

ਦੋਹਰਾ॥ਸਨੇ ਸਨੇ ਸ੍ਰੀ ਸਤਿਗੁਰੂ ਗਮਨੇ ਮਾਰਗ ਜਾਇਂ। ਛੇਤ੍ਰ ਸੁ ਗਯਾਸੁਰ[4] ਕੇ ਵਿਖੇ ਪਹੁੰਚਤਿ ਭਏ ਸੁਭਾਇ॥੧॥ਚੌਪਈ॥ ਅਦਭੁਤ ਲੀਲਾ ਸਤਿਗੁਰ ਦਯਾਲ। ਕਰਨਿ ਹੇਤੁ ਨਰ ਅਧਿਕ ਨਿਹਾਲ। ਘਾਟ ਬਾਮਨੀ[5] ਕੀਨਸਿ ਡੇਰਾ। ਚਢਿ ਤੁਰੰਗ ਫਲਗੂ[6] ਮਹਿਂ ਹੇਰਾ*॥ ੨॥ ਬਿੱਪ੍ਰ ਛੇਤ੍ਰ ਕੇ ਮਿਲਿ ਸਮੁਦਾਇ।ਸੁਨਿ ਆਗਵਨ ਗੁਰੂ ਢਿਗ ਆਇ।ਜਗਯੋਪਵੀਤ[7]ਭੇਟ ਲੈ ਮਿਲੇ। ਛੇਤ੍ਰ ਮਹਾਤਮ ਉਚਰਯੋ ਭਲੇ॥੩॥ ਦਾਨ ਪੁੰਨ ਤੀਰਥ ਬਿਵਹਾਰੂ। ਕੀਨਿ ਉਚਾਰਨ ਸਰਬ ਪ੍ਰਕਾਰੂ।'ਕਰਹੁ ਸ਼ਨਾਨ ਗਯਾ ਪਿੰਡ ਦੀਜਹਿ[8]।ਦੇਵ ਪਿਤ੍ਰ ਤ੍ਰਿਪਤਾਵਨਿ ਕੀਜਹਿ'॥੪॥ਸੁਨਿ ਸ੍ਰੀ ਤੇਗ ਬਹਾਦਰ ਕਹਯੋ।'ਤੀਰਥ ਮਹਾ-

[1]ਖੱਟੇ ਅਚਾਰ। [2]ਨਿਰਮਲ ਜਲ ਨਾਲ। [3]ਮੋੜੀ। [4]ਗਯ+ਅਸੁਰ ਛੇਤ੍ਰ=ਗਯ ਨਾਮੇ ਰਾਖਸ਼ ਦਾ ਤੀਰਥ=ਗਯਾ। ਗਯਾ ਇਕ ਧਰਮੀ ਪੁਰਖ ਸੀ ਜਿਸਦੇ ਦਰਸ਼ਨ ਨਾਲ ਲੋਕ ਮੁਕਤ ਹੁੰਦੇ ਸਨ, ਜਿੱਥੇ ਇਸ ਦੀ ਦੇਹ ਦੱਬੀ ਸੋ ਥਾਂ ਗਯਾ ਹੈ, ਇੱਥੇ ਪਿੰਡ ਭਰਾ ਕੇ ਲੋਕੀ ਪਿਤ੍ਰਾਂ ਨੂੰ ਮੁਕਤ ਹੋ ਗਿਆ ਸਮਝਦੇ ਹਨ। [5]ਬਾਮਨੀ ਘਾਟ। [6]ਬਿਹਾਰ ਦੇਸ਼ ਵਿਚ ਫਲਗੂ ਨਾਮੇ ਨਦੀ ਜਿਸ ਦੇ ਕਿਨਾਰੇ ਗਯਾ ਹੈ। ਸੂਚਨਾ—ਕੁਰਛੇਤ੍ਰ ਪਹੋਏ ਪਾਸ ਬੀ ਇਕ ਟਿਕਾਣੇ ਦਾ ਨਾਂ ਫਲਗੂ ਹੈ। [7]ਜੇਊ। [8]ਪਿੰਡ ਭਰਾਵੇ। *ਪਾ:—ਫੇਰਾ।

ਤਮ ਤੁਮ ਨਹਿਂ ਲਹਯੋ। ਫਲਗੁ ਬਿਖੈ ਚਰਨ ਜੋ ਧਾਰੇ। ਪਿਤਰ ਆਪਨੇ ਤਿਨਹੁ ਉਧਾਰੇ॥੫॥ਸੁਰ ਤ੍ਰਿਪਤਹਿਂ ਜੈਕਾਰ ਉਚਾਰੈਂ।ਸਰਬ ਅਘਨਿ ਕੋ ਦੂਰ ਨਿਵਾਰੈਂ*'। ਸੁਨਿ ਦਿਜ ਗਨ ਸਗਰੇ ਬਿਸਮਾਏ। ਹਾਥ ਜੋਰਿ ਕਰਿ ਬਿਨੈ ਅਲਾਏ ॥ ੬ ॥ 'ਤੁਮ ਸਤਿਗੁਰੁ ਬਿਸ਼ਨ ਅਵਤਾਰ। ਜੇ ਨ ਕਰਹੁਗੇ ਸ਼੍ਰਾਧ ਅਚਾਰ।ਪੁਨ ਕੋਇ ਨ ਕਰਿ ਹੈ ਇਹ ਰੀਤਿ।ਹਮ ਸੋਂ ਹੋਇ ਜਾਹਿਂ ਬਿੱਪ੍ਰੀਤ ॥ ੭ ॥ ਨਹਿਂ ਮਾਨਹਿਂ ਧਨ ਦੇਹਿਂ ਨ ਕੋਈ। ਆਵਹਿਂ ਕਰਹਿਂ ਸ਼੍ਰਾਧ ਨਹਿਂ ਸੋਈ। ਜਾਇ ਜੀਵਕਾ ਬਿਗਰ ਹਮਾਰੀ। ਪੁਰਸ਼ੋਤਮ ਮਿਰਜਾਦਾ ਧਾਰੀ[1] ॥ ੮॥ ਤੁਮ ਕੋ ਉਚਿਤ ਨ ਐਸੇ ਕਰਨੀ। ਧਰਮ ਸਥਾਪਹੁ ਸਗਰੀ ਧਰਨੀ'। ਸੁਨਿ ਬਿਨਤੀ ਬਿੱਪ੍ਰਨਿ ਕੀ ਐਸੇ। ਕਰਤਿ ਭਏ ਤਸ, ਭਾਖਤਿ ਜੈਸੇ† ॥ ੯ ॥ ਉਤਰੇ ਤਬਿ ਤੁਰੰਗ ਤੇ ਤਰੇ। ਫਲਗੂ ਮਹਿਂ ਮੱਜਨ ਕੋ ਕਰੇ। ਸਕਲ ਦਿਜਨਿ ਕੋ ਸ਼੍ਰੀ ਮੁਖ ਕਹਯੋ। 'ਜਾਚਿ ਲੇਹੁ ਜੋ ਤੁਮ ਚਿਤ ਚਹਯੋ'॥ ੧੦॥ ਸੁਨਿ ਬੋਲੇ ਸਭਿ ਦਿਜਬਰ ਬੰਸ। 'ਹਮ ਕੋ ਦਿਹੁ ਆਪਨ ਸਰਬੰਸ'। ਤਬਿ ਸਤਿਗੁਰ ਨੇ ਰਿਦੈ ਬਿਚਾਰੀ।-ਇਹ ਸਭਿ ਮਾਯਾ ਕੇ ਅਧਿਕਾਰੀ[2]-॥ ੧੧ ॥ ਜਿਤਿਕ ਸੰਗ[3] ਸਭਿ ਦੀਨੋ ਦਾਨ। ਧੋਤੀ ਏਕ ਉਪਰਨਾ ਪਾਨ[4]। ਸ਼ਿਵਕਾ ਅਸੁ ਸੰਦਨ ਧਨ ਸਾਰੋ। ਲੇ ਬਿੱਪ੍ਰਨਿ ਜੈਕਾਰ ਉਚਾਰੋ ॥ ੧੨ ॥ ਕਿਤਿਕ ਕਾਲ ਬੀਤੇ ਸੁਧਿ ਆਈ। 'ਇਹ ਸਭਿ ਜਗ ਗੁਰੁ ਬਹੁ ਬਡਿਆਈ। ਇਤੋ ਸਮਾਜ ਲੇਨਿ ਇਨ ਹੀ ਤੇ। ਨਹਿਂ ਕਿਛੁ ਬਡੋ, ਬਿਚਾਰਹੁ ਚੀਤੇ ॥ ੧੩ ॥ ਪੱਤ੍ਰ ਲਿਖਾਇ ਲੇਹੁ ਅਬਿ ਐਸੇ।ਹਮਰੀ ਸੰਤਤਿ ਲੇ ਨਿਤ ਜੈਸੇ। ਜੇਤਿਕ ਸੰਗਤਿ ਜਗਤ ਤੁਮਾਰੀ। ਦਾਨ ਸਰਬ ਕੇ ਹਮ ਅਧਿਕਾਰੀ' ॥ ੧੪ ॥ ਕਰਿ ਮਸਲਤ ਸਤਿਗੁਰ ਪਹਿ ਆਏ। 'ਬਿਜੈ

[1]ਆਪ ਪੁਰਸ਼ੋਤਮ ਤੇ ਮਿਰਜਾਦਾ ਧਾਰੀ ਹੋ। [2]ਭਾਵ ਇਹ ਮੰਗਤੇ ਹਨ ਜੀਅਦਾਨ ਦੀ ਸਾਰ ਨਹੀਂ ਜਾਣਦੇ। [3]ਨਾਲ (ਪਦਾਰਥ) ਸੀ। [4](ਪਰਨਾ) ਸਾਫਾ ਹੱਥ ਦਾ (ਰਖਿਆ)।

*ਇਹ ਉਸ਼ਟ ਲਕੜ ਨਜਾਯ ਹੈ। ਕਿ ਜਦ ਤੁਸਾਡਾ ਮਤ ਇਹ ਕਹਿੰਦਾ ਹੈ ਕਿ ਜਿਸ ਨੇ ਫਲਗੂ ਨਦੀ ਵਿਚ ਪੈਰ ਧਰ ਦਿਤੇ ਉਸ ਦੇ ਪਿੱਤਰ ਤਰ ਗਏ, ਫੇਰ ਪਿੰਡ ਦੇਣ ਦੀ ਲੋੜ ਆਪੇ ਹੀ ਨਾ ਰਹੀ।

†ਤਵਾ: ਖਾ ਵਿਚ ਲਿਖਿਆ ਹੈ ਕਿ ਪੰਡੇ ਜਨੇਊ ਲੇਕੇ ਮਿਲੇ ਗੁਰਾਂ ਨੇ ਆਸਾ ਦੀ ਵਾਰ ਵਿਚੋਂ ਜੰਞੂ ਦੇ ਗੁਰਵਾਕ ਸੁਣਾਏ। ਫੇਰ ਗੁਰੂ ਜੀ ਨੇ ਕਿਹਾ ਅਸੀਂ ਪਿੰਡ ਭਰਵਾਣ ਨਹੀਂ ਆਏ ਤੇ ਉਪਰਲੀ ਗਲ ਅੰਕ ੫ ਵਾਲੀ ਕਹੀ ਭਾਵ ਕਿ ਕੁਛ ਕਹਿਣਾ ਨਹੀਂ ਮੰਨਿਆਂ। ਇਹ ਕਿਹਾ ਕਿ ਦਾਨ ਜੋ ਮੰਗੋ ਦੇ ਦਿਆਂਗੇ,ਉਹਨਾਂ ਨੇ ਸਰਬੰਸ ਮੰਗਿਆ ਤਾਂ ਆਪ ਨੇ ਦੇ ਦਿਤਾ।

ਤੁਮਾਰੀ ਹੋਹੁ' ਸੁਨਾਇ।'ਸ੍ਰੀ ਗੁਰੁ! ਜੋ ਹਮ ਜਾਚਾ ਕੀਨਿ।ਦੀਨ ਆਪ ਨੇ, ਸੋ ਸਭਿ ਲੀਨ ॥ ੧੫ ॥ ਨਿਜ ਸੰਗਤਿ ਸਗਰੀ ਕੋ ਦਾਨ। ਲਿਖਹੁ ਪੱਤ੍ਰਿਕਾ ਪੁੰਨ ਮਹਾਨ'। ਸੁਨਿ ਕੈ ਸ੍ਰੀ ਸਤਿਗੁਰ ਫੁਰਮਾਯੋ। 'ਪੂਰਬ ਜਾਚਯੋ ਸੋ ਤੁਮ ਪਾਯੋ ॥ ੧੬ ॥ ਲੋਭ ਛੋਭ ਤਜਿ ਕਰਹੁ ਸੰਤੋਸ਼। ਅਪਨਿ ਧਰਮ ਰਾਖਹੁ ਨਿਰਦੋਸ਼।ਦਿਜ ਕੋ ਮੁੱਖਯ ਧਰਮ ਯਹਿ ਜੋਇ। ਜਥਾ ਲਾਭ ਸੰਤੁਸ਼ਟੈ ਹੋਇ ॥ ੧੭ ॥ ਯਾਂਤੇ ਪਰਾਲਬਧ ਜੇਤੀਕ[1]। ਪੂਰਬ ਜਾਚਿ ਲੀਨਿ ਤੇਤੀਕ[2]'। ਪੁਨ ਤੂਸ਼ਨਿ ਹੁਇ ਰਹੇ ਗੁਸਾਈ*। ਖਾਨ ਪਾਨ ਕਰਿ ਨਿਸਾ ਬਿਤਾਈ ॥ ੧੮ ॥ ਜਥਾ ਜੋਗ ਸਭਿਹੂੰ ਤਹਿਂ ਕਰਿਕੈ। ਗਮਨ ਕੀਨਿ ਪੁਨ ਸਤਿਗੁਰ ਚਰਿਕੈ[3]†। ਸਰਬ ਸੰਗ ਮੈਂ ਹੁਇ ਕਰਿ ਤਯਾਰੀ। ਮਾਰਗ ਗਮਨੇ ਜਾਤਿ ਅਗਾਰੀ ॥ ੧੯ ॥ ਮਿਲਹਿਂ ਪੰਥ ਮਹਿਂ ਧਰਿ ਕਰਿ ਭਾਉ। ਲਹੈਂ ਸ਼੍ਰੇਯ ਇਹ ਸਹਜ ਸੁਭਾਊ। ਜਿਮ ਸੂਰਜ ਤੇ ਤਮ ਬਿਨਸਾਇ। ਪਾਵਕ ਨਿਕਟਿ ਨ ਸੀਤ ਰਹਾਇ ॥ ੨੦ ॥ ਪਟਨੇ ਨਗਰ ਤੀਰ ਗੁਰ ਗਏ। ਇਕ ਸਿਖ ਕੇ ਘਰ ਪ੍ਰਾਪਤ ਭਏ। ਜੈਤਾ ਸੇਠ ਨਾਮ ਤਿਸ ਕਹੈਂ। ਕਰ ਪਕਵਾਨ[4] ਹਾਟ ਪਰ ਬਹੈ ॥ ੨੧ ॥ ਬੇਸਨਿ ਸਾਨ ਫਿਲੋਰੀ ਕਰੈ[5]। ਗੁਰੁ ਸਿੱਖ ਮਿਲਹਿ ਸੁ ਅਰਪਨ ਧਰੈ। ਆਲਮਗੀਰ ਮਝਾਰ ਬਸਾਈ[6]। ਕਰਤਾ ਸਦਾ ਹਾਟ ਹਲਵਾਈ ॥੨੨॥ ਅੰਤਰ ਗਤਿ ਨਿਸ ਦਿਨ ਗੁਰ ਧਯਾਨ।ਦੁਰਬਲ ਦੀਨ, ਲੋਭ ਨਹਿਂ ਮਾਨ। ਕਰਤਿ ਸ਼ਨਾਨ ਸੁ ਕਿਨਹੁ ਨ ਦੇਖਾ[7]। ਬਸਤ੍ਰ ਮਲੀਨੇ ਤਨ ਪਰ ਬੇਖਾ ॥ ੨੩ ॥ ਬਿਚਰਤਿ ਗੁਰ ਕੋ ਸਿਖ ਮਿਲਿ ਜਾਇ। ਤਿਸ ਕੇ ਪਗ ਨਿਜ ਸੀਸ ਝੁਕਾਇ। ਪੰਚ ਫਿਲੌਰੀ ਦੇਤਿ ਅਕੋਰ।ਬਿਦਾ ਕਰਤਿ ਦੋਨੋ ਕਰ ਜੋਰਿ ॥ ੨੪ ॥ ਮਹਿਮਾ ਨਹਿ ਜਾਨਹਿ ਤਿਸ ਕੌਨ। ਸਿਮਰਨਿ ਸਤਿਗੁਰ ਧਰਿ ਕਰਿ ਮੌਨ। ਮਿੱਥ੍ਯਾ ਜਾਨਹਿ ਜਗਤ ਪਸਾਰਾ। ਸਾਰ

---

[1]ਜਿਤਨੀ ਕੁ। [2]ਤਿਤਨੀ ਹੀ। [3]ਅਸਵਾਰ ਹੋਕੇ। [4]ਘਿਉ ਵਿਚ ਤਲੇ ਖਾਣ ਦੇ ਪਦਾਰਥ। [5](ਪੀਠੀ ਦੀ ਥਾਂ) ਵੇਸਣ ਪਾਕੇ ਬਣਾਈ ਪੂਰੀ। (ਅ) ਵੇਸਣ ਦੇ ਵੜੇ [ਸੰਪ੍ਰਦਾ]। ( ੲ ) ਦਾਲ ਫਲ ਦੀ ਮਿਲਾਕੇ ਘਿਉ ਤੇਲ ਵਿਚ ਤਲੀ ਪੂਰੀ ਕਚੌਰੀ। [ਸ਼ਿਕਸ: ਕੋਸ਼]। [6]ਵਿਚ ਵਸਦਾ ਸੀ। [7]ਉਸ ਨੂੰ ਨਹਾਉਂਦੇ ਨੂੰ ਕਦੇ ਕਿਸੇ ਨਹੀਂ ਸੀ ਡਿੱਠਾ।

*ਇਥੋਂ ਸਪਸ਼ਟ ਹੋ ਗਿਆ ਕਿ ਜੇ ਭਾਵਨਾ ਧਾਰ ਕੇ ਸਤਿਗੁਰਾਂ ਨੇ ਕੁਛ ਕੀਤਾ ਹੁੰਦਾ ਤਾਂ ਸੰਗਤਾਂ ਲਈ ਵੀ ਹੁਕਮ ਲਿਖ ਜਾਂਦੇ ਜਿਸ ਤੋਂ ਆਪ ਨੇ ਨਾਂਹ ਕੀਤੀ। ਬ੍ਰਾਹਮਣਾਂ ਦੀ ਲੋਭ ਲਹਿਰ ਦਾ ਕਵਿ ਜੀ ਨੇ ਇਹ ਖ਼ੂਬ ਨਕਸ਼ਾ ਦਿਖਾਇਆ ਤੇ ਸਤਿਗੁਰੂ ਜੀ ਦੀ ਚੁਪ ਵਿਚ ਉਨ੍ਹਾਂ ਦੀ ਉਦਾਸੀਨਤਾ, ਉਨ੍ਹਾਂ ਦੇ ਧਰਮ ਤੋਂ ਉਪ-ਰਾਮਤਾ ਦਾ ਨਕਸ਼ਾ ਖਿੱਚ ਦਿਤਾ ਹੈ।

†ਤਵਾ. ਖਾ: ਤੇ ਇਤਿਹਾਸ ਗੁਰੂ ਖਾ: ਨੇ ਰਾਜੇ ਬਿਸ਼ਨ ਸਿੰਘ ਜੋਧ ਪੁਰੀਏ ਦਾ ਮਿਲਨਾ ਗਯਾ ਪੁਰ ਦੱਸਿਆ ਹੈ।

ਨ ਭਾਸਹਿ ਨੱਸ੍ਵਰ ਸਾਰਾ[1] ॥ ੨੫॥ ਇਕ ਦਿਨ ਗੁਰ ਸੰਗਤਿ ਨਰ ਕੋਈ। ਬੂਝਤਿ ਭਏ ਪ੍ਰੇਮ ਕਰਿ ਤੇਈ।'ਕਹੋ ਸੇਠ ਜੀ! ਕਨੋਂ ਨ ਸ਼ਨਾਨਹੁ? ਬਸਤ੍ਰ ਸਰੀਰ ਮਲੀਨੇ ਠਾਨਹੁ' ॥ ੨੬ ॥ ਤਿਨ ਸੋਂ ਕਹ੍ਯੋ 'ਜਿ ਦੇਖ੍ਯੋ ਚਹੋ। ਸਰਬ ਕ੍ਰਿਯਾ, ਤੁਮ ਮਮ ਘਰ ਰਹੋ । ਕਹੇ ਬਨੇ ਨਹਿਂ, ਲੀਜਹਿ ਦੇਖਿ। ਜਿਮ ਸ਼ਨਾਨ ਮੈਂ ਕਰੌਂ ਵਿਸ਼ੇਖ' ॥ ੨੭ ॥ ਸੁਨਿ ਸਿਖ ਦ੍ਵੈ ਤਿਸ ਕੇ ਘਰ ਰਹੇ। ਨਿਸ ਮਹਿਂ ਕ੍ਰਿਯਾ ਕਰਤਿ ਸਭਿ ਲਹੇ। ਨਿਜ ਦੁਕਾਨ ਤੇ ਬੈਠ੍ਯੋ ਆਇ । ਸਿਮਰਤਿ ਭਯੋ ਨਾਮ ਸੁਖਦਾਇ॥ ੨੮ ॥ ਜਾਮ ਨਿਸਾ ਬਾਕੀ ਜਬਿ ਰਹੀ। ਉਠੇ ਸੇਠ ਜੀ ਮਨ ਮੈਂ ਲਹੀ। ਸੌਚਾਚਾਰ ਕਰ੍ਯੋ ਜਲ ਨਾਲ। ਸੁਰਸਰਿ ਆਈ ਘਰ ਤਿਸ ਕਾਲ॥ ੨੯ ॥ ਬਡਾ ਹੌਜ਼ ਇਕ ਹੁਤੋ ਬਨਯੋ। ਨਿਰਮਲ ਜਲ ਤੇ ਸੋ ਭਰਿ ਗਯੋ। ਤਿਨਕੇ ਦੇਖਤਿ ਕੀਨਿ ਸ਼ਨਾਨ । ਪੁਨ ਲਾਗ੍ਯੋ ਸਿਮਰਨ ਸੁਖਦਾਨ ॥ ੩੦ ॥ ਪ੍ਰਾਤਿ ਹੋਤਿ ਲੌ ਬੈਠ੍ਯੋ ਰਹ੍ਯੋ। ਤਿਨ ਸਿੱਖਨ ਸਗਰੋ ਕ੍ਰਮ ਲਹ੍ਯੋ। ਸੰਗਤਿ ਬਿਖੇ ਬਾਤ ਬਿਦਤਾਈ। 'ਜੈਤੇ ਸੇਠ ਬਡੀ ਬਡਿਆਈ॥ ੩੧ ॥ ਸ੍ਰੀ ਗੰਗਾ ਜਿਸ ਕੇ ਘਰ ਜਾਇ। ਜਾਮ ਨਿਸਾ ਤੇ ਦੇਤਿ ਨੁਹਾਇ' । ਸੋ ਸਿਖ ਗੁਰੁ ਕੋ ਕਰਤਿ ਉਡੀਕ।-ਆਇ ਕਬਹੁਂ ਦੇਂ ਦਰਸ਼ਨ ਨੀਕ ॥ ੩੨ ॥ ਮਮ ਕਰ ਕੋ ਕੀਨਸਿ ਪਕਵਾਨ।ਬੈਠਿ ਸਦਨ ਮਹਿਂ ਕਰਿ ਹੈਂ ਖਾਨ-।ਰਹਤਿ ਪ੍ਰਤੀਖਤਿ ਸੁਨਿ ਗੁਨ ਗੁਰੁ ਕੋ।ਨਿਸ ਬਾਸੁਰ ਅਨੁਰਾਗੀ ਉਰ ਕੋ ॥ ੩੩ ॥ ਤਿਸ ਕੇ ਮਨ ਕੀ ਗਤਿ ਕੋ ਜਾਨਿ। ਪਹੁੰਚੇ ਸ੍ਰੀ ਸਤਿਗੁਰ ਭਗਵਾਨ। ਐਂਚਹਿਂ ਪ੍ਰੇਮ ਡੋਰ ਤੇ ਜਹਿਂ ਜਹਿਂ। ਕਰਿ ਤੂਰਨਤਾ ਪਹੁੰਚਹਿਂ ਤਹਿਂ ਤਹਿਂ॥੩੪॥ ਦੀਨ ਦਯਾਲੁ ਕੀ ਬਾਨ ਬਿਸਾਲਾ। ਪਰਖਹਿਂ ਪੇਮ ਮਿਲਹਿਂ ਤਤਕਾਲਾ। ਗੁਹਜ ਰਿਦੈ ਕੀ ਗਤਿ ਕੋ ਲਖੈਂ। ਕਰਤਿ ਬਾਸ ਪ੍ਰਭੁ ਘਟ ਘਟ ਬਿਖੈ ॥ ੩੫ ॥ ਨਗਰ ਪ੍ਰਵੇਸ਼ ਭਏ ਗੁਰ ਪੂਰੇ। ਕਰਤਿ ਬਿਲੋਕਨ ਬਿਪਨੀ[2] ਰੂਰੇ। ਮੰਦਰ ਸੁੰਦਰ ਅੰਦਰ ਬਾਹਰ[3]। ਧਨੀ ਲੋਕ ਬਹੁ ਬਾਸਹਿਂ ਜ਼ਾਹਰ ॥੩੬॥ ਰਚਨਾ ਅਨਿਕ ਪ੍ਰਕਾਰਨ ਕੇਰੀ। ਚਲੇ ਜਾਹਿਂ ਸਤਿਗੁਰੁ ਸਭਿ ਹੇਰੀ। ਆਲਮ ਗੰਜ ਬਿਖੈ ਪੁਨ ਗਏ । ਸਦਨ ਸੇਠ ਕੇ ਪ੍ਰਾਪਤਿ ਭਏ ॥ ੩੭ ॥ ਨਿਜ ਜਨ ਕੀ ਪੂਰਨ ਕੋ ਆਸਾ। ਲੋਕ ਪ੍ਰਲੋਕ ਦੇਨਿ ਭਰਵਾਸਾ। ਉਤਰੇ ਜਾਇ ਜਬਹਿ ਘਰ ਮਾਂਹੀ। ਸੁਧਿ ਸੁਨਿ ਜੈਤਾ ਸੇਠ ਤਦਾਹੀ ॥ ੩੮ ॥ ਪ੍ਰੇਮ ਮਗਨ ਤੇ ਦੌਰ੍ਯੋ ਆਇ। ਪਿਖਿ

[1]ਸਾਰਾ (ਜਗਤ ਪਸਾਰਾ) ਨਾਸ਼ਵਾਨ ਜਾਣਦਾ ਸੀ। [2]ਹੱਟਾਂ। [3]ਅੰਦਰੋਂ ਬਾਹਰੋਂ ਮੰਦਰ ਸੁੰਦਰ ਹਨ।

ਗੁਰ ਪਗ ਪੰਕਜ ਲਪਟਾਇ । ਸਾਦਰ ਮੰਚ ਡਸਾਵਨਿ ਕਰੇ । ਪਭੂ ਬਿਠਾਇ ਮੋਦ ਉਰ ਭਰੇ ॥ ੩੯ ॥ ਨਿਜ ਕਰ ਤੇ ਕਰਿ ਕੈ ਪਕਵਾਨ। ਰਾਖ੍ਯੋ ਸਤਿਗੁਰ ਆਗੈ ਆਨਿ। ਅਪਰ ਅਹਾਰ ਅਧਿਕ ਕਰਿਵਾਇ। ਸਭਿ ਡੇਰੇ ਕੋ ਦਿਯੋ ਅਚਾਇ॥ ੪੦ ॥ ਵਾਹਨ ਸਰਬ ਸਦਨ ਬੰਧਵਾਏ। ਸਭਿ ਬਿਧਿ ਕੋ ਦੇ ਕਰਿ ਤ੍ਰਿਪਤਾਏ। ਤ੍ਰਿਣ ਦਾਨਾ ਜੋ ਕਹਿ ਮਿਸ਼ਟਾਨ। ਹਾਥ ਜੋਰਿ ਸੇਵਾ ਸਭਿ ਠਾਨਿ ॥ ੪੧ ॥ਦੋਹਰਾ॥ਸਤਿਗੁਰ ਕਰ੍ਯੋ ਅਰਾਮ ਕੋ ਬੀਤ੍ਯੋ ਕੇਤਿਕ ਕਾਲ।ਕਵਿ ਸੰਤੋਖਸਿੰਘ ਪੁਰਿ ਬਿਖੈ ਸੰਗਤਿ ਸੁਨੈ ਕ੍ਰਿਪਾਲ ॥ ੪੨ ॥ ਜਹਿਂ ਕਹਿਂ ਬਿਦਤੀ ਬਾਰਤਾ ਗੁਰ ਆਏ ਪੁਰਿ ਮਾਂਹਿ। ਸਿੱਖ੍ਯਨਿ ਸੁਨਤਿ ਅਨੰਦ ਭਾ, ਕਹੈਂ ਕੌਨ ਬਿਧਿ ਤਾਂਹਿ[1] ॥੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਪਟਨੇ ਸ੍ਰੀ ਗੁਰੂ ਆਗਮਨ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਤਿ ਅੰਸੂ ॥ ੫੭ ॥

੫੮. । ਪਟਨੇ ਨਿਵਾਸ]।

ਦੋਹਰਾ ॥ ਜਹਿਂ ਕਹਿਂ ਸੰਗਤਿ ਨੇ ਸੁਨ੍ਯੋ ਭਾ ਆਗਮਨ ਕ੍ਰਿਪਾਲ । ਹਰਖ ਪਰਸਪਰ ਮਿਲਤਿ ਭੇ ਲੇ ਕਰਿ ਭੇਟ ਬਿਸਾਲ ॥ ੧ ॥ ਚੌਪਈ ॥ ਸੰਗਤਿ ਸ਼ਬਦ ਕੀਰਤਨ ਕਰਤੇ। ਭਰੇ ਅਨੰਦ ਸਿਰ ਚਰਨਨਿ ਧਰਤੇ। ਜ਼ਰੀ ਜੁਗਤ ਬਹੁ ਬਸਤ੍ਰ ਲਿਆਏ। ਰੁਚਿਰ ਬਿਭੂਖਨਿ ਧਰਿ ਅਗਵਾਏ ॥ ੨ ॥ ਅਰਪਹਿਂ ਦਰਬ ਅਨਿਕ ਨਰ ਆਇ।ਦਰਸ ਕਰਨਿ ਅਵਕਾਸ਼ਹਿਂ[2]ਪਾਇ। ਪਟਨਾ ਸ਼ਹਿਰ ਲੋਕ ਬਹੁ ਬਸੈਂ। ਬੇ ਸ਼ੁਮਾਰ ਗੁਰੁ ਜਸੁ ਬਹੁ ਲਸੈਂ[3] ॥ ੩ ॥ ਅਨਿਕ ਭਾਂਤਿ ਕੀ ਆਨਿ ਮਿਠਾਈ। ਖਰੇ ਹੋਇ ਅਰਦਾਸ ਕਰਾਈ। ਤਹਿਂ ਕੇ ਬਡ ਮਸੰਦ ਚਲਿ ਆਏ। ਬ੍ਰਿੰਦ ਸੰਗਤਾਂ ਸੰਗ ਸੁ ਲ੍ਯਾਏ ॥ ੪ ॥ ਗੁਰ ਕੋ ਅਰਪ੍ਯੋ ਦਰਬ ਬਿਸਾਲਾ। ਸੇਵਾ ਅਪਰ ਕਰੀ ਤਤਕਾਲਾ। ਛੋਟੋ ਥਾਨ ਲੋਕ ਸਮੁਦਾਏ[4] ।ਭਈ ਭੀਰ, ਥਿਤ ਥਾਂਉ ਨ ਪਾਏ[5] ॥ ੫ ॥ ਸੰਗਤਿ ਸੰਗ ਮਸੰਦ ਮਿਲੇ ਹੈਂ। ਆਪਸ ਮਹਿਂ ਇਮ ਕਰਤਿ ਭਲੇ ਹੈਂ। 'ਨਗਰ ਬਿਖੈ ਇਨ ਹੇਤੁ ਨਿਕੇਤ।ਚਹੀਅਤਿ ਹੈ ਬਿਸਤਾਰ ਸਮੇਤ[6] ॥ ੬ ॥ ਬਸਹਿ ਇਹਾਂ ਗੁਰੁ ਕੇਤਿਕ ਕਾਲ। ਦਰਸਹਿਂ ਨਿਤ ਹਮ ਹੋਹਿਂ ਨਿਹਾਲ। ਇਸ ਸਿਖ ਕੇ ਘਰ ਨਹੀਂ ਸਮਾਵਹਿਂ। ਦਰਸ਼ਨ ਕਰਨਿ ਹਜ਼ਾਰਹੁਂ ਆਵਹਿ ॥ ੭ ॥ ਸਗਰੇ ਨਗਰ ਨਹੀਂ ਸੁਧਿ ਹੋਈ। ਸੁਨਿ ਸੁਨਿ ਆਇ ਪਿਖਹਿ ਸਭਿ

---

[1]ਤਿਸ (ਅਨੰਦ ਨੂੰ) ਕਿਸ ਬਿਧੀ ਨਾਲ ਕਿਹਾ ਜਾਵੇ। [2]ਸਮਾਂ। [3]ਪ੍ਰਕਾਸ਼ਦਾ ਹੈ। [4]ਥਾਂ ਛੋਟਾ ਤੇ ਲੋਕ ਬਹੁਤੇ ਹਨ। [5]ਖੜੋਣ ਨੂੰ ਬੀ ਥਾਂ ਨਹੀਂ ਮਿਲਦੀ। [6]ਭਾਵ ਖੁਲ੍ਹਾ ਘਰ ਚਾਹੀਏ।

ਕੋਈ। ਬਾਹਰ ਨਗਰ ਰਹੈਂ ਜੋ ਗਾਮ[1]*। ਸੁਨਹਿਂ ਜਥਾਹਿ–ਆਏ ਗੁਰੁ ਧਾਮ[2]–॥੮॥ਸਗਰੇ ਉਮਡਿ ਆਇਂ ਇਕਵਾਰੀ। ਪਿਖਹਿਂ ਗੁਰੂ ਉਰ ਸ਼ਰਧਾ ਧਾਰੀ'। ਇਸ ਬਿਧਿ ਸਭਿ ਮਹਿਂ ਕਰਤਿ ਬਿਚਾਰ। ਤਬਿ ਇਕ ਸਿਖ ਨੇ ਕੀਨਿ ਉਚਾਰਿ ॥੯॥ 'ਮੈਂ ਇਕ ਦੇਉਂ ਹਵੇਲੀ ਗੁਰ ਕੋ। ਹਾਥ ਜੋਰਿ ਕਹਿ ਭਾਉ ਸੁ ਉਰ ਕੋ।ਤਿਸ ਮਹਿਂ ਬਸਹਿਂ ਸਦਾ ਸੁਖ ਪਾਇ। ਮੇਰੋ ਜਨਮ ਸਫਲ ਹੁਇ ਜਾਇ'॥੧੦॥ਇਮ ਕਹਿ ਸਭਿ ਮਹਿਂ ਸ਼ਰਧਾ ਧਾਰਿ।ਸਤਿਗੁਰੁ ਕੇ ਢਿਗ ਕੀਨਿ ਉਚਾਰ। 'ਪ੍ਰਭੁ ਜੀ ਲੇਹੁ ਹਵੇਲੀ ਮੋ ਤੇ।ਤਿਸ ਮਹਿਂ ਬਸਹੁ ਅਨੰਦ ਉਦੋਤੇ'॥ ੧੧॥ ਤਬਿ ਅਰਦਾਸ ਮੇਵਰੇ ਕਰੀ। ਤਿਸੀ ਸਿੱਖਯ ਕੀ ਆਪਦਾ ਹਰੀ । ਸ਼੍ਰੀ ਗੁਰ ਤੇਗ ਬਹਾਦਰ ਧੀਰ। ਅਪਨੇ ਦਾਸ ਹਕਾਰੇ ਤੀਰ॥ ੧੨॥ 'ਸਿਖ ਕੇ ਸੰਗ ਜਾਹੁ ਲੇ ਡੇਰਾ। ਕਰਹੁ ਤਹਾਂ ਬਿਸਰਾਮ ਬਡੇਰਾ। ਮਾਤ ਨਾਨਕੀ ਕੋ ਲੇ ਜਾਵਹੁ। ਸਕਲ ਸਮਾਜ ਸਮੇਤ ਸਿਧਾਵਹੁ' ॥ ੧੩॥ ਸੁਨਿ ਕੈ ਆਇਸੁ ਸਗਰੇ ਦਾਸ। ਗਮਨੇ ਤਤਛਿਨ ਤਿਸੀ ਅਵਾਸ। ਸਭਿ ਸਮਾਜ ਤਹਿਂ ਆਨਿ ਉਤਾਰਾ। ਮਾਤ ਨਾਨਕੀ ਸਕਲ ਨਿਹਾਰਾ॥ ੧੪॥ ਸ਼੍ਰੀ ਗੁਜਰੀ ਤਹਿਂ ਕੀਨਿ ਨਿਵਾਸ। ਦਾਸੀ ਦਾਸ ਬਸੇ ਤਿਹ ਪਾਸ।ਸ਼੍ਰੀ ਗੁਰ-ਦੇਵ ਬਹੁਰ ਚਲਿ ਆਏ। ਦੇ ਆਇਸੁ ਕੋ ਤਹਾਂ ਬਸਾਏ॥ ੧੫॥ ਅਪਰ ਸਿੱਖਯ ਨਿਜ ਨਿਜ ਘਰ ਮਾਂਹਿ। ਗੁਰ ਵਾਹਨ ਬੰਧਵਾਏ ਤਾਂਹਿ। ਬਹੁ ਦਾਸਨਿ ਕੇ ਆਲਯ[3] ਡੇਰਾ। ਕਰਤਿ ਭੁਏ ਪਿਖਿ ਭਾਉ ਘਨੇਰਾ॥ ੧੬॥

ਸੈਯਾ ਛੰਦ॥ ਬਸਨ ਲਗੇ ਸ਼੍ਰੀ ਤੇਗ ਬਹਾਦਰ ਕੇਤਿਕ ਦਿਵਸ ਬਿਤਾਵਨ ਠਾਨਿ। ਪਟਨਾ ਨਗਰ ਜਾਨਿ ਕੈ ਦੀਰਘ ਬਸੇ ਹੇਰਿ ਕਰਿ ਸੁੰਦਰ ਥਾਨ। ਕਰਹਿਂ ਉਧਾਰਨਿ ਅਧਿਕ ਨਰਨਿ ਕਉ ਜੋ ਸੇਵਹਿਂ ਉਰ ਸ਼ਰਧਾ ਠਾਨਿ। ਸ਼੍ਰੀ ਮੁਖ ਬਾਕ ਸ੍ਰਾਪ ਕੈ ਬਰ ਕੋ ਫੁਰਹਿ ਤੁਰਤ ਪਿਖਿ ਨਰ ਭੈ ਮਾਨ॥੧੭॥ ਜਥਾ ਹੁਤਾਸਨ ਅਧਿਕ ਜ੍ਵਲਤ ਹੁਇ ਨਿਜ ਤਨ ਕੋ ਨਹਿਂ ਚਹਤਿ ਛੁਵਾਇ । ਤਥਾ ਅਵੱਗਯਾ ਤੇ ਭੈ ਮਾਨਹਿਂ ਨਹਿਂ ਬਿਪ੍ਰੈ[4] ਕਬਿ ਮਨ ਮੈਂ ਲਯਾਇਂ। ਦੇਇਂ ਉਪਾਇਨ,ਠਾਨਹਿਂ ਸੇਵਾ, ਕਰਹਿਂ ਪ੍ਰਸੀਦਨ ਚਰਨ ਮਨਾਇ। ਮਨ ਬਾਂਛਤਿ ਨਰ ਲਹੈਂ ਪਦਾਰਥ ਜਹਿਂ ਕਹਿਂ ਸੁਜਸ ਮਹਦ ਬਿਦਤਾਇ[5]।

[1]ਪਿੰਡਾਂ ਵਿਚ। [2]ਘਰ ਭਾਵ-ਸਾਡੇ ਦੇਸ਼ ਆਏ ਹਨ। [3]ਘਰਾਂ ਵਿਚ। [4]ਉਲਟੀ ਬਾਤ। [5]ਇਥੋਂ ਤੋਂ ਲੈਕੇ ਅੰਕ ੨੧ ਦੇ ਅੰਤ ਤਕ ਇਹ ਲੋਕਾਂ ਵਿਚ ਹੋ ਰਹੀ ਕੀਰਤੀ ਦੀ ਗਲ ਬਾਤ ਦਿਖਾਲੀ ਹੈ।

*ਪਾਃ–ਬਹੁਰ ਵਹਿਰ ਕੇ ਨਗਰ ਜਿ ਗ੍ਰਾਮ।

੧੮॥'ਰਾਉ,ਰੰਕ, ਮੂਰਖ ਅਰੁ ਪੰਡਿਤ ਚਾਰਹੁੰ ਬਰਨ ਤੁਰਕ ਅਰੁ ਹਿੰਦੁ। ਸਾਧ ਅਨੇਕ ਅਨੇਕ ਭੇਖ ਕੇ ਜਹਿਂ ਕਹਿਂ ਮਿਲਹਿਂ ਹੋਹਿਂ ਨਰ ਬ੍ਰਿੰਦ*। ਸੱਤਨਬਾਕ ਪਤਿਆਵਹਿਂ[1] ਕੇਤਿਕ ਕਰਾਮਾਤ ਮਹਿਂ ਲਖਹਿਂ ਬਿਲੰਦ। ਅੰਬਰ, ਪਸ਼ਮੰਬਰ, ਪਾਟੰਬਰ ਅਰਪਹਿਂ ਦਰਬ ਮਨਾਇ ਮੁਕੰਦ† ॥੧੯॥ਜੇ ਸ਼ਰਧਾਧਰਿ ਹੋਇਂ ਮਮੋਖੂ[2] ਉਪਦੇਸ਼ਹਿ ਦੇ ਆਤਮਗਯਾਨ। ਜੋ ਉਪਾਸਨਾ ਕੇ ਅਧਿਕਾਰੀ ਸੱਤਿਨਾਮ ਲਿਵ ਦੇਂ ਪ੍ਰਭੁ ਧਯਾਨ । ਜਗਤ ਬਿਖੈ ਸ਼ੁਭ ਪੰਥ ਪ੍ਰਕਾਸ਼ਹਿਂ,ਚਲਹਿਂ ਜਿ ਨਰ ਭਵ ਬੰਧਨਹਾਨਿ।ਹ੍ਵੈ ਜੁ ਸਿੱਖ ਤਿਹ ਅੰਗ ਸੰਗ ਰਹਿਂ, ਹਲਤ ਪਲਤ ਮਹਿਂ ਰੱਛਾ ਠਾਨਿ ॥ ੨੦ ॥ ਦੁਰਮਤਿ ਕਾਟਿ ਸੁਮਤਿ ਉਪਦੇਸ਼ਹਿਂ,–ਸੱਤਨਾਮ ਸਿਮਰਨ ਕੋ ਦੀਨ। ਦੀਨ ਪ੍ਰਭੂ ਕੇ ਆਗੈ ਰਹੁ ਨਿਤ,ਤਨ ਹੈਂਤਾ ਕੋ ਹਾਨਿ ਪ੍ਰਬੀਨ ! ਬੀਨ ਬੀਨ ਕੈ[3] ਹਨਹੁ ਬਿਕਾਰਨ, ਭਾਣਾ ਮਾਨਿ ਸ਼ਾਂਤਿ ਚਿਤ ਲੀਨਿ। ਲੀਨਿ ਕਹਾਂ ਨਰ ਕੋ ਤਨ ਧਾਰੇ[4] ਗੁਰੁ ਬਚਮਾਨਿ ਜਿਨੋਂ ਨਹਿਂ ਕੀਨਿ–'॥੨੧॥ਸੈਯਾ॥ਸ਼੍ਰੀ ਗੁਰੁ ਤੇਗ ਬਹਾਦਰ ਕੀ ਇਮ ਕੀਰਤਿ ਚਾਰੁ ਮਹਾਂ ਬਿਸਤਾਰੀ। ਪਾਇਨ ਪਾਸ ਉਪਾਇਨ ਕੋ ਅਰ-ਪਾਵਤਿ ਹੈਂ ਉਰ ਪ੍ਰੇਮ ਸੁ ਧਾਰੀ।ਜਾਚਤਿ ਹੈਂ ਮਨ ਬਾਂਛਤਿ ਕੋ ਪਰਸੀਦਤਿ ਦੇਤਿ ਸਭੈ ਸੁਖਕਾਰੀ।ਦੀਨਦਿਆਲ ਕੀ ਬਾਨ ਇਹੈ ਨਿਜ ਪੈਜ ਪੁਜਾਵਤਿ ਪ੍ਰੀਤਿ ਨਿਹਾਰੀ ॥ ੨੨ ॥ ਪਟਨਾ ਪੁਰਿ ਬਾਸ ਬਿਸਾਲ ਬਸੈ, ਸਭਿ ਭਾਂਤਿ ਬਿਲਾਸਤਿ ਹੈਂ ਨਰ ਨਾਰੀ। ਧਨਵਾਨ ਮਹਾਨ ਅਨੇਕ ਹੀ ਮਾਨਵ ਕੰਚਨ ਭੂਖਨ ਹੀਰਨਿ ਧਾਰੀ ।ਮੁਕਤਾ ਗਨ ਹਾਰ, ਸੁ ਕੁੰਡਲ ਚਾਰੁ, ਉਦਾਰ ਬਡੇ ਭੁਜ ਅੰਗਦ ਵਾਰੀ[5]। ਤਨ ਅੰਬਰ ਰੀਤਿ ਅਨੇਕਨਿ ਕੇ ਜਿਮ ਅੰਬਰ ਮੈਂ ਉਡ ਹੈਂ ਦੁਤਿ ਭਾਰੀ[6]॥੨੩॥ਵਾਹਨਹੈ,ਗਜ,ਪਾਲਕੀ[7],ਸੁੰਦਰ ਮੰਦਰਅੰਦਰ

---

[1]ਪਰਖਦੇ ਹਨ ਕਿ ਸਤਿਗੁਰ ਦੇ ਵਾਕ ਸੱਚੇ ਹਨ। [2]ਮੋਖ ਦੀ ਇੱਛਾ ਵਾਲੇ। [3]ਚੁਣ ਚੁਣ ਕੇ। [4]ਨਰ ਤਨ ਧਾਰਕੇ ਕੀ ਲਿਆ ਉਹਨਾਂ ਨੇ ਜਿਨ੍ਹਾਂ ਨੇ। [5]ਬਾਹਾਂ ਪਰ ਬਹੁੱਟਿਆਂ ਵਾਲੇ। [6]ਸਰੀਰ (ਤੇ ਪਹਿਨੇ) ਅਨੇਕ ਤਰ੍ਹਾਂ ਦੇ ਕਪੜਿਆਂ ਦੀ ਸ਼ੋਭਾ ਐਉਂ ਹੈ ਜਿਵੇਂ ਅਕਾਸ਼ ਵਿਚ ਤਾਰਿਆਂ (ਦੇ ਅਨੇਕਾਂ ਝੁੰਡਾਂ ਦੀ ਸ਼ੋਭਾ ਹੈ)। [7]ਸਵਾਰੀਆਂ ਹਨ ਘੋੜੇ, ਹਾਥੀ, ਪਾਲਕੀ।

*ਪਾ:–ਘਰਿ ਘਰ ਸ਼ਰਧਾ ਨਿਤ ਪ੍ਰਤਿ ਆਵਤ ਸੰਗਤ ਕਰਹਿਂ ਗੁਰੂ ਕੀ ਬ੍ਰਿੰਦ।

†ਛਾਪੇ ਦੇ ਨੁਸਖਿਆਂ ਵਿਚ ਇਕ ਤੁਕ ਏਥੇ ਹੋਰ ਬੀ ਹੈ:–'ਕਰੀ ਕਾਮਨਾ ਪੂਰਨ ਕਰਤੇ ਸ੍ਰੀ ਗੁਰੂ ਤੇਗ ਬਹਾਦਰ ਚੰਦ'। ਇਸ ਦੇ ਨਾਲ ਛੰਦ ਦੀਆਂ ਪੰਜ ਤੁਕਾਂ ਹੋ ਜਾਂਦੀਆਂ ਹਨ।

ਬਾਹਰ ਸੇਤਾ[1]। ਧਾਮ ਧੁਜਾ[2] ਅਭਿਰਾਮ ਬਨੀ ਜਨੁ ਪੰਖ ਲਗਾਇ ਚਹੈਂ ਉਡ ਜੇਤਾ[3]। ਪੌਰ ਬਡੇ ਜੁਗ ਕੌਰ ਸਜੇ[4], ਸਭਿ ਠੌਰ ਸਜੈਂ ਧੁਨਿ ਆਨੰਦ ਦੇਤਾ[5]।ਦੇਖਤੇ ਸੁ ਜਾਇ ਕਿਤੇ ਦਿਨਮੈਂ,ਬਡ ਦੂਰ ਲਗੇਂ ਬਸਿਓ ਪੁਰਿਏਤਾ। ॥੨੪॥ਬਾਗ ਬਿਸਾਲ ਖਰੇ ਫਲ ਲਾਗਿ ਦਿਵਾਰ[6]ਬਨੇ ਬਹੁਰੰਗਨਿ ਕੇ।ਤਫ਼ਲ, ਤਮਾਲ, ਉਦਾਲਕ[7] ਦਾੜਮ[8] ਸ੍ਰੀ ਫਲ[9] ਸ਼ੋਭਤਿ ਰੰਗਨ ਕੇ[10]।ਜਾਮਨ ਕੇ ਕਦਲੀਨ[11]ਬਗੀਚਨਿ ਸੀਂਚਤਿ ਨੀਰ ਅਪੰਗਨ ਕੇ[12]।ਬੇਲ ਤੰਬੂਲਨਕੀ ਅਮਰੂਦ ਸੁ ਪਾਤ ਅਨੇਕ ਹੀ ਢੰਗਨਿ ਕੇ[13] ॥ ੨੫ ॥ ਬਾਰੀ ਫਿਰੈ ਬਰ ਬੂਟਨ ਮੈਂ, ਸਬਜ਼ੀ ਸਬਿ ਜੀ ਹਰਖੰਤਿ ਨਿਹਾਰੀ[14]। ਹਾਰੀ ਧਨੇਸਰ ਕੀ ਨਲਨੀ ਛਬਿ ਯੌ ਨਲਨੀ ਬਿਕਸੈ ਸੁਖਕਾਰੀ[15]। ਕਾਰੀ ਸੁ ਕੋਕਲਕਾ ਕੁਹਕਾਵਤਿ[16], ਮੋਰਨ ਸ਼ੋਰ, ਸੁ ਭੌਰ ਗੁੰਜਾਰੀ। ਜਾਰੀ ਬਸੰਤ ਜਹਾਂ ਬਹੁ ਹੋਵਤਿ[17] ਯੌਂ ਚਹੁੰ ਓਰ ਖਿਰੀ ਫੁਲਵਾਰੀ ॥ ੨੬ ॥ ਦੋਹਰਾ ॥ ਨਦੀ ਬਹੱਤਰ ਜਹਿਂ ਮਿਲੀ ਬਹੀ ਸਰਬ ਇਕ ਥਾਇਂ।ਜਲ ਕੀ ਲੀਲ੍ਹਾ ਅਨਿਕ ਬਿਧਿ ਕਰਹਿਂ ਨਾਰਿ ਨਰ ਚਾਇ ॥ ੨੭ ॥ ਮਹਾਂ ਨਗਰ ਬਰਨੋ ਕਹਾਂ ਤਿਹ ਕੋ ਸਰਬ ਸਮਾਜ। ਤੇਗ ਬਹਾਦਰ ਗੁਰ ਤਹਾਂ ਟਿਕੇ ਗ਼ਰੀਬ ਨਿਵਾਜ ॥ ੨੮ ॥ ਸੋਰਠਾ ॥ ਨਰ ਨਾਰੀ ਸਮੁਦਾਇ ਦਰਸ਼ਨ ਦਰਸਹਿਂ ਗੁਰੂ ਕੋ। ਰਿਦੈ ਹਰਖ ਅਧਿਕਾਇ ਬਡੇ ਭਾਗ ਨਿਜ ਜਾਨਿ ਕੈ ॥ ੨੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਪਟਨੇ ਆਵਨਿ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤਿ ਅੰਸੂ ॥ ੫੮॥

## ੫੯. [ਜਰਾ ਸੰਧੁ ਪ੍ਰਸੰਗ]।

ਦੋਹਰਾ॥ਸ੍ਰੀ ਗੁਰੁ ਪਟਨੇਪੁਰਿ ਬਿਖੈ ਰੰਮਨਸਥਾਨ ਨਿਹਾਰਿ[19]।-ਸਾਹਿਬਜ਼ਾਦੇ ਕੋ ਜਨਮ ਹੁਇ ਹੈ ਇਹਾਂ-ਬਿਚਾਰ ॥ ੧ ॥ ਸੈਯਾ ॥ ਸੰਗਤਿ ਆਇਸੁ ਸੀਸ

[1]ਚਿੱਟੇ ਹਨ। [2]ਘਰ ਦੀਆਂ ਝੰਡੀਆਂ। [3]ਜਿਤਨੇ (ਘਰ ਹਨ) ਮਾਨੋ ਖੰਭ ਲਗਾਕੇ ਉਡਨਾ ਚਾਹੁੰਦੇ ਹਨ। [4]ਦੋਹਾਂ ਕੌਲਿਆਂ ਵਿਚ ਵਡੇ ਦਰਵਾਜੇ ਸਜ ਰਹੇ ਹਨ ( ਅ ) ਕੌਰ=ਤਖ਼ਤੇ [ ਸੰਪ੍ਰਦਾ ]। [5](ਨਗਾਰੇ) ਵੱਜਕੇ ਆਨੰਦ ਦੀ ਧੁਨ ਦੇ ਰਹੇ ਹਨ। ( ਅ ) ਬੂਹੇ ਵਜਣ ਦੀ ਅਵਾਜ। [6]( ਬਾਗ ਦੀਆਂ ਕੰਧਾਂ। [7]ਲਸੂੜਾ। [8]ਅਨਾਰ। [9]ਨਾਲੀਅਰ। [10]ਰੰਗ ਰੰਗ ਦੇ। [11]ਕੇਲਿਆਂ ਦੇ। [12]ਚਿਕੜ ਰਹਿਤ (ਨਿਰਮਲ) ਪਾਣੀ ਨਾਲ ਸਿੰਜਦੇ ਹਨ। [13]ਪਾਨਾਂ ਦੀਆਂ ਵੇਲਾਂ ਤੇ ਅਮਰੂਦਾਂ ਦੇ ਸੁਹਣੇ ਪੱਤੇ ਅਨੇਕ ਤਰਾਂ ਦੇ। [14]ਸਾਰੇ ਜੀ ਹਰਿਆਈ ਵੇਖਕੇ ਆਨੰਦ ਹੁੰਦੇ ਹਨ। [15]ਖਿੜੀਆਂ ਹੋਈਆਂ ਕੁਮੁਦਨੀਆਂ ਦੀ ਛਬਿ ਐਉਂ ਸੁਖਦਾਈ ਹੋ ਰਹੀ ਹੈ ਕਿ (ਧਨੇਸੁਰ ਦੀ ਨਲਿਨੀ=) ਕੁਬੇਰ ਦੇ ਬਾਗ ਦੀ (ਸ਼ੋਭਾ) ਮਾਤ ਪੈ ਗਈ। [ਸੰਸ:, ਨਲਿਨੀ=ਕਮਲਨੀ। ਕੁਮੁਦਨੀ ਨਲਿਨੀ ਨੰਦਨ=ਕੁਬੇਰ ਦਾ ਬਾਗ]। [16]ਕਾਲੀਆਂ ਕੋਇਲਾਂ ਕੂਕਦੀਆਂ ਹਨ। [17]ਮਾਨੋਂ ਬਸੰਤ ਦਾ ਆਰੰਭ ਹੈ [ਅ:, ਜਾਰੀ=ਰਵਾਂ ਭਾਵ ਸ਼ੁਰੂ]। [19]ਸੁੰਦਰ ਅਸਥਾਨ ਦੇਖਿਆ।

ਨਿਵਾਇਓਪਾਇਨ ਪਾਇਨ ਪੈਅਰਪੰਤੇ।"ਭਾਗ ਬਡੇ ਹਮਰੇ ਧੰਨ ਹੈ ਨਿਜ ਲੋਚਨ ਤੇ ਤੁਮ ਕੋ ਦਰਸੰਤੇ। ਸੇਵਕ ਆਪਨਿ ਜਾਨਿ ਦਯਾਨਿਧਿ ਆਇ ਨਿਹਾਲ ਕਿਏ ਸੁਖਵੰਤੇ। ਕੀਜਿਯੇ ਆਪ ਮਹਾਂ ਸੁਖ ਯਾ ਪੁਰਿ, [illegible] ਕਰੈਂ ਹਮ ਜਸੋਂ ਬਿਤਵੰਤੇ[1] ॥ ੨ ॥ ਨਾਂਹਿ ਤ ਦੂਰ ਪੰਜਾਬ ਕੋ ਦੇਸ਼ ਥੋ [illegible] ਸਕੈ ਤਿਹ ਠਾਂ ਨਰ ਜਾਈ। ਹੈ ਪਰਿਵਾਰ ਜੰਜਾਰ ਮਹਾਂ ਜਿਸ ਤੇ ਨਿਕਸਨੇ ਨਹਿਂ ਜਾਇ ਕਦਾਈ[2]। ਸੋਵਤਿ ਦੇਤਿ ਉਠਾਇ ਕਿਸੀ ਕਉ ਸੋ ਹਮਰੀ[3] ਗਤਿ ਭੀ ਸੁਖਦਾਈ! ਰੋਜ ਸਰੋਜ ਪਦੰ[4] ਦਰਸੈਂ,ਘਰ ਕਾਰ ਕਰੈਂ, ਭਯੋ ਲਾਭ ਮਹਾਈ[5]" ॥੩॥ ਯੌਂ ਸਭਿ ਸੰਗਤਿ ਭਾਉ ਕਰਯੋ ਅਰਦਾਸ ਕਰੀ ਪੁਨ ਆਪਸ ਮਾਂਹੀ।ਸੁੰਦਰ ਮੰਦਿਰ ਕੋ ਬਨਵਾਇ ਸਭੀ ਰੁਤਿ ਮੇਂ ਸੁਖਦਾ, ਦੁਖ ਨਾਂਹੀ। ਕੀਨਿ ਉਤਾਇਲ ਤਯਾਰ ਅਵਾਸ ਕੋ ਔਰ ਸਮਾਜ ਸਭੈ ਬਿਧਿ ਜਾਹੀ[6]।ਆਪ ਕਰਯੋ ਬਿਸਰਾਮ ਦਯਾਨਿਧਿ ਸਿੱਖਨਿ ਕਾਮਨ ਪੂਰ ਕਰਾਹੀਂ ॥੪॥ਜਿਮ ਜਾਚਤਿ ਹੈਂ ਅਰੁ ਸੇਵਤਿ ਹੈਂ ਤਿਮ ਦੇਵਤਿ ਹੈਂ ਗੁਰੁਰੂਪ ਉਦਾਰੇ। ਨਰ ਨਾਰਿਨਿ ਕੇ ਗਨਹੈ ਸ਼ਰਧਾ ਧਰਿ ਸ਼੍ਰੀ ਮੁਖ ਕੋ ਦਰਸੈਂ ਦਰਬਾਰੇ।ਇਕ ਆਵਤਿ ਹੈਂ ਇਕ ਜਾਵਤਿ ਹੈਂ ਇਕ ਪਾਵਤਿ ਹੈਂ ਮਨਬਾਂਛਤਿ ਸਾਰੇ। ਬਹੁ ਭਾਂਤਿ ਉਪਾਇਨ ਪਾਇਨ ਪੈਅਰਪੈਂ ਬਿਨਤੀਯੁਤਿ ਬੰਦਨਧਾਰੇ॥੫॥ ਚੌਪਈ॥ ਸ਼੍ਰੀ ਗੁਜਰੀ ਸਾਧ੍ਵੀ[7] ਕੋ ਭ੍ਰਾਤਾ। ਨਾਮ ਕ੍ਰਿਪਾਲ ਜਗਤ ਬੱਖਯਾਤਾ। ਪੁਰਿਮੈਂ ਕਿਤਿਕ ਦਯੋਸ ਕਰਿ ਬਾਸ। ਬੈਠੇ ਹੁਤੇ ਸਤਿਗੁਰੂ ਪਾਸ ॥ ੬ ॥ ਅਪਰ ਸਿੱਖ ਸੇਵਕ ਗੁਰ ਤੀਰ। ਦਰਸ਼ਨ ਕਰਹਿਂ ਨਰਨਿ ਕੀ ਭੀਰ। ਤਬਿ ਕ੍ਰਿਪਾਲ ਨੇ ਬੂਝਨਿ ਕੀਨੋ।"ਆਪ ਜਗਤ ਕੇ ਗੁਰੂ ਪ੍ਰਬੀਨੋ ॥੭॥ ਭੂਤ ਭਵਿੱਖਯ ਅਨੇਕ ਬ੍ਰਿਤਾਂਤ। ਤੁਮਰੇ ਰਿਦੇ ਸਭਿਨਿ ਕੀ ਗਯਾਤ। ਨਗਰ ਬਿਸਾਲ ਮਨੋਹਰ ਮਹਾਂ। ਧਨੀ ਪੁਰਖ ਬੈਠੇ ਜਹਿਂ ਕਹਾਂ ॥੮॥ ਮੰਦਿਰ ਬਰ ਸੁੰਦਰ ਬਡ ਕਰੇ। ਨਰ ਨਾਰੀ ਗਨ ਆਨੰਦ ਭਰੇ। ਸਤਿਗੁਰੁ ਕੀ ਸੰਗਤ ਸਮੁਦਾਇ। ਗਾਵਰਿ ਕੋ ਦਰਸੈ ਹਰਖਾਇ ॥ ੯ ॥ ਚਲੈ ਪ੍ਰਵਾਹ ਬਿਮਲ ਬਹੁ ਪਾਨੀ। ਸਕਲ ਦੇਸ਼ ਸ਼ੋਭਤਿ ਗੁਨ ਖਾਨੀ। ਭਾਂਤਿ ਭਾਂਤਿ ਕੇ ਉਪਬਨ ਖਰੇ। ਫਲ ਫੂਲਨਿ

---

[1]ਇਸ ਪੁਰ ਵਿਖੇ ਆਪ ਮਹਾਂ ਸੁਖ ਭੋਗਣਾ ਕਰੋ, ਜਿੰਨਾ ਜਿਨਾ ਵਿੱਤ ਹੋਵੇਗਾ ਸੇਵਾ ਕਰਾਂਗੇ। [2]ਕਦੇ ਭੀ। [3]ਜਿਵੇਂ ਕਿਸੇ ਸੁੱਤੇ ਹੋਏ ਨੂੰ ਜਗਾਕੇ (ਕੋਈ ਚੀਜ਼) ਦੇਵੇ ਇਉਂ ਸਾਡੀ ਗਤ ਹੋਈ ਹੈ ਹੇ ਸੁਖਦਾਈ ਜੀ !। [4]ਚਰਨ ਕਵਲ। [5]ਬਹੁਤ ਹੀ ਲਾਭ ਹੋਇਆ ਹੈ। [6]ਭਾਵ ਜਿਸਤਰ੍ਹਾਂ ਮੰਦਰ ਤਿਆਰ ਕੀਤਾ ਤਿਸੀ ਤਰ੍ਹਾਂ ਹੋਰ ਸਮਾਜ ਤਿਆਰ ਕਰ ਲਿਆ। [7]ਨੇਕ, ਪਤੀਬ੍ਰਤਾ (ਅ) ਇਸਤ੍ਰੀ।

ਯੁਤਿ ਤਰੁ ਦਲ ਹਰੇ[੧] ॥੧੦॥ ਇਸ ਮਹਿਂ ਭਯੋ ਕੌਨ ਬਡ ਰਾਜਾ?।ਜਿਸਨੇ
ਸਕਲ ਬਸਾਇ ਬਿਰਾਜਾ[੨]। ਸੁੰਦਰ ਦੇਸ਼ ਰਾਜ ਜਿਨ ਕੀਨਸਿ। ਕਰੋ
ਸੁਨਾਵਨਿ ਸਕਲ ਪ੍ਰਬੀਨਸ' ॥੧੧॥ ਦੋਹਰਾ ॥ ਸੁਨਿ ਕੈ ਸਭਿ ਸੰਗਤ ਬਿਖੇ
ਜਾਨਿ ਰਿਦੈ ਇਤਿਹਾਸ। ਤੇਗਬਹਾਦਰ ਸ੍ਰੀ ਗੁਰੂ ਕਹਯੋ ਸਭਿਨਿ ਸ਼ਿਖ
ਪਾਸ॥੧੨॥'ਇਸੀ ਦੇਸ਼ ਮੈਂ ਹੋਤਿ ਭਾ ਨ੍ਰਿਪਤਿ ਬ੍ਰਿਹਦਰਥ*ਨਾਮ। ਤੀਨ
ਛੂਹਨੀ ਸੈਨਪਤਿ ਅਤਿ ਸੂਰੋ ਬਲਿ ਧਾਮ॥ ੧੩ ॥ ਚੌਪਈ ॥ ਇੰਦ੍ਰ ਸਮਾਨ
ਮਹਾਂ ਬਲਿ ਸੂਰਾ। ਸਕਲ ਭਾਂਤਿ ਐਸ਼੍ਵਰਜੇ ਪੂਰਾ। ਰੱਛਾ ਕਰਤਿ ਦੇਸ਼ ਇਸ
ਕੇਰੀ।ਸਭਿ ਮਾਨਹਿਂ ਜਿਹ ਆਨ[੩]ਬਡੇਰੀ॥੧੪॥ ਕਾਂਸ਼ੀ ਨ੍ਰਿਪ ਕੀ ਤਨਿਯਾ
ਦੋਇ। ਤਿਨ ਕੋ ਬਯਾਹ ਆਨਿ ਘਰਿ ਸੋਇ[੪]। ਚਿਰੰਕਾਲ ਤਿਸ ਕੋ ਬਿਤ
ਗਯੋ।ਪੁੱਤ੍ਰ ਨਹੀਂ ਘਰਿ ਨ੍ਰਿਪ ਕੇ ਭਯੋ॥੧੫॥ਜੱਗ ਅਨੇਕ ਸਦੱਛਨ[੫]ਕੀਨੇ।
ਅਪਰ ਉਪਾਇ ਭੂਪ ਕਰਿ ਲੀਨੇ। ਤਊ ਨ ਸੁਤ ਉਪਜਯੋ ਸੁਖਦਾਇ।
ਚਿੰਤਾਤੁਰ ਹੋਵਤਿ ਪਛੁਤਾਇ ॥ ੧੬॥ ਚੰਡ੍ਰਿਕ ਨਾਮ ਰਿਖੀਸ਼ੁਰ ਏਕ।
ਤਿਸ ਕੇ ਗੁਨ ਸੁਨਿ ਸ਼੍ਰੌਨ ਅਨੇਕ। ਲੈ ਅਪਨੇ ਸੰਗ ਦੋਨਹੁਂ ਰਾਨੀ।ਨ੍ਰਿਪਤ
ਜਾਇ ਤਿਹ ਸੇਵਾ ਠਾਨੀ ॥ ੧੭ ॥ ਬ੍ਰਿਛ ਅੰਬ ਕੋ ਤਿਹ ਥਲ ਖਰਯੋ। ਤਰੇ
ਰਿਖੀਸ਼ੁਰ ਨੇ ਤਪ ਕਰਯੋ। ਅਨਿਕ ਭਾਂਤਿ ਕੇ ਤਪ ਕੋ ਤਾਪਤਿ।ਰਿਦੇ ਸੁੱਧ
ਸ੍ਰੀ ਪ੍ਰਭੁ ਕੋ ਜਾਪਤਿ ॥ ੧੮ ॥ ਕੇਤਿਕ ਦਿਨ ਜਬਿ ਸੇਵਾ ਠਾਨੀ। ਕ੍ਰਿਪਾ
ਦ੍ਰਿਸ਼ਟਿ ਦੇਖੀ ਮੁਨਿ ਗਯਾਨੀ।ਤਿਸਹਿ ਅੰਬ ਕੋ ਫਲ ਕੋ ਦੀਨ।–ਪੁੱਤ੍ਰਬਲੀ
ਹੁਇ ਸੂਰ ਅਦੀਨ[੬]–॥ ੧੯ ॥ ਲੇ ਹਰਖਯੋ ਰਾਜਾ ਬੁਧਿਵਾਨ। ਘਰ ਨਿਜ
ਗਮਨਯੋ ਬੰਦਨ ਠਾਨਿ ।ਦੁਇਦਾਰਾ ਪਯਾਰੀ ਸਮ[੭] ਜਾਨੈ।–ਕਿਸਕੋ ਦੇਉਂ–
ਚਿਤਵਨੋ ਠਾਨੈ॥ ੨੦ ॥–ਇਕ ਦੁਖ ਪਾਵਹਿ ਇਕ ਹਰਖਾਇ । ਇਹ
ਬਿਧਿ ਨਹਿਂ ਮੇਰੇ ਮਨ ਆਇ।ਗੁਨ ਸਰੂਪ ਮੈਂ ਦੁਊ ਸਮਾਨ। ਮੋ ਮਹਿਂ ਪ੍ਰੀਤ
ਕਰੈਂ ਸਮ[੮]ਜਾਨਿ–॥ ੨੧ ॥ ਬਹੁਤ ਕਾਲ ਚਿਤਵਯੋ ਮਨ ਮਾਂਹਿ। ਇਕ ਕੋ
ਦੇਨਿ ਰੁਚੈ ਚਿਤ ਨਾਂਹਿ। ਫਲ ਦੁਖੰਡ ਕਰਿ ਕੈ ਕਰ ਲੀਨਿ। ਦੁਹ ਨਾਰੀ
ਪਯਾਰੀ ਕੌ ਦੀਨਿ ॥ ੨੨ ॥ ਹੁਇ ਪ੍ਰਸੰਨ ਦੋਨਹੁਂ ਫਲ ਲਹਯੋ। ਖਾਏ,

[੧]ਹਰੇ ਪੱਤੇ ਵਾਲੇ ਬਿੱਛ। [੨]ਸਥਾਪਨ ਕੀਤਾ। [੩]ਈਨ। [੪]ਵਿਵਾਹ ਕਰਕੇ ਓਹ ਘਰ ਲਿਆਂਦੀਆਂ।
[੫]ਸਹਿਤ ਦੱਛਣਾਂ ਦੇ। [੬]ਜੋ ਕਿਸੇ ਅੱਗੇ ਦੀਨ ਨਾ ਹੋਵੇਗਾ। [੭]ਇਕੋ ਜੇਹੀਆਂ। [੮]ਇਕੋ ਜੇਹੀ।

*ਇਹ ਪੌਰਾਣਕ ਕਥਾ ਕਵਿ ਜੀ ਸੁਨਾਉਣ ਲਗੇ ਹਨ ਜਿਸ ਵਿਚ ਜਰਾਸੰਧ ਦੇ ਜਨਮ ਦਾ ਹਾਲ ਹੈ।

ਕਿਤਿਕ ਦਿਨਨ ਗ੍ਰਭ ਭਯੋ[1]। ਭੂਪਤ ਕੇ ਮਨ ਹਰਖ ਉਪਾਵਾ ।ਗਰਭਵਤੀ ਦੇਖਤਿ ਸੁਖ ਪਾਵਾ ॥ ੨੩ ॥ ਅਵਧਿ ਗਰਭ[2] ਜਬਿ ਪੂਰਨ ਭਈ। ਜਨਮੇ ਪੁੱਤ੍ਰ ਦੁਹਨਿ ਗਤਿ ਨਈ। ਅਰਧ ਅਰਧ ਜਨਮੇ ਤਨ ਦੋਇ। ਨਿਰਖਤਿ ਨਾਰਿ ਬਿਸਮ ਰਹੀ ਹੋਇ॥ ੨੪ ॥ ਤਾਂਕੋ ਜਾਨਯੋ[3] ਭਾ ਉਤਪਾਤ[4]। ਅਹੈਂ ਖੰਡ ਦੁਇ ਏਕੋ ਗਾਤ[5] । ਅੰਬਰ ਬਿਖੇ ਲਪੇਟਯੋ ਤਾਂਹਿ। 'ਗੇਰਹੁ ਵਹਿਰ ਬਿਲੋਕਹੁ ਨਾਂਹਿ' ॥੨੫॥ ਇਕ ਤਿਯ ਨੇ ਲੇ ਬਾਹਰ ਡਾਰਯੋ।ਜਰਾ ਰਾਖਸ਼ੀ[6] ਗਿਰਤਿ ਨਿਹਾਰਯੋ। ਗਈ ਸ਼ੀਘ੍ਰ ਭੱਖਨਨਿ ਕੇ ਕਾਰਨ । ਆਮਿਖ ਸ਼ੋਣਤ ਕਰਤਿ ਅਹਾਰਨਿ ॥ ੨੬ ॥ ਦੇਖਯੋ ਤਿਹ ਉਠਾਇਕੈ ਜਬੈ ।ਅਚਰਜ ਭਈ ਨਈ ਗਤਿ ਸਬੈ। ਬਡ ਬਲ ਸੋਂ ਗਹਿ ਭਾਰੀ ਭਾਰ। ਜੋਰਤਿ ਭਈ ਜਰਾ ਤਿਸ ਬਾਰ[7] ॥ ੨੭ ॥ ਏਕ ਨੈਨ ਕਰ ਪਦ ਇਕ ਕਾਨ । ਪਰਯੋ ਹੁਤੋ ਜਿਹ ਥਾਨ ਭੁਯਾਨ।ਤਿਹ ਤੇ ਬਲ ਕਰਿ ਕੈ ਸੁ ਲਗਾਯੋ। ਜੀਵਯੋ ਬਾਲਿਕ ਰੁਦਨ ਸੁਨਾਯੋ ॥ ੨੮ ॥ ਸ਼ਬਦ ਭਯੋ ਜਿਮ ਘਨ ਗਰਜੰਤਾ। ਨਗਰ ਲੋਕ ਸੁਨਿ ਚਿੰਤ ਕਰੰਤਾ। ਜਰਾ ਰਾਖਸ਼ੀ ਅਚਰਜ ਮਾਨਯੋ। ਭਈ ਚਿੱਤ੍ਰ[8] ਸਮ ਤੂਸ਼ਨਿ ਠਾਨਯੋ ॥ ੨੯ ॥ ਜਰਾ[9] ਉਠਾਇ ਰਹੀ ਨਹਿਂ ਹਾਲਯੋ । ਸਗਰੋ ਅਪਨੋ ਓਜ ਸਮ੍ਹਾਲਯੋ। ਬਡੋ ਸ਼ਬਦ ਸੁਨਿ ਊਚ ਰੁ ਨੀਚ । ਧਾਇ ਪਰਯੋ ਰੌਰ ਪੁਰਿ ਬੀਚ ॥ ੩੦ ॥ ਜਰਾ ਰਾਖਸ਼ੀ ਕੋ ਤਹਿਂ ਬਰਜਯੋ।ਨ੍ਰਿਪ ਕੇ ਭਟਨ ਕ੍ਰੋਧ ਕਰਿ ਤਰਜਯੋ[10] । ਲਿਯੋ ਉਠਾਇ ਬਹੁਤ ਨੇ ਮਿਲਿ ਕਰਿ। ਲੇ ਕਰਿ ਪਹੁੰਚੇ ਭੂਪਤ ਕੇ ਘਰ ॥ ੩੧ ॥ ਜਰਾ ਗਈ ਮਹਿਪਾਲਕ ਪਾਸ ।–ਹੇ ਨ੍ਰਿਪ ਤੁਮਰੇ ਪੁਰਿ ਮਮ ਵਾਸ।ਯਾਂਤੇ ਬਾਲਿਕ ਮੈਂ ਲਖਿ ਪਾਵਾ।ਜੋਰਿ ਦੁਖੰਡ ਆਨਿ ਜਿਯ ਪਾਵਾ[11]–॥੩੨॥ ਨ੍ਰਿਪ ਨੇ ਹੁਇ ਪ੍ਰਸੰਨ ਸੁਤ ਲੀਨਸਿ। ਮੋਦ ਸਹਤ ਦਾਰਾ ਦੁਇ ਦੀਨਸਿ[12] । ਜਰਾ ਰਾਖਸ਼ੀ ਵਿਦਿਆ ਹੋਇ । ਗਈ ਚਿੰਤ ਰਾਜੇ ਕੀ ਖੋਇ ॥ ੩੩ ॥ ਜੱਗਯ ਦਾਨ ਮੰਗਲ ਉਤਸਾਹੂ। ਕਰਤਿ ਭਯੋ ਹਿਤ ਸੋਂ ਨਰਨਾਹੂ[13]। ਜਰਾ ਰਾਖਸ਼ੀ ਸੰਧੁ ਕਰਯੋ ਹੈ। ਜਰਾਸੰਧ ਇਮ ਨਾਮ ਪਰਯੋ ਹੈ ॥ ੩੪ ॥ ਦਿਨ ਦਿਨ ਬਧੈ ਅਧਿਕ ਬਲ ਧਰੈ। ਸ਼ਕਤਿ

[1]ਖਾਣ ਤੋਂ ਕਿੰਨੇ ਕੁ ਦਿਨ ਪਿੱਛੋਂ ਗਰਭ ਹੋ ਗਿਆ। [2]ਗਰਭ ਦਾ ਸਮਾਂ। [3]ਤਿਸ ਨੂੰ ਜਾਣਿਆਂ। [4]ਉਪੱਦ੍ਰਵ ਹੋਇਆ ਹੈ। [5]ਇਕ ਸਰੀਰ ਦੇ। [6]ਜਰਾ ਨਾਮੇ ਰਾਖਸ਼ਣੀ ਨੇ। [7]ਜਰਾ ਰਾਖਸ਼ਣੀ ਨੇ ( ਖੰਡਾਂ ਨੂੰ ) ਜੋੜਿਆ ਉਸ ਵੇਲੇ। [8]ਮੂਰਤੀ। [9]ਜਰਾ ਰਾਖਸ਼ਣੀ। [10]ਤਾੜਿਆ। [11]( ਜਦ ) ਦੋ ਟੁਕੜੇ ਜੋੜੇ (ਤਦ) ਜਾਨ ਆਕੇ ਪੈ ਗਈ। [12]ਦੋਹਾਂ ਇਸਤ੍ਰੀਆਂ ਨੂੰ ਦਿਤਾ। [13]ਰਾਜਾ।

ਬਿਸਾਲ ਨ੍ਰਿਪਹੁੰ ਸਮ ਕਰੈ ।ਮਹਾਂ ਬਾਹੁ[1] ਆਯੁਤ ਜਿਸ ਛਾਤੀ।ਸ਼ੁਭ ਲੱਛਨ ਸੁੰਦਰ ਸਭਿ ਭਾਂਤੀ॥ ੩੫ ॥ ਬ੍ਰੀਤਤਿ ਭਯੋ ਜਬਹਿ ਚਿਰਕਾਲ । ਸੁਨਿ ਕੈ ਸੋ ਰਿਖਿ ਅਖਿਲ ਹਵਾਲ। ਇਸੀ ਦੇਸ਼ ਚਲਿ ਆਯੋ ਸੋਇ। ਦੇਖਨਿ ਹਿਤ ਨ੍ਰਿਪ ਕੋ ਸੁਤ ਜੋਇ॥ ੩੬ ॥ ਸੁਨਤਿ ਭੂਪ ਨੇ ਸੁਖ ਕੋ ਮਾਨਾ। ਪੂਜਨ ਕੀ ਲੇ ਸੌਜ ਮਹਾਨਾ। ਦੁਊ ਭਾਰਜਾ ਲੇ ਕਰਿ ਸਾਥ। ਰਿਖਿ ਕੇ ਚਰਨ ਧਰਯੋ ਨਿਜ ਮਾਥ ॥੩੭॥ ਬਿਨੈ ਭਨੀ ਸਾਦਰ ਬੈਠਾਯੋ।-ਬਡੇ ਭਾਗ ਹਮ ਦਰਸ਼ਨ ਪਾਯੋ । ਮੋ ਪਰ ਕ੍ਰਿਪਾ ਬਿਸਾਲ ਤੁਮਾਰੀ। ਦਿਯੋ ਪੁੱਤ੍ਰ ਜੋਧਾ ਬਲ ਭਾਰੀ ॥੩੮॥ ਅਬਿ ਇਹ ਰਾਜ ਆਪ ਹੀ ਕਰੀਅਹਿ। ਹਮ ਸਭਿਹਿਨਿ ਕੋ ਆਸ਼ੈ ਥਿਰੀਅਹਿ-। ਕਹੈ ਰਿਖੀਸ਼ੁਰ-ਸੁਨਹੁ ਨਰੇਸ਼। ਤੁਮ ਹੀ ਕੋ ਸ਼ੋਭਤਿ ਸਭਿ ਦੇਸ਼ ॥੩੯॥ ਤਪਸਾ[2] ਬਨਯੋ ਹਮਾਰੋ ਰਾਜ। ਤੁਮ ਹੀ ਰਾਖਹੁ ਸੈਨ ਸਮਾਜ। ਇਹੁ ਸੁਤ ਤੁਮਰੋ ਐਸੋ ਭਯੋ। ਬਿਦਤਹਿ ਸਕਲ ਜਗਤ ਜਸੁ ਲਹਯੋ॥ ੪੦ ॥ ਜਗਤ ਬਿਖੇ ਇਸ ਕੇ ਸਮ ਭੂਪ । ਨਹੀਂ ਹੋਇ ਹੈ ਮਹਦ ਅਨੂਪ । ਸਭਿ ਰਾਜਨ ਕੋ ਰਾਜਾ ਹੋਇ। ਯਾਂਕੀ ਸਮਸਰ ਕਰੈ ਨ ਕੋਇ ॥ ੪੧॥ ਸੁਰ ਅਸੁਰਨਿ ਕੋ ਜੀਤੈ ਜੁੱਧ। ਕਰਹਿ ਪ੍ਰਜਾ ਕੀ ਰੱਛਾ ਸੁੱਧ। ਜੋ ਨਰਿੰਦ ਇਸ ਪਰ ਚਢਿ ਆਵੈ। ਭੁਜ ਬਲ ਤੇ ਤਿਹ ਹਤਹਿ ਪਲਾਵੈ-॥੪੨॥ ਨ੍ਰਿਪ ਤਪਸੀ ਤੇ ਸੁਨਿ ਕਰਿ ਗਾਥਾ। ਸੁਤ ਗੁਨ ਤੇ ਬਿਸਾਲ ਸੁਖ ਸਾਥਾ[3]। ਰਾਜ ਤਿਲਕ ਅਭਿਖੇਕਨਿ ਕੀਨਾ[4]। ਆਪ ਪੰਥ ਕਾਨਨ ਕੋ ਲੀਨਾ॥ ੪੩ ॥ ਸੁਤ ਕੋ ਕਹਿ ਸਿੱਖਯਾ ਦੇ ਘਨੀ। ਜੁਗ ਦਾਰਾ ਲੇ ਕਰਿ ਭਾਮਨੀ[5]। ਬਨ ਮੈਂ ਗਮਨਯੋ ਤਪਸੀ ਸੰਗ । ਕੀਨਸਿ ਤਪ ਬਨ ਸੈਲ ਉਤੰਗ[6] ॥ ੪੪ ॥ ਜਰਾਸਧ ਨਿਜ ਪਿਤ ਕੇ ਪਾਛੇ । ਚਤੁਰੰਗਨਿ ਕਰਿ ਧੁਜਨੀ[7] ਆਛੇ। ਜੋ ਨ੍ਰਿਪ ਤਿਸ ਕੀ ਆਗਯਾ ਮੋਰੈ। ਸੰਘਰ ਕਰਿ ਰਿਪੁ ਕੋ ਸਿਰ ਫੋਰੈ॥ ੪੫ ॥ ਕਿਸ ਕਉ ਕਾਰਾਗਿਹ[8] ਮੈਂ ਡਾਰੇ। ਕਿਸਹਿ ਨਿਕਾਸਹਿ ਛੀਨਹਿ ਸਾਰੇ[9]। ਭਲੀ ਭਾਂਤਿ ਨਿਜ ਰਾਜ ਬਧਾਵ।ਸਭਿ ਪਰ ਅਪਨੋ ਹੁਕਮ ਟਿਕਾਵਾ[7]॥੪੬॥

---

[1]ਲੰਮੀਆਂ ਬਾਹਾਂ ਵਾਲਾ, ਸੂਰਬੀਰ। [2]ਤਪੱਸਯਾ ਹੀ। [3]ਪੁੱਤ੍ਰ ਦੇ ਗੁਣਾਂ ਵਾਲਾ ਹੋਣ (ਦੀ ਗੱਲ ਸੁਣਕੇ) ਸੁਖੀ ਹੋਯਾ। [4]ਅਭਿਖੇਕ=ਰਾਜ ਆਦਿ ਦਾ ਅਧਿਕਾਰ ਦੇਣ ਦੇ ਮੰਗਲ ਸਮੇਂ ਵਿਧੀ ਪੂਰਬਕ ਮੰਤ੍ਰ ਪੜ੍ਹਕੇ ਕੁਸ਼ਾ ਆਦਿਕ ਨਾਲ ਜਲ ਛਿੜਕਣਾ। [5]ਸੁਹਣੀਆਂ, ਪਿਆਰੀਆਂ। [6]ਉੱਚੇ ਪਹਾੜਾਂ ਦੇ ਬਨਾਂ ਵਿਚ। [7]ਚਾਰ ਪ੍ਰਕਾਰ ਦੀ ਸੈਨਾ। [8]ਕੈਦ। [9]ਸਾਰੇ (ਦੇਸ਼) ਖੋਹ ਲਵੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜਰਾਸੰਧ' ਪ੍ਰਸੰਗ ਬਰਨਨੰ ਨਾਮ ਊਨਸਸ਼ਟੀ ਅੰਸੂ ॥ ੫੯ ॥

## ੬੦. [ਜਰਾਸੰਧ ਪ੍ਰਸੰਗ]।

ਦੋਹਰਾ ॥ *'ਭੁਏ ਕ੍ਰਿਸ਼ਨ ਅਵਿਤਾਰ ਪ੍ਰਭੁ ਮਹਾਂਬੀਰ ਬਲਵਾਨ। ਜਨਮ ਭਯੋ ਮਥਰਾ ਬਿਖੈ ਬਿਦਤੇ ਗੋਕਲ ਥਾਨ ॥ ੧ ॥ ਚੌਪਈ ॥ ਦੁਸ਼ਟਨਿ ਮਹਾਂ ਪੂਤਨਾ ਮਾਰੀ[1]। ਤ੍ਰਿਣਾਵਰਤ[2] ਕੀ ਦੇਹ ਬਿਦਾਰੀ। ਬਾਲ ਸਰੂਪ ਬਿਖੈ ਇਹ ਨਾਸੇ। ਬ੍ਰਿਧਤਿ ਭਏ ਗਨ ਗੋਪ ਅਵਾਸੇ[3] ॥ ੨ ॥ ਦੈਤ ਅਘਾਸੁਰ[4], ਧੇਨਕ[5] ਮਾਰਾ। ਕੇਸੀ[6] ਕੋ ਬਲ ਕਰਿ ਸੰਘਾਰਾ। ਮਥਰਾ ਕੋ ਅਕ੍ਰੂਰ[7] ਲੇ ਆਵਾ। ਪ੍ਰਥਮ ਕੁਦੰਡ[8] ਦੁਖੰਡ ਕਰਾਵਾ ॥ ੩ ॥ ਮੱਲ ਚੰਡੂਰ ਸੁ ਮੁਸ਼ਟਕ[9] ਮਾਰਾ। ਪੁਨ ਨ੍ਰਿਪ ਕੰਸ ਦੁਸ਼ਟ ਸੰਘਾਰਾ। ਜਰਾਸੰਧ ਕੋ ਹੁਤੋ ਜਮਾਤਾ। ਜਬਿ ਘਨ ਸ਼ਯਾਮ ਕੀਨਿ ਖਲ ਘਾਤਾ[10] ॥ ੪ ॥ ਸੁਤਾ ਗਈ ਪਿਤ ਪਾਸ ਪੁਕਾਰੀ। ਬਿਧਵਾ ਦੇਖਿ ਅਧਿਕ ਦੁਖਿਆਰੀ। ਜਰਾਸੰਧ ਕੋਪਯੋ ਬਲ ਭਾਰੀ। ਸਕਲ ਬਾਹਨੀ ਕੀਨਸਿ ਤਯਾਰੀ ॥੫॥ ਉਤਸਾਹਿਤ ਭੂਪਤ ਤਬਿ ਚਢਯੋ।–ਹਤੌਂ ਹਲੀ ਹਰਿ[11]–ਕ੍ਰੋਧ ਸੁ ਬਢਯੋ।ਮਥਰਾ ਘੇਰਿ ਕਰਯੋ ਸੰਗ੍ਰਾਮੂ। ਲਾਖਹੁੰ ਭਟ ਪਹੁੰਚੇ ਜਮਧਾਮੂ ॥ ੬ ॥ ਰਣ ਭੈਰਵ ਕਰਿ ਕੈ ਬਹੁ ਬਾਰਿ। ਹਟਿ ਹਟਿ ਗਯੋ ਪ੍ਰਭੂ ਤੇ ਹਾਰਿ। ਪੁਨਹਿ ਦ੍ਵਾਰਕਾ ਸਿੰਧ ਮਝਾਰੇ। ਰਚੀ ਪੁਰੀ[12] ਬਸ ਰਹ ਸੁਖਾਰੇ ॥ ੭ ॥ ਕਿਤਿਕ ਕਾਲ ਬੀਤਯੋ ਤਿਸ ਪਾਛੇ। ਪਾਂਡਵ ਭਏ ਸੂਰਮਾ ਆਛੇ। ਰਾਜਸੂਅ ਕੋ ਚਾਹਤਿ† ਕਰਯੋ। ਸ਼ਤ੍ਰ ਅਜਾਤ ਮਨੋਰਥ ਧਰਯੋ[13] ॥ ੮ ॥ ਤਹਿਂ ਤੇ ਸ੍ਰੀ ਘਨਸ਼ਯਾਮ ਬੁਲਾਏ। ਅੱਤਿ ਪ੍ਰਿਯ

[1]ਮਹਾਂ ਦੁਸ਼ਟਣੀ ਪੂਤਨਾ ਮਾਰੀ। [2]ਇਕ ਦੈਂਤ ਜਿਸ ਨੂੰ ਕੰਸ਼ ਨੇ ਕ੍ਰਿਸ਼ਨ ਜੀ ਦੇ ਮਾਰਨ ਵਾਸਤੇ ਘੱਲਿਆ ਸੀ ਤੇ ਇਹ ਵਾਵਰੋਲਾ ਬਣਕੇ ਕ੍ਰਿਸ਼ਨ ਜੀ ਨੂੰ ਉਡਾ ਲੇ ਗਿਆ, ਪਰ ਕ੍ਰਿਸ਼ਨ ਜੀ ਨੇ ਇਸ ਦਾ ਗਲਾ ਦਬਾ ਕੇ ਹੇਠਾਂ ਸੁਟ ਦਿੱਤਾ ਤੇ ਏਹ ਮਰ ਗਿਆ। [3]ਗਵਾਲਿਆਂ ਦੇ ਘਰ। [4]ਅਘ ਨਾਮੇ ਦੈਂਤ, ਕੰਸ ਦਾ ਸੈਨਾ ਪਤਿ ਜਿਸਨੂੰ ਕ੍ਰਿਸ਼ਨ ਨੇ ਮਾਰਿਆ ਸੀ। [5]ਨਾਮ ਰਾਖਸ਼ ਦਾ। [6]ਨਾਮ ਦੈਂਤ ਦਾ। [7]ਨਾਮ ਭਗਤ ਦਾ। [8]ਧਨੁਖ। [9]ਚੰਡੂਰ ਤੇ ਮੁਸ਼ਟਕ ਦੋ ਮੱਲਾਂ ਦੇ ਨਾਮ ਹਨ। [10]( ਉਸ ) ਦੁਸ਼ਟ ਦਾ ਨਾਸ਼ ਕੀਤਾ। [11]ਬਲਭੱਦ੍ਰ ਤੇ ਕ੍ਰਿਸ਼ਨ ਨੂੰ ਮਾਰਾਂ। [12](ਕ੍ਰਿਸ਼ਨ ਜੀ ਨੇ)ਪੁਰੀ ਰਚੀ। [13]ਰਾਜਾ ਯੁਧਿਸ਼ਟਰ ਨੇ (ਇਹ) ਮਨੋਰਥ ਧਾਰਿਆ। [ਸੰਸ:, ਅਜਾਤ ਸ਼ੱਤ੍ਰੂ=ਰਾਜਾ ਯੁਧਿਸ਼ਟਰ ਦਾ ਇਕ ਨਾਮ]। (ਅ) ਸ਼ੱਤ੍ਰ ਕੋਈ ਉਤਪਤ ਨਾ ਹੋਵੇ ਇਹ ਮਨੋਰਥ ਧਰਿਆ। (ੲ) ਇਹ ਨਾਮ ਹੋਰਨਾਂ ਦਾ ਬੀ ਹੈ:–ਉਪਨਿਖਦਾਂ ਵਿਚ ਇਸ ਨਾਮ ਦਾ ਇਕ ਰਾਜਾ ਬੁਲਾਕੇ ਬ੍ਰਹਮਣ ਨੂੰ ਆਤਮ ਉਪਦੇਸ਼ ਦਿੰਦਾ ਹੈ। ਇਕ ਬੋਧੀ ਰਾਜਾ ਬੀ ਇਸ ਨਾਮ ਦਾ ਹੈ।

* ਕਵੀ ਜੀ ਜਰਾਸੰਧ ਦੀ ਕਥਾ ਚਲਾ ਰਹੇ ਹਨ, ਜਰਾਸੰਧ ਮਗਧ ਦੇਸ਼ ਦਾ ਰਾਜਾ ਹੋਇਆ ਹੈ।

†ਪਾ:–ਜੱਗ ਰਾਜਸੂ ਚਾਹਿਤ।

ਲਖਿ ਕਰਿ ਤਿਨ ਗ੍ਰਿਹ ਆਏ। ਅਪਨਿ ਮਨੋਰਥ ਭਨਯੋ ਅਗਾਰੀ। ਸੁਨਿ ਮਧੁਸੂਦਨ[1] ਗਿਰਾ ਉਚਾਰੀ ॥੯॥–ਮਹਾਂਬੀਰ ਜੋ ਮਗਧ ਨਰੇਸ਼। ਜਰਾਸਧ ਬਲ ਬਿਖੈ ਬਿਸ਼ੇਸ਼। ਤਿਸ ਮਾਰੇ ਬਿਨ ਮਖ ਨਹਿਂ ਹੋਇ। ਪੂਰਨ ਭਯੋ ਆਰਬਲ ਸੋਇ[2] ॥ ੧੦ ॥ ਏਕ ਬਾਰ ਨਿਜ ਮੰਦਿਰ ਚਰਿ ਕੈ[3]। ਗਦਾ ਪ੍ਰਹਾਰੀ ਕਰ ਬਲ ਕਰਿ ਕੈ। ਸੌ ਜੋਜਨ ਮਗ ਕੋ ਬਿਸਤਾਰ। ਪਹੁੰਚੀ ਹਮ ਢਿਗ ਕਰਨਿ ਪ੍ਰਹਾਰ ॥ ੧੧ ॥ ਤਬਿ ਬਲਦੇਵ ਸ਼ਕਤਿ ਕਰਿ ਅਪਨੀ। ਆਵਤਿ ਗਦਾ ਨਿਫਲ ਕਰਿ ਖਪਨੀ[4]। ਜਰਾਸਿੰਧ ਰਾਖਤਿ ਬਲ ਘਨਾ। ਕੇਤਿਕ ਤਾਕੀ ਗਿਨਤੀ ਗਨਾ ॥ ੧੨ ॥ ਤਾਂਤੇ ਨੀਕੋ ਇਹੈ ਉਪਾਇ। ਸੈਨਾ ਹਮ ਸੋਂ ਚਲੈ ਨ ਕਾਇ। ਜਿਹ ਸਨਮੁਖ ਹੁਇ ਸਕਹਿ ਨ ਕੋਇ। ਚਮੂੰ ਲਰੇ ਕਯੋਂ[5] ਜੀਤਨਿ ਹੋਇ ॥ ੧੩ ॥ ਅਰਜਨ ਭੀਮ ਸੰਗ ਲੈ ਜਾਊਂ। ਕਈ ਭੇਦ[6] ਕਰਿ ਤਿਹ ਜਿਤ ਆਊਂ।ਅਬਿ ਪਹੁੰਚਹਿ ਹਮ ਜਾਇ ਸਮੀਪ। ਭੀਮ ਸੰਗ ਰਣ ਕਰੈ ਮਹੀਪ[7] ॥ ੧੪ ॥ ਦੇਹੁ ਸੁਭਟ ਦ੍ਵੈ ਸੰਗ ਹਮਾਰੇ।ਜਸ ਜੈ ਹੈਂ ਤਸ ਲੇਹੁ ਸੰਭਾਰੇ[8]–। ਕਹੀ ਜੁਧਿਸ਼ਟਰ ਪਾਂਡਵ ਰਾਜ।–ਆਪ ਸਿਧਾਰਤਿ ਹਮਰੇ ਕਾਜ॥੧੫॥ਜਿਸ ਪ੍ਰਕਾਰ ਨੀਕੀ ਮਨ ਤੁਮਰੇ। ਤਿਮ ਹੀ ਸ਼ੁਭ ਹੁਇੰ ਕਾਰਜ ਹਮਰੇ–। ਸੁਨਿ ਤੀਨਹੁੰ ਕਰਿ ਦ੍ਵਿਜ ਕੋ ਬੇਸ। ਇਸੀ ਦੇਸ਼ ਕੋ ਅਏ ਬਿਸ਼ੇਸ਼ ॥ ੧੬ ॥ ਮਗ ਸੂਧੇ ਕੋ ਤਜਿਬੋ ਕੀਨਿ। ਅਪਰ ਦੇਸ਼ ਕੋ ਗਏ ਪ੍ਰਬੀਨ।-ਮਤ ਹਮਰੋ ਆਗਮ[9] ਸੁਨਿਪਾਵੈ। ਹਤਨੋ ਪੁਨਹਿ ਕਠਨ ਹੁਇ ਜਾਵੈ–॥ ੧੭॥ ਉਤਰਤਿ ਭਏ ਸੁਰਸਰੀ ਪਾਰ। ਨਦੀ ਗੰਡਕਾ ਤਰਿ ਕੈ ਬਾਰਿ[10]। ਸ਼ੋਨਾ ਸਲਿਤਾ[11] ਕੋ ਤਜਿ ਗਏ।ਮਾਗਧ*ਬਿਖੈ ਆਵਤੇ ਭਏ॥ ੧੮ ॥ ਜਰਾਸਿੰਧ ਜੋਧਾ ਜਹਿਂ ਰਾਜਾ। ਨਿਕਟਿ ਬਾਹਨੀ ਅਧਿਕ ਸਮਾਜਾ। ਬਸਹਿ ਦੇਸ਼ ਮਹਿਂ ਸੁਖ ਸੋਂ ਲੋਕ।ਨਹਿਂ ਪਾਵਤਿ ਕਬਿਹੂੰ ਮਨ ਸ਼ੋਕ ॥੧੯॥ ਬਡੋ ਨਗਰ ਜਹਿਂ ਦੁਰਗ ਚੁਗਿਰਦੇ। ਕੋਇ ਨ ਮਰਦ ਜਾਂਹਿ ਕੋ ਮਰਦੇ[12]। ਬਡ ਜੋਧੇ ਚਹੁੰ ਦਿਸ਼ਿ ਰਖਵਾਰੇ। ਸ਼ਸਤ੍ਰ ਅਸਤ੍ਰ ਕੋ ਧਾਰਨਹਾਰੇ ॥ ੨੦ ॥

[1]ਕ੍ਰਿਸ਼ਨ ਜੀ ਨੇ। [2](ਆਪਣੀ) ਆਯੂ ਵਿਚ ਓਹ ਪੂਰਨ (ਬਲੀ) ਹੈ। (ਅ) ਉਮਰ ਆਪਣੀ ਪੂਰੀ ਕਰ ਚੁਕਾ ਹੈ। [3](ਜਰਾਸੰਧ ਨੇ) ਇਕ ਵਾਰ ਅਪਨੇ ਮੰਦਰ ਤੇ ਚੜ੍ਹਕੇ। [4]ਖਪਾ ਦਿੱਤੀ। [5]ਕਿਵੇਂ। [6]ਭਾਵ, ਨਾਮ ਦਾਨ ਦੰਡ ਭੇਦ ਆਦੀ ਉਪਾਉ, ਵਲ ਛਲ। [7]ਰਾਜਾ (ਜਰਾਸੰਧ) ਨਾਲ ਭੀਮ ਜੰਗ ਕਰੇ। [8]ਜਿਸਤਰ੍ਹਾਂ ਦੇ ਜਾਣਗੇ ਤੈਸੇ ਸੰਭਾਲ ਲੈਣੇ ਭਾਵ ਮਰਨ ਨਹੀਂ ਦਿੰਦੇ। [9]ਆਉਣਾ। [10]ਗੰਡਕਾ ਨਦੀ ਦਾ ਜਲ ਤਰਕੇ। [11]ਸ਼ੋਣ ਭਦ੍ਰਾ ਨਦੀ। [12]ਕੋਈ ਬਲੀ ਨਹੀਂ ਜੋ ਉਸਨੂੰ ਨਾਸ਼ ਕਰੇ।

*ਪਾ:–ਮਗਧ।

ਘੰਟਮਾਲ[1] ਇਕ ਮਗ ਮਹਿਂ ਅਹੈ। ਸ਼ਤ੍ਰੁ ਜਾਨਿ ਬਾਜਹਿ ਸੁਧ ਕਹੈ[2]। ਸ਼ਬਦ ਘੰਟ ਰਾਜਾ ਸੁਨਿ ਪਾਵੈ।ਹੁਇ ਸੁਚੇਤ ਬਡ ਸੈਨ ਪਠਾਵੈ॥੨੧॥ ਚੱਕ੍ਰ ਬਨਾਯੋ ਇਕ ਮੰਤ੍ਰਨ ਕਰਿ[3]।ਬੂਝਤਿ ਸ਼ੱਤ੍ਰੁ ਬੇਗ ਸਿਰ ਦੇ ਹਰਿ[4]।ਇਸਬਿਧਿ ਕੌਂਲਖਿ ਕੈ ਘਨ ਸ਼ਯਾਮ। ਤਜ੍ਯੋ ਪ੍ਰਵੇਸ਼ ਦ੍ਵਾਰ ਅਭਿਰਾਮ॥ ੨੨॥ ਹੁਇ ਪਸ਼ਚਾਤ[5] ਕੋਟ ਚਢਿ ਗਏ। ਅਰਜਨ ਭੀਮ ਸੰਗ ਦ੍ਵੈ ਲਏ।ਕੂਦ ਤਹਾਂ ਤੇ ਅੰਤਰ ਬਰੇ। ਭੂਪਤਿ ਨਿਕਟਿ ਜਾਇ ਭੇ ਖਰੇ॥ ੨੩॥ ਤਿਸ ਦਿਨ ਜਰਾ-ਸੰਧ ਮਹਿਪਾਲ। ਦੇਖਤਿ ਭਾ ਅਪਸ਼ਗਨ ਬਿਸਾਲ। ਬੈਠ੍ਯੋ ਦਾਨ ਕਰਤਿ ਧਨ ਭਾਰੇ। ਜਾਚਕ ਖਰੇ ਸਮੀਪ ਨਿਹਾਰੇ॥ ੨੪॥ ਕ੍ਰਿਸ਼ਨ ਭੀਮ ਅਰ-ਜਨ ਕੀ ਓਰ। ਮਹਿਪਾਲਕ ਅਵਿਲੋਕ੍ਯੋ ਘੋਰ।–ਦਰਸ ਅਪੂਰਬ[6] ਕਿਤ ਤੇ ਆਏ। ਇਹ ਛੱਤ੍ਰੀ ਦ੍ਵਿਜ ਬੇਖ ਬਨਾਏ॥ ੨੫॥ ਧਨੁਖ ਘਾਸ[7] ਇਨ ਸਭਿ ਕੇ ਹਾਥ। ਕ੍ਯਾ ਇਹ ਕਰਹਿਂ ਕਪਟ ਕੇ ਸਾਥ–। ਉਠ੍ਯੋ ਭੂਪ ਤਿਨ ਕੇ ਢਿਗ ਗਯੋ। ਬੁਧਿ ਬਲ ਤੇ ਸਭਿ ਜਾਨਤਿ ਭਯੋ॥ ੨੬॥ ਕਹ੍ਯੋ ਤਿਨਹੁ ਸੋਂ–ਕੋ ਤੁਮ ਅਹੋ?ਨਹੀਂ ਬਿੱਪ੍ਰ ਤਨ ਸਾਚੀ ਕਹੋ।ਸੀਧੇ ਮਗ ਨਹਿਂ ਅੰਤਰ ਆਏ। ਕੋਟ ਕੂਦਿ ਪਹੁੰਚੇ ਪਿਛਵਾਏ॥ ੨੭॥ ਦੋਹਰਾ॥ ਸੂਧੇ ਮਗ ਜੇ ਆਵਤੇ ਘੰਟਾ ਸ਼ਬਦ ਕਰੇਤਿ। ਚੱਕ੍ਰ ਭਯਾਨਕ ਛਿਨਕ ਮਹਿਂ ਧਰ ਤੇ ਸਿਰ ਉਤਰੇਤਿ–॥੨੮॥ਚੌਪਈ॥ ਸੁਨਿ ਘਨ ਸ਼ਯਾਮ ਬਖਾਨ੍ਯੋ ਤਿਸੇ।–ਚਤੁਰ ਪੁਰਖ ਚਹਿਂ ਗਹਿ ਰਿਪੁ ਜਿਸੇ। ਸੂਧੇ ਮਗ ਸੋ ਆਵਤਿ ਨਾਂਹੀ। ਅਪਨੋ ਕਾਜ ਕਰਨ ਕੋ ਚਾਹੀਂ–॥੨੯॥ਜਰਾਸੰਧ ਭਾਖ੍ਯੋ ਬਚ ਤਬੈ।–ਬੈਰ ਕਰ੍ਯੋ ਹਮ ਸੋਂ ਤੁਮ ਕਬੈ? ਮੈਂ ਤੋ ਕਿਹ ਸੋਂ ਕਰੋਂ ਨ ਦ੍ਵੈਸ਼। ਤੁਮ ਕਿਮ ਜਾਨਹੁ, ਕਹੋ ਅਸ਼ੇਸ਼–॥੩੦॥ਕਹ੍ਯੋ ਕ੍ਰਿਸ਼ਨ–ਜੇ ਬੈਰ ਨ ਕਾਹੂ।ਬੀਸ ਸਹਸ੍ਰ ਅਠ ਸਤ ਨਰ ਨਾਹੂ[8]। ਕ੍ਯੋਂ ਇਹ ਬਾਂਧਿ ਕੈਦ ਮਹਿਂ ਡਾਰੇ? ਮਖ ਮਹਿਂ ਚਾਹਤਿ ਹੈਂ ਇਨ ਮਾਰੇ॥੩੧॥ਇਸ ਤੇ ਪਰੇ ਬੈਰ ਕ੍ਯਾ ਹੋਇ।ਇਤੇ ਨਰਿੰਦ ਬਿਨਾਸੈ ਕੋਇ। ਸਕਲ ਜਗਤ ਕੀ ਰੱਛ੍ਯਾ ਕਾਰਨ। ਮੈਂ ਮਾਨੁਖ ਤਨ ਕੀਨਸਿ ਧਾਰਨਿ॥ ੩੨॥ ਮਨ ਮਹਿਂ ਚਿਤਵ੍ਯੋ ਬਡ ਅਪਰਾਧ। ਕੌਨ

---

[1]ਘੰਟਿਆਂ ਦੀ ਮਾਲਾ। [2]ਸ਼ੱਤ੍ਰੂ ਨੂੰ ਪਛਾਣਕੇ ਵਜਦੀ ਹੈ (ਤੇ ਰਾਜਾ ਨੂੰ) ਖ਼ਬਰ ਕਰ ਦਿੰਦੀ ਹੈ। [3]ਮੰਤ੍ਰਾਂ ਦੇ ਬਲ ਨਾਲ ਇਕ ਚੱਕ੍ਰ ਬਣਾਇਆ ਹੋਇਆ ਹੈ। [4]ਸ਼ਤ੍ਰੂ ਨੂੰ ਸਮਝ ਕੇ ਛੇਤੀ ਸਿਰ ਨਾਸ਼ ਕਰ ਦੇਂਦਾ ਹੈ। [5]ਪਿੱਛੋਂ ਦੀ। [6]ਅਸਚਰਜ। [7]ਧਨਖ ਦੀਆਂ ਘਾਸੀਆਂ। [8]੨੦੮੦੦ਰਾਜੇ।

ਸ਼ਲਾਘਾ ਕਰਿ ਹੈ ਸਾਧ[1]।ਯਾਤੇ ਤੋਹਿ ਹਤਨਿ ਕੇ ਹੇਤ।ਬਿੱਪ੍ਰ ਬੇਸ ਤੇ ਆਇ ਨਿਕੇਤ ॥੩੩॥ ਨਾਂਹਿ ਤ ਸਭਿ ਰਾਜਨਿ ਕੋ ਛੋਰਿ।ਚਲੀਏ ਸੰਗ ਜੁਧਿਸ਼ਟਰ ਓਰ। ਪਰਹੁ ਪਾਂਇ ਨਿਜ ਪ੍ਰਾਨ ਬਚਾਵਹੁ। ਦੀਨ ਹੋਇ ਅਬਿ ਰਾਜ ਕਮਾਵਹੁ ॥੩੪॥ ਨਾਂਹਿਤ ਹੁਇ ਹੈ ਜੁੱਧ ਹਮਾਰਾ। ਜੀਤਹਿੰਗੇ ਤੁਝ ਧਾਰਿ ਅਖਾਰਾ। ਕਿਧੌਂ ਹਮਹਿ ਤੁਮ ਜੀਤਨਿ ਕਰੀਏ। ਪੀਛੇ ਮਨ ਭਾਵਤਿ ਅਨੁ-ਸਰੀਏ-॥ ੩੫ ॥ ਸੁਨਿ ਕੈ ਜਰਾਸੰਧ ਰਿਸ ਧਾਰੀ। ਗਰਬਤਿ ਅਤਿ ਮੁਖ ਗਿਰਾਉਚਾਰੀ।-ਇਤੀ ਸ਼ਕਤਿ ਰਣ ਕਰਿਬੇਕੇਰੀ।ਕਸੋਂ ਦਿਜਬੇਖ ਬਨਾਇ ਕੁਫੇਰੀ ॥ ੩੬ ॥ ਜੋ ਮੈਂ ਬਾਂਧ ਲਿਏ ਮਹਿਪਾਲਾ। ਕਿਹ ਸੋਂ ਕਰਯੋ ਨ ਕਪਟ ਕੁਢਾਲਾ। ਜਿਮ ਤੁਮ ਆਏ ਕਪਟੀ ਹੋਇ। ਇਮ ਛੱਤ੍ਰੀ ਕਰਿ ਸਕਹਿ ਨ ਕੋਇ ॥੩੭॥ ਮੈਂ ਜੀਤੇ ਇਮ ਸਕਲ ਨਰੇਸ਼।ਜੁੱਧ ਬਿਖੇ ਜੈ ਕਰੇ ਅਸ਼ੇਸ਼-। ਸੁਨਤਿ ਸ਼ਯਾਮਘਨ ਪੁਨਹਿ ਬਖਾਨਾ।-ਕਸੋਂ ਅਸ ਕਰਤੋ ਮਾਨ ਮਹਾਨਾ ॥ ੩੮ ॥ ਨ੍ਰਿਪਤਿ ਬਲੀ ਅਤਿ ਭਏ ਅਨੇਕ। ਅੰਤ ਕਾਲ ਮਹਿਂ ਰਹਯੋ ਨ ਏਕ। ਹੁਤੋ ਨ ਬਲ ਜੋ ਹਮਰੇ ਮਾਂਹਿ।ਤੁਮ ਸਮ ਸੂਰ ਲਰਨ ਕਿਮ ਚਾਹਿ[2] ॥ ੩੯ ॥ ਦੁਸ਼ਟ ਦਮਨ ਮਮ ਨਾਮ ਸਦੀਵਾ। ਪ੍ਰਗਟ ਕ੍ਰਿਸ਼ਨ ਤਨ ਮੈਂ ਅਬਿ ਥੀਵਾ। ਭੀਮ ਸੈਨ ਇਹੁ ਦੇਖਹੁ ਸੂਰਾ। ਦੁਤਿਯੋ ਅਰ-ਜਨ ਲਖਿ ਬਲਿ ਪੂਰਾ ॥੪੦॥ ਤੀਨਹੁਂ ਅਪਨੇ ਨਾਮ ਬਤਾਏ। ਦੁਹਿ ਮਹਿਂ ਕਰਹੁ ਜੁ ਇਕ ਮਨ ਭਾਏ। ਤਜਹੁ ਕੈਦ ਤੇ ਭੂਪਤਿ ਸਾਰੇ।ਧਰਮਰਾਜ ਕੇ[3] ਚਲਹੁ ਅਗਾਰੇ ॥ ੪੧ ॥ ਜੀਵਹੁ ਜਗਿ ਮਹਿਂ ਰਹੁ ਚਿਰਕਾਲਾ। ਭੋਗਹੁ ਰਾਜ ਅਨੰਦ ਬਿਸਾਲਾ। ਨਾਂਹਿਤ ਜੁੱਧ ਕਰਹੁ ਹਮ ਸਾਥ। ਤ੍ਰੈ ਮਹਿਂ ਇਕ ਸੌਂਹੇ ਨਰ ਨਾਥ[4] !-॥੪੨॥ ਸੁਨਤਿ ਭੂਪ ਉਰ ਕ੍ਰੋਧ ਵਧਾਵਾ। ਸਭਾ ਛੋਰਿ ਅੰਤਰ ਪ੍ਰਵਿਸ਼ਾਵਾ। ਸੁਤ ਸਹਿਦੇਵ ਆਪਨੋ ਦੇਖਾ। ਰਾਜ ਤਿਲਕ ਅਭਿਖੇਕ ਅਸ਼ੇਖਾ ॥ ੪੩ ॥ ਪੁਨ ਬਾਹਰ ਆਯੋ ਹਰਿ ਪਾਸ।ਬੋਲਯੋ ਅਪਨੋ ਓਜ ਪ੍ਰਕਾਸ਼ ।-ਤੁਮ ਤੀਨਹੁ ਮੁਝ ਘਰ ਚਲਿ ਆਏ। ਲਰਹੁ ਮੋਹਿ ਸੋਂ ਕ੍ਰੋਧ ਬਧਾਏ ॥੪੪॥ ਮੈਂ ਤੀਨਹੁਂ ਸੋਂ ਏਕਲ ਲਰਿ ਹੌਂ। ਮਹਾਂ ਓਜ ਅਪਨੇ ਮਹਿਂ ਧਰਿ ਹੌਂ। ਤੁਮ ਤੀਨਹੁ ਕੋ ਕਰਹੁਂ ਸੰਘਾਰ। ਕੈ ਮੁਝਕੋ ਲਰ ਕੈ ਲਿਹੁ ਮਾਰਿ-॥੪੫॥ਸੁਨਿਘਨਸ਼ਯਾਮਉਚਾਰਨ ਕੀਨਿ।-ਏਕਲ ਸੋਂ ਹਮ ਲਰਹਿਂ

[1]ਭਲਾ ਪੁਰਸ਼। [2]ਤੇਰੇ ਵਰਗੇ ਸੂਰਮੇ ਨਾਲ ਕਿਵੇਂ ਲੜਨਾ ਚਾਹੁੰਦੇ। [3]ਰਾਜਾ ਯੁਧਿਸ਼ਟਰ ਦੇ। [4]ਤ੍ਰਿੰਨਾਂ ਦੇ ਵਿਚੋਂ ਇਕ ਦੇ ਸਾਹਮਣੇ ਹੋ ਹੇ ਰਾਜਾ।

ਜਿ ਤੀਨ । ਅਹੇ ਅਨੁਚਿਤ, ਕਰਹਿ ਕੋ ਐਸੇ । ਨਿਰਬਲ ਹੋਇ ਕਰਤਿ ਬਿਧਿ ਤੈਸੇ ॥੪੬॥ ਹਮ ਤੇ ਅਪਨੋ ਬਲ ਲਘੁ ਜਾਨਿ।ਇਕ ਕੋ ਜਾਚਿ ਲੇਹੁ ਬਧਿਵਾਨ । ਦੋਨਹੁੰ ਲਰਹਿੰ ਨ ਬੋਲਹਿ ਔਰ । ਬਲ ਬਿਸਾਲ ਸੋਂ ਸੰਘਰ ਠੌਰ-॥੪੭॥ਜਰਾਸੰਧੁ ਤਬਿ ਬਾਕ ਉਚਾਰੇ।-ਤੁਮ ਬਹੁ ਬਾਰਿ ਮੋਹਿਤੇ ਹਾਰੇ। ਕਰਯੋ ਪਲਾਵਨਿ ਬਾਰਿ ਸਤਾਰਾ । ਮਥੁਰਾ ਤਯਾਗੀ ਆਨ ਪਧਾਰਾ ॥ ੪੮ ॥ ਤੁਮ ਸੋਂ ਲਰਤਿ ਲਾਜ ਮੁਹਿ ਆਵੈ।ਬਸਯੋ ਦ੍ਵਾਰਕਾ ਤਜਿ ਰਣਥਾਵੈਂ[1]। ਬਡੋ ਨਿਲਾਜ ਸਦਾ ਤੁਮ ਜਨੀਯਤਿ । ਮਹਾਂਭੀਰੁ[2] ਜੋਧਨਿ ਮਹਿਂ ਗਿਨੀ-ਯਤਿ ॥੪੯॥ ਅਰਜਨ ਧਨੁ ਬਿੱਦਯਾ ਮਹਿਂ ਮਹਾਂ । ਛੋਰਤਿ ਬਾਣ ਦੂਰ ਰਿਪੁ ਜਹਾਂ । ਬਲ ਮੈਂ ਲਘੁ ਜਾਨਤਿ ਹੌਂ ਦੋਊ[3]।ਹੀਨ ਸਾਥ ਭਟ ਲਰਹਿ ਨ ਕੋਊ ॥੫੦॥ਪੌਨ ਪੁੱਤ੍ਰ[4] ਇਕ ਤੁਮ ਮਹਿਂ ਭਾਰੀ।ਸੋ ਜੇ ਠਹਿਰੈ ਮੋਹਿ ਅਗਾਰੀ।ਇਕ ਕੇ ਸਾਥ ਜੁੱਧ ਮਮ ਹੋਇ । ਦੇਖਹੁ ਸਭਿਹਿ ਲਰਹਿਂ ਹਮ ਦੋਇ-' ॥ ੫੧ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ 'ਜਰਾਸੰਧ' ਪ੍ਰਸੰਗ ਬਰਨਨੰ ਨਾਮ ਸ਼ਸ਼ਟੀ ਅੰਸੂ ॥ ੬੦ ॥

## ੬੧. [ਜਰਾਸੰਧ ਦੀ ਕਥਾ] ।

ਦੋਹਰਾ ॥ 'ਰਤਨ ਜਟਤਿ ਸਿਰ ਮੁਕਟ ਕੋ ਭੂਪਤਿ ਧਰਯੋ ਉਤਾਰ । ਜੂੜਾ ਕੇਸਨ ਕੋ ਕਰਯੋ ਦ੍ਰਿੜ੍ਹ ਪਗੀਆ ਕੋ ਧਾਰਿ ॥੧॥ ਚੌਪਈ॥ਕਟ ਕਹੁ ਕਸਿ ਕੈ ਹੋਯੋ ਤਯਾਰ । ਗਰਜਯੋ ਭੈਰਵ ਸ਼ਬਦ ਉਦਾਰ[5]* । ਭੀਮ ਸੈਨ ਇਤ ਭਯੋ ਸੁਚੇਤ । ਠੋਕੇ ਭੁਜਾਦੰਡ ਰਣ ਹੇਤੁ ॥੨॥ ਕ੍ਰੋਧ ਭਰੇ ਦੋਨਹੁੰ ਬਲਵਾਨ।ਭਿਰੇ ਪਰਸਪਰ ਮਹਾਂ ਭਯਾਨ । ਪ੍ਰਥਮ ਪ੍ਰਹਾਰ ਮੁਸ਼ਟ ਕੋ ਕਰੇ । ਉਠਯੋ ਸ਼ਬਦ ਜਿਮ ਲੋਹਾ ਘਰੇ ॥ ੩ ॥ ਮਨੋ ਬ੍ਰਿਖਭ ਅਤਿ ਬਲੀ ਭਿਰੇ ਹੈਂ । ਜਿਮ ਕੁੰਚਰ ਕਰਿ ਕੋਪ ਲਰੇ ਹੈਂ । ਲਪਟ ਗਏ ਅੰਗਨਿ ਸੋਂ ਅੰਗ।ਪਾਇ ਅਰੋਪਹਿਂ ਬਲ ਕੇ ਸੰਗ ॥੪॥ ਕਬੈ ਭੀਮ ਕੋ ਭੂਪ ਧਕਾਵੈ । ਕਬੈ ਭੂਪ ਕੋ ਭੀਮ ਲਿਜਾਵੈ । ਕਬਹੂ ਸੀਸ ਸੀਸ ਪਰ ਮਾਰੈਂ । ਘੋਰ ਨਾਦ ਕੋ ਦੂਊ ਉਚਾਰੈਂ ॥ ੫ ॥ ਸੁਨਿ ਕਰਿ ਲੋਗ ਨਗਰ ਕੇ ਸਾਰੇ । ਚਿੰਤਾਤੁਰ ਤ੍ਰਾਸਤਿ ਉਰ ਭਾਰੇ । ਸੁਭਟ ਪੁਰਖ ਬਾਲਿਕ ਅਰ ਜ੍ਵਾਨ । ਬ੍ਰਿਧ ਨਰ ਆਇ ਨਾਰਿ ਤਿਸ ਥਾਨ ॥ ੬ ॥ ਮੰਦਰ ਮੰਦਰਿ ਪਰ ਚਢਿ ਕਰਿ ਕੈ । ਚਿੰਤਾਤੁਰ ਤੈ ਧਰਹਿਂ ਨਿਹਰਿ ਕੈ । ਮਹਾਂ ਭੀਰ ਚਾਰਹੁੰ ਦਿਸ਼ਿ ਮਾਂਹਿ । ਦੇਖਹਿਂ ਸੰਘਰ ਕਿਤਿਕ ਉਮਾਹਿ ॥ ੭ ॥ ਨਿਕਟਿ ਭੀਰ ਬਹੁ ਪਹੁੰਚੀ ਦੇਖਿ । ਤਜਿ ਰਣ, ਕੀਨੇ ਦੂਰ ਅਸ਼ੇਖ[6]।ਇੰਦ

[1]ਜੁੱਧ ਭੂਮਕਾ ਨੂੰ ਛੱਡਕੇ ਦ੍ਵਾਰਕਾ ਜਾ ਵਸਿਆ । [2]ਬੜਾ ਕਾਇਰ । [3]ਦੋਹਾਂ ਭਾਵ ਕ੍ਰਿਸ਼ਨ ਤੇ ਅਰਜਨ ਨੂੰ । [4]ਭੀਮ ਸੈਨ । [5]ਬੜਾ ਭਯਾਨਕ ਸ਼ਬਦ ਕਰਕੇ । [6]ਸਾਰੀ (ਭੀੜ) ਦੂਰ ਕੀਤੀ ।

*ਪਾ:-ਉਚਾਰ ।

ਬ੍ਰਿਤ੍ਰਾਸੁਰ[1] ਜਨੁ ਦ੍ਵੈ ਲਰੇ। ਦੋਨਹੁੰ ਮਹਿਦ ਬੀਰ ਬਲ ਕਰੇ॥੮॥ ਜਨੁ ਕੇਹਰਿ ਕਰਿ ਕੋਪ ਬਿਸਾਲਾ। ਲਰਹਿਂ ਪਰਸਪਰ ਜੱਧ ਕਰਾਲਾ। ਇਸ ਪ੍ਰਕਾਰ ਜੂਝੇ ਬਰਿਆਰ[2]। ਬੀਤੇ ਦਿਨ ਲਰਤੇ ਦਸ ਚਾਰ[3] ॥੯॥ ਦੇਖਤਿ ਸ੍ਰੀ ਪ੍ਰਭੁ ਤਿਨ ਕੀ ਓਰਾ। ਜਰਾਸੰਧ ਕੋ ਪਿਖਿ ਬਲ ਥੋਰਾ। ਨਿਕਟਿ ਭੀਮ ਕੇ ਸੈਨ[4] ਬੁਝਾਈ। -ਭਯੋ ਸ਼੍ਰਮਤ ਰਿਪੁ ਇਹੁ ਬਿਨਸਾਈ॥੧੦॥ ਦੇਰ ਨ ਕਰਹੁ ਮਾਰਿ ਇਸ ਲੇਹੁ। ਨਿਜ ਪਖ ਕੋ ਨਿਰਭੈਤਾ ਦੇਹੁ-। ਸਮੁਝਿ ਭੀਮ ਨੇ ਕਹ੍ਯੋ ਬੁਝਾਈ[5]। -ਕਿਮ ਨਿਰਬਲਿ ਇਸ ਲਖ੍ਯੋ ਗੁਸਾਈਂ ॥੧੧॥ ਅੰਗ ਅੰਗ ਮੇਰੋ ਥਕ ਗਇਊ। ਆਗੇ ਹੋਵੇਂ ਧੀਰ ਨ ਪਇਊ। ਪ੍ਰਾਕ੍ਰਮ ਮੋ ਮਹਿਂ ਰਹ੍ਯੋ ਨ ਭਾਰੀ। ਕਰਤੋ ਜੁੱਧ ਸ਼੍ਰਮਤ ਤਨ ਭਾਰੀ ॥ ੧੨ ॥ ਮਹਾਂ ਬਲੀ ਇਹ ਅੱਗ੍ਰ ਖਰੋਵਾ। ਤੁਮ ਕੈਸੇ ਇਹ ਨਿਰਬਲ ਜੋਵਾ?-ਭੀਮਸੈਨ ਤੇ ਸੁਨਤਿ ਬਖਾਨਾ। -ਪਵਨ ਪੁੱਤ੍ਰ ਤੂੰ ਬਲੀ ਮਹਾਨਾ ॥ ੧੩ ॥ ਐਸੇ ਤੁਝ ਕੋ ਨਹਿਂ ਬਨਿ ਆਇ। ਕਰਿ ਉਤਸਾਹ ਮਹਾਂ ਬਲ ਲਾਇ। ਜਰਾਸੰਧ ਕੋ ਜੀਤਹਿਂ ਰਣ ਮੈਂ। ਇਮ ਨਿਸ਼ਚੈ ਰਾਖੋ ਕਰਿ ਮਨ ਮੈਂ॥੧੪॥ ਇਕ ਤ੍ਰਿਣ ਲੇਕਰਿ ਕਰ ਘਨਸ਼੍ਯਾਮ[6]। ਕਰਹਿ ਇਸ਼ਾਰਤ ਲੋਚਨ ਬਾਮ। ਬਿਚ ਤੇ ਚੀਰ੍ਯੋ ਸਗਰੋ ਸੋਇ। ਕਰਿ ਦਿਖਰਾਯੋ ਇਕ ਤੇ ਦੋਇ॥੧੫॥ ਭੀਮਸੈਨ ਇਮ ਸੈਨ ਬੁਝਾਈ[7]। ਜਾਨ੍ਯੋ ਭੇਦ ਰਿਦੇ ਹਰਖਾਈ। -ਕਰ੍ਯੋ ਦੁਖੰਡ ਜੋਰਨੋ ਏਹਿ[8]। ਇਮ ਤੁਮ ਚੀਰ ਦੇਹੁ ਰਿਪੁ ਦੇਹਿ[9]-॥ ੧੬ ॥ ਤਬਿ ਸ਼੍ਰੀ ਕ੍ਰਿਸ਼ਨ ਪੀਠ ਤਿਸ ਥਾਪੀ। ਦੀਨਸਿ ਬਲ ਬਿਸਾਲ ਕੋ ਆਪੀ। ਸ਼੍ਰਮ ਸਭਿ ਦੂਰਿ ਕਰ੍ਯੋ ਤਿਸ ਤਨ ਤੇ। ਮਾਰਨਿ ਸ਼ੱਤ੍ਰ ਚਾਹ੍ਯੋ ਮਨ ਤੇ ॥ ੧੭ ॥ ਗਯੋ ਭੀਮ ਭਾ ਖਰੋ ਅਗਾਰੀ। ਜਰਾਸੰਧ ਆਵਾ ਬਲਿ ਭਾਰੀ। ਭਿਰੈਂ ਬਹੁਤ ਬਿਧਿ ਮੁਸ਼ਟਨ ਹਤੈਂ। ਗਹੈਂ ਅੰਗ ਦ੍ਰਿਗ ਰਿਸ ਕਰਿ ਚਿਤੈਂ[10] ॥ ੧੮ ॥ ਪਾਇ ਘਾਤ ਲਰਤੇ ਬਡ ਜੋਧੇ। ਕਰਹਿਂ ਪ੍ਰਹਾਰਨ ਦੁਹ ਤਨ[11] ਕ੍ਰੋਧੇ। ਭੀਮ ਸਿਮਰਿ ਬਲ ਸ਼੍ਰੀ ਪ੍ਰਭੁ ਕੇਰਾ। ਭੁਜ ਤੇ ਗਹ੍ਯੋ ਭੂਪ ਤਿਸ ਬੇਰਾ ॥੧੯॥ ਬਲ ਕਰ ਸਿਰ ਪਰ ਫੇਰ੍ਯੋ ਐਸਾ। ਚੱਕ੍ਰ ਕੁਲਾਲ ਭ੍ਰਮਾਵਹਿ ਜੈਸਾ[12]। ਸਕਲ ਨਗਰ ਕੇ ਦੇਖਤਿ ਤੂਰਨ।

---

[1]ਦੈਤ ਦਾ ਨਾਮ। [2]ਬਲੀ। [3]ਚੌਦਾਂ। [4]ਸੈਨਤ। [5]ਸਮਝਾਕੇ। [6]ਇਕ ਤੀਲਾ ਹੱਥ ਵਿਚ ਲੈਕੇ ਕ੍ਰਿਸ਼ਨ ਨੇ। [7]ਸੈਨਤ ਸਮਝਾਈ। [8]ਇਹ (ਜਰਾ ਸੰਧ) ਦੋ ਟੁਕੜੇ ਜੁੜਨ ਨਾਲ ਬਣਿਆ ਹੋਯਾ ਹੈ। [9]ਸਰੀਰ। [10]ਗੁੱਸੇ ਨਾਲ ਵੇਖਦੇ ਹਨ (ਅ) ਚਿਤ ਵਿਚ। [11]ਦੋਵੇਂ ਸਰੀਰਾਂ ਤੇ ਕ੍ਰੋਧ ਨਾਲ ਪ੍ਰਹਾਰ ਕਰਦੇ ਹਨ। [12]ਘੁਮਿਆਰ ਚੱਕ ਨੂੰ ਜਿਵੇਂ ਘੁਮਾਉਂਦਾ ਹੈ।

ਪਟਕ੍ਯੋ ਅਵਨੀ ਪਰ ਹਿਤ ਚੂਰਨ[1] ॥ ੨੦ ॥ ਇਕ ਪਗ ਪਗ ਕੇ ਤਰੇ ਦਬਾਇਵ। ਦੁਤਿਯ ਗਹ੍ਯੋ ਕਰ ਸਾਥ ਉਚਾਇਵ।ਬਲ ਕਰਿ ਚੀਰ੍ਯੋ ਦੇਹਿ ਸੁ ਹਾਨਾ।ਉਠ੍ਯੋ ਸ਼ਬਦ ਤਬਿ ਘੋਰ ਮਹਾਨਾ ॥ ੨੧ ॥ ਕਰਿ ਦੁਖੰਡ ਧਰਨੀ ਮਹਿਂ ਡਾਰ੍ਯੋ। ਇਮ ਸ੍ਰੀ ਕ੍ਰਿਸ਼ਨ ਸ਼ੱਤ੍ਰ ਸੰਘਾਰ੍ਯੋ। ਜਰਾਸੰਧ ਕੋ ਸੁਤ ਸਹਿਦੇਵ। ਕਰ੍ਯੋ ਤ੍ਰਾਸ ਤਜਿ ਕੈ ਅਹੰਮੇਵ ॥ ੨੨ ॥ ਨਿਜ ਪਿਤ ਕੇ ਸਭਿ ਸਚਿਵ ਬੁਲਾਏ।–ਬਨਹਿ ਮਿਲਨਿ ਹਰਿ[2]–ਮਤੋ ਮਤਾਏ।–ਜਿਨਹੁ ਅਧਾਰੀ ਭੂਪਤਿ ਹਾਰਾ। ਮੈਂ ਤਿਸ ਕੋ ਸੁਤ ਕਹਾਂ ਬਿਚਾਰਾ–॥ ੨੩ ॥ ਰਤਨ ਅਨੇਕ ਉਪਾਇਨ ਲੀਨੇ।ਮਿਲ੍ਯੋ ਆਨਿ ਪਦ ਬੰਦਨ ਕੀਨੇ।ਪ੍ਰਭੁ ਅਭੈਤਾ ਤਿਸ ਕੋ ਦੀਨਸਿ। ਰਾਜ ਸਿੰਘਾਸਨ ਪਰ ਥਿਤ ਕੀਨਸਿ ॥ ੨੪ ॥ ਕਹ੍ਯੋ–ਬਰਖ ਪੂਰਨ[3] ਤੇ ਆਵਹੁ। ਧਰਮਰਾਜ[4] ਪਗ ਸੀਸ ਟਿਕਾਵਹੁ। ਰਾਜਸੂਇ ਮਖ[5] ਚਾਹਤਿ ਕਰ੍ਯੋ। ਰਾਜ ਧਰਮ ਕੋ[6] ਦ੍ਰਿਢ ਕਰਿ ਧਰ੍ਯੋ–॥ ੨੫ ॥ [7]–ਸ੍ਰੀ ਪ੍ਰਭੁ ਆਇਸੁ ਜਥਾ ਤੁਮਾਰੀ।ਹਮ ਅਬਿ ਬਰਤਹਿਂ ਤਿਸ ਅਨੁਸਾਰੀ। ਰਾਜ ਦੇਸ਼ ਧਨ ਧਾਮ ਤੁਮਾਰਾ। ਦਿਯੋ ਕਰ੍ਯੋ ਹਮ ਅੰਗੀਕਾਰਾ–॥ ੨੬ ॥ ਬਾਸਦੇਵ ਕਹਿ ਭੂਪ ਛੁਡਾਏ। ਕਾਰਾਗ੍ਰਿਹ ਮਹਿ ਜੇ ਸਮੁਦਾਏ। ਲੇ ਕਰਿ ਸੰਗ ਭੀਮ ਭਟ ਅਰਜਨ। ਆਇ ਪਹੂੰਚਤਿ ਭੇ ਪੁਰਿਹਸਤਨ[8] ॥ ੨੭ ॥ ਸ੍ਰੀ ਗੁਰ ਤੇਗਬਹਾਦਰ ਧੀਰ। ਕਹੀ ਕਥਾ ਸਭਿ ਸਿੱਖ੍ਯਨਿ ਤੀਰ। 'ਇਨ ਦੇਸ਼ਨਿ ਸਭਿ ਕੋ ਸਹਿਦੇਵ। ਰਾਜ ਕਰਨਿ ਲਾਗ੍ਯੋ ਨਰਦੇਵ[9] ॥ ੨੮ ॥ ਪੰਚ ਦਸ਼ਮ ਸੰਮਤ ਪੁਨ ਜੀਵ੍ਯੋ। ਜਬਿ ਬਿਰੋਧ ਕੈਰਵ ਮਹਿ ਥੀਵ੍ਯੋ। ਭ੍ਯੋ ਸੰਗ੍ਰਾਮ ਮਹਾਂ ਕੁਰਛੇਤ। ਭੂਮੀ ਭਾਰ ਉਤਾਰਨਿ ਹੇਤੁ ॥੨੯॥ ਸਭਿ ਦੇਸ਼ਨਿ ਕੇ ਨ੍ਰਿਪਤ ਬਡੇਰੇ। ਇਕਠੇ ਭਏ ਕਾਲ ਕੇ ਪ੍ਰੇਰੇ। ਮਹਾਂ ਬਲੀ ਬਡ ਸ਼ਕਤਿ ਧਰੰਤੇ। ਸ਼ਸਤ੍ਰ ਅਸਤ੍ਰ ਬਿੱਦ੍ਯਾ ਗੁਨਵੰਤੇ ॥ ੩੦ ॥ ਪਾਂਡਵ ਧਰਮ ਜੁਧਿਸ਼ਟਰ ਰਾਜਾ। ਕੈਰਵ ਬਿਖੈ ਦੁਜੋਧਨ ਸਾਜਾ। ਬਢੀ ਸਪਰਧਾ[10] ਦੁਹੁੰ ਦਿਸ਼ਿ ਮਾਂਹੀ। ਕਰਿ ਹੰਕਾਰ ਤਜੈਂ ਹਠ ਨਾਂਹੀ ॥ ੩੧ ॥ ਦੇਸ਼ ਦੇਸ਼ ਕੇ ਨ੍ਰਿਪਤ ਹਕਾਰੇ। ਚਲਿ ਆਏ ਦੋਨਹੁੰ ਦਿਸ਼ਿ ਸਾਰੇ। ਰਥ ਹਾਥੀ ਹਯ ਜੋਧਾ ਬ੍ਰਿੰਦ। ਸਿਮਟਿ[11]*ਪ੍ਰਿਥੀ ਤੇ ਮਿਲੇ ਨਰਿੰਦ॥੩੨॥ਜਰਾਸੰਧ ਕੋ ਸੁਤ ਇਸ

[1]ਚੂਰ ਕਰਨ ਵਾਸਤੇ। [2]ਕ੍ਰਿਸ਼ਨ ਨਾਲ। [3]ਵਰ੍ਹੇ ਪੂਰੇ ਪਿਛੋਂ। [4]ਯੁਧਿਸ਼ਟਰ ਨੂੰ। [5]ਰਾਜਸੂ ਜੱਗ। [6]ਰਾਜਿਆਂ ਵਾਲੇ ਧਰਮ ਨੂੰ। [7]ਸਹਿਦੇਵ ਬੋਲਿਆ। [8]ਹਸਤਨਾ ਪੁਰ। [9]ਰਾਜਾ ਹੋਕੇ। [10]ਈਰਖਾ। [11]ਇਕੱਠੇ ਹੋਕੇ। *ਪਾ: ਸ੍ਰਿਸ਼ਟਿ।

ਦੇਸ਼। ਇਹ ਭੀ ਲੇ ਕਰਿ ਚਮੂੰ ਅਸ਼ੇਸ਼। ਛੋਹਨਿ ਭਈ ਅਸ਼ਟਦਸ ਅਨੀ[1]। ਸ੍ਰੀ ਜੁਤਿ,ਬਲ ਜੁਤਿ, ਲੋਹੇ ਸਨੀ[2] ॥ ੩੩ ॥ ਕ੍ਰਿਆ ਕਾਲ ਕੀ ਐਸੀ ਭਈ। ਲਰਤਿ ਪਰਸਪਰ ਸਭਿ ਮਰਿ ਗਈ । ਤਹਾਂ ਮਰਯੋ ਸਹਿਦੇਵ ਸੁ ਜਾਇ। ਇਸੀ ਦੇਸ਼ ਕੋ ਭੂਪ ਕਹਾਇ ॥ ੩੪ ॥ ਅਪਰ ਕਹਾਂ ਲਗਿ ਗਿਨਤੀ ਕਰੀਅਹਿ। ਅਨਿਕ ਨ੍ਰਿਪਤ ਭੇ ਕੌਨ ਉਚਰੀਅਹਿ। ਜਰਾਸੰਧ ਜੋ ਮੁੱਖਜ ਭਯੋ ਹੈ। ਨਿਕਟਿ ਕਾਲ ਮਹਿਂ ਕਹਿ ਸੁ ਦਯੋ ਹੈ[3]॥ ੩੫॥ ਸ੍ਰੀ ਗੁਜਰੀ ਕੋ ਭ੍ਰਾਤ ਕ੍ਰਿਪਾਲ। ਇੱਤਯਾਦਿਕ ਸਿਖ ਅਪਰ ਬਿਸਾਲ। ਸੁਨਿ ਪ੍ਰਸੰਗ ਕੋ ਉਰ ਹਰਖਾਏ । ਰਹਨਿ ਲਗੇ ਗੁਰ ਸਹਿਜ ਸੁਭਾਏ ॥ ੩੬ ॥ ਪਟਣਾ ਨਗਰ ਜੁ ਬਸਹਿ ਬਿਲੰਦ । ਵਣਜ ਕਰਹਿਂ ਧਨਵਾਨ ਅਮੰਦ। ਗੁਰੁ ਕੇ ਸਿੱਖਜ ਆਨਿ ਕਰਿ ਹੋਇਂ। ਅਭਿਮਤਿ[4] ਕੋ ਪ੍ਰਾਪਤਿ ਨਰ ਸੋਇ ॥ ੩੭ ॥ ਦਰਸ਼ਨ ਕਰਹਿਂ ਉਪਾਇਨ ਅਰਪਹਿਂ। ਬਰ ਕੋ ਲੇਹਿਂ ਸ੍ਰਾਪ ਤੇ ਡਰਪਹਿਂ। ਕਿਹ ਕੋ ਪ੍ਰਾਪਤਿ ਹੁਇ ਸਤਿਨਾਮ। ਕੋ ਜਾਚਤਿ ਪ੍ਰਿਯ ਪੁੱਤ੍ਰਨਿ ਧਾਮ[5]॥੩੮॥ ਤਨ ਅਰੋਗ ਕੋ ਚਾਹਤਿ ਕੋਈ। ਕੇਤਿਕ ਲੱਛਮੀ ਕੋ ਬਰ ਲੇਈ। ਕੋ ਜਾਚਹਿ ਗੁਰ ਤੇ ਚਿਤ ਲਾਈ। 'ਅੰਤਕਾਲ ਮਹਿਂ ਹੋਹਿਂ ਸਹਾਈ' ॥ ੩੯ ॥ ਕੋ ਦਸੌਂਧ ਕੋ ਦੇਇ ਕਮਾਇ। 'ਬਨਹਿ ਪਦਾਰਥ ਸਭਿ ਸੁਖਦਾਇ' । ਕਰਹਿ ਨਿਤਾਪ੍ਰਤਿ ਦਰਸ਼ਨ ਕੋਇ । ਕੋ ਆਵਤਿ ਜਬਿ ਕਾਰਜ ਹੋਇ ॥ ੪੦॥ ਗੁਰ ਘਰ ਕੀ ਸੇਵਾ ਸਭਿ ਭ੍ਰਾਂਤੀ। ਕਰਹਿਂ ਪ੍ਰੀਤਿ ਸੋਂ ਦਿਨ ਅਰੁ ਰਾਤੀ। ਪੁਰਿ ਪਟਣੇ ਮਹਿਂ ਇਸੀ ਪ੍ਰਕਾਰ। ਕਿਤਿਕ ਦਯੋਸ ਗੁਰ ਬਸੇ ਉਦਾਰ ॥ ੪੧ ॥ ਬਡੇ ਭਾਗ ਜਾਗੇ ਜਿਨ ਕੇਰੇ। ਸੇਵਹਿਂ ਗੁਰੁ ਪਗ ਹੁਇ ਕਰਿ ਨੇਰੇ। ਜਨਮ ਮਰਨ ਬੰਧਨ ਤਿਨ ਖੋਏ। ਗੁਰੂ ਕ੍ਰਿਪਾ ਤੇ ਮੁਕਤਿ ਸੁ ਹੋਏ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਇਕਾਦਸ਼ਿ ਰਾਸੇ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ 'ਪਟਣੇ ਬਸਨ ਪ੍ਰਸੰਗ ਬਰਨਨੰ ਨਾਮ ਏਕ ਸ਼ਸ਼ਟੀ ਅੰਸੁ ॥੬੧॥ ਇਕਾਦਸ਼ਵੀਂ ਰਾਸਿ ਸੰਪੂਰਨੰ॥

## ਗਯਾਰਵੀਂ ਰਾਸ਼ਿ ਸੰਪੂਰਨ ਹੋਈ

---

[1]ਸੈਨਾ। [2]ਸ਼ਸਤ੍ਰਾਂ ਸਹਿਤ। [3]ਨੇੜੇ ਦੇ ਸਮੇਂ ਭਾਵ ਦੁਆਪਰ ਵਿਚ ਇਹ ਅਸਾਂ ਕਹਿ ਦਿਤਾ ਹੈ। [4]ਮਨ ਬਾਂਛਤ। [5]ਪਿਆਰੇ ਪੁੱਤ੍ਰਾਂ ਨੂੰ ਘਰ ਵਿਖੇ। (ਅ) ਪੁੱਤ੍ਰ ਤੇ ਘਰ।

# ਰਾਸ਼ਿ ਬਾਰ੍ਹਵੀਂ ਚੱਲੀ

੧ ਓ ਸਤਿਗੁਰ ਪ੍ਰਸਾਦਿ ॥ ੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥
ਅਥ ਦ੍ਵਾਦਸ਼ਮਿ ਰਾਸਿ ਕਥਨੰ ॥

੧. [ਮੰਗਲ । ਰਾਜਾ ਮਾਨ ਸਿੰਘ]।

## ੧. ਇਸ਼੍ਟ ਦੇਵ–ਸ੍ਰੀ ਅਕਾਲ ਪੁਰਖ–ਮੰਗਲ।

ਦੋਹਰਾ ॥ ਪਾਰਬ੍ਰਹਮ ! ਪਰਮਾਤਮਾ ! ਬ੍ਯਾਪਕ ਸਕਲ ਸਮਾਨ !
ਸਭਿ ਅਲੰਬ ! ਪ੍ਰੇਰਕ ! ਪ੍ਰਭੂ ! ਬਿਦਤਹੁ ਰਿਦੇ ਮਹਾਨ ॥ ੧ ॥

[ਪਾਰ ਬ੍ਰਹਮ=ਪਰ ਬ੍ਰਹਮ, ਪਰਮ ਬ੍ਰਹਮ । ਜਿਸ ਤੋਂ ਪਰੇ ਤੇ ਉਪਰ ਹੋਰ ਕੋਈ ਨਹੀਂ, ਐਸਾ ਬ੍ਰਹਮ ।
ਪਰਮਾਤਮਾ=ਦੇਖੋ ਸ੍ਰੀ ਗੁ: ਨਾ: ਪ੍ਰ: ਪੂ: ਅਧ੍ਯਾ: ੧ ਅੰ: ੪ ਦੇ ਪਦ ਅਰਥ ।]

**ਅਰਥ**–(ਹੇ) ਪਾਰ ਬ੍ਰਹਮ ! (ਹੇ) ਪਰਮਾਤਮਾ ! (ਹੇ) ਸਾਰਿਆਂ ਵਿਚ ਇਕ ਤੁੱਲ ਰਮੇ ਹੋਏ ! (ਹੇ) ਸਭਿ ਦੇ ਆਸ਼੍ਰਾ ! (ਹੇ) ਸਭ ਦੇ ਪ੍ਰੇਰਕ ! (ਹੇ ਸਭ ਦੇ) ਮਾਲਿਕ ! (ਹੇ ਸਭ ਤੋਂ) ਵੱਡੇ ! ਮੇਰੇ ਹਿਰਦੇ ਵਿਚ ਪ੍ਰਗਟ ਹੋਵੋ ।

**ਭਾਵ**–ਕਵਿ ਜੀ ਸਮਾਨਸੱਤਾ ਕਰਕੇ ਪ੍ਰਭੂ ਦੀ ਵਿਆਪਕਤਾ, ਉੱਚਤਾ, ਪ੍ਰੇਰਕਤਾ, ਤੇ ਆਸ਼੍ਰਾ ਰੂਪ ਹੋਣ ਦਾ ਪ੍ਰੋਖ ਗ੍ਯਾਨ ਤਾਂ ਰਖਦੇ ਹਨ ਪਰ ਅਰਦਾਸ ਇਹ ਕਰ ਰਹੇ ਹਨ ਕਿ ਮੇਰੇ ਮਨ ਦੀ ਪ੍ਰਤੀਤੀ ਦੇ ਮੰਡਲ ਵਿਚ ਆਪ ਵਿਸ਼ੇਸ਼ਤਾ ਕਰਕੇ ਪ੍ਰਕਾਸ਼ ਪਾਓ ਜੋ ਆਪ ਦੇ ਸਾਮਰਤੱਖ ਮਿਲਾਪ (ਅਪ੍ਰੋਖ ਗ੍ਯਾਨ) ਦਾ ਰਸ ਮੈਨੂੰ ਪ੍ਰਾਪਤ ਹੋਵੇ ।

## ੨. 'ਕਵਿ–ਸੰਕੇਤ' ਮਿਰਯਾਦਾ ਦਾ ਮੰਗਲ।

ਸੈਯਾ ॥ ਸੁੰਦਰ ਉੱਜਲ ਚੰਦ ਅਮੰਦ ਮਨਿੰਦ ਦਿਪੈ ਮੁਖ ਦ੍ਵੰਦਨ ਹਾਨੀ ।
ਚੰਦ੍ਰਿਕਾ ਚੰਦ੍ਰਿਕ ਪਾਰਦ ਨਾਰਦ ਸਾਰਦ ਅੰਗ ਕੇ ਰੰਗ ਸਮਾਨੀ।
ਦੇਵ ਜਿ ਬ੍ਰਿੰਦ ਕਰੈਂ ਅਭਿਨੰਦਨ ਆਨੰਦ ਕੰਦ ਬਿਲੰਦ ਸੁ ਜਾਨੀ।
ਤਾਂ ਪਦ ਕੇ ਅਰਬਿੰਦਨਿ ਕੋ ਗਨ ਬੰਦਨ ਠਾਨਿ ਰਚੌਂ ਬਰਬਾਨੀ ॥ ੨ ॥

[ਅਮੰਦ=ਜੋ ਮੱਧਮ ਨਾਂ ਪਵੇ, ਜੋ ਇਕੋ ਜਿਹਾ ਲਗਾਤਾਰ ਚਮਕੇ, ਸੁੱਛ, ਸ੍ਰੇਸ਼ਟ, ਨਿਸ਼ਕਲੰਕ ।
ਦ੍ਵੰਦ=ਦ੍ਵੰਦ੍ਵ=ਹਰਖ, ਸ਼ੋਕ, ਦੁਖ ਸੁਖ ਆਦਿ ਜੋੜੇ । ਕਲੇਸ਼, ਦੁਖ ਕਸ਼ਟ । ਭਾਵ ਇਹ ਹੈ ਕਿ ਸ਼ਾਰਦਾ ਦਾ ਚਿਹਰਾ ਚੰਦ ਵਾਂਙੂ ਬਾਹਰ

ਹੀ ਪ੍ਰਕਾਸ਼ਮਾਨ ਨਹੀਂ ਸਗੋਂ ਕਵੀਆਂ ਦੇ ਹਿਰਦੇ ਵਿਚ ਜੋ ਰਾਗ ਦ੍ਵੈਖ ਆਦਿ ਆਵਰਣ ਉੱਚੀ ਕਵਿਤਾ ਦੇ ਪ੍ਰਤਿਬੰਧਕ ਉਪਜਦੇ ਹਨ, ਉਹਨਾਂ ਤੇ ਪ੍ਰਕਾਸ਼ ਪਾ ਕੇ ਸ਼ੁੱਭ ਬੁੱਧੀ ਦਾ ਪ੍ਰਕਾਸ਼ਕ ਹੈ।

ਚੰਦ੍ਰਿਕਾ=ਚਾਂਦਨੀ। ਚੰਦ੍ਰ, ਚੰਦ੍ਰਕ=ਚੰਦ੍ਰਮਾ। ਚੰਦ੍ਰਿਕ=ਚੰਦ ਦੀ।
ਪਾਰਦ=ਪਾਰਾ। ਭਾਵ ਪਾਰੇ ਵਾਂਕੂ ਲੁਸ ਲੁਸ ਕਰਦੇ।
ਨਾਰਦ=ਨਾਰਦ ਮੁਨੀ ਜੋ ਰੰਗ ਦਾ ਚਿੱਟਾ ਮੰਨਿਆ ਹੈ।
ਰੰਗ=ਕ੍ਰਾਂਤੀ, ਸ਼ੋਭਾ।
ਸਮਾਨੀ=ਸਮਾਨ ਹਨ। ਅਭਿਨੰਦਨ=ਨਮਸਕਾਰ।
ਗਨ ਬੰਦਨ=ਬਹੁਤੀ ਵਾਰ ਨਮਸਕਾਰ ਕਰਨਾ।
ਸੁਜਾਨੀ=ਚੰਗੀ ਤਰ੍ਹਾਂ ਜਾਣਕੇ। (ਅ) ਸੁਹਣੇ ਗਜਾਨ ਵਾਲੀ, ਪ੍ਰਬੀਨ।

**ਅਰਥ**–ਉੱਜਲ ਤੇ ਸੁਹਣੇ ਨਿਸ਼ਕਲੰਕ ਚੰਦ ਵਾਕੂ ( ਜਿਸ ਦਾ ) ਮੁਖੜਾ ਪ੍ਰਕਾਸ਼ ਰਿਹਾ ਹੈ ਤੇ ਦ੍ਵੰਦਾਂ ਨੂੰ ਦੂਰ ਕਰ ਰਿਹਾ ਹੈ।

( ਅਤੇ ) ਸ਼ਾਰਦਾ ਦੇ ( ਸਾਰੇ ) ਅੰਗ ਚੰਦ੍ਰਮਾਂ ਦੀ ਚਾਂਦਨੀ, ਪਾਰੇ ਤੇ ਨਾਰਦ ਦੇ ਰੰਗ ਸਮਾਨ (ਉੱਜਲ) ਹਨ।

( ਫਿਰ ) ਜਿਸ ਨੂੰ ਸਾਰੇ ਦੇਵਤੇ ਬੜੀ ਅਨੰਦ ਦਾਤੀ ਤੇ ਪ੍ਰਬੀਨ ਜਾਣਕੇ ਨਮਸਕਾਰਾਂ ਕਰਦੇ ਹਨ।

ਤਿਸ (ਸ਼ਾਰਦਾ ਦੇ) ਚਰਨਾਂ ਕਵਲਾਂ ਨੂੰ ਬਹੁਤੀ ਵਾਰ ਨਮਸਕਾਰ ਕਰਕੇ ਸ੍ਰੇਸ਼ਟ (ਬਾਰ੍ਹਵੀਂ ਰਾਸ ਦੀ) ਬਾਣੀ (=ਕਵਿਤਾ) ਰਚਦਾ ਹਾਂ।

**ਹੋਰ ਅਰਥ**–[੨ ਸਤਰ] ਚੰਦ ਦੀ ਚਾਂਦਨੀ ਪਾਰਾ ਤੇ ਨਾਰਦ ਇਨ੍ਹਾਂ ਦੇ ਰੰਗ ਸਾਰਦਾ ਦੇ ਅੰਗਾਂ ਦੇ (ਉੱਜਲ ਰੰਗ ਦੇ) ਸਾਹਮਣੇ (ਸਮਾ+ਨੀ=) ਸਮ ਨਹੀਂ ਹਨ ਭਾਵ ਨਜੂਨ ਹਨ।

## ੩. ਇਸ਼੍ਟ ਗੁਰੂ–ਸ੍ਰੀ ਗੁਰੂ ਨਾਨਕ ਦੇਵ ਜੀ–ਮੰਗਲ।

**ਚੌਪਈ ॥ ਉਪਦੇਸ਼ਤਿ ਜਗ ਗੁਰ ਭਏ ਫੈਲਯੋ ਜਸ ਜਿਮ ਚੰਦ।**
**ਬਿਘਨ ਬਿਨਾਸਹਿਂ ਕ੍ਰਿਪਾ ਤੇ, ਸ੍ਰੀ ਨਾਨਕ ਪਦ ਬੰਦਿ ॥ ੩ ॥**

**ਅਰਥ**–(ਮੈਂ) ਸ੍ਰੀ (ਗੁਰੂ) ਨਾਨਕ ਦੇਵ ਜੀ ਦੇ ਚਰਨਾਂ (ਕਵਲਾਂ ਉਪਰ) ਨਮਸਕਾਰ ਕਰਦਾ ਹਾਂ (ਜਿਨ੍ਹਾਂ ਨੇ) ਜਗਤ ਗੁਰੂ ਹੋ ਕੇ (ਜਗਤ ਨੂੰ) ਉਪਦੇਸ਼ ਦਿਤਾ, ( ਤੇ ਜਿਨ੍ਹਾਂ ਦਾ ) ਜਸ ਚੰਦ੍ਰਮਾ ਵਤ (ਸਾਰੇ) ਫੈਲਿਆ ਹੋਇਆ ਹੈ (ਓਹ ਸਤਿਗੁਰੂ ਜੀ) ਕ੍ਰਿਪਾ ਦੁਆਰਾ (ਮੇਰੇ) ਵਿਘਨਾਂ ਦਾ ਨਾਸ਼ ਕਰਨ।

**੪. ਇਸ਼੍ਟ ਗੁਰੂ**—ਸ੍ਰੀ ਗੁਰੂ ਅੰਗਦ ਦੇਵ ਜੀ ਦਾ—**ਮੰਗਲ।**

ਅਜਰ ਜਰਨ, ਧੀਰਜ ਧਰਨ, ਅਮਰ ਕਰਨ ਸਿਖ ਬ੍ਰਿੰਦ।
ਸ੍ਰੀ ਅੰਗਦ ਸੰਕਟ ਹਰਨ ਨਮਹਿਂ ਪਦਨਿ ਅਰਬਿੰਦ ॥ ੪ ॥

{ ਸੰਕਟ ਹਰਨ=ਸੰਕਟ ਹਰਨੇ ਵਾਲੇ। }

**ਅਰਥ**—ਅਜਰ ਦੇ ਜਰਨੇ ਵਾਲੇ, ( ਧਰਤੀ ਸਮ ) ਧੀਰਜ ਧਰਨ ਵਾਲੇ, ( ਆਪਣੇ ) ਸਾਰੇ ਸਿੱਖਾਂ ਨੂੰ ਅਮਰ ਕਰਨ ਵਾਲੇ ਅਤੇ ਸੰਕਟਾਂ ਨੂੰ ਦੂਰ ਕਰਨ ਵਾਲੇ ਸ੍ਰੀ ( ਗੁਰੂ ) ਅੰਗਦ ਦੇਵ ਜੀ ਦੇ ਚਰਨਾਂ ਕਵਲਾਂ ਉਪਰ (ਮੇਰੀ) ਨਮਸਕਾਰ ਹੈ।

**੫. ਇਸ਼੍ਟ ਗੁਰੂ**—ਸ੍ਰੀ ਗੁਰੂ ਅਮਰਦਾਸ ਜੀ ਦਾ—**ਮੰਗਲ।**

ਕਰੇ ਬਿਸਾਲ ਨਿਹਾਲ ਜਨ ਟਾਲਿ ਕਾਲ ਦੁਖ ਜਾਲ।
ਅਮਰਦਾਸ ਸ੍ਰੀ ਸਤਿਗੁਰੂ ਰਿਦੈ ਸੰਭਾਲਿ ਕ੍ਰਿਪਾਲੁ ॥ ੫ ॥

{ਜਾਲ=ਸਾਰੇ। ਸੰਭਾਲਿ=ਯਾਦ ਕਰਕੇ, ਸਿਮਰਕੇ।}

**ਅਰਥ**—ਕਾਲ (ਚੱਕ੍ਰ ਵਿਚ ਆਕੇ ਵਜਾਪਣ ਵਾਲੇ) ਸਾਰੇ ਦੁਖਾਂ ਨੂੰ ( ਜਿਨ੍ਹਾਂ ਸਤਿਗੁਰਾਂ ਨੇ ) ਦੂਰ ਕਰਕੇ (ਆਪਣੇ) ਸੇਵਕਾਂ ਨੂੰ ਬਹੁਤ ਹੀ ਨਿਹਾਲ ਕੀਤਾ ਹੈ ( ਐਸੇ ) ਕ੍ਰਿਪਾਲੂ ਸ੍ਰੀ ਸਤਿਗੁਰੂ ਅਮਰਦਾਸ ਜੀ ਨੂੰ ਮੈਂ ਰਿਦੇ ਵਿਚ ਸਿਮਰ ਰਿਹਾ ਹਾਂ।

**੬. ਇਸ਼੍ਟ ਗੁਰੂ**—ਸ੍ਰੀ ਗੁਰੂ ਰਾਮ ਦਾਸ ਜੀ ਦਾ—**ਮੰਗਲ।**

ਤ੍ਰਾਸ ਨਾਸ਼ ਨਿਜ ਦਾਸ ਕੇ ਬਾਕ ਬਿਲਾਸ ਪ੍ਰਕਾਸ਼।
ਰਾਮਦਾਸ ਸ੍ਰੀ ਸਤਿਗੁਰੂ ! ਬਾਸਹੁ ਰਿਦੈ ਅਵਾਸ ॥ ੬ ॥

**ਅਰਥ**—(ਹੇ) ਸ੍ਰੀ ਸਤਿਗੁਰੂ ਰਾਮਦਾਸ ਜੀਓ ! (ਆਪ ਆਪਣੇ ਬਚਨ ਬਿਲਾਸ ਦੇ ਪ੍ਰਕਾਸ਼ ਨਾਲ ਹੀ ਆਪਣੇ ਦਾਸਾਂ ਦੇ ਭੈ ਨਾਸ਼ ਕਰ ਦਿੰਦੇ ਹੋ ( ਮੇਰੀ ਪ੍ਰਾਰਥਨਾ ਹੈ ਕਿ ਮੇਰੇ ) ਹਿਰਦੇ (ਰੂਪੀ) ਘਰ ਵਿਚ ਆ ਵਸੋ (ਜੋ ਮੇਰੇ ਭੈ ਬੀ ਨਿਵਿਰਤ ਹੋ ਜਾਣ)।

**੭. ਇਸ਼੍ਟ ਗੁਰੂ**—ਸ੍ਰੀ ਗੁਰੂ ਅਰਜਨ ਦੇਵ ਜੀ ਦਾ—**ਮੰਗਲ।**

ਤਰਜਨ ਦੁਖ, ਬਰਜਨ ਬਿਘਨ, ਸਿਰਜਨ ਜਨ ਕੱਲਯਾਨ।
ਸ੍ਰੀ ਅਰਜਨ ! ਅਰਜ਼ਨਿ ਸੁਨਹਿ, ਨਮੋ ਪਦਮ ਪਦ ਠਾਨਿ ॥ ੭ ॥

{ ਸਿਰਜਨ=ਰਚਨ ਵਾਲੇ, ਭਾਵ, ਮੁਕਤੀ ਦਾ ਪ੍ਰਬੰਧ ਕਰ ਦਿੰਦੇ ਹਨ। }

**ਅਰਥ**—ਸ੍ਰੀ ਗੁਰੂ ਅਰਜਨ ਦੇਵ ਜੀ ( ਜੋ ਆਪਣੇ ) ਦਾਸਾਂ ਦੀਆਂ ਅਰਜ਼ਾਂ ਸੁਣਦੇ ਹਨ (ਅਰ ਉਹਨਾਂ ਦੇ) ਦੁਖਾਂ ਨੂੰ ਤਾੜਦੇ ਹਨ, ਵਿਘਨਾਂ ਨੂੰ ਵਰਜਦੇ ਤੇ ਮੁਕਤੀ ਦਾ ਪ੍ਰਬੰਧ ਬਣਾ ਦਿੰਦੇ ਹਨ (ਤਿਨ੍ਹਾਂ ਦੇ) ਚਰਨਾਂ ਕਵਲਾਂ ਉਪਰ ਨਮਸਕਾਰ ਕਰਦਾ ਹਾਂ।

## ੮. ਇਸ਼੍ਰ ਗੁਰੂ—ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ—ਮੰਗਲ।

ਜਨ ਬ੍ਰਿੰਦਨਿ ਆਨੰਦ ਦੇ ਜਿਮਿ ਦਿਨਿੰਦ ਅਰਬਿੰਦ।
ਸ੍ਰੀ ਹਰਿ ਗੋਬਿੰਦ ਚੰਦ ਗੁਰ ਨਮੋ ਸੁਛੰਦ ਮੁਕੰਦ ॥ ੮ ॥

{ਸ੍ਰੀ ਹਰਿ ਗੋਵਿੰਦ ਚੰਦ ਗੁਰ=ਸਾਰਾ ਨਾਮ ਹੈ "ਸ੍ਰੀ ਗੁਰ ਹਰਿਗੋਵਿੰਦ ਚੰਦ" ( ਅ ) ਚੰਦ ਸਮਾਨ ਸ਼ਾਂਤੀ ਤੇ ਪ੍ਰਕਾਸ਼ ਦਾਤਾ ਗੁਰ ਹਰਿ ਗੁਬਿੰਦ ਜੀ।
ਸੁਛੰਦ=ਸੁਤੰਤ੍ਰ। ਮੁਕੰਦ=ਮੁਕਤੀ ਦਾਤਾ।}

ਅਰਥ—ਜਿਵੇਂ ਸੂਰਜ ਕਮਲਾਂ ਨੂੰ ( ਆਨੰਦ ਦੇਂਦਾ ਹੈ ਤਿਵੇਂ ) ਮੁਕਤੀ ਦਾਤੇ ਤੇ ਸੁਤੰਤ੍ਰ ਸ੍ਰੀ ਗੁਰੂ ਹਰਿਗੋਵਿੰਦ ਚੰਦ ਜੀ (ਆਪਣੇ) ਸਾਰੇ ਦਾਸਾਂ ਨੂੰ ਆਨੰਦ ਦੇ ਦਾਤੇ ਹਨ (ਤਿਨ੍ਹਾਂ ਨੂੰ ਮੇਰੀ) ਨਮਸਕਾਰ ਹੋਵੇ।

## ੯. ਇਸ਼੍ਰ ਗੁਰੂ—ਸ੍ਰੀ ਗੁਰੂ ਹਰਿ ਰਾਇ ਜੀ ਦਾ—ਮੰਗਲ।

ਸੁਖ ਬਿਲਾਸ ਦਾਸਨਿ ਬਖਸ਼ਿ ਰਿਪੁਨਿ ਬਚਨ ਤੇ ਹਾਨਿ।
ਸ੍ਰੀ ਸਤਿਗੁਰੁ ਹਰਿਰਾਇ ਜੀ ਨਮਹਿ, ਕਰਹੁ ਕੱਲਜਾਨ ॥ ੯ ॥

ਅਰਥ—ਹੇ ਸ੍ਰੀ ਸਤਿਗੁਰੂ ਹਰਿਰਾਇ ਜੀਓ (ਆਪ ਆਪਣੇ) ਦਾਸਾਂ ਨੂੰ ਸੁਖ ਤੇ ਆਨੰਦ ਬਖਸ਼ਦੇ ਹੋ ਤੇ (ਚੜ੍ਹ ਆਏ) ਵੈਰੀਆਂ ਨੂੰ ਵਚਨ (ਮਾਤ੍ਰ) ਨਾਲ ਹੀ ਨਾਸ਼ ਕਰ ਦਿੰਦੇ ਹੋ, (ਆਪ ਜੀ ਨੂੰ) ਨਮਸਕਾਰ ਕਰਕੇ (ਮੈਂ ਬੇਨਤੀ ਕਰਦਾ ਹਾਂ ਕਿ) ਮੇਰੀ (ਬੀ) ਕੱਲਜਾਨ ਕਰੋ।

## ੧੦. ਇਸ਼੍ਰ ਗੁਰੂ—ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ—ਮੰਗਲ।

ਦਰਸ਼ਨ ਤੇ ਸੰਕਟ ਨਸਹਿੰ ਪਗ ਪਰਸਨਿ ਸੁਖਦਾਇ।
ਜਨ ਹਰਸ਼ਨ ਸਰਸਨ ਸਦਾ ਸ੍ਰੀ ਹਰਿ ਕ੍ਰਿਸ਼ਨ ਸੁਭਾਇ ॥ ੧੦ ॥

ਅਰਥ—( ਸ੍ਰੀ ਸਤਿਗੁਰੂ ) ਹਰਿ ਕ੍ਰਿਸ਼ਨ ਜੀ ਦੇ ਦਰਸ਼ਨ ਨਾਲ ਤਾਂ ਸੰਕਟ ਦੂਰ ਹੁੰਦੇ ਹਨ ਤੇ (ਉਹਨਾਂ ਦੇ) ਚਰਨ ਪਰਸਣੇ ਸੁੱਖਾਂ ਦੇ ਦਾਤੇ ਹਨ ( ਅਤੇ ਉਹਨਾਂ ਦਾ ) ਸੁਭਾਉ ਦਾਸਾਂ ਨੂੰ ਖੁਸ਼ੀ ਦੇਕੇ ਖਿੜਾ ਦੇਣ ਵਾਲਾ ਹੈ (ਤਿਨ੍ਹਾਂ ਨੂੰ ਮੇਰੀ ਨਮਸਕਾਰ ਹੋਵੇ)।

## ੧੧ ਇਸ਼੍ਰ ਗੁਰੂ—ਸ੍ਰੀ ਗੁਰੂ ਤੇਗ ਬਹਾਦਰ ਜੀ—ਮੰਗਲ।

ਤ੍ਰਿਣ ਤੁਲ ਤਨ ਤਜਿ ਤੁਰਤ ਤਿਹ ਤੁਰਕਨਿ ਤੇਜ ਨਿਕੰਦ।
ਤੇਗ ਬਹਾਦੁਰ ਸਤਿਗੁਰੂ ਚਰਨ ਕਮਲ ਤਿਨ ਬੰਦਿ ॥ ੧੧ ॥

{ਤਿਹ=ਤਿੱਥੋਂ, ਭਾਵ ਦਿੱਲੀ ਵਿੱਚੋਂ।}

ਅਰਥ—ਤ੍ਰਿਣ ਸਮਾਨ ਸਰੀਰ ਨੂੰ ਤਿਆਗ ਕੇ (ਜਿਨ੍ਹਾਂ ਨੇ) ਤੁਰਕਾਂ ਦਾ ਤੇਜ ਤਿਹ (=ਉਥੋਂ ਭਾਵ ਦਿੱਲੀ ਤੋਂ) ਛੇਤੀ ਪੁੱਟ ਘੱਤਿਆ, (ਐਸੇ) ਸਤਿਗੁਰੂ ਤੇਗ ਬਹਾਦੁਰ ਜੀ (ਜੋ ਹਨ) ਤਿਨ੍ਹਾਂ ਦੇ ਚਰਨਾਂ ਕਵਲਾਂ ਨੂੰ ਨਮਸਕਾਰ ਹੈ।

## ੧੨. ਇਸ੍ਟ ਗੁਰੂ–ਸ੍ਰੀ ਗੁਰੂ ਗੋਬਿੰਦ ਸਿੰਘ ਜੀ–ਮੰਗਲ।

ਰਚਯੋ ਨਿਖਾਲਿਸ ਖਲਕ ਤੇ ਪੰਥ ਖਾਲਿਸਾ ਸੁੱਧ।
ਸ਼੍ਰੀ ਗੁਰੁ ਗੋਬਿੰਦ ਸਿੰਘ ਜੀ ਹਤਿ ਰਿਪੁ ਕ੍ਰੁੱਧਤਿ ਜੁੱਧ॥ ੧੨॥

{ ਨਿਖਾਲਿਸ=ਵਿਸ਼ੇਸ਼ ਕਰਕੇ ਖਾਲਿਸ, ਸ਼ੁਧ। (ਅ) ਨਿਰਾਲਾ। }

**ਅਰਥ**–( ਧੰਨ ਹਨ ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ( ਜਿਨ੍ਹਾਂ ਨੇ ਖਲਕਤ ਤੋਂ ) ਬਹੁਤ ਖਾਲਸ (ਕਰਕੇ) ਸ਼ੁੱਧ ਖਾਲਸਾ ਪੰਥ ਰਚਿਆ ਤੇ ਜੁੱਧ ਵਿਚ ਕ੍ਰੁੱਧਤਿ ਹੋਕੇ ( ਪ੍ਰਜਾ ਦੇ ) ਵੈਰੀਆਂ ਦਾ ਨਾਸ਼ ਕੀਤਾ।

**ਹੋਰ ਅਰਥ**–ਸ਼੍ਰੀ ਗੁਰੂ ਗੋਵਿੰਦ ਸਿੰਘ ਜੀ ( ਜਿਨ੍ਹਾਂ ਨੇ ਪ੍ਰਜਾ ਦੇ ) ਵੈਰੀਆਂ ਨੂੰ ਜੁੱਧ ਵਿਖੇ ਕ੍ਰੁੱਧਤਿ ਹੋ ਕੇ ਮਾਰਨ ਲਈ ਸ਼ੁੱਧ ਪੰਥ ਖਾਲਸਾ ਖਲਕਤ ਤੋਂ ਸੁੱਧ ਰਚਿਆ ( ਤਿਨ੍ਹਾਂ ਨੂੰ ਮੇਰੀ ਨਮਸਕਾਰ ਹੈ)।

## ੧੩. ਦਸੋਂ ਗੁਰੂ ਮੰਗਲ।

ਪਗ ਸਰੋਜ ਸਭਿ ਗੁਰਨਿ ਕੇ ਉਰ ਮਹਿਂ ਭਲੇ ਮਨਾਇ।
ਦ੍ਵਾਦਸ਼ਮੀ ਅਬਿ ਰਾਸਿ ਕੋ ਰਚੌਂ ਪ੍ਰਮੇਸੁਰ ਧਯਾਇ॥ ੧੩॥

**ਅਰਥ**–ਸਾਰੇ ਸਤਿਗੁਰਾਂ ਦੇ ਚਰਨਾਂ ਕਵਲਾਂ ਨੂੰ ਰਿਦੇ ਦੇ ਵਿਚ ਚੰਗੀ ਤਰ੍ਹਾਂ ਮਨਾ ਕੇ (ਸਿਮਰਕੇ ਅਤੇ) ਪਰਮ ਈਸ਼ਰ (ਵਾਹਿਗੁਰੂ) ਨੂੰ ਧਯਾਇ ਕੇ ਹੁਣ ਮੈਂ ( ਸੂਰਜ ਪ੍ਰਕਾਸ਼ ਦੀ) ਬਾਰ੍ਹਵੀਂ ਰਾਸਿ ਰਚਦਾ ਹਾਂ।

---

ਦੋਹਰਾ॥ ਕਿਤਿਕ ਦਿਵਸ ਬਸਿ ਕਰਿ ਗੁਰੂ ਪਟਨੇ ਨਗਰ ਮਝਾਰ। ਸੁਖ ਪਾਯਹੁ ਸ਼੍ਰਮ ਪਰਹਰਯੋ, ਸਿੱਖਯਨਿ ਕਰਨਿ ਉਧਾਰ॥ ੧੪॥ ਅਬਹਿ ਕਥਾ ਇਕ ਭੂਪ ਕੀ ਉਚਿਤ ਕਹਨਿ ਕੋ ਜਾਨਿ। ਤਿਸ ਕੋ ਬਰਨਨਿ ਕਰਤਿ ਹੌਂ,ਸੁਨਹੁ ਸੰਤ! ਦੇ ਕਾਨ॥੧੫॥ਦੇਸ ਕਾਮਰੂ* ਗੁਰ ਗਮਨਿ ਕੀਨਸਿ ਜਿਸ ਕੇ ਸੰਗ। ਕਹੌਂ ਛੋਰ ਤੇ[੧] ਸੋ ਕਥਾ ਜਿਮ ਹਮ ਸੁਨਯੋ ਪ੍ਰਸੰਗ॥੧੬॥ ਚੌਪਈ॥ ਦਿੱਲੀ ਮਹਿਂ ਅਕਬਰ ਤੁਰਕੇਸ਼। ਕਰਤਿ ਰਾਜ ਲੇ ਦੇਸ਼ ਅਸ਼ੇਸ਼। ਜਹਾਂ ਮਵਾਸ ਹੋਹਿ ਕੋ ਜਾਈ। ਤਹਿਂ ਬਡ ਸੈਨਾ ਦੇਤਿ ਪਠਾਈ ॥ ੧੭॥ ਕਰਿ ਸੰਗ੍ਰਾਮ ਬਿਜੈ ਕੋ ਪਾਇ। ਬਸੀ ਕਰੇ ਸਭਿ ਦੇਸ਼ਨਿ ਰਾਇ[੨]। ਆਇਸੁ ਅਕਬਰ ਕੀ ਸਿਰ ਸਹੈਂ[੩] ।ਅਪਨੋ ਰਾਜ ਕਰਤਿ ਸੋਂ ਰਹੈਂ॥ ੧੯॥ ਨੀਤਿ[੪] ਬਿਸਾਲ ਨੀਤਿ[੫] ਉਰਧਾਰੈਂ।ਮਿੱਤ੍ਰ ਵਧਾਵਹਿਂ ਸ਼ੱਤ੍ਰ ਨਿਕਾਰੈਂ। ਦੇਸ਼ ਕਾਮਰੂ

---

[੧]ਏਹਲਕੇ (ਅ) ਸ਼ੁਰੂ ਤੋਂ। [੨]ਦੇਸ਼ਾਂ ਦੇ ਰਾਜੇ। [੩]ਰਾਜੇ ਸਹਿੰਦੇ ਰਹਿਣ। [੪]ਰਾਜ ਨੀਤੀ। [੫]ਨਿੱਤ।
*ਕਾਮ ਰੂਪ ਦੇਸ਼ ਜੋ ਬੰਗਾਲ ਦੇ ਉੱਤਰ ਪੂਰਬ ਨੂੰ ਹੈ।

ਰਹਨੋ ਮਵਾਸੀ। ਤਹਿਂ ਕਾਮੱਖ੍ਯਾ[1] ਜੋਤਿ ਪ੍ਰਕਾਸ਼ੀ ॥ ੧੯ ॥ ਮਹਾਂ ਸ਼ਕਤਿ ਜੁਤਿ ਜ਼ਾਹਰ ਕਲਾ। ਯਾਂਤੇ ਨਹਿਂ ਅਕਬਰ ਬਸ ਚਲਾ। ਭੂਪ ਦੇਸ਼ ਕੇ ਪਰ ਜੋ ਆਵੈ[2]। ਸੋ ਦੇਵੀ ਕੋ ਸ਼ਰਨਿ ਸਿਧਾਵੈ ॥ ੨੦ ॥ ਤਬਿ ਸਹਾਇਤਾ ਕਰਹਿ[3] ਬਿਸਾਲਾ। ਹਤਹਿ ਦੁਸ਼ਟ ਕੀ ਬਲ ਤਤਕਾਲਾ।ਅਨਿਕ ਰੀਤਿ ਕੇ ਮੰਤ੍ਰ ਸੁ ਜਾਨਹਿਂ[4]। ਤਿਨ ਤੇ ਸ਼ੱਤ੍ਰਨਿ ਗਨ ਕੋ ਹਾਨਹਿ* ॥੨੧॥ ਅਕਬਰ ਚਿਤਵਤਿ ਤਿਹ ਸਰ ਕਰਿਬੇ। ਕਈ ਬਾਰ ਕਰਿ ਲਸ਼ਕਰਿ ਚਰਿਬੇ। ਨਹੀਂ ਮਿਲਯੋ ਸੋ ਆਇ ਕਦਾਈ। ਰਹੇ ਮਵਾਸੀ ਦੇਸ਼ ਸਦਾਈ ॥ ੨੨ ॥ ਮਾਨ ਸਿੰਘ ਰਾਜਾ ਬਲਵੰਡ। ਜੀਤੀ ਪਸ਼ਚਮ ਦਿਸ਼ਾ ਪ੍ਰਚੰਡ। ਮਹਾਂ ਮਲੇਛ ਕਰੇ ਸਰ ਜਾਇ। ਤਹਾ ਜੀਤ ਕੀ ਬੰਬ ਬਜਾਇ ॥ ੨੩ ॥ ਹਟਿ ਆਯਹੁ ਪੁਨ ਅਪਨੇ ਦੇਸ਼। ਸ਼ੰਕਾ ਕਰਤਿ ਭਯੋ ਤੁਰਕੇਸ਼।–ਇਹ ਰਜਪੂਤ ਪ੍ਰਤਾਪੀ ਭਾਰੇ।ਜੇ ਕਬਿ ਬਿਗਰਹਿਂ ਸੰਗ ਹਮਾਰੇ॥੨੪॥ਰੌਰਾ ਪਤਿਸ਼ਾਹਤ ਮਹਿ ਪਾਵੈ। ਕੌਨ ਸਮੁਖ ਹੁਇ ਜੰਗ ਮਚਾਵੈ। ਸੁਭਟ ਬਡੇਰੇ ਪਸ਼ਚਮ ਦੇਸ਼। ਕਰੇ ਜੋਰ ਤੇ ਜ਼ੇਰ[5] ਅਸ਼ੇਸ਼ ॥ ੨੫ ॥ ਯਾਂਤੇ ਇਸਹਿ ਮੁਹਿੰਮ ਪਠਾਵੈਂ। ਜਹਾਂ ਜਾਇ ਕਰਿ ਫੇਰ ਨ ਆਵੈ।ਲਰਿਤੇ ਜੀਤਹਿ ਕਰਿ ਰਣਘੋਰ।ਦੇਸ਼ ਕਾਮਰੂ ਮੰਤ੍ਰਨਿ ਜੋਰ ॥ ੨੬ ॥ ਚਲਹਿ ਨ ਬਸਿ ਤਹਿ ਜੁੱਧ ਕਰਨਿ ਕੋ। ਮੰਤ੍ਰਨਿ ਸੰਗ ਸੁ ਪਾਇ ਮਰਨਿ ਕੋ। ਜੇ ਨ ਮਰਹਿ ਲੈ ਬਿਜੈ ਉਪਾਇ। ਦੇਸ਼ ਮਵਾਸੀ ਹਮ ਢਿਗ ਆਇ–॥ ੨੭ ॥ ਅਸ ਮਸਲਤਿ ਕਰਿ ਕੈ ਛਲ ਸਾਨੀ। ਨ੍ਰਿਪਤਿ ਹਕਾਰਯੋ ਬਡ ਅਭਿਮਾਨੀ।ਦਿੱਲੀ ਮਹਿ ਪ੍ਰਵੇਸ਼ ਜਬਿ ਹੋਯੋ। ਗੋਬਧ[6] ਬ੍ਰਿੰਦ ਕਸਾਈ ਜੋਯੋ ॥੨੮॥ ਪਿਖਿ ਕਰਿ ਸਹਿ ਨ ਸਕ੍ਯੋ ਰਿਸ ਧਰਿ ਕੈ।ਖੜਗਨਿ ਸੰਗ ਕਟਾ ਤਿਨ ਕਰਿ ਕੈ। ਭਾਜ ਦੂਰ ਤਿਨ ਪ੍ਰਾਨ ਉਬਾਰੇ। ਜੋ ਹੇਰੇ ਸੋ ਖੜਗ ਬਿਦਾਰੇ ॥ ੨੯ ॥ ਇਸ ਪ੍ਰਕਾਰ ਬਹੁ ਰੌਰ ਮਚਾਵਤਿ। ਤੁਰਕੇਸ਼ੁਰ ਕੇ ਨਿਕਟਿ ਸਿਧਾਵਤਿ। ਸੁਨੇ ਹਤੇ[7] ਕੁਛ ਨਾਂਹਿ ਨ ਕਰਯੋ। ਤਊ ਰਿਦਾ

[1]ਗੁਹਾਟੀ ਨੇੜੇ ਇਕ ਦੇਵੀ ਦਾ ਮੰਦਰ ਜਿਸ ਵਿਚ ਦੇਵੀ ਦੇ ਨੈਰਤੇਜ ਦੀ ਪੂਜਾ ਹੁੰਦੀ ਹੈ। [2](ਕਾਮ ਰੂਪ) ਦੇਸ਼ ਦੇ ਰਾਜੇ ਉਪਰ ਜੋ ਚੜ੍ਹਕੇ ਆਵੇ। [3](ਦੇਵੀ) ਕਰੇ। [4]ਜਾਣਦੇ ਸਨ (ਲੋਕੀਂ)। [5]ਅਧੀਨ। [6]ਗਊਬੱਧ। [7](ਕਸਾਈ) ਮਾਰੇ ਗਏ ਸੁਣੇ।

*ਜਿਵੇਂ ਕਵਿ ਜੀ ਨੇ ਸੁਣਿਆ ਹੈ (ਦੇਖੋ ਅੰਕ ੧੬) ਲਿਖ ਰਹੇ ਹਨ। ਬੰਗਾਲ ਅਸਾਮ ਆਦਿ ਇਲਾਕਿਆਂ ਵਿਚ ਸ਼ਕਤੀ ਪੂਜਾ ਕਰਨ ਵਾਲੇ ਲੋਕੀਂ ਬਹੁਤ ਹਨ ਤੇ ਤਾਂਤਰੀ ਲਗ ਪਗ ਸਾਰੇ ਹਨ, ਇਹ ਗਲ ਠੀਕ ਹੈ। ਤੰਤ੍ਰਾਂ ਮੰਤ੍ਰਾਂ ਦਾ ਭੈ ਤੇ ਕਾਲੀ ਦਾ ਡਰ ਇਹ ਆਮ ਲੋਕਾਂ ਵਿਚ ਤਦੋਂ ਬਹੁਤ ਹੈਸੀ।

ਬਹੁ ਦੁਖ ਸੋਂ ਦਹਨੋ ॥੩੦॥ ਕਪਟ ਠਾਨਿ ਕੈ ਨਿਕਟਿ ਬਿਠਾਇਸਿ।ਸ਼ਸਤ੍ਰ
ਬਸਤ੍ਰ ਬਹੁਮੁਲੇ ਦਿਵਾਇਸਿ । ਸਭਾ ਲਗਾਇ ਸਕਲ ਉਮਰਾਵ । ਰਾਜੇ
ਅਪਰ ਬੁਲਾਇ ਬਿਠਾਵ ॥ ੩੧ ॥ ਭਰੀ ਕਚਹਿਰੀ ਮਹਿਂ ਸਨਮਾਨਾ ।
ਅਧਿਕ ਦਰਬ ਕੋ ਬਖਸ਼ਨਿ ਠਾਨਾ। ਬੀੜਾ ਪਾਨਨ ਕੋ ਸ਼ੁਭ ਰੰਗੀ । ਅਰ
ਸ਼ਮਸ਼ੇਰ ਧਰੀ ਕਰਿ ਨੰਗੀ ॥ ੩੨ ॥ ਬੀਚ ਸਭਾ ਦੇਖਹਿ ਸਭਿ ਕੌਨ[1]।ਗਹੀ
ਨ ਕਿਨਹੂ ਠਾਨੀ ਮੌਨ ।-ਦੇਸ਼ ਕਾਮਰੂ ਮੰਤ੍ਰਨਿ ਬਲ ਹੈ। ਕਹਾਂ ਕਰਹਿ
ਤਹਿਂ,ਲੇ ਬਡਿ ਦਲ ਹੈ-॥੩੩॥ ਮਾਨ ਸਿੰਘ ਨ੍ਰਿਪ ਰਿਦੇ ਬਿਚਾਰੀ।-ਸਭਿ
ਮਹਿਂ ਸਨਮਾਨਨੋਂ ਮੁਝ ਭਾਰੀ।ਇਹ ਸ਼ਮਸ਼ੇਰ ਅਗਾਰੀ ਮੇਰੇ। ਕਰਨੋ ਫਤੇਬ
ਅਪਰ ਦਿਸ਼ਿ ਹੇਰੇ ॥ ੩੪ ॥ ਬੀਚ ਕਚਹਿਰੀ ਜੇ ਨ ਉਠਾਵੋਂ । ਨਿਜ ਬਲਿ
ਕੋ ਤਬਿ ਅਧਿਕ ਲਜਾਵੋਂ । 'ਕਾਇਰ ਭਯੋ'ਕਹਹਿਂ ਪਸ਼ਚਾਤੀ।ਇਸ ਬਿਧਿ
ਹੋਇ ਆਨਿ ਘਟਿ ਜਾਤੀ[2] ॥ ੩੫ ॥ ਬਡੇ ਬਲੀ ਮੋ ਸੋਂ ਲਰਿ ਸਾਰੇ। ਮਮ
ਆਗੈ ਇਹ ਕਹਾਂ ਬਿਚਾਰੇ-। ਇਮ ਬਿਚਾਰਿ ਅਪਨੀ ਬਡਿਆਈ। ਕਰਿ
ਸਲਾਮ ਸ਼ਮਸ਼ੇਰ ਉਠਾਈ ॥ ੩੬ ॥ ਤਬਿ ਅਕਬਰ ਨੇ ਬਹੁਤ ਸਰਾਹਾ ।
ਨਿਕਸਿ ਵਹਿਰ ਤਿਤ ਚਢਨਿ ਉਮਾਹਾ । ਅਨੀ[3] ਘਨੀ ਘਨ ਮਨਹੁਂ
ਸਕੇਲਿ।ਗਮਨਨੋਂ ਭੂਪ ਪੰਥ ਪਗ ਮੇਲਿ॥੩੭॥ਲਸ਼ਕਰ ਚਢ੍ਯੋ ਮਨਹੁਂ ਘਨ
ਮਹਾਂ।ਬਜੀ ਬੰਬ ਬਡਿ ਘੋਖਤਿ ਲਹਾ[4]।ਸ਼ਸਤ੍ਰਨਿ ਚਮਕ ਚੰਚਲਾ ਥਰਕੈ[5]।
ਚਲ੍ਯੋ ਭੂਪ ਦ੍ਰਿਗ ਬਾਮੋਂ ਫਰਕੈ ॥ ੩੮ ॥ ਸਨੇ ਸਨੇ ਨਿਜ ਡੇਰੇ ਘਾਲਤਿ।
ਪ੍ਰਤਿਪਾਲਤਿ ਨਿਜ ਚਮੂੰ ਸੰਭਾਲਤਿ । ਪਾਛੈ ਅਕਬਰ ਦਰਬ ਪਠਾਇਸਿ।
ਹੁਇ ਸਰ ਦੇਸ਼ ਕਿ ਨ੍ਰਿਪ ਮਰਿ ਜਾਇਸਿ ॥ ੩੯ ॥ ਦੋਨਹੁ ਦਿਸ਼ਿ ਤੇ
ਹਰਖ ਧਰੰਤਾ । ਸਾਦਰ ਵਸਤੂ ਅਧਿਕ ਪਠੰਤਾ । ਮਾਨ ਸਿੰਘ ਪੂਰਬ ਮਹਿਂ
ਜਾਇ। ਅਪਨੋ ਅਧਿਕ ਪ੍ਰਤਾਪ ਦਿਖਾਇ ॥੪੦॥ ਬਹੁਤ ਦੇਸ਼ ਕੋ ਜੀਤਨਿ
ਕਰਨੋ। ਦੇਖਿ ਬਲੀ ਕੋ ਕਹੂ ਨ ਅਰਨੋ। ਬ੍ਰਹਮ ਪੁੱਤ੍ਰ ਨਦ[6] ਏਕ ਮਹਾਨਾ।
ਗੁਆਹਾਟ ਪੁਰਿ ਪਾਰ ਸਥਾਨਾ[7] ॥ ੪੧ ॥ ਰੰਗਾਮਾਟੀ[8] ਅਹੈ ਉਰਾਰੇ ।
ਨ੍ਰਿਪ ਦਲ ਜੁਤਿ ਤਹਿ ਡੇਰਾ ਡਾਰੇ। ਚਤਰ ਕੋਸ ਪਾਟਾ[9] ਤਿਸ ਨਦ ਕੋ ।

[1] ਸਭ ਕੋਈ। [2] ਇਸ ਤਰ੍ਹਾਂ ਹੋਇਆਂ ਆਨ ਘਟ ਜਾਂਦੀ ਹੈ। [3] ਸੈਨਾ। [4] (ਬਦਲ) ਗੱਜਦਾ ਮਲੂਮ ਦਿੱਤਾ। [5] ਸ਼ਸਤ੍ਰਾਂ ਦੀ ਚਮਕ ਬਿਜਲੀ ਵਾਂਗ ਥਰਕਦੀ ਹੈ। [6] ਦਰਿਯਾ। [7] ( ਜਿਸ ਦਰਿਆ ਦੇ ) ਪਾਰ ਗੁਹਾਟੀ ਨਾਮੇ ਸ਼ਹਿਰ ਹੈ। [8] ਦੋ ਤ੍ਰੈ ਟਿਕਾਣੇ ਇਸ ਨਾਮ ਦੇ ਹਨ, ਬ੍ਰਹਮ ਪੁੱਤ੍ਰਾ ਤੇ ਇਸੇ ਪਾਸੇ ਮੁਰਸ਼ਿਦਾਬਾਦ ਵਾਲੀ ਰੰਗਾ ਮਾਟੀ ਸ਼ਾਯਦ ਹੋਵੇ। ਪਰ ਵਧੀਕ ਅਗਲਬ ਹੈ ਕਿ ਰੰਗ ਪੁਰ ਤੋਂ ਮੁਰਾਦ ਹੋਵੇ। ਤੇ ਸਤਿਗੁਰੂ ਜੀ ਦੀ ਯਾਦਗਾਰ ਦੇ ਟਿਕਾਣੇ ਦਾ ਗੁਰਦ੍ਵਾਰਾ ਜੋ ਧੁਬੜੀ ਵਿਚ ਹੈ ਇਸ ਰੰਗ ਪੁਰ ਤੋਂ ਹੀ ਨੇੜੇ ਪੈਂਦਾ ਹੈ। [9] ਚੁੜਾਈ।

ਉਤਰਨਿ ਪਾਰ ਬਿਦਾਰਹਿ ਮਦ ਕੋ[੧] ॥ ੪੨ ॥ ਪਾਰ ਜਹਾਂ ਕਾਮੱਖਯਾ ਮੰਦਰ। ਬਸਹਿ ਬਿਸਾਲ ਨਗਰ ਤਹਿਂ ਸੁੰਦਰ। ਤਿਸੀ ਦੇਸ਼ ਕੋ ਭੂਪਤਿ ਭਾਰੀ। ਰਜਧਾਨੀ ਨਿਜ ਪੁਰੀ ਸੁਧਾਰੀ ॥ ੪੩ ॥ ਸਬਲ ਬਾਹਨੀ ਲਿਯੇ ਮਹਾਨਾ। ਬਸਹਿ ਨਰੇਸ਼ੁਰ ਦੇਵ ਸਮਾਨਾ[੨]।ਸਦਾ ਉਪਾਸਨ ਦੇਵੀ ਕਰਤਾ। ਆਦਿ ਸ਼ਕਤਿ ਕੋ ਧਯਾਨ ਸੁ ਧਰਤਾ ॥ ੪੪ ॥ ਨਿਤਪਤਿ ਹੋਮ[੩] ਬਿਸਾਲ ਕਰਾਵਹਿ। ਧੂਪ ਦੀਪ ਚੰਦਨ ਚਰਚਾਵਹਿ। ਮਾਨ ਸਿੰਘ ਕੋ ਐਬੋ ਸੁਨਯੋਂ।ਜਤਨ ਹਤਨਿ ਕਾ ਚਿਤ ਮਹਿਂ ਗੁਨਯੋ ॥ ੪੫ ॥ ਮੰਤ੍ਰ ਪਾਠ ਕਰਿ ਬਲੀ ਸੁ[੪] ਦੇਕੈ। ਸ਼ਕਤਿ ਚਲਾਈ ਮਨ ਰਿਸ ਕੈ ਕੈ। ਜਿਸ ਛਿਨ ਹਤਨ ਹੇਤੁ ਸੋ ਆਈ। ਮਾਨ ਸਿੰਘ ਬੈਠਯੋ ਸੁਚ ਥਾਈਂ[੫] ॥ ੪੬ ॥ ਪਾਠ ਚੰਡਕਾ ਕਰਤਿ ਕਰਾਵਤਿ। ਚਹੁੰ ਦਿਸ਼ਿ ਬ੍ਰਹਮ ਕਵਚ[੬] ਕੋ ਗਾਵਤਿ। ਜਬਿ ਸੋ ਸ਼ਕਤਿ ਸੰਘਾਰਨਿ ਆਈ। ਕਰਿ ਨ ਸਕੀ ਬਲ, ਪਿਖਿ ਸਿਥਲਾਈ[੭] ॥ ੪੭ ॥ ਦੇ ਕਰਿ ਹਾਥ ਕਾਲਕਾ ਰਾਖਯੋ। ਹੁਤੋ ਧਯਾਨ ਦੇਵੀ ਅਭਿਲਾਖਯੋ। ਬਲ ਦਲ ਕੋ ਕਰਿ ਕੈ ਨ੍ਰਿਪ ਮਾਨ। ਚਹਤਿ ਬਿਜੈ ਕਰਿਬੋ ਤਿਸ ਥਾਨ ॥ ੪੮ ॥ ਜਿਤ ਕਿਤ ਫੈਲ ਪਰੀ ਬਡ ਅਨੀ। ਤ੍ਰਾਸਤਿ ਦੇਸ਼ ਦੇਖਿ ਕਰਿ ਘਨੀ।ਨਿਜ ਲੋਕਨਿ ਭੈ ਜਾਨਿ ਬਿਸਾਲਾ। ਨੌਕਾ ਰਚੀ ਏਕ ਮਹਿਪਾਲਾ ॥ ੪੯ ॥ ਤਿਸ ਪਰ ਪੁਤਲੀ ਰੁਚਿਰ ਬਨਾਈ। ਜਨੁ ਸਾਚੀ ਤ੍ਰਿਯ ਇਹਾਂ ਬਿਠਾਈ। ਫੂਲ ਕਮਲ ਕੋ ਕਰਯੋ ਬਨਾਵਨਿ। ਮਹਾਂ ਸੁਗੰਧਿਤ ਸੋ ਮਨ ਭਾਵਨਿ ॥ ੫੦ ॥ ਅਭਿਮੰਤ੍ਰਤਿ[੮] ਕਰਿ ਸਰਬ ਪ੍ਰਕਾਰਾ।ਮਾਨ ਸਿੰਘ ਕੋ ਨਾਮ ਉਚਾਰਾ। ਮੰਤ੍ਰ ਸ਼ਕਤਿ ਕਰਿ ਨਾਉ[੯] ਚਲਾਈ। ਸਨੇ ਸਨੇ ਸੋ ਚਲਿ ਕਰਿ ਆਈ ॥ ੫੧ ॥ ਤਟ ਪਰ ਮਾਨ ਸਿੰਘ ਕੋ ਡੇਰਾ। ਅਵਿਲੋਕਤਿ ਦਰਿਆਉ ਬਡੇਰਾ। ਇਕ ਦੁਇ ਦਾਸ ਪਾਸ ਤਿਸ ਕਾਲਾ। ਪਿਖਯੋ ਅਚੰਭਾ ਆਇ ਬਿਸਾਲਾ ॥ ੫੨ ॥ ਜਲ ਕੋ ਬੇਗ ਨ ਨੌਕਾ ਚਲੇ[੧੦]। ਨਰ ਬਿਨ ਸਨੇ ਸਨੇ ਨਿਜ[੧੧] ਠਿਲੈ।ਅਵਿਲੋਕਤਿ ਚਲਿ ਆਈ ਪਾਸਾ। ਬਿਸਮਯੋਂ ਭੂਪਤਿ ਅਜਬ ਤਮਾਸ਼ਾ ॥ ੫੩ ॥ ਅਤਿ ਸੁੰਦਰ ਪੁਤਰੀ ਸੁ ਨਿਹਾਰੀ। ਮਾਨ ਸਿੰਘ ਸੁਧਿ ਦੇਹਿ ਬਿਸਾਰੀ। ਦੇਖਿ ਚਲਿਤ[੧੨] ਮਨ ਮੋਹਤਿ ਹੋਵਾ। ਛੁਭਤਿ

[੧]ਪਾਰ ਉਤਰਨ ਵਾਲੇ ਦਾ ਹੰਕਾਰ ਦੂਰ ਕਰਦਾ ਹੈ ਭਾਵ ਪਾਰ ਉਤਰਿਆ ਨਹੀਂ ਜਾਂਦਾ। [੨]......ਦੇ ਤੁੱਲ। [੩]ਹਵਨ। [੪]ਮੰਤ੍ਰਾਂ ਨਾਲ ਭੇਟਾ (ਦੇਵੀ ਦੀ)। [੫]ਪਵਿੱਤ੍ਰ ਥਾਂ ਵਿਚ। [੬]ਇਕ ਮੰਤ੍ਰ ਜਿਸ ਦੇ ਪੜ੍ਹਨ ਨਾਲ ਆਪ ਨੂੰ ਰਖ੍ਯਤ ਸਮਝਦੇ ਹਨ। [੭]ਢਿੱਲੀ ਹੋ ਗਈ। [੮]ਮੰਤ੍ਰ ਕੇ। [੯]ਬੇੜੀ। [੧੦]ਜਲ ਦੇ ਵੇਗ ਵਿਚ ਨੌਕਾ ਨਹੀਂ ਚਲਦੀ। [੧੧]ਆਪਣੇ ਆਪ। [੧੨]ਚਲਿੱਤ੍ਰ।

ਅਧਿਕ ਉਰ ਧੀਰਜ ਖੋਵਾ ॥ ੫੪ ॥ ਪਹੁੰਚੀ ਅਤਿਸ਼ੈ ਆਇ ਸਮੀਪ। ਰਹ੍ਯੋ ਨ ਗਯੋ ਤਬਹਿ ਅਵਨੀਪ। ਬਾਰਿ ਬਾਰਿ ਅਵਿਲੋਕਨਿ ਕਰਤਾ। ਪਰ੍ਯੋ ਖਯਾਲ ਤਿਸ ਨਾਂਹਿਨ ਟਰਤਾ ॥ ੫੫ ॥ ਬਹੁ ਸੁੰਦਰ ਜਬਿ ਫੂਲ ਨਿਹਾਰ੍ਯੋ। ਤਿਸ ਲੈਬੇ ਹਿਤ ਹਾਥ ਪਸਾਰ੍ਯੋ। ਪੁਤਰੀ ਕਰਿ ਤੇ ਜਬਿ ਹੀ ਲੀਨਹੁ। ਘ੍ਰਾਣ[1] ਨਿਕਟਿ ਕਰਿ ਸੂੰਘਨਿ ਕੀਨਹੁ ॥ ੫੬ ॥ ਤਤਛਿਨ ਭਯੋ ਬਾਵਰੋ ਮਾਨ[2]। ਦਲ ਬਲ ਕੀ ਸੁਧਿ ਗਈ ਜਹਾਨ।ਜਬਹਿ ਚਮੂੰ ਨੇ ਇਮ ਨ੍ਰਿਪ ਜਾਨ੍ਯੋ। ਇਤ ਉਤ ਭਏ ਤ੍ਰਾਸ ਮਨ ਠਾਨ੍ਯੋ ॥ ੫੭ ॥ ਬਿਨਾ ਭੂਪ ਲਸ਼ਕਰ ਫਟਿ ਗਯੋ। ਆਪ ਆਪ ਕੋ ਕਿਤ ਕਿਤ ਭਯੋ। ਲੇ ਸੁਧਿ ਕਾਵਰੂ ਦੇਸ਼ ਨਰੇਸ਼। ਲਰ੍ਯੋ ਆਇ ਸੰਗ ਚਮੂੰ ਵਿਸ਼ੇਸ਼ ॥ ੫੮ ॥ ਮਾਨ ਸਿੰਘ ਸੁਧਿ ਲੀਨਸਿ ਨਾਂਹਿ। ਠਹਿਰੀ ਨਹਿਂ ਸੈਨਾ ਰਣ ਮਾਂਹਿ। ਭਾਗੇ ਦੂਰ ਅੰਤਰੋ[3] ਪਾਇ। ਡੇਰਾ ਕਰ੍ਯੋ ਤ੍ਰਾਸ ਉਪਜਾਇ ॥੫੯॥ ਕਿਤਿਕ ਦਿਵਸ ਮਹਿਂ ਤਿਸ ਹੀ ਦੇਸ਼। ਮਾਨ ਸਿੰਘ ਭਾ ਮ੍ਰਿਤਕ ਨਰੇਸ਼*। ਤਬਿ ਲਸ਼ਕਰ ਘਰ ਕੋ ਮੁਰਿ ਆਏ। ਬਲ ਮੰਤ੍ਰਨਿ ਕੋ ਸਭਿਨਿ ਸੁਨਾਏ ॥ ੬੦ ॥ ਦੇਸ਼ ਕਾਵਰੂ ਰਹ੍ਯੋ ਮਵਾਸੀ। ਉਰ ਅਕਬਰ ਕੇ ਚਿੰਤ ਪ੍ਰਕਾਸ਼ੀ। ਪੁਨ ਨੰਗੀ ਸ਼ਮਸ਼ੇਰ ਧਰੀ ਹੈ। ਭੈ ਕਰਿ ਕਿਨਹੁਂ ਨ ਗ੍ਰਹਨ ਕਰੀ ਹੈ ॥੬੧॥ ਧਰੀ ਰਹੀ ਸ਼ਮਸ਼ੇਰ ਬਿਸਾਲ। ਤਿਸ ਪਸ਼ਚਾਤ ਬਿਤ੍ਯੋ ਚਿਰਕਾਲ। ਅਕਬਰ ਮਰ੍ਯੋ ਕਰਤਿ ਹੀ ਆਸਾ। ਜਹਾਂਗੀਰ ਸੁਤ ਕੀਨਿ ਪ੍ਰਕਾਸ਼ਾ ॥ ੬੨ ॥ ਤਬਿ ਭੀ ਕਿਨਹੂੰ ਨਹੀਂ ਉਠਾਈ। ਮੰਤ੍ਰਨਿ ਤ੍ਰਾਸ ਧਰਤਿ ਅਧਿਕਾਈ। ਸੋ ਭੀ ਪਹੁੰਚ੍ਯੋ ਜਮ ਘਰ ਜਾਇ। ਸ਼ਾਹਜਹਾਂ ਭਾ ਤੁਰਕਨਿ ਰਾਇ ॥ ੬੩ ॥ ਇਹ ਭੀ ਚਾਹਤਿ ਰਹ੍ਯੋ ਸਦਾਈ। ਨਹਿਂ ਕਿਨਹੂੰ ਸ਼ਮਸ਼ੇਰ ਉਠਾਈ। ਪੁਨ ਅਵਰੰਗ ਹੋਯਸਿ ਪਤਿਸ਼ਾਹੂ। ਇਹ ਭੀ ਕਰਤਿ ਰਹ੍ਯੋ ਚਿਤ ਚਾਹੂ ॥ ੬੪ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਰਾਜਾ ਮਾਨ ਸਿੰਘ' ਪ੍ਰਸੰਗ ਬਰਨਨੰ ਨਾਮ ਪ੍ਰਿਥਮੋ ਅੰਸੂ ॥ ੧ ॥

## ੨. [ਬਿਸ਼ਨ ਸਿੰਘ ਦੀ ਕਾਵਰੂੰ ਦੇਸ਼ ਤੇ ਚੜ੍ਹਾਈ]।

ਦੋਹਰਾ ॥ ਭਯੋ ਨੁਰੰਗਾ ਸ਼ਾਹ ਜਬਿ ਜੀਤੇ ਦੇਸ਼ ਅਸ਼ੇਸ਼। ਲਸ਼ਕਰ ਕਰ੍ਯੋ

---

[1]ਨੱਕ। [2]ਮਾਨ ਸਿੰਘ ਸ਼ੁਦਾਈ ਹੋ ਗਿਆ। [3]ਫਰਕ।

*ਰਾਜਾ ਮਾਨ ਸਿੰਘ ਅਕਬਰ ਦੇ ਸਮੇਂ ਆਸਾਮ ਵਿਚ ਨਹੀਂ ਮੋਇਆ। ਮਾਨ ਸਿੰਘ ਜਹਾਂਗੀਰ ਦੇ ਸਮੇਂ ਸੰਨ ੧੬੧੫ ਈ: ਵਿਚ ਮੋਇਆ ਸੀ, ਕਵਿ ਜੀ ਨੂੰ ਇਸ ਦੀ ਮੌਤ ਦਾ ਪਤਾ ਠੀਕ ਨਹੀਂ ਮਿਲਿਆ। ਮਾਨ ਸਿੰਘ ਪਹਿਲਾਂ ਬਿਹਾਰ ਤੇ ਫੇਰ ਬਿਹਾਰ ਬੰਗਾਲ ਦੋਹਾਂ ਦਾ ਸੂਬਾ ਰਿਹਾ।

ਬਿਸਾਲ ਜਿਨ ਦੇ ਕਰਿ ਤ੍ਰਾਸ ਵਿਸ਼ੇਸ਼ ॥ ੧ ॥ ਚੌਪਈ ॥ ਵਹਿ ਸ਼ਮਸ਼ੇਰ ਕਚਹਿਰੀ ਮਾਹੂੰਧਰੀ ਰਹਹਿ ਕੋ ਗਹਹਿ ਨ ਤਾਹੂ। ਮਾਨ ਸਿੰਘ ਕੋ ਨਾਤੀ[1] ਭਯੋ।ਬਡ ਮਰਾਤਬਾ ਜਿਸ ਕੋ ਦਯੋ ॥ ੨॥ ਦੇਸ਼ ਬਿਸਾਲੈ ਦਰਬ ਬਿਸਾਲ। ਲਸ਼ਕਰ ਬਡੋ ਚਢਹਿ ਤਿਸ ਨਾਲ। ਚਹਤਿ ਨੁਰੰਗਾ ਤਿਸੈ ਚਢਾਯੋ। ਸਾਦਰ ਦਲ ਬਲ ਦੇਤਿ ਬਢਾਯੋ ॥੩॥ ਦਾਵ ਘਾਵ ਸੌਂ ਕਰਿ ਬਡਿਆਈ। ਗਹਿ ਕਰਿ ਤਿਸ ਤੇ ਸੋ ਉਠਿਵਾਈ। ਆਦਰ ਦਰਬ ਦੀਨਿ ਬਹੁਤੇਰਾ। ਕਰਯੋ ਪਿਛਾਰੀ ਕਟਕ[2] ਘਨੇਰਾ ॥ ੪ ॥ 'ਸਦਾ ਆਵਰੀਂ' ਕਹਿ ਕੈ ਸ਼ਾਹੂ। ਚਢਿਬੇ ਕੋ ਦੀਨਸਿ ਉਤਸਾਹੂ। ਹਟਯੋ ਨ ਜਾਇ ਸ਼ਾਹ ਕੇ ਕਹੇ। ਮਰਨਿ ਮਾਨਿ ਕੈ ਸੋ ਅਸਿ ਗਹੇ[3] ॥ ੫ ॥ ਰੁਖਸਦ ਹੋਇ ਸ਼ਾਹੁ ਤੇ ਚਲਯੋ। ਆਇ ਜੋਧ ਪੁਰਿ* ਸਭਿ ਸੋਂ ਮਿਲਯੋ।–ਦੇਸ਼ ਕਾਵਰੂ ਕਰਨਿ ਚਢਾਈ–। ਜਬਿ ਅਪਨੇ ਪਰਿਵਾਰ ਸੁਨਾਈ ॥ ੬ ॥ ਮਹਾਂ ਸ਼ੋਕ ਹੋਯਸਿ ਰਨਵਾਸੂ। ਰੋਦਨ ਊਚੇ ਕਰਤਿ ਪ੍ਰਕਾਸ਼ੂ। ਹਾਥਨਿ ਤਲ ਸੋਂ[4] ਪੀਟਹਿ ਸਿਰ ਕੋਸਕਲ ਹਿਤੂ ਰੋਦਤਿ ਮਿਲਿ ਕਰਿ ਸੋਂ[5] ॥ ੭ ॥ ਭੂਪਤਿ ਬਿਸ਼ਨ ਸਿੰਘ† ਕੀ ਮਾਤ। ਬਿਰ-

---

[1]ਪੋਤ੍ਰਾ। [2]ਫੌਜ। [3]ਮਰਨਾ ਮੰਨਕੇ ਸੋ ਤਲਵਾਰ ਫੜੀ। [4]ਹੱਥਾਂ ਦੀਆਂ ਤਲੀਆਂ ਨਾਲ। [5]ਉਸ ਨੂੰ।

*ਜੋਧਪੁਰ ਦਾ ਕੋਈ ਰਾਜਾ ਇਸ ਸਮੇਂ ਬਿਸ਼ਨ ਸਿੰਘ ਨਾਮ ਦਾ ਨਹੀਂ ਹੋਇਆ। ਬਿਸ਼ਨ ਸਿੰਘ ਜੈਪੁਰ ਦੇ ਰਾਜਾ ਰਾਮ ਸਿੰਘ ਦਾ ਬੇਟਾ ਸੀ, ਜੋ ਸ਼੍ਰੀ ਗੁਰੂ ਨਾਵੇਂ ਪਾਤਸ਼ਾਹ ਜੀ ਦੇ ਜੋਤੀ ਜੋਤ ਦੇ ਸਮੇਂ ਨਿਆਣਾ ਸੀ। ਕਵਿ ਜੀ ਲਿਖਦੇ ਹਨ 'ਮਾਨ ਸਿੰਘ ਕੋ ਨਾਤੀ ਭਇਓ' (ਅੰਕ ੨ ਇਸੇ ਅੰਸੁ ਦਾ) ਜਿਸ ਦਾ ਮਤਲਬ ਹੈ ਕਿ ਆਸਾਮ ਪਰ ਚੜ੍ਹਨੇ ਵਾਲਾ ਰਾਜਾ ਇਸ ਸਮੇਂ ਮਾਨ ਸਿੰਘ ਦੀ ਵੰਸ਼ ਵਿਚੋਂ ਸੀ। ਮਾਨ ਸਿੰਘ ਜੈ ਪੁਰ ਦਾ ਰਾਜਾ ਸੀ। ਸੋ ਜੋਧ ਪੁਰ ਲਿਖਿਆ ਜਾਣਾ, ਕਵਿ ਜੀ ਦੀ ਕਲਮ ਉਕਾਈ ਹੈ ਯਾ ਲਿਖਾਰੀ ਦੀ। ਗੁਰੂ ਘਰ ਨਾਲ ਸੰਬੰਧ ਬੀ ਜੈ ਪੁਰ ਪਤੀਆਂ ਦਾ ਵਿਸ਼ੇਸ਼ ਰਿਹਾ ਹੈ।

†ਆਸਾਮ ਪਰ ਇਸ ਵੇਲੇ ਚੜ੍ਹਨ ਵਾਲਾ ਰਾਜਾ ਜੋ ਗੁਰੂ ਤੇਗ ਬਹਾਦਰ ਜੀ ਨੂੰ ਮਿਲਿਆ ਬਿਸ਼ਨ ਸਿੰਘ ਨਹੀਂ ਪਰ ਬਿਸ਼ਨ ਸਿੰਘ ਤੋਂ ਮੁਹਰਲਾ ਰਾਜਾ ਰਾਮ ਸਿੰਘ ਚਾਰ ਹਜ਼ਾਰੀ ਜੈ ਪੁਰ ਵਾਲਾ ਸੀ। ਰਾਜਾ ਰਾਮ ਸਿੰਘ ਦੀ ਥਾਂ ਕਵਿ ਜੀ ਨੇ ਬਿਸ਼ਨ ਸਿੰਘ ਲਿਖਿਆ ਹੈ। ਇਸ ਰਾਸ ਦੇ ਅੰਸੂ ੧ ਦੇ ਅੰਕ ੧੬ ਵਿਚ ਕਵਿ ਜੀ ਲਿਖ ਆਏ ਹਨ ਕਿ ਜਿਵੇਂ ਅਸਾਂ ਸੁਣਿਆ ਹੈ ਲਿਖਦੇ ਹਾਂ ਸੋ ਪਤਾ ਲੱਗਾ ਕਿ ਉਨ੍ਹਾਂ ਨੇ ਇਤਿਹਾਸਕ ਖੋਜ ਨਾਵਾਂ ਦੀ ਨਹੀਂ ਕੀਤੀ, ਸੁਣੇ ਹਾਲ ਲਿਖਣ ਕਰਕੇ ਨਾਮ ਦੀ ਉਕਾਈ ਹੋ ਗਈ। ਅੱਗੇ ਚੱਲ ਕੇ ਆਸਾਮ ਵਿਚ ਰਾਜਾ ਰਾਮ ਸਿੰਘ ਦੇ ਸ਼ਰਨਾਗਤ ਹੋਣ ਦਾ ਪ੍ਰਸੰਗ ਆਵੇਗਾ, ਜਿਸ ਦਾ ਬੇਟਾ ਰਤਨਰਾਇ ਦਸਮੇਸ਼ ਜੀ ਨੂੰ ਮਿਲਿਆ ਸੀ। ਇਸ ਦਾ ਨਾਮ ਰਾਮ ਯਾ ਰਾਮ ਸਿੰਹੁ ਹੋਣ ਕਰਕੇ ਕਵਿ ਜੀ ਸ਼ਾਯਦ ਟਪਲਾ ਖਾ ਗਏ ਕਿ ਹਮਲਾ-ਆਵਰ ਰਾਜੇ ਦਾ ਨਾਮ ਰਾਮ ਸਿੰਘ ਨਹੀਂ ਹੋਣਾ।

ਲਾਪਤਿ ਊਚੇ ਬਿਲਲਾਤ। 'ਹੇ ਸੁਤ! ਤੁਮਰੋ ਬਡੋ ਭਯੋ ਹੈ। ਬਡ ਮਵਾਸ
ਜਿਨ ਬਿਜੈ ਕਿਯੋ ਹੈ ॥ ੮ ॥ ਤੁਰਕੇਸ਼ੁਰ ਨੇ ਤਹਾਂ ਪਠਾਇ। ਕਰਿ ਟਾਮਨ[1]
ਸੋ ਦਯੋ ਮਰਾਇ। ਤਿਹ ਸਮ ਤੋਹਿ ਸ਼ਕਤਿ ਨਹਿਂ ਪਈਅਤਿ। ਕਿਮ
ਜੀਵਹਿ ਇਹ ਨਹੀਂ ਲਖਈਅਤਿ' ॥ ੯ ॥ ਸ਼ੋਕ ਬਿਸਾਲ ਜੋਧਪੁਰਿ ਹੋਵਾ।
ਬਿਸ਼ਨ ਸਿੰਘ ਜਨੁ ਮਿਤੁ ਹੀ ਜੋਵਾ। ਜੀਵਨ ਜਤਨ ਨ ਪਾਵਤਿ ਸੋਊ।
ਭਏ ਸੋਚ ਵਸ਼ਿ ਤਹਿਂ ਸਭਿ ਕੋਊ॥੧੦॥ਖਾਨ ਪਾਨ ਮਨ ਤੇ ਬਿਸਰਾਇਸਿ।
ਸ਼ੋਕ ਚਿੰਤ ਤੇ ਚਿਤ ਬਿਕੁਲਾਇਸਿ। ਬਿਸ਼ਨ ਸਿੰਘ ਕੀ ਇਕ ਪਟਰਾਨੀ।
ਕੁਛ ਗੁਰ ਮਹਿਮਾ ਕੋ ਤਿਨ ਜਾਨੀ॥੧੧॥ਨਿਜ ਨੈਹਰ ਕੋ[2] ਬਾਸ ਕਰੰਤੀ।
ਤਹਾਂ ਰਹਤਿ ਇਹ ਸਕਲ ਸੁਨੰਤੀ। ਸ੍ਰੀ ਹਰਿਗੋਬਿੰਦ ਦੁਰਗ ਮਝਾਰੇ।
ਨ੍ਰਿਪਤ ਬਵੰਜਾ ਵਹਿਰ ਨਿਕਾਰੇ ॥ ੧੨॥ ਮਰਨ ਪ੍ਰਜੰਤ ਕੈਦ ਜਿਨ ਕੇਰੀ।
ਸਰਬ ਛੁਟਾਇ ਦੀਨਿ ਤਿਸ ਬੇਰੀ। ਤਬਿ ਕੀ ਸ੍ਰੀ ਗੁਰ ਮਹਿਮਾ ਪੂਤ[3]।
ਪਸਰੀ ਬਹੁਤ ਦੇਸ਼ ਰਜਪੂਤ[4] ॥ ੧੩ ॥–ਕਰਾਮਾਤ ਸਾਹਿਬ ਅਵਤਾਰ।
ਕ੍ਰਿਪਾ ਸਿੰਧੁ ਸੁਖ ਸਭਿ ਦਾਤਾਰ।ਅਜ਼ਮਤਿ ਸੋਂ ਤੁਰਕੇਸ਼ ਦਬਾਇਸ।ਸਾਦਰ
ਬ੍ਰਿੰਦ ਨਰਿੰਦ ਛੁਟਾਇਸ–॥ ੧੪ ॥ ਅਪਨੀ ਸਾਸ ਸੰਗ ਸਭਿ ਕਹੀ।
'ਗੁਰ ਸਹਾਇ ਤੇ ਭੈ ਕਿਤ ਨਹੀਂ।ਤੀਨ ਲੋਕ ਪਰ ਤਿਨਹੁੰ ਪ੍ਰਤਾਪ।ਸੇਵਕ
ਕੇ ਹਰਿਤਾ ਤ੍ਰੈ ਤਾਪ ॥੧੫॥ਜੋ ਅਬਿ ਗਾਦੀ ਪਰ ਗੁਰ ਹੋਇ। ਖੋਜਹੁ ਕਹਾਂ
ਬਿਰਾਜਹਿਂ ਸੋਇ। ਤਿਨ ਕੀ ਸ਼ਰਨਿ ਭੂਪ ਚਲਿ ਜਾਵਹੁ। ਅਪਨਿ ਸਹਾ-
ਇਕ ਤਿਨਹੁੰ ਬਨਾਵਹੁ ॥੧੬॥ ਦੇਸ਼ ਕਾਮਰੂ ਕਨਾ ਤਿਨ ਆਗੈ। ਤਿਸ ਤੇ
ਸਕਲ ਸੁਰਾਸੁਰ ਭਾਗੈਂ। ਜਿਸ ਥਲ ਥਿਰਹਿਂ ਗੁਰੂ ਭਗਵਾਨ। ਨਹਿਂ ਕਰਿ
ਸਕਹਿ ਬਿਘਨ ਕੋ ਆਨ ॥੧੭॥ ਪੀਰ ਮੀਰ ਸਿਧ ਨਾਥ ਮਹੰਤ। ਸਭਿ ਤੇ
ਅਧਿਕ ਲਖਹੁ ਭਗਵੰਤ'। ਸੁਨਤਿ ਨੁਖਾ ਕੇ ਬਾਕ ਅਮੀ ਕੋ[5]।ਸਾਸ ਕਰਯੋ
ਸੀਤਲ ਨਿਜ ਹੀ ਕੋ ॥੧੮॥ ਸੁਤ ਸੋਂ ਸਗਰੀ ਬਾਤ ਸੁਨਾਈ।'ਖੋਜਹੁ ਸਤਿ-
ਗੁਰ ਹੈਂ ਜਿਸ ਥਾਈਂ। ਰਾਮ ਰਾਇ ਢਿਗ ਨਹੀਂ ਗੁਰਾਈ। ਅਜ਼ਮਤ ਕਰਿ
ਅਨੇਕ ਦਿਖਰਾਈ ॥੧੯॥ ਗਾਦੀ ਤਿਸ ਕੇ ਅਨੁਜ ਲਈ ਹੈ।ਪੁਰਿ ਦਿੱਲੀ
ਤਜਿ ਦੇਹਿ ਦਈ ਹੈ। ਤਿਨ ਪਾਛੇ ਗਾਦੀ ਪਰ ਜੋਈ। ਅਪਨਿ ਸਹਾਇਕ
ਕੀਜਹਿ ਸੋਈ' ॥ ੨੦ ॥ ਸੁਨਿ ਜਨਨੀ ਤੇ ਸਭਾ ਮਝਾਰੀ। ਬਿਸ਼ਨ ਸਿੰਘ

[1]ਟੂਣੇ। [2]ਮਾਪਿਆਂ ਦੇ ਪਾਸ। [3]ਪਵਿੱਤ੍ਰ ਗੁਰੂ ਮਹਿਮਾਂ। [4]ਰਾਜਪੂਤਾਂ ਦੇ ਦੇਸ਼ ਵਿੱਚ।
[5]ਅੰਮ੍ਰਿਤ ਵਰਗੇ ਵਾਕਾਂ ਨੂੰ।

ਨੇ ਆਨ[1] ਉਚਾਰੀ।'ਸ਼੍ਰੀ ਨਾਨਕ ਗਾਦੀ ਪਰ ਕੌਨ? ।ਸੋ ਅਬਿ ਕਹਾਂ? ਕਹਾਂ
ਤਿਨ ਭੌਨ?' ॥੨੧॥ ਸਭਾ ਬਿਖੈ ਇਕ ਮਾਨਵ ਕਹ੍ਯੋ। 'ਮੈਂ ਤਿਸ ਗੁਰ ਕੋ
ਦਰਸ਼ਨ ਲਹ੍ਯੋ। ਗਯਾ ਕਰਾਵਨਿ ਮੈਂ ਚਲਿ ਗਯੋ ।ਤਹਾਂ ਮਿਲਾਪ ਤਿਨਹੁ
ਕੋ ਭਯੋ ॥੨੨॥ ਸੋ ਭੀ ਗਯਾ ਬਿਖੈ ਚਲਿ ਆਏ। ਪੁਰਿ ਪਟਨੇ ਕੋ ਪੁਨਹਿ
ਸਿਧਾਏ। ਤਿਨ ਦਾਸਨ ਸੋਂ ਸੁਨੀ ਸੁ ਸੁਨੀਅਹਿ[2]। ਕਿਤਿਕ ਕਾਲ ਬਸਿਬੋ
ਤਹਿਂ ਜਨੀਅਹਿ॥੨੩॥ਲੋਕ ਹਜ਼ਾਰਹੁੰ ਤਜਿ ਤਜਿ ਸਦਨ।ਆਇ ਕਰਹਿਂ
ਬੰਦਨ ਗੁਰ ਪਦਨ। ਜਹਾਂ ਕਹਾਂ ਮਹਿਮਾਂ ਮਹੀਆਨ। ਕਰ ਜੋਰਹਿਂ ਦੇਂ
ਭੇਟਨਿ ਆਨਿ॥੨੪॥ਕਹਤਿ ਅਨੇਕ ਸੁਨੇ ਤਿਸ ਥਾਂਈਂ। ਅਜ਼ਮਤ ਅਜਬ
ਬਹੁਨਿ[3] ਅਜ਼ਮਾਈ। ਸ਼੍ਰੀ ਗੁਰ ਤੇਗ ਬਹਾਦਰ ਨਾਮੁ । ਜਿਨ ਕੇ ਚਲਿਤ
ਪਿਖੇ ਅਭਿਰਾਮ ॥ ੨੫ ॥ ਜਿਸ ਜਿਸ ਮਾਰਗ ਕੋ ਗਮਨਾਏ । ਸਿੱਖੀ
ਅੰਮ੍ਰਿਤ ਕੌ ਬਰਖਾਏ। ਸੋ ਸਭਿ ਦੇਸ਼ ਮਹਾਂ ਜਸ ਕਰਤਾ । ਜਹਿਂ ਕਹਿਂ
ਉਤਰਿ ਕਰੇ ਸ਼ੁਭ ਚਰਿਤ੍ਰਾ[4]' ॥ ੨੬ ॥ ਬਿਸ਼ਨ ਸਿੰਘ ਸੁਨਿ ਧੀਰਜ ਪਾਯੋ।
ਤਤਛਿਨ ਅਪਨਿ ਵਕੀਲ ਪਠਾਯੋ ।ਬਹੁ ਉੱਤਮ ਦੇ ਬ੍ਰਿੰਦ ਅਕੋਰ ।
ਬਿਨਤੀ ਕਰਿ ਭੇਜੀ ਕਰ ਜੋਰਿ ॥ ੨੭ ॥ 'ਤੂਰਨ ਗਮਨਹੁ ਤਹਿਂ ਅਟਕਾ-
ਵਹੁ[5]।ਮਮ ਦਿਸ਼ਿ ਤੇ ਬਹੁ ਬਿਨੈ ਸੁਨਾਵਹੁ ।ਹੇਰਿ ਮਹੂਰਤ ਮੈਂ ਚਢਿ ਆਵੌਂ।
ਤਿਨ ਕੋ ਦਰਸੌਂ ਬਿਲਮ ਨ ਲਾਵੌਂ'॥੨੮॥ਸੁਨਤਿ ਦੂਤ,ਲੇ ਜਵੀ ਤੁਰੰਗ[6]।
ਗਮਨ੍ਯੋ ਤੁਰਤ ਕੁਛਕ ਨਰ ਸੰਗ। ਦੂਰ ਦੂਰ ਕੀ ਮੰਜ਼ਲ ਕਰਤਾ। ਸ਼੍ਰਮ
ਕੀ ਪੀਰ ਨਹੀਂ ਉਰ ਧਰਤਾ ॥ ੨੯ ॥ ਪਹੁੰਚ੍ਯੋ ਪਟਨੇ ਪੁਰਿ ਮਹਿਂ ਜਾਇ।
ਸਤਿਗੁਰ ਸੁਧਿ ਬੂਝੀ ਤਹਿਂ ਆਇ। ਅਬਿ ਸ਼੍ਰੀ ਤੇਗ ਬਹਾਦਰ ਕਥਾ।ਸ਼੍ਰੋਤਾ
ਸੁਨਹੁ ਬਿਤੀਤੀ ਜਥਾ॥੩੦॥ ਦੋਹਰਾ॥ ਸਿੱਖਨਿ ਪੂਰਤ ਕਾਮਨਾ ਆਪ ਕਾਮਨਾ
ਕੀਨਿ[7]।–ਤੀਰਥ ਤੀਰ ਸਮੁੰਦ੍ਰ ਲੌ ਮੱਜਹਿ ਜਿਤ ਕਿਤ ਚੀਨ॥੩੧॥ ਚਪਈ॥
ਬ੍ਰਹਮਪੁੱਤ੍ਰ ਨਦ ਕਰਿ ਇਸ਼ਨਾਨਾ । ਜਗਨ ਨਾਥ ਆਦਿਕ ਜੇ ਥਾਨਾ।
ਦੇਸ਼ ਦੇਸ਼ ਕੇ ਦੇਖਨਿ ਕਾਰਨ। ਸ਼ੁਭ ਮਾਰਗ ਸਿੱਖੀ ਬਿਸਤਾਰਨ ॥ ੩੨॥
ਸ਼੍ਰੀ ਨਾਨਕ ਤਨ ਕਰਿ ਜਹਿ ਗਏ। ਸੱਤਿਨਾਮ ਉਪਦੇਸ਼ਤਿ ਭਏ। ਲੋਕ

---

[1](ਸਭਾ ਵਿਚ, ਆਕੇ। [2]ਉਨ੍ਹਾਂ ਦੇ ਦਾਸਾਂ ਤੋਂ ਜਿਵੇਂ ਸੁਣੀ ਹੈ ਤਿਵੇਂ ਸੁਣੋਂ। [3]ਬਹੁਤਿਆਂ ਨੇ।
[4]ਜਿੱਥੇ ਜਿੱਥੇ ਉਤਰ ਕੇ ਸ਼ੁਭ ਚਰਿੱਤ੍ਰ ਕੀਤੇ। [5]ਭਾਵ ਗੁਰੂ ਜੀ ਨੂੰ। [6]ਤੇਜ਼ ਚਾਲ ਵਾਲਾ ਘੋੜਾ।
[7]ਸਿੱਖਾਂ ਦੀ ਕਾਮਨਾ ਪੂਰਨ ਕਰਨ ਵਾਲਿਆਂ ਨੇ ਆਪ ਕਾਮਨਾ ਕੀਤੀ।

ਅਨੇਕਨਿ ਕੋ ਕੱਲਯਾਨ। ਜਿਤ ਕਿਤ ਫਿਰ ਕਰਿ ਕੀਨਿ ਮਹਾਨ-॥੩੩॥ ਤਿਸਕੋ ਦ੍ਰਿਢ ਕਰਿਬੇ ਕੇ ਹੇਤੁ।ਚਿਤਵਨੋ ਸ਼੍ਰੀਗੁਰ ਕ੍ਰਿਪਾ ਨਿਕੇਤ।ਸਿੱਖਯਨਿ ਕਿਤਿਕ ਪ੍ਰਤੱਗਯਾ ਕੀਨਿ।-ਹਮਘਰ ਆਵਹਿਂ ਗੁਰੂ ਪ੍ਰਬੀਨ-॥੩੪॥ਕਿਤਿ-ਕਿਨਿ ਪੋਸ਼ਿਸ਼ ਰਖੀ ਬਨਾਇ।-ਆਵਹਿਂ ਗੁਰ ਅਪਨੇ ਗਰ ਪਾਇੰ-। ਕਿਤਿਕ ਔਨ ਸੁਧਧਰੇਸਦਨਮੈਂ-ਗੁਰੂਅਚਾਵਹਿ-ਚਾਹਤਿਮਨਮੈਂ॥੩੫॥ਨਿਸਦਿਨ ਕਰਹਿਂ ਪ੍ਰਤੀਖਨ ਸੋਊ। ਕਰਤਿ ਪ੍ਰਤੱਗਯਾ ਅਪਨੀ ਜੋਊ। ਮਹਾਂ ਪ੍ਰੇਮ ਧਰਿ ਕਰਹਿਂ ਅਰਾਧਨ। ਮਿਲਿ ਮਿਲਿ ਬੂਝਤਿ ਹੈਂ ਬਹੁ ਸਾਧਨ॥੩੬॥'ਕਬਿ ਸਤਿਗੁਰ ਆਵਹਿਂ ਇਸ ਦੇਸ਼। ਕਰਹਿਂ ਕ੍ਰਿਤਾਰਥ ਦੇ ਉਪਦੇਸ਼'। ਤਿਨ ਸਭਿਹਿਨਿ ਕੇ ਮਨ ਕੀ ਜਾਨਿ।ਗਮਨਨੋ ਚਹਤਿ ਗੁਰੂ ਭਗਵਾਨ॥੩੭॥ਸਿਖ ਸੰਗਤਿ ਕੋ ਸੁਧ ਕਹਿ ਦਈ।'ਆਗੇ ਜਾਨਿ ਗੁਰੂ ਮਤਿ ਠਈ'।ਸੁਨਿਸੰਗਤਿ ਇਕਠੀ ਹੁਇ ਆਈ। ਅਨਿਕ ਪ੍ਰਕਾਰ ਉਪਾਇਨ ਲਯਾਈ॥੩੮॥ਦਰਬ ਬ੍ਰਿੰਦ ਸੁੰਦਰ ਪਟ ਝੀਨੇ[1]। ਜ਼ਰੀ ਬਾਦਲਾ ਕੇ ਦੁਤਿ ਭੀਨੇ। ਕੇਤਿਕ ਸ਼੍ਰੀ ਗੁਜਰੀ ਹਿਤ ਲਯਾਏ। ਬਹੁਤ ਮੋਲ ਕੇ ਵਸਤ੍ਰ ਸੁਹਾਏ॥੩੯॥ ਜਰੇ ਜਵਾ-ਹਰ ਭੂਖਨ ਚਾਰੁ। ਬਹੁਤ ਭਾਂਤ ਕੇ ਬਨੇ ਅਪਾਰ। ਧਨੀ ਬਨਿਕ ਕੀ ਦਾਰਾ ਬ੍ਰਿੰਦ। ਪ੍ਰਾਪਤਿ ਭੀ ਬਡਭਾਗ ਅਨੰਦ॥ ੪੦॥ ਸਭਿ ਸੰਗਤਿ ਮਿਲਿ ਬਿਨੈ ਸੁਨਾਈ। 'ਸ੍ਰੀ ਗੁਰ ਕ੍ਰਿਪਾ ਕਰਹੁ ਇਸਥਾਈਂ। ਸੇਵਾ ਅਪਨੀ ਸਭਿ ਫੁਰਮਾਵਹੁ। ਹਮ ਦਾਸਨਿ ਸੋਂ ਕਹਿ ਕਰਿਵਾਵਹੁ॥ ੪੧॥ ਚਰਨ ਆਪਕੇ ਜਹਾਂ ਉਪਾਸੇ[2]। ਅਖਿਲ ਆਇ ਤਹਿਂ ਤੀਰਥ ਵਾਸੇਂ। ਲਹੈ ਸਪਰਸ਼ਨ ਰਾਵਰ ਸੰਗਾ। ਰੰਗਾ ਹੁਇ ਪਾਵਨ ਸਰਬੰਗਾ॥ ੪੨॥ ਚਹਹੁ ਜਹਾਂ ਨਿਜ ਚਰਨ ਧਰਨ ਕੋ। ਜਗੇ ਭਾਗ ਨਰ ਧੰਨ ਕਰਨਿ ਕੋ।ਇਸ ਪੁਰਿ ਕੀ ਗਨ ਸੰਗਤਿ ਸਾਰੀ। ਜਿਮ ਅਭਿਲਾਖਾ ਕਰਹਿ ਤੁਮਾਰੀ[3]॥ ੪੩॥ ਪੂਰਨ ਕਰਨਿ ਉਚਿਤ ਤੁਮ ਅਹੋ। ਨਿਸ਼ਚੈ ਚਲਨੋ ਜਿ ਚਿਤ ਮਹਿਂ ਚਹੋ। ਮਾਤਾ ਸਹਤ ਰਹਹਿ ਸਭਿ ਡੇਰਾ। ਇਸੀ ਸਦਨ ਮਹਿਂ ਕਰਹਿ ਬਸੇਰਾ॥ ੪੪॥ ਤੁਮਰੇ ਥਾਨ ਆਇਂ ਸਿਖ ਸਾਰੇ। ਪੂਜਹਿ ਸਰਬ ਭਾਂਤਿ ਹਿਤ ਧਾਰੇ। ਸ੍ਰੀ ਮਾਤਾ ਕੇ ਚਰਨ ਮਨਾਵਹਿਂ। ਮਨੋ ਕਾਮਨਾ ਸੰਗਤਿ ਪਾਵਹਿ॥ ੪੫॥ ਆਪ ਆਇ ਹੋ[4], ਰਹੇ ਉਡੀਕਾ। ਪੁਨ ਦਰਸਹਿਂ ਸਿਖ ਦਰਸ਼ਨ ਨੀਕਾ। ਅਪਰ ਤਰਕ[5] ਨਹਿ ਕਰਹੁ ਪ੍ਰਕਾਸ਼। ਇਹੁ ਸੰਗਤਿ ਸਗਰੀ ਤੁਮ ਦਾਸ॥

[1]ਬ੍ਰੀਕ। [2]ਪੂਜੀਦੇ ਹਨ। [3]ਜਿਵੇਂ ਆਪਣੀ ਚਾਹ ਕਰਦੀ ਹੈ। [4]ਆਪ ਆਵੇਗੇ। [5]ਦਲੀਲ ਭਾਵ ਸੋਚ।

੪੬ ॥ ਨਿਸ ਬਾਸੁਰ ਸੇਵਾ ਮਹਿਂ ਠਾਢੇ । ਗੁਰੂ ਚਰਨ ਪਰ ਨਿਸ਼ਚਾ ਗਾਢੇ'।
ਸ੍ਰੀ ਗੁਰ ਤੇਗ਼ ਬਹਾਦਰ ਕੇਰੀ । ਅਧਿਕ ਭਾਵਨਾ ਸੰਗਤਿ ਕੇਰੀ ॥ ੪੭ ॥
ਕਹਯੋ ਕ੍ਰਿਪਾਲ ਸੰਗ[1] ਤਿਸ ਕਾਲੇ । 'ਬਸਹੁ ਸਰਬ ਤੁਮ ਇਹਾਂ ਸੁਖਾਲੇ ।
ਹਮ ਕੌਤਿਕ ਦਿਨ ਫਿਰ ਕਰਿ ਸਾਰੇ ।ਤੀਰਥ ਕਰਤੇ ਦੇਸ਼ ਨਿਹਾਰੇ[2]॥੪੮॥
ਸਭਿ ਡੇਰੇ ਥਿਤ[3] ਗਮਨਹਿ ਤੂਰਨ।ਕਰਹਿਂ ਕਾਮਨਾ ਅਪਨੀ ਪੂਰਨ'।ਇਮ
ਨਿਜ ਦਾਸ ਅਪਰ ਸਮੁਝਾਇ।ਜੇ ਪਟਨੇ ਪੁਰਿ ਬਿਖੇ ਹਟਾਏ[4] ॥ ੪੯ ॥ ਮਾਤ
ਨਾਨਕੀ ਸੁਨਿ ਕਰਿ ਆਈ।ਪਰਮ ਪ੍ਰੇਮ ਤੇ ਕਹਤਿ ਸੁਨਾਈ।'ਹੇ ਸੁਤ! ਤੁਮ
ਕੋ ਦੇਖਨਿ ਕਰੌਂ । ਸਦਾ ਆਪਨੇ ਉਰ ਸੁਖ ਧਰੌਂ ॥੫੦॥ ਅਬਿ ਮੋਕਹੁ ਤਜਿ
ਕੈ ਨਿਜ ਸੰਗ । ਗਮਨ ਅਗਾਰੀ ਧਰੋ ਉਮੰਗ' । ਸੁਨਿ ਕੈ ਸਤਿਗੁਰ ਨੇ
ਸਮੁਝਾਈ । 'ਪੁਰਵਹੁ ਉਰ ਆਸ਼ਾ ਸੁਖਦਾਈ ॥ ੫੧ ॥ ਹਮ ਕੋ ਜਾਨੋ ਬਨੈ
ਜ਼ਰੂਰ । ਕੌਤਿਕ ਸਿੱਖਨਨਿ ਸ਼ਰਧਾ ਪੂਰਿ' । ਇਸ ਪ੍ਰਕਾਰ ਦੇ ਸਭਿ ਕੋ
ਧੀਰ । ਚਲਯੋ ਚਹਿਤ ਹੈਂ ਗੁਰੂ ਗੰਭੀਰ ॥ ੫੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ
ਗ੍ਰਿੰਥੇ ਦ੍ਵਾਦਸ਼ ਰਾਸੇ 'ਬਿਸ਼ਨਸਿੰਘ ਰਾਜਾ ਕੋ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥ ੨ ॥

### ੩. [ਰਾਜੇ ਦਾ ਗੁਰੂ ਜੀ ਨੂੰ ਮਿਲਣਾ]।

ਦੋਹਰਾ ॥ ਭਈ ਜਾਮਨੀ ਸਤਿਗੁਰੂ ਬੈਠੇ ਸੈਨ ਸਥਾਨ । ਸ੍ਰੀ ਗੁਜਰੀ ਤਬਿ
ਆਨਿ ਕਰਿ ਕੀਨਸਿ ਬਿਨੈ ਬਖਾਨਿ ॥੧॥ ਚੌਪਈ॥ 'ਸ੍ਰੀ ਪ੍ਰਭੁ ! ਹੇਤੁ ਤੀਰ-
ਥਨਿ ਆਏ । ਰਾਵਰ ਕੀ ਸੰਗਤਿ ਸਭਿ ਥਾਏਂ । ਆਪਨੋ ਦੇਸ਼ ਛੋਰਿ ਕਰਿ
ਆਏ । ਬੀਚ ਬਿਦੇਸ਼ਨ ਆਨਿ ਬਸਾਏ ॥ ੨ ॥ ਸਭਿ ਕੋ ਤਜਯੋ ਇਕਾਕੀ
ਚਲੇ । ਕਹੌਂ ਭਾਵਤਿ, ਇਹੁ ਨਾਂਹਿਨ ਭਲੇ । ਬਿਛਰਹੁ ਆਪ ਦੂਰ ਕਿਸ
ਥਾਨ । ਚਹਤਿ ਇਕਾਕੀ ਕਰਯੋ ਪਯਾਨ ॥ ੩ ॥ ਸਗਰੇ ਦੇਸ਼ ਪ੍ਰਭਾਉ[5]
ਤੁਮਾਰਾ । ਹੋਹਿਂ ਦਾਸ ਧਰਿ ਭਾਉ ਉਦਾਰਾ । ਜਹਿਂ ਕਹਿਂ ਮਾਨਨੀਯ ਜਗ
ਮਾਂਹੀ । ਬੰਦਨੀਯ ਸਭਿ ਦੇਸ਼ਨਿ ਜਾਹੀਂ[6] ॥ ੪ ॥ ਤੁਮਰੇ ਕਰਿ ਚਿੰਤਾ ਹਮ
ਕੋਇ ਨ । ਰਾਵਰ ਕੋ ਕੈਸੇ ਕਰਿ ਹੋਇ ਨ[7] । ਤਊ ਬਿਚਾਰੋ ਨਿਜ ਮਨ
ਮਾਨਿ । ਬਿਚ ਬਿਦੇਸ਼ ਏਕਲ ਚਲਿ ਜਾਨਿ ॥ ੫ ॥ ਰਾਵਰ ਕੀ ਜਨਨੀ
ਤੇ ਸੁਨਯੋਂ।ਜਥਾ ਤੁਮਾਰੇ ਪਿਤ ਨੇ ਭਨਯੋਂ।–ਧਰਮਧੁਰੰਧਰ ਅਧਿਕ ਪ੍ਰਤਾਪੀ।
ਮਹਾਂ ਬੀਰ-ਸ਼ੱਤ੍ਰੁਨਿ ਗਨ ਖਾਪੀ ॥ ੬ ॥ ਰਾਂਕਾਪਤਿ ਪ੍ਰਕਾਸ਼ ਜਗ ਜੈਸੇ ।

---

[1] ਮਾਮਾ ਕ੍ਰਿਪਾਲ ਜੀ ਨਾਲ । [2] ਵੇਖਦਿਆਂ । [3] ਭਾਵ ਡੇਰਾ ਪਿਛੇ ਰਹੇ । [4] ਮੋੜੇ । [5] ਪ੍ਰਤਾਪ
[6] (ਜਿੱਥੇ) ਜਾਂਦੇ ਹੋ । [7] ਆਪ ਨੂੰ ਤਾਂ (ਚਿੰਤਾ) ਕਿਸੇ ਤਰ੍ਹਾਂ ਹੈ ਹੀ ਨਹੀਂ ।

ਪੁੱਤ੍ਰ ਆਪਕੇ ਉਪਜਹਿ ਤੈਸੇ–। ਅਟਲ ਸਵਲ, ਸੈਸੇ ਜਿਸ ਨਾਂਹਿ। ਅਸ ਬਚ ਹੈਂ ਖਸ਼ਟਮ ਪਤਿਸ਼ਾਹਿ ॥੭॥ ਨਿਤ ਚਾਹਤਿ ਚਿਤ ਪੌਤ੍ਰ ਦੁਲਾਰਨਿ। ਕਰਤਿ ਪ੍ਰਤੀਖਨ ਕਹਿ ਬਹੁ ਬਾਰਨ। ਦੀਰਘ ਦਰਸਾ ਸ੍ਰੱਬ੍ਰਿਤ ਸਾਸੁ[1]। ਜੋ ਮੁਖ ਕਹੈ ਹੋਇ ਸਵਲਾ ਸੁ ॥੮॥ ਭਯੋ ਸਮੈਂ ਸੁਤ ਹੋਵਨਿ ਕੇਰਾ। ਆਗੈ ਚਲੇ ਆਪ ਤਜਿ ਡੇਰਾ'। ਸੁਨਿ ਸ੍ਰੀ ਤੇਗ ਬਹਾਦਰ ਐਸੇ। ਪਿਤਾ ਸਰੂਪ ਧ੍ਯਾਨ ਕਰਿ ਤੈਸੇ ॥ ੯॥ ਹਾਥ ਜੋਰਿ ਕਰਿ ਬੰਦਨ ਠਾਨੀ। ਬ੍ਰਿੰਦ ਅਰਿੰਦਮ[2] ਬਹੁ ਬਲਖਾਨੀ। ਸ੍ਰੀ ਗੁਜਰੀ ਕਹੁ ਦੀਨਿ ਦਿਲਾਸਾ। 'ਗੁਰ ਬਚ ਪਰ ਰਾਖਹੁ ਭੁਰਵਾਸਾ ॥ ੧੦ ॥ ਟਿਕਹੁ ਇਹਾਂ ਗੁਰ ਸੰਗਤਿ ਭਾਰੀ। ਸਕਲ ਭਾਂਤਿ ਤੇ ਰਹਹੁ ਸੁਖਾਰੀ। ਹਮ ਕੇਤਿਕ ਦਿਨ ਤੀਰਥ ਕਰਿ ਹੈਂ। ਨੀਕੇ ਪੂਰਬ ਦੇਸ਼ ਨਿਹਰਿ ਹੈਂ ॥ ੧੧ ॥ ਨਿਪਜ[3], ਬ੍ਰਿੱਧ ਹ੍ਵੈ ਕੁਲ ਕੋ ਟੀਕਾ। ਬਰਖ ਪੰਚ ਕੋ ਹੁਇ ਤਨ ਨੀਕਾ। ਚਲਹਿਂ ਕੁਸ਼ਲ ਸੋਂ ਤਬਿ ਨਿਜ ਦੇਸ਼। ਤੀਰਥ ਕਰਹਿਂ ਸ਼ਨਾਨ ਅਸ਼ੇਸ਼' ॥੧੨॥ ਮ੍ਰਿਦੁਲ ਸੁਖਦ ਇੱਤਯਾਦਿ ਉਚਾਰੇ। ਧੀਰਜ ਦਈ 'ਲਹਹੁ ਸੁਖ ਸਾਰੇ'। ਸੁਨਿ ਸ੍ਰੀ ਗੁਜਰੀ ਤੂਸ਼ਨਿ ਠਾਨੀ। ਜਗ ਗੁਰ ਕੇ ਅਨੁਸਾਰਿ ਮਹਾਨੀ ॥੧੩॥ ਮਨ ਬਾਂਛਤਿ ਤਬਿ ਖਾਇ ਅਹਾਰਾ। ਜਿਨ ਜਗ ਹਿੰਦੂ ਧਰਮ ਉਬਾਰਾ[4]। ਰੁਚਿਰ ਮ੍ਰਿਦੁਲ ਉੱਜਲ ਪੈ ਫੇਨ[5]। ਆਸਤਰਨ ਦੀਰਘ ਸੁਖ ਦੈਨ ॥ ੧੪ ॥ ਲਘੁ ਬਿਸਾਲ ਉਪਧਾਨੁ ਧਰੇ ਹੈਂ। ਸੇਜਬੰਦ ਮਖਤੂਲ[6] ਖਰੇ ਹੈਂ। ਗੁੰਫੇ ਜ਼ਰੀਦਾਰ ਲਰਕੰਤੇ। ਫੂਲ ਮਾਲ ਸੋਂ ਰੁਚਿਰ ਸੁਹਤੇ ॥੧੫॥ ਅਸ ਪ੍ਰਯੰਕ ਪਰ ਪੌਢੇ ਆਇ। ਸ਼ਾਂਤਿ ਆਤਮਾ ਗੁਰ ਗਤਿਦਾਇ। ਰੈਨ ਬਿਖੈ ਕਰਿ ਸੈਨ ਸੁਖਾਰੇ। ਤੀਨ ਜਾਮ ਜਾਮਨਿ ਕੋ ਟਾਰੇ[7] ॥ ੧੬ ॥ ਪੁਨਹਿ ਪ੍ਰਬੋਧਤਿ ਹੁਇ[8] ਤਿਸ ਕਾਲ। ਨਿਤ ਕੀ ਕ੍ਰਿਆ ਕੀਨਿ ਬਿਧਿ ਨਾਲ। ਕਰਿ ਸ਼ਨਾਨ ਆਸਨ ਪਰ ਬੈਸੇ। ਚਿਤਵਤਿ ਨਿਜ ਸਰੂਪ ਹੈ ਜੈਸੇ ॥੧੭॥ ਭਈ ਪ੍ਰਭਾਤਿ ਦਿਵਾਨ ਲਗਾਇ। ਸੰਗਤਿ ਬੀਚ ਮਹਾਂ ਦੁਤਿ ਪਾਇ। ਜਿਮ ਤਾਰਨ ਗਨ ਕਰਿ ਪਰਵਾਰੇ। ਨਿਸਪਤਿ ਸਮ ਅਹਿਲਾਦਨਿਵਾਰੇ[9]॥ ੧੮ ॥ ਦੂਤ ਜੋਧ ਪੁਰਿ ਤੇ ਚਲਿ ਆਯਹੁ। ਅਰਪਿ ਉਪਾਇਨ ਸੀਸ ਨਿਵਾਯਹੁ। ਆਇਸੁ ਪਾਇ ਸਭਾ ਮਹਿ ਖਿਰਯੋ। ਹਾਥ ਜੋਰਿ ਕਰਿ ਬਿਨਤੀ

---

[1]ਦੀਰਘ ਦ੍ਰਿਸ਼ਟੀ ਤੇ ਸ੍ਰੇਸ਼ਟ ਬ੍ਰਿਤੀ ਵਾਲੀ ਹੈ ਸੱਸ। [2]ਬਹੁਤੇ ਵੈਰੀਆਂ ਦੇ ਦਮਨ ਕਰਨੇ ਵਾਲੇ। [3]ਅਵਤਾਰ ਲੈਣ ਵਾਲੇ। [4]ਤਾਂ ਨੌਵੇਂ ਪਾਤਸ਼ਾਹ ਜੀ ਨੇ। [5]ਦੁੱਧ ਦੀ ਝੱਗ ਵਰਗਾ (ਚਿੱਟਾ)। [6]ਰੇਸ਼ਮ ਦੀਆਂ ਡੋਰਾਂ ਵਾਲੇ। [7]ਰਾਤ ਦੇ ਬਿਤਾਏ। [8]ਜਾਗਕੇ। [9]ਅਨੰਦ ਦੇਣ ਵਾਲੇ।

ਕਰੇ ॥ ੧੯ ॥ 'ਬਿਸ਼ਨ ਸਿੰਘ ਮਹਿਪਾਲ ਬਿਸਾਲਾ। ਧਰ੍ਯੋ ਆਪ ਕੇ ਪਦ ਪਰ ਭਾਲਾ। ਅਧਿਕ ਪ੍ਰੇਮ ਤੇ ਬਿਨੈ ਬਖਾਨੀ।-ਕੀਰਤਿ ਤੁਮਰੀ ਸੁਨੀ ਮਹਾਨੀ ॥੨੦॥ ਸ਼ਰਨ ਪਰੇ ਕੇ ਹੋਹੁ ਸਹਾਇਕ।ਅਨਿਕ ਬਿਘਨ ਦਾਸਨਿ ਕੇ ਘਾਇਕ। ਮਹਾਂ ਕਸ਼ਟ ਤੇ ਮੋਹਿ ਉਧਾਰਹੁ। ਦੀਨਬੰਧੁ ਨਿਜ ਬਿਰਦ ਸੰਭਾਰਹੁ ॥ ੨੧ ॥ ਦਈ ਮੁਹਿੰਮ[1] ਕਾਮਰੂ ਦੇਸ਼। ਮਹਾਂਬਲੀ ਹਮ ਪਰ ਤੁਰਕੇਸ਼।ਤਿਨ ਕੇ ਸੰਗਜੰਗ ਨਹਿਂ ਬਨੈ।ਅਨਿਕ-ਬਿਧਨਿ ਕੇ ਮੰਤ੍ਰਨਿ ਭਨੈ ॥੨੨॥ ਹਤੋ ਪਿਤਾਮਾ ਮੇਰੋ ਤਹਾਂ। ਦਲ ਬਲ ਸਹਤ ਪ੍ਰਤਾਪੀ ਮਹਾਂ। ਮੈਂ ਰਾਵਰ ਕੋ ਹ੍ਵੈ ਕਰਿ ਸੰਘ। ਲੇ ਬਲ ਕੋ ਠਾਨੌਂ ਤਹਿਂ ਜੰਗ ॥੨੩॥ ਤੁਮ ਪਗ ਪੰਕਜ ਕਰੌਂ ਜਹਾਜ। ਰਣ ਸਮੁੰਦ੍ਰ ਤਰਿ[2],ਰਾਖਹੁ ਲਾਜ।ਪਿਤਾ ਤੁਮਾਰੇ ਕੋ ਜਸੁ ਮਹਾਂ। ਜਗ ਮਹਿਂ ਸੁਨਿਯਤਿ ਹੈ ਜਹਿਂ ਕਹਾਂ ॥ ੨੪ ॥ ਲਖ੍ਯੋ ਆਪ ਕੋ ਪਰਉਪਕਾਰੀ। ਪੂਰਨਪੂਰਨ ਕੀਨੇ ਸਿਖ ਭਾਰੀ। ਮਮ ਆਵਤਿ ਲੌ ਬਿਰਤਾ ਧਰੀਅਹਿ। ਅਪਰ ਸਥਾਨ ਪਯਾਨ ਨ ਕਰੀਯਹਿ ॥ ੨੫ ॥ ਬਿਲਮ ਨ, ਮੋਕਹੁ ਆਯੋ ਜਾਨਹੁ। ਮੁਝ ਕੋ ਸੰਗ ਆਪਨੇ ਠਾਨਹੁੰ-'। ਸੁਨੀ ਦੂਤ ਤੇ ਬਿਨੈ ਪ੍ਰਸੀਨੇ। ਸਰਬ ਪ੍ਰਸੰਗ ਬੂਝਿਬੋ ਕੀਨੇ ॥ ੨੬ ॥ ਦਿਵਸ ਇਕਾਦਸ਼ ਪਟਨੇ ਥਿਰੋ।ਆਯਹੁ ਭੂਪ ਉਤਾਇਲ ਕਰੋ।ਕੇਤਿਕ ਸੰਗ ਅਹੈਂ ਉਮਰਾਵ। ਲਸ਼ਕਰ ਮਹਾਂ ਜਥਾ ਦਰੀਆਵ॥੨੭॥ਪੁਰਿ ਪਟਨੇ ਮਹਿ ਉਤਰ੍ਯੋ ਆਈ। ਬ੍ਰਿੰਦ ਦੁੰਦਭੈਂ ਸ਼ਬਦ ਉਠਾਈ। ਝੰਡੇ ਗਾਡੇ ਅਨਿਕ ਨਿਸ਼ਾਨ। ਗਨ ਮਤੰਗ ਅਰੁ ਬਲੀ ਕਿਕਾਨ ॥ ੨੮ ॥ ਉਸ਼ਟਰ ਬਹੁ ਮੋਲੇ ਸਮੁਦਾਇ। ਸ਼ਮਿਯਾਨੇ[3] ਤੰਬੂ ਗਨ ਲਾਇ। ਗੁਰ ਕੀ ਸੁਧਿ ਸੁਨਿ'ਹੈਂ ਪੁਰਿ ਮਾਂਹੀ'।ਭਯੋ ਹਰਖ ਚਿੰਤਾ ਚਿਤ ਦਾਹੀ ॥੨੯॥ ਗਯੋ ਦੂਤ ਨੇ ਸਕਲ ਸੁਨਾਯਸਿ।'ਤੋਹਿ ਭਾਗ ਕਰਿ ਗੁਰ ਇਤ ਆਯਸਿ। ਸੁਨਿ ਕੈ ਪ੍ਰੇਮ ਸਹਿਤ ਤੁਵ ਬਿਨਤੀ। ਗਮਨਤਿ ਫਿਕੇ ਤ੍ਯਾਗਿ ਮਨ ਗਿਨਤੀ ॥੩੦॥ ਨਾਂਹਿਤ ਚਾਹਤਿ ਚਲਨਿ ਅਗਾਰੀ। ਸੁਨਿ ਮੁਝ ਤੇ ਬਹੁ ਕਰੁਨਾ ਧਾਰੀ। ਪਾਛਲ ਜਾਮ ਦਿਵਸ ਕੇ ਮਿਲੋ। ਪੁਰਹੁ ਭਾਵਨਾ ਹੁਇ ਤਵ ਭਲੋ' ॥ ੩੧ ॥ ਸੁਨਿ ਅਨਕੂਲ ਗੁਰੂ ਜਗ ਕੇਰਾ। ਬਿਸ਼ਨ ਸਿੰਘ ਕੈ ਅਨੰਦ ਘਨੇਰਾ। ਕਰਿ ਡੇਰਾ ਕਰ ਚਰਨ ਪਖਾਰੇ। ਬਸਤ੍ਰ ਬਿਭੂਖਨ ਤਨ ਸ਼ੁਭ ਧਾਰੇ ॥ ੩੨ ॥ ਸਿਪਰ ਖੜਗ ਕੋ ਅੰਗ

---

[1]ਸਰ ਕਰਨ ਲਈ ਜੰਗ। [2]ਰਣ ਰੂਪੀ ਸਮੁੰਦਰ ਤਰ ਲਵਾਂ। [3]ਵਡੇ ਤੰਬੂ।

ਸਜਾਇ। ਲਯੋ ਉਪਾਇਨ ਕੋ ਸਮੁਦਾਇ। ਸੰਗ ਸੁਭਟ ਸਭਿ ਆਯੁਧ
ਧਾਰੀ। ਚਲ੍ਯੋ ਨਗਨ ਪਗ ਪਨਹਿ ਉਤਾਰੀ[1] ॥੩੩॥ਆਗੈ ਧਰੇ ਪਾਂਵਡੇ[2]
ਜੇਈ। ਕਹਿ ਕਰਿ ਹਟਵਾਇਸਿ ਸਭਿ ਤੇਈ॥ਦੇਖਿ ਦੂਰ ਤੇ ਰੂਪ ਕ੍ਰਿਪਾਲਾ॥
ਹਾਥ ਜੋਰਿ ਕਰਿ ਨੰਮ੍ਰੀ ਭਾਲਾ[3]॥੩੪॥'ਸ਼ਰਨ ਸ਼ਰਨ'ਮੁਖ ਬੋਲਤਿ ਬਾਨੀ॥
ਧਰ੍ਯੋ ਚਰਨ ਸਿਰ ਬੰਦਨ ਠਾਨੀ। 'ਦਾਸ ਪਰ੍ਯੋ ਰਾਵਰਿ ਦਰਬਾਰ। ਮਮ
ਭੁਜ ਗਹੀਅਹਿ ਹਾਥ ਪਸਾਰਿ' ॥੩੫॥ਤਬਿ ਸਤਿਗੁਰ ਦੇ ਧੀਰ ਬਿਠਾਯੋ।
'ਗੁਰ ਘਰ ਤੇ ਸਿਖ ਸਭਿ ਕਿਛੁ ਪਾਯੋ। ਦੇਸ਼ ਕਾਮਰੂ ਬਿਜੈ ਉਪਾਇ।
ਆਵਹੁਗੇ ਬਡ ਜਸ ਉਪਜਾਇ॥੩੬॥ਜਗਮਹਿਂ ਅਸ ਕਾਰਜ ਨਹਿਂ ਕੋਇ॥
ਪੂਰਨ ਨਹਿਂ ਸਤਿਗੁਰ ਤੇ ਹੋਇ। ਮਨ ਨਿਸ਼ਚੈ ਧਰਿ ਚਿੰਤ ਨਿਵਾਰੋ। ਸ਼੍ਰੀ
ਨਾਨਕ ਕੋ ਨਾਮ ਚਿਤਾਰੋ ॥੩੭॥ ਕਰਹੁ ਤ੍ਰਿਹਾਵਲ ਕੋ ਸਮੁਦਾਇ। ਸਿਖ
ਸੰਗਤਿ ਮਹਿਂ ਦਿਹੁ ਬਰਤਾਇ। ਕਰਹੁ ਕਾਮਨਾ ਮਨ ਮਹਿਂ ਜੋਇ। ਦੇਸ਼
ਕਾਮਰੂ ਕੀ ਜੈ ਹੋਇ* ॥ ੩੮ ॥ ਸਿਮਰਹੁ ਸਤਿਗੁਰੁ ਪੂਰਹਿਂ ਸਾਰੀ। ਉਰ
ਤੇ ਸੰਸੈ ਦੇਹੁ ਬਿਦਾਰੀ'। ਹਾਥ ਜੋਰਿ ਕਰਿ ਭੂਪ ਸੁਨਾਵਾ। 'ਮੋਹਿ ਭਰੋਸੇ
ਪੂਰਬ ਆਵਾ ॥ ੩੯ ॥ ਸੁਨ੍ਯੋਂ ਸੁਭਾਵ ਜਬਹਿ ਉਪਕਾਰੀ। ਰਹ੍ਯੋ ਸ਼ਰਨ
ਮੈਂ ਪਰਨ ਤੁਮਾਰੀ। ਮਿਸ[4] ਮੁਹਿੰਮ ਕੇ ਜਾਗੇ ਭਾਗ। ਜਿਸ ਤੇ ਭਯੋ ਗੁਰੂ
ਪਗ ਰਾਗ[5]' ॥੪੦॥ ਇੱਤ੍ਯਾਦਿਕ ਨ੍ਰਿਪ ਕਹਿ ਕਰਿ ਬੈਨ। ਪਿਖਿ ਗੁਰ ਕੋ
ਕਰਿ ਸੀਤਲ ਨੈਨ। ਬੰਦਨ ਕਰਿ ਡੇਰੇ ਮਹਿਂ ਗਯੋ। ਅਤਿ ਉਤਸਵ
ਅਨੰਦ ਕੋ ਕਿਯੋ ॥੪੧॥ ਤੋਪ, ਰਹਿਕਲੇ, ਤੁਪਕ, ਜਮੂਰੇ। ਕਰੀ ਸ਼ਲਖ
ਰਵ ਸੁਨਿਯਤਿ ਦੂਰੇ॥ਸਭਿ ਮਾਨਵ ਪੁਰਿ ਪਟਨੇ ਬਾਸੀ। ਸਤਿਗੁਰ ਕੀਰਤਿ
ਕਰਤਿ ਪ੍ਰਕਾਸ਼ੀ ॥ ੪੨ ॥ ਨ੍ਰਿਪ ਪ੍ਰਸੰਗ ਕੋ ਕਹੈਂ ਸੁਨਾਵੈਂ। 'ਦੇਸ਼ ਕਾਮਰੂ
ਇਹ ਸੰਗ ਜਾਵੈ। ਆਗੇ ਸਤਿਗੁਰ ਹੁਤੇ ਤਿਆਰ॥ਆਇ ਸ਼ਰਨ ਇਹ ਛਰ
ਉਰ ਧਾਰਿ ॥ ੪੩ ॥ ਨ੍ਰਿਪ ਕੋ ਬਡੋ ਮਾਨ ਸਿੰਘ ਜੋਇ। ਤਿਸੀ ਦੇਸ਼ ਮ੍ਰਿਤੁ
ਪ੍ਰਾਪਤਿ ਹੋਇ। ਮੰਤ੍ਰਨਿ ਕੋ ਲਖਿ ਤ੍ਰਾਸ ਮਹਾਨਾ॥ ਗੁਰੁ ਅਲੰਬ ਤੇ ਚਹਤਿ

---

[1]ਜੁੱਤੀ ਉਤਾਰ ਕੇ। [2]ਪਾਯੰਦਾਜ਼। ਆਦਰ ਲਈ ਰਸਤੇ ਵਿਚ ਵਿਛਾਇਆ ਕਪੜਾ। [3]ਮੱਥਾ ਟੇਕਿਆ। [4]ਬਹਾਨੇ। [5]ਗੁਰੂ ਚਰਨਾਂ ਨਾਲ ਪ੍ਰੇਮ।

*ਇਸ ਪ੍ਰਸ਼ਨ ਦਾ ਉੱਤਰ ਕਿ ਰਾਜਾ ਤਾਂ ਔਰੰਗਜ਼ੇਬ ਦਾ ਸੈਨਾਪਤ ਹੋਕੇ ਕਾਮ ਰੂਪ ਦੇ ਰਾਜਾ ਨੂੰ, ਜੋ ਹਿੰਦੂ ਹੈ ਫਤਹ ਕਰਨ ਚੱਲਿਆ ਹੈ, ਗੁਰੂ ਜੀ ਕਿਉਂ ਸਹਾਯਕ ਬਣੇ, ਇਸ ਦਾ ਉੱਤਰ ਗੁਰੂ ਜੀ ਆਪ ਦੱਸਣਗੇ। ਦੇਖੋ ਇਹੋ ਰਾਸ, ਅੰਸੂ ੮ ਅੰਕ ੧੭ ਤੋਂ ੨੧ ਤਕ।

ਪਯਾਨਾ[1] ॥੪੪॥ ਬਿਸ਼ਨ ਸਿੰਘ ਪੰਚਾਂਮ੍ਰਿਤ ਬ੍ਰਿੰਦ। ਸੰਗਤਿ ਮੈਂ ਬਰਤਾਇ ਬਿਲੰਦ। ਸਤਿਗੁਰੁ ਪਦ ਪਾਹੁਲ ਕੋ ਲੇਯ। ਭਯੋ ਸਿੱਖਨ ਕਿਰਤਾਰਥ ਸੇਯ ॥ ੪੫॥ ਸ੍ਰੀ ਗੁਰ ਤੇਗਬਹਾਦਰ ਚੰਦ। ਅਨੁਸਾਰੀ ਤਬਿ ਹੋਇ ਨਰਿੰਦ[1]। ਚਹਤਿ ਕੂਚ ਆਗੇ ਕੋ ਕਰਨੋ।ਲਸ਼ਕਰ ਜੁਤਿ ਪੁਰਿ ਕੋ ਢਿਗ ਪਰਨੋ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ'ਨ੍ਰਿਪੁ ਬਿਸ਼ਨ ਸਿੰਘ ਸਤਿਗੁਰੁ ਸੋਂ ਮਿਲਨੰ' ਪ੍ਰਸੰਗ ਬਰਨਨੰ ਨਾਮ ਤ੍ਰਿਤਿਯੋ ਅੰਸੂ ॥ ੩॥

੪. [ਢਾਕੇ ਬੁਲਾਕੀ ਦਾਸ ਦੀ ਮਾਤਾ]।

ਦੋਹਰਾ॥ ਸਤਿਗੁਰ ਕੀ ਮਰਜ਼ੀ ਲਈ ਬਿਸ਼ਨ ਸਿੰਘ ਮਹਿਪਾਲ। ਕਰਨੋ ਕੂਚ ਆਗੇ ਚਲਯੋ ਲਖਹਿ ਮੁਹਿੰਮ ਬਿਸਾਲ॥੧॥ਚੌਪਈ॥ਸ੍ਰੀ ਗੁਰ ਤੇਗ ਬਹਾਦਰ ਸੰਗ॥ ਚਲੇ ਅਰੂਢਤਿ ਹੋਇ ਤੁਰੰਗ॥ ਕੇਤਿਕ ਸਿੱਖ ਫਕੀਰਨਿ ਬ੍ਰਿੰਦ। ਚਲੇ ਸੰਗ ਗੁਰੁ ਧਰੇ ਅਨੰਦ॥੨॥ਮਾਤ ਨਾਨਕੀ ਕੋ ਕਰਿ ਬੰਦਨ।ਸ੍ਰੀ ਗੁਜਰੀ ਕੋ ਕਰਿ ਅਭਿਨੰਦਨ[2]।ਆਦਿ ਕ੍ਰਿਪਾਲ ਜੁ ਗੁਜਰੀ ਭ੍ਰਾਤਾ। ਦੇ ਧੀਰਜ ਸਭਿ ਕੋ ਬੱਖਨਾਤ॥੩॥ਸੰਗਤਿ ਕੋ ਹਿਤ ਸੇਵਾ[3]ਕਹਿਕੈ।ਸਭਿ ਪੁਰਿ ਖੁਸ਼ੀ ਕਰੀ ਸਿਖ ਲਹਿਕੈ।ਚਲੇ ਅਗਾਰੀ ਸ੍ਰੀ ਗੁਰੁ ਧੀਰ। ਸਾਥ ਨ੍ਰਿਪਤ ਅਰੁ ਸੈਨਾ ਭੀਰ॥੪॥ ਚਾਲੇ ਸਨਮੁਖ ਦੇਸ਼ ਬੰਗਾਲੇ। ਦੁੰਦਭਿ ਬਾਜੇ ਸ਼ਬਦ ਬਿਸਾਲੇ।ਹੁਤੋ ਮੁੰਗੇਰ ਨਗਰ[4] ਇਕ ਭਾਰੇ। ਬਸਹਿ ਬ੍ਰਿੰਦ ਨਰ ਗੰਗ ਕਿਨਾਰੇ ॥੫॥ ਸ੍ਰੀ ਸਤਿਗੁਰੁ ਤਹਿਂ ਉਤਰੇ ਜਾਇ। ਸੰਗਤਿ ਸੁਨਿ ਆਈ ਸਮੁਦਾਇ। ਨਾਨਾ ਭਾਂਤਿ ਉਪਾਇਨ ਆਨੀ। ਧਰਿ ਸ਼ਰਧਾ ਪਦ ਬੰਦਨ ਠਾਨੀ॥੬॥ਜੋ ਜੋ ਜਿਸ ਜਿਸ ਗੁਰ ਹਿਤ ਧਰਯੋ[5]। ਤਤਛਿਨ ਆਨਿ ਸੁ ਅਰਪਨ ਕਰਯੋ। ਸਭਿ ਪਰ ਜਥਾ ਉਚਿਤ ਗੁਨਖਾਨੀ। ਕਰੀ ਖੁਸ਼ੀ ਇਛ ਪੂਰਨ ਠਾਨੀ ॥੭॥ਕੇਤਿਕ ਬਾਸੁਰ ਕੀਨਸਿ ਬਾਸਾ। ਸਿੱਖੀ ਪੰਥ ਬਿਸ਼ਾਲ ਪ੍ਰਕਾਸ਼ਾ। ਸੱਤਨਾਮ ਕੋ ਸਿਮਰਨ ਦੀਨਿ। ਨਿਜ ਸੰਗਤਿ ਕੀ ਸ੍ਰੇਯ ਸੁ ਕੀਨਿ ॥ ੮॥ ਪੁਨ ਪ੍ਰਸਥਾਨੇ ਗੁਰੂ ਅਗਾਰੀ।ਲਸ਼ਕਰ ਭੂਪ ਸਮੇਤ ਪਿਛਾਰੀ।ਹੋਤਿ ਕੁਲਾਹਲ ਬਜਤਿ ਨਗਾਰੇ। ਬ੍ਰਿੰਦ ਤੁਰੰਗ ਹਿਰੇਖਾ ਧਾਰੇ ॥੯॥ ਕੁੰਜਰ ਚਲਹਿਂ ਉਤੰਗ[6] ਮਹਾਨੇ। ਹੌਦਾ ਝੂਲਤਿ ਝਾਲਰ ਸਾਨੇ। ਅਨੀ[7] ਘਨੀ ਗਮਨੀ ਬਲਸਨੀ[8]। ਜਿਸ ਮਹਿਂ ਬਡੇ ਬਡੇ ਗਨ ਧਨੀ ॥ ੧੦॥ ਰਾਜਮਹਿਲ[9] ਪੁਨ ਪਹੁੰਚੇ ਜਾਇ। ਗਨ ਉਮਰਾਵ ਸੰਗ ਹਰਖਾਇ। ਕੇਤਿਕ ਚਢੇ ਮਤੰਗਨਿ ਆਵਤਿ। ਕੋ ਸਿਵਕਾ

[1]ਤਦ ਰਾਜਾ ਅਨੁਸਾਰੀ ਹੋ ਕਰਕੇ। [2]ਪ੍ਰਸੰਨ ਕਰਕੇ। [3]ਸੇਵਾ ਵਾਸਤੇ। [4]ਨਾਮ ਨਗਰ ਦਾ। [5]ਰਖਿਆ ਹੋਇਆ ਸੀ। [6]ਉਚੇ ਉਚੇ। [7]ਫੌਜ। [8]ਬਲ ਵਾਲੀ। [9]ਬੰਗਾਲ ਦਾ ਇਕ ਨਗਰ ਜੋ ਗੰਗਾ ਦੇ ਕਿਨਾਰੇ ਹੈ।

ਪਰ ਥਿਰ* ਸੁਖ ਪਾਵਤਿ ॥ ੧੧ ॥ ਕੇਤਿਕ ਚਲਿਤ ਤੁਰੰਗ ਨਚਾਵਤਿ। ਸ਼ਸਤ੍ਰ ਬਸਤ੍ਰ ਸ਼ੁਭ ਪਹਿਰਿ ਸੁਹਾਵਤਿ। ਤੰਬੂ ਤਹਾਂ ਪਹੁੰਚਿ ਲਗਵਾਏ।ਡੇਰੇ ਮਹਿਂ ਗੁਰ ਬਸੇ ਸੁਹਾਏ ॥ ੧੨ ॥ ਨਹੀਂ ਨਗਰ ਮਹਿਂ ਪ੍ਰਵਿਸ਼ੇ ਜਾਇ।ਸੁਨਿ ਸੰਗਤਿ ਤਹਿਂ ਕੀ ਸਮੁਦਾਇ। ਭੇਟ ਇਕੱਤ੍ਰ ਕਰਨਿ ਕੋ ਲਾਗੇ। ਨਹਿਂ ਪਹੁੰਚੇ ਢਿਗ ਕਰਿ ਅਨੁਰਾਗੇ ॥ ੧੩ ॥ ਕਰਹਿਂ ਸੁ ਤਯਾਰੀ ਐਬੋ ਜਾਵਦ[1]। ਗਮਨੇ ਆਗੇ ਸਤਿਗੁਰ ਤਾਵਦ। ਨਹਿਂ ਪ੍ਰੇਮੀ ਸਿਖ ਤਹਾਂ ਨਿਹਾਰੇ।ਬਿਨਾ ਮਿਲੇ ਗੁਰ ਅੱਗ੍ਰ ਸਿਧਾਰੇ ॥੧੪॥ ਪੀਛੇ ਪਛੁਤਾਵਤਿ ਸੋ ਰਹੇ।ਮੂਢਨਿ ਨਹੀਂ ਮਹਾਤਮ ਲਹੇ। ਪੂਰਬ ਜਿਨਹੁ ਨ ਭਾਗ ਉਦੋਤੇ। ਤਿਨ ਕੀ ਦਸ਼ਾ ਇਸੀ ਬਿਧਿ ਹੋਤੇ ॥ ੧੫ ॥ ਢਿਗ ਸਤਿਗੁਰ ਨਹਿਂ ਦਰਸੇਂ ਜਾਇ[2]। ਬਿਨਾ ਭਾਗ ਤੇ ਕੋ ਕਿਮ ਪਾਇ। ਚਲਿ ਕ੍ਰਿਪਾਲ ਜਬਿ ਆਗੇ ਗਏ। ਨਗਰ ਮਾਲਦਹ[3] ਪ੍ਰਾਪਤਿ ਭਏ ॥ ੧੬ ॥ ਤਿਸਿ ਪੁਰਿ ਜਹਿਂ ਸੰਗਤਿ ਇਸਥਾਨ । ਜਾਇ ਬਿਰਾਜੇ ਕ੍ਰਿਪਾ ਨਿਧਾਨ। ਤਹਿਂ ਭੀ ਸਿੱਖਯ ਨ ਕੋਊ ਆਯਹੁ।ਸੇਵਾ ਕਰੀ ਨ ਫਲ ਕੋ ਪਾਯਹੁ ॥ ੧੭ ॥ ਸ਼ੂੰਨ[4] ਸਥਾਨ ਹੇਰਿ ਗੁਰੁ ਪੂਛਾ। 'ਕੈਸੇ ਕਰਿ ਸਿੱਖਯਨਿ ਤੇ ਛੂਛਾ?।ਆਵਤਿ ਜਾਤਿ ਨ ਦੀਖਤਿ ਕੋਈ। ਧਰਮਸਾਲ ਮਹਿਂ ਥਿਰ ਨਹਿ ਸੋਈ' ॥ ੧੮ ॥ ਸੁਨਿ ਕਰਿ ਸ਼੍ਰੀ ਮੁਖ ਤੇ ਇਮ ਬਾਨੀ। ਗੁਰੂ ਸਮੀਪਨਿ ਬਿਨੈ ਬਖਾਨੀ। 'ਪੰਡੂਏ ਗ੍ਰਾਮ ਸੁ ਕੇਤਿਕ ਦੂਰ। ਤਹਾਂ ਬਰਸ ਮਹਿਂ ਮੇਲਾ ਪੂਰ ॥ ੧੯ ॥ ਪੁਰਿਬਾਸੀ-ਸਿਖ ਸਗਰੇ ਗਏ। ਤਿਸ ਮੇਲੇ ਮਹਿਂ ਪਾਪਤਿ ਭਏ। ਦਿਨ ਦੋਇਕ ਮੈਂ ਸੋ ਚਲਿ ਆਵੈਂ। ਬਹੁਰ ਮਿਲੈਂ ਜੋ ਸਤਿ-ਗੁਰ ਭਾਵੈਂ' ॥ ੨੦ ॥ ਸਹਿਜ ਸੁਭਾਇਕ ਗੁਰੂ ਉਚਾਰੀ। 'ਮਮ ਸਿੱਖੀ ਕੇ ਨਹਿਂ ਅਧਿਕਾਰੀ। ਤਿਨ ਸੋਂ ਮੇਲਾ ਹ੍ਵੈ ਨ ਹਮਾਰੋ†। ਨਿਸ ਕੋ ਬਸਿ ਮਗ ਚਲਹਿਂ ਅਗਾਰੋ' ॥ ੨੧ ॥ ਇਕ ਸਿਖ ਹੁਤੋ ਤਹਾਂ ਹਲਵਾਈ । ਆਇ ਪਰਯੋ ਸਤਿਗੁਰ ਸ਼ਰਨਾਈ। ਲਖਿ ਮਰਜ਼ੀ ਅਰਜ਼ੀ ਤਿਹ ਕਰੀ। ਮੋਹਿ ਕਾਮਨਾ ਪੂਰੀ ਪਰੀ‡ ॥ ੨੨ ॥ ਪੂਰਵਤਿ ਰਹੇ ਮਨੋਰਥ ਮੇਰੇ। ਭਯੋ ਕ੍ਰਿਤਾ-ਰਥ ਦਰਸ਼ਨ ਹੇਰੇ। ਦੀਨਦਯਾਲ ਮੈਂ ਰਾਵਰਿ ਸ਼ਰਨੀ। ਮਮ ਇੱਛਾ ਇਹ

[1]ਆਵਣ ਦੀ ਤਿਆਰੀ ਜਦ ਤਕ ਕਰਦੇ ਰਹੇ। [2]ਕੋਲ (ਆਏ) ਸਤਿਗੁਰਾਂ ਦੇ ਦਰਸ਼ਨ ਬੀ ਨਹੀਂ ਜਾ ਕਰਦੇ। [3]ਨਾਮ ਨਗਰ ਦਾ ਜਿੱਥੋਂ ਦੇ ਅੰਬ ਪ੍ਰਸਿੱਧ ਹਨ। [4]ਖਾਲੀ। *ਪਾ:-ਕੋ।

†ਧਰਮਸਾਲਾ ਸੁੰਞੀ ਛੱਡਕੇ ਜੋ ਕਿਸੇ ਮੇਲੇ ਤੇ ਚਲੇ ਗਏ ਇਹ ਉਹਨਾਂ ਦੇ ਇਸ ਕਰਮ ਦੀ ਮਾਨੋ ਟੀਕਾ ਹੈ ਕਿ ਸਿੱਖੀ ਭਾਵਨਾ ਇਹਨਾਂ ਦੀ ਕੀ ਹੋਈ ਜੋ ਧਰਮਸਾਲਾ ਸੁੰਞੀ ਛੱਡਕੇ ਟੁਰ ਜਾਂਦੇ ਹਨ। ‡ਪਾ:-ਗੁਰੁ ਜੀ ਟੇਕ ਤੁਮਾਰੀ ਧਰੀ।

ਪੂਰੀ ਕਰਨੀ ॥ ੨੩ ॥ ਮਮ ਕਰ ਕੌ ਪਕਵਾਨ ਮਹਾਨਾ। ਕਰੁਨਾ ਧਾਰਿ ਕਰਹੁ ਸੋ ਖਾਨਾ[1]। ਦੇਖਿ ਭਾਉ ਤਿਸ ਕੇ ਮਨ ਕੇਰਾ। ਆਇਸੁ ਕਰੀ ਗੁਰੂ ਤਿਸ ਬੇਰਾ ॥ ੨੪ ॥ ਹਰਖਤਿ ਹੁਇ ਤਿਨ ਭਲੋ ਬਨਾਇਵ। ਭਾਂਤਿ ਭਾਂਤਿ ਪਕਵਾਨ ਪਕਾਇਵ।ਮਹਾਂ ਪ੍ਰੇਮ ਕੋ ਧਾਰਤਿ ਲ੍ਯਾਯੋ। ਸਤਿਗੁਰੁ ਆਗੈ ਆਨਿ ਟਿਕਾਯੋ ॥ ੨੫ ॥ ਪ੍ਰੀਤਿ ਸਿੱਖਨ ਕੀ ਦੇਖਿ ਉਦਾਰਾ । ਰੁਚਿ ਸੋਂ ਕੀਨਸਿ ਖਾਨ ਅਹਾਰਾ।ਦਾਸਨਿਕੇਸਮੇਤਤ੍ਰਿਪਤਾਇ।ਕਰਿਪਖਾਰਿਪਟਪੌਂਛਿ ਸੁਹਾਏ[2] ॥ ੨੬ ॥ ਤਿਸ ਪਰ ਖੁਸ਼ੀ ਭਏ ਗੁਰਦ੍ਯਾਲੁ । ਛਿਨਕ ਬਿਖੈ ਸਿਖ ਕੀਨਿ ਨਿਹਾਲ। ਕਰਨੈ ਕੂਚ ਢਾਕੇ ਦਿਸ਼ਿ ਚਲੇ।ਮਾਰਗ ਬਿਖੈ ਸਿੱਖਨ ਬਹੁ ਮਿਲੇ॥ ੨੭॥ ਕਰਤਿ ਕਾਮਨਾ ਪੂਰਨ ਜਾਤੇ। ਸਿੱਖਨ ਹਜ਼ਾਰੋਂ ਨਿਤ ਬਰੁਸਾਤੇ[3]। ਸੰਗਤਿ ਪਰ ਕਰਿ ਕ੍ਰਿਪਾ ਕ੍ਰਿਪਾਲਾ।ਦਰਸ਼ਨ ਦੇਤੇ ਕਰਤਿ ਨਿਹਾਲਾ॥੨੮॥ ਮਨਹੁੰ ਕਾਮਨਾ ਚਿਤਵਹਿ ਕੋਇ। ਸੋ ਸਤਿਗੁਰ ਤੇ ਪੂਰਨ ਹੋਇ। ਕਰਹਿ ਪ੍ਰੇਮ ਭੋਜਨ ਅਚਵਾਵਹਿ।ਕੋ ਪੋਸ਼ਿਸ਼ ਕੋ ਤਨ ਪਹਿਰਾਵਹਿ॥੨੯॥ਕੋ ਅਪਨੇ ਘਰ ਬਿਖੈ ਉਤਾਰਹਿ। ਪ੍ਰੀਤਿ ਧਰਹਿ ਕੋ ਦਰਸ ਨਿਹਾਰਹਿ। ਨਹਿਂ ਠਹਿਰੈਂ ਪੁਨ ਗਮਨੇ ਜਾਹਿਂ। ਲਸ਼ਕਰ ਸੰਗ ਚਲਤਿ ਉਤਸਾਹਿ ॥ ੩੦ ॥ ਸੈਨਾ ਮਹਿਂ ਤੰਬੂ ਲਗਵਾਇ।ਕਿਸੂ ਥਾਨ ਗੁਰੁ ਬੀਚ ਰਹਾਇ। ਕਬਿਹੂੰ ਸਿਖ ਪ੍ਰੇਮੀ ਕੌ ਦੇਖਿ। ਤਿਨ ਕੇ ਘਰ ਉਤਰਹਿਂ ਅਵਿਰੇਖਿ[3]॥੩੧॥ਇਮ ਕੇਤਿਕ ਦਿਨ ਮਹਿਂ ਗੋਸਾਈਂ। ਢਾਕੇ ਪਹੁੰਚੇ ਦਲ ਸਮੁਦਾਈ[4]। ਸਭਿ ਕੋ ਡੇਰਾ ਵਹਿਰ ਉਤਾਰਾ।ਆਪਗੁਰੂਪੁਰਿ ਮਹਿ ਪਗ ਧਾਰਾ॥੩੨॥ ਢਾਕੇ ਨਗਰ ਮਝਾਰ ਮਸੰਦ। ਬਸਹਿ ਬੁਲਾਕੀ ਦਾਸ ਬਿਲੰਦ। ਤਿਸ ਕੀ ਮਾਤ ਬ੍ਰਿਧ ਬਹੁ ਤਨ ਕੀ। ਬਡੀ ਲਾਲਸਾ ਗੁਰ ਦਰਸ਼ਨ ਕੀ ॥ ੩੩ ॥ ਕਰੇ ਪ੍ਰੇਮ ਨਿਜ ਸਦਨ ਮਝਾਰਾ। ਗੁਰ ਹਿਤ ਏਕ ਪ੍ਰਯੰਕ ਸੁਧਾਰਾ।ਆਸਤਰਨ ਸੋਂ ਛਾਦਨਿ ਕਰਯੋ। ਸੇਜਬੰਦ ਸੰਗ ਕਸਿ ਕਰਿ ਧਰਯੋ ॥ ੩੪ ॥ ਤਿਸ ਕਉ ਪੂਜਹਿ ਸੰਝ ਸਕਾਰੇ। ਰਿਦੇ ਮਨੋਰਥ ਕੋ ਇਮ ਧਾਰੇ।-ਇਸ ਊਪਰ ਜਬਿ ਆਨਿ ਬਿਰਾਜੇਂ। ਤਬਿ ਮੇਰੇ ਪੂਰਨ ਸਭਿ ਕਾਜੇ-॥ ੩੫ ॥ ਤੂਲ[5] ਸੁਧਾਰੇ ਅਪਨੇ ਹਾਥ। ਪੁਨ ਕਾਤਯੋ ਸੂਖਮ ਹਿਤ ਸਾਥ। ਪ੍ਰੇਮ ਧਾਰਿ ਸੋ ਬਸਤ੍ਰ ਬੁਨਾਵਾ[6]। ਗੁਰ ਹਿਤ ਪੋਸ਼ਿਸ਼ ਸਕਲ ਬਨਾਵਾ ॥ ੩੬ ॥ ਧੂਪ ਦੀਪ ਪੂਜਾ ਨਿਤ ਕਰੈ।

---

[1]ਸ਼ੋਭ ਨੀਕ ਬਸਤ੍ਰ ਨਾਲ ਪੂੰਝੇ ਹੱਥ ਧੋਕੇ। [2]ਵਰੋਸਾਂਵਦੇ। [3]ਦੇਖ ਕੇ, ਪਸੰਦ ਕਰਕੇ। [4]ਸਾਰੇ ਦਲ (ਸਹਿਤ)। [5]ਰੂਈ। [6]ਉਣਵਾਇਆ।

ਦਰਸ਼ਨ ਆਸ ਧ੍ਯਾਨ ਪੁਨ ਧਰੈ।-ਆਰਬਲਾ ਮਮ ਭਈ ਬਿਤੀਤ। ਨਿਤ ਪ੍ਰਤਿ ਵਧਹਿ ਗੁਰੂ ਪਗ ਪ੍ਰੀਤਿ॥੩੭॥ ਕਰੁਨਾ ਕਰਿ ਗੁਰ ਮਮ ਘਰ ਆਵੈਂ। ਇਸ ਪ੍ਰਯੰਕ ਪਰ ਬੈਠਿ ਸੁਹਾਵੈਂ।ਪਹਿਰਹਿਂ ਪੋਸ਼ਿਸ਼ ਕੋ ਮਮ ਹਾਥ[1]। ਕਰਹਿਂ ਅਹਾਰ ਇਹਾਂ ਗੁਰ ਨਾਥ-॥ ੩੮ ॥ ਲਖਿ ਕਰਿ ਗਮਨੇ ਅੰਤਰਜਾਮੀ। ਲੀਨਸਿ ਤਿਸ ਘਰ ਕੋ ਮਗ ਸ੍ਵਾਮੀ। ਜਾਇ ਠਾਂਢਿ ਹੋਏ ਤਿਸ ਪੌਰ। ਸੁਧਿ ਭੇਜੀ ਅੰਤਰ ਜਿਸ ਠੌਰ[2] ॥ ੩੯ ॥ ਹਰਿਬਰਾਇ[3] ਸੁਨਿ ਤੂਰਨ ਆਈ। ਚਰਨ ਕਮਲ ਗਹਿ ਕਰਿ ਲਪਟਾਈ। 'ਆਜ ਘਰੀ ਪਰ ਮੈਂ ਬਲਿਹਾਰੀ। ਜਿਸ ਤੇ ਪੂਰਵੀ ਆਸ ਹਮਾਰੀ' ॥ ੪੦ ॥ ਤਿਸ ਪ੍ਰਯੰਕ ਪਰ ਆਨਿ ਬਿਠਾਏ। ਹਰਖਤਿ ਚਾਰੁ ਬਸਤ੍ਰ ਨਿਕਸਾਏ। ਅਪਨੇ ਕਰ ਤੇ ਕਰੇ ਬਨਾਵਨਿ।ਪ੍ਰੇਮ ਸਹਿਤ ਸੋ ਕਿਯ ਪਹਿਰਾਵਨ॥੪੧॥ਧੂਪ,ਦੀਪ,ਨਈਬੇਦ[4] ਸੁਧਾਰਾ। ਕਰਿ ਪੂਜਨ ਸਤਿਗੁਰੂ ਉਦਾਰਾ। ਤਬਿ ਸੋ ਬਿਰਧਾ ਭਈ ਨਿਹਾਲ। ਪੂਰਯੋ ਮਨੋਰਥ ਗੁਰੂ ਕ੍ਰਿਪਾਲ ॥੪੨॥ ਭਈ ਪ੍ਰੇਮ ਤੇ ਗਦ ਗਦ ਬਾਨੀ। ਨਹਿਂ ਉਸਤਤਿ ਮੁਖ ਜਾਇ ਬਖਾਨੀ। ਨੇਤ੍ਰਨਿ ਜਲ ਅਨੰਦ ਭਰਿ ਆਵਾ। ਹਰਖਤਿ ਰੰਕ ਮਨਹੁੰ ਧਨ ਪਾਵਾ ॥ ੪੩ ॥ ਜਥਾ ਚੰਦ ਕੋ ਪਿਖਹਿ ਚਕੋਰ। ਇਕ ਟਕ ਦੇਖਤਿ ਗੁਰ ਪਗ ਓਰ। ਕ੍ਰਿਪਾ ਨਿਧਾਨ ਪ੍ਰੇਮ ਤਿਸ ਹੇਰਾ। ਉਮਡਯੋ ਇਨ ਕੇ ਪ੍ਰੇਮ ਘਨੇਰਾ ॥ ੪੪ ॥ ਸ੍ਰੀ ਮੁਖ ਤੇ ਕਹਿ ਮਧੁਰ ਸੁਨਾਯਹੁ। 'ਤਵ ਕਾਰਨ ਮੈਂ ਇਸ ਥਲ ਆਯਹੁ। ਤੋਹਿ ਪ੍ਰੇਮ ਮੇਰੇ ਮਨ ਭਾਯਹੁ। ਭਾਉ ਬਿਲੋਕਨਿ ਕੋ ਲਲਚਾਯਹੁ ॥ ੪੫ ॥ ਕਰਯੋ ਮਨੋਰਥ ਪੂਰਨ ਹੋਵਾ। ਸਦਨ ਬਿਠਾਇ ਮੋਹਿ ਕਹੁ ਜੋਵਾ। ਅਬਿ ਤੇਰੇ ਉਰ ਲਾਲਸ ਜੋਈ। ਜਾਚਿ ਲੇਹੁ, ਮੈਂ ਦੇਵੋਂ ਸੋਈ' ॥ ੪੬॥ ਸੁਨਿ ਕਰਿ ਬ੍ਰਿੱਧਾ ਭਈ ਅਧੀਨ। ਹਾਥ ਜੋਰਿ ਕਰਿ ਜਾਚਨਿ ਕੀਨਿ। 'ਰਾਵਰ ਕੋ ਦਰਸ਼ਨ ਨਿਤ ਪਾਵੋਂ। ਜਬਿ ਲਗਿ ਤਨ ਮਹਿਂ ਪ੍ਰਾਨ ਬਸਾਵੋਂ ॥ ੪੭॥ ਇਹੀ ਆਸ ਮੇਰੀ ਸੋ ਦੀਜੈ। ਨਿਤ ਦਰਸ਼ਨ ਦੇ ਕਰਿ ਹਰਖੀਜੈ'। ਸੁਨਿ ਅਦਭੁਤ ਬਾਨੀ ਤਿਸ ਕੇਰੀ। ਕ੍ਰਿਪਾ ਦ੍ਰਿਸ਼ਟਿ ਤੇ ਸਤਿਗੁਰੂ ਹੇਰੀ ॥ ੪੮॥ 'ਦੁਰਲਭ ਬਰ ਜਾਚਨ ਕੋ ਕੀਨਾ।ਪ੍ਰੇਮ ਦੇਖਿ ਕਰਿ ਸੋ ਮੈਂ ਦੀਨਾ।ਜਬਿ ਸ਼ਨਾਨ ਕਰਿ ਠਾਨਹਿ ਧ੍ਯਾਨ। ਤਬਿ ਉਰ ਦੇਵੋਂ ਦਰਸ਼ਨ ਆਨਿ' ॥ ੪੯ ॥ ਬਸੀ ਪ੍ਰੇਮ ਕੇ ਹੁਇ ਗੁਨਖਾਨੀ। ਦੀਨਸਿ ਦਾਨ ਜਾਚਨਾ ਜਾਨੀ।ਦਿਯੋ ਅਨੰਦ

[1]ਮੇਰੇ ਹੱਥੋਂ। ( ਅ ) ਮੇਰੇ ਹੱਥ ਦੀ। [2]ਜਿਸ ਥਾਂ ( ਮਾਈ ) ਸੀ। [3]ਕਾਹਲੀ ਨਾਲ। [4]ਭਾਵ ਪ੍ਰਸ਼ਾਦਿ ਤੋਂ ਹੈ।

ਤਿਹ ਸਰਬ ਪ੍ਰਕਾਰ। ਜਗ ਸਾਗਰ ਤੇ ਕਰਯੋ ਉਧਾਰ ॥ ੫੦ ॥ ਬਡਭਾਗਾ ਹਰਖੀ ਬਰ ਪਾਇ। ਬਾਰ ਬਾਰ ਬਲਿਹਾਰੀ ਜਾਇ। ਜਿਸ ਕੋ ਪ੍ਰੇਮ ਗੁਰੂ ਮਨ ਮਾਨੇ। ਕ੍ਯੋਂ ਨ ਹੋਇ ਤਿਸ ਕੋ ਕੱਲ੍ਯਾਨੇ ॥ ੫੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸਿੱਖਨੀ ਬ੍ਰਿੱਧਾ ਕੋ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

ਪ. [ਢਾਕੇ ਭਾਈ ਨੱਥਾ]।

ਦੋਹਰਾ ॥ ਨਾਮ ਬੁਲਾਕੀ ਦਾਸ ਜੋ ਬਡੋ ਮਸੰਦ ਸੁ ਦੇਸ਼। ਹੁਤੀ ਨਗਰ ਕੀ ਸੰਗਤਾਂ ਲੀਨਿ ਸਕੇਲ ਅਸ਼ੇਸ਼ ॥੧॥ ਚੌਪਈ ॥ ਸੁਨਿ ਸੁਨਿ ਸਿਖ ਸਤਿਗੁਰ ਆਗਵਨੂ। ਰੁਚਿਰ ਅਕੋਰਨਿ ਲੇ ਨਿਜ ਭਵਨੂ[1]*। ਚੌਂਪਤਿ ਚਿਤ ਚਾਹਤਿ ਦਰਸਾਵਨ[2]। ਹੋਹਿਂ ਨਿਹਾਲ ਹੇਰਿ ਪਗ ਪਾਵਨ ॥ ੨ ॥ ਸਭਿ ਇਕੱਤ੍ਰ ਕਰਿ ਸਗਤਿ ਰਾਸ। ਆਗੈ ਹੋਇ ਬੁਲਾਕੀ ਦਾਸ। ਗਾਵਤਿ ਸ਼ਬਦ ਪ੍ਰੇਮ ਗੁਰੁ ਮਾਤੇ। ਲੋਚਨ ਤੇ ਜਲਬੂੰਦਨ ਜਾਤੇ[3] ॥੩॥ ਸਨੇ ਸਨੇ ਸਭਿ ਚਲਿ ਕਰਿ ਆਏ। ਪਰਮ ਪ੍ਰੀਤਿ ਪਾਇਨ ਲਪਟਾਏ। ਅਰਪਨ ਕੀਨਿ ਅਕੋਰ ਅਨੇਕ। ਹੇਰਿ ਹੇਰਿ ਕਰਿ ਜਲਧਿ ਵਿਵੇਕ ॥ ੪ ॥ ਬਾਰ ਬਾਰ ਹੋਵਤਿ ਬਲਿਹਾਰੀ। ਬੰਦਨ ਕਰਿ ਕਰਿ ਬਿਨੈ ਉਚਾਰੀ। ਆਇਸੁ ਪਾਇ ਬੈਠਿ ਸਭਿ ਗਏ। ਸ਼ਬਦ ਪ੍ਰੇਮ ਤੇ ਗਾਵਤਿ ਭਏ ॥੫॥ ਕਰਯੋ ਕੀਰਤਨ ਕੋ ਚਿਰਕਾਲ। ਸੁਨਿ ਗੁਰ ਭਏ ਪ੍ਰਸੰਨ ਬਿਸਾਲ। ਕ੍ਰਿਪਾ ਧਾਰਿ ਐਸੇ ਕਹਿ ਵਾਕਾ।-'ਮਮ ਸਿੱਖੀ ਕੋ ਕੋਠਾ[4] ਢਾਕਾ ॥ ੬ ॥ ਭਲੀ ਭਾਂਤਿ ਮੁਹਿ ਭਜਨ ਸੁਨਾਯਹੁ। ਅਧਿਕ ਪ੍ਰੇਮ ਤੇ ਰਿਦਾ ਰਿਝਾਯਹੁ'। ਤਬਿ ਉਠਿ ਕਰਿ ਸਭਿ ਸੰਗਤਿ ਰਾਸ। ਜਿਨ ਮਹੁਂ ਅੱਗ੍ਰ ਬੁਲਾਕੀ ਦਾਸ ॥੭॥ ਦੀਪਕ ਬਾਰਿ ਆਰਤੀ ਕਰੀ। ਧੂਪ ਧੁਖਾਇ ਅਗਾਰੀ ਧਰੀ। ਫੂਲਨਿ ਮਾਲਾ ਗਰ ਪਹਿਰਾਈ। ਅਧਿਕ ਸੁਗੰਧੈਂ ਢਿਗ ਛਿਰਕਾਈ ॥੮॥ ਪਗ ਪੰਕਜ ਪਾਵਨ ਗਹਿ ਹਾਥ। ਕਰੇ ਪਖਾਰਨਿ ਸ਼ੁਭ ਜਲ ਸਾਥ। ਪੁਨ ਪਟ ਸੋਂ ਪੌਂਛੇ ਕਰਿ ਪ੍ਰੀਤ। ਲੇ ਚਰਨਾਂਮ੍ਰਿਤ, ਹਰਖਤਿ ਚੀਤ ॥ ੯ ॥ ਦੇਖਿ ਭਾਉ ਸਤਿਗੁਰੂ ਬਖਾਨਾ। 'ਹਮ ਨੇ ਤੁਮਰੋ ਪ੍ਰੇਮ ਪਛਾਨਾ। ਤਿਸ ਕੋ[5] ਬਸਿ ਹੁਇ ਇਤ ਚਲਿ ਆਏ। ਸੇਵਾ ਤੁਮ ਤੇ ਸਭਿ ਬਨਿ ਆਏ ॥ ੧੦ ॥ ਅਬਿ ਧਮਸਾਲਾ ਸੁੰਦਰ ਪਾਵਹੁ। ਜਥਾ ਸ਼ਕਤਿ ਤਹਿਂ ਸੰਤ ਟਿਕਾਵਹੁ। ਤਿਸ਼ ਮਹਿਂ ਮਿਲਹੁ ਸਿੱਖ੍ਯ ਮਮ ਪ੍ਯਾਰੇ। ਕਰਹੁ ਕੀਰਤਨ

[1]ਆਪੋ ਆਪਣੇ ਘਰਾਂ ਤੋਂ। [2]ਦਰਸ਼ਨ ਕਰਨਾ। [3]ਵਗਦੀਆਂ। [4]ਖਜ਼ਾਨਾ। [5]ਤਿਸ (ਪ੍ਰੇਮ) ਦੇ।

*ਪਾ:-ਭਏ ਤਿਆਰ ਤ੍ਯਾਗ ਨਿਜ ਭਵਨੂੰ। (੨) ਦਰਸ਼ਨ ਕਰਹਿਂ ਆਇ ਤਜਿ ਭਵਨੂੰ।

ਸ਼ੁਧ[1] ਤੁਮਾਰੇ॥ ੧੧॥ ਜੋੜ ਕਰਹੁ ਪਰਬਨਿ ਕੇ ਮਾਂਹਿ। ਗੁਰੂ ਅਰਾਧਹੁ ਸਭਿ ਦੁਖ ਜਾਹਿਂ'। ਸੁਨਿ ਸੰਗਤ ਨੇ ਸਤਿਗੁਰ ਬਾਨੀ। ਹਾਥ ਜੋਰਿ ਨੰਮ੍ਰੀ ਹੁਇ ਮਾਨੀ॥੧੨॥ ਮਥਰਾ ਪੁਰਿ ਮਹਿਂ ਸਭਿ ਤਤਕਾਲ।ਧ੍ਰਮਸਾਲਾ ਤੁਹਿਂ ਰਚੀ ਬਿਸਾਲ। ਸ਼੍ਰੀ ਸਤਿਗੁਰ ਹਰਿ ਗੋਵਿੰਦ ਧੀਰ। ਪਠਯੋ ਹੁਤੋ ਅਲ-ਮਸਤ ਫਕੀਰ॥ ੧੩॥ ਪ੍ਰਥਮ ਕਥਾ ਇਹ ਕਹਿ ਸਭਿ ਆਏ।ਜਥਾ ਕਾਜ ਤਿਨ ਤਹਾਂ ਬਨਾਏ। ਹੁਤੋ ਤਿਸੀ ਕੋ ਪੋਤਾ ਚੇਲਾ[2]।ਮਿਲਤਿ ਸਭਿਨਿ ਜਹਿਂ ਸੰਗਤਿ ਮੇਲਾ॥ ੧੪॥ ਭਾਈ ਨੱਥਾ ਭਾਖਹਿਂ ਨਾਮੁ। ਢਾਕੇ ਬਿਖੇ ਬਸਹਿ ਸ਼ੁਭ ਧਾਮ। ਸ਼੍ਰੀ ਹਰਿਰਾਇ ਹੁਕਮ ਕੋ ਪਾਇ। ਬਸਤ੍ਰਨਿ ਕੀ ਪੋਸ਼ਿਸ਼ ਬਨਿਵਾਇ॥ ੧੫॥ ਸਤਿਗੁਰ ਹਿਤ ਭੇਜਤਿ ਸੋ ਰਹੈ। ਇਹ ਸੇਵਾ ਨਿਤ ਸਾਂਭਤਿ ਅਹੈ। ਭਾਂਤਿ ਭਾਂਤਿ ਕੇ ਸੂਖਮ ਮਹਾਂ। ਬਹੁ ਮੋਲੇ ਪਟ ਲੇ ਕਰਿ ਤਹਾਂ॥ ੧੬॥ ਹਿਤ ਪੋਸ਼ਿਸ਼ ਕੇ ਬਹੁਤ ਪਠਾਵਹਿ। ਇਸ ਸੇਵਾ ਹਿਤ ਤਹਾਂ ਰਹਾਵਹਿ। ਆਦਿ ਬੁਲਾਕੀ ਦਾਸ ਮਸੰਦ। ਤਿਹ ਸੋਂ ਕ੍ਰੋਧਤਿ ਰਹਤਿ ਬਿਲੰਦ॥੧੭॥ ਰਿਸ ਧਰਿ ਕਈ ਬਾਰ ਲਰ ਪਰੈਂ। ਨਹਿਂ ਬਨਿ ਆਇ,ਬੈਰ ਕੋ ਕਰੈਂ। ਇਕ ਅੰਗੀ ਉਨਮੱਤ ਫਕੀਰ[3]। ਗੁਰੁ ਸੇਵਾ ਪ੍ਰੇਮੀ ਧਰਿ ਧੀਰ॥ ੧੮॥ ਸੰਗਤਿ ਸਹਿਤ ਬੁਲਾਕੀ ਦਾਸ। ਨਾਲਸ਼[4] ਕਰੀ ਗੁਰੂ ਕੇ ਪਾਸ। 'ਹੇ ਪ੍ਰਭੁ ਜੀ! ਇਹ ਨੱਥਾ ਭਾਈ। ਹਮ ਸੋਂ ਨਿਤ ਪ੍ਰਤਿ ਕਰਤਿ ਲਰਾਈ॥ ੧੯॥ ਸੰਗਤਿ ਅਪਰ ਮਸੰਦਨਿ ਸੰਗ। ਨਹਿਂ ਕਯੋਂਹੂੰ ਰਾਖਤਿ ਰਸ ਰੰਗ॥ ਬਹੁ ਦੁਰਬਚਨ ਕਹਤਿ ਹੀ ਰਹੈ।ਸੁਨਿ ਲਖਿ ਸੰਤ ਸਕਲ ਹੀ ਸਹੈਂ॥੨੦॥ ਗੁਰ ਕੇ ਕਰੇ ਮਸੰਦ ਮਹਾਨ। ਨਹਿਂ ਰਾਖਤਿ ਇਹੁ ਕਿਸ ਕੀ ਆਨਿ'। ਕਹਿ ਸ਼੍ਰੀ ਤੇਗ ਬਹਾਦਰ ਹਸੇ। 'ਨੱਥਾ ਨਿਤ ਹਜ਼ੂਰ ਮਮ ਬਸੈ॥੨੧॥ਨਹਿਂ ਮਮ ਢਿਗ ਕਿਹ ਦੇਤਿ ਦਿਖਾਈ[5]। ਢਾਕੇ ਬਿਖੈ ਸੁ ਆਪ ਲਖਾਈ[6]'। ਪਠਯੋ ਦਾਸ ਨੱਥਾ ਬੁਲਵਾਯੋ। ਸੰਗਤਿ ਕੇ ਸਮੀਪ ਬੈਠਾਯੋ॥ ੨੨॥ ਬੂਝਯੋ ਤਿਸ ਕੋ 'ਨੱਥਾ ਭਾਈ! ਸਭਿ ਤੇਰੀ ਇਹ ਕਹਤਿ ਬੁਰਾਈ।–ਹਮ ਕੋ ਦੇਤਿ ਰਹਹਿ ਨਿਤ ਗਾਰੀ। ਸੰਗਤਿ ਸੰਗ ਨ ਭਲੋ ਉਚਾਰੀ॥ ੨੩॥ ਸਿੱਖਨਨਿ ਕੀ ਸਲਾਹ ਨਹਿਂ ਲੇਵਹਿ। ਜੋ ਮੁਖ ਆਵਤਿ ਸੋ ਬਕ ਦੇਵਹਿ–'। ਸੁਨਿ

[1]ਮੁਕਤੀ ਹੋਵੇਗੀ। [2]ਚੇਲੇ ਦਾ ਚੇਲਾ। [3]ਇਕ (ਗੁਰੂ ਜੀ ਦੀ ਪ੍ਰੀਤ ਦੇ) ਪੱਖ ਵਾਲਾ ਤੇ ਮਸਤ ਫਕੀਰ। [4]ਫਰਯਾਦ। [5]ਮੇਰੇ ਪਾਸ ਹੁੰਦਾ ਕਿਸੇ ਨੂੰ ਦਿਸਦਾ ਨਹੀਂ। [6]ਢਾਕੇ ਦੇ ਵਿੱਚ ਆਪਣੇ ਆਪ ਨੂੰ ਲਖਾਂਵਦਾ ਹੈ।

ਭਾਈ ਨੱਥੇ ਬਚ ਬੋਲੇ। 'ਇਹ ਧੀ ਕੇ ਰੌੜੇ[1]*ਮਤਿ ਹੌਲੇ' ॥ ੨੪ ॥ ਅਰਲ ਬਰਲ ਬਹੁ ਬਦਨ ਉਚਾਰੀ।'ਮੈਂਇਨ ਕੋ ਕਬਿ ਦਈ ਨ ਗਾਰੀ'।ਸੁਨਿ ਸ੍ਰੀ ਸਤਿਗੁਰ ਬਹੁ ਬਿਗਸਾਏ। ਬੈਠੇ ਹੁਤੇ ਸਕਲ ਮੁਸਕਾਏ ॥ ੨੫ ॥ 'ਅਬਿ ਹਜ਼ੂਰ ਮਹਿ ਗਾਰਿ ਨਿਕਾਰਤਿ।ਗੁਰਨਿ ਸੁਨਾਵਹਿ ਮੈਂ ਨ ਉਚਾਰਤਿ'।ਤਬਿ ਸ੍ਰੀ ਤੇਗਬਹਾਦਰਿ ਕਹ੍ਯੋ। 'ਇਸਕੋ ਇਮ ਸੁਭਾਵ ਹੀ ਲਹ੍ਯੋ ॥੨੬॥ ਭਾਈ ਨੱਥਾ ਦੇ ਜਬਿ ਗਾਰੀ। ਤੁਮ ਤਬਿ ਜਾਨਹੁੰ ਕਰੁਨਾ ਧਾਰੀ। ਇਸਕੇ ਉਰ ਬਿਕਾਰ ਨਹਿ ਕੋਈ। ਬੋਲਨਿ ਗਤਿ ਐਸੀ ਨਿਤ ਹੋਈ ॥ ੨੭ ॥ ਕਰਹੁ ਨ ਗਿਲਾ[2] ਸੁਨਤਿ ਇਸਬੈਨ।ਹਿਰਦਾ ਸ਼ੁੱਧ ਬਿਰੋਧੀ ਹੈ ਨਾ।ਇਹੁ ਸੂਧਾ ਉਲਮੱਤ ਫਕੀਰ। ਸੂਧੀ ਬਾਤ ਭੁਨਤਿ ਉਰ ਧੀਰ ॥ ੨੯ ॥ ਇਕ ਅੰਗੀ[3] ਸੂਧੇ ਮਗ ਪਰਿਓ। ਨਹੀਂ ਕੁਟਿਲ ਪਨ ਕੋ ਮਨ ਧਰਿਓ। ਮਾਨੈ ਬਚਨ ਸਾਚ ਨਿਤ ਮੇਰਾ। ਚਢ੍ਯੋ ਰੰਗ ਅਨੁਰਾਗ ਬਡੇਰਾ ॥ ੨੯ ॥ ਸੰਗਤਿ ਸਹਿਤ ਮਸੰਦ ਜਿ ਅਹੋ। ਸੁਨਤਿ ਬਾਕ ਉਰ ਛੋਭ ਨ ਲਹੋ। ਸਦਾ ਪ੍ਰੇਮ ਹੀ ਇਹ ਸੰਗ ਕਰੋ। ਸੁਖ ਪਾਵਹੁ ਮਮ ਬਚ ਮਨ ਧਰੋ ॥ ੩੦ ॥ ਨਹੀ ਕੁਟਲਤਾ ਧਾਰਨਿ ਕਰੀ-ਅਹਿ। ਰਿਦੈ ਸਰਲਤਾ ਸਦ ਅਨੁਸਰੀਅਹਿ। ਮਲ ਬਿਕਾਰ ਉਰ ਤੇ ਪਰ-ਹਰੀਅਹਿ। ਗੁਰ ਅਨੁਰਾਗ ਰੰਗ ਕੋ ਧਰੀਅਹਿ ॥ ੩੧ ॥ ਸੱਤਿਨਾਮ ਸਿਮਰਨ ਆਚਰੀਅਹਿ। ਜਨਮ ਮਰਨ ਬੰਧਨ ਨਿਰਵਰੀਅਹਿ। ਭਵ ਸਾਗਰ ਦੁਸ਼ਤਰ ਕੋ ਤਰੀਅਹਿ।ਸਤਿਗੁਰ ਸ਼ਬਦ ਸਦੀਵ ਬਿਚਰੀਅਹਿ' ॥ ੩੨ ॥ ਇਮ ਸੰਗਤਿ ਕੋ ਦੇ ਉਪਦੇਸ਼। ਸਭਿ ਸਿੱਖਨਿ ਕੇ ਹਤੇ ਕਲੇਸ਼। ਕਿਤਿਕ ਕਾਲ ਤਹਿ ਬਸੇ ਕ੍ਰਿਪਾਲੁ। ਕ੍ਰਿਪਾ ਦ੍ਰਿਸ਼ਟਿ ਤੇ ਕਰੇ ਨਿਹਾਲ ॥ ੩੩ ॥ ਪੁਨਹ ਕੂਚ ਕਰਿਬੇ ਕੀ ਤਯਾਰੀ। ਆਇਸੁ ਦਾਸਨਿ ਪਾਸ ਉਚਾਰੀ। ਸੁਨਿ ਕਰਿ ਮਾਤ ਬੁਲਾਕੀ ਦਾਸ। ਆਈ ਤੁਰਤ ਗੁਰੂ ਕੇ ਪਾਸ ॥ ੩੪ ॥ ਕਰਤਿ ਪ੍ਰੇਮ ਪੰਕਜ ਪਗ ਪਰੀ। ਜੁਗਲ ਬਿਲੋਚਨ ਆਸੂੰ ਝਰੀ[4]। 'ਹੇ ਪ੍ਰਭੁ! ਸੁਨ੍ਯੋ ਕੂਚ ਮੈਂ ਆਈ। ਉਰ ਜੈਸੇ ਅਭਿਲਾਖ ਬਸਾਈ ॥ ੩੫ ॥ ਸੋ ਮੈਂ ਜਾਚੀ ਰਾਵਰਿ ਪਾਸ। ਨਿਤ ਦਰਸ਼ਨ ਮੁਝ ਦੇਹੁ ਪ੍ਰਕਾਸ਼[5]। ਮੋਰ ਮਨੋਰਥ ਪੂਰਨ ਕੀਜੈ। ਸ੍ਰੀ ਸਤਿਗੁਰੁ ਸਦ ਇਹਾਂ ਬਸੀਜੈ' ॥ ੩੬ ॥ ਸੁਨਿ

[1]ਅਕਲੋਂ ਸੱਖਣੇ। [ਧੀ=ਬੁੱਧੀ। ਰੌੜ ਬਨਸਪਤੀ ਤੋਂ ਸੱਖਣਾ ਮਦਾਨ। ਭਾਵ ਸੱਖਣਾ] [2]ਗੁੱਸਾ। [3]ਭਾਵ ਨਿਰੋਲ ਗੁਰੂ ਦੀ ਪ੍ਰੀਤ ਵਾਲਾ। [4]ਹੰਝੂ ਕੇਰਦੀ ਹੈ। [5]ਪ੍ਰਗਟ।

*ਕਈ ਲਿਖਤੀ ਨੁਸਖਿਆਂ ਵਿੱਚ ਇਕ ਬਹੁਤ ਸ਼ਲੀਲ ਪਾਠਾਂਤਰ ਹੈ, ਜੋ ਸ਼ਲੀਲ ਹੋਣ ਕਰਕੇ ਨਹੀਂ ਦਿੱਤਾ ਜਾਂਦਾ।

ਕਰਿ ਕਹਯੋ 'ਪ੍ਰੇਮ ਬਹੁ ਤੇਰੋ। ਤਿਸ ਤੇ ਹਮ ਆਏ ਘਰ ਹੇਰੇ। ਬ੍ਰਿੱਧ ਭਈ
ਬਯ ਗਈ ਬਿਤੀਤ। ਪੁਨ ਸ਼ੁਭ ਗਤਿ[1] ਪ੍ਰਾਪਤਿ ਤੁਵ ਨੀਤ ॥ ੩੭ ॥ ਹਮ
ਕਰਨੇ ਅਬਿ ਕਾਜ ਘਨੇਰੇ। ਤੁਵ ਆਇਸੁ ਤੇ ਜਾਹਿਂ ਅਗੇਰੇ। ਲਿਹੁ
ਲਿਖਾਇ ਮੇਰੀ ਤਸਬੀਰ। ਹੈ ਅਬਿ ਜਥਾ ਸਚੀਰ ਸ਼ਰੀਰ ॥ ੩੮ ॥ ਤਿਸ
ਪ੍ਰਯੰਕ ਪਰ ਰਾਖਿ ਟਿਕਾਇ।ਹੁਇ ਪੁਨੀਤ ਪੂਜਹੁ ਕਰਿ ਭਾਇ।ਜਥਾ ਕਰੀ
ਅਬਿ ਮੇਰੀ ਪੂਜਾ। ਤਥਾ ਸ਼ਰੀਰ ਜਾਨਿ ਮਮ ਦੂਜਾ ॥੩੯॥ ਨਿਤ ਦਰਸ਼ਨ
ਕੋ ਫਲ ਕੋ ਪਾਇ। ਅੰਤ ਸਮੈਂ ਮੁਝ ਸੋਂ ਮਿਲਿ ਜਾਇਂ'।ਸੁਨਿ ਉਰ ਹਰਖੀ
ਤੁਰਤ ਸਿਧਾਈ। ਜਾਇ ਚਿਤੇਰੇ ਕਉ ਲੇ ਆਈ ॥ ੪੦ ॥ ਬਹੁ ਧਨ ਦੇ
ਕਰਿ ਕਹਤਿ ਸੁਨਾਇ। 'ਜਥਾ ਜੋਗ ਪਿਖਿ ਲਿਖਹੁ ਬਨਾਇ'। ਚਤੁਰ
ਚਿਤੇਰਾ ਕਰ ਚਿਤ ਚਾਉ। ਬੈਠਿ ਨਿਕਟਿ ਬੰਦਤਿ ਧਰਿ ਭਾਉ॥੪੧॥ਅੰਗ
ਸੁ ਬਸਤ ਸਜੇ ਹੈਂ ਜੈਸੇ।ਧਰੇ ਪ੍ਰੇਮ ਕੋ ਲਿਖ ਕਰਿ ਤੈਸੇ।ਬਦਨ ਪ੍ਰਫੁੱਲਿਤ
ਕਮਲ ਸਮਾਨਾ। ਰੁਚਿਰ ਬਿਲੋਚਨਿ ਕ੍ਰਿਪਾ ਨਿਧਾਨਾ ॥੪੨॥ ਨਹਿਂ ਲਿਖ
ਸਕਯੋ[2] ਰਹਯੋ ਪਛੁਤਾਈ। ਤਬਿ ਸੋ ਕਲਮ ਗਹੀ ਗਤਿ ਦਾਈ। ਅਪਨਿ
ਹਾਥ ਤੇ ਮੁਖ ਕੋ ਲਿਖਯੋ। ਉਰ ਬਿਸਮਾਏ ਜਿਨ ਜਿਨ ਪਿਖਯੋ ॥ ੪੩ ॥
ਨਿਜ ਕਰ ਤੇ ਬਿਰਧਾ ਕੋ ਦਈ। ਭਰੀ ਅਨੰਦ ਸੋ ਸੁੰਦਰ ਲਈ। ਪਿਖਨਿ
ਲਗੀ ਦ੍ਰਿਗ ਆਗੈ ਸੋਇ। ਮੂਰਤਿ ਪਲਕ[3] ਮਿਲੀ ਹੈਂ ਦੋਇ ॥ ੪੪॥ ਪੁਨ
ਦੇਖਤਿ ਦੋਨਹੁਂ ਖੁਲ ਗਈ। ਅਦਭੁਤ ਗਤਿ ਤੇ ਬਿਸਮਤ ਭਈ।–ਗੁਰ
ਮੂਰਤਿ ਇਹ ਸ਼ਕਤਿ ਧਰੰਤੀ–। ਦ੍ਰਿੜ੍ਹ ਨਿਸ਼ਚੈ ਕੋ ਰਿਦੇ ਕਰੰਤੀ ॥ ੪੫ ॥
ਕਰੀ ਪ੍ਰਯੰਕ ਸਥਾਪਨ ਰੂਰੇ। ਮਨਹੁਂ ਆਪ ਬੈਠੇ ਗੁਰੁ ਪੂਰੇ। ਜਬਿ ਜਬਿ
ਦਰਸ਼ਨ ਕੋ ਦਰਸਾਈ। ਲਗੀ ਪਲਕ ਪੁਨ ਖੁਲਤਿ ਦਿਖਾਈ ॥ ੪੬॥
ਸੀਤਲ ਰਿਦਾ ਕਰਯੋ ਸੁਖ ਪਾਯੋ। ਨਿਤ ਪ੍ਰਤਿ ਪੂਜਤਿ ਹੀ ਹੁਲਸਾਯੋ।
ਸ਼੍ਰੀ ਸਤਿਗੁਰ ਸਭਿ ਤੇ ਹੁਇ ਬਿਦਾ। ਚਲੇ ਸਮੀਪ ਮਹੀਪੇ ਤਦਾ ॥ ੪੭ ॥
ਸੰਗਤਿ ਬ੍ਰਿੰਦ ਮਸੰਦ ਅਨੰਦੇ। ਕਿਤਿਕ ਦੂਰ ਸੰਗ ਗੇ ਪਗ ਬੰਦੇ। ਸਭਿ

[1]ਕਲਜਾਨ। [2]ਭਾਵ ਚਿਹਰਾ ਨਾ ਬਣਾ ਸਕਿਆ। ਰੱਬੀ ਨੂਰ ਵਾਲੇ ਨਿਰੁੱਧ ਤੇ ਰਸ ਰੰਗ ਭਰੇ ਮਨ ਵਾਲੇ ਗੁਰ ਅਵਤਾਰ ਦੇ ਚਿਹਰੇ ਨੂੰ ਜਦ ਤਕ ਕਿ ਚਿਤੇਰਾ ਆਪ ਪੂਰਨ ਭਗਤ ਤੇ ਸ਼ਾਂਤਿ ਬ੍ਰਿਤੀ ਨਾ ਹੋਵੇ ਚਿੱਤ੍ਰ ਨਹੀਂ ਸਕਦਾ, ਇਹ ਕਾਰਨ ਹੈ ਕਿ ਉਹ ਚਿਹਰਾ ਨਾ ਬਣਾ ਸਕਿਆ। ਅਜ ਕਲ ਭੀ ਲੋਕੀਂ ਗੁਰ ਚਿੱਤ੍ਰ ਬਣਾਉਂਦੇ ਹਨ, ਕਪੜੇ, ਘੋੜੇ, ਜ਼ਮੀਨ ਸੁਹਣੇ ਰਚ ਲੈਂਦੇ ਹਨ ਪਰ ਚਿਹਰੇ ਦੇ ਪ੍ਰਭਾਉ ਲਿਖਣ ਵੇਲੇ ਇਸੇ ਕਾਰਨ ਮੂਲੋਂ ਨਾਕਾਮਯਾਬ ਰਹਿੰਦੇ ਹਨ।
[3]ਮੂਰਤੀ ਦੀਆਂ ਅੱਖਾਂ ਦੀਆਂ ਪਲਕਾਂ।

ਕੋ ਦਿਯੋ ਹਟਾਇ ਪਿਛਾਰੀ। ਚਲੇ ਗੁਰੂ ਸਿਵਕਾ ਅਸੁਵਾਰੀ ॥੪੮॥ ਰਾਜਾ ਸੁਨਿ ਆਗੇ ਚਲਿ ਆਵਾ। ਦੇਖਤਿ ਪਦ ਪਰ ਸੀਸ ਝੁਕਾਵਾ। ਲਿਆਇ ਸਿਵਰ ਮਹਿ ਗੁਰੂ ਉਤਾਰੇ। ਕਵਿ ਸੰਤੋਖ ਸਿੰਘ ਹੁਇ ਬਲਿਹਾਰੇ ॥ ੪੯ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਢਾਕੇ ਕੀ ਸੰਗਤਿ ਕੋ ਪ੍ਰਸੰਗ' ਬਰਨ.° ਨਾਮ ਪੰਚਮੋ ਅੰਸੂ ॥ ੫ ॥

## ੬. [ਰਾਜੇ ਦਾ ਦਲ ਰੁੜ੍ਹਨੋਂ ਬਚਾਇਆ]।

ਦੋਹਰਾ ॥ ਭਈ ਪ੍ਰਭਾਤਿ ਨਰਿੰਦ ਧੁਤਿ ਸਤਿਗੁਰ ਹੁਇ ਅਸੁਵਾਰ। ਦੁੰਦਭਿ ਬਾਜੇ ਬਹੁਤ ਹੀ ਲਸ਼ਕਰ ਕਈ ਹਜ਼ਾਰ ॥੧॥ ਚੌਪਈ ॥ ਮਾਨ ਸਿੰਘ ਨ੍ਰਿਪ ਜਹਿਂ ਹਤਿ ਹੋਯੋ। ਰੰਗਾ ਮਾਟੀ ਨਗਰ ਸੁ ਜੋਯੋ। ਬ੍ਰਹਮ ਪੁੱਤ੍ਰ ਨਦ ਨਿਕਟਿ ਬਹੰਤਾ। ਚੌਰਾ ਚਾਰਹੁੰ ਕੋਸ ਚਲੰਤਾ[1] ॥੨॥ ਤਿਸ ਕੇ ਤਟ ਉਚੇ ਅਸਥਾਨ। ਡੇਰਾ ਕੀਨਸਿ ਕ੍ਰਿਪਾ ਨਿਧਾਨ। ਬਡ ਉਤੰਗ ਦਮਦਮਾ ਬਨਾ-ਇਆ। ਕਰਨਿ ਲਗੇ ਮਾਨਵ ਸਮੁਦਾਇਆ* ॥ ੩ ॥ ਊਪਰ ਤੇ ਕਰਿਕੈ ਇਕਸਾਰ। ਸੁੰਦਰ ਕਰਜੋ ਮਹਾਂ ਬਿਸਤਾਰ। ਰੁਚਿਰ ਬੰਗਲਾ ਤਹਿਂ ਬਨ-ਵਾਇ। ਸਤਿਗੁਰ ਬੀਚ ਬਿਰਾਜੇ ਜਾਇ ॥੪॥ ਦ੍ਰਿਸ਼ਟਿ ਦੂਰ ਲਗਿ ਦੌਰਹਿ ਜਹਾਂ[2]। ਜਲ ਕੀ ਸੈਲ ਬੈਠਿਬੇ ਤਹਾਂ[3]। ਦੂਰ ਦੂਰ ਲਗਿ ਤੀਰ ਤਿਸੀ ਕੇ। ਲਸ਼ਕਰ ਡੇਰਾ ਕੀਨਸਿ ਨੀਕੇ ॥੫॥ ਲਗੀ ਤੁਰੰਗਨਿ ਲੈਨ ਬਡੇਰੀ। ਬ੍ਰਿੰਦ ਮਤੰਗ ਖਰੇ ਪਗ ਬੇਰੀ[4]। ਜਹਾਂ ਕਹਾਂ ਤੰਬੂ ਲਗਵਾਏ। ਖਰੇ ਸੇਤ[5] ਦੀਖਹਿਂ ਸਮੁਦਾਏ ॥ ੬ ॥ ਤੋਪਨਿ ਕੀ ਪੰਗਤਿ ਕਰਿ ਖਰੀ। ਪਰਲੇ ਪਾਰ ਕੂਲ ਮੁਖ ਕਰੀ[6]। ਤੁਪਕ ਜਮੂਰੇ ਗਨ ਚਲਵਾਏ। ਪਾਰ ਤੀਰ ਪਰ ਸ਼ਬਦ ਪੁਚਾਏ ॥ ੭ ॥ ਨਿਜ ਨਿਜ ਮਿਸਲ[7] ਸਿਵਰ ਸਭਿ ਕਰੇ। ਠੌਰ ਠੌਰ ਤੋਪਨਿ ਮੁਖ ਜਰੇ[8]। ਦੇਸ਼ ਕਾਮਰੂ ਕੋ ਮਹੀਪਾਲਾ। ਪਠੀ ਸੈਨ ਨਦ ਤੀਰ ਬਿਸਾਲਾ ॥੮॥ ਨਦ ਕੇ ਦੋਨਹੁੰ ਤਟ ਭਟ ਛਾਏ। ਬਜਹਿਂ ਦਮਾਮੇ ਧਰਹਿਂ ਸੁਨਾਏ। ਤੋਪਨਿ ਕੀ ਸ਼ਲਖੇਂ[9] ਚਲਿਵਾਵਤਿ। ਆਪ ਆਪਨੋ ਓਜ ਦਿਖਾ-ਵਤਿ ॥੯॥ ਅਪਨੇ ਮੰਤ੍ਰੀ ਸਕਲ ਬੁਲਾਏ। ਮੰਤ੍ਰ ਕਰਤਿ ਭਾ[10] 'ਰਿਪੁ ਚਢਿ ਆਯੋ। ਮਾਨ ਸਿੰਘ ਜੈਸੋ ਇਨ ਸਾਥ। ਕਰਹੁ ਅਬਹਿ ਹਤਿ ਦਿਹੁ ਨਰ ਨਾਥ

---

[1]ਚਾਰ ਕੋਹ ਤਕ ਚੌੜਾ। [2]ਦੂਰ ਜਿੱਥੋਂ ਤਕ ਜਾ ਸਕੇ। [3]ਉਥੇ ਬੈਠਿਆਂ ਜਲ ਦੀ ਸੈਲ ਹੋਵੇ। [4]ਪੈਰਾਂ ਵਿਚ ਸੰਗਲ। [5]ਚਿੱਟੇ। [6]ਦੂਜੇ ਪਾਸੇ ਦੇ ਕੰਢੇ ਵਲ ਮੂੰਹ ਕਰਕੇ ਖੜੀਆਂ ਕੀਤੀਆਂ। [7]ਆਪੋ ਆਪਣੇ ਜਥੇ ਵਿਚ। [8]ਤੋਪਾਂ ਦੇ ਮੂੰਹ ਜੜੇ ਭਾਵ ਸਾਮ੍ਹਣੇ ਕੀਤੇ। [9]ਸ਼ਲਕਾਂ। [10]ਸਲਾਹ ਕੀਤੀ।

*ਪਾ:—ਬਹੁ ਨਰ ਲਾਇ ਤੁਰਤ ਕਰਵਾਇਆ।

॥ ੧੦ ॥ ਜਿਤਨੇ ਮੁੱਖਜ ਚਮੂੰ ਕੇ ਮਾਂਹੀ । ਪ੍ਰਾਨ ਸਮੇਤ ਤਜਹੁ ਇਨ ਨਾਂਹੀ[1] । ਐਸੀ ਕਰਹੁ ਨ ਹਟਿ ਪੁਨ ਆਵਹਿਂ । ਅਪਨੇ ਦੇਸ਼ ਰਹੈਂ ਡਰਪਾਵਹਿਂ[2] ॥ ੧੧ ॥ ਤੁਰਕੇਸ਼ੁਰ ਕੋ ਲਸ਼ਕਰ ਭਾਰੋ। ਮੰਤ੍ਰ ਜੰਤ੍ਰ ਕਰਿ ਸਰਬ ਸਿੰਘਾਰੋ। ਮਾਨਸਿੰਘ ਜਬਿ ਕੋ ਇਤ ਮਾਰਯੋ । ਨਹਿਂ ਕਿਨਹੂੰ ਆਵਨਿ ਮਨ ਧਾਰਯੋ[3] ॥੧੨॥ ਇਹ ਜਵ ਕੋ ਹਮ ਤੇ ਅਨਜਾਨ[4] ? ਚਢਿ ਆਯੋ ਲੇ ਚਮੂੰ ਮਹਾਨ । ਨਹਿਂ ਪ੍ਰਭਾਵ ਹਮਰੇ ਕੋ ਜਾਨਾ । ਕਾਮੱਖਯਾ ਕੋ ਬਡ ਬਰਦਾਨਾ[5]॥ ੧੩ ॥ ਕੋ ਜੀਤਹਿ ਹਮ ਕੋ ਬਰਿਆਈ । ਪਢਹਿਂ ਮੰਤ੍ਰ ਦੇ ਸ਼ੱਤ੍ਰ ਖਪਾਈ' । ਇਮ ਕਹਿ ਰਚੇ ਉਪਾਇ ਬਿਸਾਲਾ । ਅਰੁ ਦ੍ਰਿੜ ਕਰੀ ਚਮੂੰ ਤੱਤਕਾਲਾ ॥ ੧੪ ॥ ਦੋਹਰਾ ॥ ਇਤ ਲਸ਼ਕਰ ਪਤਿਸ਼ਾਹੁ ਕੇ ਆਇ ਪਰੇ ਸਮੁਦਾਇ ।ਥਲ ਨੀਵੇਂ ਜਹਿਂ ਕੂਲ ਪਰ ਡੇਰੇ ਦਿਯੇ ਲਗਾਇ ॥ ੧੫ ॥ ਚੌਪਈ ॥ ਇਕ ਦੁਇ ਦਿਨ ਜਬਿ ਬੀਤ ਗਏ ਹੈਂ।ਮਹਾਂ ਮੰਤ੍ਰ ਕੋ ਕਰਤਿ ਭਏ ਹੈਂ।'ਆਜ ਰਾਤ ਕੋ ਨਦ ਉਲਟਾਵਹੁ । ਸਭਿ ਲਸ਼ਕਰ ਕੇ ਊਪਰ ਪਾਵਹੁ ॥੧੬॥ ਸਭਿ ਕੋ ਹਤਿ ਹੁਇ ਜਾਹਿ ਸੁਖਾਰੇ। ਮਰਹਿਂ ਡੂਬ ਕਰਿ ਨੀਰ ਮਝਾਰੇ। ਬਹੁ ਮਰਿ ਜਾਹਿਂ ਰਹਹਿਂ ਕੁਛ ਥੋਰੇ। ਡਰ ਉਰ ਧਰਿ ਭਾਗਹਿਂ ਘਰ ਓਰੇ' ॥੧੭॥ ਇਹ ਮਸਲਤ ਜਬਿ ਦਿਨ ਮਹਿਂ ਕੀਨਸਿ।ਗੁਰ ਅੰਤਰਜਾਮੀ ਸਭਿ ਚੀਨਸਿ। ਕਰਯੋ ਬਿਚਾਰਨਿ–ਇਨ ਹੁਇ ਮਰਨਾ । ਬਿਸ਼ਨ ਸਿੰਘ ਆਯੋ ਮਮ ਸ਼ਰਨਾ ॥ ੧੮ ॥ ਬਾਂਹਿ ਗਹੇ ਕੀ ਹਮ ਕੋ ਲਾਜਾ।ਹਮਰੇ ਜ਼ੋਰ ਕਰਯੋ ਚਹਿ ਕਾਜਾ।ਜੇ ਨ ਕਰਹਿਂ ਇਸ ਛਿਨ ਰਖਵਾਰੀ। ਨਹਿਂ ਉਬਰੈ ਮ੍ਰਿਤੁ ਹੁਇ, ਕੈ ਹਾਰੀ[6]*–॥ ੧੯॥ਸਿੱਖਯਨਿ ਬਤਸਲ ਬਿਰਦ ਸੰਭਾਰਾ।ਨਿਕਟਿ ਆਪਨੇ ਦਾਸ ਹਕਾਰਾ। ਕਹਯੋ ਕਿ 'ਬਿਸ਼ਨ ਸਿੰਘ ਪਹਿ ਜਾਵਹੁ।ਹਮਰੇ ਭਾਖੇ ਬਾਕ ਸੁਨਾਵਹੁ।੨੦॥ –ਨੀਚੇਥਲ ਡੇਰਾ ਉਠਵਾਵਹੁ।ਹੇਰਿ ਹੇਰਿ ਊਚੇ ਥਲ ਪਾਵਹੁ ।ਦਿਵਸ ਜਾਮ ਇਕ ਅਬਿ ਹੈ ਰਹਯੋ।ਤੂਰਨ ਕਰਹੁ ਹਮਾਰੋ ਕਹਯੋ ।੨੧॥ ਨਿੰਮ੍ਰਿ ਸਥਾਨ ਨ ਡੇਰੇ ਕਰੀਅਹਿ । ਸੁਧ ਕਰਿ ਸਗਰੀ ਚਮੂੰ ਉਠਰੀਅਹਿ । ਜੌ ਕਰਿ ਨਿਸ ਮੈਂ ਬਸਹੁ ਤਹਾਂ ਹੀ । ਅਸ ਨ ਹੋਇ ਡੂਬਿ ਹੋ ਜਲ ਮਾਂਹੀ–'॥੨੨॥ ਸੇਵਕ

[1]ਇਨ੍ਹਾਂ ਨੂੰ ਜੀਂਵਦੇ ਨਾ ਛੱਡੋ। [2]ਡਰਕੇ । [3]ਇਹ ਵਾਕ ਠੀਕ ਨਹੀਂ ਕਿਉਂਕਿ ਮੀਰ ਜੁਮਲਾ ਥੋੜਾ ਹੀ ਚਿਰ ਹੋਇਆ ਕਿ ਇਧਰ ਹਮਲਾ ਆਵਰ ਹੋਇਆ ਸੀ । [4]ਇਹ ਮੂਰਖ ਕੌਣ ਹੈ ਜੋ ਸਾਨੂੰ ਨਹੀਂ ਜਾਣਦਾ। [5]ਸਾਨੂੰ ਵਰ ਦਿੱਤਾ ਹੋਯਾ ਹੈ।[6](ਬਿਸ਼ਨ ਸਿੰਘ)ਮਰ ਜਾਏ ਜਾਂ ਹਾਰ ਜਾਏਗਾ।

*ਪਾ:–ਹੁਇ ਹੈ ਸਾਰੀ।

ਬਿਸ਼ਨ ਸਿੰਘ ਪਹਿ ਗਯੋ। ਗੁਰ ਕੋ ਬਾਕ ਸਕਲ ਕਹਿ ਦਯੋ। ਬਿਸਮਯੋ
ਸੁਨਿ,ਨਰ ਬਹੁਤ ਪਠਾਏ। ਸਭਿ ਉਮਰਾਵਨਿ ਕੋ ਸਮੁਝਾਏ ॥ ੨੩ ॥ ਗੁਰ
ਕੋ ਬਾਕ–ਉਠਾਵਹੁ ਡੇਰੇ। ਜਾਇ ਕਰੋ ਊਚੇ ਥਲ ਹੇਰੇ। ਨਾਂਹਿ ਤ ਐਸੀ
ਹੋਇ ਨ ਜਾਇ। ਜਲ ਨਦ ਕੋ ਦਲ ਦੇਇ ਬਹਾਇ–' ॥ ੨੪ ॥ ਹਿੰਦੁਨਿ
ਸੁਨਿ ਕੈ ਸ਼ਰਧਾ ਧਾਰੀ। ਤਤਛਿਨ ਊਚੀ ਠੌਰ ਨਿਹਾਰੀ। ਤੂਰਨ ਸ਼ਿਵਰ
ਕਰਯੋ ਤਬਿ ਜਾਈ। ਅਲਪ ਬਡੀ ਸਭਿ ਵਸਤੁ ਉਠਾਈ ॥ ੨੫ ॥ ਸੁਨਤੇਂ
ਤੁਰਕ ਗਨ ਮੂਢ ਮਹਾਨੇ। ਗੁਰ ਕੇ ਬਾਕ ਨ ਸਾਚੇ ਮਾਨੇ। 'ਕਹਾ ਕਾਚੀ
ਹਿੰਦੁਨਿ ਮਤਿ ਅਹੈ।ਬਹਿਕਤਿ ਸਭਿ ਜੈਸੇ ਇਕ ਕਹੈ ॥੨੬॥ਦੋਇ ਦਿਵਸ
ਕੇ ਉਤਰੇ ਇਹਾਂ। ਕਹੁ ਨੁਕਸਾਨ ਭਯੋ ਕਿਸ ਕਹਾਂ? ਇਕ ਕੋ ਗੁਰ
ਅਪਨੋ ਠਹਿਰਾਯੋ। ਤਿਸਨੇ ਬਹੁ ਰਾਜਾ ਬਹਿਕਾਯੋ॥ ੨੭ ॥ ਹਮ ਤੇ ਜਾਇ
ਉਠਾਇ ਨ ਡੇਰਾ। ਕਰਯੋ ਪ੍ਰਥਮ ਨੀਕੋ ਥਲ ਹੇਰਾ'। ਇੱਤਯਾਦਿਕ ਬਹੁ
ਬਾਕ ਸੁਨਾਵੈਂ। ਤਰਕਤਿ ਮੂਰਖ ਕਹਿ ਮੁਸਕਾਵੈਂ ॥ ੨੮ ॥ ਹਿੰਦੂ ਨ੍ਰਿਪ ਜੋ
ਚਮੂੰ ਸਮੇਤ। ਗੁਰ ਬਚ ਪਰ ਨਿਸ਼ਚੇ ਲਖਿ ਭੇਤ[1]। ਸਭਿਹਿਨਿ ਡੇਰੇ ਦੂਰ
ਉਠਾਏ। ਊਚੀ ਠੌਰ ਹੇਰਿ ਕਰਿ ਛਾਏ॥੨੯॥ ਜਿਸ ਦਿਸ਼ਿ ਸਤਿਗੁਰੁ ਤਹਾਂ
ਕਰੇ ਹੈਂ। ਨਿਜ ਸੁਖ ਹਿਤ ਉਰ ਭਾਉ ਧਰੇ ਹੈਂ। ਸੂਰਜ ਅਸਤ ਭਯੋ ਅੰਧ-
ਕਾਰਾ। ਤੁਰਕ ਨਿਸਾ ਮਹੁੰ ਬਿਨਾ ਸੰਭਾਰਾ ॥ ੩੦ ॥ ਦੇਸ਼ ਕਾਮਰੂ ਕੇ ਨਰ
ਆਏ। ਮੰਤ੍ਰ ਸਾਧਿਕੇ ਸਭਿ ਬਿਧਿ ਲਜਾਏ। ਕਰਯੋ ਉਚਾਰਨਿ ਕੋ ਜਿਸ
ਕਾਲਾ। ਢੋਲਕ ਡਮਰੁ ਬਜਾਇ ਬਿਸਾਲਾ॥ ੩੧ ॥ ਬਲੀ ਦਈ ਤੇ ਅਟਕ
ਪ੍ਰਵਾਹੂ[2]। ਉਛਲਿ ਬਹਯੋ ਲਸ਼ਕਰ ਕੇ ਮਾਂਹੂ। ਉਲਟਯੋ ਜਲ ਕੋ ਬੇਗ
ਬਿਸਾਲਾ। ਬਹੇ ਤੁਰਕ ਜੁਤਿ ਆਯੁਧ ਜਾਲਾ॥੩੨॥ ਕੇਤਿਕ ਤੁਰਤ ਬੂਡਿ
ਮਰਿ ਗਏ। ਕੋ ਤਰ ਕਰਿ ਊਚੇ ਥਲ ਥਏ।ਰਨ ਸਾਮਿੱਗ੍ਰੀ ਅਧਿਕ ਬਹਾਈ
। ਰੌਰਾ ਪਰਯੋ ਬੋਲਿ ਸਮੁਦਾਈ ॥ ੩੩ ॥ ਕੋ ਭ੍ਰਾਤਾ ਕੋ ਭ੍ਰਾਤ ਬੁਲਾਵੈ।
ਕੋ ਕਿਤ ਖਿਰਯੋ ਬਹਯੋ ਕੋ ਜਾਵੈ। ਜ਼ੀਨ ਤੁਰੰਗਨਿ ਕੇ ਬਹਿ ਗਏ। ਖੜਗ
ਸਿਪਰ ਨਹਿਂ ਦੇਖਤਿ ਭਏ ॥ ੩੪ ॥ ਸ਼ਸਤ੍ਰ ਬਸਤ੍ਰ ਕਿਸ ਕੀ ਸੁਧ ਨਾਂਹੀ।
ਕੋ ਕੋ ਬਚੇ ਬਹੇ ਕੋ ਮਾਂਹੀ[3]। ਹਾਹਾਕਾਰ ਸਭਿਨਿ ਮਹਿਂ ਭਯੋ। ਮਹਾਂ ਤ੍ਰਾਸ
ਦਲ ਕੋ ਉਪਜਯੋ ॥ ੩੫ ॥ ਸੁਨਿ ਭੈ ਕਰਿ ਰਾਜਾ ਉਠਿ ਧਾਯੋ।ਸ੍ਰੀ ਸਤਿਗੁਰ
ਕੀ ਸ਼ਰਨੀ ਆਯੋ। 'ਤ੍ਰਾਹਿ ਤ੍ਰਾਹਿ' ਕਰਿ ਕੈ ਬਿਕੁਲਾਇਵ। 'ਰਾਖਹੁ

[1]ਭੇਤ ਜਾਣਕੇ। [2]ਅਟਕਿਆ ਪ੍ਰਵਾਹ । [3]ਵਿੱਚ (ਹੜ੍ਹ ਦੇ) ਰੁੜ੍ਹ ਗਏ।

ਪ੍ਰਭੁ ਦਲ ਜਲਹਿ ਬਹਾਇਵ'॥੩੬॥ਸ੍ਰੀ ਗੁਰ ਕਹ੍ਯੋ 'ਪ੍ਰਥਮ ਸੁਧਿ ਕਰੀ। ਕ੍ਯੋਂ ਸੈਨਾ ਨੀਚੇ ਥਲ ਪਰੀ ? ਊਚੇ ਥਲ ਜਲ ਜਾਇ ਨ ਕੈਸੇ। ਤਿਨ ਕੋ ਮੰਤ੍ਰ ਨਿਵਲ ਹੈ ਐਸੇ ॥੩੭॥ ਅਬਿ ਨਹਿੰ ਉਲਟਹਿ ਨਦ, ਹਟਿ ਰਹੈ[1]। ਬਹੇ ਸੁ ਬਹੇ ਅਬਹਿ ਨਹਿਂ ਬਹੈ[2]'। ਗੁਰ ਬਚ ਤੇ ਹਟਿ ਕੈ ਦਰੀਆਉ। ਥਿਰ੍ਯੋ ਜਾਇ ਨਿਜ ਸਹਿਜ ਸੁਭਾਉ ॥੩੮॥ ਨੀਠ ਨੀਠ ਹੋਈ ਭੁਨਸਾਰ। ਸਭਿ ਉਮਰਾਵ ਮਹਾਂ ਡਰ ਧਾਰਿ। ਬਿਸ਼ਨ ਸਿੰਘ ਕੇ ਢਿਗ ਚਲਿ ਆਏ। ਜਾਮਨਿ ਕੋ ਬਿਰਤਾਂਤ ਸੁਨਾਇ॥੩੯॥ 'ਦੇਸ਼ ਕਾਮਰੂ ਸਾਧਹਿਂ ਕੈਸੇ। ਮੰਤ੍ਰਨਿ ਸ਼ਕਤਿ ਧਰਤਿ ਜੋ ਐਸੇ। ਹਥਿਆਰਨਿ ਕੀ ਨਹੀਂ ਲਰਾਈ।ਕਹਾਂ ਕਰਹਿਂ ਇਹ ਚਮੂੰ ਪਲਾਈ' ॥੪੦॥ ਨ੍ਰਿਪ ਲੈਕੇ ਉਮਰਾਵਨਿ ਸਾਥ। ਆਯੋ ਜਹਿਂ ਬੈਠੇ ਗੁਰਨਾਥ। ਚਿੰਤਾ ਮਹਿਦ ਧੀਰ ਉਰ ਟਾਰੀ। 'ਕ੍ਯਾ ਅਬਿ ਕਰਹਿ' ਸਲਾਹ ਬਿਚਾਰੀ ॥ ੪੧ ॥ ਕਰਿ ਬੰਦਨ ਸਭਿ ਹੀ ਢਿਗ ਬੈਸੇ। ਨਿਸਾ ਬ੍ਰਿਤੰਤ ਭਨ੍ਯੋ ਭਾ ਜੈਸੇ। 'ਸ੍ਰੀ ਪ੍ਰਭੁ ਕਿਮ ਇਹ ਜੀਤੇ ਜਾਇਂ ? ਜਿਨ ਪਰ ਬਲ ਕੋ ਬਸ ਨ ਬਸਾਇ' ॥੪੨॥ ਸੁਨਿ ਸ੍ਰੀ ਤੇਗ ਬਹਾਦਰ ਕਹ੍ਯੋ 'ਹਮਰੋ ਕਾਜ ਕਰਨਿ ਮੈਂ ਚਹ੍ਯੋ। ਦਿਢ ਚਿਤ ਰਾਖਹੁ ਗਿਨਤੀ ਤ੍ਯਾਗਹੁ। ਮੋਹਿ ਬਚਨ ਪਰ ਮਨ ਅਨੁਰਾਗਹੁ॥੪੩॥ਚਲੋ ਕਹੇ ਪਰ ਸੰਸੇ ਛੋਰਿ। ਸਿਧ ਕਰੋਂ ਮੈਂ ਕਾਰਜ ਤੋਰ।ਮੋਹਿ ਭਰੋਸੇ ਸਭਿ ਚਲਿ ਆਏ।ਮੰਤ੍ਰ ਜੰਤ੍ਰ ਇਤਿ ਹੈਂ ਸਮੁਦਾਇ॥੪੪॥ਮਾਨਹੁ ਕਹ੍ਯੋ ਬਿਘਨ ਨਹਿਂ ਹੋਇ।ਫਤੇ ਸੁ ਦੇਸ਼ਕਾਮਰੂਜੋਇ'। ਇੱਤ੍ਯਾਦਿਕ ਕਹਿ ਧੀਰਜ ਦੀਨਿ।ਪੁਨ ਉਤਸਾਹੁ ਭੂਪ ਸੁਨਿ ਕੀਨਿ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਕਾਮਰੂ ਦੇਸ਼' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥ ੬ ॥

੭. [ਰਾਜੇ ਦੀ ਹੋਰ ਮੁਸੀਬਤਾਂ ਤੋਂ ਰੱਖ੍ਯਾ]।

ਦੋਹਰਾ ॥ ਸੁਨਿ ਸਤਿਗੁਰ ਕੇ ਬਚਨ ਕੋ ਧਰੀ ਧੀਰ ਮਹਿਪਾਲ। ਹਾਥ ਜੋਰਿ ਮਨ ਦੀਨ ਹ੍ਵੈ ਕੀਰਤਿ ਕਰਤਿ ਰਸਾਲ॥੧॥ ਚਪਈ ॥ 'ਹੇ ਪ੍ਰਭੁ! ਅਸ ਕਾਰਜ ਨਹਿ ਕੋਈ। ਰਾਵਰਿ ਸ਼ਰਨ ਪਰੇ ਨਹਿ ਹੋਈ। ਮੋਕਹੁ ਪ੍ਰਾਨ ਦਾਨ ਤੁਮ ਦੈਹੋ। ਦੇਸ਼ ਕਾਮਰੂ ਸਰ ਕਰਿ ਲੈਹੋ ॥ ੨ ॥ ਨਾਂਹਿ ਤ ਮੇਰੋ ਹੋਤਿ ਬਿਨਾਸ਼ਾ। ਨਹਿ ਮੈਂ ਜੀਵਨ ਕੀ ਕਰਿ ਆਸਾ। ਸੁਨਿ ਬਹੁਤਨਿ ਤੇ ਸੁਜਸੁ ਮਹਾਨਾ। ਸ਼ਰਨ ਪਰ੍ਯੋ ਤਜਿ ਕਰਿ ਮਨ ਮਾਨਾ' ॥੩॥ ਤਿਸ ਦਿਨ ਤੇ ਪਾਛੈ

[1]ਹੁਣ ਦਰਯਾ ਨਹੀਂ ਉਲਟੇਗਾ ਹਟ ਜਾਵੇਗਾ। [2]ਜੋ ਰੁੜ੍ਹ ਗਏ ਉਹ ਰੁੜ੍ਹ ਗਏ ਹੁਣ ਨਹੀਂ ਰੁੜ੍ਹਨਗੇ। [3]ਇਸ ਤਰਫ ਬਹੁਤ ਮੰਤ੍ਰ ਜੰਤ੍ਰ ਹਨ।

ਬਛ ਛੋਟੋ।ਮਾਨਹਿ ਗੁਰ ਬਚ ਕਬਹੂ ਨ ਹੋਟੋ।ਦੌਨਹੁੰ ਕੂਲਨਿ ਪਰ ਦ੍ਵੈ ਡੇਰੇ। ਪਰੇ ਰਹੈਂ ਪੁਨ ਕਾਲ ਬਡੇਰੇ ॥ ੪॥ ਮੰਤ੍ਰ ਜੰਤ੍ਰ ਪ੍ਰੇਤਨਿ ਕੇ ਕਰੈਂ। ਅਪਰ ਅਨੇਕ ਭਾਂਤਿ ਕੋ ਰਰੈਂ। ਬਿਸ਼ਨ ਸਿੰਘ ਕੇ ਮਾਰਨਿ ਕਾਰਨ। ਅਨਿਕ ਪ੍ਰਕਾਰਨਿ ਕੋ ਉਪਚਾਰਨਿ[1]॥੫॥ਬਹੁ ਭੂਪਤਿ ਕੇ ਨਿਕਟਿ ਪਠਾਵੈਂ।ਸਤਿਗੁਰ ਦੇ ਕਰਿ ਹਾਥ ਬਚਾਵੈਂ। ਜੰਤ੍ਰ ਮੰਤ੍ਰ ਕੋ ਨਹਿ ਬਲ ਚਲੈ। ਜੋ ਅਜ਼ਮਤਿ-ਵੰਤਨਿ ਕੋ ਗਿਲੈ[2]॥੬॥ਮਹਾਂ ਪ੍ਰਬਲ ਜੋ ਫਿਰਹਿ ਨ ਫੇਰੇ। ਜਿਸ ਤੇ ਨਾਸਹਿਂ ਬਲੀ ਬਡੇਰੇ। ਕਰਤੇ ਆਧਿ ਰੁ ਬਜਾਧਿ ਉਪਾਧਾ। ਬੈਠਿ ਬੈਠਿ ਦਿਨ ਕੇਤਿਕ ਸਾਧਾ ॥੭॥ ਨ੍ਰਿਪ ਕੋ ਰੋਮ ਨ ਬਾਂਕੋ ਹੋਵਾ। ਕਿਸੂ ਮੰਤ੍ਰ ਕੋ ਸੇਕ ਨ ਜੋਵਾ[3]। ਕਿਤਿਕ ਮੰਤ੍ਰ ਨਰ ਬਾਵਰ ਕਰੈਂ।ਤਨ ਆਦਿਕ ਸੁਧਿ ਸਗਰੀ ਹਰੈਂ ॥੮॥ਕਿਤਿਕ ਅੰਗ ਕੋ ਜੁਦਾ ਕਰੈਤੇ।ਕੋ ਸਥੰਭ ਕੋ ਦੇਹਿ ਧਰੈਤੇ[4]। ਕੇਤਿਕ ਤਨ ਕੋ ਦੇਂ ਪਲਟਾਈ। ਮਾਨੁਖ ਤੇ ਕੁਛ ਔਰ ਬਨਾਈ ॥ ੯ ॥ ਕੇਤਿਕ ਜਿਹਵਾ ਠਾਕਤਿ[5] ਐਸੇ। ਬਾਕ ਨ ਉਚਰਨੋ ਜ਼ਾਵਹਿ ਕੈਸੇ। ਕੇਤਿਕ ਬਲ ਹਰਤਾ ਸਭਿ ਕੇਰਾ। ਕਹਿ ਲਗਿ ਕਹੌਂ ਤਿਨਹੁ ਕੋ ਝੇਰਾ ॥ ੧੦॥ ਕੋ ਤਤ-ਕਾਲ ਬਿਨਾਸ਼ਹਿਂ ਪ੍ਰਾਨ।ਫੁਰਯੋ ਨ ਏਕ ਨ੍ਰਿਪਤਿ ਪੈ ਆਨਿ।ਜਿਸ ਕੇ ਸਤਿ-ਗੁਰ ਰੱਛਕ ਹੋਇਂ। ਤੀਨ ਲੋਕ ਮਹਿਂ ਅਸ ਨਹਿਂ ਕੋਇ ॥ ੧੧ ॥ ਤਿਸਕੋ ਬਿਘਨ ਕਰਹਿ ਜੋ ਜਾਇ। ਅਪਨੋ ਆਨਿ ਪ੍ਰਭਾਵ ਦਿਖਾਇ। ਅਨਿਕ ਬਾਰਿ ਬਹੁ ਬਲ ਪਤਿਆਏ। ਸੋ ਕਰਿ ਕਰਿ ਹਾਰੇ ਸਮੁਦਾਏ ॥ ੧੨॥ ਚਿੰਤਾ ਭਈ ਕਾਮਰੂ ਦੇਸ਼। ਨਰ ਅਸ਼ੇਸ਼ ਕੇ ਸਹਤਿ ਨਰੇਸ਼। ਕਜਾ ਹੋਯਹੁ ਨਹਿਂ ਮੰਤ੍ਰਨਿ ਸ਼ਕਤਿ। ਕਰਿ ਕਰਿ ਹਾਰੇ ਸਗਰੀ ਜੁਗਤਿ॥੧੩॥ਕੌਨ ਬਲੀ ਅਸ ਜਿਸ ਤੇ ਹਾਰੇ[6] ? ਨਹੀਂ ਆਪਨੀ ਸ਼ਕਤਿ ਦਿਖਾਰੇ'। ਕਰਿ ਨ ਸਕਹਿਂ ਕਾਰਜ ਸਿਧ ਕੋਈ। ਬਲਿ ਜੁਤਿ ਪੂਜੇ ਨਿਸ਼ਫਲ ਸੋਈ[7]" ॥ ੧੪॥ ਬਹੁਰ ਉਪਾਉ ਔਰ ਤਬਿ ਕਰੇ। ਇਸਤ੍ਰੀ ਗਨ ਜੋ ਮੰਤ੍ਰਨਿ ਧਰੇ। ਤਿਨ ਸਭਿ ਕੋ ਨ੍ਰਿਪ ਨਿਕਟਿ ਬੁਲਾਇ। ਕਹਯੋ ਦਰਬ ਦੇ ਕਰਿ ਸਮੁਦਾਇ ॥੧੫॥ 'ਤੁਮ ਇਕੱਤ੍ਰ ਹੁਇ ਸਗਰੀ ਜਾਵਹੁ। ਨਿਜ ਮੰਤ੍ਰਨਿ ਕੀ ਸ਼ਕਤਿ ਦਿਖਾਵਹੁ।

---

[1]ਜਤਨਾਂ ਨੂੰ। [2]ਜੋ ਕਰਾਮਾਤ ਵਾਲਿਆਂ ਨੂੰ ਬੀ ਖਾ ਜਾਣ, ਨਿਗਲ ਜਾਣ। [3]ਆਂਚ ਨਾ ਲੱਗੀ ਭਾਵ ਥੋੜਾ ਜਿਹਾ ਦੁੱਖ ਵੀ ਨਾ ਹੋਇਆ। [4]ਕੋਈ (ਮੰਤ੍ਰ ) ਦੇਹ ਨੂੰ ਥੰਮੇ ਵਾਂਙੂ ਜੜ੍ਹ ਕਰ ਦਿੰਦਾ ਹੈ। [5]ਰੋਕ ਦਿੰਦੇ। [6]ਜਿਸ ਤੋਂ (ਸਾਡੇ ਮੰਤ੍ਰ) ਹਾਰ ਗਏ ਹਨ। [7]ਬਲੀਆਂ ਦੇਕੇ ਪੂਜੇ ਹੋਏ ( ਸਾਡੇ ਮੰਤ੍ਰ ) ਨਿਸ਼ਫਲ ਹੋ ਗਏ।

ਮਰਹਿ ਨਹੀਂ ਤੁਮ ਤੇ ਨਰ ਕੋਈ। ਤਊ ਦਿਖਾਵਹੁ, ਡਰ ਉਰ ਹੋਈ ॥੧੬॥ ਜਿਸ ਤੇ ਤੁਰਕੇਸ਼ੁਰ ਕੀ ਅਨੀ। ਜਾਇ ਪਲਾਇ ਤ੍ਰਾਸ ਕਰਿ ਘਨੀ'। ਸੁਨਤਿ ਜੋਖਤਾ[1] ਹ੍ਵੈ ਕਰਿ ਤਯਾਰ। ਆਪੋ ਅਪਨੇ ਮੰਤ੍ਰ ਸੰਭਾਰਿ ॥ ੧੭ ॥ ਧੋਬਨਿ, ਕੁਮ੍ਹਰੇਰੀ, ਚਮਰੇਰੀ[2]।ਇੱਤਯਾਦਿਕ ਜਾਤਨਿ ਕੀ ਚੇਰੀ[3]।ਨ੍ਰਿਪ ਕੇ ਕੱਹੇ ਸਕਲ ਚਲਿ ਆਈ। ਕਿਨ ਹੂੰ ਚਢਿ ਕਰਿ ਭੀਤ ਧਵਾਈ ॥ ੧੮ ॥ ਕੋ ਬ੍ਰਿੱਛਨਿ ਪਰ ਚਢਿ ਕਰਿ ਚਾਲੀ।ਛੋਰਤਿ ਮੁਖਤੇ ਅਗਨਿ ਬਿਸਾਲੀ।ਕੋ ਢੋਲਕ, ਕੋ ਡਮਰੂ ਗਹੀਆ। ਕੇਹਰਿ ਪਰ ਗਰਜਤਿ ਕੋ ਅਹੀਆ ॥ ੧੯ ॥ ਕਿਤਿਕ ਭਯਾਨਕ ਰੂਪ ਦਿਖਾਵੈਂ।ਕੋ ਸੁੰਦਰ ਬਨਿ ਠਨ ਕਰਿ ਆਵੈਂ।ਚਲੀ ਆਇ ਸਭਿ ਬੀਚ ਅਕਾਸ਼। ਲਸ਼ਕਰ ਕੋ ਉਪਜਾਵਹਿਂ ਤ੍ਰਾਸ ॥ ੨੦ ॥ ਨਹਿਂ ਬਸ ਚਲਹਿ ਗਹੇਂ ਨਹਿਂ ਜਾਇਂ।ਦੇਖਿ ਦੇਖਿ ਕਰਿ ਨਰ ਡਰਪਾਇਂ। ਬਡ ਅਚਰਜ ਮਾਨਤੇਂ ਸਭਿਹੀਨਿ। ਉਰ ਉਤਸਾਹੁ ਭਯੋ ਸਭਿ ਛੀਨ॥੨੧॥ ਬਿਸ਼ਨ ਸਿੰਘ ਨ੍ਰਿਪ ਤਿਯ ਗਨ ਹੇਰੀ। ਜਿਨ ਮਹੁਂ ਸ਼ਕਤੀ ਮੰਤ੍ਰਨਿ ਕੇਰੀ। ਕਹਯੋ 'ਤਜਹੁ ਤੋਪੈਂ ਸਮੁਦਾਇ।ਕਰਹੁ ਪ੍ਰਹਾਰਨਿ ਗੋਰਨਿ ਘਾਇ[4] ॥ ੨੨ ॥ ਰਹੈਂ ਦੂਰ ਨਹਿਂ ਨੇਰੈ ਆਵਹਿਂ। ਮਰਹਿਂ ਜਿ ਇਹ,ਪੁਨ ਸੁਧਿ ਸੋ ਪਾਵਹਿਂ[5]'। ਤਬਹਿ ਤਯਾਰ ਕਰਿ ਤੋਪਨਿ ਬ੍ਰਿੰਦ।ਲਗੇ ਚਲਾਵਨਿ ਸ਼ਬਦ ਬਿਲੰਦ॥੨੩॥ ਜੇਤਿਕ ਗੋਰੇ ਤਿਨ ਪਰ ਮਾਰੇ। ਪਹੁੰਚੇ ਨਹਿਂ ਸਮੀਪ ਤਿਨ ਸਾਰੇ। ਕੇਤਿਕ ਅਧ ਮਾਰਗ ਗਿਰ ਪਰੇ। ਕੇਤਿਕ ਤੋਪਨਿ ਬੀਚਹਿ ਅਰੇ ॥ ੨੪ ॥ ਕੇਤਿਕ ਆਗੈ ਤੇ ਹਟਿ ਆਏ। ਲਸ਼ਕਰ ਕੇ ਜੋਧਾ ਗਨ ਘਾਏ।ਤਿਨ ਕੇ ਤੀਰ ਛੁਯੋ ਨਹਿਂ ਗੋਰਾ। ਸੋ ਪਿਖਿ ਹਸਹਿਂ ਮਚਾਵਤਿ ਸ਼ੋਰਾ ॥ ੨੫ ॥ ਨਾਚਤਿ ਫਿਰਿ ਫਿਰਿ ਲੇਤਿ ਭਵਾਰੀ।ਗਾਵਤਿ ਖੁਸ਼ੀ ਕਰਤਿ ਹੈਂ ਭਾਰੀ।ਬ੍ਰਹਮ ਪੁੱਤ੍ਰ ਕੇ ਕਬਿ ਹੁਇ ਉਰੇ। ਕਬਿ ਦੌਰਤਿ ਗਮਨਤਿ ਹੈਂ ਪਰੇ ॥੨੬॥ਕੇਤਿਕ ਕੇ ਸਿਰ ਛੂਟੇ ਬਾਰ। ਬਿਰਧਾ ਮਹਾਂ ਰੂਪ ਬਿਕਰਾਰ। ਕੇਤਿਕ ਜੁਵਾ ਧਰੇ ਸ਼ਿੰਗਾਰੇ।ਕੇਤਿਕ ਮੁਖ ਤੇ ਅਗਨੀ ਡਾਰੇ ॥ ੨੭ ॥ ਲਸ਼ਕਰ ਊਪਰ ਕੋ ਫਿਰਿਗਈ। 'ਭੱਛਹੁ ਇਨਹਿਂ' ਪੁਕਾਰਤਿ ਭਈ। ਇਸ ਪ੍ਰਕਾਰ ਜਬਿ ਦੇਖਨਿ ਕਿਯੋ। ਬਿਸ਼ਨ ਸਿੰਘ ਰਾਜਾ ਬਿਸਮਯੋ ॥ ੨੮ ॥–ਇਨ ਪਰ ਨਹਿਂ ਕੁਛ ਜਤਨ ਹਮਾਰੋ। ਮੰਤ੍ਰਨਿ ਬਲ ਤੇ ਕਰਹਿਂ ਸੰਘਾਰੋ। ਮਾਨ ਸਿੰਘ ਨ੍ਰਿਪ ਮੋਹਿ ਪਿਤਾਮਾ। ਇਮ

[1]ਇਸਤ੍ਰੀਆਂ। [2]ਧੋਬਣਾਂ, ਘੁਮਿਆਰੀਆਂ, ਚਮਿਆਰੀਆਂ। [3]ਜਾਤਾਂ ਦੀਆਂ ਟਹਿਲਣਾਂ। (ਅ) ਇਸਤ੍ਰੀਆਂ। [4]ਗੋਲੇ ਮਾਰ ਕੇ। [5]ਫਿਰ ਰਾਜੇ ਨੂੰ ਖ਼ਬਰ ਲੱਗੇਗੀ।

ਹੀ ਕਰਿ ਭੇਜਨੋ ਜਮ ਧਾਮਾ ॥ ੨੯ ॥ਬਿਜੈ ਆਸ ਅਬਿ ਕੈਸੇ ਕਰੌਂ।ਹੈ ਇਕ ਜਤਨ ਸ਼ਰਨ ਗੁਰਪਰੌਂ–।ਕੌਤਕ ਗਨਇਸਤ੍ਰੀਨਿ ਵਿਸ਼ੇਖਾ।ਕੇਤਿਕ ਦਿਨ ਬਿਸਮਤਿ ਨੇ ਦੇਖਾ ॥ ੩੦ ॥ ਹਯ ਅਰੂਢ ਕਰਿ ਤਬਿ ਮਹਿਪਾਲਾ। ਸ਼੍ਰੀ ਸਤਿਗੁਰ ਮਿਲਿਬੇ ਕੋ ਚਾਲਾ।ਉਚੋ ਹੁਤੋ ਦਮਦਮਾਂ ਦੂਰੋ।ਉਤਰੇ ਰਹੇ ਜਹਾਂ ਗੁਰ ਪੂਰੇ ॥ ੩੧ ॥ ਜੋਧਾ ਬ੍ਰਿੰਦ ਸੰਗ ਮਹੁ ਚਾਲੇ । ਆਵਤਿ ਚਲਯੋ ਚਿੰਤ ਮਹਿਪਾਲੇ। ਜਬਿ ਦਮਦਮੇ ਨਿਕਟਿ ਚਲਿ ਆਯਹੁ।ਅਸੁ ਤੇ ਉਤਰਿ ਸੀਸ ਕੋ ਨਯਾਯੋ ॥ ੩੨ ॥ ਪਾਇਨ ਸੌਂ[੧] ਊਪਰ ਚਲਿ ਗਯੋ । ਬੈਠੇ ਸਤਿਗੁਰੁ ਦੇਖਤਿ ਭਯੋ। ਧਾਇ ਉਤਾਇਲ ਚਰਨਨਿ ਪਰਯੋ। ਕਰਿ ਬੰਦਨ ਕੋ ਆਗੈ ਥਿਰਯੋ ॥ ੩੩ ॥ ਖੜਗ ਸਿਪਰ ਜਿਸਕੇ ਲਗਿ ਰਹੀ। ਕੰਚਨ ਖਚਤਿ ਮੁਸ਼ਟ ਜਿਸ ਅਹੀ । ਜਰੇ ਬੱਜੂ ਕੰਕਨ ਕਰ ਧਰੇ[੨]। ਕੁੰਡਲ ਕਰਨਨਿ ਮੁਕਤਾ ਥਰੇ[੩] ॥ ੩੪॥ ਜਿਗਾ ਪਾਗ ਪਰ ਦਮਕਤਿ ਦੀਸਿ[੪]। ਅਰੁ ਉਤੰਗ ਕਲਗ਼ੀ ਸ਼ੁਭ ਸੀਸ। ਬਸਤ ਸ਼ਸਤ੍ਰ ਬਹੁ ਮੋਲੇ ਧਰੇ । ਸਤਿਗੁਰੁ ਸਨਮੁਖ ਬੈਠਿਬ ਕਰੇ ॥ ੩੫ ॥ ਸੇਤ ਬਸਤ੍ਰ ਗੁਰ ਕੇ ਗਰ ਜਾਮਾ।ਬਹੁ ਸੂਖਮ ਸ਼ੋਭਤਿ ਅਭਿਰਾਮਾ । ਧਨੁਖ ਬਾਨ ਆਗੇ ਬਡ ਧਰਯੋ । ਸੁੰਦਰ ਚਮਰ ਸੀਸਪਰ ਢੁਰਯੋ ॥ ੩੬ ॥ ਭਰੇ ਕ੍ਰਿਪਾ ਸੋਂ ਨੈਨ ਰਸੀਲੇ। ਬ੍ਰਹਮ ਗਯਾਨ ਉਰ ਮਹਾਂ ਗਹੀਲੇ। ਸ਼ਰਨ ਪਰਹਿ ਜੋ ਸ਼ਰਧਾ ਠਾਨੀ। ਦੋਨਹੁੰ ਲੋਕਨਿ ਕੋ ਸੁਖਦਾਨੀ ॥ ੩੭ ॥ ਮੁਸਕਾਵਤਿ ਮੁਖ ਬਾਕ ਉਚਾਰੇ। 'ਬਿਸ਼ਨ ਸਿੰਘ ! ਕਹੁ ਕੁਸ਼ਲ ਤੁਮਾਰੇ?'। ਹਾਥ ਜੋਰਿ ਬੋਲਯੋ ਨ੍ਰਿਪ ਭਾਰੀ। 'ਪ੍ਰਭੁਜੀ ! ਸਭਿ ਸੁਖ ਕ੍ਰਿਪਾ ਤੁਮਾਰੀ॥੩੮॥ਦੇਸ਼ਕਾਮਰੂ ਮੰਤ੍ਰ ਕਰਾਲਾ।ਦੇਖਿ ਦੇਖਿਮਨ ਬਿਸਮਬਿਸਾਲਾ। ਇਸਤ੍ਰੀ ਗਨ ਲਸ਼ਕਰ ਢਿਗ ਆਵਤਿ। ਕਰਿ ਟਾਮਨ ਕੋ ਭਟਨਿ ਡਰਾਵਤਿ॥ ੩੯ ॥ ਸਭਿਹਿਨਿ ਕੇ ਉਰ ਧੀਰਜ ਹਾਰੀ। ਤਿਨ ਪਰ ਚਲਤਿ ਨ ਕੋ ਉਪਚਾਰੀ। ਤੋਪ ਤੁਪਕ ਜੰਜੈਲ ਚਲਾਵੈਂ। ਉਲਟਿ ਆਇ ਹਮਰੇ ਭਟ ਘਾਵੈਂ ॥ ੪੦ ॥ ਬ੍ਰਿੱਛ ਉਡਾਵਤਿ ਭੀਤ ਭਜਾਵੈਂ । ਮੁਖ ਤੇ ਅਗਨਿ ਲਾਟ ਨਿਕਸਾਵੈਂ । ਗਹੀ ਨ ਜਾਇ ਨਿਕਟਿ ਨਹਿਂ ਆਵੈਂ। ਲਸ਼ਕਰ ਕੇ ਊਪਰਿ ਫਿਰਿ ਜਾਵੈਂ ॥੪੧॥ ਸਭਿ ਜੋਧਾ ਬਿਸਮਤਿ ਚਿਤ ਹੋਇ।ਡਰਤਿ ਰਹਤਿ ਬਸ ਚਲਤਿ ਨ ਕੋਇ। ਮੈਂ ਤੁਮਰੇ ਪਰ ਕਰਿ ਬਿਸਵਾਸ । ਚਢਿ ਆਯਹੁ

[੧]ਪੈਦਲ। [੨]ਹੀਰੇ ਜੜੇ ਕੜੇ ਹੱਥਾਂ ਵਿਚ ਪਏ ਹਨ। [੩]ਕੰਨਾਂ ਵਿਚ ਮੋਤੀਆਂ ਵਾਲੇ ਕੁੰਡਲ ਪਾਏ ਹੋਏ ਹਨ। [੪]ਦਿੱਸਦੀ ਹੈ।

ਧਰਿ ਚਰਨਨਿ ਆਸ ॥੪੨॥ ਨਾਂਹਿ ਤ ਮੋ ਤੇ ਕਿਮ ਬਨਿ ਆਵਹਿ। ਮਾਨ ਸਿੰਘ ਸੇ ਜਹਿਂ ਪਚ[1]* ਜਾਵਹਿਂ। ਕਾਰਜ ਕਰਨ ਬਨਹਿ† ਅਬਿ ਕੈਸੇ? ਨਿਕਟਿ ਆਪ ਕੇ ਬੂਝੌਂ ਤੈਸੇ ॥ ੪੩ ॥ ਚਿਰੰਕਾਲ ਬੀਤਾ ਇਤ ਆਇ।ਡੇਰਾ ਬ੍ਰਹਮ ਪੁੱਤ੍ਰ ਤਟ ਛਾਇ। ਤਿਨ ਪਰ ਜੋਰ ਪਰਯੋ ਨਹਿਂ ਕੋਊ। ਪ੍ਰਭੁ ਜੀ ਮਿਲਹਿ ਆਇ ਕਿਮ ਸੋਊ ॥ ੪੪ ॥ ਨਿਸ ਦਿਨ ਇਹ ਚਿੰਤਾ ਚਿਤ ਮੇਰੇ। –ਸਾਧੌਂ ਦੇਸ਼–ਉਪਾਇ ਨ ਹੇਰੇ।ਏਕ ਜਤਨ ਮੈਂ ਦ੍ਰਿਢਕਰਿ ਰਾਖ੍ਯੋ।ਰਾਵਰਿ ਚਰਨ ਸ਼ਰਨ ਅਭਿਲਾਖ੍ਯੋ ॥੪੫॥ ਬਾਂਹਿ ਗਹੇ ਕੀ ਲਾਜ ਬਿਚਾਰੋ। ਚਿੰਤਾ ਸਲਿਤਾ ਪਾਰ ਉਤਾਰੋ'। ਸੁਨਿ ਕਰਿ ਸਤਿਗੁਰ ਨ੍ਰਿਪ ਬਚ ਭੀਰੁ[2]। ਸ੍ਰੀ ਮੁਖ ਤੇ ਕਹਿ ਦੀਨਸਿ ਧੀਰ ॥ ੪੬ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਕਾਮਰੂ ਦੇਸ਼' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥ ੭ ॥

## ੮. [ਆਸਾਮ ਪਤੀ ਦੀ ਜੰਗ ਹਿਤ ਤਿਆਰੀ]।

ਦੋਹਰਾ ॥ ਬਿਸ਼ਨ ਸਿੰਘ ਤੇ ਸੁਨਿ ਗੁਰੂ ਸ਼੍ਰੀ ਮੁਖ ਤੇ ਫੁਰਮਾਇ। 'ਮਤ ਚਿੰਤਾ ਚਿਤ ਕੀਜੀਏ ਹੁਇ ਰਘੁਬੀਰ[3] ਸਹਾਇ ॥ ੧ ॥ ਚੌਪਈ ॥ ਨਹੀਂ ਮਾਨ ਤੇ ਜੋ ਬਨਿ ਆਯੋ[4]। ਮਹਾਂ ਕਠਨ ਹੈ ਤੋਹਿ ਬਤਾਯੋ[5]। ਸੋ ਕਾਰਜ ਤੂੰ ਕਰਹਿ ਬਨਾਇ। ਬਿਜੈ ਕਾਮਰੂ ਕੀ ਹੁਇ ਜਾਇ ॥ ੨ ॥ ਸ਼੍ਰੀ ਨਾਨਕ ਕੋ ਮਹਿਦ ਪ੍ਰਤਾਪੂ। ਤਿਸ ਤੇ[6] ਜਸੁ ਲੈਹੈਂ ਬਹੁ ਆਪੂ। ਸੁਖ ਕੇ ਸਹਿਤ ਸਦਨ ਮਹਿ ਮਿਲਿਹੈਂ।ਰਹਿ ਕੇਤਿਕ ਦਿਨ ਮਹਿਂ ਪੁਨ ਚਲਿ ਹੈਂ ॥੩॥ ਅਬਿ ਕੇ ਇਸਤ੍ਰੀ ਟਾਮਨ ਹਾਰੀ[7]। ਜਬਿ ਆਵਹਿਂ ਲਸ਼ਕਰ ਦਿਸ਼ਿ ਸਾਰੀ। ਤਤਛਿਨ ਸੁਧਿ ਹਮ ਨਿਕਟਿ ਪੁਚਾਵਹੁ। ਬੇਗ ਤੁਰੰਗ ਸਊਰ ਚਢਾਵਹੁ ॥੪॥ ਹਮ ਦੇਖਹਿਂ ਪੁਨ ਸ਼ਕਤਿ ਨ ਰਹੈ। ਛੂਛੀ ਹੋਇ ਤਿਸੀ ਬਲ ਬਹੈਂ। ਚਿਤੈ ਸੰਦੇਹ ਨ ਕੀਜਹਿ ਕਦਾ। ਧਰਹੁ ਅਨੰਦ ਬਿਲੰਦੇ ਸਦਾ' ॥ ੫ ॥ ਸੁਨਿ ਸਤਿਗੁਰ ਕੇ ਬਾਕ ਸੁਹਾਏ। ਬਹਯੋ ਪ੍ਰਵਾਹ ਤਰੀ ਜਨੁ ਪਾਏ[8]। ਹਰਖ ਭਰਯੋ ਉਰ ਭੂਪ ਉਦਾਰੇ। ਮਨਹੁਂ ਕਲਪਤਰੁ ਲਹਯੋ ਸੁਖਾਰੇ ॥ ੬ ॥–ਜਗ ਮਹਿਂ ਸੁਜਸੁ ਮੋਹਿ ਹ੍ਵੈ ਐਸੇ।ਭੂਪਤਿ ਮਾਨ ਨ ਪਾਯਹੁ ਜੈਸੇ[9]–। ਹਾਥ ਜੋਰਿ ਕਰਿ ਪਗ ਪਰ ਨਮੋ। ਆਇਸੁ ਪਾਇ ਗਯੋ ਤਿਹ ਸਮੇ ॥ ੭ ॥ ਸਭਿ ਲਸ਼ਕਰ ਕੋ ਧੀਰਜ

[1]ਭਾਵ–……ਵਰਗੇ ਜਿੱਥੇ ਮਰ ਜਾਂਦੇ ਹਨ। [2]ਕਾਇਰਤਾ ਦੇ। [3]ਪਰਮੇਸਰ। [4]ਜੋ ਮਾਨ ਸਿੰਘ ਤੋਂ (ਕੰਮ) ਸਿਰੇ ਨਹੀਂ ਚੜ੍ਹ ਸਕਿਆ। [5]ਜੋ ਤੂੰ ਦੱਸਦਾ ਹੈਂ ਕਿ ਕਠਨ ਹੈ। [6]ਤਿਨ੍ਹਾਂ ਗੁਰਾਂ ਦੀ ਕ੍ਰਿਪਾ ਨਾਲ। [7]ਟੂਣਿਆਂ ਵਾਲੀਆਂ। [8]ਜਿਵੇਂ ਰੁੜ੍ਹਦੇ ਨੂੰ ਬੇੜੀ ਮਿਲ ਜਾਵੇ। [9]ਜਿਵੇਂ ਮਾਨ ਸਿੰਘ ਨੇ ਬੀ ਨਹੀਂ ਪਾਇਆ ਸੀ।

*ਪਾ:–ਮਰ। †ਪਾ:–ਕਾਰਜ ਕਰਨ ਕਰਹਿ।

ਦੀਨਾ। 'ਰਹੋ ਸੁਚੇਤ ਤ੍ਰਾਸ ਕਰਿ ਛੀਨਾ। ਇਸਤ੍ਰੀ ਜਬਿ ਆਵਹਿ ਤਬਿ ਦੇਖੋ। ਤਾਤਕਾਲ ਸੁਧਿ ਦੇਹੁ ਪਰੇਖੋ[੧] ॥ ੮ ॥ ਗਹਹਿ ਤਿਨਹੁੰ ਕੋ ਜਾਨਿ ਨ ਦੇਹੈਂ।ਬਹੁਰ ਕਾਮਰੂਪਤਿ[੨]ਫਲ ਪੈਹੈ'। ਇਮ ਭੂਪਤਿ ਕੀਨਸਿ ਤਕਰਾਈ। ਏਕ ਜਾਮਨੀ ਜਬਹਿ ਬਿਤਾਈ ॥ ੯ ॥ ਭਈ ਪ੍ਰਭਾਤਿ ਚਮੂੰ ਭਟ ਜਾਗੇ। ਤਿਨ ਇਸਤ੍ਰਿਨਿ ਕੋ ਖੋਜਨਿ ਲਾਗੇ॥ ਜਿਸ ਦਿਸ਼ਿ ਤੇ ਆਵਤਿ ਤਿਤ ਹੇਰੈਂ। ਭਏ ਸੁਚੇਤ ਪਰਸਪਰ ਟੇਰੈਂ ॥ ੧੦ ॥ 'ਅਬਿ ਕੇ ਗਹਿ ਲੇਵਹਿੰ ਤਿਨ ਕਾਮਨ[੩]। ਕਰਤਿ ਅਨੇਕ ਰੀਤਿ ਜੋ ਟਾਮਨ'। ਇਤਨੇ ਮਹਿਂ ਆਈ ਇਕ ਧੋਬਨ। ਤਰੁਵਰੁ ਚਢੀ ਚਢ੍ਯੋ ਤਨ ਜੋਬਨ ॥ ੧੧ ॥ ਤਤਛਿਨ ਇਕ ਚਢਾਇ ਅਸਵਾਰ। ਤੁਰੰਗ ਧਵਾਇ ਬੇਗ ਬਡ ਧਾਰਿ। ਸ੍ਰੀ ਸਤਿਗੁਰ ਕੋ ਸੁਧਿ ਕਰਿ ਦਈ। 'ਸ੍ਰੀ ਪ੍ਰਭੁ ਪਿਖਉ ਤ੍ਰਿਯਾ ਜੋ ਅਈ' ॥ ੧੨ ॥ ਨਿਕਸੇ ਵਹਿਰ ਬੰਗਲੇ ਸ੍ਵਾਮੀ॥ਤਿਸ ਦਿਸ਼ਿ ਦ੍ਰਿਸ਼ਟਤਿ[੪] ਅੰਤਰਜਾਮੀ॥ ਜਬਹਿ ਡੀਠ ਸਤਿਗੁਰੁ ਕੀ ਪਰੀ। ਮੰਤ੍ਰ ਸ਼ਕਤਿ ਤ੍ਰਿਯ ਕੀ ਸਭਿ ਹਰੀ ॥੧੩॥ਨਿਸ਼ਚਲ ਤਰੁਵਰੁ ਤਿਸ ਥਲ ਭਯੋ। ਸ਼ਕਤਿ ਬਹੀਨ ਉਡ੍ਯੋ ਨਹਿਂ ਗਯੋ।ਹਾਰ ਰਹੀ ਮੁਖ ਮੰਤ੍ਰ ਉਚਾਰਤਿ। ਕਛੂ ਨ ਹੋਤਿ ਤ੍ਰਾਸ ਉਰ ਧਾਰਤਿ ॥ ੧੪ ॥ ਇਤ ਉਤ ਕਰਤਿ ਬਿਲੋਕਨਿ ਬਵਰੀ[੫]। ਨਹੀਂ ਤਜਤਿ ਤਰੁਵਰੁ ਸੋ ਠਵਰੀ[੬]। ਮਹਾਂ ਸਿੱਧ[੭] ਕੀ ਦ੍ਰਿਸ਼ਟਿ ਪਰੀ ਹੈ।ਜਿਸ ਤੇ ਮੰਤ੍ਰਨਿ ਸ਼ਕਤਿ ਹਰੀ ਹੈ॥੧੫॥ ਬਹੁ ਲੋਕਨਿ ਤਬਿ ਧਾਇ ਧਰੀ ਹੈ[੮]। ਨਿਕਟਿ ਹਕਾਰਨਿ ਗੁਰੂ ਕਰੀ ਹੈ। ਗਹਿ ਆਨੀ ਉਰ ਅਧਿਕ ਡਰੀ ਹੈ। ਹੇਰਿ ਰੂਪ ਕੋ ਪਾਇਂ ਪਰੀ ਹੈ[੯] ॥੧੬॥ 'ਮਹਾਂ ਪ੍ਰਤਾਪ ਆਪ ਕੋ ਅਹੈ।ਜਿਹ ਸਮਸਰਤਾ ਕੋਇ ਨ ਲਹੈ।ਮੈਂ ਬਿਲੋਕਿ ਤੁਮ ਨੀਕੇ ਜਾਨੇ[੧੦]। ਭਏ ਬਿਸ਼ਨੁ ਅਵਤਾਰ ਪਛਾਨੇ ॥੧੭॥ ਅਪਰ ਬਿਖੈ ਇਮ ਸ਼ਕਤਿ ਨ ਹੋਈ। ਹੇਰਤਿ ਹਮਹੂੰ ਹਰਾਵਹਿ ਜੋਈ। ਸਭਿ ਜਗ ਕੇ ਸ੍ਵਾਮੀ ਤੁਮ ਅਹੋ। ਕਾਰਨ ਕਰਨ ਸਰਬ ਨਿਰਬਹੋ ॥੧੮॥ ਕਿਮ ਸਹਾਇ ਤੁਰਕੇਸ਼ੁਰ ਭਏ?ਇਸ ਰਾਜਾ ਪਰ ਚਢਿਕਰਿ ਅਏ।ਹਿੰਦੁਨਿ ਕੀ ਰੱਛਨਾ ਕੇ ਯੋਗ।ਅਹੈਂ ਅਲੰਬ[੧੧]ਆਪ ਕੇ ਲੋਗ' ॥੧੯॥ ਸੁਨਿ ਧੋਬਨ ਤ੍ਰਿਯ ਕੀ ਚਤੁ-

---

[੧]ਪਰਖ ਕੇ। [੨]ਕਾਮ ਰੂਪ ਦੇਸ਼ ਦਾ ਰਾਜਾ। [੩]ਇਸਤ੍ਰੀਆਂ ਨੂੰ। [੪]ਦੇਖਿਆ। [੫]ਬਾਵਰੀ ਹੋਈ। [੬]ਬ੍ਰਿੱਛ ਉਸ ਥਾਂ ਤੋਂ ਹਿੱਲਿਆ ਨਾ। [੭]ਭਾਵ ਗੁਰੂ ਜੀ ਦੀ। [੮]ਦੌੜ ਕੇ ਪਕੜ ਲਈ। [੯]ਗੁਰੂ ਜੀ ਦਾ ਰੂਪ ਦੇਖਕੇ ਚਰਨੀਂ ਡਿੱਗੀ। [੧੦]ਚੰਗੀ ਤਰ੍ਹਾਂ ਜਾਣ ਲਿਆ ਹੈ। [੧੧]ਆਸਰੇ।

ਰਾਈ। ਸ਼੍ਰੀ ਮੁਖ ਤੇ ਮੁਸਕਾਇ ਗੁਸਾਈਂ। ਕਹ੍ਯੋ ਤਿਸਹਿ ਸਭਿ ਤੇ ਕਰਿ ਨਜਾਰੀ।'ਨ੍ਰਿਪਤੁ ਮਰੇ ਕਹੁ ਲੇਹਿਂ ਹਕਾਰੀ[1]॥੨੦॥ਇਮ ਨ੍ਰਿਪ ਸੋਂ ਤਿਸ ਦੇਹਿ ਮਿਲਾਇ।ਦ੍ਵੈ ਕੀ ਦੁਬਿਧਾ[2] ਦੂਰ ਕਰਾਇਂ। ਰਾਖਹਿਂ ਸਮ ਹਮ ਤਾਂਹਿ ਨ ਮਾਰਹਿਂ।ਨਿਜ ਦਾਸਨਿ ਕੇ ਕਾਜ ਸੁਧਾਰਹਿਂ॥੨੧॥ਸੁਨਿ ਧੋਬਨ ਜੋਬਨ ਯੁਤਿ! ਇਹਾਂ।ਰਹਹੁ ਬੈਠਿ ਥਿਤ ਤੁਵ ਤਰੁ ਜਹਾਂ[3]।ਸਭਿ ਕੁਟੰਬ ਕੋ ਲੇਹੁ ਬੁਲਾਇ। ਬਸਹੁ ਸਦਾ ਨਿਜ ਗ੍ਰਿਹ ਕੋ ਪਾਇ॥੨੨॥ਬਸਿ ਹੈਂ ਅਪਰ ਲੋਕ ਸਮੁਦਾਇ। ਤੋਹਿ ਨਾਮ ਪਰ ਗ੍ਰਾਮ ਬਸਾਇਂ। ਜਗ ਮਹਿਂ ਕੀਰਤਿ ਤੇਰੀ ਰਹੈ। ਜਬਿ ਲਗਿ ਗ੍ਰਾਮ ਬਸਤਿ ਥਲ ਅਹੈ[4] ॥ ੨੩ ॥ ਹਮ ਬਸਾਇ ਕਰਿ ਗਮਨਹਿਂ ਆਨ। ਤਬਿ ਲਗਿ ਬੈਠਿ ਬ੍ਰਿਛ ਕੇ ਥਾਨ'। ਪਾਇ ਬਚਨ ਇਮ ਸਤਿਗੁਰੁ ਕੇਰਾ। ਧੋਬਨ ਜਾਇ ਕਰ੍ਯੋ ਤਹਿਂ ਡੇਰਾ ॥ ੨੪ ॥ ਤਿਸ ਪੀਛੇ ਜੇਤੀ ਤ੍ਰਿਯ ਆਈ। ਗਹੀ ਧੋਬਨੀ ਦੇਖਿ ਪਲਾਈ। ਹਟਿ ਪਾਛੇ ਕੋ ਨਹੀਂ ਨਿਹਾਰਾ। -ਹਮ ਕੋ ਗਹੈਂ- ਤ੍ਰਾਸ ਕੋ ਧਾਰਾ॥੨੫॥ਬਡੇ ਬੇਗ ਸੋਂ ਨਗਰ ਪ੍ਰਵੇਸ਼ੀ। ਦਈ ਭੂਪ ਕੋ ਖ਼ਬਰ ਅਸ਼ੇਸ਼ੀ। 'ਨਿਤ ਹਮ ਜਾਤਿ ਡਰਾਵਤਿ ਸਭਿ ਕੋ। ਊਪਰ ਵਿਰਤਿ ਪਾਇ ਮਗ ਨਭ ਕੋ ॥ ੨੬ ॥ ਹਮ ਤੇ ਧੋਬਨ ਗਈ ਅਗਾਰੀ।ਸਿੱਧ ਪੁਰਖ ਕੋ ਸੁਨਿਯਤਿ ਭਾਰੀ। ਤਿਨ ਗਹਿ ਲੀਨਿ ਸ਼ਕਤਿ ਪਰਹਰਿ ਕੈ[5]। ਵਿਰਤਿਅਰੂਢਿ ਜੁ ਊਪਰ ਤਰੁ ਕੇ।॥੨੭॥ਅਬਿ ਤੇ ਆਗੇ ਕੋਇ ਨ ਜਾਵਹਿ। ਜੋ ਜਾਵੈ ਨਿਜ ਕੋ ਗਹਿਵਾਵਹਿ। ਅਪਰ ਜਤਨ ਕੋ ਕਰਹੁ ਬਨਾਇ। ਨਾਂਹਿ ਤ ਆਪ ਪਰਾਜੈ[6] ਪਾਇ' ॥ ੨੮ ॥ ਸੁਨਿ ਰਾਜਾ ਮਨ ਮਾਂਹਿ ਬਿਚਾਰੇ। -ਮੰਤ੍ਰ ਕਰੇ ਮੈਂ ਬ੍ਰਿੰਦ ਅਗਾਰੇ। ਹਿਤ ਨ੍ਰਿਪ ਮਾਰਨਿ ਕੇ ਬਹੁ ਪ੍ਰੇਰੇ। ਨਹੀਂ ਸਰੇ ਕਾਰਜ ਤਬਿ ਮੇਰੇ ॥ ੨੯ ॥ ਮਹਾਂ ਪੁਰਖ ਹੈ ਤਿਨਹੁ ਸਹਾਇ। ਮੰਤ੍ਰ ਸ਼ਕਤਿ ਨਹਿਂ ਪਹੁੰਚ ਸਕਾਇ। ਜੋ ਗਿਰਵਰ ਕੋ ਦੇਤਿ ਉਡਾਈ। ਅਚਲ ਚਲਾਵਤਿ,ਚਲਤਿ ਥਿਰਾਈ ॥ ੩੦ ॥ ਜਲ ਪ੍ਰਵਾਹ ਕੋ ਰਾਖਹਿਂ ਰੋਕ।ਤਿਨ ਆਗੈ ਕਹਾ ਬਪੁਰੇ ਲੋਕ। ਸੈਨਾ ਸਹਿਤ ਨਰੇਸ਼ੁਰ ਧਾਵਤਿ। ਜਤਨ ਸਮੇਤ ਨ ਬਚਿਬੇ ਪਾਵਤਿ ॥ ੩੧ ॥ ਸਭਿ ਨਿਸ਼ਫਲ ਹੋਏ ਇਕ ਬਾਰੀ। ਯਾਂਤੇ ਲਖਿਯਤਿ ਕੋ ਸਿਧ ਭਾਰੀ।ਅਬਿ ਕਾਮੱਖ੍ਯਾ ਕਰਹਿ ਸਹਾਇ।ਹਾਰੇ ਕਰਿ ਤੇ ਅਪਰ ਉਪਾਇ॥ ੩੨ ॥ ਸਦਾ ਬਿਘਨ ਤੇ ਹਮਹਿਂ ਬਚਾਵਤਿ। ਕਬਹੁੰ ਨ

[1]ਬੁਲਾ ਲੈਂਦੇ ਹਾਂ। [2]ਵੈਰ। [3]ਜਿੱਥੇ ਤੇਰਾ ਬ੍ਰਿਛ ਹੈ। [4]ਜਦ ਤਕ (ਇਸ) ਥਾਨ ਵਿਖੇ ਤੇਰਾ ਪਿੰਡ ਵਸਦਾ ਰਹੇਗਾ। [5]ਸ਼ਕਤੀ ਨਾਸ਼ ਕਰਕੇ। [6]ਹਾਰ।

ਜੀਤਯੋ ਸੋ ਚਢਿ ਆਵਤਿ। ਧਰਮ ਅਰਥ[1] ਨਿਤ ਬਨਹਿ ਸਹਾਈ।ਦਾਸਨਿ ਲਾਜ ਰਖਹਿ ਬਡਿਆਈ-॥ ੩੩ ॥ ਇਮ ਚਿੰਤਾ ਕਰਿ ਕੈ ਮਹਿਪਾਲਾ। ਹੋਮ ਸਮਿੱ੍ਰਗੀ ਲੀਨਿ ਬਿਸਾਲਾ।ਮੰਤ੍ਰਨਿ ਪੁਨ ਨਰ[2] ਸਕਲ ਬੁਲਾਏ। ਦੇਵੀ ਕੇ ਮੰਦਿਰ ਚਲਿ ਆਏ ॥ ੩੪ ॥ ਹੋਇ ਪੁਨੀਤ ਅਰਾਧਤਿ ਸਾਰੇ। ਪਾਵਕ ਬਿਖੇ ਦਰਬ[3] ਕੋ ਡਾਰੇ। ਕਾਮੱਖਨਾ ਕੋ ਕਰਯੋ ਅਵਾਹਨ। ਮੁਖ ਪੰਡੇ ਬੋਲੀ ਮਨ ਭਾਵਨ[4] ॥ ੩੫ ॥ 'ਭੋ ਭੂਪਤ ! ਚਿੰਤਾ ਮਤ ਕੀਜਹਿ। ਨਹੀਂ ਖੇਦ ਤੁਹਿ,ਧੀਰਧਰੀਜਹਿ।ਰਾਜ ਸਹਤਿ ਕੁਸ਼ਲੀ[5] ਤੂ ਰਹੈਂ।ਰਿਪੁ ਤੇ ਨਹੀਂ ਪਰਾਜੈ ਲਹੈਂ ॥ ੩੬ ॥ ਪੁਰਸ਼ੋਤਮ[6] ਤੁਝ ਭਾਖਹਿ ਜਥਾ। ਰਹੁ ਅਨੁਸਾਰਿ ਮਾਨੀਅਹਿ ਤਥਾ'। ਇਮ ਕਹਿ ਤੂਸ਼ਨਿ ਭੀ ਜਗਰਾਨੀ। ਸਚਿਵ ਸਮੇਤ ਨ੍ਰਿਪਤ ਨੈ ਮਾਨੀ ॥ ੩੭ ॥ ਕਰਿ ਬੰਦਨ ਨਿਜ ਭਵਨ ਸਿਧਾਏ। ਚਿਤਵਹਿ ਚਿਤ ਕੈਸੇ ਹੁਇ ਜਾਏ। ਹਮ ਤੇ ਅਬਿ ਉਪਾਵ ਕਯਾ ਹੋਵੈ। ਜਿਸ ਤੇ ਸ਼ੱਤ੍ਰ ਕੋ ਡਰ ਖੋਵੈਂ ॥੩੮॥ ਨਿਜ ਬਲ ਜੰਤ੍ਰ ਮੰਤ੍ਰ ਕਰਿ ਹਾਰੇ। ਤਿਨ ਤੇ ਕਛੂ ਨ ਕਾਰਜ ਸਾਰੇ। ਅਬਿ ਸੰਗ੍ਰਾਮ ਕਰਨਿ ਬਨਿ ਆਵੈ। ਸ੍ਰੀ ਕਾਮੱਖਨਾ ਜੈ ਕਰਿਵਾਵੈ' ॥ ੩੯ ॥ ਇਮ ਮਸਲਤ ਕਰਿ ਸਚਿਵਨ ਸੰਗ। ਭਯੋ ਸੁਚੇਤ ਕਰਨਿ ਕੋ ਜੰਗ।ਾਰਣ ਸਾਮਿੱਗ੍ਰੀ ਬਹੁ ਬਰਤਾਈ। ਸੁਭਟ ਸਕੇਲਿ ਕਰੇ ਇਕ ਥਾਈਂ ॥੪੦॥ ਤੋਪ ਤੁਪਕ ਕੋ ਕਰਿ ਕੈ ਸੁੱਧਾ।ਪਠੀ ਸੈਨ ਬਡ ਕਰਿਬੇ ਜੁੱਧ। 'ਹਮ ਕੇਤਿਕ ਦਿਨ ਚਢਹਿਂ ਪਿਛਾਰੀ। ਕਰਿ ਸੰਗ੍ਰਾਮ ਪਿਖਹਿਂ ਭਟ ਭਾਰੀ' ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਕਾਮੱਖਜਾ ਕੋ ਪ੍ਰਸੰਗ' ਬਰਨਨੰ ਨਾਮ ਅਸ਼ਟਮੋ ਅੰਸੂ ॥੮॥

੯. [ਦੇਵੀ ਦਾ ਆਸਾਮ ਖਤੀ ਨੂੰ ਗੁਰੂ ਜੀ ਦੀ ਸ਼ਰਨ ਹਿਤ ਪੇਰਨਾ]।

ਦੋਹਰਾ ॥ ਇਤ ਧੋਬਨ ਜਬਿ ਗਹਿ ਲਈ ਅਪਰ ਨਹੀਂ ਕੋ ਆਇ। ਬਿਸ਼ਨ ਸਿੰਘ ਬਹੁ ਹਰਖ ਉਰ ਗੁਰੁ ਢਿਗ ਪਹੁੰਚਯੋ ਧਾਇ ।੧॥ ਚੌਪਈ॥ ਕਰੀ ਬੰਦਨਾ ਬੈਠਯੋ ਆਨਿ। ਬਿਨਤੀ ਕੇ ਜੁਤਿ ਕਰਤਿ ਬਖਾਨ। 'ਰਾਵਰ ਕੇ ਪ੍ਰਤਾਪ ਤੇ ਜਾਨਾ। ਫਤੇ ਹੋਹਿ ਮਮ ਕਾਜ ਮਹਾਨਾ॥ ੨॥ ਤਊ ਸੁਨਹੁ ਪ੍ਰਭੁ ਜੀ ! ਮਮ ਅਰਜ਼ੀ। ਸਭਿ ਲਸ਼ਕਰ ਬਰਤਹਿ ਤੁਮ ਮਰਜ਼ੀ। ਦੇਖਿ ਸਿਦਕ ਸਭਿ ਕੇ ਉਰ ਹੋਵਾ। ਮਹਾਂ ਤ੍ਰਾਸ ਮੰਤ੍ਰਨਿ ਕੋ ਖੋਵਾ ॥ ੩ ॥ ਬਹੁਤ ਕਾਲ ਬੀਤਯੋ ਹਮ ਆਏ। ਖਰਚੇ ਕੋਸ਼ ਦਰਬ ਸਮੁਦਾਏ। ਬਿਸਰੇ ਸਦਨ, ਰਹੇ

---

[1]ਧਰਮ ਦੇ ਵਾਸਤੇ। [2]ਮੰਤ੍ਰੀ ਤੇ ਹੋਰ ਪੁਰਸ਼। [3]ਭਾਵ ਸਮਿੱਗ੍ਰੀ ਤੋਂ ਹੈ। [4]ਮਨ ਦੇ ਭਾਵਨ ਵਾਲੀ (ਦੇਵੀ) ਪੰਡੇ ਦੇ ਮੁਖ ਦ੍ਵਾਰਾ ਬੋਲੀ। [5]ਖੁਸ਼ੀ। [6]ਭਾਵ ਗੁਰੂ ਜੀ ਤੋਂ ਹੈ।

ਸਭਿ ਐਸੇ[1]। ਰਿਪੁ ਪਰ ਜੋਰ ਪਰ੍ਯੋ ਨਹਿ ਕੈਸੇ ॥੪॥ ਨਹੀਂ ਬਾਹਨੀ ਪਾਰ ਉਤਾਰੀ। ਨਹਿ ਸੰਗ੍ਰਾਮ ਮਚ੍ਯੋ ਭੈ ਕਾਰੀ। ਕਬਿ ਲਗਿ ਇਹ ਠਾਂ ਬੈਠੇ ਰਹੈਂ। ਉਮਰਾਵ ਜਿ ਅਕੁਲਾਵਤਿ ਅਹੈਂ॥ ੫॥ ਜਨੋਂ ਜਨੋਂ ਕਰੁਨਾ ਤੁਮਰੀ ਜੋਵੈਂ। ਇਸ ਮੁਹਿੰਮ ਤੇ ਛੁਟਿਬੋ ਹੋਵੈ। ਦੀਨ ਬੰਧੁ ਜੀ! ਕਰਹੁ ਸਹਾਈ। ਬਡ ਕਲੇਸ਼ ਤੇ ਲੇਹੁ ਬਚਾਈ ॥੬॥ ਲੋਕ ਹਜ਼ਾਰਹੁੰ ਤੁਮ ਦਿਸ਼ਿ ਹੇਰਤਿ। ਕਹਿਬੇ ਹੇਤੁ ਮੋਹਿਕੋ ਪ੍ਰੇਰਤਿ। ਸਗਰੋ ਲਸ਼ਕਰ[2] ਸ਼ਰਨ ਤੁਮਾਰੀ। ਮਹਾਂ-ਰਾਜ ਕੀਜੈ ਰਖਵਾਰੀ॥ ੭ ॥ ਰਾਵਰ ਕੋ ਭਰੋਸ ਹੈ ਭਾਰੋ। ਸ਼ਰਨ ਪਰੇ ਕੋ ਬਿਰਦ ਸੰਭਾਰੋ। ਜਬਿ ਕਬਿ ਕਾਰਜ ਤੁਮਹੀ ਕਰਨਾ। ਸਗਰੇ ਚਾਹਤਿ ਰਾਵਰਿ ਸ਼ਰਨਾ' ॥੮॥ ਸੁਨਿ ਸ੍ਰੀ ਤੇਗਬਹਾਦਰ ਕਹ੍ਯੋ। 'ਅਤਿ ਸ਼ੈ ਕਠਨ ਕਾਜ ਹਮ ਲਹ੍ਯੋ। ਕਾਮੱਖ੍ਯਾ ਦੇਵੀ ਬਰਦਾਨੀ। ਇਸਕੀ ਸੇਵਾ ਕੀਨਿ ਮਹਾਨੀ ॥੯॥ ਇਨਕੇ ਬਡੇ[3] ਪ੍ਰਸੰਨ ਕਰੀ ਹੈ। ਬਰ ਦੇਵਨਿ ਕੋ ਸ਼ਿਵਾ[4] ਵਰੀ ਹੈ।–ਅਚਲਰਾਜ ਹਮਰੀ ਕੁਲ ਰਹੈ।ਸ਼ੱਤ੍ਰ ਆਇ ਪਰਾਜੈ[5]ਲਹੈ॥੧੦॥ ਰਾਜ ਹਮਾਰੋ ਭ੍ਰਸ਼ਟ ਨ ਹੋਇ–। ਇਹ ਬਰ ਲਿੰਯੋ ਦੇਸ਼ ਨ੍ਰਿਪ ਜੋਇ। ਤਿਸ ਬਰ ਕੋ ਕੂਰੋ ਕਿਮ ਕਰੈ। ਯਾਂਤੇ ਪਖ ਦੇਵੀ ਤਿਨ ਧਰੈ ॥੧੧॥ ਅਪਰ ਕੌਨ ਦਵੀ ਬਰ ਖੋਵੈ। ਯਾਂਤੇ ਕਾਜ ਕਠਨ ਹੀ ਹੋਵੈ। ਨਹਿ ਦੇਵੀ ਬਰ ਸਕਹਿ ਮਿਟਾਇ*। ਪ੍ਰਭੁ ਕੀ ਸ਼ਕਤਿ ਸਕਲ ਜਗ ਮਾਇ॥ ੧੨ ॥ ਤਊ ਸੁਨਹੁ ਤੁਮ ਕਹ੍ਯੋ ਹਮਾਰੋ। ਸ੍ਰੀ ਨਾਨਕ ਕੋ ਨਾਮ ਚਿਤਾਰੋ। ਸੱਤਿਨਾਮ ਕੋ ਸਿਮ-ਰਨ ਕਰੀਯਹਿ। ਰਿਦੇ ਸੰਦੇਹਨਿ ਕੋ ਪਰਿਹਰੀਯਹਿ॥ ੧੩ ॥ ਨਿਸ਼ਚੈ ਹੁਇ ਹੈ ਬਿਜੈ ਤੁਮਾਰੀ*। ਨਹਿਂ ਬੀਤਹਿ ਚਿਰਕਾਲ ਅਗਾਰੀ। ਕਿਤਿਕ

---

[1]ਸਾਰਿਆਂ ਨੂੰ ਘਰ ਭੀ ਭੁੱਲੇ ਤੇ ਐਵੇਂ (ਭਾਵ ਜਿੱਤ ਤੋਂ ਬਿਨਾ ਹੀ) ਰਹੇ। [2]ਫੌਜ। [3]ਕਾਮਰੂ ਦੇ ਰਾਜੇ ਦੇ ਵਡਿਆਂ ਨੇ। [4]ਦੇਵੀ। [5]ਹਾਰ।

*ਇਹ ਵਦਤੋਵ੍ਯਾਘਾਤ ਹੈ। ਪਹਿਲੇ ਕਹਿਣਾ ਕਿ ਕੋਈ ਦੇਵੀ ਦਾ ਵਰ ਮਿਟਾ ਨਹੀਂ ਸਕਦਾ ਫਿਰ ਕਹਿਣਾ ਕਿ ਸ੍ਰੀ ਗੁਰ ਨਾਨਕ ਦੇਵ ਜੀ ਦਾ ਨਾਮ ਚਿਤਾਰੋ ਨਿਸ਼ਚੇ ਤੁਹਾਡੀ ਜਿੱਤ ਹੋਵੇਗੀ, ਗੋਯਾ ਗੁਰ ਨਾਨਕ ਦਾ ਨਾਮ ਲਿਆਂ ਦੇਵੀ ਦਾ ਵਰ ਮਿਟ ਜਾਵੇਗਾ ਕਿਉਂਕਿ ਕਿਸੇ ਦੀ ਉਸ ਰਾਜੇ ਪਰ ਜਿੱਤ ਹੋਣੀ ਦੇਵੀ ਦੇ ਵਰ ਟੁੱਟਣੇ ਤੁੱਲ ਹੈ। ਜੇ ਇਸ ਭਾਵ ਨੂੰ ਇਉਂ ਨਾ ਲਈਏ ਤਾਂ ਇਉਂ ਲੱਗੇਗਾ ਕਿ ਦੇਵੀ ਵਰ ਨੂੰ ਗੁਰ ਨਾਨਕ ਦਾ ਸਿਮਰਨ ਕਟ ਸਕਦਾ ਹੈ;ਇਸ ਵਿਚ ਬੀ ਗੁਰੂ ਨਾਨਕ ਸਿਮਰਨ ਦੀ ਦੇਵੀ ਦੀ ਸ਼ਕਤੀ ਉਪਰ ਪ੍ਰਬਲਤਾ ਹੋ ਗਈ ਤੇ ਹੋਣੀ ਬੀ ਚਾਹੀਏ ਕਿਉਂਕਿ ਗੁਰ ਨਾਨਕ ਦੇ ਦੁਆਰੇ ਝਾੜੂ ਦੇਂਦੀ ਦੇਵੀ ਦੇਖੀ ਗਈ ਆਦਿ ਪ੍ਰਸੰਗ ਮੌਜੂਦ ਹਨ।

ਦਿਨਨ ਮਹਿਂ ਅਪਨੇ ਦੇਸ਼। ਗਮਨਹਿਂ,ਤਜਾਗਹੁ ਸਕਲ ਕਲੇਸ਼' ॥੧੪॥
ਇਮ ਸੁਨਿ ਭੂਪਤਿ ਪਾਇ ਅਨੰਦ। ਕੀਨਿ ਬੰਦਨਾ ਦ੍ਵੈ ਕਰ ਬੰਦਿ। ਧਰਿ
ਨਿਸ਼ਚੈ ਗਮਨਜੋ ਨਿਜ ਡੇਰੇ। ਜਾਨਹਿ-ਕਰਹਿਂ ਕਾਜ ਗੁਰ ਮੇਰੇ ॥ ੧੫॥
ਨਾਂਹਿ ਤ ਦੁਰਲਭ ਹੁਤੀ ਬਿਸਾਲ। ਕਿਸ ਨੇ ਬਿਜੈ ਲਈ ਕਿਸ ਕਾਲ-।
ਇਮ ਚਿਤਵਤਿ ਜਬਿ ਜਾਮਨਿ ਹੋਈ। ਨਿਜ ਨਿਜ ਥਾਨ ਥਿਰੇ ਸਭਿ
ਕੋਈ ॥ ੧੬ ॥ ਗਯੋ ਕਾਮਰੂਪਤਿ ਰਣਵਾਸ। ਅਨਿਕ ਇਸਤ੍ਰੀਅਨਿ ਜਹਾਂ
ਬਿਲਾਸ। ਰੁਚਿਰ ਪ੍ਰਯੰਕ ਸੈਨ ਕੋ ਕੀਨਿ। ਸੇਵਹਿਂ[1] ਰਾਨੀ ਬੈਸ ਨਵੀਨ
॥ ੧੭ ॥ ਪੀਤੰਬਰ ਅਰੁ ਸਿਰ ਦਸਤਾਰ। ਮਹਿਪਾਲਕ ਨੇ ਰਖੀ ਉਤਾਰਿ।
ਖੰਜਰ ਇਕ ਨ੍ਰਿਪ ਪਾਸ ਰਖੰਤਾ। ਬਸਤ੍ਰਨਿ ਬਿਖੇ ਰਖ੍ਯੋ ਦੁਤਿਵੰਤਾ[2]
॥੧੮॥ ਰਤਨ ਜਰਾਊ ਮੁਸ਼ਟ ਗਹਿਨ ਕੀ[3]। ਅਪਰ ਬਿਭੂਖਨ ਸ਼ੋਭਾ ਤਨ
ਕੀ।ਸੁੰਦਰ ਚੌਂਕੀ ਪਰ ਢਿਗ ਧਰੇ।ਸਿਹਜਾ ਪਰਿ ਭੂਪਤਿ ਚਢਿ ਥਿਰੇ॥੧੯॥
ਕਰਿ ਦੇਵੀ ਕਾਮੱਖਜਾ ਨਮੋ। ਭਯੋ ਨੀਂਦ ਬਸਿ ਪਰਿ ਤਿਹ ਸਮੋ।ਨਿਸ ਮਹਿਂ
ਸ਼ਸਤ੍ਰ ਬਸਤ੍ਰ ਨ੍ਰਿਪ ਕੇਰੇ। ਸਰਬ ਅਨਾਏ ਗੁਰੁ ਤਿਸ ਬੇਰੇ* ॥ ੨੦ ॥
ਦੇਵੀ ਦੇਵ ਨ ਕਿਨਹੁਂ ਹਟਾਏ। ਸਗਰੇ ਸਤਿਗੁਰ ਕੇ ਢਿਗ ਆਏ। ਭਈ
ਪ੍ਰਾਤਿ ਨ੍ਰਿਪ ਖੁਲ੍ਹੇ ਬਿਲੋਚਨ।ਨਹਿਂ ਦੇਖੇ ਚਿਤ ਸੋਚਤਿ ਸੋਚਨ॥੨੧॥ਨਹਿ
ਪਾਵਤਿ ਬਿਸਮਾਵਤਿ ਮਹਾਂ।-ਹੇ ਦੇਵੀ ਇਹ ਕੌਤਕ ਕਹਾਂ-।ਅਤਿ ਚਿੰਤਾ-
ਤੁਰ ਨਰਪਤਿ ਹੋਵਾ।-ਐਸੋ ਬਿਘਨ ਨ ਕਬਿਹੂ ਜੋਵਾ॥੨੨॥ ਨਿਤ ਦੇਵੀ
ਮੇਰੀ ਰਖਵਾਰੀ। ਆਨਿ ਸਕਹਿ ਕੋ ਬਿਘਨ ਪਸਾਰੀ। ਕੈ ਦੇਵੀ ਕੋ ਬਰ
ਮਿਟਿ ਗਯੋ। ਅਸ ਕੌਤਕ ਮੇਰੇ ਢਿਗ ਭਯੋ ॥੨੩॥ ਬਹੁ ਜੋਧਾ ਚਹੁਂ ਦਿਸ਼ਿ
ਸਵਧਾਨ।ਕਿਸ ਬਿਧਿ ਕੋਇ ਨ ਪਹੂੰਚੈ ਆਨਿ। ਜੰਤ੍ਰ ਮੰਤ੍ਰ ਕੀ ਰੱਛਨਾ ਮੇਰੇ।
ਕੋਇ ਨ ਆਇ ਸਕਹਿ ਮਮ ਨੇਰੇ ॥ ੨੪ ॥ ਮਹਾਂ ਸ਼ਕਤਿ ਜੁਤਿ ਜਿਸ ਨੇ
ਕੀਨਿ। ਸਭਿ ਦਬਾਇ ਪਟ ਆਯੁਧ ਲੀਨਿ-। ਕਰਿ ਸ਼ਨਾਨ ਨ੍ਰਿਪ ਬੈਠਜੋ
ਜਬੈ। ਨ੍ਰਿਪ ਜਨਨੀ ਆਈ ਚਲਿ ਤਬੈ ॥ ੨੫ ॥ ਸੁਤ ਕੋ ਅਤਿ ਦੀਨਸਿ
ਉਤਸਾਹੂ। ਨਹਿਂ ਸੋਚਹੁ ਨਰਪਤਿ ਉਰ ਮਾਂਹੂ। 'ਮੈ ਹੋਂ ਭਗਤ ਚੰਡਿ ਜਗ
ਮਾਤ[4]। ਬੂਝਨਿ ਕਰੌਂ ਸਕਲ ਬਿਰਤਾਂਤ ॥ ੨੬ ॥ ਨਿਸ ਚਰਿੱਤ੍ਰ ਕੋ ਭੇਦ

---

[1]ਸੇਵਾ ਕਰ ਰਹੀਆਂ ਹਨ। [2]ਸ਼ੋਭਾ ਵਾਲਾ, ਚਮਕੀਲਾ। [3]ਫੜਨ ਵਾਲੀ ਮੁੱਠ। [4]ਜਗਤ ਮਾਤਾ
ਚੰਡੀ ਦਾ ਭਗਤ ਹਾਂ। *ਕਵੀ ਜੀ ਦਾ ਭਾਵ ਇਹ ਹੈ ਕਿ ਗੁਪਤ ਸ਼ਕਤੀ ਨਾਲ ਮੰਗਵਾ ਲਏ।

ਬਤਾਇ। ਹੋਇ ਅੰਤ ਕੋ ਆਪ ਸਹਾਇ। ਸਦਾ ਕੁਸ਼ਲ ਅਪਨੀ ਤੂੰ ਜਾਨਿ। ਰਾਖੀ ਹਮਰੀ ਸ਼ਕਤਿ ਮਹਾਨ'॥ ੨੭॥ ਇਮ ਕਹਿ ਕਰਿ ਨ੍ਰਿਪ ਜਨਨੀ ਗਈ। ਕਰਿ ਸ਼ਨਾਨ ਤਨ ਪਾਵਨ ਭਈ। ਦੇਵੀ ਕੇ ਮੰਦਿਰ ਚਲਿ ਜਾਇ। ਪੂਜਨਿ ਕੋ ਸਮਾਜ ਸਭਿ ਲ੍ਯਾਇ॥ ੨੮॥ ਧੂਪ ਧੁਖਾਇ ਆਰਤੀ ਕਰੀ। ਕੁਸਮਾਂਜੁਲ ਕੀ ਬਰਖਾ ਝਰੀ। ਸਰਬ ਪ੍ਰਕਾਰ ਕ੍ਰਿਆ ਕਰਿ ਸਾਰੀ। ਮੁਖ ਤੇ ਉਸਤਤਿ ਮੰਤ੍ਰ ਉਚਾਰੀ ॥੨੯॥ ਸਭਿ ਕੋ ਦੀਨਸਿ ਦੂਰ ਹਟਾਇ। ਬੈਠੀ ਆਪ ਧ੍ਯਾਨ ਕੋ ਲਾਇ। ਤਬਹਿ ਭਵਨ ਤੇ ਬਾਨੀ ਭਈ। 'ਸੁਨਿ ਰਾਨੀ! ਨਿਸ ਮਹਿਂ ਜਿਮ ਥਈ॥੩੦॥ਤੀਨ ਲੋਕ ਪਤਿ ਕੋ ਅਵਤਾਰ।ਸ਼੍ਰੀ ਨਾਨਕ ਜਸੁ ਜਗਤ ਮਝਾਰ*।ਤਿਸ ਗਾਦੀ ਗੁਰ ਤੇਗਬਹਾਦਰ।ਜਹਾਂ ਸਿਮਰੀਅਹਿ ਤਿਸ ਥਲ ਹਾਦਰ॥ ੩੧॥ ਭਗਤਿ ਰੂਪ ਅਪਨੋ ਬਪੁ ਧਾਰ੍ਯੋ। ਨੌਮੋਂ ਗੁਰੂ ਜਗਤ ਜਿਨ ਤਾਰ੍ਯੋ। ਜੋ ਸ਼ਰਧਾ ਧਰਿ ਸ਼ਰਨੀ ਪਰੈ। ਤਿਹ ਸਹਾਇਤਾ ਸਭਿ ਥਲ ਕਰੈਂ॥ ੩੨॥ ਨ੍ਰਿਪਤਿ ਜੋਧਪੁਰਿ ਸੇਵਕ ਭਯੋ। ਬਿਨਤੀ ਭਨਤਿ ਸੰਗ ਨਿਜ ਲਿਯੋ। ਤੁਮ ਕੋ ਤਿਸਤੇ ਚਿੰਤਾ ਨਾਂਹੀ। ਕਛੁ ਸੰਸੈ ਨ ਕਰਹੁ ਮਨ ਮਾਂਹੀ॥ ੩੩॥ ਤੁਮ ਭੀ ਤਿਸ ਕੀ ਸ਼ਰਨਿ ਸਿਧਾਰੋ†।ਮਿਲਿ ਕਰਿ ਅਪਨੋ ਕਾਜ ਸੁਧਾਰੋ।ਰਾਜ ਅਟਲ ਨਹਿਂ ਮਿਟਹਿ ਤੁਮਾਰੋ।ਮੇਰੋ ਕਹ੍ਯੋ ਸਾਚ ਨਿਰਧਾਰੋ ॥ ੩੪॥ ਰਾਜਾ ਰਾਨੀ ਸਭਿ ਪਰਿਵਾਰ। ਤੂੰ ਭੀ ਜਾਹੁ ਸੰਗ ਤਿਨ ਧਾਰਿ[1]। ਸ਼ਰਧਾ ਧਰਿ ਦਰਸਹੁਗੇ ਜਬੈ। ਸਕਲ ਕਾਜ ਸਿਧ ਹੋਵਹਿਂ ਤਬੈ॥੩੫॥ ਸ਼੍ਰੀ ਗੁਰ ਕਰਹਿਂ ਕ੍ਰਿਪਾ ਸੁ ਕ੍ਰਿਪਾਲੇ। ਸਗਰੇ ਬਿਘਨ ਬਿਨਾਸ਼ਨਿ ਵਾਲੇ'। ਨ੍ਰਿਪ ਜਨਨੀ ਦੇਵੀ ਤੇ ਸੁਨਿ ਕੈ। ਬੰਦਨ ਕਰੀ ਬਾਕ ਸਭਿ ਮਨਿਕੈ[2]॥ ੩੬॥ ਉਠਿ ਕਰਿ ਮਹਿਪਾਲਕ ਢਿਗ ਆਈ। ਸਕਲ

---

[1]ਉਨ੍ਹਾਂ ਨਾਲ ਮਿਲਕੇ ਜਾਹੁ। (ਅ) ਮੇਰਾ ਬਚਨ ਧਾਰਕੇ ਜਾਓ। [2]ਸਾਰੇ ਵਚਨ ਮੰਨ ਕਰਕੇ।

*ਇਥੇ ਚੰਡਿਕਾ ਆਪ ਗੁਰੂ ਜੀ ਨੂੰ ਤਿੰਨ ਲੋਕਾਂ ਦੇ ਪਤੀ ਦਾ ਅਵਤਾਰ ਮੰਨ ਰਹੀ ਹੈ। ਦੇਵੀ ਤਿੰਨ ਲੋਕਾਂ ਦੇ ਪਤੀ ਦੀ ਸ਼ਕਤੀ ਕਹੀ ਹੈਨੇ ਸੋ ਤਿੰਨ ਲੋਕਾਂ ਦਾ ਪਤੀ ਉਸ ਤੋਂ ਵੱਡਾ ਹੋਇਆ, ਇਸ ਲਈ ਕਵਿ ਜੀ ਗੁਰੂ ਸਾਹਿਬ ਜੀ ਨੂੰ ਦੇਵੀ ਤੋਂ ਵਡਾ ਕਹਿ ਰਹੇ ਹਨ।

†ਦੇਵੀ ਹੁਣ ਗੁਰੂ ਜੀ ਦੇ ਸਾਹਮਣੇ ਆਪਣੀ ਅਸਮਰੱਥਾ ਦੱਸ ਰਹੀ ਹੈ ਤੇ ਕਹਿ ਰਹੀ ਹੈ ਕਿ ਤੁਸੀਂ ਬੀ ਤਿੰਨ ਲੋਕ ਪਤੀ ਦੀ ਸ਼ਰਨ ਜਾਓ ਤੇ ਉਸ ਨੂੰ ਮਿਲਕੇ ਕੰਮ ਸੁਧਾਰੋ। ਸਤਿਗੁਰੂ ਦੇ ਉਪਾਸਕਾਂ ਨੂੰ ਦੇਵੀ ਉਪਾਸਨਾਂ ਦੀ ਲੋੜ ਨਹੀਂ, ਉਨ੍ਹਾਂ ਨੂੰ ਤੀਨ ਲੋਕ ਪਤਿ ਦੇ ਅਵਤਾਰ ਗੁਰੂ ਨਾਨਕ ਦੀ ਸ਼ਰਨ ਵੱਡਾ ਆਸਰਾ ਹੈ।

ਬਾਰਤਾ ਕੋ ਸਮੁਝਾਈ। 'ਸ੍ਰੀ ਨਾਨਕ ਪੁਰਸ਼ੋਤਮ ਆਏ। ਸਰਬ ਦੇਸ਼ ਸਿੱਖੀ ਬਿਥਰਾਏ ॥ ੩੭ ॥ ਜੀਤੇ ਸਿੱਧ ਬਾਦ ਕੋ ਕਰੇ। ਅਪਰ ਅਜ਼ਮਤੀ ਕੇ ਮਦ ਹਰੇ। ਜਿਨਕੀ ਸਮਤਾ ਕਰੀ ਨ ਕਾਹੂੰ। ਬਿਚਰੇ ਅਖਿਲ ਜਗਤ ਕੇ ਮਾਹੂੰ ॥ ੩੮ ॥ ਤਿਸ ਗਾਦੀ ਗੁਰ ਤੇਗਬਹਾਦਰ । ਬਿਸ਼ਨ ਸਿੰਘ ਕਰਿ ਬਿਨਤੀ ਸਾਦਰ। ਅਪਨੇ ਸੰਗ ਤਿਨਹੁੰ ਕੋ ਆਨਾ । ਜਿਸ ਤੇ ਹਮਰੋ ਬਲ ਸਭਿ ਹਾਨਾ ॥ ੩੯ ॥ ਤਿਨ ਹੂੰ ਬਸਤ੍ਰ ਸ਼ਸਤ੍ਰ ਮੰਗਵਾਏ। ਮਿਲਨਿ ਹੇਤ ਦੇਵੀ ਫੁਰਮਾਏ। ਕ੍ਰਿਪਾ ਕਰਹਿੰਗੇ ਸ਼ਰਨੀ ਪਰੋ। ਅਵਚਲ ਰਾਜ ਆਪਨੋ ਕਰੋ'॥ ੪੦ ॥ ਸੁਨਿ ਆਇਸੁ ਕਾਮੱਖਯਾ ਕੇਰੀ। ਤਯਾਰੀ ਕਰਿ ਮਹਿਪਾਲ ਘਨੇਰੀ। ਸਕਲ ਕੁਟੰਬ ਸੰਗ ਨਿਜ ਲੀਨਿ। ਗਮਨਯੋਂ ਤਬਿ ਮਹਿਪਾਲ ਪ੍ਰਬੀਨ ॥ ੪੧ ॥ ਪਹੁੰਚਯੋ ਬ੍ਰਹਮ ਪੁੱਤ੍ਰ ਤਟ ਜਾਈ। ਸੁੰਦਰ ਦ੍ਰਿਢ ਨੌਕਾ ਮੰਗਵਾਈ। ਭਯੋ ਅਰੂਢਨਿ ਜਲ ਪਰ ਚਲੀ।ਮਹਿਪਤਿ ਲਏ ਉਪਾਇਨ ਭਲੀ ॥੪੨॥ ਦਿਵਸ ਬਿਤੀਤਯੋ ਉਤਰਤਿ ਪਾਰ। ਪਹੁੰਚਯੋ ਸੰਧਯਾ ਸਮੈ ਉਰਾਰ*। ਊਚ ਦਮਦਮੇ ਗੁਰੂ ਬਿਰਾਜੇ। ਲਸ਼ਕਰ ਨਿਕਟਿ ਸੁਨਤਿ ਬਜਿ ਬਾਜੇ[1] ॥ ੪੩ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ ਰਾਸੇ 'ਕਾਮਰੂ ਪਤਿ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥ ੯ ॥

## ੧੦. [ਆਸਾਮ ਪਤੀ ਗੁਰੂ ਜੀ ਦੀ ਸ਼ਰਨ]।

ਦੋਹਰਾ ॥ ਉਤਰਿ ਨਰੇਸ਼ੁਰ ਤਰੀ ਤੇ ਆਗੇ ਕਰੇ ਅਕੋਰ।ਨਗਨ ਚਰਨ ਤੇ ਗਮਨ ਕਰਿ ਸਭਿ ਕੁਟੰਬ ਕਰ ਜੋਰਿ ॥ ੧ ॥ ਚੌਪਈ ॥ ਸ਼ਰਧਾ ਕਰੇ ਭਾਉ ਉਰ ਧਾਰਾ। ਸ੍ਰੀ ਸਤਿਗੁਰ ਕੇ ਨਿਕਟਿ ਪਧਾਰਾ। 'ਸ਼ਰਨਿ ਸ਼ਰਨਿ' ਕਰਿ ਪਰਯੋ ਅਗਾਰੀ। ਪਦ ਅਰਬਿੰਦ ਬੰਦਨਾ ਧਾਰੀ ॥ ੨॥ 'ਦੇਸ਼ ਕਾਮਰੂ ਕੋ ਮੈਂ ਰਾਜਾ। ਤੁਮ ਢਿਗ ਆਯੋ ਤਯਾਗਿ ਸਮਾਜਾ।ਹਿੰਦੁਨਿ ਕੇ ਅਲੰਬ ਤੁਮ ਅਹੋ। ਦਾਸਨਿ ਬ੍ਰਿੰਦ ਸਹਾਇਕ ਰਹੋ ॥ ੩ ॥ ਦੇਵੀ ਕੀ ਆਇਸੁ ਕੇ ਸਾਥ। ਆਏ ਸ਼ਰਨਿ ਤਿਹਾਰੀ ਨਾਥ! ਜਯੋਂ ਭਾਵਹਿ ਤਯੋਂ ਕੀਜਹਿ ਅਬੈ। ਤੁਮ ਆਗਯਾ ਅਨੁਸਾਰੀ ਸਬੈ ॥ ੪ ॥ ਤਊ ਏਕ ਸੁਨੀਅਹਿ ਗੁਰੁ ਸ੍ਵਾਮੀ। ਸਭਿ ਬਿਧਿ ਸਮਰਥ ਅੰਤਰਜਾਮੀ। ਹਮ ਹਿੰਦੂ ਗੁਰੁ ਕੇ ਸਿੱਖ ਅਹੈਂ[2] । ਸਗਰੋ ਦੇਸ਼ ਮਾਨਤੋ ਰਹੈ ॥ ੫ ॥ ਅਬਿ ਤੁਰਕੇਸ਼ੁਰ ਕੇ ਬਸਿ ਮਾਂਹੀ । ਗੇਰਹੁ ਹਮਹਿਂ, ਜੋਗਤਾ ਨਾਂਹੀ। ਉਚਿਤ ਸਹਾਇਕ ਹੋਵਨਿ ਹਮਰੇ।ਹਿੰਦੂ ਸਭਿ ਅਲੰਬ ਹੈਂ ਤੁਮਰੇ' ॥ ੬ ॥ ਸੁਨਿ ਬਿਨਤੀ ਗੁਰ ਭਏ ਕ੍ਰਿਪਾਲ। ਲੇ ਦਸਤਾਰ ਆਪ

[1]ਲਸ਼ਕਰ ਨੇੜੇ ਹੋਣ ਤੇ ਬਾਜੇ ਵਜਦੇ ਸੁਨਾਈ ਦਿੰਦੇ ਸਨ। [2]ਗੁਰੂ ਜੀ ਦੇ (ਭਾਵ ਆਪਦੇ) ਸਿੱਖ ਹਾਂ।

*ਪਾ:-ਉਦਾਰ ।

ਕਰ ਨਾਲ[1]। ਨ੍ਰਿਪ ਕੇ ਸੀਸ ਧਰੀ ਜਿਸ ਕਾਲਾ। ਜਾਗੇ ਜਿਸ ਕੇ ਭਾਗ ਬਿਸਾਲਾ ॥ ੭ ॥ ਮੋਹ ਭਰਮ ਕੇ ਜਟਤਿ ਕਪਾਟ। ਛੁਟਕ ਗਏ* ਭਾ ਔਰੈ ਠਾਟ। ਪੁਨ ਦੁਪਟਾ ਸੁੰਦਰ ਤਿਹ ਦਯੋ। ਕਰੁਨਾ ਧਾਰਿ ਨਿਹਾਲ ਸੁ ਕਿਯੋ॥ ੮ ॥ ਖੰਜਰ ਸ਼ਸਤ੍ਰ ਨਹੀਂ ਇਕ ਦੀਨਿ। ਸ਼੍ਰੀ ਪ੍ਰਭੁ ਨਿਜ ਢਿਗ ਰਾਖਨਿ ਕੀਨਿ।'ਭੋ ਭੂਪਤਿ! ਤੁਮ ਭਾਖਨੋ ਜੈਸੋ।ਹਮ ਭੀ ਕਰਨੋ ਚਹਤਿ ਹੈਂ ਤੈਸੋ॥੯ ॥ ਕੋਇ ਨ ਚਿੰਤਾ ਚਿਤ ਮਹਿਂ ਕਰੀਅਹਿ। ਹਮਰੇ ਬਾਕਨਿ ਕੇ ਅਨੁਸਰੀਅਹਿ। ਦੁਹਿ ਦਿਸ਼ਿ ਜੈਸੇ ਹੋਇ ਸੁਖੇਨ। ਦੇਸ਼ ਬਿਖੇ ਜਿਸ ਤੇ ਤੁਹਿ ਭੈ ਨ' ॥੧੦॥ ਕਰਾਮਾਤ ਦੀਰਘ ਕੋ ਦੇਖਿ। ਸ਼ਰਧਾ ਧਾਰਤਿ ਹਰਖ ਵਿਸ਼ੇਖ। ਹਾਥ ਜੋਰਿ ਪੁਨ ਬਿਨਤੀ ਕਹੈ। 'ਹਿੰਦੂ ਧਰਮ ਹਮਾਰੋ ਅਹੈ ॥ ੧੧ ॥ ਕਰਹੁ ਸਹਾਇ ਦਾਸ ਕੀ ਐਸੇ। ਨਹੀਂ ਤੁਰਕ ਕੋ ਦੇਖੇਂ ਕੈਸੇ। ਜਮਨ ਸੰਗ ਤੇ ਹਾਨਹਿਂ ਧਰਮ। ਬੋਲਨਿ,ਮਿਲਨਿ,ਸਪਰਸ਼[2] ਅਧਰਮ[3] ॥ ੧੨ ॥ ਗੁਰ ਕੀ ਆਗਜਾ ਧਰਮ ਹਮਾਰੇ। ਹਰਨਿ ਭਰਨਿ ਪ੍ਰਭੁ ਕਰਨੇ ਹਾਰੇ।ਆਇਸੁ ਤੁਰਕੇਸ਼੍ਵਰ ਕੀ ਜੋਇ।ਹਮ ਤੇ ਨਹੀਂ ਮਨਾਵਹੁ ਸੋਇ॥੧੩॥ ਇਹੁ ਕਾਰਜ ਪ੍ਰਭੁ ਬਡੋ ਹਮਾਰੋ। ਅਪਰ ਕਹੋ ਜਿਮ,ਹੈਂ ਅਨੁਸਾਰੋ[4]'। ਸਤਿਗੁਰੁ ਕ੍ਰਿਪਾ ਧਾਰਿ ਤਬਿ ਕਹਯੋ। 'ਹਮ ਤਿਮ ਕਰਹਿਂ ਜਿਮਹਿ ਤੁਮ ਚਹਯੋ॥ ੧੪ ॥ ਬਿਸ਼ਨ ਸਿੰਘ ਧਰਮਾਤਮ ਰਾਜਾ। ਹਮਹੁ ਭਰੋਸੇ ਸਾਜਯੋ ਕਾਜਾ। ਰਿਦੈ ਸਰਲ ਛਲ ਰੰਚਕ ਨਾਂਹੀ। ਚਲਹਿ ਅਬਹਿ ਹਮ ਆਇਸੁ ਮਾਂਹੀ ॥ ੧੫ ॥ ਤਿਸ ਸੋਂ ਮਿਲਹੁ ਸੰਧਿ ਕਰਿ ਲੀਜੈ। ਅਪਨੋ ਕਾਜ ਸੁਧਾਰਨਿ ਕੀਜੈ। ਨਹੀਂ ਤੁਰਕ ਸੋਂ ਮੇਲਾ ਹੋਇ। ਹਰਖਤਿ ਰਹਹੁ ਪਰਸਪਰ ਦੋਇ' ॥ ੧੬ ॥ ਸੁਨਿ ਕਰਿ ਕਹਯੋ 'ਗੁਰੂ ਗਤਿ ਦੈਨ! ਰਾਵਰ ਕੋ ਹਮ ਮਾਨਯੋ ਬੈਨ। ਤਊ ਏਕ ਬਿਨਤੀ ਸੁਨਿ ਲੀਜੈ। ਲਸ਼ਕਰ ਮੈਂ ਬਹੁ ਤੁਰਕ ਜਨੀਜੈ ॥ ੧੭॥ ਤਿਨਹੁ ਨ ਹੇਰੈਂ ਆਨ ਹਮਾਰੇ[5]।ਅਰੁ ਨਹਿਂ ਮਿਲਹਿਂ ਆਇ ਇਸ† ਪਾਰੇ[6]। ਬ੍ਰਹਮ ਪੁੱਤ੍ਰ ਕੇ ਪਾਰ ਜਿ ਆਵਹੁ। ਪਾਵਨ ਚਰਨ ਆਪਨੇ ਪਾਵਹ ॥੧੯॥ ਦੇਸ਼

[1]ਹੱਥ ਨਾਲ। [2]ਛੂਹਣਾ। [3]ਧਰਮ ਨਹੀਂ ਹੈ। [4]ਅਸੀਂ ਅਨੁਸਾਰ ਹਾਂ। [5]ਸਾਡੀ ਸੁਗੰਦ ਕੀਤੀ ਹੋਈ ਹੈ ਕਿ ਤਿਨ੍ਹਾਂ ਨੂੰ ਨਾ ਦੇਖੀਏ। [6](ਤੇ ਅਸੀਂ ਬੀ) ਇਸ ਪਾਰ ਆਕੇ ਮਿਲਣਾ ਨਹੀਂ(ਚਾਹੁੰਦੇ)।

*ਦੇਵੀ ਭੇਟ ਨਾਲ ਰਾਜੇ ਦੇ ਅਜੇ ਤਕ ਮੋਹ ਭਰਮ ਦੇ ਕਪਾਟ ਨਹੀਂ ਖੁੱਲ੍ਹੇ ਸਨ, ਸਤਿਗੁਰੂ ਦੇ ਸਪਰਸ਼ ਨਾਲ ਏਹ ਕਪਾਟ ਖੁੱਲ੍ਹ ਗਏ। ਇਸ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ। "ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥"

†ਪਾ:-ਕਿਸ।

ਪੁਨੀਤ ਕਰਹੁ ਤੁਮ ਆਇ।ਸਗਰੇ ਨਰ ਸ਼ੁਭ ਦਰਸ਼ਨ ਪਾਇ।ਹੋਇਂ ਕ੍ਰਿਤਾ-
ਰਥ ਦੇਹਿਂ ਉਪਾਇਨ। ਸੀਸ ਸਪਰਸ਼ਹਿਂ ਰਾਵਰਿ ਪਾਇਨ ॥ ੧੯ ॥
ਬਿਸ਼ਨ ਸਿੰਘ ਕੋ ਲੇ ਕਰਿ ਸਾਥ। ਆਵਹੁ ਦੇਸ਼ ਤਿਸੀ ਗੁਰ ਨਾਥ। ਤਹਿਂ
ਦੋਨਹੁੰ ਕੋ ਕਰਹੁ ਮਿਲਾਪ। ਦੁਹਿ ਦਿਸ਼ਿ ਮਾਨਹਿਂ ਕਹੋ ਜੁ ਆਪਿ' ॥੨੦॥
ਸਤਿਗੁਰ ਕਹ੍ਯੋ'ਇਸੀ ਬਿਧਿ ਹੋਇ। ਤੇਰੇ ਬਿੱਪ੍ਰ ਕਰਹਿਂ ਨ ਕੋਇ[1]।ਜਬਿ
ਕੋ ਆਨਿ ਸ਼ਰਨ ਤੈਂ ਪਰ੍ਯੋ। ਹਮ ਚਹਿਂ ਦੋਨਹੁੰ ਕੋ ਭਲ ਕਰ੍ਯੋ' ॥ ੨੧ ॥
ਸਾਦਰ ਗੁਰੂ ਦਯੋ ਸਿਰੁਪਾਇ। ਬੰਦਨ ਕਰਿ ਗਮਨ੍ਯੋ ਤਬਿ ਰਾਇ। ਨਿਸ
ਮਹਿਂ ਨੌਕਾ ਪਰ ਚਢਿ ਗਯੋ। ਪ੍ਰਾਪਤਿ ਭਵਨ ਆਪਨੇ ਭਯੋ ॥ ੨੨॥ ਭਈ
ਪ੍ਰਾਤਿ ਨਿਜ ਦਾਸ ਪਠਾਯੋ। ਬਿਸ਼ਨ ਸਿੰਘ ਕੋ ਨਿਕਟਿ ਬੁਲਾਯੋ। ਕੀਨਿ
ਬੰਦਨਾ ਬੈਠ੍ਯੋ ਪਾਸ। ਭਨਤਿ ਬਿਨੈ 'ਮੈਂ ਹੌਂ ਤੁਮ ਦਾਸ' ॥੨੩॥ ਸ਼੍ਰੀ ਗੁਰੁ
ਤੇਗਬਹਾਦੁਰ, ਸਾਰੇ। ਬਿਤ੍ਯੋ ਬ੍ਰਿਤੰਤ ਬਤਾਇ ਉਦਾਰੋ।'ਬਿਜੈ ਭਈ ਤੇਰੀ
ਸਭਿ ਰੀਤਿ। ਜਿਨਕੋ ਸਕ੍ਯੋ ਨ ਕੋਊ ਜੀਤ ॥ ੨੪ ॥ ਸੋ ਤੁਝ ਮਿਲੈ ਉਪਾ-
ਇਨ[2] ਦੈ ਹੈ। ਮੰਤ੍ਰਨਿ ਬਲ ਜੋ ਬਸ ਨਹਿਂ ਹ੍ਵੈ ਹੈ। ਰਾਜਪੂਤ ਲਿਹੁ ਸੰਗ
ਹਜ਼ਾਰ। ਬਲੀ ਤੁਰੰਗਨ ਕੇ ਅਸਵਾਰ ॥੨੫ ॥ ਆਜ ਕਰਹੁ ਤਯਾਰੀ ਸਭਿ
ਭਾਂਤਿ। ਤਰੀਅਨਿ[3] ਚਢਹੁ ਹੋਤਿ ਹੀ ਪ੍ਰਾਤਿ'। ਸੁਨਿ ਨ੍ਰਿਪ ਕੇ ਅਨਦ
ਬਡ ਭਯੋ। ਜਨੁ ਨਵ ਨਿੱਧਨਿ ਕੋ ਹਰਿ ਲਯੋ ॥ ੨੬॥ ਬਾਰੰਬਾਰ ਬੰਦਨਾ
ਠਾਨਤਿ। 'ਹੇ ਪ੍ਰਭੁ ! ਨਿਜ ਜੀਵਨ ਅਬਿ ਜਾਨਤਿ। ਪ੍ਰਾਨ ਦਾਨ ਮੋਕੌ
ਤੁਮ ਦੀਨਸਿ। ਸਗਰੇ ਕਾਜ ਸੁਧਾਰਨਿ ਕੀਨਸਿ' ॥ ੨੭ ॥ ਇੱਤ੍ਯਾਦਿਕ
ਕਹਿ ਬਿਨੈ ਬਡਾਈ। ਸਿਵਰ ਜਾਇ ਤਯਾਰੀ ਕਰਿਵਾਈ। ਰਾਜਪੂਤ ਭਟ
ਏਕ ਹਜ਼ਾਰੇ। ਬੀਨ ਬੀਨ ਕੀਨਸਿ ਸਭਿ ਨਯਾਰੇ ॥ ੨੮ ॥ ਸ਼ਸਤ੍ਰ ਬਸਤ੍ਰ
ਸ਼ੁਭ ਧਾਰਨ ਹਾਰੇ। ਕਹ੍ਯੋ 'ਅਰੂਢਹੁ ਹੋਤਿ ਸਕਾਰੇ'। ਨਿਸਾ ਬਿਖੈ ਤਯਾਰੀ
ਕਰਿ ਸੋਯੋ। ਬਡੀ ਭੋਰ ਉਠਿ ਕਾਰਜ ਜੋਯੋ ॥ ੨੯ ॥ ਕਰਿ ਸ਼ਨਾਨ ਪਟ
ਆਯੁਧ ਧਾਰੇ। ਮਿਲਿ ਸਤਿਗੁਰ ਕੋ ਕੀਨਸਿ ਤਯਾਰੇ। ਸਿਵਕਾ ਪਰ ਨ੍ਰਿਪ
ਕੇ ਸਗ ਚਾਲੇ। ਚਢਿ ਤਰੀਅਨਿ[3] ਪਰ ਨੀਰ ਬਿਸਾਲੇ ॥ ੩੦ ॥ ਪਹੁੰਚੇ
ਪਾਰ ਜਾਇ ਕਰਿ ਜਬੈ। ਸੁਨ੍ਯੋ ਕਾਮਰੂ ਪਤਿ[4] ਨੇ ਤਬੈ। ਕੁਛ ਤੁਰੰਗ ਅਰੁ
ਬਸਤ੍ਰ ਬਿਸਾਲੇ। ਦਰਬ ਲਯੋ ਕੇਤਿਕ ਸੰਗ ਚਾਲੇ ॥ ੩੧ ॥ ਅਪਰ ਉਪਾ-
ਇਨ ਆਛੀ ਕੇਈ। ਉਪਜਹਿ ਤਿਸੀ ਦੇਸ਼ ਮਹਿ ਜੇਈ। ਆਇ ਮਿਲ੍ਯੋ

[1]ਤੇਰੇ ਉਲਟ ਕੁਛ ਨਹੀਂ ਕਰਾਂਗੇ। [2]ਨਜ਼ਰਾਨਾ। [3]ਬੇੜੀਆਂ (ਉਪਰ)। [4]ਕਾਮਰੂ+ ਪਤੀ।

ਭੂਪਤਿ ਕੇ ਸਾਥ। ਦੁਹਨਿ ਬੀਚ ਬੈਠੇ ਗੁਰੁ ਨਾਥ ॥ ੩੨ ॥ ਲੇਨਿ ਦੇਨਿ ਜੇਤਿਕ ਮਨ ਭਾਯੋ। ਸ੍ਰੀ ਪ੍ਰਭੁ ਦੋਨੋਂ ਤੇ ਕਰਿਵਾਯੋ।ਭਈ ਮਿੱਤ੍ਰਤਾ ਆਪਸ ਮਾਂਹੀ। ਬਧਯੋ ਪ੍ਰੇਮ ਰਸ ਉਰ ਹਰਖਾਹੀ ॥ ੩੩ ॥ ਆਪਸ ਮਹਿਂ ਪਲਟੀ ਦਸਤਾਰ[1]। ਮਿਲੇ ਅੰਕ ਭਰਿ ਭੁਜਾ ਪਸਾਰਿ। ਭਨਤਿ ਪਰਸਪਰ ਮਧੁਰੇ ਬੈਨ। ਹਰਖਤਿ ਪਿਖਤਿ ਸਮੁਖ ਕਰਿ ਨੈਨ ॥ ੩੪ ॥ ਦੇਸ਼ ਕਾਮਰੂ ਕੇਰ ਨਰੇਸ਼। ਸਤਿਗੁਰੁ ਸੋਂ ਕਹਿ ਬਿਨੈ ਵਿਸ਼ੇਸ਼। 'ਕੋ ਇਕ ਚਿੰਨ੍ਹ ਆਪ ਅਬਿ ਦੀਜੈ। ਹਮ ਪਰ ਕਰੁਨਾ ਧਾਰਿ ਪ੍ਰਸੀਜੈ ॥ ੩੫ ॥ ਪਗ ਕੀ ਪਨਹੀ ਕੈ ਹਮ ਦੇਹੁ। ਸਕਲ ਦੇਸ਼ ਪੂਜਹਿਗੋ ਏਹੁ। ਅਪਰ ਵਸਤੁ ਕੈ ਦਿਹੁ ਇਸ ਦੇਸ਼। ਜਿਸ ਤੇ ਸ਼ਰਧਾ ਧਰਹਿਂ ਵਿਸ਼ੇਸ਼' ॥ ੩੬ ॥ ਇਮ ਰਾਜਾ ਕੋ ਪ੍ਰੇਮ ਪਰੇਖਾ। ਕ੍ਰਿਪਾ ਦ੍ਰਿਸ਼ਟਿ ਤੇ ਤਿਸਕੋ ਦੇਖਾ। ਸ੍ਰੀ ਗੁਰੁ ਅਪਨੋ ਧਨੁਖ ਸੰਭਾਰਾ। ਤਰ-ਕਸ਼ ਤੇ ਇਕ ਬਾਨ ਨਿਕਾਰਾ ॥ ੩੭ ॥ ਧਰਿ ਕੈ ਜੇਹ ਕਾਨ ਲਗ ਤਾਨਾ। ਦੇਖਯੋ ਸਨਮੁਖ ਬਿਟਪ ਨਿਸ਼ਾਨਾ। ਤਿਸ ਕੋ ਤਾਕਿ ਧਨੁਖ ਤੇ ਤਯਾਗਯੋ। ਬਡੇ ਬੇਗ ਤੇ ਤਰੁਵਰੁ ਲਾਗਯੋ ॥ ੩੮ ॥ ਭਲਕਾ ਭਈ ਪਾਰ ਇਮ ਗਯੋ[2]। ਦੁਹਿ ਦਿਸ਼ਿ ਤਨਕ ਤਨਕ ਦਿਖ ਪਯੋ। ਸਤਿਗੁਰੁ ਕਹਯੋ 'ਚਿੰਨ੍ਹ ਇਹ ਥਾਨ। ਪੂਜਹਿਂ ਸਗਰੇ ਸ਼ਰਧਾ ਠਾਨਿ ॥੩੯॥ ਬਿਘਨ ਦੇਸ਼ ਮਹਿ ਜੌਂ ਹੁਇ ਜਾਵੈ। ਇਸ ਕੌ ਮਾਨਹੁ ਤੁਰਤ ਮਿਟਾਵੈ। ਜੋ ਬਾਂਛਹਿ ਫਲ ਕਿਸ ਬਿਧਿ ਕੋਇ। ਇਸ ਪੂਜਹਿ ਸੋ ਪ੍ਰਾਪਤਿ ਹੋਇ ॥੪੦ ॥ ਦ੍ਵਿਵਸ ਆਜ ਕੇ ਕੀਜਹਿ ਮੇਲਾ। ਸਕਲ ਦੇਸ਼ ਨਰ ਕਰਹੁ ਸਕੇਲਾ। ਮਾਨਹੁ ਮਹਾਂ ਮਹਾਤਮ ਪਾਵਹੁ। ਧੂਪ ਦੀਪ ਨਈਵੇਦ[3] ਚਢਾਵਹੁ ॥੪੧॥ ਸੁਨਿ ਸ਼ਰਧਾ ਧਰਿ ਭੂਪਤਿ ਠਾਨੀ। ਥਿੱਪ੍ਰ ਬਿਠਾਰਯੋ ਕਰਿ ਇਸਥਾਨੀ[4]। ਨਿਤ ਪੰਚਾਂਮ੍ਰਿਤ ਕੋ ਕਰਿਵਾਇ। ਆਨਹਿ ਤਹਾਂ ਦੇਹਿ ਬਰਤਾਇ ॥ ੪੨ ॥ ਸਰਬ ਭਾਂਤਿ ਕੀ ਪੂਜ ਕਰਾਇ। ਮਨ ਬਾਂਛਤਿ ਤਹਿਂ ਤੇ ਫਲ ਪਾਇ। ਇਮ ਸਤਿਗੁਰੁ ਨ੍ਰਿਪ ਦੂਊ ਮਿਲਾਇ। ਸਭਿਕੇ ਸੁਨਤਯੋਂ ਬਾਕ ਅਲਾਇ ॥ ੪੩ ॥ 'ਤੁਮ ਦੋਨਹੁ ਭੂਪਤਿ ਬੁਧਿ-ਵੰਤੇ। ਹਮ ਤੇ ਸੁਨਹੁ ਬਾਕ ਹਿਤਵੰਤੇ। ਇਹੁ ਖੰਜਰ ਹਮ ਗਾਡਹਿਂ ਅਵਨੀ। ਬਸਦੀ ਤਹਾਂ ਬਸਾਵਹਿਂ ਰਵਨੀ[5]' ॥ ੪੪ ॥ ਹੱਦ ਕਰਹਿਂ ਦੁਹਿ ਰਾਜਨਿ ਕੇਰੀ। ਰਹਿ ਪਤਿਸ਼ਾਹੀ ਸੈਨ ਘਨੇਰੀ। ਇਤ ਇਹ ਰਹੈ ਨ ਆਗੈ

[1]ਪਗ ਵਟਾ ਲਈ। [2]ਇਸ ਤਰ੍ਹਾਂ ਤੀਰ ਗਿਆ ਕਿ ਮੁਖੀ ਪਾਰ ਹੋ ਗਈ। [3]ਪ੍ਰਸ਼ਾਦਿ, ਭੇਟ। [4]ਇਸ ਥਾਨ ਵਿਚ (ਪੁਜਾਰੀ ਕਰਕੇ)। (ਅ) ਸਥਾਨ ਪਤੀ। [5]ਸੁੰਦਰ।

ਜਾਵੈ। ਨਹਿੰ ਬਿਰੋਧ ਕੋ ਬਹੁਰ ਉਠਾਵੈ॥ ੪੫ ॥ ਪਾਤਿਸ਼ਾਹਿ ਕੀ ਚੌਕੀ ਰਹੈ। ਤਹਿੰ ਹਮ ਗ੍ਰਾਮ ਬਸਾਯਹੁ ਚਹੈਂ। ਗ੍ਰਾਮ ਬਸਾਵਹਿੰ ਹਦ ਕੇ ਹੇਤੁ[1]। ਨ੍ਰਿਪ ਸੁਨਿ ਦੋਨਹੁੰ ਹਰਖ ਸਮੇਤ॥੪੬॥ਆਪਹੁ ਅਪਨੀ ਕਰਿ ਮਿਰਜਾਦਾ। ਦੁਹਿ ਦਿਸ਼ਿ ਚਹੈਂ ਧਰੇ ਅਹਿਲਾਦਾ। ਗੁਰ ਕੋ ਬਾਕ ਮਾਨਿ ਕਰਿ ਨੀਕਾ। ਆਦਰ ਕਰਯੋ ਬਿਸ਼ਨ ਸਿੰਘ ਜੀ ਕਾ ॥ ੪੭ ॥ ਕੰਚਨ ਬਸਤ੍ਰ ਤੁਰੰਗਮ ਦੀਨੇ। ਦੇ ਕਰਿ ਧਨ ਸਨਮਾਨਤਿ ਕੀਨੇ। ਲੇ ਕਰ ਬਿਦਾ ਭੁਏ ਚਲਿ ਆਏ। ਚਢਿ ਨੌਕਾ ਨਦ ਤੇ ਉਤਰਾਏ ॥ ੪੮ ॥ ਆਵਤਿ ਬਿਜੈ ਨਿਸ਼ਾਨ[1] ਬਜਾਯਹੁ।ਤੋਪ ਤੁਪਕ ਸ਼ਲਖੈਂ ਛੁਡਵਾਯਹੁ। ਲਿਖਯੋ ਫਤੇਨਾਮਾ ਤਤਕਾਲ। ਦਿੱਲੀ ਪਠਯੋ ਬੇਗ ਕੇ ਨਾਲ ॥ ੪੯ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਦ੍ਵੈ ਭੂਪਨ ਮੇਲ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥ ੧੦ ॥

੧੧. [ਰਾਜੇ 'ਰਾਮ' (ਰਤਨ ਰਾਇ ਦੇ ਪਿਤਾ) ਨੂੰ ਪੁੱਤ੍ਰ ਦਾ ਵਰ]।

ਦੋਹਰਾ ॥ ਸ਼੍ਰੀ ਸਤਿਗੁਰ ਨਦ ਤੇ ਉਤਰਿ ਆਇ ਦਮਦਮੇ ਥਾਨ।ਧਰਮਸਾਲ ਸੁੰਦਰ ਰਚੀ ਮਿਲੇ ਸਿੱਖਯ ਗਨ ਆਨਿ ॥ ੧ ॥ ਚੌਪਈ ॥ ਜਹਿੰ ਧੋਬਨਿ ਕੋ ਬ੍ਰਿੱਛ ਟਿਕਾਯਹੁ। ਏਕ ਗ੍ਰਾਮ ਤੌ ਤਹਾਂ ਬਸਾਯਹੁ। ਅਪਰ ਥਾਨ ਖੰਜਰ ਜੋ ਲਹਯੋ। ਅਵਨੀ ਬਿਖੈ ਗਾਡ ਸੋ ਦਯੋ ॥ ੨ ॥ ਤਹਿੰ ਇਕ ਗ੍ਰਾਮ ਬਸਾਯੋ ਭਾਰੀ। ਖੰਜਰ ਤਾਂਕੋ ਨਾਮ ਉਚਾਰੀ।ਪਾਤਿਸ਼ਾਹਿ ਕੀ ਕੇਤਿਕ ਸੈਨਾ। ਤਹਾਂ ਟਿਕਾਵਨਿ ਕੀਨਿ ਸੁਖੈਨਾ ॥ ੩ ॥ ਹੱਦ ਕਰੀ ਦੁਇ ਰਾਜਨਿ ਕੇਰੀ। ਜਿਸ ਤੇ ਉਠਹਿ ਬਿਰੋਧ ਨ ਫੇਰੀ। ਦੁਹਿ ਦਿਸ਼ਿ ਕੋ ਕਰਿ ਹਰਖ ਸਮੇਤ। ਆਪ ਆਪਨੇ ਰਾਜ ਸੁਚੇਤ ॥ ੪ ॥ ਦੇਸ਼ ਕਾਮਰੂ ਕੇਰ ਬਰੋਬਰ। ਅਪਰ ਰਾਜ ਇਕ ਤਹਾਂ ਹੁਤੋ ਬਰ। ਰਾਜਾ 'ਰਾਮ' ਨਰੇਸ਼ੁਰ ਨਾਮ[2]। ਪੁੱਤ੍ਰ ਨ ਉਪਜਯੋ ਤਿਸ ਕੇ ਧਾਮ ॥ ੫ ॥ ਕਰਿ ਉਪਚਾਰ ਹਾਰਿ ਕਰਿ ਰਹਯੋ। ਕਿਸ ਬਿਧਿ ਤੇ ਨਹਿੰ ਨੰਦਨ ਲਹਯੋ।ਸ਼੍ਰੀ ਗੁਰ ਤੇਗਬਹਾਦਰ ਪੂਰੇ।ਇਨਕੋ ਫੈਲਯੋ ਜਸੁ ਬਹੁ ਰੂਰੇ ॥ ੬ ॥ ਕੇਤਿਕ ਬਰਖ ਬਿਤੇ ਇਸਥਾਨ[3]। ਯਾਂਤੇ ਜਸੁ ਤਹਿੰ ਬਿਦਤ ਮਹਾਨ। ਲਘੁ ਦੀਰਘ ਬਹੁ ਕਰਹਿੰ ਉਚਾਰਨਿ। ਸ਼੍ਰੀ ਗੁਰ ਦੇਤਿ ਕਾਮਨਾ ਸਾਰਨ[4] ॥ ੭ ॥ ਹੁਇ ਸੇਵਕ ਜੋ ਸੇਵਾ ਕਰੈ। ਰਿਦੇ ਕਾਮਨਾ ਸ਼ਰਧਾ ਧਰੈ। ਮਨ ਬਾਂਛਤਿ ਪਾਵੈ ਤਤਕਾਲਾ। ਫੁਰਹਿ ਬਾਕ ਜਿਨ ਕੇਰ ਉਤਾਲਾ ॥ ੮॥

[1]ਜੈ ਦਾ ਧੌਂਸਾ। [2]ਰਾਜੇ ਦਾ ਨਾਮ ਸੀ 'ਰਾਮ'। [3]ਤਿਸ ਕਾਮ ਰੂਪ ਦੇਸ਼ ਵਿਖੇ ( ਸ਼੍ਰੀ ਗੁਰੂ ਜੀ ਦੇ) ਕਈ ਵਰ੍ਹੇ ਬਿਤੀਤ ਹੋਏ। [4]ਪੂਰੀਆਂ ਕਰ ਦਿੰਦੇ ਹਨ। (ਅ) ਸਾਰਿਆਂ ਨੂੰ''''।

ਅਨਿਕ ਨਰਨਿ ਪੁੱਤ੍ਰਨਿ ਬਰ ਪਾਵਾ। ਕਿਨ ਸੇਵਤਿ ਬਪੁ[1] ਰੋਗ ਮਿਟਾਵਾ। ਹੁਤੇ ਦਾਰਿਦੀ ਬਿਨੈ ਕਰੰਤੇ। ਸੋ ਧਨਾਢ ਹੋਏ ਸੁਖਵੰਤੇ ॥੯॥ ਜੋ ਅਨਜਾਨ ਅਨਾਦਰ ਕਰੈ। ਤਿਹ ਤਤਕਾਲ ਆਪਦਾ ਪਰੈ। ਨਿਕਸਹਿ ਬਾਕ ਬਦਨ ਤੇ ਜੈਸੇ। ਬਿਨਾ ਬਿਲਮ ਫੁਰਿ, ਬਨਿ ਹੈਂ ਤੈਸੇ ॥ ੧੦ ॥ ਲੋਕ ਸੈਂਕਰੇ ਆਇ ਸਮੀਪ। ਹੋਇਂ ਬਾਕ ਤੇ ਰੰਕ ਮਹੀਪ[2]। ਭੈ* ਬਜਾਪਨੋ ਤਿਸ ਦੇਸ਼ ਮਝਾਰੇ। ਸਾਦਰ ਆਵਹਿਂ ਸਿੱਖੀ ਧਾਰੇ ॥ ੧੧ ॥ ਤਿਸ ਨ੍ਰਿਪ ਕੀ ਰਾਨੀ ਨੇ ਸੁਨਯੋਂ। ਬਹੁਤਨਿ ਜਾਇ ਗੁਰੂ ਜਸੁ ਭਨਯੋਂ।ਪੁੱਤ੍ਰ ਕਾਮਨਾਵਾਨ ਮਹਾਨੀ। ਨਿਸ ਬਾਸੁਰ ਚਿਤਵਤਿ ਦੁਖ ਸਾਨੀ ॥ ੧੨ ॥ ਖਾਨ ਪਾਨ ਪਹਰਿਨਿ ਅਰੁ ਦੇਨਾ।ਜਿਸ ਮਨ ਰੁਚਹਿ ਨਹੀਂ ਸੁਖ ਲੇਨਾ।ਗੁਰੁ ਜਸੁ ਸੁਨਤਿ ਪ੍ਰਫੁੱਲਿਤਿ ਭਈ। ਜਨੁ ਸੁਤ ਸਹਤਿ ਆਪ ਹੁਇ ਗਈ ॥ ੧੩ ॥ ਨਿਸਾ ਭਈ ਰਾਜਾ ਢਿਗ ਆਯੋ। ਨੇਤ੍ਰ ਨੀਰ ਭਰ ਤਿਸਹਿ ਸੁਨਾਯੋ। 'ਰਾਜ ਸਾਜ ਧਨ ਧਾਮ ਭੰਡਾਰੇ। ਸਭਿ ਫੀਕੇ ਬਿਨ ਪੁੱਤ੍ਰ ਹਮਾਰੇ ॥ ੧੪॥ ਨਹੀਂ ਤਿਲਾਂਜੁਲ[3] ਹਿਤ ਭੀ ਕੋਊ। ਬਿਨਾ ਪੁੱਤ੍ਰ ਤੇ ਅਵਿਗਤਿ ਦੋਊ। ਕਰਿ ਕਰਿ ਹਾਰੇ ਬਹੁਤ ਉਪਾਇ।ਨਹੀਂ ਪੁੱਤ੍ਰ ਕੋ ਕਿਸਤੇ ਪਾਇ॥੧੫॥ਪੂ ਜੋ ਨਰਕ ਤਰਾਵੈ ਜੋਊ[4]। ਪੁੱਤ੍ਰ ਨਾਮ ਕੋ ਅਰਥਹਿ ਸੋਊ ।ਪੁਨ ਇਸ ਜਗ ਕੇ ਸੁਖ ਉਪਜਾਵੈ। ਪਰੰਪਰਾ ਕੁਲ ਅਪਨਿ ਬਧਾਵੈ ॥ ੧੬ ॥ ਰਾਜ ਸੰਭਾਲਹਿ ਹਮ ਪਸ਼ਚਾਤੀ। ਦੇਖ ਸਿਰਾਤੀ[5] ਲੋਚਨ ਛਾਤੀ। ਸੋ ਹਮਕੋ ਸੁਖ ਨਾਹਿ ਨ ਹੋਵਾ। ਅਨਿਕ ਉਪਾਇਨਿ[6] ਕੋ ਕਰਿ ਜੋਵਾ ॥ ੧੭ ॥ ਸੁਨੋ ਸੁ ਮੈਂ ਸ਼੍ਰੀ ਨਾਨਕ ਥਾਏਂ। ਇਤ ਸ਼੍ਰੀ ਤੇਗਬਹਾਦਰ ਆਏ। ਲੋਕ ਅਨੇਕ ਕਾਮਨਾਂ ਪਾਵੈਂ । ਸਾਦਰ ਸੇਵਹਿਂ ਸੁਖ ਉਪਜਾਵੈਂ ॥੧੮॥ ਜਿਸ ਸ਼੍ਰੀ ਨਾਨਕ ਕੋ ਜਸੁ ਸਾਰੇ।ਭੂ ਮੰਡਲ ਮਹਿਂ ਬਿਦਤ ਉਦਾਰੇ। ਕਯੋਂ ਤੁਮ ਜਾਇ ਨ ਸੇਵ ਉਠਾਵਹੁ। ਮਨ ਬਾਂਛਤਿ ਸੁਤ ਕੋ ਬਰ ਪਾਵਹੁ' ॥ ੧੯ ॥ ਸੁਨਿ ਬੋਲਯੋ ਤਬਿ ਰਾਜਾ ਰਾਮ। 'ਮੈਂ ਭੀ ਸੁਨਯੋਂ ਸੁਜਸੁ ਅਭਿਰਾਮ । ਸ਼੍ਰੀ ਮੁਖ ਤੇ ਜਿਮ ਬਾਕ ਬਖਾਨੇ । ਫੁਰਹਿਂ ਸਕਲ ਤਿਮ ਬਿਦਤ ਜਹਾਨੇ ॥ ੨੦ ॥ ਸ਼੍ਰੀ ਨਾਨਕ ਸੂਰਜ ਸਮ ਸਾਰੇ। ਕਰਯੋ ਪ੍ਰਕਾਸ਼ਨਿ, ਅਨਿਕ ਉਧਾਰੇ।ਇਹ ਭੀ ਤਿਨ ਹੀ ਕੇ ਅਵਤਾਰ। ਯੌਂ

[1]ਸਰੀਰਕ। [2]ਬਚਨਾਂ ਨਾਲ ਕੰਗਾਲਾਂ ਤੋਂ ਰਾਜੇ ਹੋਏ। [3]ਇਕ ਰਸਮ ਹੈ ਮੁਰਦੇ ਨੂੰ ਦਾਹ ਕੇ ਇਸ਼ਨਾਨ ਕਰਕੇ ਹੱਥ ਦੇ ਬੁਕ ਵਿੱਚ ਪਾਣੀ ਤੇ ਤਿਲ ਭਰਕੇ ਪ੍ਰਾਣੀ ਦੇ ਨਾਮ ਤੇ ਛੋੜਦੇ ਹਨ। [4]ਪੁੱਤ੍ਰ=ਪੂ+ਤਰ। [ਪੂ=ਨਰਕ ਤੋਂ। ਤਰ=ਤਰਾਵਨ ਵਾਲਾ]। [5]ਠਰਦੀ ਹੈ। [6]ਜਤਨਾਂ।

*ਇਹ ਭੈ ਸ਼ਰਧਾ ਵਾਲਾ ਨਿਰਮਲ ਕਿਸਮ ਦਾ ਭੈ ਹੈ।

ਸਭਿ ਭਾਖਤਿ ਹੈ ਸੰਸਾਰ' ॥ ੨੧॥ ਏਵ ਪਰਸਪਰ ਹਰਖਤਿ ਹੋਇ। ਰਾਤਿ ਬਿਖੈ ਖੁਸ਼ਿ ਸੁਖ ਸੋਂ ਸੋਇ। ਭਈ ਭੋਰ ਜਿਤ ਦਿਸ਼ਿ ਗੁਰ ਜਾਨੇ[1]। ਤਯਾਰੀ ਕੀਨਸਿ ਉਤਸਵ ਠਾਨੇ ॥ ੨੨ ॥ ਨਿਜ ਰਾਨੀ ਕੋ ਲੇ ਕਰਿ ਸਾਥ।ਚਢਤਿ ਭਯੋ ਤਬਿ ਹੀ ਨਰਨਾਥ। ਬ੍ਰਿੰਦ ਤੁਰੰਗਮ ਕੇ ਅਸਵਾਰ।ਚਢੇ ਸੰਗ ਦੁੰਦਭਿ ਧੁੰਕਾਰ ॥ ੨੩ ॥ ਸਿਵਕਾ ਡੋਰੇ ਬਾਹਨ ਨਾਨਾ; ਲੇ ਕਰਿ ਚਲਯੋ ਸੰਗ ਸਮਾਨਾ। ਸੁਤ ਅਭਿਲਾਖੀ ਮਗ ਕੋ ਡਗਰਾ[2]। ਕ੍ਰਮ ਕਰਿ ਦੇਸ਼ ਉਲੰਘਯੋ ਸਗਰਾ ॥੨੪॥ ਜਹਿ ਸਤਿਗੁਰ ਕੋ ਲਖਯੋ ਬਸੇਰਾ।ਆਇ ਸਮੀਪਿ ਕਰਾਇ ਸੁ ਡੇਰਾ। ਤੰਬੂ ਸ਼ਮਿਯਾਨੇ ਤਹਿਂ ਤਾਨੇ। ਉਤਰਯੋ ਭੂਪਤਿ ਥਿਰਤਾ ਠਾਨੇ ॥ ੨੫ ॥ ਸੰਧਯਾ ਭਈ ਸੁਪਤਿ ਸੁਖ ਰਾਤੀ। ਬਹੁਰ ਆਨਿ ਹੋਈ ਜਬਿ ਪ੍ਰਾਤੀ। ਕਰਿ ਸ਼ਨਾਨ ਲੇ ਅਨਿਕ ਉਪਾਇਨ । ਗੁਰ ਦਿਸ਼ਿ ਗਮਨਯੋਂ ਨੰਗੇ ਪਾਇਨ ॥ ੨੬ ॥ ਭਯੋ ਦੀਨ ਮਨ, ਸ਼ਰਧਾਵਾਨ ।ਸਹਤਿ ਭਾਰਜਾ ਅੰਜੁਲ ਪਾਨ[3]। ਨਮਸਕਾਰ ਕਰਿਕੈ ਪਗ ਕੰਜਨਿ[4]। ਮਨ ਰੰਜਨ ਭਵ ਭੈ ਭ੍ਰਮ ਭੰਜਨ[5] ॥ ੨੭ ॥ ਆਇਸੁ ਲੈ ਬੈਠਯੋ ਡਰ ਧਾਰਿ। ਸਤੁਤਿ ਬੇਨਤੀ*ਕਰੀ ਉਚਾਰਿ। 'ਘਟ ਘਟ ਪਟ ਕੇ ਜਾਨਨ ਹਾਰੇ। ਬਨਹਿ ਨ ਕਹਿਬੋ ਆਪ ਅਗਾਰੇ' ॥੨੮॥ ਪੁਨ ਕਰ ਜੋਰਿ ਸਚਿਵ ਨੇ ਕਹਯੋ।'ਇਤ ਆਵਨਿ ਰਾਵਰ ਜੋ ਲਹਯੋ। ਹਮ ਸਮ ਜੀਵ ਹਜ਼ਾਰਨਿ ਕੇਰੇ । ਲਖਿਯਤਿ ਜਾਗੇ ਭਾਗ ਬਡੇਰੇ ॥ ੨੯ ॥ ਪ੍ਰਥਮ ਪ੍ਰਿਥੀਪਤਿ ਕੀ ਇਮ ਇੱਛਯਾ। ਧਰਹਿ ਆਪ ਕੇ ਮੁਖ ਕੀ ਸਿੱਛਯਾ। ਪਦ ਪੰਕਜ ਪਾਵਨ ਬਰ ਸੁੰਦਰ।ਇਨ ਤੇ ਚਾਹ ਪੁਨੀਤ ਕਿਯ ਮੰਦਰ ॥ ੩੦॥ ਜੋ ਜਾਚਤਿ ਤੁਮਰੇ ਦਰਬਾਰਾ । ਪਾਯਤਿ ਸੋ, ਇਮ ਸੁਜਸੁ ਉਦਾਰਾ। ਲੈਬੇ ਹੇਤੁ ਆਪ ਚਢਿ ਆਏ[6]। ਭਾਉ ਭਗਤਿ ਸੋਂ ਚਿਤ ਲਪਟਾਏ' ॥ ੩੧॥ ਸੁਨਿ ਕੈ ਸ੍ਰੀ ਗੁਰ ਬਾਕ ਬਖਾਨੇ। 'ਮੱਜਨ ਤੀਰਥ ਪਿਖਨਿ ਸਥਾਨੇ। ਆਵਨਿ ਭਯੋ ਦੇਸ਼ ਇਸ ਮਾਂਹੇ। ਬਿਸ਼ਨ ਸਿੰਘ ਕੋ ਕਾਜ ਨਿਬਾਹੇ ॥੩੨॥ ਦਾਨ ਹੋਮ[†] ਬਹੁ ਬਿਧਿ ਕੇ ਕਰਿਕੈ। ਸਿਖ ਸੰਗਤਿ ਇਸ

[1]ਜਾਣਿਆ (ਕਿ ਟਿਕੇ ਹੋਏ ਹਨ ਜਿੱਥੇ)। [2]ਪੁਤ੍ਰ ਦਾ ਚਾਹਵਾਨ (ਰਾਜਾ) ਰਸਤੇ ਟੁਰ ਪਿਆ। [ਸੰ:,ਡਗਰਣ=ਚਲਨਾ, ਟੁਰਨਾ]। [3]ਹੱਥ ਜੋੜਕੇ। [4]ਚਰਨ ਕਵਲਾਂ ਪਰ। [5]ਭੈ ਭੰਨਣ ਵਾਲੇ ਗੁਰੂ ਜੀ ਦੇ। [6]ਆਪ ਜੀਦੇ ਲਿਜਾਣ ਲਈ ਆਪ (ਰਾਜਾ ਜੀ) ਚੜ੍ਹ ਆਏ ਹਨ।*ਪਾ:-ਸੁਤ ਹਿਤ ਬਿਨਤੀ। [†]ਗੁਰਮਤਿ ਵਿਚ ਦਾਨ ਲਈ ਇਹ ਆਗਯਾ ਹੈ 'ਖੇਤੁ ਪਛਾਣੈ ਬੀਜੈ ਦਾਨ'। ਤੇ ਹੋਮ ਲਈ ਇਹ ਪ੍ਰਮਾਨ ਹੈ 'ਹੋਮ ਜਗ ਲਖ ਭੋਗ ਚਣੇ ਚਬਾਵਣੀ'। ਸਾਧ ਸੰਗਤ ਦੀ ਜਠਰਾਗਨੀ ਵਿਚ ਭੋਜਨ ਦੀਆਂ ਆਹੂਤੀਆਂ ਰੂਪੀ ਹੋਮ ਗੁਰਮਤ ਵਿਖੇ ਖੁਲ੍ਹੇ ਲੰਗਰ ਦੀ ਸੂਰਤ ਵਿਚ ਸਦਾ ਹੁੰਦਾ ਹੈ। ਦੇਖੋ ਸ੍ਰੀ ਗੁਰੂ ਨਾ: ਪ੍ਰਕਾ: ੧: ਅਧ੍ਯਾ: ੪੮ ਅੰਕ ੫੬।

ਦੇਸ਼ ਨਿਹਰਿ ਕੈ। ਅਧਿਕ ਭਾਵਨਾ ਜੋ ਨ੍ਰਿਪ ਕੇਰੀ[1]। ਸ਼ਰਧਾ ਧਾਰਿ ਆਇ
ਬਿਨ ਬੇਰੀ[2] ॥ ੩੩ ॥ ਕਹੋ ਕਾਮਨਾ ਅਪਨੀ ਜੋਇ। ਆਗੇ ਗਮਨਿ ਨਹੀਂ
ਅਬਿ ਹੋਇ'। ਇਮ ਸੁਨਿ ਏਕ ਦਿਵਸ ਤਹਿਂ ਰਹੇ। ਪ੍ਰਾਤਿ ਭਈ ਮਿਲਿ
ਗੁਰ ਸੋਂ ਕਹੇ ॥ ੩੪ ॥ 'ਸ੍ਰੀ ਸਤਿਗੁਰ ਜਸੁ ਸੁਨਜੋਂ ਤੁਮਾਰਾ। ਦਰਸ਼ਨ ਕੋ
ਮਨ ਭਯੋ ਹਮਾਰਾ। ਕਰਜੋ ਦੇਸ਼ ਪਾਵਨ ਇਤ ਆਇ। ਭਏ ਨਿਹਾਲ ਲੋਕ
ਸਮੁਦਾਇ'॥੩੫॥ਪੁੱਤ੍ਰ ਨ ਜਾਚ ਸਕਹਿ,ਕਹਿ ਕੈਸੇ[3]?ਸਤਿਗੁਰ ਨੇ ਉਰਕੀ
ਲਖਿ ਤੈਸੇ।ਮ੍ਰਿਦੁਲ ਮਧੁਰ ਸੁੰਦਰ ਸੁਖਦਾਨੀ।ਬੋਲੇ ਕ੍ਰਿਪਾ ਧਾਰਿ ਮੁਖਬਾਨੀ
॥੩੬॥'ਭੋ ਮਹਿਪਾਲਕ! ਨਿਜ ਅਭਿਲਾਖ।ਕਜੋਂ ਸੁਕਚਤਿ ਚਿਤ,ਦੀਜਹਿ
ਭਾਖਿ'।ਸੁਨਤਿ ਭਨੀ ਬਿਨਤੀ,ਕਰ ਬੰਦੇ।'ਦਾਨੀ ਸਭਿ ਕੋ ਆਪ ਬਿਲੰਦੇ॥
੩੭ ॥ ਜਤਨ ਅਨੇਕ ਕਰੇ ਸਭਿ ਰੀਤਿ। ਪੁੱਤ੍ਰ ਨ ਪ੍ਰਾਪਤਿ ਚਿੰਤਾ ਚੀਤ।
ਆਰਬਲਾ ਚਿਰਕਾਲ ਬਿਤਾਈ। ਅਬਿ ਸ਼ਰੀਰ ਪਰ ਭੀ ਬਿਰਧਾਈ[4]॥੩੮॥
ਆਪ ਰਾਜ ਕੋ ਮਾਲਿਕ ਦੀਜੈ। ਕ੍ਰਿਪਾ ਨਿਧਾਨ! ਕ੍ਰਿਪਾ ਨਿਜ ਕੀਜੈ।
ਚਰਨ ਆਪ ਕੇ ਅਲੰਬ ਹਮਾਰੇ। ਤਜੇ ਉਪਾਇ ਅਪਰ ਜੋ ਸਾਰੇ ॥ ੩੯ ॥
ਹੁਇਂ ਰਾਵਰ ਕੇ ਸਿੱਖ ਮਹਾਨੇ। ਹਲਤ ਪਲਤ ਮਹਿਂ ਦਿਹੁ ਕੱਲਯਾਨੇ।
ਪੂਰਬ ਸੰਤ ਦੇਵ ਬਹੁ ਮਾਨੇ[5]। ਅਨਿਕ ਉਪਾਇਨ[6] ਪੂਜਨ ਠਾਨੇ ॥ ੪੦॥
ਬਹੁ ਕਰਿ ਰਹੇ[7],ਨ ਉਪਜਜੋ ਨੰਦ[8]। ਹੀਨ ਮਨੋਰਥ ਚਿੰਤ ਬਿਲੰਦ। ਅਬਿ
ਸਤਿਗੁਰ ਕੀ ਸ਼ਰਨੀ ਆਏ। ਸਭਿ ਤੇ ਉੱਤਮ ਸੁਰਤਰੁ ਪਾਏ ॥ ੪੧ ॥
ਨਹਿਂ ਚਿੰਤਾ ਚਿਤ ਕੀ ਮਮ ਰਹੈ। ਮੋ ਮਨ ਮੈਂ ਨਿਸ਼ਚੈ ਅਸ ਅਹੈ'। ਇਸ
ਬਿਧਿ ਕੀ ਬਿਨਤੀ ਸੁਨਿ ਕਰਿ ਕੈ।ਦੀਨ ਦਯਾਲ ਨਿਜ ਬਿਰਦ ਸੰਭਰਿਕੈ॥
੪੨॥ਦੀਨ ਜਾਨਿ ਗੁਰੁ ਕੀਨਸਿ ਦਯਾ। ਕਹਜੋ ਬਾਕ 'ਤੁਝ ਕੋ ਬਰ ਦਯਾ'।
ਹੁਤੀ ਮੁਹਰ ਸ੍ਰੀ ਗੁਰ ਕੇ ਹਾਥ। ਲਾਇ ਨ੍ਰਿਪਤ ਕੇ ਊਰੂ[9] ਸਾਥ ॥ ੪੩ ॥
'ਤਵ ਸੁਤ ਹੁਇ ਹੈ ਸਿੱਖਯ ਹਮਾਰਾ। ਧਰਮ ਆਤਮਾ ਭਾਗ ਉਦਾਰਾ। ਤਿਸ
ਕੇ ਸੀਸ ਮੁਹਰ ਇਹ ਹੋਇ। ਚਿੰਨ੍ਹ ਹਮਾਰੋ ਧਾਰਹਿ ਸੋਇ' ॥ ੪੪॥ ਚਰਨ
ਪਖਾਰਿ ਚਰਨਾਂਮ੍ਰਿਤ ਲੀਨਾ। ਬਿਦਾ ਹੋਇ ਕਰਿ ਪਯਾਨੋ ਕੀਨਾ। ਕੇਤਿਕ

---

[1]ਜੋ ਰਾਜੇ ਦੀ ਹੈ। [2]ਤੇ ਸ਼ਰਧਾ ਧਾਰਕੇ ਆਇਆ ਹੈ ਦੇਰੀ ਤੋਂ ਬਿਨਾ। [3]ਭਾਵ ਪੁੱਤ੍ਰ ਮੰਗਣ ਲਈ
ਕਹਿਣੋਂ ਸੰਗਦਾ ਹੈ, ਆਖੇ ਕੀਕੂੰ ? [4]ਬੁਢੇਪਾ। [5]ਪਹਿਲੇ ਸੰਤ ਦੇਵੀ ਦੇਵਤੇ ਬੜੇ ਮੰਨੇ ਹਨ।
[6]ਅਨੇਕ ਉਪਾਵਾਂ ਕਰਕੇ। [7]ਬੜੇ (ਉਪਾਉ) ਕੀਤੇ। [8]ਪੁੱਤ੍ਰ। [9]ਪੱਟ।

ਮਾਸਨਿ ਸੁਤ ਨਿਪਜਯੋ[1]। ਚਿੰਨ੍ਹ ਗੁਰੂ ਕੋ ਸਿਰ ਪਰ ਲਯੋ॥ ੪੫॥
*ਜਬਿ ਸਤਿਗੁਰ ਪਟਣੇ ਤੇ ਚਲਿਕੈ। ਉਲੰਘੇ ਮਾਰਗ ਸੰਗਤਿ ਮਿਲਿ ਕੈ। ਆਨੰਦ ਕੀ ਨਿਧਿ ਸੁਧਿ ਤਬਿ ਆਈ।'ਭਯੋ ਆਪ ਕੇ ਪੁਤ੍ਰ ਬਧਾਈ'॥੪੬॥ ਸੁਨਤਿ ਉਛਾਹ ਅਨਿਕ ਬਿਧਿ ਹੋਵਾ। ਦਯੋ ਦਾਨ ਤਹਿਂ ਦਾਰਿਦ ਖੋਵਾ। ਗੁਰ ਘਰ ਜਨਮਯੋ ਸਾਹਿਬਜ਼ਾਦਾ।ਬਿਸ਼ਨ ਸਿੰਘ ਸੁਨਿ ਬਹੁ ਅਹਿਲਾਦਾ॥ ੪੭॥ਦੁੰਦਭਿ ਛੋਟੇ ਬਡੇ ਬਜਾਏ।ਚਿਰੰਕਾਲ ਲਗਿ ਸੁਨਿ ਸਮੁਦਾਏ।ਤੋਪਨਿ ਤੁਪਕਨਿ ਸ਼ਲਖ ਬਿਸਾਲਾ। ਬਾਰ ਬਾਰ ਕੀਨਸਿ ਤਿਸ ਕਾਲਾ॥ ੪੮॥ ਨ੍ਰਿਪ ਨੇ ਦਾਨ ਦਯੋ ਬਹੁ ਰੰਕਨਿ।ਬਖਸ਼ੇ ਸੁਨਤਯੋਂ ਕੰਚਨ ਕੰਕਨ[2]। ਜਿਸ ਨੇ ਪੂਰਬ ਖ਼ਬਰ ਸੁਨਾਈ। ਦੁਇ ਲੋਕਨਿ ਸੁਖ ਬਖਸ਼ਿਸ਼ ਪਾਈ॥ ੪੯॥ ਕੌਤਕ ਕੀਨਿ ਅਨੇਕ ਪ੍ਰਕਾਰਨ। ਨਟ,ਨ੍ਰਿਤਕਰ[3],ਬੰਦੀਜਨ,ਚਾਰਨ[4] †। ਡੂਮ ਭਾਟ ਆਦਿਕ ਜੇ ਆਏ। ਲੇ ਕਰਿ ਦਾਨ ਸਕਲ ਤ੍ਰਿਪਤਾਏ॥੫੦॥ ਅਤਿ ਉਤਸਵ ਸਿਖ ਸੰਗਤਿ ਕਰਤੀ। ਸੁਨਿ ਸੁਨਿ ਅਨੰਦ ਮਹਿਦ ਕੋ ਧਰਤੀ। ਸਭਿ ਲਸ਼ਕਰ ਨੇ ਉਤਸਵ ਕੀਨਸਿ। ਜਥਾ ਜੋਗ ਸਭਿਹੂੰ ਧਨ ਦੀਨਸਿ॥੫੧॥ਸਭਿ ਕਾਰਜ ਕਰਿ ਚਾਹਤਿ ਮੁਰੇ। ਪਟਣੇ ਦਿਸ਼ਿ ਸਤਿਗੁਰ ਮੁਖ ਕਰੇ। ਅਬਿ ਮੈਂ ਜਨਮ ਕਥਾ ਚਿਤ ਲਾਇ। ਦਸਮੇਂ ਗੁਰ ਕੀ ਕਹੌਂ ਬਨਾਇ[5]॥ ੫੨॥ ਦੋਹਰਾ॥ ਜਿਮਿ ਜਿਮ ਪਟਣੇ ਨਗਰ ਮਹਿਂ ਖੇਲੇ ਬਾਲ ਮੁਕੰਦ। ਭਯੋ ਮਹਾਂ ਉਤਸਵ ਜਥਾ ਰਚੌਂ ਤਥਾ ਸ਼ੁਭ ਛੰਦ॥ ੫੩॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ਿ ਰਾਸੇ 'ਰਾਜੇ ਕੋ ਸੁਤ ਦੇਵਨਿ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅੰਸੂ॥ ੧੧॥

---

[1]ਪੈਦਾ ਹੋਇਆ। [2]ਕੰਚਨ ਦੇ ਕੜੇ। [3]ਨਾਚ ਕਰਨ ਵਾਲੇ। [4]ਭੱਟ। [5]ਬਣਾਕੇ।

*ਇਥੋ ਕਵਿ ਜੀ ਪਿਛਲਾ ਪ੍ਰਸੰਗ ਅਰੰਭ ਕਰਦੇ ਹਨ, ਜੋ ਪਿੱਛੇ ਟਿਕਾਣੇ ਸਿਰ ਨਹੀਂ ਲਿਖ ਆਏ ਕਿਉਂ ਜੋ ਤਦੋਂ ਨੌਵੇਂ ਗੁਰੂ ਜੀ ਦੇ ਕਾਮਰੂਪ ਜਾਣ ਦੇ ਹਾਲ ਦੀ ਲੜੀ ਲਈ ਗਏ ਸਨ। ਇਥੋਂ ਹੁਣ ਦਸਮੇਂ ਪਾਤਸ਼ਾਹ ਜੀ ਦੇ ਅਵਤਾਰ ਤੇ ਬਾਲ ਲੀਲ੍ਹਾ ਦੀ ਲੜੀ ਸ਼ੁਰੂ ਕੀਤੀ ਨੇ, ਇਸ ਕਰਕੇ ਦੱਸਿਆ ਨੇ ਕਿ ਜਦੋਂ ਗੁਰੂ ਤੇਗ ਬਹਾ ਰ ਜੀ ਪਟਣੇ ਤੋਂ ਤੁਰਕੇ ਕਛ ਮੰਜ਼ਲ ਚੋਖਾ ਪੈਂਡਾ ਲੰਘ ਗਏ ਸਨ, ਤਦੋਂ ਖਬਰ ਪੁੱਜੀ ਸੀ ਸਾਹਿਬਜ਼ਾਦੇ ਜੀ ਦੇ ਅਵਤਾਰ ਦੀ, ਭਾਵ ਕਾਮ ਰੂਪ ਨੂੰ ਜਾਂਦਿਆਂ ਰਸਤੇ ਵਿਚ ਖਬਰ ਮਿਲੀ ਸੀ। ਦੇਖੋ ਅੱਗੇ ਅੰਸੂ ੧੩ ਦਾ ੧੦ ਅੰਕ।

†ਸਤਿਗੁਰੂ ਜੀ ਦੇ ਗ੍ਰਿਹ ਸਾਹਿਬਜ਼ਾਦਿਆਂ ਜੀ ਦੇ ਅਵਤਾਰ ਸਮੇਂ ਗੁਰਮਤ ਦੀ ਵਰਤੋਂ ਕਿਉਂ ਲਿਖੀ ਹੈ, 'ਗੁਰਬਾਣੀ ਸਖੀ ਅਨੰਦੁ ਗਾਵੈ॥' ਇਹੋ ਗੁਰ ਸਿੱਖੀ ਦੀ ਮਿਰਯਾਦਾ ਅੱਗੇ ੧੨ ਅੰਸੂ ਦੇ ੮ ਅੰਕ ਵਿਚ ਕਵੀ ਜੀ ਨੇ ਆਪ ਕਹੀ ਹੈ।

## ੧੨. [ਦਸਮੇਸ਼ ਅਵਤਾਰ]।

ਸੈਯਾ ॥ ਗਨਮੰਗਲਕੇ ਗੁਰ ਮੰਗਲ ਰੂਪ,ਮਹਾਂ ਉਤਸਾਹਨਿ ਕੇ ਉਤਸਾਹੂ। ਸਭਿ ਤੇਜਨਿ ਕੇ ਅਤਿ ਤੇਜ ਦਿਪੈਂ, ਸਭਿ ਓਜਨ ਓਜ,ਗਰੂਰਨਿ ਗਾਹੂ[੧]। ਸ਼ੁਭ ਆਦਿ ਮ੍ਰਿਜਾਦ ਟਿਕਾਵਨਿ ਕੋ, ਬਿਗਸਾਵਨਿ ਸੰਤਨਿ ਕੋ, ਰਿਪੁ ਦਾਹੂ। ਤੁਰਕਾਨਿ ਤਰੂ ਜਰ ਨਾਸ਼ਨਿ ਕੋ[੨] ਅਵਤਾਰ ਉਦਾਰ ਲਯੋ ਜਗ ਮਾਂਹੂ॥੧॥ਸਰਦੂਲ ਕਿ ਝੂਲ ਅਭੂਲ ਭਏ ਪ੍ਰਤਿਕੂਲ ਨਦੀ ਗਿਰ ਰਾਜਨਿ ਕੋ[੩]। ਹਿੰਦਵਾਇਨ ਤੀਰਥ ਪਾਵਨ ਕੋ ਥਿਰਤਾਵਨ ਕੋ ਅਘ ਮਾਂਜਨਕੋ[੪]। ਸਰਬੋਤਮ ਖਾਲਸਾ ਪੰਥ ਸਤੇਜ ਅਮੇਜ ਹ੍ਵੈ ਆਪ ਹੀ ਸਾਜਨ ਕੋ[੫]। ਕਵਿ ਸਿੰਘ ਕਹੈ ਅਵਿਤਾਰ ਭਯੋ ਹਮ ਜੈਸੇ ਗ਼ਰੀਬ ਨਿਵਾਜਨ ਕੋ[੬] ॥ ੨ ॥ ਸਭਿ ਨਿੰਦਕ ਮੋਦ ਕਮੋਦਨਿ ਕੋ ਬਨ[੭], ਦੰਭ ਉਲੂਕ ਦੁਰੇ ਸਮੁਦਾਇ[੮]। ਭਗਤੀ ਅਤਿ ਆਤਪ ਕੋ ਬਿਸਤਾਰਨਿ ਤਾਰਨ ਸ ਗਰਬੀ ਨ ਦਿਸਾਇ[੯]। ਪਸਰ੍ਯੋ ਅੰਧਕਾਰ ਅਧਰਮ ਮਹਾਂਦਿਢ,ਏਕਹੀ ਬਾਰ ਸੁ ਦੀਨਿ ਪਲਾਇ[੧੦]। ਸਮ ਸੂਰਜ ਕੇ ਅਵਿਤਾਰ ਭਯੋ, ਹਮ ਸੇ ਜਨ ਪੰਕਜ ਕੋ ਬਿਕਸਾਇ[੧੧]॥੩॥ ਚੌਪਈ ॥ ਸ਼੍ਰੀ ਗੁਜਰੀ ਬਡ ਭਾਗ ਪ੍ਰਸੂਤਾ। ਉਪਜ੍ਯੋ ਬਾਲਿਕ ਛਬਿ ਅਦ-ਭੂਤਾ[੧੨]। ਅਸ਼ਟ ਦੀਪ ਦੀਪਤਿ ਗ੍ਰਿਹ ਜਾਨੋ[੧੩]। ਦੁਤਿ ਘਟ ਗਈ ਉਦ੍ਯੋ

---

[੧]ਹੰਕਾਰੀਆਂ ਨੂੰ ਗਾਹੁਣ ਵਾਲੇ। [੨]ਤੁਰਕਾਂ (ਰੂਪੀ) ਬ੍ਰਿੱਛ ਦੀ ਜੜ੍ਹ ਨਾਸ਼ ਕਰਨ ਨੂੰ। [੩]ਪਹਾੜੀ ਰ ਜਿਆਂ ਦੀ ਵਿਰੋਧਤਾ ਰੂਪੀ ਜੋ ਨਦੀ ਸੀ, ਉਸ ਵਿਚ ਸ਼ੇਰ ਵਾਂਕੂ ਅਚਕ (ਸਿੱਧੇ) ਟੁਰੇ। ਭਾਵ ਇਹ ਕਿ ਉਨ੍ਹਾਂ ਦੇ ਰੌਂ ਰੁਖ਼ ਵਿਚ ਵਹਿ ਟੁਰਨ ਦੀ ਭੁੱਲ ਨਹੀਂ ਕੀਤੀ, ਨਿਰੋਲ ਸੱਚ ਤੇ ਅਝੁਕ ਟਿਕ ਕੇ ਸਿੱਧੇ ਟੁਰੀ ਗਏ ਜਿਵੇਂ ਸ਼ੇਰ ਨਦੀ ਦੇ ਵੇਗ ਦੀ ਪ੍ਰਤਿਕੂਲਤਾ ਨੂੰ ਚੀਰ ਕੇ ਸਿੱਧਾ ਜਾਂਦਾ ਹੈ। [੪]ਹਿੰਦੂਆਂ ਰੂਪੀ (ਯਾ ਦੇ) ਤੀਰਥਾਂ ਦੇ ਪਵਿੱਤ੍ਰ ਕਰਨੇ ਨੂੰ ਫਿਰ ਹਿੰਦੂਆਂ ਦੀ ਸਥਿਤੀ ਕਰਨ ਨੂੰ ਤੇ ਪਾਪ ਨਾਸ਼ ਕਰਨ ਨੂੰ। [੫]ਆਪ ਵਿਚ ਮਿਲਕੇ ਸਾਜਣ ਲਈ ਭਾਵ ਇਹ ਕਿ ਆਪ ਨਿਰਾਲੇ ਰਹਿ ਕੇ ਪੰਥ ਨਹੀਂ ਸਾਜਿਆ ਪੰਥ ਸਾਜ ਕੇ ਆਪ ਅੰਮ੍ਰਿਤ ਛਕ ਕੇ ਖਾਲਸਾ ਦੇ ਵਿਚ ਮਿਲੇ। [੬]ਸਾਡੇ ਵਰਗੇ ਗਰੀਬਾਂ ਦੇ ਵਡਿਆਵਣੇ ਨੂੰ। [੭]ਸਾਰੇ ਨਿੰਦਕਾਂ ਰੂਪੀ ਕਮੁਦਨੀਆਂ ਦੇ ਬਨ ਨੂੰ ਮੁੰਦ ਦਿਤਾ। [੮]ਦੰਭ ਰੂਪੀ ਉੱਲੂ ਛਿਪ ਗਏ। [੯]ਫਿਰ ਭਗਤੀ ਰੂਪੀ ਧੁੱਪ ਦੇ ਫੈਲਾਉਣ ਵਿਚ ਤਾਰਿਆਂ ਵਤ ਗਰਬੀ (ਲੋਕ ਨਿਗਾਹ ਨਾ ਆਏ ਭਾਵ ਅਭਾਵ ਹੋ ਗਏ। [੧੦]ਨਾਸ਼ ਕਰ ਦਿਤਾ। [੧੧]ਸਾਡੇ ਵਰਗੇ ਕਵਲਾਂ ਰੂਪ ਦਾਸਾਂ ਨੂੰ ਖਿੜਾਵਨ ਲਈ। [੧੨]ਅਨੋਖੀ। [੧੩]ਅੱਠ ਦੀਵੇ ਬਲ ਰਹੇ ਸਨ। (ਅ) ਘਰ ਵਿਚ ਸ਼ਮਾਦਾਨ ਬਲ ਰਿਹਾ ਸੀ। ਅਸ਼ਟਦ੍ਵੀਪ=ਜਿਸ ਵਿਚ ਅੱਠ ਦੀਵੇ ਹੋਣ। ਅੱਠਾਂ ਮੂੰਹਾਂ ਵਾਲਾ ਸ਼ਮਾਦਾਨ ਜੋ ਪਿਛਲੇ ਸਮੇਂ ਪਿੱਤਲ ਦੇ ਹੁੰਦੇ ਸਨ।

ਰਵਿ ਮਾਨੋ[1]॥੪॥ ਸੇਬਤਮਾਨ[2] ਧਾਇਨ ਤੇ ਮਾਤਾ।ਭਨਹਿਂ ਬਧਾਈ ਆਨੰਦ ਦਾਤਾ[3]। ਅੰਤਰ ਵਹਿਰ ਦਾਸ ਗਨ ਦਾਸੀ। ਬਿਚਰਤਿ ਇਤ ਉਤ ਰਿਦੇ ਹੁਲਾਸੀ ॥ ੫॥ ਆਪਸ ਮਹਿਂ ਬਹੁ ਕਰਿ ਕਰਿ ਚਾਇ। ਮਿਲਹਿਂ ਬਖਾਨਹਿਂ ਸਤੁਤਿ ਸੁਨਾਇ।'ਗੁਰ ਘਰ ਜਨਮਯੋ ਸਾਹਿਬਜ਼ਾਦਾ।ਸਭਿ ਨਿਜ ਜਨਨਿ[4] ਦੇਹਿ ਅਹਿਲਾਦਾ' ॥ ੬ ॥ ਪੌਤ੍ਰ ਬਦਨ ਕੋ ਦੇਖਿ ਪਰੇਖੀ। ਮਾਤ ਨਾਨਕੀ ਮੋਦ ਵਿਸ਼ੇਖੀ। ਮਨਹੁਂ ਕੋਕਨਦ ਬਿਕਸਤਿ ਸੁੰਦਰ। ਚੰਦ ਮਨਿੰਦ ਚਾਰੁ ਦੁਤਿ ਮੰਦਿਰ[5] ॥ ੭ ॥ ਭਈ ਪ੍ਰਾਤਿ ਸਭਿ ਬਜੀ ਬਧਾਈ। ਮਿਲਿ ਸੰਗਤਿ ਇਕਠੀ ਹੁਇ ਆਈ। ਭਾਂਤਿ ਭਾਂਤਿ ਕੇ ਕੌਤਕ ਕਰਿਹੀਂ। ਸ਼੍ਰੀ ਸਤਿਗੁਰ ਕੇ ਸ਼ਬਦ ਉਚਰਿਹੀਂ ॥ ੮ ॥ ਬਜਹਿਂ ਮ੍ਰਿਦੰਗ ਰਬਾਬ ਬਿਸਾਲਾ। ਕਰਹਿਂ ਕੀਰਤਨ ਸ਼ਬਦ ਉਜਾਲਾ। ਪੰਚਾਂਮ੍ਰਿਤ ਬਨਵਾਵਹਿਂ ਰਾਸ[6]। ਗੁਰੂ ਦਰ ਪਰ ਕਰਿ ਕਰਿ ਅਰਦਾਸ ॥੯॥ ਵੰਡਹਿਂ ਅਚਹਿਂ 'ਧੰਨ ਗੁਰੂ' ਕਹੈਂ। ਬਡੇ ਭਾਗ ਅਪਨੇ ਜਨ ਲਹੈਂ[7]। ਭਾਟ ਕਲਾਵਤ ਢਾਡੀ ਆਵਹਿਂ। ਭਨਹਿਂ ਬਧਾਈ ਬਾਂਛਤਿ ਪਾਵਹਿਂ ॥ ੧੦ ॥ [8]ਬੇਖ ਕਲੀਵਨ ਦੇਵ ਬਧੂਟੀ। ਧਰਿ[8] ਆਵਹਿਂ ਜਨੁ ਜਗ ਦੁਤਿ ਲੂਟੀ[9]।ਢੋਲਕ,ਟਲਕਾ[10],ਘੁੰਘਰੂ,ਤਾਲੀ।ਗਾਇਂ ਬਿਲਾਵਲ ਲੇਤਿ ਭਵਾਲੀ ॥੧੧॥ ਸਭਿ ਬਾਜੇ ਅਰੁ ਹਾਥਨਿ ਤਾਲ। ਗਨ ਪਾਇਨ ਕੇ[11] ਘੁੰਘਰੂ ਨਾਲ। ਅੰਗ ਚਲਾਵਹਿਂ ਤਾਲ ਮਿਲਾਇਂ। ਗਾਵਹਿਂ ਨਾਚਹਿਂ ਰਾਚਹਿਂ ਚਾਇ॥ ੧੨ ॥ ਇਸ ਪ੍ਰਕਾਰ ਗਤਿ[12] ਸੁੰਦਰ ਕਰੈਂ ਅਚਰਜ ਦੇਹਿ ਸਭਿਨਿ ਮਨ ਹਰੈਂ। ਸ਼੍ਰੀ ਗੁਰੁ ਕੇ ਮੰਦਿਰਿ ਬਰ ਪੌਰ। ਭਈ ਭੀਰ ਥਿਤ ਲਹੈਂ ਨ ਠੌਰ ॥੧੩ ॥ ਰੀਧ੍ਰਬ ਗਾਵਹਿਂ ਮਾਨੁਖ ਦੰਭਾ[13]। ਸੁਨਿ ਪੁਰਿ ਬਾਸਨ ਹੋਤਿ ਅਚੰਭਾ। 'ਇਹ ਗਾਵਨ ਨਾਚਨ ਮੁਦਕਾਰੀ। ਸੁਨਜੋ ਨ ਦੇਖਜੋ ਕਬਹੁਂ ਅਗਾਰੀ ॥ ੧੪ ॥ ਇਹ ਗਨ[14] ਬਸਹਿਂ ਕੌਨ ਸੇ ਦੇਸ਼। ਨਏ ਰੂਪ ਹੈਂ ਨਏ ਸੁ ਬੇਸ'।ਸੁਨਿ ਕੈ ਰਾਗ ਸ਼ਕਤਿ ਨਹਿ ਰਹੀ[15]।ਬੂਝਨਿ ਹਿਤ ਕਿਨਹੁਂ ਨ ਕਿਮ ਕਹੀ ॥ ੧੫ ॥ ਚਾਰ ਘਟੀ ਲੌ ਕੌਤਕ ਕਰਿਕੈ।

---

[1]ਮਾਨੋ ਸੂਰਜ ਚੜ੍ਹਿਆ ( ਤਾਂ ਸ਼ਮਾ ਦਾਨ ਦੀ ਰੌਸ਼ਨੀ ਮਾਤ ਪੈ ਗਈ )। [2]ਸੇਵਾ ਯੋਗ। [3]ਅਨੰਦ ਦੇਣ ਵਾਲੀ ਵਧਾਈ (ਲੋਕ) ਕਹਿੰਦੇ ਹਨ। [4]ਆਪਣੇ ਸਾਰੇ ਦਾਸਾਂ ਨੂੰ। [5]ਸ਼ੋਭਾ ਦਾ ਮੰਦਰ ਹੈ (ਮੁਖ)। [6]ਬਹੁਤਾ। [7]ਦਾਸ ਜਾਣਦੇ ਹਨ। [8]ਦੇਵ-ਇਸਤ੍ਰੀਆਂ ਖੁਸਰਿਆਂ ਦਾ ਰੂਪ ਧਾਰ ਕੇ ਆਈਆਂ। [9]ਮਾਨੋ ਜਗਤ ਦੀ ਸਾਰੀ ਸ਼ੋਭਾ ਲੁੱਟੀ ਹੈ। [10]ਟੱਲੀਆਂ। [11]ਸਾਰਿਆਂ ਦੇ ਪੈਰਾਂ ਦੇ। [12]ਚਾਲ। (ਅ) ਨਾਚ ਦੀ ਗਤਿ। [13]ਮਨੁੱਖਾਂ ਦਾ ਰੂਪ ਧਾਰ ਕੇ। [14]ਯੂਥ, ਜੱਥਾ, ਸਾਰੇ। [15](ਪੁੱਛਣ ਦੀ) ਸ਼ਕਤੀ ਨਾ ਰਹੀ ਰਾਗ ਸੁਣ ਕੇ।

ਪੁਨਹਿਂ ਪੌਰ ਪਰ ਮਸਤਕ ਧਰਿਕੈ। ਬੰਦਨ ਕਰਿ ਗਮਨੇ ਨਿਜ ਥਾਇਂ। ਨਹਿਂ ਕਿਸ ਹੂ ਤੇ ਜਾਨੇ ਜਾਇਂ ॥ ੧੬ ॥ ਰੰਗ ਰੰਗ ਕੇ ਫੂਲ ਬਿਸਾਲਾ। ਗੁੰਦਿ ਗੁੰਦਿ ਕਰਿ ਦੀਰਘ ਮਾਲਾ। ਸੁਨਿ ਸੁਨਿ ਆਵਹਿਂ ਮਾਲਾਕਾਰ[੧]। ਬੰਦਹਿਂ ਸਤਿਗੁਰੁ ਕੇ ਦਰਬਾਰ ॥ ੧੭ ॥ ਧਨ ਇਨਾਮ ਕੋ ਲੇ ਲੇ ਜਾਹਿਂ। ਫੂਲਨਿ ਮਾਲਾ ਦਰ ਲਰਕਾਹਿਂ। ਅਤਿ ਉਤਸਵ ਸੰਗਤ ਮਹਿ ਹੋਵਾ। ਸਭਿਨਿ ਆਇ ਗੁਰ ਘਰ ਕੋ ਜੋਵਾ॥ ੧੮ ॥ ਜਸ ਜਸ ਮਨਸਾ ਧਰਿ ਕਰਿ ਆਏ। ਤਸ ਤਸ ਮਨਹੁਂ ਕਾਮਨਾ ਪਾਏ।ਤਬਹਿ ਜੋਤਸ਼ੀ*ਲੀਨਿ ਬੁਲਾਇ। ਜਨਮ ਮਹੂਰਤ ਖਬਰ ਬਤਾਇ ॥ ੧੯ ॥ ਲਗਨ ਮਹੂਰਤ ਉੱਤਮ ਜੋਵਾ। ਅਧਿਕ ਹਰਖ ਦੈਵਗ[੨] ਉਰ ਹੋਵਾ। 'ਉੱਤਮ ਜੋਗ[੩] ਪਰਯੋ ਇਨ ਐਸੋ। ਆਗੇ ਕਿਸਕੋ ਭਯੋ ਨ ਜੈਸੋ॥ ੨੦ ॥ ਬਹੁਤੇ ਲੋਕਨਿ ਕਸ਼ਟ ਨਿਵਾਰਹਿਂ। ਅਖਿਲ ਜਗਤ ਮਹਿਂ ਸੁਜਸੁ ਬਿਥਾਰਹਿਂ।ਚਾਰ ਪਦਾਰਥ ਕਰ ਤਲ[੪] ਹੋਇਂ। ਪਗ ਪੰਕਜ ਪੂਜਹਿ ਸਭਿ ਕੋਇ ॥੨੧॥ਸਰਬੋਤਮ ਗੁਨ ਲਗਨ ਮਝਾਰ[੫]। ਇਕ ਚਿੰਤਾ ਮੁਝ ਰਿਦੇ ਉਦਾਰ। ਹੇ ਕ੍ਰਿਪਾਲ[੬]! ਸੁਨਿ ਸੋ ਬਿਧਿ ਐਸੇ।ਅਸ-ਮੰਜਸ ਹੁਇ ਸਕਿ ਹੈ ਕੈਸੇ ?॥ ੨੨ ॥ ਜੇਤੀ ਬਾਤ ਪ੍ਰਥਮ ਮੈਂ ਕਹੀ।ਸੋ ਤੋ ਬਨਿ ਸਕਿ ਹੈ ਇਮ ਸਹੀ। ਸਤਿਗੁਰੁ ਕੇ ਘਰ ਜਨਮ ਉਦਾਰਾ। ਪੂਜਹਿਂ ਅਰਪਹਿਂ ਦਰਬ ਅਪਾਰਾ ॥ ੨੩ ॥ ਸੁਜਸੁ ਆਦਿ ਹੁਇ ਹੈਂ ਸਭਿ ਘਨੇ। ਪਰ ਇਕ ਰੀਤਿ ਅਨਬਨੀ ਬਨੇ। ਜਬਿ ਸੁਧਿ ਧਰਹਿਂ ਓਜ ਸੰਭਾਰਹਿਂ। ਆਯੁਧ ਬਿੱਦਯਾ ਮਹਿਂ ਹਿਤ ਧਾਰਹਿਂ ॥ ੨੪ ॥ ਜਿਮ ਜਿਮ ਬੈਸ ਬਡੀ ਹੁਇ ਜਾਈ। ਤਿਮ ਤਿਮ ਉਪਜਹਿ ਚਾਇ ਲਰਾਈ। ਘਨੋ ਘੋਰ ਸੰਘਰ ਘਮਸਾਨਾ। ਹਤਹਿਂ ਸ਼ੱਤ੍ਰ ਗਨ ਕੋ ਨਿਜ ਪਾਨਾ ॥ ੨੫॥ ਜੁੱਧ ਕਰਨਿ ਕੋ ਲਗਨ ਬਿਸਾਲ। ਜਿਸ ਮਹਿਂ ਉਤਪਤਿ ਭਾ ਸ਼ੁਭਬਾਲ[੭]। ਲਾਖਹੁਂ ਪਰੇ ਖੇਤ ਮਹਿਂ ਸੋਵੈਂ। ਇਸ ਸਿਸ ਕੇ ਕਰ[੮] ਅਸ ਰਣ ਹੋਵੈ॥ ੨੬ ॥ ਜੁੱਧ ਕਰਨਿ ਕੋ ਸੈਨ ਬਿਸਾਲਾ[੯] ।ਪਾਸ ਨ ਪਿਖੀਯਤਿ ਹੈ ਇਸ ਕਾਲਾ। ਮਹਾਂ ਤੇਜਸੀ ਰਣ ਪ੍ਰਿਯ ਹੋਵੈਂ। ਥਿਤਿ ਰਿਪੁ ਮਹਿਂ ਜਿਮ ਥੰਮ੍ਹ ਖਰੋਵੈ ॥੨੭॥ ਚਹੁੰਦਿਸ਼ਿ ਬਿਖੈ

[੧]ਮਾਲੀ, ਮਾਲਾਂ ਬਨਾਉਣ ਵਾਲੇ। [੨]ਜੋਤਸ਼ੀ। [੩]ਲਗਨ। [੪]ਹੱਥ ਦੀ ਤਲੀ ਤੇ। [੫]ਲਗਨ ਵਿੱਚ ਸਰਬ ਤੋਂ ਉੱਤਮ ਗੁਣ ਹਨ। [੬]ਮਾਮਾ ਕ੍ਰਿਪਾਲ ਜੀ। [੭]ਇਹ ਸ਼ੁਭ ਬਾਲ ਜੰਮਿਆਂ ਹੈ। [੮]ਹੱਥੋਂ। [੯]ਬਹੁਤੀ ਸੈਨਾਂ ਹੋਵੇਗੀ।

*ਇਹ ਗੁਰਮਤ ਨਹੀਂ ਦੇਖੋ ਸ਼੍ਰੀ ਗੁ: ਨਾ: ਪ੍ਰ: ਪੂਰਬਾਰਧ ਅਧਜਾਯ ੪ ਅੰਕ ੬੪ ਦੀ ਟੂਕ।

ਛਾਇ ਪਰਤਾਪ । ਹੁਕਮ ਕਰਹਿ ਬਡ ਸ਼ੱਤ੍ਰਨਿ ਖਾਪਿ । ਤਬਿ ਹੋਵਹਿੰਗੀ ਜੋ ਅਬਿ ਨਾਂਹੀ।ਧਰਮ ਸਥਾਪਹਿੰ ਸਭਿ ਜਗ ਮਾਂਹੀ ॥ ੨੮ ॥ ਦੋਹਰਾ ॥ ਹੁਇ ਕ੍ਰਿਪਾਲ,ਦਾਨੀ ਮਹਾਂ,ਜੋਧਾ,ਧੀਰ ਬਿਸਾਲ।ਬਿੱਦਯਾ ਮਹਿਂ ਪੰਡਿਤ ਚਤੁਰ, ਮਹਾਂ ਬਾਹੁ ਰਿਪੁ ਸਾਲ[੧] ॥੨੯॥ਮਹਾਂ ਜਿਤੇਂਦ੍ਰੈ, ਮਹਾਂ ਬੁਧਿ[੨], ਰਿਦੈ ਗੰਭੀਰ ਬਿਲੰਦ । ਸਭਿ ਜਗ ਨਰ ਸਿਰਮੌਰ ਹ੍ਵੈ ਸੋਢਿਬੰਸ* ਕੋ ਚੰਦ[੩]॥੩੦॥ਚੌਪਈ॥ ਇੱਤਯਾਦਿਕ ਗੁਨ ਬਹੁਤ ਸੁਨਾਏ । ਸਹਿਤ ਕ੍ਰਿਪਾਲ ਸਿੱਖਯ ਹਰਖਾਏ । ਦਿਯੋ ਬਿੱਪ੍ਰ ਕੋ ਦਰਬ ਘਨੇਰਾ । ਮੰਗਲ ਉਤਸਵ ਹੋਤਿ ਬਡੇਰਾ ॥ ੩੧ ॥ ਸੰਗਤਿ ਮਹਾਂ ਅਨੰਦ ਧਰਿ ਆਵੈ । ਅਨਿਕ ਭਾਂਤਿ ਭੇਟਨਿ ਅਰਪਾਵੈ । ਪਟਣੇ ਪੁਰਿ ਬਾਸੀ ਸਿਖਿ ਜੋਈ । ਪੰਚਾਂਮ੍ਰਿਤ ਕਰਿਵਾਵਹਿਂ ਤੇਈ ॥ ੩੨॥ ਸਹਿਤ ਭਾਰਜਾ ਪਹਿਰਿ ਸੁ ਅੰਬਰ।ਜਨੁ ਘਨ ਛਟਾ ਦਿਪਹਿ ਬਿਚ ਅੰਬਰ[੩]। ਉਤਸਵ ਕਰਤਿ ਸ਼ਬਦ ਕੋ ਗਾਵਤਿ। 'ਸ਼੍ਰੀ ਨਾਨਕ'ਕਹਿ ਸੀਸ ਨਿਵਾਵਤਿ ॥ ੩੩ ॥ ਥਿਰਹਿਂ ਦ੍ਵਾਰ ਅਰਦਾਸ ਕਰਾਵਹਿਂ। ਧਰਹਿਂ ਭਾਵਨਾ ਧਰ[੪] ਸਿਰ ਲਾਵਹਿਂ । ਨਗਰ ਬਿਸਾਲ ਸੁਨਹਿਂ ਨਰ ਜਯੋਂ ਜਯੋਂ । ਨਮਹੁ ਕਰਨਿ ਕੋ ਪਹੁੰਚਹਿਂ ਤਯੋਂ ਤਯੋਂ ॥੩੪॥ ਇਕ ਅਰਪਹਿਂ ਇਕ ਜਾਵਹਿਂ ਲੇਤੇ[੫] । ਸਤਿ- ਗੁਰੁ ਹੇਤੁ ਦਤਿ ਹੈਂ ਕੇਤੇ[੬] । ਬਨਕ ਧਨਾਢ ਮਿਲੈਂ ਗਨ ਆਏ । ਅਨਿਕ ਉਪਾਇਨ ਕੋ ਅਰਪਾਏ ॥ ੩੫ ॥ ਉਰ ਮਹਿਂ ਧਰਹਿਂ ਕਾਮਨਾ ਪਾਵਹਿਂ । ਆਇ ਜਾਤਿ[੭] ਮਗ ਸੁਜਸੁ ਅਲਾਵਹਿਂ।'ਸ਼੍ਰੀ ਗੁਰ ਤੇਗ ਬਹਾਦਰ ਪੂਰਾ।ਦੇਨਿ ਸ੍ਰਾਪ ਬਰ ਕੋ ਬਚ ਸੂਰਾ ॥ ੩੬ ॥ ਬਹੁ ਸਿੱਖਯਨਿ ਪਰ ਕੀਨਸਿ ਦਯਾ।ਮਨ ਬਾਂਛਤਿ ਸਭਿ ਕੋ ਬਰ ਦਯਾ । ਤਿਨ ਘਰ ਜਨਮਯੋਂ ਸਾਹਿਬਜ਼ਾਦਾ । ਰੱਛਕ ਸਿੱਖਯਨਿ ਦੇ ਅਹਿਲਾਦਾ[੮]॥੩੭॥ਸਰਬ ਰੀਤਿ ਸਮਰਥ ਗੁਰਦੇਵ।ਜਿਨਕੀ ਚਹਤਿ ਦੇਵਤਾ ਸੇਵ। ਦੋਨਹੁੰ ਲੋਕਨਿ ਬਿਖੇ ਸਹਾਇ।ਸ਼ਾਂਤਿ ਰਿਦਾ ਗੁਨਗਨ ਸਮੁਦਾਇ॥ ੩੮ ॥ ਕ੍ਰਿਪਾ ਠਾਨਿ ਆਇ ਇਤ ਦੇਸ਼ । ਘਰ ਪੰਜਾਬ ਸੁ ਦੂਰ ਬਿਸ਼ੇਸ਼।ਪੁਰਿ ਪਟਣੇ ਮਹਿਂ ਕੀਨਿ ਨਿਵਾਸ।ਕਰਯੋ ਕ੍ਰਿਤਾਰਥ ਸ਼੍ਰੀ ਗੁਨ ਰਾਸ ॥੩੯॥ਗਏ ਬਿਦੇਸ਼ ਆਇ ਹੈਂ ਦੇਸ਼।ਦਰਸ਼ਨ ਕਰਿ ਅਘ ਕਟਹਿਂ ਕਲੇਸ਼। ਹਮ ਲੋਕਨਿ ਕੇ ਭਾਗ ਜਗੇ ਹੈਂ।ਜਿਸ ਤੇ ਸ਼੍ਰੀ ਗੁਰ ਸੇਵ ਲਗੇ ਹੈਂ॥੪੦॥ਅਬਿ

[੧]ਰਿਪੂਆਂ ਨੂੰ ਸੱਲਣ ਵਾਲੇ। (ਅ ਰਿਪੁ+ਸ਼ਾਲਾ=ਯੁਧ ਭੂਮਿਕਾ (ਵਿਚ) । [੨]ਬੁਧਿਵਾਨ । (ਅ ਬੁਧ ਜੀ ਤੋਂ ਬੀ ਮਹਾਨ। [੩]ਮਾਨੋਂ ਅਕਾਸ਼ ਵਿਖੇ ਬੱਦਲਾਂ ਵਿੱਚ ਬਿਜਲੀ ਚਮਕਦੀ ਹੈ। [੪]ਧਰਤੀ ਤੇ। [੫]ਲਈ ਜਾਂਦੇ ਹਨ (ਪ੍ਰਸ਼ਾਦ)। [੬]ਕਈ । [੭]ਆਉਂਦੇ ਜਾਂਦੇ। [੮]ਅਨੰਦ ਦਾ ਦਾਤਾ।

*ਪਾ.–ਸੋਢਿ ਸਿੰਧੁ ।

ਸਤਿਗੁਰੁ ਕੇ ਸੁਤ ਇਹ ਭਯੋ। ਜਨੁ ਸਿੱਖਜਨਿ ਕੋ ਪੁੰਨ ਉਪਜਯੋ[1]। ਜਯੋਂ ਜਯੋਂ ਸੇਵ ਕਰਹਿਂ ਸੁਖ ਪਾਵਹਿਂ। ਤਯੋਂ ਤਯੋਂ ਦ੍ਵੈ ਲੋਕਨਿ ਹਰਖਾਵਹਿਂ ॥ ੪੧ ॥ ਹਮ ਨਿਜ ਪੁੱਤ੍ਰਨਿ ਜੁਤਿ ਦਰਸੈ ਹੈਂ। ਬਿਘਨ ਅਨੇਕਨਿ ਕੋ ਹਤ-ਵੈਹੈਂ[2]'। ਇੱਤਯਾਦਿਕ ਪਟਣੇ ਪੁਰਿ ਮਾਂਹੀ। ਕੀਰਤਿ ਕਰਹਿਂ ਸੁਭਾਗ ਸਰਾਹੀਂ ॥ ੪੨ ॥ ਕਿਤਿਕ ਨੇਮ ਕਰਿ ਹੋਵਤਿ ਭੋਰ[3]। ਆਇ ਦ੍ਵਾਰ ਪਰ ਦ੍ਵੈ ਕਰ ਜੋਰਿ। ਅਭਿਬੰਦਨ ਕਰਿ ਕਾਰ ਸੰਭਾਰਹਿਂ[4]। ਸੰਝ ਭਏ ਕਰਿ ਨਮੋ ਸਿਧਾਰਹਿਂ[5] ॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪਸੂਰਜ ਗ੍ਰਿੰਥੇ ਦ੍ਵਾਦਸ਼ਰਾਸੇ 'ਸ੍ਰੀ ਗੁਰੂ ਗੋਬਿੰਦ ਸਿੰਘ ਜਨਮ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥੧੨॥

## ੧੩. [ਅਵਤਾਰ ਦਾ ਉਤਸਾਹ।

ਦੋਹਰਾ ॥ ਸੋਢੀ ਕੁਲ ਭੂਖਨ ਜਨਮ ਪੂਸ ਮਾਸ[6] ਮਹਿਂ ਲੀਨ। ਹੁਤੀ ਸੁਦੀ ਥਿਤਿ ਸਪਤਮੀ ਸੁੰਦਰ ਸਮੈਂ ਸੁ ਚੀਨ॥੧॥ ਚੌਪਈ॥ ਜਾਮ ਜਾਮਨੀ ਜਬਿਹੂ ਜਾਨੀ। ਸੁਰ ਗਨ ਆਨ ਪ੍ਰਸ਼ੰਸਾ ਠਾਨੀ। ਬਿਥਰੀ ਸਰ ਸੁਗੰਧਿ ਪੁਰਿ ਸਾਰੇ।ਜਾਗਤਿ ਜੋ ਲਖਿ ਬਿਸਮੈ ਧਾਰੇ[7] ॥੨॥—ਅਸ ਸੌਰਭ[8] ਕਬਿ ਪ੍ਰਥਮ ਨ ਪਾਈ। ਇਹ ਔਚਕ ਅਬਿ ਕਿਤ ਤੇ ਆਈ?—।ਸ੍ਰੀ ਗੁਰ ਮਾਤ*ਨਾਨਕੀ ਤਬੈ। ਸ਼ਗਨ ਬਿਚਾਰ ਕਰਹਿ ਸ਼ੁਭ ਸਬੈ ॥੩॥—ਮਹਾਂ ਪੁਰਸ਼ ਮਮ ਸੁਤ ਕੇ ਹੋਵਾ। ਜਿਸ ਕੇ ਜਨਮਾਤ ਸ਼ੁਭ ਹੀ ਜੋਵਾ—। ਪਤਿ ਕੇ ਬਾਕ ਬਿਚਾਰਨ ਕਰਤੀ[9]।—'ਕੁਲ ਦੀਪਕ ਉਪਜਹਿ' ਮੁਦ ਧਰਤੀ॥੪॥ 'ਸ੍ਰੀ ਨਾਨਕ ਕਹੁ ਉੱਜਲ ਨਾਮੂ।ਕਰਹਿ ਜਗਤ ਸਭਿ ਮਹਿਂ ਅਭਿਰਾਮੂ'। ਇਮ ੨ ਸੰਨ ਹੁਇ ਭਾਖਯੋ ਮੋਹੀ।ਸਾਚ ਬਚਨ ਨਿਸ਼ਚੈ ਤਿਨ ਹੋਹੀ—॥੫॥ਅਤਿ ਅਨੰਦ ਕਰਤੀ ਮਨ ਮਾਹੂੰ। ਸੁਧਿ ਕੋ ਪਠਨਿ ਹੇਤੁ ਸੁਤ ਪਾਹੂੰ। ਕਰੀ ਪੱਤ੍ਰਿਕਾ ਤਬਹਿ ਲਿਖਾਵਨਿ। 'ਤੁਮ ਘਰ ਨੰਦਨ ਨਿਪਜਯੋ ਪਾਵਨ ॥ ੬ ॥ ਭਏ ਸ਼ਗੁਨ ਇਹ ਸਮੈ ਘਨੇਰੇ। ਜੋ ਪ੍ਰਮੋਦ ਦਾ ਅਹੈਂ ਬਡੇਰੇ।ਕ੍ਰਿਪਾ ਕੀਨਿ ਸ੍ਰੀ ਨਾਨਕ ਮਹਾਂ। ਭਈ ਕਾਮਨਾ ਪੂਰਨ ਇਹਾਂ ॥ ੭ ॥ ਅਬਿ ਸੁੰਦਰ ਲਾਗਹਿ ਨਿਜ ਭਵਨੂੰ। ਇਤ ਕੋ ਕਰਹੁ ਆਪ ਆਗਵਨੂੰ'। ਇਮ ਲਿਖਿ ਕਰਿ ਤਤਕਾਲ ਪਠਾਵਾ। 'ਪਹੁੰਚਹੁ ਬਿਨ ਬਿਲੰਬ' ਤਿਸ ਗਾਵਾ[10]॥੮॥ਹੁਤੇ ਜਹਾਂ ਸ੍ਰੀ ਤੇਗ਼

---

[1]ਪੁੰਨ ਕੀਤਾ ਹੋਇਆ ਪੈਦਾ ਹੋਇਆ ਹੈ। [2]ਨਾਸ਼ ਕਰਾਵਾਂਗੇ। [3]ਸਵੇਰ ਹੁੰਦਿਆਂ। [4]ਨਮਸਕਾਰ ਕਰਕੇ ਸੇਵਾ ਦੀ ਕਾਰ ਕਰਦੇ ਹਨ। (ਅ) ਮੱਥਾ ਪਹਿਲੇ ਟੇਕ ਕੇ ਫੇਰ ਆਪਣਾ ਕਾਰੋਬਾਰ ਕਰਦੇ ਹਨ। [5]ਭਾਵ ਸਵੇਰੇ ਬੀ ਤੇ ਸੰਝਾਂ ਨੂੰ ਬੀ। [6]ਪੋਹ ਦੇ ਮਹੀਨੇ। [7]ਅਸਚਰਜ ਹੋਏ। [8]ਸੁਗੰਧੀ। [9]ਮਾਤਾ ਜੀ ਯਾਦ ਕਰਦੇ ਹਨ। [10]ਤਿਸ ਨੂੰ ਕਿਹਾ। *ਪਾ:—ਮਾਤਾ ਬਡੀ।

ਬਹਾਦਰ। ਤੂਰਨ ਗਯੋ ਪਹੁੰਚਿ ਭਾ ਹਾਦਰ। ਬਹੁ ਉਤਸਵ ਸਗਰੇ ਦਲ ਭਯੋ। ਬਿਸ਼ਨ ਸਿੰਘ ਰਾਜੇ ਮੁਦ ਕਿਯੋ ॥੯॥ ਤਿਹ ਸਿਖ ਕੋ ਗੁਰ ਬਖਸ਼ਿਸ਼ ਦੀਨਿ।ਲੋਕ ਪ੍ਰਲੋਕ ਸੁਖੀ ਬਹੁ ਕੀਨਿ। ਪੁਨਹਿੰ ਪੱਤ੍ਰਿਕਾ ਆਪ ਲਿਖਾਈ। 'ਦੇਸ਼ ਕਾਮਰੂ ਹਮ ਅਬਿ ਜਾਈ ॥੧੦॥ ਨ੍ਰਿਪ ਕੋ ਕਾਜ ਜਬੈ ਬਨਿ ਜਾਇ। ਤਬਿ ਹਮ ਆਵਹਿੰਗੇ ਇਸ ਥਾਇੰ। ਪ੍ਰਿਤਪਾਰਹੁ ਤੁਮ ਸਾਹਿਬਜ਼ਾਦਾ। ਕਰਹੁ ਦੁਲਾਰਨਿ ਧਰਿ ਅਹਿਲਾਦਾ'॥੧੧॥ਪਠੀ ਪੱਤ੍ਰਿਕਾ ਪਟਣੇ ਆਈ। ਜਹਾਂ ਅਨਿਕ ਬਿਧਿ ਹੋਤਿ ਬਧਾਈ। ਇਮ ਪ੍ਰਸੰਗ ਨੌਮੇ ਪਤਿਸ਼ਾਹੂ। ਸੁਨਹੁ ਜਨਮ ਕੋ ਅਬਿ ਉਤਸਾਹੂ:-॥੧੨॥ ਮਾਤ ਨਾਨਕੀ ਬ੍ਰਿਧਾ ਬਡੇਰੀ। ਰਛਹਿ ਅਨਿਕ ਪ੍ਰਕਾਰ ਘਨੇਰੀ। ਸ੍ਰੀ ਨਾਨਕ ਆਦਿਕ ਗੁਰ ਨਾਮੂ। ਲੇ ਮੁਖ ਤੇ ਇਤ ਉਤ ਫਿਰ ਧਾਮੂ ॥ ੧੩ ॥ 'ਨਾਨਾਂ ਭਾਂਤਿ ਬਿਘਨ ਸਮੁਦਾਇ। ਸਕਲ ਬਿਨਾਸਹੁ ਬਨਹੁ ਸਹਾਇ। ਮਮ ਪੋਤ੍ਰ ਕੀ ਰੱਛਨਾ ਧਰੀਅਹਿ। ਚੰਦ ਮਨਿੰਦ ਬਿਲੰਦਹਿ[੧] ਕਰੀਅਹਿ' ॥੧੪॥ ਲਗਨ ਜੋਤਕੀ[੨] ਲਿਖਿ ਲੇ ਗਯੋ। ਬਹੁ ਦਿਨ ਭਲੇ ਬਿਚਾਰਤਿ ਭਯੋ।ਲਿਖੀ ਜਨਮ ਪੱਤ੍ਰੀ ਗਿਨਿ ਸੋਧਿ। ਜਿਸ ਕੇ ਉਰ ਗ੍ਰੈਹ ਰਾਸ਼ੀ ਬੋਧ[੩] ॥ ੧੫ ॥ ਕਿਤਿਕ ਦਿਵਸ ਮਹਿੰ ਬਹੁਰ ਬੁਲਾਯਹੁ। ਮਾਤ ਨਾਨਕੀ ਨਿਕਟਿ ਬਿਠਾਯਹੁ। ਆਦਿ ਕ੍ਰਿਪਾਲ ਮਹਾਂ ਮਤਿਵੰਤੇ। ਬੈਠੇ ਆਨਿ ਸਮੂਹ ਸੁਨੰਤੇ॥ ੧੬ ॥ 'ਪੋਖ ਮਾਸ ਕੋ ਪੱਖ ਸੁਕਲ ਹੈ। ਸਪਤਮ ਥਿਤ ਕੋ ਸਮੈਂ ਸੁਕਲ ਹੈ[੪]। ਆਦਿਤਵਾਰ[੫] ਜਾਮਨੀ ਜਾਮੂ। ਭਯੋ ਜਨਮ ਬਾਲਿਕ ਬਲ ਧਾਮੂ ॥ ੧੭ ॥ ਪਰੇ ਲਗਨ ਮਹਿੰ ਗ੍ਰੈਹ ਦੇ ਮੰਗਲ[੬]। ਉਚ ਕੇ ਸੂਰਜ ਸ਼ਨਿ ਕਵਿਮੰਗਲ[੭]। ਲਾਭ ਸਥਾਨ ਆਇ ਗ੍ਰਿਹ ਆਛੇ। ਪੂਰਨ ਦ੍ਰਿਸ਼ਟਿ ਬਿਲੋਕਤਿ ਬਾਂਛੇ'[੮]* ॥੧੮॥ ਜਨਮ ਕੁੰਡਲੀ ਜਿਮ ਅਵਤਾਰਨਿ। ਤਿਮ ਲਖੀਯਤਿ ਪ੍ਰਤਾਪ ਬਡ ਕਾਰਨ। ਐਸ਼੍ਵਰਜ ਵਧਹਿ

---

[੧]ਵੱਡਾ। [੨]ਜੋਤਸ਼ੀ। [੩]ਗ੍ਰੈਹ ਤੇ ਰਾਸਾਂ ਦੀ ਸਮਝ ਹੈਸੀ। [੪]ਆਨੰਦ ਦਾ ਸਮਾਂ ਹੈ। [੫]ਐਤਵਾਰ। [੬]ਲਗਨ ਵਿਚ ਮੰਗਲ ਦੇਣ ਵਾਲੇ ਗ੍ਰਹਿ ਪਏ ਹਨ। [੭]ਉੱਚੇ ਥਾਂ ਆਏ ਹਨ ਸੂਰਜ, ਸ਼ਨੀ, ਸ਼ੁਕਰ ਤੇ ਮੰਗਲ। [੮] ਗ੍ਰੈਹ ਇਹ ਚਾਹੁੰਦੇ ਹਨ ਕਿ (ਕ੍ਰਿਪਾ) ਦ੍ਰਿਸ਼ਟੀ ਨਾਲ ਅਸਾਂ ਵਲ ਤੱਕੋ।

*ਇਥੇ ਲਗਨਾਂ ਤੇ ਕੁੰਡਲੀ ਦਾ ਜ਼ਿਕਰ ਤਾਂ ਹੋ ਰਿਹਾ ਹੈ ਪਰ ਗ੍ਰੈਹਾਂ ਉਤੇ ਗੁਰੂ ਜੀ ਦੀ ਮਹੱਤਤਾ ਸਮਝ ਲੈਣੀ ਚਾਹੀਏ ਕਿ ਕਵੀ ਜੀ ਦੱਸਦੇ ਹਨ ਕਿ ਗ੍ਰੈਹ ਆਪਣੇ ਉਪਰ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਦੀ ਵਾਂਛਾ ਕਰ ਰਹੇ ਹਨ।

ਅਨੇਕ ਪ੍ਰਕਾਰਾ। ਜਿਸ ਕੋ ਪਈਅਤਿ ਨਹੀਂ ਸ਼ੁਮਾਰਾ॥੧੯॥ ਸਿੰਧੁ ਮੇਖ਼ਲਾ ਅਵਿਨੀ ਜੇਤੀ[੧]।ਜਸੁ ਪ੍ਰਤਾਪ ਤੇ ਪੂਰਹਿ ਤੇਤੀ। ਰਾਮਚੰਦ ਮਾਨਿੰਦੇ ਜੋਧਾ। ਕ੍ਰਿਸ਼ਨ ਸਮਾਨ ਰਿਪੁਨਿ ਪਰ ਕ੍ਰੋਧਾ॥ ੨੦॥ ਜਿਮ ਬਲ ਛਲਿਬੇ ਬਾਵਨ ਭਯੋ। ਤਨ ਕੋ ਤਨਕ ਆਪਨੋ ਕਿਯੋ। ਬਹੁਰ ਬਧਾਯੋ ਬਪੁਖ ਬਿਲੰਦ*। ਅਪਰ ਨ ਕੋ ਭਾ ਜਿਸ ਮਾਨਿੰਦ[੨]*॥ ੨੧॥ ਤਿਮੁ ਲਘੁ ਐਸੂਰਜ ਅਬੈ ਪ੍ਰਤਾਪੁ। ਜਬੈ ਸੰਭਾਰਹਿ ਅਪਨੋ ਆਪੁ। ਤਤਛਿਨ ਦੋਨਹੁਂ ਕੋ ਬਿਰਧਾਵੈ। ਜਿਸ ਕੋ ਪਾਰ ਨਹੀਂ ਕੋ ਪਾਵੈ' ॥੨੨॥ ਇੱਤਜਾਦਿਕ ਸ਼ੁਭ ਗੁਨ ਸਮੁਦਾਏ। ਗਿਨਤੀ ਕਰਿ ਜੋਤਸ਼ੀ ਬਤਾਏ। ਬਹੁ ਧਨ ਸਾਦਰ ਦੀਨਸਿ ਮਾਤਾ। ਲੇ ਦਿਜ ਆਸ਼ਿਖ ਦੇ ਹਰਖਾਤਾ॥ ੨੩॥ 'ਚਿਰੰਜੀਵ ਹੁਇ ਸਾਹਿਬਜ਼ਾਦਾ। ਦੇ ਪਰਵਾਰਹਿਂ ਬਹੁ ਅਹਿਲਾਦਾ'। ਪੀਛੇ ਮਾਤ ਨਾਨਕੀ ਹਰਖਤਿ। ਸ਼ੁਭ ਲੱਛਨ ਪੌਤ੍ਰੇ ਮਹਿਂ ਪਰਖਤਿ॥ ੨੪॥ ਲੇ ਨਿਜ ਅੰਕ ਦੁਲਾਰਹਿ ਘਨੀ। ਪਿਖਿ ਪਿਖਿ ਮੁਖ ਸਨੇਹ ਕੇ ਸਨੀ। ਖਸ਼ਟੀ[੩] ਆਦਿਕ ਜੋਗ ਜਿਤੇਕ।ਕਰੇ ਜਥਾ ਬਿਧਿ ਹੁਤੇ ਤਿਤੇਕ॥ ੨੫॥ ਅੰਤਰ ਰਾਖਹਿ ਰੱਛਨਾ ਕਰਤੇ। ਆਇ ਰੰਕ ਜੋ ਜਾਚਹਿ ਦਰ ਤੇ। ਛੂਛਾ ਨਹੀਂ ਜਾਨਿ ਕੋ[੪] ਦੀਨਾ। ਮਧੁਰ ਗਿਰਾ ਕਹਿ ਦੇਬੋ ਕੀਨਾ॥ ੨੬॥ ਪੁਰਿ ਮਹਿਂ ਜਸੁ ਪਸਰਯੋ ਜਹਿਂ ਕਹਾਂ। ਦਾਨ ਭਯੋ ਗੁਰ ਘਰ ਤੇ ਮਹਾਂ। ਬਧ ਸ਼੍ਰੀ ਤੇਗ ਬਹਾਦਰ ਜੋਈ। ਬਡੀ ਭਈ ਸੁਤ ਭਯੋ ਨ ਕੋਈ॥ ੨੭॥ ਅਤਿ ਚਾਹਤਿ ਕੈ ਉਪਜਯੋ ਨੰਦਨ। ਸਭਿ ਪਰਿਵਾਰ ਕਰਹਿਂ ਅਭਿਨੰਦਨ[੫]।ਇਕ ਦਿਨ ਮਾਤ ਨਾਨਕੀ ਗਿਨੀ। ਸਾਥ ਕ੍ਰਿਪਾਲ ਬਾਰਤਾ ਭਨੀ॥ ੨੮॥ 'ਸੰਮਤ ਸੋਲਹਿਂ ਸਯਾ ਅਠੱਤਰ। ਮੱਘਰ ਦੁਤੀਯਾ ਸੂਰ ਅਨੁੱਤਰ[੬]। ਤਬਿ ਮਮ ਨੰਦਨ[੭] ਜਨਮ ਲਏ ਹੈਂ। ਅਬਿ ਪੈਂਤਾਲਾ ਬਰਖ ਭਏ ਹੈਂ॥ ੨੯॥ ਸੰਮਤ ਸੱਤ੍ਰਹ ਸੈ ਅਬਿ ਚੀਨ। ਊਪਰ ਬੀਤੇ ਬੀਸਹੁ ਤੀਨ[੮]। ਸ਼੍ਰੀ ਨਾਨਕ ਕੀ ਕ੍ਰਿਪਾ ਉਦਾਰਾ। ਜਿਸ ਤੇ ਸੁਤ ਕੇ ਪੁੱਤ੍ਰ

---

[੧]ਸਾਰੀ ਧਰਤੀ। [੨]ਜਿਸ ਦੇ ਤੁੱਲ ਛੋਟੇ ਤੋਂ ਲੰਮਾ ਹੋਣ ਵਿਚ ਹੋਰ ਕੋਈ ਨਹੀਂ ਹੋਇਆ; ਕਵਿ ਜੀ ਇਸ ਛੋਟੇ ਤੋਂ ਲੰਮੇ ਹੋਣ ਦੀ ਉਪਮਾ ਗੁਰੂ ਜੀ ਦੇ ਪ੍ਰਤਾਪ ਨਾਲ ਦੇ ਰਹੇ ਹਨ। [੩]ਛਟੀ। [੪]ਕੋਈ। [੫]ਅਨੰਦ। [੬]ਸੂਰਜ ਦੱਖਣ ਵਿਚ ਸੀ। [੭]ਸ਼੍ਰੀ ਤੇਗ ਬਹਾਦਰ ਜੀ। [੮]੧੭੨੩।

*ਇਕ ਲਿਖਤੀ ਨੁਸਖ਼ੇ ਵਿਚ ਇਹ ਦੋ ਤੁਕਾਂ ਨਹੀਂ ਹਨ, ਪਰ ਚੌਪਈ ਦੇ ਚਾਰ ਚਰਨ ਪੂਰੇ ਕਰਨ ਵਾਸਤੇ ਅਗੋਂ ੨੨ ਅੰਕ ਦੇ ਅਖੀਰ ਇਹ ਦੋ ਤੁਕਾਂ ਦਿੱਤੀਆਂ ਹਨ:–

ਸ਼੍ਰੀ ਪਰਮਾਤਮ ਤੱਤ ਸਰੂਪ। ਭਗਤ ਰੱਛ ਤਨ ਧਰਹਿਂ ਅਨੂਪ।

ਨਿਹਾਰਾ' ॥ ੩੦ ॥ ਅਸ਼ਟ ਜੋਗਨੀ ਕਹੁ ਅਭਿਖੇਕਾ[1]। ਸੁਤ ਕੀ ਕੁਸ਼ਲ[2] ਜਾਚਿ,ਸਿਰ ਟੇਕਾ। ਪੰਚਾਂਮ੍ਰਿਤ ਸਮੂਹ ਕਰਿਵਾਯੋ। ਸਭਿ ਸਿੱਖਨਨਿ ਕੇ ਘਰ ਪਹੁੰਚਾਯੋ॥ ੩੧ ॥ ਦੇਤਿ ਲੇਤਿ ਕੇ ਰਿਦੇ ਅਨੰਦ। 'ਅਤਿ ਚਾਹਤਿ ਕੈ ਉਪਜਯੋ ਨੰਦ।ਸ਼੍ਰੇਯ ਸਹਤਿ ਹੁਇ ਉਮਰ ਦਰਾਜ਼[3]।ਲਹਹੁ ਅਨੰਦ ਬਿਲੰਦ ਸਮਾਜ ॥ ੩੨ ॥ ਸ੍ਰੀ ਗੁਜਰੀ ਸ਼ੁਭ ਮਤਿ ਗੁਰੁ ਘਰਨੀ। ਚਿਰੰਕਾਲ ਸੁਤ ਬਾਂਛਾ ਧਰਨੀ। ਸ੍ਰੀ ਪਰਮੇਸ਼ੁਰ ਪੂਰਨ ਕਰੀ। ਬਿਚ ਪਰਦੇਸ਼ ਆਇ ਪੁਰਿ ਥਿਰੀ ॥ ੩੩ ॥ ਭਈ ਪ੍ਰਸੂਤ ਸੁਪੂਤ ਨਿਹਾਰਾ। ਚਿਰਜੀਵਹੁ ਸਤਿਗੁਰੂ ਕੁਮਾਰਾ।ਦੇਖਿ ਬਿਲੋਚਨ ਕੋ ਸਿਯਰਾਤੀ।ਹੁਇ ਅਨੰਦ ਤੇ ਸੀਤਲ ਛਾਤੀ' ॥ ੩੪ ॥ ਇੱਤਯਾਦਿਕ ਬੋਲਤਿ ਨਰ ਨਾਰੀ। ਉਤਸਵ ਤੇ ਪ੍ਰਮੋਦ ਰਿਦ ਭਾਰੀ। ਮਾਤਾ ਬਡੀ ਨਾਨਕੀ ਤਬੈ। ਰੱਛਾ ਕੇ ਉਪਾਵ ਕਰਿ ਸਬੈ ॥ ੩੫ ॥ ਦਿਨ ਪ੍ਰਤਿ ਮੰਗਲ ਰਚਤਿ ਬਿਸਾਲਾ। ਆਇੰ ਹਜ਼ਾਰਹੁੰ ਪੁਰਿ ਕੀ ਬਾਲਾ[4]। ਮਨ ਭਾਵਤਿ ਗਾਵਤਿ ਸ਼ੁਭ ਗੀਤ।ਦਰਸਹਿੰ ਬਾਲਿਕ ਪਰਮ ਪੁਨੀਤ॥੩੬॥ ਬੰਦਨ ਕਰਹਿੰ ਦੂਰ ਤੇ ਖਰੀ।ਕਰਹਿੰ ਸਰਾਹਨਿ 'ਸੂਰਤ ਖਰੀ'।ਦਿਨ ਪ੍ਰਤਿ ਮਾਤ ਕਰਾਇ ਸ਼ਨਾਨਾ। ਪਟ ਸੋਂ ਪੋਂਛਤਿ ਪ੍ਰੇਮ ਮਹਾਨਾ ॥ ੩੭ ॥ ਸੂਧੀ ਕਰ ਪਗ ਕੀ ਅੰਗੁਰੀਨ[5]। ਮ੍ਰਿਦੁਲ ਕੋਕਨਦ ਪੰਖਰੀ ਚੀਨ। ਦਿਪਹਿੰ ਪੁਨਰਭੂ ਮਾਨਿਕ ਜੈਸੇ[6]। ਪਦਮਾਲਯ[7] ਜਟਤੀ ਹੁਇ ਵੈਸੇ ॥ ੩੮ ॥ ਜਿਨ ਕੇ ਧਯਾਨ ਕਰੇ ਅਘ ਜਾਇੰ। ਪਰੇ ਕਰਤਿ ਚੰਚਲ ਕਰ* ਪਾਇ। ਸ੍ਰੀ ਗੁਰ ਤੇਗ ਬਹਾਦਰ ਜਾਤੇ। ਨਾਮ ਗਏ ਧਰ ਪ੍ਰਥਮ ਬਖਯਾਤੇ ॥ ੩੯ ॥ ਪੂਰਬ ਜਨਮ ਬ੍ਰਿੱਤੰਤ ਬਿਚਾਰਿ।ਸ੍ਰੀ ਗੁਜਰੀ ਪ੍ਰਤਿ ਕੀਨਿ ਉਚਾਰ। ਸੋ ਧਰਿ ਨਾਮ ਹਕਾਰਨ ਕਰਤਿ। ਬਾਰ ਬਾਰ ਬੋਲੈ[8] ਹਸ ਪਰਤਿ॥ ੪੦ ॥ ਬਾਚ[9] ਅਕਾਲ ਪੁਰਖ ਤੇ ਅਏ। 'ਗੋ' ਧਰ ਮਹਿੰ, 'ਬਿੰਦ' ਪ੍ਰਾਪਤਿ ਭਏ[10]। ਯਾਂਤੇ ਗੋਬਿੰਦ ਨਾਮ ਉਚਾਰਾ। ਜੋ ਹੁਇ ਚਹੁੰ ਕੁੰਟਨਿ ਬਿਸਤਾਰਾ ॥ ੪੧ ॥ ਸਿੰਘ ਜੁ ਪਦ

---

[1]ਪੂਜਿਆ। [2]ਸੁੱਖ। [3]ਲੰਬੀ। [4]ਇਸਤ੍ਰੀਆਂ। [5]ਹੱਥਾਂ ਪੈਰਾਂ ਦੀਆਂ ਉਂਗਲੀਆਂ। [6]ਨਖ਼ ਚਮਕਦੇ ਹਨ ਮਣੀਆਂ ਵਾਂਗ [ਸੰਸ:, ਪੁਨਰਭਵ=ਨਹੁੰ]। [7]ਮਾਨੋ ਲੱਛਮੀ ਦੀ ਹੀ ਜੜਤ ਕੀਤੀ ਹੋਈ ਹੈ। [ਸੰਸ:, ਪਦਮ=ਕਵਲ ਆਲਯ=ਘਰ। ਪਦਮਾਲਯ=ਲੱਛਮੀ। ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾ: ਅਧ੍ਯਾ: ੧ ਅੰਕ ੨੦ 'ਬਸੈ ਰਮਾ ਸਾਜ ਕੁਟੀ ਸੀ']। ਜੇ ਪਾਠ 'ਪਦਮ ਰਾਗ' ਹੋਵੇ ਤਾਂ ਹੀਰੇ ਅਰਥ ਬਣੇਗਾ। [8]ਬੁਲਾਵਣ ਤੇ। [9]ਬਾਣੀ ਨਾਲ। [10]ਗੋ=ਪ੍ਰਿਥਵੀ ਵਿਖੇ। ਬਿੰਦ=ਪ੍ਰਾਪਤ ਹੋਏ।

*ਪਾ —ਉਰ।

ਦੇਵੀ ਨੇ ਦੀਨਿ*। ਰਾਖਸ਼ ਹਤੇ ਕਰੋਰਹੁੰ ਚੀਨਿ। ਗੁਰ ਸ੍ਰੀ ਨਾਨਕ ਜੋਤਿ ਮਿਲਏ। ਯਾਂਤੇ 'ਗੁਰ ਗੋਬਿੰਦ ਸਿੰਘ' ਭਏ ॥ ੪੨ ॥ ਧਰਿ ਹਾਥਨਿ ਪਰ ਕੈ ਬਿਚ ਗੋਦ। ਬਾਰਹਿ ਬਾਰ[1] ਕਰਹਿਂ ਪਰਮੋਦ। ਮੁਖ ਅਰਬਿੰਦ ਹਸਾਵਨਿ ਕਰੈਂ। ਲਾਲਤਿ ਬਹੁ ਬਿਧਿ ਤੇ ਮੁਦ ਧਰੈਂ ॥੪੩॥ ਸਾਸੁ ਨੁਖਾ ਜਨੋਂ ਜੀਵਨ ਮਨਿ ਹੈਂ[2]। ਦੇਖਤਿ ਪਾਲਤਿ ਆਨੰਦ ਮਨ ਹੈਂ। ਦੋਨਹੁੰ ਰੱਛਨਾ ਕਰਤਿ ਬਡੇਰੇ। ਨਯਨ ਪਲਕ ਨਜਾਈ ਬਹੁ ਬੇਰੇ[3] ॥ ੪੪ ॥ ਦਿਨ ਪ੍ਰਤਿ ਸੁੰਦਰ ਵਧਹਿ ਸਰੀਰ। ਦਾਦੀ ਬ੍ਰਿਧਾ ਰਹੈ ਨਿਤ ਤੀਰ। ਕਵਿ ਸੰਤੋਖ ਸਿੰਘ ਬਲਿ-ਹਾਰੀ। ਜਿਸ ਗੁਰ ਅਪਦਾ ਹਰੀ ਹਮਾਰੀ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਗੁਰੂ ਗੋਇੰਦ ਸਿੰਘ ਜਨਮ' ਪ੍ਰਸੰਗ ਬਰਨਨੰ ਨਾਮ ਤ੍ਰੋਦਸ਼ਮੋ ਅੰਸੂ ॥੧੩॥

## ੧੪. [ਕੁਹਰਾਮ ਦਾ ਭੀਖਣ ਸ਼ਾਹ]

ਦੋਹਰਾ॥ ਪੁਰਿ ਕੁਹਰਾਮ[4] ਬਿਖੈ ਹੁਤੋ ਸ਼ਾਹੁ ਭੀਖ ਜਿਸ ਨਾਮ। ਨਿਜ ਮੁਰਸ਼ਿਦ ਕੇ ਢਿਗ ਰਹਤਿ ਠਸਕੇ[5] ਗ੍ਰਾਮ ਸੁ ਧਾਮ ॥੧॥ ਚੌਪਈ ॥ ਜਿਸ ਦਿਨ ਸ੍ਰੀ ਗੁਰ ਜਗ ਬਿਦਤਾਬੇ। ਲੋਕ ਮ੍ਰਿਯਾਦ ਹੇਤੁ ਪ੍ਰਭੁ ਆਏ। ਭਈ ਪ੍ਰਤਿ ਉਰ ਮਹਿਂ ਲਖਿ ਭੀਖਾ—ਅਵਤਰਿਓ ਨਰ ਬਰ ਦੇ ਸੀਖ[6] ॥੨॥ ਤੁਰਕਨਿ ਕੁਮਤਿ ਕਰੀ ਹੈ ਕੂਰੇ[7]। ਕ੍ਰੋਧੀ ਕੁਤਸਤ ਕਰਮਨਿ ਕ੍ਰੂਰੇ[8]। ਤਿਨਕੋ ਤੇਜ ਨਾਸਿਬੇ ਹੇਤੂ। ਧਰਯੋ ਦੇਹ ਗੁਰੁ ਤਾਪ ਦਲੇਤ[9]— ॥੩॥ ਬ੍ਰਿੰਦੋ ਮੁਰੀਦ ਬੀਚ ਤਬਿ ਬੈਸਾ। ਭਯੋ ਸੰਕਲਪ ਰਿਦੇ ਤਬਿ ਐਸਾ। ਤਤਛਿਨ ਉਠਯੋ ਅਪਰ ਸਭਿ ਤਯਾਗੇ। ਪੂਰਬ ਦਿਸ਼ਿ ਮੁਖ ਕਰਿ ਅਨੁਰਾਗੇ[10] ॥ ੪ ॥ ਮੂੰਦਿ ਬਿਲੋਚਨ ਧਰਿ ਉਰ ਧਯਾਨਾ। ਸਾਦਰ ਹਾਥ ਬੰਦਿ ਥਿਤ ਥਾਨਾ। ਮਨ ਮਹਿਂ ਕੀਨਿ ਬੰਦਗੀ ਘਨੀ। ਪਰਮ ਪ੍ਰੇਮ ਆਤੁਰਤਾ ਸਨੀ[11] ॥੫॥ ਨੰਮ੍ਰਿ ਹੋਇ ਧਰ[12] ਸਿਰ ਧਰਿ ਦੀਨਾ। ਕੁਨਸਾ ਕੀਨਸਿ ਤੀਨ[13] ਪ੍ਰਬੀਨਾ। ਉਤਫੁਲ ਲੋਚਨ[14] ਹੁਇ ਕਰਿ ਬੈਸਾ। ਜਨਮ ਰੰਕ ਪਾਰਸ

---

[1]ਬਾਰ ਬਾਰ। [2]ਜੀਵਨਮਣੀ ਵਤ ਨੋਂਹ ਤੇ ਸੱਸ (ਸੰਭਾਲਕੇ ਰਖਦੀਆਂ ਹਨ)। (ਅ) ਅਪਣਾ ਜੀਵਨ ਮੰਨਦੀਆਂ ਹਨ (ਉਨ੍ਹਾਂ ਨੂੰ)। [3]ਜਿਵੇਂ ਪਲਕਾਂ ਭਵਾਂ ਦੀ ਰੱਖਿਆ ਕਰਦੀਆਂ ਹਨ ਹਰ ਵੇਲੇ। [4]ਇਹ ਟਿਕਾਣਾ ਪਟਯਾਲਾ ਰਿਆਸਤ ਵਿਖੇ 'ਘੁੜਾਮ' ਨਾਮ ਕਰਕੇ ਪ੍ਰਸਿੱਧ ਹੈ। [5]ਇਹ ਗ੍ਰਾਮ ਜ਼ਿਲਾ ਕਰਨਾਲ ਦੀ ਥਾਨੇਸਰ ਤਹਸੀਲ ਵਿਚ ਹੈ। [6]ਪੁਰਸ਼ਾਂ ਨੂੰ ਸ੍ਰੇਸ਼ਟ ਸਿੱਖਿਆ ਦੇਣ ਲਈ। [7]ਕੂੜੇ। [8]ਕ੍ਰੋਧੀ ਨਿੰਦਿਤ ਕਰਮ ਤੇ ਭਯਾਨਕ ਕਰਮਾਂ ਦੇ ਕਰਨੇ ਵਾਲੇ ਹੋ ਗਏ ਹਨ। [9]ਲੈਕੇ। [10]ਪ੍ਰੇਮ ਕਰਕੇ। [11]ਦੀਨਤਾ ਸਹਿਤ। [12]ਧਰਤੀ ਤੇ। [13]ਸਿਜਦਾ ਕੀਤਾ ਤਿੰਨ ਵਾਰ। [ਫਾ:ਕੋਰਨਿਸ਼=ਝੁਕ ਕੇ ਸਲਾਮ ਕਰਨਾ]। [14]ਭਾਵ ਨੇਤ੍ਰ ਖਿੜਾਕੇ [ਸੰਸ:, ਉਤ੍ਫੁਲ੍ਲ=ਵਿਕਾਸ਼ੁ]। *ਨਾਮ ਨਾਲ ਸਿੰਘ ਪਦ ਲਗਾਉਣਾ ਗੁਰੂ ਜੀ ਦਾ ਆਪਣਾ ਹੁਕਮ ਹੈ। ਦੇਵੀ ਵੱਲੋਂ ਮਿਲਨਾ ਕਹਿਣਾ ਇਕ ਕਲਪਨਾ ਮਾਤ੍ਰ ਹੈ।

ਲਿਯ ਜੈਸਾ ॥ ੬॥ ਦੇਖਿ ਮੁਰੀਦ ਅਖਿਲ ਬਿਸਮਾਨੇ ।–ਕਹਾਂ ਕੀਨ ਇਹ ਪੀਰ ਸਯਾਨੇ ।ਇਤਿ ਦਿਸ਼ਿ ਕਿਸ ਕੋ ਸੀਸ ਨਿਵਾਯੋ।ਜਥਾ ਪ੍ਰਾਤਿ ਹਿੰਦੁਨਿ ਕੋ ਭਾਯੋ[1] ॥ ੭ ॥ ਪਸ਼ਚਮ ਦਿਸ਼ਿ ਕੋ ਪ੍ਰਿਸ਼ਟੀ ਫੇਰਿ[2] । ਭਏ ਨੈਮ੍ਰਿ ਔਚਕ ਕਲਾ ਹੇਰਿ–। ਹਾਥ ਜੋਰਿ ਪੂਛਤੋ ਪੁਨ ਭੀਖ। 'ਪ੍ਰਥਮ ਨ ਤੁਮਰੀ ।ਇਹ ਬਿਧਿ ਦੀਖ[3]॥੮॥ਉਠਹਿਂ ਪ੍ਰਾਤਿ ਹਿੰਦੂ ਕਰ ਜੋਰਿ। ਬੰਦਨ ਕਰਹਿਂ ਸਕਲ ਇਤ ਓਰ।ਹਮ ਪਸ਼ਚਮ ਦਿਸ਼ਿ ਸੀਸ ਨਿਵਾਇਂ।ਅਪਨਿ ਦੀਨ ਕੋ ਰਾਖਹਿਂ ਭਾਇ ॥ ੯ ॥ ਆਪ ਹਮੇਸ਼ ਕਰਤਿ ਹੋ ਐਸੇ। ਅਬਿ ਕਿਸਕੋ ਪਿਖਿ ਕੀਨਸਿ ਕੈਸੇ'। ਸ਼ਾਹ ਭੀਖ ਸੁਨਿਕੈ ਤਬਿ ਕਹਤੋ।'ਕਾਰਨ ਸੁਨੋ ਜਥਾ ਮੈਂ ਲਹਤੋ ॥੧੦॥ ਦੀਨ ਦੁਨੀ ਕੋ ਖਾਂਵਦ[4] ਆਵਾ। ਮਾਨੁਖ ਦੇਹਿ ਧਾਰਿ ਬਿਦਤਾਵਾ[5]।ਗਰਬਨਿਕੇ ਗਰਬਨਿਕੋ ਰੀਜਨ[6]*। ਮਿਰਜਾਦਾ ਭੰਜਨ ਕੋਭੰਜਨ[7] ॥੧੧॥ਤੇਜ ਤ੍ਰਿਲੋਕਨਿ ਮਹਿਂ ਬਿਸਤਾਰੇ।ਤੁਰਕਨਿ ਔਂਧੇ ਕਰਹਿ ਨਗਾਰੇ[8]। ਸਿਖ ਸੰਗਤ ਕੋ ਤ੍ਰਾਸ ਮਿਟਾਵੈ† । ਸੱਤਨਾਮ ਕੋ ਜਾਪ ਜਪਾਵੈ† ॥ ੧੨॥ ਅਪਨੋ ਪੰਥ ਜਗਤ ਬਿਦਤਾਵਹਿ।ਇਕ ਮਤਿ ਕਰਤਿ ਤੀਨ ਦਿਖਰਾਵਹਿਂ[9]। ਨਿਸਾ ਆਜ ਕੀ ਜਨਮੇ ਬਾਲਕ। ਤਰੁਨ ਤਰਨਿ ਸਮ ਤਮ ਰਿਪੁ ਘਾਲਿਕ[10]॥੧੩॥ ਭਈ ਪ੍ਰਾਤ ਮੁਝ ਸੁਧਿ ਮਨ ਭਈ। ਕਰੀ ਬੰਦਗੀ ਮੈਂ ਸੁਖ ਮਈ।ਪੁਰਿ ਪਟਨਾ ਪੂਰਬ ਦਿਸ਼ਿ ਬਿਸੈ[11]।ਮੈਂ ਅਬਿ ਜਾਉਂ ਦਰਸਹੌਂ ਤਿਸੈ॥੧੪॥ਬਿਨੈ ਠਾਨਿ ਬਖਸ਼ਾਵਨਿ ਕਰਿਹੌਂ ।ਅਪਨਿ ਇਸ਼ਟ‡ਬਿਰਤਾ ਅਨੁਸਾਰ ਹੌਂ[12]। ਦਰਸ਼ਨ ਕਰੇ ਪਾਕ ਅਤਿ ਹੋਵੌਂ। ਗੁਨਹਿ ਅਨਿਕ ਮਨ

---

[1]ਜਿਵੇਂ ਸਵੇਰ ਵੇਲੇ ਹਿੰਦੂ ਮੱਥਾ ਟੇਕਦੇ ਹਨ। [2]ਪਿੱਠ ਫੇਰ ਕੇ। [3]ਇਹ ਬਿਧ ਨਹੀਂ ਸੀ ਦੇਖੀ। [4]ਮਾਲਿਕ। [5]ਪ੍ਰਗਟਿਆ ਹੈ। [6]ਹੰਕਾਰੀਆਂ ਦੇ ਹੰਕਾਰ ਨੂੰ ਭੰਨਣ ਲਈ। [7]ਮਿਰਜਾਦਾ ਭੰਨਣ ਵਾਲਿਆਂ ਨੂੰ ਭੰਨਣ ਵਾਸਤੇ। [8]ਤੁਰਕਾਂ ਦੇ ਨਗਾਰੇ ਮੂਧੇ ਕਰੇਗਾ। [9](ਨੌਰੰਗਾ) ਇਕ ਮਤ ਕਰਦਾ ਹੈ (ਇਹ) ਤਿੰਨ ਦਿਖਾਲਨਗੇ। [10]ਜੁਆਨ ਸੂਰਜ ਸਮ ਭਾਵ ਦੁਪਹਿਰ ਦੇ ਸੂਰਜ ਵਾਙੂ ਹਨੇਰਾ ਰੂਪ ਵੈਰੀਆਂ ਨੂੰ ਨਾਸ਼ ਕਰਨ ਵਾਲੇ। [11]ਵਿੱਚ ਹੈ। [12]ਉਨ੍ਹਾਂ ਨੂੰ ਆਪਣਾ ਇਸ਼ਟ ਠਹਿਰਾ ਕੇ ਅਨੁਸਾਰੀ ਹੋਵਾਂਗਾ।

*ਪਾ:–ਗਬਰਨਿ ਕੇ ਗੋਲਨ ਕੋ ਰੰਜਨ=ਗੱਬਰਾਂ ਦੇ ਟੋਲਾਂ ਨੂੰ ਨਾਸ਼ ਕਰਨ ਲਈ। [ਸ੍ਰ:, ਕਬੀਰ, ਬਹੁ ਬਚਨ ਕੁੱਬਾਰ। ਕੁਬਰਾ=ਬਹੁਤ ਵੱਡਾ, ਇਸ ਤੋਂ ਪੰਜਾਬੀ, ਗੱਬਰ]।

†ਪਾ:–ਸੋ ਅਕਾਲ ਪੁਰਖ ਅਬਿ ਆਏ। ਤਿਸਹਿ ਪ੍ਰਤੀ ਹਮ ਸੀਸ ਨਿਵਾਏ।

‡ਪਾ:–ਦਿਸ਼ਟਿ।

ਤਨ ਤੇ ਖੋਵੌਂ" ॥ ੧੫ ॥ ਬ੍ਰਿੰਦ ਮੁਰੀਦਨਿ ਸੋਂ ਇਮ ਕਹ੍ਯੋ। ਭਯੋ [illegible] ਮਾਰਗ ਬਡ ਲਹ੍ਯੋ।ਦੋਇ ਮੁਰੀਦ ਮੁਰਾਦ ਧਰੰਤੇ[੧]। ਲਿਯੋ ਸੰਗ ਪ੍ਰਿਯ ਸੇਵ ਕਰੇਤੇ ॥ ੧੬ ॥ ਅਪਰ ਸਭਿਨਿ ਆਸ੍ਵਾਸਨ ਕਰਿਕੈ[੨]। 'ਕਿਤਿਕ ਦਿਵਸ ਫਟਿ ਆਵਿਂ[੩]' ਉਚਰਿਕੈ।ਆਸਾ[੪] ਹਾਥ ਗਹੇ ਚਲਿ ਪਰ੍ਯੋ।ਸਿਫਤ ਖੁਦਾਇ ਰੰਗ ਉਰ ਭਰ੍ਯੋ ॥ ੧੭ ॥ ਲਈ ਕੁਰਾਨ ਮੁਸੱਲਾ ਧਾਰੇ। ਦ੍ਵੈ ਮੁਰੀਦ ਸੋ ਚਲੇ ਪਿਛਾਰੇ। ਸਨੇ ਸਨੇ ਗਮਨੇ ਮਗ ਜਾਹਿਂ। ਨਿਸ ਬਿਸਰਾਮਹਿਂ,ਦਿਵਸ ਚਲਾਹਿਂ ॥੧੮॥ ਗ੍ਰਾਮ ਨਗਰ ਉਪਬਨ ਬਨ ਹੇਰਿ। ਤਰਿ ਸਲਿਤਾ ਜਲ ਚਲਤਾ ਹੇਰਿ। ਦਿੱਲੀ ਆਦਿ ਉਲੰਘਿ ਕਰਿ ਸਾਰੇ। ਭਲੀ ਭਾਂਤਿ ਕੇ ਦੇਸ਼ ਨਿਹਾਰੇ ॥ ੧੯ ॥ ਪੁਰਿ ਪਟਣੇ ਕੇ ਪਹੁੰਚੇ ਪਾਸ। ਜਿਤ ਕਿਤ ਸ਼ੋਭਾ ਰਹੀ ਪ੍ਰਕਾਸ਼।ਬਾਗਨਿ ਮਹਿਂ ਬਿਥਰੀ ਹਰਿਆਈ।ਦੇਖਨੀਯ[੫]ਤਰੁਵਰੁ ਸਮੁਦਾਈ ॥੨੦॥ ਸਦਲ ਸਫੂਲ ਸਫਲ ਤਰੁ ਕੀਰਣ[੬]। ਪੁਸ਼ਪਤਿ[੭] ਲਤਾ, ਸ਼ੁਭਤਿ ਬਿਸਤੀਰਣ। ਨਾਲਕੇਰ ਕਦਲੀਨ[੮] ਬਗੀਚੇ। ਮਨਹੁ ਕਾਮ[੯] ਮਾਲੀ ਬਨਿ ਸੀਂਚੇ ॥ ੨੧॥ ਰਾਇਬੇਲ[੧੦] ਚੰਬੇਲੀ ਚਾਰੁ। ਚੰਪਕ ਨੀਪ[੧੧] ਸ਼ੁਭਤਿ ਗੁਲਜ਼ਾਰ। ਭਾਂਤਿ ਭਾਂਤਿ ਕੇ ਤਰੁ ਅਵਿਲੋਕੇ। ਜਿਨ ਮਹਿਂ ਬਿਚਰਤਿ ਹੋਤਿ ਅਸ਼ੋਕੇ[੧੨] ॥ ੨੨ ॥ ਆਨੰਦ ਹੋਤਿ ਬਰ੍ਯੋ ਪੁਰਿ ਮਾਂਹੀ। ਰਿਦੇ ਲਾਲਸਾ ਦਰਸ਼ਨ ਜਾਂਹੀ। ਬਹੁਤ ਬੀਥਕਾ ਘਰ ਸਮੁਦਾਏ। ਦੇਖਤਿ ਨਗਰ ਜਾਤਿ ਅਗਵਾਏ ॥੨੩॥ ਨਰ ਨਾਰਿਨ ਕੇ ਬ੍ਰਿੰਦ[੧੩] ਨਿਹਾਰੇ। ਬਿਚਰਤਿ ਆਨੰਦ ਧਰਿ ਧਨਿ ਭਾਰੇ[੧੪]। ਕ੍ਰਮ ਕਰਿ ਸਕਲ ਉਲੰਘਤਿ ਆਏ।ਜਿਸੀ ਠੌਰ ਗੁਰੁ ਪੌਰ ਸੁਹਾਏ ॥ ੨੪ ॥ ਜਹਿਂ ਸਿੱਖਨਨਿ ਕੀ ਭੀਰ ਘਨੇਰੀ। ਕਰਹਿਂ ਕਾਮਨਾ ਲਹਹਿਂ ਬਡੇਰੀ। ਤਿਹ ਸੰਗਤਿ ਮਹਿਂ ਹੁਇ ਇਕ ਪਾਸੇ। ਬੈਠੇ ਪਿਖਹਿਂ ਬਿਲਾਸ ਹੁਲਾਸੇ ॥੨੫। ਸਮਾ ਪਾਇ ਲਖਿਕੈ ਅਵਿਕਾਸ਼। ਠਾਂਢੇ ਭਯੋ ਭੀਖ ਸਭਿ ਪਾਸ। ਆਦਿ ਕ੍ਰਿਪਾਲ ਬਿਸਾਲ ਜਿ ਬੈਸੇ। ਜੋਰੇ ਹਾਥ ਕਹਤਿ ਭਾ ਐਸੇ ॥ ੨੬ ॥ 'ਜੋ ਜਨਮ੍ਯੋਂ ਅਬਿ ਸਾਹਿਬਜ਼ਾਦਾ। ਦੇਨਿ ਜਗਤ ਸਿੱਖਨਿ ਅਹਿਲਾਦਾ। ਤਿਸ ਕੇ ਦਰਸ਼ਨ ਕੀ ਹਮ ਚਾਹੂ। ਜਿਸ ਹਿਤ ਗਮਨੇ ਬਹੁ

[੧]ਭਾਵ ਸ਼ਰਧਾ ਵਾਲੇ [ ਅ:, ਮੁਰਾਦ=ਮਕਸਦ, ਸ਼ਰਧਾ ]। [੨]ਧੀਰਜ ਦੇਕੇ। [੩]ਮੁੜ ਆਵਾਂਗੇ। [੪]ਸੋਟਾ [ ਅ:, ਅਸ੍ਰਾ ]। [੫]ਦੇਖਣੇ ਯੋਗ। [੬]ਖਿੱਲਰ ਰਹੇ ਹਨ। [੭]( ਫੁੱਲਾਂ ਨਾਲ ) ਖਿੜੀਆਂ ਹੋਈਆਂ। [੮]ਨਾਲੀਏਰ ਤੇ ਕੇਲਿਆਂ ਦੇ। [੯]ਕਾਮਦੇਵ ਮਾਲੀ ਨੇ। [੧੦]ਰਵੇਲ। [੧੧]ਕਦੰਬ ਬ੍ਰਿਛ। [੧੨]ਫਿਰਦਿਆਂ ਖੁਸ਼ੀ ਹੁੰਦੀ ਹੈ। [੧੩]ਸਮੂਹ, ਟੋਲੇ। [੧੪]ਭਾਰੇ ਧਨੀ ਅਨੰਦ ਸਹਿਤ ਵਿਚਰਦੇ ਹਨ।

ਦਿਨ ਰਾਹੂ ॥ ੨੭ ॥ ਅਬਿ ਦਰਸ਼ਨ ਕਰਿਵਾਵਹੁ ਮੋਹਿ। ਸਫਲ ਆਇਬੋ ਮਗ ਕੋ ਹੋਹਿ। ਅਪਰ ਨ ਕਾਰਜ ਕੋਇ ਹਮਾਰਾ। ਆਇ ਲਖ੍ਯੋ ਗੁਰੂ ਦਰਬਾਰਾ' ॥ ੨੮ ॥ ਸੁਨਿ ਕ੍ਰਿਪਾਲ ਨੇ ਬਾਕ ਬਖਾਨਾ। 'ਭਲਾ ਭਯੋ ਤੁਮ ਟਿਕਹੁ ਸਥਾਨਾ'। ਅੰਤਰ ਜਾਇ ਬ੍ਰਿਤੰਤ ਸੁਨਾਵਾ। 'ਸਈਯਦ ਏਕ ਪੀਰ ਚਲਿ ਆਵਾ ॥੨੯॥ ਸਾਹਿਬਜ਼ਾਦੇ ਕੋ ਚਹਿ ਦੇਖਾ। ਰਿਦੈ ਲਾਲਸਾ ਕਰਤਿ ਬਿਸ਼ੇਖ਼ਾ'। ਸ੍ਰੀ ਗੁਜਰੀ ਜੁਤਿ ਸੇਵਕ ਔਰ। ਬੈਠੇ ਸੁਨਤਿ ਭਏ ਤਿਸ ਠੌਰ ॥ ੩੦ ॥ ਸਭਿ ਕੇ ਮਨ ਸੰਸੈ ਤਬਿ ਹੋਵਾ। 'ਤੁਰਕ ਦਿਲੇਸ਼ ਦੁਰਾਸੀ ਜੋਵਾ[1]।ਸੁਧਿ ਤਿਸ ਹੋਹਿ ਹਕਾਰਹਿ ਤੀਰ।ਕੋ ਜਾਨੈ ਕਨੌਂ ਆਵਾ ਪੀਰ॥੩੧॥ ਘਰ ਹਮਰੇ ਸੋਂ ਕਰਤਾ ਬਾਦ। ਬਾਦੀ ਨੌਰੰਗ ਮਹਿਦ ਪ੍ਰਮਾਦਿ[2]। ਸਾਹਿਬ[3] ਨਹੀਂ ਨਿਕਟਿ ਇਸ ਕਾਲ। ਜੋ ਸਭਿ ਦਿਸ਼ਿ ਤੇ ਲੇਤਿ ਸੰਭਾਲ॥੩੨॥ਸ੍ਰੀ ਹਰਿਕ੍ਰਿਸ਼ਨ ਬੈਸ ਜਿਨ ਥੋਰੀ।ਕਰੇ ਹਕਾਰਨਿ ਨਿਜ ਦਿਸ਼ਿ ਓਰੀ। ਤਿਨਹੁੰ ਦਰਸ ਨਹਿੰ ਦੀਨਸਿ ਲੀਨਸਿ। ਤਨਿ ਤਜਿ ਦੀਨ ਕੌਤੂਹਲ[4] ਕੀਨਸਿ ॥੩੩॥ ਰਾਜ ਓਜ ਤੇ ਮਦ ਮਸਤਾਨੇ।ਕਰਹਿਂ ਅਕਰਨ ਹੋਨਿ ਕਹੁ ਹਾਨੇ[5]। ਯਾਂ ਤੇ ਇਨ ਕਹੁ ਟਾਰਨਿ ਬਨੈ। ਮਧੁਰ ਗਿਰਾ ਕਹਿ ਰਸ ਕੇ ਸਨੈ'॥੩੪॥ ਏਵ ਮਤੋ ਕਰਿ ਉਠ੍ਯੋ ਕ੍ਰਿਪਾਲ[6]। ਆਯੋ ਵਹਿਰ ਮਿਲ੍ਯੋ ਤਿਸ ਨਾਲ। 'ਸੁਨਹੁ ਪੀਰ ਜੀ! ਆਪ ਮਹਾਨੇ।ਰਹਿਤ ਕਹਿਤ ਕੇ ਸਹਤ ਸਿਆਨੇ॥੩੫॥ ਬਿਤੇ ਨ ਤੀਨ ਮਹੀਨੇ ਚੀਨਸਿ। ਅਜਹੁੰ ਨ ਵਹਿਰ ਨਿਕਸਨੋ ਕੀਨਸਿ। ਬਾਲਿਕ ਰੂਪ ਮ੍ਰਿਦੁਲ ਸਭਿ ਅੰਗ। ਬਾਯੂ ਬੇਗ ਬਹੈ ਹਿਮ ਸੰਗ[7] ॥ ੩੬ ॥ ਵਹਿਰ ਨ ਆਵਹਿ ਕਾਰਨ ਏਤੇ। ਅਲਪ ਆਰਬਲਾ ਅੰਤਰ ਸੇ ਤੇ[8]। ਮਿਹਿਰਬਾਨਗੀ ਕਰਿ ਕੈ ਫੇਰ। ਆਵਹੁਗੇ ਹੁਇ ਲਾਭ ਬਡੇਰ ॥੩੭॥ ਸ੍ਰੀ ਗੁਰ ਸਾਹਿਬ ਤਬਿ ਲਗਿ ਆਵਹਿਂ।ਤਿਨਕਹੁ ਦਰਸਹੁ ਅਭਿਮਤਿ ਪਾਵਹਿਂ'। ਸ਼ਾਹੁ ਭੀਖ ਸੁਨਿ ਕੈ ਪੁਨ ਬੋਲਾ। 'ਮਹਾਂ ਪੁਰਸ਼ ਅਵਤਰ੍ਯੋ ਅਡੋਲਾ॥੩੮॥ ਦੇ ਦੁਸ਼ਮਨ ਕਹੁ ਦੋਜ਼ਕ ਦੁਖ ਕੋ। ਪ੍ਰਿਯ ਸੇਵਕ ਲਹਿਂ ਕੇਵਲ ਸੁਖ ਕੋ। ਤੁਮ ਚਿੰਤਾ ਚਿਤਮਹਿ ਕਿਮ ਕਇਊ।ਚਿੰਤ ਨਿਸਾ ਕੋ ਸੂਰਜ ਭਇਊ॥੩੯॥ ਉਰ ਮਹਿਂ ਭਰਮ ਕਰਹੁ ਨਹਿਂ ਕੈਸੇ। ਭਰਮ ਤਪਤ ਕੋ ਨਿਸਪਤਿ ਜੈਸੇ[9]।

[1]ਦਿੱਲੀਪਤ ਖੋਟੀ ਆਸਾ ਵਾਲਾ ਦੇਖਿਆ ਗਿਆ ਹੈ। [2]ਅਗਜ਼ਾਨੀ। [3]ਗੁਰੂ ਨਾਵੇਂ ਪਾਤਸ਼ਾਹ। [4]ਕੌਤਕ। [5](ਆਪਣੇ) ਨਾਸ਼ ਹੋਣ ਲਈ। [6]ਮਾਮਾਂ ਜੀ। [7]ਬਰਫਾਨੀ ਹਵਾ ਤਿੱਖੀ ਵਗ ਰਹੀ ਹੈ। [8]ਅੰਦਰ ਸੇ ਉਹ ( ਬਾਹਰ ਨਹੀਂ ਆ ਸਕਦੇ)। ( ਅ ) ਅੰਦਰੇ ਹੀ ਸੇਵਾ ਹੁੰਦੀ ਹੈ। [9]ਭਰਮ ਰੂਪੀ ਤੱਪਸ਼ ਨੂੰ ਚੰਦ ਸਮਾਨ (ਸੀਤਲ) ਹਨ।

ਤ੍ਰਾਸ ਤਜਹੁ,ਨਹਿਂ ਰੰਚਕ ਕੀਜੈ। ਤ੍ਰਾਸ ਤਿਮਰ ਕੌ[1] ਦੀਪ ਜਨੀਜੈ॥੪੦॥ ਸਭਿ ਆਲਮ ਕੋ ਖਾਂਵਦ ਹੋਵਾ।ਭੇ ਅਵਤਾਰ ਧਰਮ ਹਿਤ ਜੋਵਾ। ਦਰਸ਼ਨ ਲੈਹਿਂ ਇਹਾਂ ਹਮ ਬੈਸੇ। ਘਟ ਘਟ ਮਾਲਿਕ ਪ੍ਰੇਰਹਿ ਜੈਸੇ'॥੪੧॥ ਪ੍ਰਵਿਸ਼ਨੋ ਅੰਤਰ ਬਹੁਰ ਕ੍ਰਿਪਾਲੂ । ਕਰਜੋ ਜਨਾਵਨਿ ਅਖਿਲ ਹਵਾਲੂ । ਰਹੇ ਟੌਰਿ ਨਹਿਂ ਟਰੇ, ਅਰੇ ਹੈ। ਸਾਹਸ ਪਕਰੇ ਪੌਰ ਥਿਰੇ ਹੈਂ[2] ॥ ੪੨ ॥ ਬਿਨਾ ਬਿਲੋਕੇ ਲੋਚਨ ਆਗੇ[3]।ਤਬਿ ਲੌ ਖਾਨ ਪਾਨ ਸਭਿ ਤਯਾਗੇ। ਜਾਨੀ ਜਾਇ ਨਹੀਂ ਗਤਿ ਮਨ ਕੀ। ਪ੍ਰੇਮ ਪਰਖਿਯਤਿ ਕ੍ਰਿਯਾ ਸੁ ਤਨ ਕੀ[4] ॥੪੩॥ ਦੇਸ਼ ਪੰਜਾਬ ਦਿਸ਼ਾ ਕੇ ਜਨਿਯਤਿ। ਹੇਤੁ ਹਟਾਵਨਿ ਬਹੁ ਬਿਧਿ ਭਨਿਯਤਿ। ਰਹੈ ਬੈਠਿ ਜਾਹਿ ਨ ਬਿਨ ਦੇਖੇ। ਹਠ ਗਾਢੋ ਜਿਨ ਰਿਦੇ ਬਿਸ਼ੇਖੇ' ॥੪੪॥ ਸ਼੍ਰੀ ਗੁਜਰੀ ਸੁਨਿ ਕੈ ਤਿਨ ਬਾਤ। ਨਹਿਂ ਮਾਨੀ ਪਜਾਰੇ ਅਤਿ ਤਾਤ।'ਕੈਸੇ ਵਹਿਰ ਕਰਵਿ ਮੈਂ ਬਾਲਿਕ।ਅਲਪ ਰੂਪ ਅੰਤਰ ਥਿਤ ਪਾਲਿਕ[5]*' ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ਼ਾਹ ਭੀਖ' ਪ੍ਰਸੰਗ ਬਰਨਨੰ ਨਾਮ ਚਤਰ-ਦਸਮੋ ਅੰਸੂ ॥ ੧੪ ॥

## ੧੫. [ਭੀਖਣਸ਼ਾਹ]।

ਦੋਹਰਾ ॥ ਬਸੇ ਨਿਸਾ, ਕਹਿ ਰਹੇ ਬਹੁ ਖਾਨ ਪਾਨ ਨਹਿ ਕੀਨਿ।ਭਈ ਪ੍ਰਾਤਿ ਬੈਸੈ[6] ਸੁ ਥਲ ਦ੍ਵਾਰ ਅਗਾਰੇ ਤੀਨ[6]† ॥ ੧ ॥ ਚੌਪਈ ॥ ਸਿਮਰਤਿ ਰਿਦੇ ਨਾਮ ਗੁਰੁ ਕੇਰੇ। 'ਦੇਹੁ ਦਰਸ ਪੂਰਨ ਪ੍ਰਭੁ ਮੇਰੇ। ਦੂਰ ਦੇਸ਼ ਆਗਮਨ ਹਮਾਰਾ। ਪੂਰਹੁ ਮਨ ਮੈਂ ਕਲਪ ਦਿਦਾਰਾ[7]॥੨॥ਸਭਿ ਘਟ ਕੋ ਮਾਲਿਕ ਗੁਰ ਪੂਰਾ‡।ਪਿਤਾ ਪਿਤਾਮਹਿਂ ਰਣ ਮਹਿਂ ਸੂਰਾ‡।ਮਨ ਪ੍ਰੇਰਹੁਗੇ ਜਬਿ ਇਨ ਕੇਰੇ। ਬਾਲਿਕ ਰੂਪ ਲੇਹਿਂ ਤਬਿ ਹੇਰੇ॥੩॥ਅਪਨਿ ਪ੍ਰਿਯਹ ਕੀ[8] ਪੂਰਹੁ ਭਾਵਨਾ।ਪਰ-ਖਹੁ ਪਰਮ ਸੁ ਪ੍ਰੇਮ ਪਾਵਨਾ।ਘਟ ਘਟ ਕੀ ਤੁਮ ਜਾਨਨਹਾਰੇ।ਦਰਸ਼ਨ ਦੇਹੁ ਜਾਨਿ ਮਨ ਪਜਾਰੇ'॥੪॥ਇੱਤਜਾਦਿਕ ਗੁਨ ਬਰਨਨ ਕਰਿਤੇ।ਭੀ ਭੁਨਸਾਰ ਪ੍ਰਕਾਸ਼ ਨਿਹਰਿਤੇ[9]। ਸ਼੍ਰੀ ਗੁਰ ਘਰ ਕੇ ਸੇਵਕ ਸਾਰੇ। ਸੁਨਿ ਸੁਨਿ ਆਇ ਸਮੀਪ ਨਿਹਾਰੇ ॥ ੫ ॥ ਤਸਬੀ ਹਾਥ ਫੇਰਿਬੋ ਕਰਿਹੀ । ਸ਼੍ਰੀ ਨਾਨਕ ਕੌ ਸਿਮਰਤਿ ਉਰ ਹੀ। 'ਦਰਸ਼ਨ ਦਰਸੇ ਬਿਨਾ ਨ ਜਾਊਂ। ਬੈਠਯੋ ਇਤ ਹੀ

[1]ਡਰ ਰੂਪੀ ਹਨੇਰੇ ਨੂੰ। [2]ਹਠ ਧਾਰਕੇ ਦਰਵੱਜ਼ੇ ਅੱਗੇ ਬੈਠਾ ਹੈ।[3]ਆਪਣੀਆਂ ਅੱਖਾਂ ਅੱਗੇ ਦੇਖੇ ਭਾਵ ਦਰਸ਼ਨ ਕੀਤੇ ਬਿਨਾ। [4]ਸਰੀਰ ਦੀ ਕ੍ਰਿਆ ਵੇਖਕੇ ਤਾਂ ਪ੍ਰੇਮ ਹੀ ਪਰਖੀਦਾ ਹੈ, ਭਾਵ ਪ੍ਰੇਮੀ ਜਾਪਦਾ ਹੈ। [5]ਸੂਖਮ ਸਰੀਰ ਹੈ ( ਇਸ ਲਈ ) ਅੰਦਰੇ ਰੱਖਕੇ ਹੀ ਪਾਲਣਾ ਹੁੰਦੀ ਹੈ। [6]ਭਾਵ ਇਕ ਪੀਰ ਤੇ ਦੋ ਮੁਰੀਦ। [7]ਦਰਸ਼ਨ ਦਾ। [8]ਪ੍ਰੇਮੀ ਦੀ। [9]ਵੇਖਿਆ ਚਾਨਣਾ।

*ਪਾঃ—ਅਲਖ ਰੂਪ ਅੰਤਰ ਹਿਤ ਪਾਲਕ। †ਪਾঃ—ਦ੍ਵਾਰੇ ਆਗ੍ਰਹ ਕੀਨਿ। ‡ਪਾঃ—ਪੂਰੇ। ਸੂਰੇ।

ਦਿਵਸ ਬਿਤਾਊਂ॥੬॥ਸ੍ਰੀ ਨਾਨਕ ਕੋ ਸਦਨ ਮਹਾਨਾ। ਹਿੰਦੁਨਿ ਤੁਰਕਨਿ ਏਕ ਸਮਾਨਾ। ਪੱਖਜ ਪਾਤ ਜਿਨ ਕੇ ਕੁਛ ਨਾਂਹੀ। ਸ਼ਰਧਾ ਹੇਰਤਿ ਹੈਂ ਉਰ ਮਾਂਹੀ॥੭॥ਗੁਰ ਕੇ ਘਰ ਕੀ ਇਹ ਮਿਰਜਾਦਾ।ਦੂਰੀ ਨਹੀਂ ਜਗ ਬਿਦਤੀ ਆਦਿ'। ਸੁਨਿ ਕ੍ਰਿਪਾਲ ਜੁਤਿ ਸੇਵਕ ਸਾਰੇ। ਸ੍ਰੀ ਗੁਜਰੀ ਢਿਗ ਸਕਲ ਉਚਾਰੇ॥੮॥ 'ਇਹ ਤੋ ਪੀਰ ਮਹਾਂ ਦਰਵੇਸ਼। ਦਿਖੀਯਤਿ ਗੁਰ ਕੋ ਪ੍ਰੇਮ ਵਿਸ਼ੇਸ਼। ਦਰਸ਼ਨ ਬਿਨਾ ਚਾਹਿ ਨਹਿਂ ਕਾਹੀ। ਖਾਨ ਪਾਨ ਭੀ ਕੀਨਸਿ ਨਾਂਹੀ॥੯॥ਬੈਠਯੋ ਸਿਮਰਤਿ ਨਾਮ ਖ਼ੁਦਾਇ। ਏਕ ਮੁਸੱਲਾ ਤਰੇ ਡਸਾਇ। ਉਰ ਦਰਸ਼ਨ ਕੀ ਜਿਸ ਲਿਵ ਲਾਗੀ।ਭੂਖ ਪਯਾਸ ਕੀ ਬਾਧਾ ਭਾਗੀ॥੧੦॥ ਉਠਹਿ ਨਹੀਂ ਬਿਨ ਦਰਸ਼ਨ ਕੀਏ। ਬੈਠਿ ਰਹਯੋ ਉਰ ਸਾਹਸ[1] ਲੀਏ। ਉਚਿਤ ਬਾਤ ਸੋ ਕਰਹੁ ਭਲੇਰੀ।ਪਸਚਾਤਾਪ ਨ ਹੁਇ ਜਿਸ ਫੇਰੀ[2]'॥੧੧॥ ਸੁਨਤਿ ਜਾਨਕੀ ਬੋਲੀ ਤਬੈ। 'ਰਿਦੈ ਬਿਚਾਰ ਕਰਹੁ ਤੁਮ ਸਬੈ। ਚਿਰੰ-ਕਾਲ ਕੋ ਚਾਹਤਿ ਰਹਿਤੇ।ਬਡੇ ਗੁਰਨਿ ਸੋਂ ਬਿਨਤੀ ਕਹਿਤੇ॥੧੨॥ ਬਾਰ-ਬਾਰ ਹੁਇ ਨੰਮ੍ਰਿ ਅਗਾਰੀ। ਜਾਚਨਿ ਕਰਤਿ ਪੁੱਤ੍ਰ ਭੁਜ ਭਾਰੀ। ਇਨ ਕੇ ਪਿਤਾ ਭਾਂਤਿ ਧਰਮਾਤਮ। ਕਹਿ ਕਹਿ ਕਰਤਾ ਪੁਰਖ ਮਹਾਤਮ[3]॥੧੩॥ ਇਕ ਮਨ ਹੋਇ ਸਮਾਧਿ ਲਗਾਵਤਿ। ਪਾਰਬ੍ਰਹਮ ਪਰਮੇਸ਼੍ਵਰ ਧਯਾਵਤਿ। ਜੋਗ ਸਾਧਨਾ ਸਾਧਤਿ ਰਹੇ। ਸਿਮਰਤਿ ਨਾਮ ਅਧਿਕ ਗੁਨ ਕਹੇ॥੧੪॥ ਕਰਯੋ ਪ੍ਰਸੀਦਨ ਪ੍ਰਭੁ ਅਕਾਲ। ਜਿਹ ਅਰਾਧਿਬੋ ਦੁਸਹਿ ਬਿਸਾਲ। ਜਗਤ ਨਾਥ ਕਰਿ ਕ੍ਰਿਪਾ ਸੁ ਚਿਤਕੋ[4]। ਕਰਯੋ ਦਿਖਾਵਨਿ ਅਬਿ ਇਹ ਸੁਤ ਕੋ॥੧੫॥ ਜਿਨ ਕੋ[5] ਉਰ ਅਭਿਲਾਖ ਬਿਸ਼ੇਖਾ। ਅਬਿ ਲੌ ਨਹੀਂ ਪੁੱਤ੍ਰ ਮੁਖ ਦੇਖਾ। ਸੋ ਕੈਸੇ ਅਬਿ ਵਹਿਰ ਲਿਜਾਵਹੁ। ਪਰ ਮਤਿ ਰਿਪੁ ਕੇ ਨਰ[6] ਦਿਖਰਾਵਹੁ॥੧੬॥ ਪੁੱਤ੍ਰ ਪਰਮ ਪ੍ਰਿਯ ਥੋਰੇ ਦਿਨਕੋ[7]। ਕਿਮ ਉਤਸਾਹ ਕਰੈਂ ਮੈਂ ਮਨ ਕੋ। ਅਨਿਕ ਭਾਂਤਿ ਕੀ ਰੱਛਾ ਕਰਨੀ। ਲਘੁ ਬਾਲਿਕ ਕੀ ਸਭਿਹਿਨਿ ਬਰਨੀ॥੧੭॥ ਨਰ ਪਰਦੇਸੀ ਕੋ ਦਿਖਰਾਵਨਿ। ਡੀਠ[8] ਆਦਿ ਅਵਗੁਨ ਪਰਛਾਵਨਿ[9]। ਇੱਤਯਾਦਿਕ ਉਰ ਸਮਝਹੁ ਸਾਰੇ।

[1]ਹਠ ਧਾਰਕੇ। [2]ਜਿਸ ਦੇ (ਕਰਨ ਪਿੱਛੋਂ) ਫਿਰ ਪਛੁਤਾਵਾ ਨਾ ਹੋਵੇ। [3]ਸ੍ਰੀ ਅਕਾਲ ਪੁਰਖ ਦੀ ਵਡਿਆਈ ਕਹਿੰਦੇ ਰਹੇ। [4]ਵਾਹਿਗੁਰੂ ਜੀ ਨੇ ਚਿੱਤੋਂ ਕ੍ਰਿਪਾ ਕਰਕੇ। [5]ਭਾਵ ਨਾਵੇਂ ਸਤਿਗੁਰਾਂ ਦੇ। [6]ਪਰਾਏ ਮਤਿ ਦੇ ਵੈਰੀ ਪੁਰਖਾਂ ਨੂੰ। [7]ਭਾਵ ਨਿਆਣਾ ਹੈ। [8]ਨਜ਼ਰ ਲਗਣੀ। [9]ਪਰਛਾਵਾਂ ਪੈ ਜਾਣਾ।

ਤਿਨਹਿਂ ਉਠਾਵਹੁ ਬਿਨੈ ਉਚਾਰੇ॥੧੮॥ਗੁਰਘਰ ਤੇ ਦਿਹੁ ਰੁਚਿਰ ਅਹਾਰਾ। ਘ੍ਰਿਤ ਮਿਸ਼ਟਾਨ ਅਨੇਕ ਪ੍ਰਕਾਰਾ। ਅਪਰ ਚਹਿ ਕਛੁ ਜਾਚਹਿਂ ਕੋਈ। ਬਸਤ੍ਰ ਦਰਬ ਦੀਜਹਿ ਬਿਨ ਦੇਰੀ ॥ ੧੯ ॥ ਬਾਲਿਕ ਵੰਹਿਰ ਦਰਸ਼ ਤੇ ਬਿਨਾ। ਦੇਹੁ ਤਿਨਹੁਂ ਕਰਿ ਆਦਰ ਘਨਾ। ਬੇਸ ਭਲੇ ਦਰਵੇਸ਼ ਵਿਸ਼ੇਸ਼। ਸਭਿ ਕਸੋਂ ਕਰਹੁ ਪ੍ਰਸੰਨ ਅਸ਼ੇਸ਼[1]॥ ੨੦ ॥ ਸੁਨਤਿ ਨਾਨਕੀ ਤੇ ਸਭਿ ਆਏ। ਸ਼ਾਹੁ ਭੀਖ* ਕੋ ਮਿਲਿ ਸਮੁਝਾਏ। 'ਜਨਨੀ ਕੋ ਸੁਤ ਹੁਇ ਅਤਿ ਪਯਾਰੋ। ਅਰੁ ਬਾਲਿਕ ਬਯ ਆਪ ਬਿਚਾਰੋ ॥ ੨੧ ॥ ਅਲਪ ਦਿਵਸ ਤੇ ਜਨਮ ਭਯੋ ਹੈ। ਅਜਹੁਂ ਵਹਿਰ ਨਿਕਸਨਿ ਨ ਕਿਯੋ ਹੈ। ਗੁਰੁ ਘਰ ਤੇ ਭੋਜਨ ਸਭਿ ਲੀਜੈ। ਤ੍ਰਿਪਤਹੁ ਮਨ ਪ੍ਰਸੰਨ ਕੋ ਕੀਜੈ ॥ ੨੨ ॥ ਅਸ-ਮੰਜਸ ਲਜਾਵਨਿ ਘਰ ਬਾਹਰ। ਤਿਨ[2] ਜਨਨੀ ਨਹਿਂ ਮਾਨਹਿ ਜ਼ਾਹਰ। ਬਹੁਰ ਆਇ ਦਰਸਹੁ ਦਰਸੰਨ।ਮਿਲਹੁ ਗੁਰਨਿ ਮਨ ਹੋਇ ਪ੍ਰਸੰਨ ॥੨੩॥ ਕਰਹੁ ਮਿਹਰ ਕੀ ਨਦਰ ਬਿਸਾਲਾ। ਸ਼ੁਭ ਦਰਵੇਸ਼ ਆਪ ਕੀ ਚਾਲਾ[3]। ਪਰਵਦਗਾਰ ਸਿਫਤ ਮਹਿਂ ਰੰਗੇ। ਛਿਤ ਸੀ ਛਮਾ[4] ਧਰਹੁ ਸਰਬੰਗੇ॥੨੪॥ ਸ਼ਮਤਿ ਛੁਧਤਿ ਤੁਮ ਪੀਯੋ ਨ ਪਾਨੀ। ਇਕ ਰਸ ਰਹੇ ਮੌਨ ਕੋ ਠਾਨੀ। ਸ੍ਰੀ ਗੁਰ ਕੇ ਦਰਬਾਰ ਅਗਾਰੀ। ਨਹਿਂ ਬੈਠਨਿ ਬਨਿਹੈ ਹਠ ਧਾਰੀ'॥੨੫॥ ਸੁਨਿ ਕਰਿ ਸ਼ਾਹ ਭੀਖ ਪੁਨ ਬੋਲਾ।ਸ਼ਰਧਾ ਜਿਸਕੇ ਰਿਦੇ ਅਡੋਲਾ।'ਪਟਣੇ ਨਗਰ ਬਿਖੇ ਜਬਿ ਬਰਨੋ। ਸਿਰ ਨਿਵਾਇ ਮੈਂ ਪੁਨ ਕੋ ਕਰਨੋ ॥ ੨੬ ॥ ਦਰਸੌਂ ਬਰਖੁਰਦਾਰਹਿਂ ਆਦਿ[5]। ਪੁਨ ਖਾਵੌਂ ਪੀਵੌਂ ਸਾਲਾਦਿ[6]†। ਕੋਸ ਸੈਂਕਰੇ ਚਲਿ ਕਰਿ ਆਏ। ਜਨਮ ਜਾਨਿ ਮਨ ਹਮ ਹਰਖਾਏ ॥ ੨੭ ॥ ਲੇਨਿ ਦੇਨਿ ਕੋ ਅਪਰ ਨ ਕਾਜ। ਦਰਸ਼ਨ ਏਕ ਗ਼ਰੀਬ ਨਿਵਾਜ। ਹਮ ਫਕੀਰ ਦਰਵੇਸ਼ ਹਮੇਸ਼। ਜਗ ਕਲੇਸ਼ ਚਹਿਂ ਹਤਨਿ ਅਸ਼ੇਸ਼॥੨੮॥ ਜਿਮ ਜਾਨਹੁ ਤਿਮ ਦਰਸ ਕਰਾਵਹੁ।ਕਹਯੋ ਮਾਨਿ ਹਮ ਕੋ ਹਰਖਾਵਹੁ। ਨਾਂਹਿ ਤ ਪਰੇ ਰਹੈਂ ਦਰਬਾਰ। ਕਰਹਿਂ ਬੰਦਗੀ ਪਰਵਦਗਾਰ॥੨੯॥ ਹਮ ਫਕੀਰ ਸਦ ਸੰਕਟ ਸਹੈਂ। ਇਸ ਮਹਿਂ ਕੋਇ ਨ ਅਚਰਜ ਅਹੈ। ਦਿਖਰਾਵਹੁਗੇ

[1]ਸਾਰੇ। (ਅ) ਸਾਰਿਆਂ ਨੂੰ। [2]ਤਿਨ੍ਹਾਂ ਦੀ। [3]ਰੀਤ। [4]ਧਰਤੀ ਵਰਗੀ ਖਿਮਾਂ। [5]ਪਹਿਲੋਂ ਸਾਹਿਬ-ਜ਼ਾਦੇ ਜੀ ਦਾ ਦਰਸ਼ਨ ਕਰਾਂਗਾ [ਫਾ:, ਬਰਖ਼ੁਰਦਾਰ=ਜੀਵਨ ਦੇ ਫਲਾਂ ਨੂੰ ਮਾਣਨ ਵਾਲਾ। ਭਾਵ ਪ੍ਰਤਾਪੀ ਤੇ ਚਿਰੰਜੀਵ]। [6]ਸਹਤ ਅਹਿਲਾਦ। ਸ਼ੁੱਧ ਪਾਠ 'ਸਹਿਲਾਦ' ਹੋਣਾ ਹੈ, ਲਿਖਾਰੀ ਦੀ ਕਲਮ ਉਕਾਈ ਹੈ। *ਇਕ ਲਿਖਤੀ ਨੁਸਖੇ ਵਿਚ ਸ਼ਾਹੁ ਭੀਖ ਦੀ ਥਾਂ ਸੇਚ ਭੀਖ ਭੀ ਪਾਠ ਕਈ ਵਾਰ ਆਯਾ ਹੈ। †ਪਾ:- ਸਲਲਾਦਿ=ਜਲ ਆਦਿਕ।

ਦਰਸ਼ਨ ਕਰਿ ਹੈਂ । ਨਾਂਹਿ ਤ ਬੈਠੇ ਹਮ ਦਰ ਪਰ ਹੈਂ ॥ ੩੦ ॥ ਪੂਰਨ ਹੋਹਿ ਕਾਮਨਾ ਜਬੈ । ਖਾਨ ਪਾਨ ਕਰਿਹੈਂ ਮੁਖ ਤਬੈ।ਦ੍ਰਿਢ ਨਿਸ਼ਚਾ ਹਮਰੇ ਮਨ ਏਮ[1]।ਦੇਹਿਂਦਰਸ ਲਖਿ ਕੈ ਮਨ ਪ੍ਰੇਮ'॥੩੧॥ਸੇਵਕ ਜੁਤਿ ਸੁਨਿ ਸ਼੍ਰੋਨ ਕ੍ਰਿਪਾਲ[2]।ਪਰਖ੍ਯੋ ਸਾਹਸ ਅਚਲ ਬਿਸਾਲ।ਮਾਤ ਨਾਨਕੀ ਕੇ ਢਿਗ ਆਇ। ਹਾਥ ਜੋਰਿ ਸਭਿ ਗਾਥ ਜਨਾਇ॥੩੨॥'ਹਠ ਫਕੀਰਨੇਕਰ੍ਯੋ ਬਡੋ ਹੋਉਠਹਿ ਨਹੀਂ ਬਿਨ ਦਰਸ਼ਨ ਹੇਰੋ।ਕਰਹੁਆਪਨੇ ਰਿਦੇ ਬਿਚਾਰੀ।ਟਾਰੈਂ ਜਿਮਦ੍ਰਿਢ ਸਾਹਸਧਾਰੀ[3] ॥੩੩॥ ਥਕਤਿ ਛੁਧਤਿ ਜਲ ਕੋ ਨਹਿਂ ਛੁਏ । ਦਰ ਪਰ ਬੈਠੇ ਰਾਤਿ ਬਿਤਏ। ਅਬਿ ਜੁਗ ਜਾਮ ਦਿਵਸ ਬਿਤ ਗਇਊ । ਤਊ ਅਛੋਭ ਸਧੀਰਜ ਭਇਊ॥੩੪॥ਸਹਿਤ ਸਨੇਹ ਬਾਕ ਮੁਖ ਕਹੇ।ਦਰਸ਼ਨ ਸਤਿਗੁਰ ਕੀ ਇਛ ਅਹੇ । ਇਹ ਅਵਤਾਰ ਰੂਪ ਬਿਦਤਾਇ।ਦਰਸ਼ਨ ਚਹਤਿ ਦੂਰ ਤੇ ਆਏ' ॥੩੫॥ ਮਾਤ ਨਾਨਕੀ ਸੁਨਿ ਤਿਸ ਕਾਲ । ਕਹ੍ਯੋ ਬਾਕ'ਸੁਨਿ ਭ੍ਰਾਤ ਕ੍ਰਿਪਾਲ ! ਅੰਤਰ ਪੌਰ ਪ੍ਰਯੰਕ ਡਸਾਵਹੁ । ਰੱਛ੍ਯਾ ਸਰਬ ਪ੍ਰਕਾਰ ਕਰਾਵਹੁ॥ ੩੬ ॥ ਸਿਖ ਸੇਵਕ ਸਭਿ ਹੀ ਹੁਇਂ ਤੀਰ । ਫਰਸ਼ ਕਰਾਵਹੁ ਸੁੰਦਰ ਚੀਰ । ਗਾਵਹਿਂ ਗੁਰ ਕੇ ਸ਼ਬਦ ਉਦਾਰ।ਅਪਨਿ ਰਬਾਬੀ ਲੇਹੁ ਹਕਾਰ'॥੩੭॥ਸੁਨਤਿ ਸਕਲ ਕਰਿਵਾਇਸਿ ਤ੍ਯਾਰੀ।ਕਰ੍ਯੋ ਮੇਲ ਸੰਗਤਿ ਮਿਲਿ ਸਾਰੀ। ਅਨਿਕ ਉਪਾਇਨ ਕੋ ਲੇ ਆਏ । 'ਪ੍ਰਥਮ ਕਰਹਿਂ ਦਰਸ਼ਨ ਹਰਖਾਏ[4]' ॥੩੮ ॥ ਰੰਗਦਾਰ ਝਗਲੀ ਪਟ ਝੀਨ । ਚਮਕਤਿ ਗੋਟਾ ਲਗ੍ਯੋ ਮਹੀਨ । ਅਨਿਕ ਭਾਂਤਿ ਕੀ ਹੁਤੀ ਸੁ ਤ੍ਯਾਰ । 'ਦਰਸ਼ਨ ਕਰਿ ਅਰਪਹਿਂ ਤਿਸ ਬਾਰ'॥੩੯॥ ਸੋ ਸੁਨਿ ਸੁਨਿ ਉਤਲਾਵਤਿ ਲ੍ਯਾਇ। ਹੁਤੇ ਕਿਨਹੁਂ ਭੂਖਨ ਘਰਿਵਾਇ । ਦਰਸ਼ਨ ਕੀ ਪ੍ਰਤੀਖਨਾ ਵਾਰੇ । ਪਹੁੰਚਤਿ ਭੇ ਸਿਖ ਸੇਵਕ ਸਾਰੇ ॥ ੪੦ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ਼ਾਹ ਭੀਖ' ਪ੍ਰਸੰਗ ਬਰਨਨੰ ਨਾਮ ਪੰਚ-ਦਸ਼ਮੋ ਅੰਸੂ ॥ ੧੫ ॥

## ੧੬. [ਭੀਖਣ ਸ਼ਾਹ ਦੀ ਬੰਦਗੀ]।

ਦੋਹਰਾ ॥ ਫਰਸ਼ ਗਲੀਚੇ ਗਿਲਮ ਕੋ ਰਚ੍ਯੋ ਰੁਚਿਰ ਇਕ ਸਾਰ। ਕੰਚਨ ਖਚਿਤ[5] ਪ੍ਰਯੰਕ ਕੇ ਆਸਤਰਨ[6] ਜਿਸ ਚਾਰੁ॥ ੧ ॥ ਚੌਪਈ ॥ ਮ੍ਰਿਦੁਲ ਮਨੋਗ ਧਰੇ ਉਪਧਾਨੁ[7] । ਸੇਜਬੰਦ ਸੁਠ ਜ਼ਰੀ ਮਹਾਨ। ਸ੍ਰੀ ਗੁਜਰੀ ਢਿਗ ਹੋਇ ਕ੍ਰਿਪਾਲ । ਦੁਹਿ ਹਾਥਨਿ ਪਰ ਲੇ ਬਰ ਬਾਲ॥ ੨॥ ਮੰਦ ਮੰਦ[8] ਕਰਿ

[1]ਐਉਂ ਹੈ। [2]ਮਾਮਾ ਕ੍ਰਿਪਾਲ ਜੀ ਨੇ। [3]ਪੱਕੇ ਹਠ ਧਾਰੀ ਨੂੰ ਜਿਵੇਂ ਟਾਲੀਏ। [4]ਖੁਸ਼ ਹੁੰਦੇ ਹਨ ਕਿ ਪਹਿਲਾ ਦਰਸ਼ਨ ਕਰਾਂਗੇ। [5]ਜੜੇ ਹੋਏ। [6]ਵਿਛਾਵਣੇ। [7]ਸਿਰਹਾਣੇ। [8]ਹੌਲੀ ਹੌਲੀ।

ਅਦਬ ਘਨੇਰਾ। ਸ੍ਰੀ ਗੁਰ ਕੋ ਲਜਾਇਵ ਤਿਸ ਬੇਰਾ। ਸੂਰਜ ਮੁਖੀ[1] ਹਾਥ ਗਹਿ ਆਗੇ। ਕਿਧ ਸੂਰਜ ਦਿਸ਼ਿ ਧੂਪ ਨ ਲਾਗੇ ॥ ੩॥ ਚਾਰੁ ਚਮਰ ਲੇ ਕਰਿ ਭਾ ਪਾਛੇ[2]। ਕਰਤਿ ਢੁਰਾਵਨਿ ਇਤ ਉਤ ਆਛੇ। ਗਾਵਨਿ ਲਗੇ ਸ਼ਬਦ ਸੁਖਕਾਰੀ। ਰਾਗ ਰਾਗਨੀ ਰੁਚਿਰ ਮਝਾਰੀ ॥ ੪॥ ਬਜਹਿ ਰਬਾਬ ਮ੍ਰਿਦੰਗ ਉਦਾਰਾ। ਜਿਨ ਕੋ ਸ੍ਰਵਨ ਦੇਤਿ ਸੁਖ ਭਾਰਾ। ਪੁਰਿ ਪਟਣੇ ਕੀ ਸੰਗਤਿ ਆਈ। ਅਨਿਕ ਪਕਾਰ ਉਪਾਇਨ ਲਜਾਈ ॥੫॥ ਕਰਿ ਕਰਿ ਰਿਦੈ ਕਾਮਨਾ ਆਏ। ਦਰਸ਼ਨ ਕਰਤਿ ਪਾਇ ਮਨ ਭਾਏ[3]। ਹੋਨਿ ਲਗੀ ਅਰਦਾਸ ਅਗਾਰੀ। ਬਸਤ੍ਰ ਬਿਭੂਖਨ ਅਰਪਤਿ ਭਾਰੀ ॥੬॥ ਬਹੁਰੋ ਸ਼ਾਹਿ ਭੀਖ ਬੁਲਵਾਇਵ। 'ਮਨ ਬਾਂਛਤਿ ਦਰਸਹੁ ਸੁਖਦਾਇਵ'। ਹਰਖਤਿ ਉਰ ਉਠਿ ਅੰਤਰ ਹੋਵਾ। ਥਿਤ ਸਮੀਪ ਕਰਿ ਅਦਬ ਖਰੋਵਾ*॥੭॥ਬੰਦਨ ਕਰਿ ਤਸਬੀ ਜਿਸ ਹਾਥ[4]। ਬੋਲਤਿ ਭਯੋ ਸਤੁਤਿ ਸ਼ੁਭ ਗਾਥ। 'ਪਾਕ ਬਿਪਾਕ'[5]† ਰਹੀਮ, ਕਬੀਰ! ਬਖਸ਼ਹੁ ਗੁਨਹ, ਪੀਰ ਕੇ ਪੀਰ !॥ ੮॥ ਸ੍ਰੀ ਨਾਨਕ ਸ੍ਰੀ ਕਾਲੂ ਨੰਦਨ। ਸ੍ਰੀ ਬੇਦੀ ਕੁਲ ਚੰਦ ਸ ਬੰਦਨ[6]। ਸੁਜਸੁ ਬਿਲੰਦ ਅਨਿੰਦ ਮੁਕੰਦ। ਖਲਕ ਮੁਮਾਰਖ ਦਿਪਹੁ ਅਮੰਦ[7] ॥ ੯॥ ਗਾਇ ਬੁਲਾਰ ਉਧਾਰਨਿ ਕਰਨੋ। ਦੌਲਤ ਖਾਂ ਕੋ ਦੁਖ ਪਰਹਰਨੋ। ਪੀਰ ਬ੍ਰਿੰਦ ਕੇਤਿਕ ਮੁਲਤਾਨ। ਸਭਿ ਕੋ ਸ਼ਾਂਤਿ ਦੀਨਿ ਦੁਖ ਹਾਨਿ ॥ ੧੦॥ ਅਪਰ ਹਿੰਦੁ ਤੁਰਕਨਿ ਕਜਾ ਗਿਨਤੀ।ਕਰੇ ਨਿਹਾਲ ਸ਼੍ਰੋਨ ਸੁਨਿ ਬਿਨਤੀ।ਜੋ ਜੋ ਸ਼ਰਨ ਆਨਿ ਕਰਿ ਪਰਜੋ। ਕ੍ਰਿਪਾ ਦ੍ਰਿਸ਼ਟਿ ਕਰਿ ਜਿਸਹਿ ਨਿਹਰਜੋ ॥ ੧੧॥ ਸੋ ਸੋ ਚਤੁਰ ਪਦਾਰਥ ਪਾਪਤ। ਲਗੀ ਰਿਦੇ ਲਿਵ ਸੱਤਜ ਸੁ ਜਾਪਤਿ[8]। ਦੁਲਭ ਤਿਨਹੁ ਕੋ ਕਛੂ ਨ ਰਹਜੋ।ਰਾਵਰਨੇ ਜਿਸਕੋ ਨਿਜ ਲਹਜੋ[9]॥੧੨॥

---

[1]ਭਾਵ ਗੋਲ ਪੱਖਾ। [2]ਪਿੱਛੇ ਹੋਇਆ। [3]ਮਨ ਵਾਂਛਤ ਪ੍ਰਾਪਤ ਕੀਤੇ। [4]ਜਿਸ ਦੇ ਹੱਥ ਵਿਚ ਤਸਬੀ ਸੀ ਉਸ ਨੇ ਬੰਦਨ ਕੀਤੀ। [5]ਪਵਿਤ੍ਰਾਂ ਤੋਂ ਪਵਿੱਤ੍ਰ [ਫਾ:, ਪਾਕ=ਪਵਿੱਤ੍ਰ। ਸੰਸ:, ਵਿ=ਵਿਸ਼ੇਸ਼ ਕਰਕੇ, ਫਾ:, ਪਾਕ=ਪਵਿੱਤ੍ਰ] (ਅ) ਪਾਕ:=ਪਵਿੱਤ੍ਰ। ਵਿਪਾਕ=ਕਰਮ ਫਲ, ਭਾਵ ਕਰਮਾਂ ਦੇ ਨਤੀਜੇ ਯਾ ਫਲ ਤੋਂ ਪਾਕ ਹੋ। ਅਰਥਾਤ ਤੁਸੀਂ ਜਗਤ ਵਿਚ ਸ੍ਵਛੰਦ ਆਏ ਹੋ ਕਿਸੇ ਕਰਮ ਦਾ ਫਲ ਤੁਸਾਨੂੰ ਨਹੀਂ ਲਿਆਇਆ। [6]ਹੇ ਬੇਦੀ ਕੁਲ ਚੰਦ! ਆਪ ਬੰਦਨਾ ਯੋਗ ਹੋ। [7]ਆਪ (ਚੰਦ ਵਾਂਗੂ) ਅਮੰਦ ਪ੍ਰਕਾਸ਼ਦੇ ਹੋ ਤੇ ਖਲਕਤ ਮੁਬਾਰਕਾਂ ਦੇ ਰਹੀ ਹੈ। [8]ਸੱਤਿਨਾਮ ਦੇ ਜਪਣ ਵਿਚ ਲਿਵ ਲਗੀਹੈ ਉਨ੍ਹਾਂ ਦੀ।[9]ਆਪਣਾ ਬਣਾਇਆਹੈ ਆਪਨੇ ਜਿਸਨੂੰ।

*ਪਾ:—ਭੀਤਰ ਬਰਿ ਸਤਿਗੁਰ ਮੁਖ ਜੋਵਾ। †ਪਾ:—ਬਿਬਾਕ=ਖੌਫ ਰਹਿਤ।

ਸੂਰਤ ਸੁੰਦਰ ਮੂਰਤਿ ਪਾਕ। ਤੁਮਰੋ ਦਰਸ਼ਨ ਨਹਿਂ ਜਮ ਬਾਕ[1]। ਜ਼ਾਹਿਰ ਜਗ ਮਹਿਂ ਜਬਰ ਜ਼ਹੂਰ[2]। ਹਾਜ਼ਰ ਜਹਿਂ ਕਹਿਂ ਦਾਸ ਹਜ਼ੂਰ[3] ॥ ੧੩ ॥ ਗ਼ਾਫਲ ਗੀਜ[4] ਗ਼ਰੀਬ ਨਿਵਾਜ। ਇਹ ਕਦੀਮ[5] ਤੁਮ ਕਰਤੇ ਕਾਜ। ਜਸ ਚਿਤ ਚਹੋ ਕਰਹੁ ਤਸ ਮਾਲਿਕ। ਸਿਰਜਨਹਾਰ* ਖ਼ਲਕ ਕੋ ਪਾਲਿਕ ॥੧੪॥ ਲਗਜੋ ਆਨਿ ਮੈਂ ਕਦਮ ਤੁਮਾਰੇ। ਬੂਝਹੁ ਰਿਦੇ ਮਨੋਰਥ ਸਾਰੇ। ਅਪਨੇ ਪੰਥ ਵਿਖੇ ਮਮ ਟੁਕਰਾ[6]। ਜੇ ਰਾਖਹੁ ਤੁਮ, ਕਰਹੁ ਨ ਉਖਰਾ[7] ॥੧੫॥ ਸਭਿ ਤੁਰਕਨਿ ਤੇ ਰਖਹੁ ਨਿਰਾਲਾ। ਮੋ ਪਰ ਕਰਿ ਕੈ ਕਰਮ ਕ੍ਰਿਪਾਲਾ। ਤੌ ਅਬਿ ਪਤਾ ਮੋਹਿ ਕੋ ਦੇਈਏ। ਮਮ ਉਰ ਅੰਤਰ ਕੀ ਲਖਿ ਲੇਈਏ’ ॥ ੧੬ ॥ ਇੱਤਜਾਦਿਕ ਕਹਿ ਕਰਿ ਇਕ ਘਟਿਕਾ[8]। ਮ੍ਰਿਤਕਾ ਕੀ ਲਘੁ ਲਘੁ ਦ੍ਵੈ ਘਟਕਾ[9]। ਤਿਨ ਮਹਿਂ ਪਾਇ ਮਧੁਰ ਪਕਵਾਨ। ਸੇਤ ਬਸਤ੍ਰ ਮੁਖ ਬੰਧਨ ਠਾਨਿ ॥ ੧੭ ॥ ਪ੍ਰਿਥਮ ਮੁਰੀਦ ਨਿਕਟਿ ਮੰਗਵਾਈ। ਲੇ ਕਰਿ ਸੋ ਨਿਜ ਹਾਥ ਉਚਾਈ। ਦ੍ਵੈ ਕਰ ਪਰ ਦੋਨਹੁ ਸੋ ਧਰਿਕੈ। ਸਤਿਗੁਰ ਕੀ ਸ਼ੁਭ ਸਿਫਤ ਉਚਰਿਕੈ ॥ ੧੮ ॥ ਹੇਤੁ ਪਰਖਿਬੇ ਹ੍ਵੈ ਕਰਿ ਆਗਾ। ਅਤਿ ਸਮੀਪ ਹ੍ਵੈਬੇ ਕਹੁ ਲਾਗਾ। ਪ੍ਰਭੁ ਬਿਰਾਜਤਿ ਮਾਤਲ ਅੰਕਾ[10]। ਸੁੰਦਰ ਦਰਸ਼ਨ ਮਦਨ ਮਯੰਕਾ ॥੧੯॥ ਸ਼ਯਾਮ ਬਿੰਦੁ[11] ਜਨਨੀ ਸ਼ੁਭ ਲਾਇਦ । ਡੀਠ ਨ ਲਗੈ[12] ਰਿਦਾ ਅਕੁਲਾਇਦ। ਮਨਹੁਂ ਸੁ ਲੱਛਨ ਚੰਦ[13] ਸੁਹਾਵਾ। ਦਾਸ ਚਕੋ-ਰਨ ਗਨ ਹਰਖਾਵਾ ॥੨੦॥ ਬਿਕਸਜੋ ਮਨਹੁਂ ਅਲਪ[14] ਅਰਬਿੰਦ। ਬੈਠਜੋ ਸ਼ੋਭਤਿ ਬਤਸ ਮਲਿੰਦ[15]। ਸੁਧਾ ਕੁੰਡ ਮੁਖ ਮੰਡਲ ਮਨੋ। ਬਿਕਸਤਿ ਕਬਿ ਕਬਿ ਬੀਚੀ ਸਨੋ[16] ॥ ੨੧ ॥ ਜਜੋਂ ਜਜੋਂ ਸ਼ਾਹ ਭੀਖ ਮੁਖ ਬੋਲਹਿ।

---

[1]ਜਮਾਂ ਦਾ ਡਰ [ਫਾ:, ਬਾਕ]। (ਅ) ਜਮਾਂ ਦੀ ਬਾਕੀ [ਅ:, ਬ਼ਾਕੀ]। [2]ਡਾਢਾ ਪ੍ਰਕਾਸ਼ ਹੈ। [3]ਜਿੱਥੇ ਕਿਤੇ ਦਾਸ ਹਜ਼ੂਰ ਨੂੰ (ਯਾਦ ਕਰਦੇ ਹਨ ਆਪ, ਹਾਜ਼ਰ ਹੁੰਦੇ ਹੋ। (ਅ) ਜਿੱਥੇ ਕਿੱਥੇ ਦਾਸਾਂ ਦੇ ਹਾਜ਼ਰਾ ਹਜ਼ੂਰ ਹੋ। [4](ਰੱਬ ਤੋਂ) ਗ਼ਾਫਲਾਂ ਦੇ ਨਾਸ਼ ਕਰਤਾ ਯਾ ਗ਼ਫਲਤਾ ਦੇ ਨਾਸ਼ਕ। [5]ਆਦੋਂ ਹੀ। [6]ਟੁਕੜਾ, ਭਾਵ ਮੇਰਾ ਕੁਛਕੁ ਸਬੰਧ। (ਅ) ਭਾਗ, ਹਿੱਸਾ। [7](ਤੁਰਕਾਂ ਦੇ ਤੇਜ ਪ੍ਰਤਾਪ ਦੀ ਜੜ ਕੱਟੀ ਜਾਣੀ ਹੈ) ਜੇ ਆਪ ਰਖ ਲਓਗੇ ਤਾਂ (ਮੇਰੀ ਜੜ) ਨਾ ਉਖੜੇਗੀ। [ ਦੇਖੋ ੧੪ ਅੰਸੂ ਦਾ ੧੨ ਅੰਕ ]। । [8]ਘੜੀ ਭਰ। [9]ਦੋ ਕੁੱਜੀਆਂ। [10]ਮਾਮੇ ਜੀ ਦੀ ਗੋਦ ਵਿੱਚ। [11]ਕਾਲੀ ਬਿੰਦੀ। [12]ਨਜ਼ਰ ਨਾ ਲਗੇ। [13]ਚੰਦ ਵਿਚ ਚਿੰਨ੍ਹ ਸੁਹਾ ਰਿਹਾ ਹੈ [ਚੰਦ ਵਿਚ ਸਸੇ ਦਾ ਕਾਲਾ ਚਿੰਨ੍ਹ ਹੁੰਦਾ ਹੈ ਇਸੇ ਕਰਕੇ ਸਸਿਲਾਂਛਨ ਬੀ ਚੰਦ ਦਾ ਇਕ ਨਾਮ ਹੈ]। [14]ਛੋਟਾ ਜਿਹਾ। [15]ਭਉਰੇ ਦਾ ਬੱਚਾ (ਹੈ ਮਾਨੋਂ ਉਹ ਕਾਲਾ ਬਿੰਦੂ)। [16]ਮੂੰਹ ਮੰਡਲ ਮਾਨੋਂ ਅੰਮ੍ਰਿਤ ਦਾ ਕੁੰਡ ਹੈ ਜੋ ਕਿਸੇ ਕਿਸੇ ਵੇਲੇ ਮੁਸਕ੍ਰਾਉਂਦਾ ਹੈ ਸੋ ਮਾਨੋਂ ਲਹਿਰ ਉਠਦੀ ਹੈ। *ਪਾ:—ਸਿਰਜਨ ਖਿਜ਼।

ਪਿਖਤਿ ਹਸਤਿ ਤਜੈਂ ਤਜੈਂ ਤਨੁ ਡੋਲਹਿ। ਹਾਥਨਿ ਚਰਨ ਉਛਾਰਤਿ
ਡਾਰਤਿ। ਕਵਿ ਜਿਨ ਪਰ ਉਤਪਲ ਦੁਤਿ ਵਾਰਤਿ[1]॥੨੨॥ ਹਾਟਕ ਕਟਕ[2]
ਜਟੇ ਵਿਚ ਹੀਰੇ। ਲਾਗੀ ਅੰਗੁਰੀ ਲਗੋਂ ਜੰਜੀਰੇ[3]। ਜਟੀ ਮੁੰਦਰੀ ਸੁੰਦਰ
ਸੰਗਿ[4]। ਝਗੁਲੀ ਝੀਨ ਪੀਤ ਸ਼ੁਭ ਰੰਗ॥੨੩॥ ਲੋਚਨ ਪੁਤਰੀ ਇਤ ਉਤ
ਫੇਰਤਿ। ਕਰਤਿ ਕ੍ਰਿਤਾਰਥ ਸੰਗਤਿ ਹੇਰਤਿ। ਆਯਤ[5] ਭਾਲ ਕੇਸ ਬਰ
ਛੋਟੇ। ਸਿਰ ਪਰ ਬਸਤ੍ਰ ਦਮਕਤੇ ਗੋਟੇ॥੨੪॥ ਸੰਗਤਿ ਚਹੁੰਦਿਸ਼ਿ ਜੋਰਤਿ
ਹਾਥ। ਦਰਸਤਿ ਖਰੇ ਅਲਪ ਗੁਰਨਾਥ[6]। ਸ਼ਾਹਿ ਭੀਖ ਘਟਕਾ ਜਬਿ ਦੋਨੋ।
ਕਰੀ ਸਮੀਪ ਹੋਇ ਕਰਿ ਨਮੋ*॥੨੫॥ ਸ਼੍ਰੀ ਗੁਰ ਦੋਨਹੁੰ ਹਾਥ ਪਸਾਰੇ। ਘਟੀ
ਸਪਰਸ਼ਨ ਕੋ ਤਿਸ ਬਾਰੇ†। ਤਊ ਨ ਪਹੁੰਚੇ ਜਾਇ ਤਹਾਂ ਲੌ। ਪਰੇ ਅੰਕ[7]
ਮਹਿਂ ਛੁਵੈਂ ਕਹਾਂ ਲੌ॥੨੬॥ ਸ਼ਾਹੁ ਭੀਖ ਕੇ ਮਨ ਕੀ ਜਾਨਿ। ਕਰੀ ਵਧਾਵਨ
ਬਾਹੁ ਮਹਾਨ। ਦੋਨੋ ਦ੍ਵੈ ਘਟਕਾ ਪਰ ਲਾਇ। ਸੰਗਤਿ ਖਰੀ ਨ ਕਿਨਹੁ
ਲਖਾਇ॥ ੨੭ ॥ ਸ਼ਾਹੁ ਭੀਖ ਇਕ ਕਰੀ ਨਿਹਾਰਨਿ। ਜਬਿ ਘਟਕਾ ਪਰ
ਕਿਯ ਕਰ ਧਾਰਨਿ। ਭਾਰ ਬਿਸਾਲ ਹਜ਼ਾਰਨਿ ਮਨ ਕੋ। ਕਰਯੋ ਪ੍ਰਭੂ ਨੇ ਹਾਥ
ਦੁਹਿਨਿ ਕੋ॥੨੮॥ ਅਪਨੀ ਕਰਾਮਾਤ ਕੇ ਸਾਥ। ਸਾਂਭਤਿ ਭਾ ਦਿਢ ਕਰਿ
ਕੈ ਹਾਥ। ਪੁਨਹਿ ਗੁਰੂ ਨੇ ਅਧਿਕ ਦਬਾਯੋ। ਪੀਰ ਓਜ ਨਿਜ ਤੇ ਬਿਕੁਲਾਯੋ
॥ ੨੯ ॥ ਉਛਲਤਿ ਚਰਨ ਦਿਸ਼ਾ ਤਬਿ ਹੇਰ। ਕਹਿਤ ਭਯੋ 'ਮੈਂ ਹੌਂ ਇਨ
ਚੇਰ'। ਤਤਛਿਨ ਦੋਨਹੁੰ ਹਾਥ ਉਠਾਏ। ਬਿਨਾ ਭੀਖ ਨਹਿ ਕਿਨਹੁੰ ਲਖਾਏ
॥ ੩੦ ॥ ਅਤਿ ਅਨੰਦ ਮਨ ਮੈਂ ਹੁਇ ਆਯੋ। ਦੁਸਕਰ ਤਪ ਕੋ ਫਲ
ਜਨੁ ਪਾਯੋ। ਜਨਮ ਰੰਕ ਜਿਮ ਨਵ ਨਿਧਿ ਲੈਕੇ। ਪ੍ਰਾਨ ਅੰਤ ਤਿਖ ਜਲ
ਜਿਮ ਪੈਕੇ[8]॥੩੧॥ ਭਈ ਭਾਵਨੀ ਪੂਰਨ ਸਾਰੀ। ਸੀਸ ਨੰਮ੍ਰਿ ਕਰ ਬੰਦਨ
ਧਾਰੀ। ਘਟਕਾ ਦਈ ਮੁਰੀਦਨ ਹਾਥ। ਭਰਿ ਲੋਚਨ ਦਰਸਤਿ ਗੁਰ ਨਾਥ
॥੩੨॥ ਅਰਪਹਿਂ ਅਨਿਕ ਉਪਾਇਨ ਦਾਸ। ਜੋਰਿ ਹਾਥ ਕਰਤੇ ਅਰਦਾਸ।
ਬਸਤ੍ਰ ਬਿਭੂਖਨ ਦਰਬ ਅਗਾਰੇ। ਧਰਹਿਂ ਆਨਿ ਸਿਖ ਸੰਗਤ ਸਾਰੇ॥੩੩॥
ਕੋ ਪੰਚਾਂਮ੍ਰਿਤ ਕੋ ਕਰਿਵਾਇ। ਆਨਜੈਂ ਸਤਿਗੁਰ ਢਿਗ ਬਰਤਾਇ। ਚਤੁਰ
ਘਟੀ ਲਗਿ ਦਰਸ਼ਨ ਦੀਨਸਿ। ਸਿਖ ਸੰਗਤ ਉਤਸਾਹ ਸੁ ਕੀਨਸਿ॥੩੪॥

[1]ਕਵਲਾਂ ਦੀ ਸ਼ੋਭਾ ਕੁਰਬਾਨ ਕਰਦਾ ਹੈ। [2]ਸੋਨੇ ਦੇ ਕੜੇ। [3]ਉਂਗਲਾਂ ਤਕ ਜੰਜੀਰੀਆਂ ਲੱਗੀਆਂ ਹੋਈਆਂ। [4]ਸੁੰਦਰਤਾ ਨਾਲ। [5]ਚੌੜਾ। [6]ਛੋਟੇ ਸਰੂਪ ਵਿਚ ਗੁਰੂ ਜੀ ਨੂੰ। [7]ਗੋਦੀ। [8]ਜਿਵੇਂ ਤ੍ਰੇਹ ਕਰਕੇ ਪ੍ਰਾਨ ਅੰਤ ਹੋਣ ਵਾਲੇ ਨੂੰ ਜਲ ਮਿਲ ਜਾਵੇ। *ਪਾ:-ਯੌਨੋ।
†ਪਾ:-ਕਵਿ ਸੰਤੋਖ ਸਿੰਘ ਬਲਿਹਾਰੇ।

ਸਭਿ ਨੈ ਦਰਸ਼ਨ ਕਾਰਨ ਜਾਨਾ। ਬੈਠਿ ਪੀਰ ਹਠ ਕਿਯੋ ਮਹਾਨਾ। ਯਾਂਤੇ ਦਰਸ਼ਨ ਸਭਿ ਕੋ ਭਯੋ। ਅਲਪ ਰੂਪ ਸੁੰਦਰ ਗੁਰੁ ਬਿਯੋ ॥੩੫॥ ਸ਼ਾਹੁ ਭੀਖ ਸੋਂ ਮਿਲਿ ਸਿਖ ਸਾਰੇ। 'ਧੰਨ ਪੀਰ ਜੀ' ਕਹਤਿ ਨਿਹਾਰੇ।ਸਭਿ ਕੋ ਦਰਸ਼ਨ ਤੁਮ ਕਰਿਵਾਇਵ। ਭਾ ਉਤਸਾਹ ਸਿੱਖ ਹਰਖਾਇਵ ॥੩੬॥ ਸ੍ਰੀ ਗੁਰੂ ਕੋ ਅੰਤਰ ਲੇ ਗਏ। ਪੁਨ ਸਿਖ ਨਿਜ ਨਿਜ ਸਦਨ ਸਿਧਏ। ਤਬਹਿ ਪੀਰ ਜੀ ਖ਼ਾਨਾ ਖਾਯੋ । ਪੁਰਵਿ ਕਾਮਨਾ ਤੇ[1] ਹਰਖਾਯੋ ॥ ੩੭ ॥ ਹੁਤੇ ਮੁਰੀਦ ਸੁ ਬੂਝਨਿ ਲਾਗੇ।'ਘਟੀ ਜੁ ਲਈ ਪੀਰ ਜੀ ਆਗੇ।ਨਹੀਂ ਗੁਰੂ ਕਹੁ ਅਰਪਨਿ ਕਰੇ।ਕਾਰਜ ਕੌਨ ਇਨਹੁੰ ਤੇ ਸਰੇ?॥੩੮॥ਜਿਮ ਲੇ ਗਏ ਤਥਾ ਲੇ ਆਏ। ਬਾਦ[2] ਕ੍ਰਿੱਤਿ ਇਹ ਪਰਹਿ ਲਖਾਏ।ਇਹ ਹਮ ਕੋ ਕੁਛ ਪਰਹਿ ਨ ਚੀਨੇ। ਕਯੋਂ ਧਰਿ ਹਾਥ ਅਗਾਰੀ ਕੀਨੇ?'॥੩੯॥ਸ਼ਾਹੁ ਭੀਖ ਨੇ ਸੁਨਤਿ ਬਖਾਨਾ। 'ਇਹ ਅਵਤਰਿਓ ਪੁਰਖ ਮਹਾਨਾ। ਤੁਰਕਨਿ ਤੇਜ ਮਿਟਾਵਨਿ ਕਾਰਨ। ਅਪਨਿ ਪੰਥ ਜਗ ਮਹਿਂ ਬਿਸਤਾਰਨਿ ॥ ੪੦॥ ਮੈਂ ਕੀਨਸਿ ਇਹ ਮਨ ਕੇ ਸਾਥ। ਧਰਹਿਂ ਜਿ ਦ੍ਵੈ ਪਰ ਦੋਨਹੁੰ ਹਾਥ। ਹਿੰਦੂ ਤੁਰਕ ਰਹੈਂ ਜਗ ਦੋਊ। ਉਪਜਹਿ ਪੰਥ ਰਾਜ ਲੇ ਸੋਊ॥੪੧॥ਜੇ ਇਕ ਪਰ ਨਿਜ ਹਾਥ ਧਰੰਤੇ। ਜਗ ਮਹਿਂ ਤੌ ਨਹਿ ਤੁਰਕ ਰਹੰਤੇ।ਇਸ ਪ੍ਰੀਛਾ ਕਰਿਬੇ ਹਿਤ ਆਯੋ।ਹੁਤੋ ਸੰਦੇਹ ਰਿਦੇ ਬਿਨਸਾਯੋ' ॥ ੪੨ ॥ ਇਮ ਕਹਿ ਸ਼ਾਹ ਭੀਖ ਹਰਖਾਇ। ਹਟਿ ਮਗ ਗਮਨਯੋਂ ਪੁਰਿ ਨਿਕਸਾਇ। ਸਨੇ ਸਨੇ ਆਯੋ ਨਿਜ ਦੇਸ਼। ਸਿਮਰਤਿ ਰਿਦੇ ਖ਼ੁਦਾਇ ਹਮੇਸ਼ ॥ ੪੩ ॥ ਦੋਹਰਾ ॥–ਬਡੀ ਆਰਬਲ ਹੋਇ ਜਬਿ, ਬਿਹਸਹਿਂ ਬੋਲਹਿਂ ਬੈਨ।ਤਬਿ ਜਾਚੌਂ ਮੈਂ ਜਾਚਨਾ ਸਤਿਗੁਰਕੋ ਪਿਖਿਨੈਨ– ॥੪੪॥ਚੌਪਈ॥ਮੂਰਤਿ ਮੁਦਿਤ ਉਦਤਿ ਜਨ ਇੰਦੂ[3]।ਬੰਦਨੀਯ ਜਗ ਪਿਤਾ ਮਨਿੰਦ[4]। ਅਤਿ ਉਦਾਰ ਅਤਿ ਯੋਧਾ ਗਾਵੈ। ਅਤਿ ਸੁਸ਼ੀਲ ਅਤਿਸ਼ੈ ਬਲ ਆਵੈ[5] ॥ ੪੫ ॥ ਲਖਹਿਂ ਭਵਿੱਖਤ[6] ਚਲਿਤ ਉਦਾਰੇ[7]। ਕਰਮ ਅਮਾਨੁਖ[8] ਰਣ ਬਿਸਤਾਰੇ। ਕਰਤਿ ਪ੍ਰਤੀਖਨ ਭੀਖ ਬਹੋਰੀ।–ਪੁਨ ਦਰਸ਼ਨ ਦਰਸਹੁੰ ਇਸ ਠੌਰੀ*–॥ ੪੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਭੀਖ ਸ਼ਾਹ ਦਰਸ਼ਨ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥ ੧੬ ॥

---

[1]ਕਾਮਨਾ ਪੂਰਨ ਹੋਣ ਤੇ। [2]ਬਿਅਰਥ। [3]ਮੂਰਤੀ ਆਨੰਦ ਦਾਤੀ ਹੈ ਜਾਣੋ ਚੰਦ੍ਰਮਾਂ ਉਦੇ ਹੋਇਆ ਹੈ। [4]ਭਾਵ ਸ੍ਰੀ ਗੁਰ ਤੇਗ ਬਹਾਦਰ ਵਤ। [5]ਬਲ ਦਾ ਆਸਰਾ। [6]ਭਵਿੱਖਤ ਨੂੰ ਜਾਣਨ ਵਾਲੇ। (ਅ) ਜਾਣਦੇ ਹਨ ਕਿ ਭਵਿੱਖਤ (ਵਿਚ ਇਨ੍ਹਾਂ ਦੇ)। [7]ਉਦਾਰ ਚਰਿੱਤ੍ਰਾਂ ਵਾਲੇ। [8]ਜੋ ਮਨੁੱਖ ਨਾ ਕਰ ਸਕੇ ਭਾਵ ਈਸ਼੍ਵਰ ਸਮਾਨ ਮਹਾਨ ਉੱਚੇ ਤੇ ਸੁੱਚੇ ਕੰਮ। *ਆਪ ਫੇਰ ਲਖਨੌਰ ਵਿਚ ਮਿਲੇ ਸੇ।

੧੭. [ਬਾਲ ਕਉਤਕ]।

ਦੋਹਰਾ ॥ ਇਸ ਪ੍ਰਕਾਰ ਕਰਿ ਦਰਸ ਕੋ ਸੈਦ ਭੀਖ ਸੁਖ ਪਾਇ । ਦੇਸ਼ ਆਪਨੇ ਕੋ ਹਟ੍ਯੋ ਸਤਿਗੁਰ ਚਰਨ ਮਨਾਇ ॥੧॥ ਸ੍ਵੈਯਾ॥ ਸ਼੍ਰੀ ਗੁਰ ਸੁੰਦਰ ਸੂਰਤ ਸੋਹਤਿ,ਮੂਰਤਿ ਮਾਧੁਰੀ ਪੂਰਤਿ ਸਾਰੀ[1]।ਰੇਸ਼ਮ ਡੋਰ ਬਧੀ ਪਲਨਾ[2] ਸੰਗ ਦਾਸ ਝੁਲਾਵਤਿ ਐਂਚਿ ਅਗਾਰੀ। ਮੰਦਹਿ ਮੰਦ[3] ਅਨੰਦ ਉਮੰਗਤਿ ਅੰਗ ਉਤੰਗ ਕਰੈਂ[4] ਦੁਤਿ ਭਾਰੀ। ਮਾਨਹੁ ਸੰਘਰ ਕੇ ਕਰਿਬੇ ਹਿਤ ਸੂਰਤ ਹੈਂ ਉਤਸਾਹੁ ਬਿਥਾਰੀ[5]॥ ੨ ॥ ਦ੍ਵੈਪਦ ਸੁੰਦਰ ਜ੍ਯੋਂ ਅਰਬਿੰਦ ਸੁ ਦਾਸਨਿ ਬ੍ਰਿੰਦ ਕੋ ਆਨੰਦ ਦਾਨੀ। ਕੋਮਲ ਲਾਲ ਅਕਾਰ ਲਘੂ ਅੰਗੁਰੀ ਇਕਸਾਰ ਸੁਭੈਂ ਦੁਤਿ ਸਾਨੀ[6]। ਚਿਕਵਨ ਚਾਰੁ ਸੁ ਰੰਗਿ ਸੁ ਗੋਲ ਦਿਪੈਂ ਨਖ[7], ਜਾਨ ਕਹੀ ਕਵਿ ਬਾਨੀ[8] । ਫੂਲ ਬਧੂਪ ਕਿ* ਊਪਰ[9] ਜ੍ਯੋਂ ਅਤਿ ਉੱਜਲ ਹੀਰਨਿਪੰਗਤਿ ਠਾਨੀ[10]॥੩॥ਕੂਰਮ[11]ਪੀਠਮਨਿੰਦ ਦੁਊਪਦਬੀਰ ਤੇ ਊਰਧ ਕੋਮਲ ਏਡੀ।ਕਿੰਚਤ ਆਕ੍ਰਿਤ ਹੈ ਗੁਲਫਾਨ ਕੋ[12]ਮਾਸਲਜਾਂਘ ਸਜੈਂ ਕਦ ਜੇਡੀ[13] । ਊਪਰ ਕੋ ਉਛਰੰਤਿ ਸੁ ਨੂਪਰ ਯੌਂ ਰੁਣਕੰਤਿ ਭਏ ਛਬਿ ਮੇਡੀ[14]।ਮਾਨਹੁ ਮਹਾਤਮਕੋ ਉਚਰੈਂ ਧਰਿ ਧ੍ਯਾਨ ਹਰੈਂ ਬਿਪਤਾ ਬਡ ਕੇਡੀ[15] ॥੪॥ਝੀਨ ਝਗਾ ਪਹਿਰੈਂ ਤਨ ਮੈਂ ਗਰ ਬਾਘਨਖਾ ਮਢਿ ਕੰਚਨ ਤੇ[16]।ਕੰਧ ਉਤੰਗ ਬਿਲੰਦ ਭੁਜਾਨਿ ਬਿਰਾਜਤਿ ਹਾਟਕ ਕੰਕਨ[17]ਤੇ। ਚਾਰੁ ਬਿਲੋਚਨ ਸਾਥ ਬਿਲੋਕਤਿ ਭੂਪ ਕਰੇ ਜਿਨ ਰੰਕਨਿ ਤੇ। ਸੀਸ ਪੈ ਕੇਸ ਸਚਿਕਵਨ[18]ਸ਼੍ਯਾਮ ਮੁਲਾਇਮ ਜੋ ਮਖ਼ਤੂਲਨ ਤੇ[19]॥੫॥ਸ਼੍ਰੀਗੁਜਰੀ ਬਡ ਭਾਗ ਭਰੀ ਤਟ[20] ਬੈਠਿ ਬਿਲੋਕਤਿ ਨੰਦਨ ਕੋ। ਬੋਲਤਿ ਹੈ ਬਤਰਾਵਨ ਕੋ[21] ਸੁਤ ਲਾਲਤਿ ਹੈ[22] ਅਭਿਨੰਦਨ ਕੋ[23]।ਮਾਤ ਦਿਸ਼ਾ ਪਿਖਿਕੈ ਮੁਸਕਾ-

[1]ਮਿਠਾਸ ਨਾਲ ਪੂਰਤ ਹੈ ਸਾਰੀ। [2]ਪੰਘੂੜੇ। [3]ਹੌਲੀ ਹੌਲੀ। [4]ਅੰਗ ਉੱਚੇ ਕਰਦੇ ਹਨ। [5]ਜੁੱਧ ਕਰਨ ਲਈ ਵਿਸਤਾਰ ਸਹਤ ਉਤਸਾਹ ਜਣਾਂਵਦੇ ਹਨ। [6]ਸ਼ੋਭਾ ਸਹਿਤ। [7]ਚੀਕਣੇ ਸੁਹਣੇ ਸ੍ਰੇਸ਼ਟ ਰੰਗ ਵਾਲੇ ਤੇ ਗੋਲ ਚਮਕ ਰਹੇ ਹਨ ਨਹੁੰ। [8]ਜਾਣਕੇ ਕਵੀ ਨੇ ਬਾਣੀ ਕਹੀ ਹੈ ਭਾਵ ਕਵੀ ਨੇ ਅਗਲੀ ਸਤਰ ਵਿਚ ਇਨ੍ਹਾਂ ਦੀ ਉਪਮਾ ਦੱਸਣੀ ਹੈ। [9]ਗੁਲ ਦੁਪਹਿਰੀ ਦੇ ਫੁੱਲ ਉਤੇ [ਸੰਸ:, ਬੰਧੁਕ]। [10]ਉਜਲ ਹੀਰਿਆਂ ਦੀ ਪੰਗਤੀ ਲਾਈ ਹੈ। [11]ਕੱਛੂਕੁੰਮੇ ਦੀ। [12]ਥੋੜਾ ਜਿਹਾ ਆਕਾਰ ਹੈ ਗਿੱਟਿਆਂ ਦਾ। [13]ਮਸਲੀਆਂ ਵਾਲੀਆਂ ਜੰਘਾਂ ਕਦ ਦੇ ਅਨੁਸਾਰ ਸਜ ਰਹੀਆਂ ਹਨ। [14]ਛਬਿ ਨਾਲ ਮਿਲੀ ਹੋਈ। [15]ਵਡੀ ਕਿਡੀ ਵੀ ਹੋਵੇ ਬਿਪਦਾ। [16]ਸ਼ੇਰ ਦੀਆਂ ਨਹੁੰਦਰਾਂ ਸੋਨੇ ਵਿਚ ਮੜ੍ਹੀਆਂ। [17]ਸੋਨੇ ਦੇ ਕੜੇ। [18]ਚੀਕਣੇ। [19]ਰੇਸ਼ਮ ਨਾਲੋਂ ਵੀ। [20]ਪਾਸ। [21]ਗੱਲਾਂ ਕਰਾਉਣ ਵਾਸਤੇ। [22]ਲਡਾਂਵਦੀ ਹੈ। [23]ਅਨੰਦ ਕਰਨੇ ਲਈ।

*ਪਾਠ 'ਬੰਧੂਕ ਕਿ' ਹੋਵੇ ਤਾਂ ਅਸਚਰਜ ਨਹੀਂ।

ਵਤਿ ਰਾਖਹਿਂ ਧਰਮ ਜੁ ਹਿੰਦੁਨਿ ਕੋ[1]। ਅੰਕ ਬਿਠਾਇ ਦੁਲਾਰਤਿ ਹੈ ਕਬਿ ਸੁੰਦਰ ਸ਼੍ਰੀ ਜਗਬੰਦਨ ਕੋ[2]॥੬॥ ਕੇਤਿਕ ਮਾਸ ਬਿਤੀਤ ਭਏ ਸੁਤ ਕੋ ਸੁਖ ਦੇਖਤਿ ਸ਼੍ਰੀਗੁਜਰੀ[3]।ਗੋਬਿੰਦਨਾਮ ਸਮਾਨ ਸਰੂਪ[4]ਤਿਨੌ ਪਿਖਿ ਜਨੋਂ ਜਸੁਧਾ ਗੁਜਰੀ[5]।ਦੇਖ ਪ੍ਰਤੱਖ਼ਯ ਪ੍ਰਤਾਪ ਮਹਾਂ ਤਿਨ ਸ਼ੱਤ੍ਰਨਿਕੇ ਸਿਰਕਯਾਗੁਜ਼ਰੀ[6]। ਗੌਰਵਤਾ ਗਿਰ ਸੀ ਜਿਨ ਕੀ[7] ਅਬਿ ਰੰਚਕ ਭੀ ਨ, ਸਭੀ ਗੁਜ਼ਰੀ[8] ॥੭॥ ਮੋਦ ਉਦੈ ਬਿਤ ਗੋਦ ਮੈਂ ਬੈਠਤਿ ਫੇਰਪ੍ਰਯੰਕ ਪੈ ਬੈਠਨਿ ਲਾਗੇ।ਹਾਥਨਿਕੋ ਧਰਿ ਕੈ ਬਲ ਪਾਂਇ[9] ਲਗੇ ਸਰਕਾਨ[10] ਕਛੂ ਕਬਿ ਆਗੇ। ਦੰਦ ਉਗੇ ਜੁਗ ਸੁੰਦਰ ਸੋਹਤਿ ਓਠਨਿ ਸਾਥ ਮਹਾਂਦੁਤਿ ਜਾਗੇ।ਮਾਨੋ ਪ੍ਰਵਾਲ ਕੇ ਸੰਪਟ ਮੈਂ ਇਹ ਹੀਰਸਰੇਖ ਪਯੂਖਮੈਂਪਾਗੇ[11]॥੮॥ਕਿਲਕੰਤਿ ਹਸੰਤਿ ਬਿਲੋਕਤਿਹੈਂ, ਚਲਿ ਰਿੰਙਣ ਅੰਙਣਮੈਂਫਿਰਆਵੈਂ[12]।ਗੁਲਕਾਰਿ ਗੁਲਾਬ ਗਲੀਚਨ ਪੈ[13] ਪਦ ਐਂਚਤਿ ਨੂਪਰ ਕੋ ਰੁਣਕਾਵੈਂ । ਅਤਿ ਚੰਚਲਤਾ ਜੁਗ ਲੋਚਨਿ ਬੀਚ ਪ੍ਰਤਾਪ ਭਰਯੋ ਬਿਧਿਯੌਂਦਰਸਾਵੈਂ[14]:-।ਜਨੁਉੱਜਲ ਪਾਤ੍ਰ ਬਿਲੌਰਬਿਖੈ ਬਹੁ ਨਿਰਮਲ ਰੰਗ ਪਰਯੋ ਝਲਕਾਵੈ॥੯॥ਦਾਸਅਦਾਇਬ ਸਾਥ ਰਹੈਂ ਪਿਖਿ ਤੌਰ ਅਜਾਇਬ ਸਾਹਿਬ ਕੇਰਾ।ਦੇਖਤਿ ਬੋਲਤਿ ਹੈਂਜਿਸ ਕੀ ਦਿਸ਼ਿਜੋਰਤਿ ਹਾਥ ਥਿਰੈਂ ਤਿਸ ਬੇਰਾ। ਕੌਨ ਕਰੈ ਪ੍ਰਤਿਕੂਲ ਕਿਸੀ ਬਿਧਿ,ਹ੍ਵੈਂ ਅਨੁਸਾਰਿ ਜਥਾ ਰੁਖ ਹੇਰਾ[15]।ਸੇਵਕ ਸੇਵਤਿ ਤ੍ਰਾਸ ਧਰੈਂ ਗੁਰਦੇਵ ਅਤੇਵ[16] ਪ੍ਰਤਾਪ ਉਚੇਰਾ ॥੧੦॥ਕੇਸ ਅਸ਼ੇਸ਼ ਸਚਿਕਵਨ, ਮੇਚਕ, ਕੁੰਚਤ, ਕੋਮਲ ਸੁੰਦਰ ਸਾਰੇ[17]॥ ਗੁੰਦਨ ਕੀਨਿ ਸੁਧਾਰਿ ਭਲੇ ਮਖ਼ਤੂਲ[18]ਮਿਲੇ ਜਨੁ ਪੰਨਗ ਬਾਰੇ[19]।ਕੰਚਨ ਚਾਰੁ ਜਰਾਵ ਜਰਯੋ ਮੁਕਤਾਵਲ[20] ਹੀਰੇ ਅਨੇਕ ਪ੍ਰਕਾਰੇ।ਸ਼ੋਭਤਿ ਹੈਂ ਸਿਰ-

---

[1]ਜੋ ਹਿੰਦੂਆਂ ਦਾ ਧਰਮ ਰੱਖਣਗੇ ਉਹ ਮਾਤਾ ਜੀ ਦੀ ਵਲ ਵੇਖਕੇ ਮੁਸਕ੍ਰਾਉਂਦੇ ਹਨ। [2]ਬੰਦਨੀਯ ਜੀ ਨੂੰ। [3]ਮਾਤਾ ਜੀ ਦਾ ਨਾਮ। [4]ਗੋਬਿੰਦ ਨਾਮ ਤੇ ਸਰੂਪ ਬੀ ਸਮਾਨ ਹੈ ( ਗੁਰੂ ਜੀ ਤੇ ਕ੍ਰਿਸ਼ਨ ਜੀ ਦਾ)। [5]ਭਾਵ ਇਧਰ ਮਾਤਾ ਦਾ ਨਾਮ ਗੁਜਰੀ ਹੈ ਉਧਰ ਜਸੋਧਾਂ ਦੀ ਗੁੱਜਰੀ ਜਾਤੀ ਹੈ। [6]ਕੀ ਬੀਤੀ। [7]ਪਹਾੜ ਵਰਗੀ ਭਾਰੀ ਗੌਰਵਤਾ ਸੀ ਜਿਨ੍ਹਾਂ ਭਾਵ ਤੁਰਕਾਂ ਦੀ। [8]ਸਾਰੀ ਬੀਤ ਗਈ, ਭਾਵ ਹੁਣ ਥੋੜੀ ਬੀ ਨਹੀਂ ਰਹੀ। [9]ਪੈਰਾਂ ਦੇ ਬਲ। [10]ਸਰਕਨੇ ਲੱਗੇ। [11]ਮਾਨੋ ਗੁਲੀਆਂ ਦੇ ਡੱਬੇ ਵਿਚ ਅੰਮ੍ਰਿਤ ਨਾਲ ਭਿੱਜੇ ਹੋਏ ਹੀਰੇ ਹਨ। [12]ਰਿੜ੍ਹਕੇ ਵੇਹੜੇ ਵਿਚ ਫਿਰ ਆਉਂਦੇ ਹਨ। [13]ਗੁਲਾਬ ਫੁਲ ਜਿਨ੍ਹਾਂ ਗਲੀਚਿਆਂ ਤੇ ਕੱਢੇ ਹੋਏ ਹਨ। [14]ਇਸ ਤਰ੍ਹਾਂ ਦਿੱਸਦੇ ਹਨ। [15]ਜਿਵੇਂ ਰੁਖ਼ ਦੇਖਦੇ ਹਨ। [16]ਅਤਯੰਤ। [17]ਸਾਰੇ ਕੇਸ ਬਹੁਤੇ ਚੀਕਣੇ, ਕਾਲੇ, ਕੁੰਡਲਾਂ ਵਾਲੇ, ਕੋਮਲ ਤੇ ਸੁੰਦਰ ਹਨ। [18]ਰੇਸ਼ਮ। [19]ਮਾਨੋਂ ਸਰਪਾਂ ਦੇ ਬੱਚੇ ਹਨ। [20]ਮੋਤੀਆਂ ਦੀ ਪੰਗਤੀ।

ਫੂਲ[੧] ਮਨੋ ਰਵਿਕੀ ਰਸਮਾ ਪਰਵਾਰਿਤਿ ਤਾਰੇ[੨]॥੧੧॥ਕੰਧ ਉਤੰਗ ਬਿਲੰਦ
ਭੁਜਾ ਵਿਚ ਕੰਕਨ ਕੰਚਨ ਕੇ ਖਚਿ ਹੀਰੇ।ਕਿੰਕਨਿ[੩] ਬਾਜਤਿ ਹੈ ਚਲਤੇ,
ਉਤਲਾਵਤਿ ਰਿੰਙਨ ਹੈਂ ਕਬਿ ਧੀਰੇ[੪]।ਬੈਠਤਿ ਹੈਂ ਸਭਿਕੀ ਦਿਸ਼ਿ ਹੇਰਤਿ
ਪ੍ਰੇਰਤਿ ਦਾਸਨਿ ਕੋ ਹਿਤ ਛੀਰੇ[੫]।ਸ਼ਾਰਤ ਸਾਥ ਬਤਾਵਤਿ ਹੈਂ ਕਰਿਵਾਵਤਿ
ਸੋ ਬਿਧਿ ਆਪਨੇ ਤੀਰੇ[੬] ॥੧੨॥ ਸ਼੍ਰੀ ਗੁਜਰੀ ਬਡਭਾਗ ਭਰੀ ਨਿਜ ਪਾਨ[੭]
ਤੇ ਖਾਨ ਰੁ ਪਾਨ ਕਰਾਵੈ।ਦੇਖਿ ਮਹਾਂ ਉਚਤਾ ਸੁਤ ਕੀ ਮੁਖਤੇਜ ਸੁਭਾਇਕ
ਹੀ ਦਿਪਤਾਵੈ।–ਹੋਇ ਬਡੋ ਪੁਰਸ਼ੋਤਮ ਪੂਤ ਸਪੂਤ ਜਥਾ ਗੁਰ ਕੇ ਘਰ
ਭਾਵੈ[੮]। ਭਾਂਤਿ ਅਨੇਕਨਿ ਕੀ ਰਛ ਠਾਨਤਿ ਜੋ ਜਗ ਰੱਛਕ ਨਿੱਤਨ
ਕਹਾਵੈ–॥੧੩॥ਪ੍ਰੇਮ ਕਰੈ ਨਿਤ ਛੇਮ ਚਹੈ ਸੁਤ, ਪਾਲਤਿ ਲਾਲਤਿ ਹੈ ਬਹੁ
ਬਾਰੀ। ਹੈ ਗੁਨ ਮੰਦਰ ਸੁੰਦਰ ਸ਼੍ਰੀ ਮੁਖ ਧੋਵਤਿ ਆਪਨੇ ਲੈ ਕਰ ਬਾਰੀ[੯]।
ਅੰਗ ਸ਼ਨਾਨ ਕਰਾਇ ਬਿਧਾਨ ਸੋਂ[੧੦] ਸੂੰਘਤਿ[੧੧] ਭਾਲਜਨੋ ਆਨੰਦ ਬਾਰੀ[੧੨]।
ਅੰਬਰ ਕੋ ਪਹਿਰਾਇ ਬਿਭੂਖਨ[੧੩] ਲੋਨ ਸੁ ਰਾਈ ਲੈ ਊਪਰ ਬਾਰੀ[੧੪]॥੧੪॥
ਦਧਿ ਓਦਨ ਕੋ ਅਚਵਾਇ ਭਲੇ ਅਨਮੋਦਨ[੧੫] ਨੰਦਨ ਮਾਤ ਕਰੇ। ਬਹੁ
ਰੰਚਲਤਾ ਜੁਤਿ ਆਵਤਿ ਜਾਤਿ ਇਤੇ ਉਤ ਹੋਵਤਿ ਆਨਿ ਥਿਰੇ।ਕਿਲ-
ਕੰਤਿ, ਹਸੰਤਿ,ਹਸਾਵਤਿ ਔਰਨਿ ਭਾਵਤਿ ਹੀ ਦੁਖ ਦੋਖ ਹਰੇ। ਸ਼ੁਭ ਸ਼ੋਭ
ਧਰੇ ਪਰਯੰਕ ਚਰੇਂ,ਕਬਿ ਫੇਰ ਫਿਰੇਂ ਨਿਜ ਖੇਲ ਫਰੇ[੧੬]॥੧੫॥ਇਸ ਰੀਤਿ
ਬਿਤੀਤ ਭਏ ਦਿਨ ਕੇਤਿਕ ਪਾਇਨ ਮੈਂ ਤਬਿ ਜੋਰ ਭਰਨੋ। ਹੁਇ ਆਪ
ਖਰੇ ਅਵਲੰਬ ਬਿਨਾਂ ਚਰਣਾਂਬੁਜ ਚਾਇ ਅਗਾਰੀ ਧਰਨੋ। ਇਮ ਜਾਨਿ
ਤਿਖਾਨ ਇਨਾਮ ਕੇ ਹੇਤੁ ਗਡੀਰਨ[੧੭] ਸੁੰਦਰ ਏਕ ਘਰਨੋ। ਅਰਪਨੋ ਕਰਿ
ਬੰਦਨ ਠਾਨਿ ਮਨੋਰਥ ਪੂਰਨ ਸੋ ਤਤਕਾਲ ਕਰਨੋ ॥ ੧੬ ॥ ਹਾਥ ਗਡੀ-
ਰਨ ਪੈ ਧਰਿ ਕੈ ਪਦ ਮੰਦ ਹੀ ਮੰਦ ਉਠਾਵਨਿ ਲਾਗੇ। ਸੁੰਦਰ ਸ਼੍ਰੀ ਮੁਖ ਤੇ

---

[੧]ਸੋਨੇ ਦੇ ਰੋਲ ਰੋਲ ਗਹਿਣੇ ਜੋ ਕੇਸ ਗੁੰਦਣ ਵਿਚ ਪਹਿਰੀਦੇ ਹਨ। [੨]ਸੂਰਜ ਦੀਆਂ ਕਿਰਨਾਂ ਨਾਲ ਵੇਹੜੇ ਹੋਏ ਤਾਰੇ ਹਨ [ਹੀਰੇ ਮੋਤੀ ਤਾਂ ਤਾਰੇ ਹਨ, ਇਨ੍ਹਾਂ ਦੀ ਜੜਤ ਕਰਨ ਵਿਚ ਜੋ ਕੰਦਨ ਦੀਆਂ ਲੀਹਾਂ ਜੇਹੀਆਂ ਬਣ ਗਈਆਂ ਹਨ ਓਹ ਸੂਰਜ ਰਿਸ਼ਮਾਂ ਹਨ]। [੩]ਤੜਾਗੀ। [੪]ਛੇਤੀ ਨਾਲ ਰਿੜ੍ਹਦੇ ਹਨ ਤੇ ਕਦੇ ਹੌਲੀ ਧੀਰਜ ਨਾਲ। [੫]ਦੁੱਧ ਵਾਸਤੇ। [੬]ਆਪਣੇ ਪਾਸ। [੭]ਆਪਣੇ ਹੱਥ ਨਾਲ। [੮]ਚਾਹੀਦਾ ਸੀ। [੯]ਪਾਣੀ ਲੈਕੇ ਆਪਣੇ ਹਥ ਨਾਲ। [੧੦]ਬਿਧੀ ਨਾਲ। [੧੧]ਚੁੰਮਦੀ ਹੈ। [੧੨](ਜੋ ਮੱਥਾ ਕਿ) ਅਨੰਦ ਦੀ ਬਗੀਚੀ ਹੈ। [੧੩]ਕਪੜੇ ਤੇ ਗਹਿਣੇ ਪਹਿਨਾਉਂਦੀ ਹੈ। [੧੪]ਲੂਣ ਤੇ ਰਾਈ ਉਤੋਂ ਦੀ ਵਾਰਦੀ ਹੈ। [੧੫]ਪਿਆਰ ਭਰੀ ਖੁਸ਼ੀ, ਲਾਡ। [੧੬]ਚੱਕਰ ਲਾਂਵਦੇ ਹਨ ਆਪਣੀ ਖੇਲ ਵਿਚ ਲੱਗੇ ਹੋਏ। [੧੭]ਬੱਚਿਆਂ ਨੂੰ ਟੁਰਨਾ ਸਿਖਾਉਣ ਵਾਲਾ ਗੱਡਾ।

ਬਿਕਸਾਵਤਿ ਸ਼ੋਭਤਿ ਦੰਤ ਅਮੀ ਜਨੁ ਪਾਗੇ। ਚੰਚਲ ਚਾਰੁ ਬਿਲੋਚਨ ਤੇ ਚਿਤਵੰਤਿ ਚਹੂੰਦਿਸ਼ਿ[੧] ਰਾਗ ਬਿਰਾਗੇ[੨]।ਬਾਲਿਕ ਬੈ ਬਪੁ ਕ੍ਰੀੜਤਿ ਹੈਂ ਇਮ ਐਂਙਨ ਮੈਂ ਬਿਹਰੈਂ[੩] ਚਲਿ ਆਗੇ ॥ ੧੭ ॥ ਕਬਿੱਤ ॥ ਕੋਮਲ ਸੁਰੰਗ ਪਗ ਚੀਕਨੇ ਰੁਚਿਰ ਨਖ ਗੋਲ ਹੈਂ ਅਕਾਰ ਇਕਸਾਰ ਸੁ ਪ੍ਰਕਾਸ਼ਤੇ।ਇੰਦਰਾ[੪]ਕੇ ਮੰਦਰ ਪੈ ਸੁੰਦਰ ਸੁਧਾਰ ਮਾਨੋ ਹੀਰਨ ਕੀ ਪੰਕਤੀ ਖਰੀ ਹੈ ਦੁਤਿਰਾਸਤੇ[੫]। ਕ੍ਰਾਂਤਿ ਰੂਪ ਲੱਛਮੀ ਸੁਲੱਛਨ ਕੋ ਬਾਸ ਨਿਤ[੬],ਸਿੱਖਨ ਕੇ ਮਨ ਮਧੁ ਬ੍ਰਿੰਦ[੭] ਜਹਾਂ ਬਾਸਤੇ। ਦੇਖ ਪਾਪ ਨਾਸਤੇ[੮],ਲੁਭਾਵਤਿ ਹੁਲਾਸਤੇ ਸੁ ਗਯਾਨ ਲੈਨਿ ਵਾਸਤੇ ਨ ਛੋਰੈਂ ਪਾਸ ਦਾਸਤੇ ॥ ੧੮ ॥ ਦੋਊ ਪਦ ਊਪਰ ਬਿਰਾਜੈਂ ਚਾਰੁ ਨੂਪਰ ਅਨੂਪ ਛਬਿ ਰੂਪ ਕੀ ਨਿਰੂਪਨਿ ਕਰੈ ਸੁ ਕੌਨ[੯]।ਗਮਨੇ ਸ਼ਬਦ ਕਰੈ ਕਟ ਛੁਦ੍ਰਘੰਟਕਾ[੧੦]ਹੈ ਜ਼ਾਹਰ ਜਵਾਹਰ ਤੇ ਜੋਤਿ ਜਗਮਗੈ ਜੌਨ[੧੧]। ਝੀਨੋ ਗਰ ਪੀਰੋ ਚੀਰ[੧੨] ਦੀਪਤਿ ਸ਼ਰੀਰ ਸ਼ੁਭ ਕੰਕਨ ਜਰਾਊ ਲਘੁ ਰਾਜਤਿ ਹੈਂ ਹਾਥ ਦੌਨ। ਆਇ ਭੌਨ ਤੌਨ ਸਮੈਂ ਕਾਮਨਾ ਕੋ ਮੌਨ ਕਰੇ ਨਮੋ ਔਨ ਠਾਨਤਿ ਹੀ ਗੌਨਤੇ ਹੈਂ ਪਾਪ ਤੌਨ[੧੩] ॥੧੯॥ ਕੋਊ ਕੋਊ ਬਾਕ ਲਗੇ ਬੋਲਨ ਅਮੋਲ ਛਬਿ ਤੋਤਰੇ ਪਰਮ ਪ੍ਰਿਯਾ ਮਾਧੁਰੀ ਰਸਾਲ ਕਰਿ[੧੪]। ਬਨਕ ਧਨੀਨ ਕੀ ਅਨੇਕ ਆਇਂ ਭਾਰਜਾ ਦੁਲਾਰਤਿ ਹੈਂ ਆਰਜਾ[੧੫] ਸਨੇਹ ਕੋ ਬਿਸਾਲ ਕਰਿ। ਜੈਸੀ ਧਾਰਿ ਕਾਮਨਾ ਕੋ ਆਈ ਗੁਰੂ ਧਾਮ ਬਿਖੈ, ਤੈਸੇ ਹੀ ਬੁਲਾਵਤਿ ਹੈਂ ਬਾਰ ਬਾਰ ਖਯਾਲ ਕਰਿ। ਕਾਹੂ ਕੋ ਉਤਾਲ ਕਰਿ ਬੋਲਤਿ ਨਿਹਾਲ ਕਰਿ, ਕਾਹੂੰ ਦੇਹਿਂ ਟਾਲ ਕਰਿ ਈਤ ਊਤ ਚਾਲ ਕਰਿ ॥ ੨੦ ॥ ਬਚਨ ਅਮੋਘ[੧੬] ਜਨੋਂ ਸਰੋਘ[੧੭] ਰਾਮ ਚੰਦ ਹਾਥ ਤਜੇ[੧੮], ਬ੍ਰਹਮ ਅਸਤ੍ਰ ਕੋ

[੧]ਚੁਫੇਰੇ ਦੇਖਦੇ ਹਨ। [੨]ਭਾਵ ਸੁਤੇ ਵੈਰਾਗ ਤੇ ਜਗਤਾਰਕ ਪ੍ਰੇਮ ਨਾਲ ਭਰੇ ਹੋਏ ਹਨ।(ਅ) ਪਿਆਰ ਵਿਚ ਵਿਸ਼ੇਸ਼ ਕਰ ਰੰਗੇ ਹੋਏ ਹਨ। [੩]ਵਿਚਰਦੇ ਹਨ। [੪]ਲੱਛਮੀ [ਸੰਸ:,ਇਦਿਰਾ]। [੫]ਬਹੁਤੀ ਸ਼ੋਭਾ ਵਾਲੀ। [੬]ਸ਼ੋਭਾ ਰੂਪੀ ਲੱਛਮੀ ਤੇ ਜਿਸ ਵਿਚ ਨਿਤ ਸ਼੍ਰੇਸ਼ਟ ਲੱਛਣਾ ਦਾ ਵਾਸ ਹੈ। [੭]ਭੌਰਿਆਂ ਦੇ ਸਮੂਹ। [੮]ਦੇਖਿਆਂ ਪਾਪ ਨਾਸ਼ ਹੁੰਦੇ ਹਨ। [੯]ਕੌਣ ਵਰਣਨ ਕਰੇ। [੧੦]ਤੜਾਗੀ। [੧੧]ਜਿਨ੍ਹਾਂ ਦੀ। [੧੨]ਪੀਲਾ ਤੇ ਬਰੀਕ ਹੈ ਗਲ ਕਪੜਾ। [੧੩]ਤਿਸ ਵੇਲੇ (ਜਿਸ ਵੇਲੇ ਕਿ ਗੁਰੂ ਜੀ ਪਹਿਲੋਂ ਦੱਸੀ ਸ਼ੋਭਾ ਵਿਚ ਸ਼ੋਭ ਰਹੇ ਹੁੰਦੇ ਹਨ) ਕੋਈ (ਦਾਸ ਚੁਪ ਚਾਪ ਹੀ ਭਾਵ, ਚਿਤ ਵਿਚ ਹੀ (ਪਾਪਾਂ ਦੇ ਨਾਸ਼ ਕਰਾਉਣ ਦੀ) ਕਾਮਨਾਂ ਧਾਰਕੇ ਘਰ ਆਉਂਦਾ ਹੈ, ਉਸ ਦੇ ਧਰਤੀ ਤੇ ਨਮਸਕਾਰ ਕਰ-ਦਿਆਂ ਹੀ ਪਾਪ ਨਾਸ਼ ਹੋ ਜਾਂਦੇ ਹਨ। [੧੪]ਮਿੱਠੀ ਤੇ ਰਸਦਾਇਕ। [੧੫]ਆਰਜਾ ਭਾਰਜਾ=ਸ੍ਰੇਸ਼ਟ ਇਸਤ੍ਰੀਆਂ। (ਅ) ਸ਼੍ਰੇਸ਼ਟ (ਸਤਿਗੁਰੂ ਜੀ) ਨੂੰ। [੧੬]ਨਾ ਚੁਕਣ ਵਾਲੇ, ਸਫਲੇ। [੧੭]ਸੰਪੂਰਨ ਬਾਣ (ਸਰ+ਓਘ)। [੧੮]ਜਿਵੇਂ ਰਾਮਚੰਦ੍ਰ ਜੀ ਦੇ ਛੱਡੇ ਹੋਏ (ਸਫਲ ਹੁੰਦੇ ਸਨ)।

ਸੁਧਾਰੈ ਨਿਜ ਕਾਜਕੋ[੧]।ਤੈਸੇ ਬਰ ਸ੍ਰਾਪ ਕੋ ਉਚਾਰੈਂ ਤਾਤਕਾਲ ਹੋਤਿ ਜਿਸ ਪੈ ਪ੍ਰਸੰਨ ਦੇਤਿ ਸਕਲ ਸਮਾਜ ਕੋ। ਕਾਹੂ ਪਰ ਕ੍ਰੋਧ ਕਰਿ ਨਾਸਤੇ ਬਿਭੂਤ ਘਰ[੨], ਫੈਲਗੋ ਜਸੁ ਪੂਤ[੩] ਪੁਰਿ ਹੇਰਿ ਹੇਰਿ ਸਾਜ ਕੋ[੪]। ਰਾਖੈਂ ਹਿੰਦ ਲਾਜ ਕੋ, ਉਠਾਵੈਂ ਖਲ ਰਾਜ ਕੋ, ਫਿਰਾਵੈਂ ਸੀਸ ਤਾਜ ਕੋ, ਨਿਵਾਰੈਂ ਸਭਿ ਪਾਜ ਕੋ ॥ ੨੧ ॥ ਕੀਰਤੀ ਮਹਾਨ ਭਈ ਮਾਲਤੀ ਸਮਾਨ ਸਾਰੇ, ਨਾਰੀ ਨਰ ਬਦਨ ਬਖਾਨਤੇ ਮਿਲਤਿ ਹੈਂ[੫]।'ਮੂਰਤੀ ਪਵਿੱਤ੍ਰ ਸਤਿਗੁਰੂ ਕੇ ਸਪੁੱਤ੍ਰ ਭਯੋ, ਸ੍ਰੀ ਮੁਖੋਂ ਉਚਾਰਤੇ ਬਚਿੱਤ੍ਰ ਸੋ ਫਲਤਿ ਹੈਂ[੬]। ਕਾਹੂ ਤਨ ਰੋਗ, ਕਾਹੂ ਸੁਖ ਕੇ ਨ ਭੋਗ ਹੋਤਿ, ਜਾਚੇ ਬਰ ਜੋਗ[੭] ਨਿਜ ਸੋਗ ਕੋ ਦਲਤਿ ਹੈਂ। ਕ੍ਰਿਪਾ ਸੋਂ ਢੁਲਤਿ ਹੈਂ, ਬਿਹਿਸਕੈ ਬੁਲਤਿਹੈਂ, ਅਨੰਦ ਉਗਲਤਿ ਹੈਂ*, ਅਨੂਪ ਧੋਂ ਚਲਿਤ ਹੈਂ' ॥੨੨॥ਸੈਯਾ॥ ਖੇਲਿਬੇ ਕਾਰਨ ਸੁੰਦਰ ਖੇਲਨੇ[੮]ਲਜਾਇ ਖਰੀਦ ਸੁ ਮੋਲ ਬਡੇਰੇ। ਜੋ ਧਨਵਾਨਨਿ ਕੀ ਜੁਵਤੀ[੯] ਪਹਿਰੇ ਨਵ ਭੂਖਨ ਚੀਰ ਅਛੇਰੇ। ਆਵਤਿ ਹੈਂ ਬਡ ਚਾਵ ਭਰੀ ਉਚਵਾਇ ਉਪਾਇਨਿ ਬ੍ਰਿੰਦ ਅਗੇਰੇ। ਮੋਦਕ ਆਦਿਕ ਮੋਦ ਸੋਂ[੧੦] ਲੈ ਚਹੁੰ ਕੋਦ ਤੇ ਹੋਤਿ ਬਿਨੋਦ ਘਨੇਰੇ॥੨੩॥ ਸ੍ਰੀ ਗੁਜਰੀ ਢਿਗ ਆਨਿ ਧਰੈਂ, ਪਰਿ ਪਾਇਨ ਬੇਨਤਿ ਠਾਨਤਿ ਹੈਂ। ਦੀਨ ਬਨੈਂ ਜੁਗ ਹਾਥਨਿ ਬੰਦਤਿ'ਮਾਤ ਸੁਨੋ ਤੁਮ ਜਾਨਤਿ ਹੈਂ। ਸ੍ਰੀ ਗੁਰਦੇਵ ਕੇ ਸਿੱਖਜ ਸਦਾ ਹਮ,ਆਨ ਨਹੀਂ ਕਿਸ ਮਾਨਤਿ ਹੈਂ। ਸਾਹਿਬਜ਼ਾਦੇ ਤੇ ਹੁਇ ਅਹਿਲਾਦ ਕੋ' ਜਾਚਨਾ ਆਨਿ ਬਖਾਨਤਿ ਹੈਂ ॥੨੪॥ ਕੋ ਸੁਤ ਚਾਹਤਿ,ਕੋ ਸੁਖ ਚਾਹਤਿ, ਕੋ ਬਿਤ ਚਾਹਤਿ, ਕੋ ਰੁਜ ਦਾਹਤਿ[੧੧]। ਕੋ ਦ੍ਵਿਜ ਆਵਤਿ, ਬਾਹਜ[੧੨] ਆਵਤਿ, ਬੈਸ ਬਿਲੋਕਤਿ[੧੩],ਸੂਦ੍ਰ ਉਮਾਹਤਿ।ਹਿੰਦਨਿਬ੍ਰਿੰਦਵਧੀ ਸ਼ਰਧਾ,ਤੁਰਕਾਨ ਕਿਤੈ ਗੁਰਭਾਵ ਨਿਬਾਹਤਿ[੧੪]। ਹਾਥਨਿ ਜੋਰ ਨਿਹੋਰਤਿ ਹੈਂ ਗੁਰ ਤੇਗ ਬਹਾਦਰ ਨੰਦ ਸਰਾਹਤਿ ॥ ੨੫ ॥ ਕਬਿੱਤ ॥ ਕੋਊ ਸਿਖ ਆਪਨੇ ਪੈ ਚਾਹਤਿ ਪ੍ਰਸੰਨ ਗੁਰ,ਦੇਹਿ ਧਨ ਲੇਹਿ ਮੋਲ ਪੰਛੀ ਜਾਤਿ ਜਾਤਿ ਕੇ। ਸਾਰਕਾ[੧੫], ਸੁ ਕੋਕਲਾ[੧੬] ਉਦਾਰ ਮ੍ਰਿਦੁ ਭਾਸ਼ਣੀ[੧੭], ਅਨੇਕ ਕੀਰ[੧੮],

[੧] ਜਿਵੇਂ) ਬ੍ਰਹਮ ਅਸਤ੍ਰ ਛਡਿਆ ਹੋਇਆ ਆਪਣੇ ਕੰਮ ਨੂੰ ਪੂਰਾ ਕਰਦਾ ਹੈ। [੨]ਘਰ ਦੀ ਵਿਭੂਤੀ। [੩]ਪਵਿੱਤ੍ਰ। [੪]ਸ਼ਹਿਰ ਦੇ (ਲੋਕ ਮਹਾਰਾਜ ਜੀ ਦੀ ਕਰਾਮਾਤ ਦੇ ਸਾਜ ਨੂੰ ਦੇਖਕੇ। [੫]ਮਿਲਦੇ ਜੁਲਦੇ (ਐਉਂ) ਕਹਿਦੇ ਹਨ। [੬]ਭਾਵ ਜੋ ਕਹਿੰਦੇ ਹਨ ਸੋ ਫਲਦਾ ਹੈ। [੭]ਯੋਗ ਵਰ ਮੰਗਕੇ। [੮]ਖਿਡੌਣੇ। [੯]ਇਸਤ੍ਰੀਆਂ। [੧੦]ਖੁਸ਼ੀ ਨਾਲ। [੧੧]ਕੋਈ ਬੀਮਾਰੀ ਦੂਰ ਕਰਾਉਂਦੀ ਹੈ। [੧੨]ਖੱਤ੍ਰੀ। [੧੩]ਵੈਸ਼ (ਆਕੇ) ਦਰਸ਼ਨ ਕਰਦਾ ਹੈ। [੧੪]ਕਿਤੇ ਗੁਰਾਂ ਦਾ ਪ੍ਰੇਮ ਤੁਰਕ ਭੀ ਨਿਬਾਹੁੰਦੇ ਹਨ। [੧੫]ਮੈਨਾ। ਸੰਸ:,ਸ਼ਾਰਿਕਾ]। [੧੬]ਕੋਇਲਾਂ। [੧੭]ਮਿੱਠੀ ਬੋਲੀ ਬੋਲਣ ਵਾਲੀਆਂ। [੧੮]ਤੋਤੇ। *ਪਾ: ਸੁ ਕੰਜ ਸੇ ਖਿਲਤ ਹੈਂ।

ਪਾਰਾਵਤ[੧] ਰੰਗ ਭਾਂਤਿ ਭਾਂਤਿ ਕੇ।ਤੀਤਰ, ਚਕੋਰ ਚਾਰੁ[੨],ਦਾਸਤਾਂ ਹਜ਼ਾਰ[੩] ਲਾਲ ਪਿੰਜਰੇ ਮਝਾਰ ਪਾਇ ਧਰੇ ਪਾਂਤਿ ਪਾਂਤ ਕੇ[੪]।ਗੁਨ ਕੋ ਸੁਨਾਵੈਂ ਦਿਖ-ਰਾਵੈਂ ਸੋ ਲਰਾਵੈਂ ਬਹੁ ਬਿਜੈ ਹਾਰ ਪਾਵੈਂ ਨਖ ਚੋਂਚ ਘਾਤ ਘਾਤ ਕੇ[੫]॥੨੬॥ ਕੌਤਕ ਅਨੇਕ ਤੇ ਸਦੀਨ[੬] ਮਾਥ ਟੇਕਤੇ, ਪ੍ਰਸੰਨਤਾ ਕੇ ਹੇਤ ਸਤਿਗੁਰੂ ਕੋ ਰਿਝਾਵਈਂ । ਬਿਹਸੈਂ ਬਿਬੇਕ ਨਿਧਿ[੭] ਬਾਕ ਕੋ ਬਖਾਨਿ ਦੇਤਿ ਜੈਸੇ ਕਰਿ ਕਾਮਨਾ ਕੋ ਸੇਵਕ ਸੁ ਆਵਈਂ[੮] । ਪਰਚੈਂ ਬਿਹੰਗ ਸੰਗ ਅੰਗ[੯] ਰੰਗ ਰੰਗ ਹੂ ਕੇ, ਬੋਲੈਂ ਬਹੁ ਢੰਗ ਕੇ ਉਤੰਗ ਉਡਵਾਵਈ[੧੦] । ਅਪਰ ਧਨੀਨ ਕੇ ਸਪੂਤ ਆਇ ਖੇਲੈਂ ਗਨ ਸਾਥ ਕੋ ਨ ਤਜਾਗਿ ਸਕੈਂ ਮਹਾਂ ਸੁਖ ਪਾਵਈਂ ॥ ੨੭ ॥ ਰੰਗਦਾਰ ਪੰਗਤੀ ਮਤੰਗ[੧੧] ਬਹੁ ਭਾਂਤਿ ਹੂ ਕੇ ਸੁੰਦਰ ਤੁਰੰਗ ਜਨੋਂ ਅਨੰਗ ਕਾਰੀਗਰ ਕੇ[੧੨]।ਤਿਨੋ ਪੈ ਸਊਰ ਅਸਿ ਸਿਪਰ ਤੁਪਕ ਧਰਿ ਸੰਮੁਖ ਟਿਕਾਵੈਂ ਜਿਮ ਬੀਰ ਹੈਂ ਸੰਘਰਕੇ[੧੩] । ਡੋਰੇ ਅਰੁ ਪਾਲਕੀ ਸੁ ਬੀਜਨੇ ਅਨੇਕ ਭਾਂਤਿ ਸ਼ੇਰ ਮ੍ਰਿਗ ਕੂਕਰ ਲੈ ਆਵੈਂ ਪ੍ਰੇਮ ਕਰਿਕੇ।ਖੇਲੈਂ ਬੀਚ ਘਰਕੇ ਮਿਲੇ ਸਮੀਪ ਗੁਰ ਕੇ ਅਦਾਬ ਸਾਥ ਲਰਕੇ[੧੪] ਸੁ ਬੋਲੈਂ ਤ੍ਰਾਸ ਧਰਿਕੇ ॥ ੨੮ ॥ ਬੋਲਤਿ ਅਚੂਕ ਬਾਕ ਜਾਂ ਤੇ ਹੋਤਿ ਰਾਵ ਰਾਂਕ[੧੫],ਸੁਨੈਂ ਅਰੁ ਦੇਖੈਂ ਪਤੀਆਇਬਿਸ-ਮਾਵਈਂ । ਪਟਨੇ ਨਗਰ ਬਾਗ, ਬੀਥਕਾ[੧੬]ਬਗਰ[੧੭]ਬੀਚ ਸਗਰੋ ਉਜਾਗਰ ਸੁਜਸੁ ਪ੍ਰਗਟਾਵਈ।ਸ਼ਰਧਾਬਧਾਵੈਂ,ਸੱਤਿਨਾਮ ਗੁਨ ਗਾਵੈਂ,ਦੋਊ ਲੋਕ ਸੁਖ ਪਾਵੈਂ,ਸਿੱਖੀਭਾਵ ਨਿਬਹਾਵਈਂ ।ਪੂਨਮ ਦਰਸੁ ਆਦਿ[੧੮] ਦਾਸ ਅੱਪ੍ਰਮਾਦ[੧੯] ਸਭਿ ਦਰਸ ਬਿਲੋਕਿਬੇ ਕੋ ਮਿਲੇ ਮੇਲ ਆਵਈਂ ॥੨੯॥ ਗਿਲਮ ਗਲੀਚੇ ਗੁਲਕਾਰੀਨਿ[੨੦] ਫਰਸ਼ ਨੀਚੇ, ਸੁੰਦਰ ਪ੍ਰਯੰਕ ਤਿਨ ਊਪਰ ਡਸਾਵਤੇ । ਬਿਸਦ ਬਿਛੌਨਾ ਪਯ ਫੇਨ ਸਮ ਲੋਨਾ ਮ੍ਰਿਦੁ[੨੧] ਸੇਜਬੰਦ ਰੰਢੇ ਜ਼ਰੀਦਾਰ ਲਰਕਾਵਤੇ । ਭੂਖਨ ਨਵੀਨ ਚੀਰ ਪਹਿਰੇ ਸਰੀਰ ਧੀਰ ਹੀਰੇ ਮੁਕਤਾਨਿ

---

[੧]ਕਬੂਤਰ। [੨]ਸੁੰਦਰ। [੩]ਬੁਲਬੁਲ [ ਫਾ:, ਹਜ਼ਾਰ ਦਾਸਤਾਂ=ਬੁਲਬੁਲ, ]। [੪]ਪੰਗਤੀਆਂ ਬਣਾ ਬਣਾ ਕੇ। [੫]ਮਾਰ ਮਾਰ ਕੇ। [੬]ਦੀਨ ਹੋਕੇ। [੭]ਭਾਵ ਗੁਰੂ ਜੀ। [੮]ਆਂਵਦੇ ਹਨ। [੯]( ਜਿਨ੍ਹਾਂ ਦੇ ) ਅੰਗ। [੧੦]ਬਹੁਤਾ ਉੱਚਾ ਉਡਵਾਉਂਦੇ ਹਨ। [੧੧](ਬਣੇ ਹੋਏ ਖਿਡਾਉਣੇ) ਹਾਥੀਆਂ ਦੀ ਪੰਗਤੀ। [੧੨]ਕਾਮਦੇਵ ਰੂਪੀ ਕਾਰੀਗਰ ਨੇ ਮਾਨੋਂ ( ਬਣਾਏ ਹੋਏ ਹਨ )। [੧੩]ਜੁੱਧ ਦੇ। [੧੪]ਲੜਕੇ। [੧੫]ਰਾਜਿਆਂ ਤੋਂ ਕੰਗਾਲ ਤੇ ਕੰਗਾਲਾਂ ਤੋਂ ਰਾਜੇ। [੧੬]ਗਲੀਆਂ। [੧੭]ਵੇਹੜੇ। [੧੮]ਪੂੰਨਿਆਂ ਤੇ ਮੱਸਿਆ ਆਦਿਕਾਂ ਪਰ। [੧੯]ਭਾਵ ਨਿੰਮ੍ਰਤਾ ਵਾਲੇ ਦਾਸ। [੨੦]ਫੁਲ ਕੱਢੇ ਹੋਏ ਜਿਨ੍ਹਾਂ ਉਤੇ [੨੧]ਦੁੱਧ ਦੀ ਝੱਗ ਸਮ ਚਿੱਟਾ ਸੁੰਦਰ ਤੇ ਕੋਮਲ।

ਜੁਤਿ ਬੈਠਿ ਦੀਪਤਾਵਤੇ[1]।ਚੰਦ੍ਰਮਾ ਬਦਨ[2],ਬਾਕ ਸੁਧਾ ਕੇ ਸਦਨਬਰ,ਮਾਨੋ ਉਡਗਨ ਆਸ ਪਾਸ ਮੈਂ ਸੁਹਾਵਤੇ ॥ ੩੦ ॥ ਹਾਥ ਚੌਰ ਚੌਰੀਦਾਰ ਚਾਰੋਂ ਓਰ ਚਾਰੁ ਢੋਰਿ[3], ਚਲਤਿ ਸੁਹਾਵੈ ਜਨੁ ਸ਼ੋਭਾ ਰਾਜਹੰਸ ਕੀ। ਮਾਤੁਲ ਕ੍ਰਿਪਾਲੁ ਕੋ ਕ੍ਰਿਪਾਲ ਬੈਠਨੇ ਢਿਗਆਇ[4],ਗਾਵਤੇ ਸ਼ਬਦ ਕੋ ਰਬਾਬੀ ਰਾਗ ਅੰਸ ਕੀ[5]। ਸੰਗਤਿ ਉਪਾਇਨ ਕੋ ਲ੍ਯਾਇ ਲ੍ਯਾਇ ਪਾਇ ਤਟ[6] ਅਰਪੈਂ ਅਨੇਕ, ਕਹੈਂ ਸ਼ਾਰਦਾ ਪ੍ਰਸ਼ੰਸ ਕੀ[7]। ਹੋਤਿ ਅਰਦਾਸ ਸਿਖ ਬੈਠੇ ਆਸ ਪਾਸ ਬਹੁ ਪਰਮ ਪ੍ਰਕਾਸ਼ਤਾ ਹੈ ਸੋਢੀ ਅਵਤੰਸ਼ ਕੀ[8]॥੩੧॥ ਐਸੇ ਸਭਿ ਪੁਰਿ ਮੈਂ ਬਿਦਤਿ ਭਏ ਘਰ ਘਰ, ਹੋਇ ਪੂਰੀ ਕਾਮਨਾ ਅਨੇਕ ਮਾਨਵਾਨਕੀ[9]।ਸੁਨਿ ਸੁਨਿ ਕੀਰਤੀ ਬਿਸ਼ਾਲ ਬਿਸਤੀਰਤਾ ਕੋ[10] ਧਾਰਿ ਧਾਰਿ ਚੌਂਪ ਜੇ ਬਧੂਨਿ[11] ਧਨਵਾਨ ਕੀ। ਕੋਊ ਬਰ ਲੈਬੇ,ਕੋਊ ਦਰਸ ਦਿਖੈਬੇ ਹੇਤੁ,ਪੈਬੇਮਨੁ ਕਾਮਨਾ ਸਮੂਹ ਸੁਖਦਾਨਕੀ[12]। ਡਗਰ ਡਗਰ[13] ਆਇ ਬਗਰ ਬਜਾਰ ਹੂੰਤੇ[14] ਸਗਰੇ ਨਗਰ ਭਈ ਮਹਿਮਾ ਮਹਾਨ ਕੀ[15]॥੩੨॥ ਐਸੇ ਭੀਰ ਹੋਨਿ ਲਾਗੀ ਦ੍ਵੈਸ ਪ੍ਰਤਿ ਜਾਨੀ ਚਿਤ,ਬਲ ਜੁਤਿ ਭਏ ਪਦ ਪੰਕਜ ਪਲਾਇ ਜਾਤਿ[16]। ਘਿਰੇ ਨ ਰਹਤਿ ਧਨੀ ਬਧੂਨਿ ਕੇ ਪਾਸ ਪੁਨਇਤੇ ਉਤ ਬਿਚਰਤਿ ਖ੍ਯਾਲ ਤੇ ਟਲਾਇ ਜਾਤਿ।ਖੇਲੈਂ ਸੰਗ ਬਾਲਕੇ,ਨ ਬੋਲੈਂ ਸੰਗ ਬਾਲ ਕੇ[17]ਕਿ ਅੰਕ ਮੈਂ ਕ੍ਰਿਪਾਲ ਕੇ ਬਿਸਾਲਉਤਲਾਇ ਜਾਤ[18]।ਅੰਙਣਮੈਂਧਾਇ ਜਾਤਿ,ਮਾਤ-ਗੋਦ ਆਇ ਜਾਤਿ, ਸਭੈ ਬਿਗਸਾਇ ਜਾਤਿ, ਮੋਦ ਉਪਜਾਇ ਜਾਤਿ॥੩੩ ਸਤਿਗੁਰੁ ਨਾਨਕ ਪ੍ਰਮੇਸ਼ਰ ਕੀਜੋਤਿ ਭਏ ਜ਼ਾਹਰ ਜਹਾਨ ਮੈਂ ਅਨੇਕ ਨਰ ਤਾਰੇ ਹੈਂ। ਸਿੱਧ ਸਾਧ ਪੀਰ ਮੀਰ ਕਰਾਮਾਤ ਬਿਖੈ ਧੀਰ, ਸਭੀ ਪਰ ਛਾਯੋ ਜਸੁ ਜੈਸੇ ਚੰਦ ਤਾਰੇ ਹੈਂ[19]। ਤਿਨੋਂ ਪੀਛੇ ਹੋਤਿ ਆਏ ਗੁਰੂ ਮਨ ਭਾਏ ਸਭਿ, ਅਰੇ ਜੇ ਅਗਾਰੀ ਸੇ ਹੰਕਾਰੀ ਗਿਰ ਤਾਰੇ ਹੈਂ[20]। ਗਾਦੀ ਕੇ ਉਚਿਤ

[1]ਚਮਕਦੇ। [2]ਚੰਦ ਵਰਗਾ ਮੁਖ। [3]ਸੁਹਣਾ ਝੁਲਾਂਵਦੇ ਹਨ। [4]ਕ੍ਰਿਪਾਲੂ ਜੀ ਦੇ ਮਾਮਾ ਕ੍ਰਿਪਾਲ ਜੀ ਆ ਕੇ ਕੋਲ ਬੈਠਦੇ ਹਨ। [5]ਰਾਗ ਜਿਨ੍ਹਾਂ ਦੇ ਹਿੱਸੇ ਆਯਾ ਹੈ। (ਅ ) ਜਿਸ ਵਿਚ ਰਾਗ ਦੀ ਅੰਸ਼ ਹੈ। [6]ਚਰਨਾਂ ਕੋਲ। [7]ਉਸਤਤ ਦੀ ਬਾਣੀ। [8]ਸ਼ਿਰੋਮਣੀ ਸੋਢੀ ਜੀ ਦੀ।[9]ਮਨੁਖਾਂ ਦੀ।[10]ਬਹੁਤ ਫੈਲੀ ਹੋਈ ਕੀਰਤੀ। [11]ਵਹੁਟੀਆਂ। [12]ਸੁਖਾਂ ਵਾਲੀਆਂ ਕਾਮਨਾ ਪਾਵਣ ਨੂੰ। [13]ਰਸਤੇ ਰਸਤੇ ਵਿਚ। [14]ਵੇਹੜੇ ਤੇ ਬਾਜ਼ਾਰਾਂ ਵਿਚ। [15]ਗੁਰੂ ਜੀ ਦੀ। [16]ਭਾਵ ਦੌੜਨ ਭੱਜਣ ਲਗ ਪਏ। [17]ਇਸਤ੍ਰੀਆਂ ਨਾਲ ਨਹੀਂ ਬੋਲਦੇ। [18]ਤੇ ਮਾਮਾ ਕ੍ਰਿਪਾਲ ਜੀ ਦੀ ਗੋਦੀ ਵਿੱਚੋਂ ਬੜੀ ਕਾਹਲੀ ਨਾਲ ਚਲੇ ਜਾਂਦੇ ਹਨ। [19]ਜਿਵੇਂ ਚੰਦ੍ਰਮਾਂ ਦਾ ਤਾਰਿਆਂ ਉਪਰ ਜਸ ਫੈਲਿਆ ਹੈ। [20]ਪਹਾੜ ਵਰਗੇ ਅਚੱਲ ਹੰਕਾਰੀ ਜੋ ਅੱਗੇ ਅੜੇ ਤਾੜਨਾ ਕੀਤੇ ਹਨ। (ਅ) ਉਹ ਹੰਕਾਰੀ (ਡਿੱਗਣ ਵਾਲੇ) ਤਾਰੇ (ਵਾਂਙੂ) ਡਿੱਗੇ ਹਨ।

ਅਬਿ ਧਰਮ ਸਥਿਤ ਹੇਤੁ ਦਾਸਨਕੋ ਪਾਰਿਬੇ ਕੋ ਏਹੀ ਅਵਤਾਰੇ ਹੈਂ ॥੩੪।
ਕੋਈ ਕੋਈ ਲੋਕ ਪਰਲੋਕ ਅਭਿਲਾਖੀ ਹੁਤੇ, ਐਸੇ ਈ ਸੰਭਾਵਨਾ ਕਰਤਿ ਹੈਂ ਦਰਸ ਕੈ। ਹਿੰਦੂ ਕਿ ਤੁਰਕ ਬਿਨਾ ਤਰਕ[੧] ਗੁਰੂ ਕੋ ਰੂਪ ਦੇਖੇ ਤ੍ਰਿਪਤਾਵੈਂ ਸਿਰ ਨਿਵਾਵਤਿ ਹਰਸ਼ ਕੈ[੨]। ਜਾਨੈਂ ਅਤਿ ਊਚੇ ਜਾਂਕੇ ਪਾਰ ਨਪਹੂੰਚੇਕੋਇ[੩],ਸੂਚੇ[੪]ਹੈਂ ਬਿਕਾਰਨ ਤੇ ਸਕੈ ਨ ਪਰਸ ਕੈ। ਸਭਿਤੇ ਅਲੇਪ ਸਭਿ ਬਯਾਪਕ,ਨਆਦਿ ਅੰਤ ਸਦਾਭਗਵੰਤ ਦੇਤ ਐਸ਼ਜੇਅਰਸ਼ਕੈ[੫]॥੩੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਬਾਲਬੈਸ ਬਿਲਾਸ' ਬਰਨਨੰ ਨਾਮ ਸਪਤ ਦਸਮੋ ਅੰਸੂ ॥੧੭॥

## ੧੮. [ਬਾਲ ਚੋਜ]।

ਦੋਹਰਾ ॥ ਇਸ ਪ੍ਰਕਾਰ ਸ਼੍ਰੀ ਸਤਿਗੁਰੂ ਬਾਲਿਕ ਲੀਲ੍ਹਾ ਕੀਨਿ। ਸ਼ਾਹੁਨਿ[੬] ਕੇ ਸੁਤ ਅਨਿਕ ਹੀ ਮਿਲਿ ਖੇਲਹਿਂ ਸੁਖ ਲੀਨ॥੧॥ਕਬਿੱਤ॥ਕੋਈ ਧਨਵਾਨ ਕੇ ਸਪੂਤ ਆਇ ਖੇਲੈਂ ਤਬਿ ਬੈਸ ਮੈਂ ਬਡੇਰੇ ਕਛ ਭਾਵ ਬਹੁ ਧਾਰਿਈਂ। ਭਨੈਂ ਹਾਥ ਜੋਰਿ ਜੋਰਿ ਲੋਰਿਕੈ[੭]ਨਿਹੋਰ ਕਰਿ'ਨਿਕਟਿ ਹਮਾਰੋ ਬਾਗ਼ ਤਰੂ ਬਿਸਤਾਰਈ[੮]। ਨਾਨਾ ਰੰਗ ਫੂਲ ਹੈਂ ਸੁ ਆਲਬਾਲ ਮੂਲ ਹੈਂ[੯] ਸਿਕੰਧ[੧੦] ਝੁਕ ਝੂਲ ਹੈਂ ਫਲੇ ਸੁ ਫਲੁ ਭਾਰਈ[੧੧]।ਅਲਪ, ਬਿਸਾਲ, ਪੀਤ,ਸਬਜ਼,ਸੁ ਲਾਲ ਦਲ[੧੨] ਮਾਨੋ ਘਨ ਘਟਾ ਘਨੇ ਸੰਘਨੇਕਸਾਰਈ[੧੩] ॥ ੨ ॥ ਜਾਮਨ ਜੁਗਲ[੧੪],ਬਟ[੧੫],ਪੀਪਰ[੧੬],ਖ਼ਜੂਰ ਤੁੰਗ, ਬੱਦਰੀ[੧੭] ਅਨੇਕ ਝੁਕੀ ਭਾਰ ਤੇ ਬਿਸਾਲਕੀ। ਦਾੜਮ[੧੮], ਨੁਰੰਗੀ, ਬੀਜਪੂਰ[੧੯] ਤੇ ਸੁਪਾਰੀ ਬਹੁ ਖਾਰਕ ਖਰੇ ਹੈਂ[੨੦] ਖਰੀ ਖਿਰਨੀ ਸੁ ਡਾਲਕੀ[੨੧]। ਆੜੂ, ਅਮਰੂਦ, ਕਦਲੀਨ[੨੨] ਕੇ ਬਗੀਚੇ ਬਡੇ ਫੈਲ ਰਹੇ, ਫਾਲਸੇ ਫਲੇ ਹੈਂ ਫਲ ਜਾਲ ਕੀ[੨੩]। ਛਬਿ ਆਲਬਾਲ ਕੀ, ਉਦਾਲਕ[੨੪] ਰਸਾਲ ਕੀ[੨੫] ਸਰਲ[੨੬] ਤਰੁ ਤਾਲ ਕੀ[੨੭] ਹਿੰਤਾਲ ਕੀ[੨੮] ਤਮਾਲ ਕੀ ॥ ੩ ॥ ਸਰੂ ਏਕਸਾਰ ਖਰੇ ਹਰੇ ਹਰੇ ਪਾਤ ਜਰੇ, ਦੇਖੇ ਮਨ ਹਰੇ ਜਹਾਂ ਸ਼ੋਭਾ ਰੇਲਝੇਲ ਹੈ[੨੯]।

[੧]ਬਿਨਾ ਹੁੱਜਤ। [੨]ਪ੍ਰਸੰਨ ਹੋਕੇ। [੩]ਜਿਸ ਦਾ ਪਾਰ ਨਹੀਂ ਪਾ ਸਕਦਾ ਕੋਈ। [੪]ਪਵਿੱਤ੍ਰ। [੫]ਬੈਕੁੰਠਾਂ ਦੇ ਸੁਖ ਦਿੰਦੇ ਹਨ। [ਅ:, ਐਸ਼=ਸੁਖ। ਅਰਸ਼=ਬਿਕੁੰਠ]। [੬]ਧਨੀਆਂ ਦੇ। [੭]ਚਾਹ ਕਰਕੇ। (ਅ) ਲੱਭਕੇ। [੮]ਬ੍ਰਿੱਛ ਬਹੁਤ ਫੈਲੇ ਹੋਏ ਹਨ। [੯]ਮੁੰਢਾਂ ਦੇ ਚੁਫੇਰੇ ਦੌਰ ਹਨ। [੧੦]ਟਾਹਣੇ। [੧੧]ਚੰਗੇ ਫਲਾਂ ਨਾਲ ਫਲਕੇ ਭਾਰ ਨਾਲ ਝੁਕੇ ਹਨ। [੧੨]ਪੱਤੇ। [੧੩]ਸੰਘਣੀਆਂ ਤੇ ਇਕਸਾਰ। [੧੪]ਜਾਮਨੂੰ ਦੇ ਤਰ੍ਹਾਂ ਦੇ। [੧੫]ਬੋਹੜ। [੧੬]ਪਿੱਪਲ। [੧੭]ਬੇਰੀਆਂ। [੧੮]ਅਨਾਰ। [੧੯]ਨਿੰਬੂ [ਹਿੰਦੀ, ਵੀਜ ਪੂਰ]। [੨੦]ਛੁਹਾਰੇ ਖੜੇ ਹਨ। [੨੧]ਡਾਲਾਂ ਨਾਲ ਖਿਰਨੀਆਂ ਲੱਗੀਆਂ ਹਨ। [੨੨]ਕੇਲੇ। [੨੩]ਬਹੁਤੇ ਫਲਾਂ ਨਾਲ। [੨੪]ਲਸੂੜਾ। [੨੫]ਤੇ ਅੰਬ ਦੀ। [੨੬]ਚੀਲ। [੨੭]ਤਾੜ ਨਾਮੇ ਬ੍ਰਿੱਛ ਦੀ। [੨੮]ਬਹੁਤ ਹੀ ਛੋਟੇ ਕੱਦ ਦੀ ਜੰਗਲੀ ਖਜੂਰ। [੨੯]ਰੇਲ ਪੇਲ। ਬਹੁਤਾਯਤ।

ਸੇਵਤੀ[1] ਕੋ ਸੇਵਤਿ ਸੁ ਮਾਲੀ ਮਾਲ ਮਾਲਤੀ ਕੋ[2],ਚੰਪਕ[3] ਤੇ ਚੌਂਪ ਹੋਤਿ, ਰਾਜੈਂ ਗਨ ਏਲ[4] ਹੈਂ।ਸੁੰਦਰ ਗੁਲਾਬ ਹੈਂ,ਅਜਾਬ ਸੀਂਚੇ ਆਬ ਹੈਂ ਉਦੈ ਸੁ ਆਫ-ਤਾਬ ਹੈਂ ਖਿਲਤਿ ਚਟਕੇਲ ਹੈਂ[5]।ਰਾਯਬੇਲ ਫੈਲ ਹੈ, ਸੁਰਸ ਨਾਲਕੇਲ ਹੈਂ[6] ਚੰਬੇਲੀ ਨਾਗਬੇਲ ਹੈ, ਗੁਰੂ ਜੀ ! ਤਹਾਂ ਖੇਲ ਹੈਂ[7]॥੪॥ਸ਼ਾਹੁ ਧਨਵਾਨ ਕੇ ਸਪੂਤ ਯੌਂ ਬਖਾਨੈ ਨਿਤ, ਰਿਤ ਹਿਤ ਠਾਨਿ ਕੈ ਸੁ ਬੂਝੈਂ ਮਾਤ ਜਾਇਕੈ। [8]'ਗਮਨੈਂ ਗੇ ਉਪਬਨ ਦੇਖਿ ਆਵੈਂ ਤਤਛਿਨ,ਲੇਹਿਂ ਸੰਗ ਬਾਲਕਨਿ ਏਹੀ ਦੇਂ ਦਿਖਾਇਕੈ'।ਜਾਨਿਕੈ ਸਪੂਤ ਕੋ ਸੁ ਹਠ ਬਾਗ ਜਾਨਿਬੇ ਕੋ ਆਨੰਦ ਮਗਨ ਭਈ ਆਨ ਕੋ ਬਿਹਾਇ ਕੈ[9]। ਪ੍ਰੇਮ ਕੋ ਬਧਾਇਕੈ ਸੋ ਹਾਥ ਕੋ ਲਗਾਇਕੈ ਪਲੋਸਤਿ ਸੁ ਭਾਇ ਕੈ[10] ਭਨਤਿ ਸਮੁਝਾਇਕੈ ॥ ੫ ॥ 'ਗਏ ਬਿਨ ਰਹੋ ਜਿਨ[11] ਬੈਨ ਮੇਰੋ ਮਾਨੋ ਇਮ, ਮਾਤੁਲ ਕੋ ਲੇਹੁ ਸੰਗ ਦਾਸਨਿ ਕੇ ਬ੍ਰਿੰਦ ਕੋ'।'ਕਾਂਹੂ ਕੀ ਨ ਲਾਗੈ ਡੀਠ'ਤੋਰੈ ਤ੍ਰਿਣ ਡਾਰੈ ਪੀਠ ਰਾਈ ਲੌਨ ਵਾਰਤਿ, ਨਿਹਾਰਤਿ ਮੁਕੰਦ ਕੋ ।ਲੇ ਚਲਨੋ ਕ੍ਰਿਪਾਲ ਕੋ[12] ਕ੍ਰਿਪਾਲ[13] ਹ੍ਵੈ ਪ੍ਰਸੰਨ ਮਨ ਬੀਬਕਾ ਕੀ ਉਪਮਾ ਬਢਾਵਤਿ ਬਿਲੰਦ ਕੋ। ਮਾਨੋ ਲੋਕ ਹਾਥ ਜੋਰਿ ਬੰਦੈਂ ਤਿਸ ਰਾਸ਼ਿ ਓਰ ਜਾਂਮੈਂ ਉਦੈ ਹੋਤਿ ਪੂਜਨ ਦੁਤੀਆ ਕੇ ਚੰਦ ਕੋ[14]॥੬॥ਸੈਯਾ॥ [15]'ਸ਼੍ਰੀ ਗੁਰੁ ਤੇਗ ਬਹਾਦਰ ਨੰਦਨ ਬਦਨ ਜੋਗ, ਨਿਕੰਦਨ ਪੀਰਾ। ਬਾਕ ਫੁਰੈ ਜਿਸ ਰੀਤ ਕਰੈਂ[16], ਸਭਿ ਸਿੱਧ ਧਰੈਂ, ਧਰਨੀ ਜਿਮ ਧੀਰਾ'। ਦੇਖਤਿ ਲੋਕ ਅਸ਼ੇਖ ਕਹੈਂ,ਇਮ ਜਾਤਿ ਚਲੇ ਸੁਨਤੇ ਨਿਜ ਤੀਰਾ।ਬਾਲ ਬਿਨੋਦ[17] ਚਲੈਂ ਚਹੁੰਕੋਦ ਬਿਰਾਜਤਿ ਜਨੋਂ ਬਿਚ ਕੰਚਨ ਹੀਰਾ[18]॥੭॥ਦੋਹਰਾ॥ਬਾਲਿਕ ਤਨ ਸ਼੍ਰੀ ਸਤਿਗੁਰੂ ਬਾਲਿਕ ਬ੍ਰਿੰਦ ਕ੍ਰਿਪਾਲ[19]। ਜਾਇ ਪ੍ਰਵੇਸ਼ੇ ਬਾਗ਼ ਮੈਂ ਬਿਗਸਤਿ ਮੋਦ ਬਿਸਾਲ॥੮॥ਕਬਿੱਤ॥ਚਾਰੂ ਤਰੁ ਫੂਲ ਰਹੇ[20] ਛਾਯਾ ਅਨਕੂਲ

---

[1]ਗੁਲਾਬ ਦੀ ਕਿਸਮ ਹੈ। [2]ਮਾਲਤੀ ਦੀਆਂ ਪੰਗਤੀਆਂ ਨੂੰ। [3]ਪੀਲੇ ਸੁਗੰਧੀਦਾਰ ਫੁੱਲਾਂ ਦਾ ਬ੍ਰਿਛ। [4]ਇਲਾਇਚੀਆਂ। [5]ਸੁਹਣੇ ਗੁਲਾਬ ਪਾਣੀ ਨਾਲ ਸਿੰਜੇ ਹੋਏ ਸੂਰਜ ਚੜ੍ਹੇ ਅਜੀਬ ਖੇੜੇ ਨਾਲ ਖਿੜਦੇ ਹਨ [ ਹਿਂ:, ਚਟਕਲੇ=ਖੇੜਾ। ਚਮਕ। ਸ਼ੋਭਾ ]। [6]ਸਹਤ ਰਸ ( ਪਾਣੀ , ਦੇ ਨਾਲੀਏਰ ਹਨ। [7]ਹੇ ਗੁਰੂ ਜੀ ! ਉਥੇ ਖੇਲਾਂਗੇ। [8]ਇਥੋਂ ਸ਼੍ਰੀ ਗੁਰੂ ਜੀ ਮਾਤਾ ਜੀ ਨੂੰ ਕਹਿੰਦੇ ਹਨ। [9]ਹੋਰ (ਸੰਕਲਪਾਂ) ਨੂੰ ਦੂਰ ਕਰਕੇ। [10]ਪ੍ਰੇਮ ਕਰਕੇ। [11]ਜੇ ਨਹੀਂ। [12]ਗੁਰੂ ਜੀ ਨੂੰ। [13]ਮਾਮਾ ਜੀ। [14]ਜਿਸ ਰਾਸੀ ਵਿਚ ਪੂਜਾ ਯੋਗ ਦੁਤੀਆ ਦਾ ਚੰਦ ਉਦੇ ਹੋਵੇ ਮਾਨੋ ਉਧਰ ਨੂੰ ਨਮਸਕਾਰਾਂ ਕਰਦੇ ਹਨ, ਭਾਵ ਜਿਸ ਪਾਸੇ ਜਾਣ ਮੱਥੇ ਟਿਕੀਂਦੇ ਹਨ। [15]ਆਪੋ ਵਿਚ ਲੋਕਾਂ ਦਾ ਕਹਿਣਾ। [16]ਭਾਵ ਜਿਸ ਤਰ੍ਹਾਂ ਕਹਿ ਦੇਣ। [17]ਅਨੰਦ ਸਹਤ। ਖੇਡਦੇ। [18]ਕੰਚਨ ਵਿਚ ਹੀਰਾ। [19]ਬਹੁਤੇ ਬਾਲਕੇ ਤੇ ਕ੍ਰਿਪਾਲ ਮਾਮਾ ਜੀ। [20]ਸੁਹਣੇ ਬ੍ਰਿਛ ਫੁੱਲ ਰਹੇ ਹਨ।

ਰਹੇ, ਮੂਲ ਦ੍ਰਿਢ ਝੂਲ ਰਹੇ[1], ਨੀਕੇ ਆਲਬਾਲ ਰਹੇ[2]। ਦੀਪਤਿ ਕਦੰਬ ਰਹੇ[3] ਏ ਲ ਕੇ ਅਲੰਬ ਰਹੇ[4], ਮਿਲੇ ਨਿਤ ਅੰਬ ਰਹੇ[5], ਰਸ ਮੈਂ ਰਸਾਲ ਰਹੇ[6]। ਚੰਪਕ ਚਮਕ ਰਹੇ, ਗੰਧ ਮੈਂ ਰਮਕ ਰਹੇ, ਡਾਰ ਤੇ ਲਮਕ ਰਹੇ, ਛਬਿ ਕੋ ਉਛਾਲ ਰਹੇ। ਚਾਰੋਂ ਓਰ ਝਾਲ ਰਹੇ[7], ਧਾਰ ਫੂਲ ਮਾਲ ਰਹੇ, ਦਲ ਚਲਚਾਲ[8] ਰਹੇ, ਤੁੰਗ ਹ੍ਵੈ ਬਿਸਾਲ ਰਹੇ ॥੯॥ ਮਾਨੋ ਕਾਮ ਬਾਗਵਾਨ ਗੁਰੂ ਸਨਮਾਨ ਹੇਤੁ ਦਲ ਫਲ ਫੂਲ ਤੇ ਬਸੰਤ ਬਗਰਾਯੋ ਹੈ[9]। ਸੁੰਦਰ ਬਿਹੰਗ ਰੰਗ ਰੰਗਕੇ ਉਤੰਗ ਬੈਠਿ, ਭੌਰਿ ਸਮਭੌਰ ਭੂਰ ਭੌਰ ਤੇ ਭ੍ਰਮਾਯੋ ਹੈ[10]। ਕੂਜਤਿ ਅਨੇਕ ਜਨੁ ਪੂਜਤਿ ਸੁਵਾਕ ਕਹਿ[11], ਧੂਜਤਿ ਹੈਂ ਪੰਖਨਿ[12] ਅਨੰਦ ਉਮਗਾਯੋ ਹੈ। ਮੋਰਨ ਕੋ ਸ਼ੋਰ ਜ਼ੋਰ ਕੀਰਨਿ[13] ਕੀ ਭੀਰ ਗਨ, ਪੋਤਕ ਕਪੋਤ[14] ਸਾਰਕਾਨ ਤੇ[15] ਸੁਹਾਯੋ ਹੈ॥੧੦॥ ਜਾਨੀ ਮਾਲਾਕਾਰ[16] ਗੁਰੂ ਬਾਗ ਕੇ ਮਝਾਰ ਆਯੋ ਹਰਖ ਉਦਾਰ ਤੇ ਪਧਾਰਿ ਮਿਲਨੋ ਜਾਇਕੈ। ਪਾਵਨ ਅਨੂਪ ਮਹਾਂ ਸੁੰਦਰ ਸਰੂਪ ਹੇਰਿ ਹਾਥ ਜੋਰਿ ਬੰਦਨਾ ਕਰੀ ਹੈ ਸੀਸ ਨਾਇਕੈ। ਬਾਗ ਕੇ ਰਸਾਲ ਫਲ, ਫੂਲਨ ਕੀ ਮਾਲਾ ਕਲ, ਡਾਲੀ[17] ਕੋ ਬਿਸਾਲ ਹੀ ਬਨਾਇ ਧਰੀ ਲਜਾਇਕੈ। ਮਹਾਂ ਗੁਨ ਗਾਇਕੈ ਬਿਲੋਕੈ ਨੈਨ ਲਾਇ ਕੈ, ਰਹਜੋ ਬਿਸੰਮ ਪਾਇ ਕੈ ਸੁ ਮਨ ਬਿਰਮਾਇਕੈ ॥੧੧॥ ਮਾਤੁਲ ਕ੍ਰਿਪਾਲ ਨੇ ਦਰਬ ਦੀਨਿ ਮਾਲੀ ਕਰ[18], ਮਾਲਾ ਕੋ ਉਚਾਇ ਗੁਰੂ ਗਰੇ ਪਹਿਰਾਈ ਹੈ। ਬਾਲਿਕ ਬੁਲਾਏ ਫਲ ਸਗਰੇ ਲੁਟਾਏ ਤਿਨੈ, ਲੂਟਤਿ ਬਿਲੋਕਤਿ ਪ੍ਰਸੰਨਤਾ ਬਧਾਈ ਹੈ। ਬਿਕਸੈਂ ਬਦਨ ਬਰ ਸੁਖਮਾ ਸਦਨ ਹੂ ਤੇ[19] ਸੁੰਦਰ ਰਦਨ ਕੁੰਦ ਬਿਸਦਤਾ ਪਾਈ ਹੈ[20]। ਚਾਰੋਂ ਓਰ ਚਾਰੁ ਬਾਗ ਚਾਤੁਰੀ ਸੌਭਾਗ ਜੁਤਿ ਹੇਰਜੋ ਅਨੁਰਾਗ ਕਰਿ ਮਹਾਂ ਛਬਿਛਾਈ ਹੈ॥੧੨॥ ਔਰ ਨਾਨਾ

---

[1]ਬ੍ਰਿਛ ਮੁੱਢ ਤੋਂ ਝੂਲ ਰਹੇ ਹਨ। [2]ਚੰਗੀ ਤਰ੍ਹਾਂ ਵੇਸ਼ਟਤਿ ਹਨ। [3]ਕਦੰਬ ਪ੍ਰਕਾਸ਼ ਰਹੇ ਹਨ-। [4]ਬੇਲਾਂ ਜਿਨ੍ਹਾਂ ਦੇ ਆਸਰੇ ਰਹਿੰਦੀਆਂ ਹਨ। [5]ਜਲ ਨਾਲ ਮਿਲੇ ਰਹਿੰਦੇ ਹਨ। [6]ਰਸ ਵਿਚ ਰਸੁ ਹੋਏ ਹਨ (ਅ ਅੰਬ ਰਸ ਵਾਲੇ ਹਨ। [7]ਲਿਸ਼ਕਾਰਾ ਮਾਰ ਰਹੇ ਹਨ।(ਅ) ਝੂਲ ਰਹੇ ਹਨ। [8](ਤੇ ਨਾਲ ਪੱਤੇ ਹਿਲ ਰਹੇ ਹਨ। [9]ਖਿੜਾਇਆ ਹੈ। [10]ਪਾਣੀ ਦੀ ਘੁੰਮਣ ਘੇਰੀ ਸਮ ਸਵੇਰ ਤੋਂ ਹੀ ਬਹੁਤ ਭੌਰੇ ਭ੍ਰਮ ਰਹੇ ਹਨ। [11]ਬੋਲਦੇ ਹਨ ਅਨੇਕ ਮਾਨੋ (ਗੁਰੂ ਜੀ ਦੀ) ਪੂਜਾ ਕਰਦੇ ਹਨ ਸ਼ੁਭ ਵਾਕ ਭਾਵ ਗੀਤ ਗਾ ਗਾ ਕਰਕੇ। [12]ਖੰਭਾਂ ਨੂੰ ਹਿਲਾਉਂਦੇ ਹਨ ਤੇ। [13]ਤੋਤਿਆਂ। [14]ਕਬੂਤਰਾਂ ਦੇ ਬੱਚੇ ਤੇ ਕਬੂਤਰ। [15]ਤੇ ਮੈਨਾ ਨਾਲ। [16]ਮਾਲੀ ਨੇ ਜਾਣਿਆਂ। [17]ਫਲ ਫੁਲਾਂ ਸਬਜ਼ੀਆਂ ਦੀ ਭੇਟਾ ਨੂੰ ਡਾਲੀ ਕਹਿੰਦੇ ਹਨ। [18]ਮਾਲੀ ਦੇ ਹੱਥ। [19]ਸ਼ੋਭਾ ਦੇ ਘਰ ਮੁਖੜੇ ਤੋਂ। [20]ਮਰਤਬਾਨ ਦੇ ਫੁੱਲਾਂ ਨੇ ਉੱਜਲਤਾ ਪਾਈ ਹੈ (ਆਪ ਦੇ) ਸੁਹਣੇ ਦੰਦਾਂ ਤੋਂ।

ਭਾਂਤਿ ਸਾਥ ਕ੍ਰੀੜਾ ਕੀਨ ਪ੍ਰਭੂ ਨਾਥ ਬਾਲਿਕ ਪਲਾਵਤੇ ਪਲਾਇ ਚਲੈਂ ਪਾਇ ਤੇ[1]। ਖੇਲੈਂ ਹੁਲਸਾਇ ਕਹੂੰ,ਬੈਠੇ ਜਲ ਥਾਇਂ ਕਹੂੰ,ਚਲਤਿ ਫੁਹਾਰੇ ਕਹੂੰ ਸੋਹੈਂ ਸਮੁਦਾਇ ਤੇ। ਪਾਨ[2] ਪਗ ਪੰਕਜ ਤੇ ਪਾਨੀ ਰੋਕ ਰਾਖੈਂ ਕਹੂੰ, ਕੌਤਿਕ ਤਰੋਵਰੁ ਅਰੂਢੇਂ ਉਤਲਾਇਤੇ।ਸੋਹੈ ਬਨ ਨੰਦਨ ਮਨਿੰਦ, ਸੁਰ ਬ੍ਰਿੰਦ ਸਿਸ,ਇੰਦ੍ਰ ਬਾਲ ਬੈਸ ਬਿਖੈ ਬਿਚਰੈਂ ਸੁਭਾਇ ਤੇ[3]॥੧੩॥ਬੀਤਯੋ ਜਬੈ ਏਕਜਾਮ,ਕ੍ਰੀੜਤੇ ਅਰਾਮ ਬਿਖੈ[4],ਪਠਯੋ ਦਾਸਮਾਤਨੇ ਸੁ ਆਯੋ ਉਤਲਾਇ ਕੈ। ਹਾਥ ਜੋਰਿ ਕਹਯੋ'ਹੇਰੈ ਜਨਨੀ ਤੁਮਾਰੀ ਦ੍ਵਿਸ਼ਿ ਧੀਰ ਨ ਧਰਤਿ ਰਾਖੇ ਦ੍ਵਾਰੇ ਨੈਨ ਲਾਇਕੈ। ਬਾਗ਼ ਦੇਖਿ ਲੀਨਿ ਅਰੁ ਖੇਲਿਬੋ ਬਿਸ਼ੇਖ ਕੀਨਿ ਗਮਨੋ ਨਿਕੇਤ ਅਬਿ ਹਰਖ ਉਪਾਇਕੈ'।ਸੁਨਿਕੈ ਕ੍ਰਿਪਾਲ ਨੈ ਭਨਯੋਂ 'ਸੁ ਚਿਰਕਾਲ ਭਯੋ,ਚਲੋ ਬਾਲ ਬੋਲਲੇਹੁ[5]ਦੇਖੈਂ ਪੁਨ ਆਇਕੈ'॥੧੪॥ਬਾਲਿਕ ਹਕਾਰੇ ਆਇ ਮਿਲੇ ਗੁਰ ਤੀਰ ਸਾਰੇ, ਸੰਗ ਪਰਵਾਰੇ ਸੁ ਪਧਾਰੇ ਘਰ ਓਰ ਕੋ। ਭੂਖਨ ਰੁਚਿਰ ਰੰਗ ਰੰਗ ਕੇ ਪਹਿਰਿ ਪਟ, ਕੋਊ ਚਲੇ ਮੰਦ, ਕੋ ਦਿਖਾਵਤਿ ਹੈਂ ਦੌਰ ਕੋ। ਕੋਊ ਫੂਲ ਸੀਸ ਧਰਿ, ਪਾਤਨ ਬਜਾਵੈਂ ਕਰ[6], ਬੋਲਤਿ ਪਰਸਪਰ ਜਾਤਿ ਕਰਿ ਸ਼ੋਰ ਕੋ। ਬਡੇ ਭਾਗ ਵਾਰੇ,ਗੁਰੂ ਪਗ ਅਨੁ-ਰਾਗ ਵਾਰੇ, ਹੇਰਿ ਹੇਰਿ ਵਾਰੇ ਮਨ ਚਾਰੁ ਕਾਮ ਕੋਰਕੋ[7]॥੧੫॥ਸ੍ਵੈਯਾ॥ਬੀਥਕਾ ਆਵਤਿ ਦੇਖਤਿ ਮਾਨਵ, ਸੀਸ ਨਿਵਾਇ ਨਿਹੋਰਤਿ ਹੈਂ। ਸੁੰਦਰਤਾ ਜਨੁ ਪਾਨ ਕਰੇ ਅਨਮੇਖ ਬਿਲੋਚਨ[8]ਜੋਰਤਿ ਹੈਂ।ਡੀਠ ਪਰੈ ਜਹਿਂ ਲੌ ਗੁਰੁ ਰੂਪ, ਨਹੀਂ ਤਬਿਲੌ ਮੁਖ ਮੋਰਤਿ ਹੈਂ।ਪੂਰਨਮਾ ਜਨੁਚੰਦ ਅਮੰਦ ਚਕੋਰ ਮਨਿੰਦ ਸੁ ਲੋਰਤਿ ਹੈਂ ॥ ੧੬ ॥ ਧਾਮ ਗਏ ਅਭਿਰਾਮ ਗੁਰੂ ਸੁਤ ਦੇਖਨਿ ਕੋ ਉਤ-ਕੰਠਤਿ[9] ਮਾਈ।ਧੇਨੁ ਮਹਾਂ ਲਘੁ ਜਯੋਂ ਬਛ ਕੋ[10]ਬਿਛੁਰੇ ਨ ਥਿਰੇ ਅਤਿ ਹ੍ਵੈ ਅਕੁਲਾਈ।ਦ੍ਵਾਰਬਿਲੋਚਨ ਸੰਮੁਖਤੇ ਮੁਖਨੰਦਨ ਦੇਖਤਿਹੀ ਹਰਖਾਈ[11]। ਧੀਰ ਤੇ ਬੈਠਯੋ ਗਯੋ ਨ ਤਹਾਂ,ਉਠਿ ਸ਼ੀਘ੍ਰ ਉਛੰਗ ਮੈਂ[12]ਲੈਨਿ ਕੋ ਆਈ ॥ ੧੭ ॥ ਗੋਦ ਲਿਯੇ ਉਰ ਮੋਦ ਭਰਯੋ ਚਹੁੰਕੋਦ ਬਿਨੋਦਤਿ ਬਾਲ ਮਹਾਂ[13]।

---

[1]ਚਰਨਾਂ ਨਾਲ। [2]ਹੱਥ। [3]ਬਨ ਇੰਦ੍ਰ ਦੇ ਬਾਗ ਵਾਂਙੂ ਸੋਂਹਦਾ ਹੈ ਤੇ ਸਾਰੇ ਬਾਲਕੇ ਦੇਵਤਿਆ (ਤੁੱਲ) ਹਨ ( ਤੇ ਗੁਰੂ ਜੀ ਮਾਨੋਂ ) ਇੰਦਰ ਬਾਲ ਅਵਸਥਾ ਵਿਚ ਸੁਭਾਵਕ ਵਿਚਰ ਰਿਹਾ ਹੈ। [4]ਖੇਲਦਿਆਂ ਬਾਗ ਵਿਚ [ ਸੰਸ:, ਆਰਾਮ=ਬਾਗ ]। [5]ਸੱਦ ਲਓ। [6]ਹੱਥਾਂ ਨਾਲ ਪੱਤੇ ਵਜਾਉਂਦੇ ਹਨ। [7]ਵੇਖ ਵੇਖ ਕੇ ਮਨ ਵਿਚ ਕ੍ਰੋੜ ਕਾਮ ਦੀ ਸੁੰਦਰਤਾ ਨੂੰ ਵਾਰਦੇ ਹਨ। ਅ) ਵਾਰਦੇ ਹਨ ਮਨ ਕਾਮ ਤੋਂ ਕ੍ਰੋੜ ਗੁਣਾਂ ਸੁੰਦਰ ਦੇ ਉਤੋਂ। [8]ਇਕ ਟਕ ਅਖਾਂ ਜੋੜਦੇ ਹਨ। [ ਸੰਸ:, ਅਨਿਮਿਖ ]। [9]ਤਾਂਘ ਰਹੀ ਸੀ। [10]ਜਿਵੇਂ ਛੋਟੇ ਵੱਛੇ ਨੂੰ। [11]ਦਰਵਾਜ਼ੇ ਦੇ ਸਾਹਮਣੇ ਨੇਤ੍ਰਾਂ ਨਾਲ ਪੁੱਤ੍ਰ ਦਾ ਮੂੰਹ ਵੇਖਕੇ ਪ੍ਰਸੰਨ ਹੋਈ। [12]ਗੋਦੀ ਵਿਚ। [13]ਬਾਲ ਅਤੀ ਪ੍ਰਸੰਨ ਹਨ।

'ਮਾਤ ਜੀ ! ਮਾਥ ਟਿਕੇ ਪਗ ਪੈ'ਇਕ ਬਾਰ ਹੀ ਬਾਕ ਸਮੂਹ ਕਹਾ।ਆਸ਼ਿਖ ਦੇ ਸੁਖ ਸਾਬ ਭਰੀ, ਸੁਖਮਾ ਗਲ ਫੂਲ ਸੁ ਮਾਲ ਰਹਾ[1]। ਸੂੰਘਤਿ ਭਾਲ ਬਿਸਾਲ ਮਨੋਹਰ ਜੋਗੀ ਜਿਸੈ ਬਿਚ ਧ੍ਯਾਨ ਲਹਾ॥੧੮॥ ਸ਼੍ਰੀ ਗੁਰ ਨਾਨਕ ਕੋ ਧਰਿ ਧ੍ਯਾਨ ਦੁਊ ਕਰ ਜੋਰਿ ਕੈ ਬੰਦਨ ਗਾਈ।ਭ੍ਰਾਤ ਕ੍ਰਿਪਾਲ ਸੋਂ ਬਾਤ ਕਹੀ'ਕਰਿਵਾਉ ਤਿਹਾਵਲ ਕੋ ਸਮੁਦਾਈ'। ਤਾਤ ਸੁੰ ਪੂਛਨਿ ਬਾਤ ਲਗੀ 'ਕਸ ਬਾਗ਼ ਪਿਖ੍ਯੋ, ਕਿਮ ਖੇਲ ਮਚਾਈ ?'। ਸੁੰਦਰਤਾ ਤਰੁ ਬ੍ਰਿੰਦ ਫੁਹਾਰਨਿ ਸ਼੍ਰੀ ਗੁਰੁ ਗੋਬਿੰਦ ਸਿੰਘ ਸੁਨਾਈ ॥ ੧੯ ॥ ਭੂਖਨ ਚੀਰ ਮਹਾਂ ਧਨ ਕੋ ਨਿਜ ਨੰਦ ਨਿਛਾਵਰ[2] ਕੇ ਕਰਿ ਮਾਈ। ਦੇਤਿ ਗਰੀਬਨਿ ਕੋ ਬੁਲਿਵਾਇ ਅਸੀਸਕੋ ਪਾਇ ਰਿਦੇ ਹਰਖਾਈ।ਆਪਨੇਭਾਗ ਸਰਾਹਤਿ ਉੱਤਮ,-ਦੀਨ ਦੁਨੀ ਮਹਿ ਹੌਂ ਅਧਿਕਾਈ-। ਕੀਨਿ ਬਡੋ ਉਤਸਾਹ ਭਲੇ, ਨਰ ਆਇ ਮਿਲੇ ਗੁਰ ਕੋ ਸਮੁਦਾਈ ॥ ੨੦ ॥ ਮੇਵੜੇ ਭੇਜਿ ਸਭੈ ਸਿਖ ਕੇ ਘਰ ਲੀਨੇ ਹਕਾਰ ਸੁਨੇ ਚਲਿ ਆਏ।ਚਾਰ ਘਟੀ ਦਿਨ ਸ਼ੇਖ ਰਹ੍ਯੋ ਸਭਿ ਸੰਗਤਿ ਮੇਲ ਭਯੋ ਸਮੁਦਾਏ। ਭੇਟ ਜਥਾ ਸ਼ਕਤੀ ਸਭਿ ਲੇਕਰਿ ਬਾਲਿਕ ਬ੍ਰਿੱਧ ਮਿਲੇ ਹਰਖਾਏ।ਹੋਨਿ ਬਿਲੋਚਨ ਕੋ ਸੁਫਲੇ ਕਰਿ[3]ਯੋਂ ਦਰਸੈਂਨਿਧਿ ਰੂਪਕੋ ਪਾਏ[4] ॥ ੨੧ ॥ ਸ਼੍ਰੀ ਗੁਰ ਤੇਜ ਅਮੇਜ[5] ਹੁਏ ਪਰਯੰਕ ਕੀ ਪੀਠ ਬਿਰਾਜਤਿ ਹੈਂ। ਸੂਰਜ ਬਾਲ[6]ਉਦੈਗਿਰਪੈ,ਤਮਮੋਹ[7]ਪਿਖੈਜਿਸ ਭਾਜਤਿ ਹੈ।ਦਾਸਨ ਅੰਬਕ ਅੰਬੁਜ ਕਾਨਨ ਮੋਦ ਤਿਨੈ ਉਪਰਾਜਤਿਹੈਂ[8]।ਬਾਦ*ਕਰੈਂ ਗਨਚੋਰ ਨਿਸ਼ਾਚਰ,ਦੇਖਿ ਦੁਰੈਂ ਬਹੁ ਲਾਜਤਿ ਹੈਂ[9]†॥੨੨॥ਹੋਤਿ ਅਨੇਕਨਿ ਕੀ ਅਰਦਾਸ ਉਪਾਇਨ ਸੁੰਦਰ ਆਨਤਿ ਹੈਂ। ਹਾਥਨਿ ਜੋਰਿ ਨਿਹੋਰਤਿ ਸੇਵਕ,ਬੰਦਨਿ ਸੀਸ ਤੇ ਠਾਨਤਿ ਹੈਂ।ਭੀਰ ਭਰੀ ਬਹੁ ਸਿੱਖਨਨਿ ਕੀ ਸ਼ਰਧਾ ਉਰ ਧਾਰਿ ਸੁ ਮਾਨਤਿ ਹੈਂ।ਬੈਠਿ ਗਏ ਪਰਵਾਰ ਕਰੇ,ਕੋਊ ਠਾਢੇ ਪਿਖੈਂ,ਅਘ ਹਾਨਤਿ ਹੈਂ ॥੨੩॥ਰਾਸ਼[10] ਤਿਹਾਵਲ ਆਇ ਗਯੋ ਧਰਿਵਾਇ ਭਲੇ ਅਰਦਾਸ ਕਰਾਈ।

[1]ਗਲੇ ਵਿਚ ਫੁਲਾਂ ਦੀ ਮਾਲਾ ਸ਼ੋਭ ਰਹੀ ਹੈ। [2]ਵਾਰ ਕਰਕੇ। [3]ਨੇਤ੍ਰਾਂ ਦਾ ਹੋਣਾ ਸੁਫਲ ਕਰਦੇ ਹਨ। [4]ਇਸ ਤਰ੍ਹਾਂ ਰੂਪ ਦੇਖਦੇ ਹਨ ( ਜਾਣੋ ) ਨਿਧ ਪਾਈ ਹੈ। [5]ਤੇਜ ਨਾਲ ਮਿਲੇ ਭਾਵ ਤੇਜੱਸ੍ਵੀ ਹੋਕੇ। (ਅ) ਅਮੇਉ, ਅਮਾਪ। [6]ਚੜ੍ਹਦਾ ਸੂਰਜ। [7]ਮੋਹ ਰੂਪੀ ਅੰਧੇਰਾ। [8]ਦਾਸਾਂ ਦੇ ਨੇਤ੍ਰਾਂ ਰੂਪੀ ਕਵਲਾਂ ਦੇ ਬਨ ਨੂੰ ਆਨੰਦ ਉਪਜਾਂਵਦੇ ਹਨ। [9]ਚੋਰਾਂ ਤੇ ਉਲੂਆਂ ਦੀ (ਆਸ਼ਾ) ਨਿਸ਼ਫਲ ਕਰਦੇ ਹਨ ਜੋ ਦੇਖਕੇ ਸ਼ਰਮਦੇ ਤੇ ਲੁਕਦੇ ਹਨ। [10]ਬਹੁਤਾ। *ਪਾ:-ਬਾਲ।

†ਪਾ:-ਬ੍ਰਾਦ ਕਰੈ ਗਨ ਚੋਰਨ ਮਾਚਖ ਦੇਖਿ ਦੁਰੈ ਬਹੁ ਸਾਜਤਿ ਹੈਂ।

ਸ੍ਰੀ ਗੁਰੁ ਨਾਨਕ ਆਦਿ ਜਿਤੇ ਸਭਿਹੂੰਨਿ ਕੋ ਨਾਮ ਲੈ ਧ੍ਯਾਨ ਧਰਾਈ। ਦੇਤਿ ਪ੍ਰਸ਼ਾਦ ਕਰ੍ਯੋ ਅਹਿਲਾਦ ਮ੍ਰਿਯਾਦ ਸਮੇਤ ਸਦਾ ਜਿਮਭਾਈ।ਜੋ ਮਨ ਭਾਵਤਿ ਸੋ ਤਬਿ ਪਾਵਤਿ ਆਵਤਿ ਜਾਤਿ ਮਿਲੇ ਸਮੁਦਾਈ॥੨੪॥ਸੰਗਤਿ ਮੈਂ ਬਰਤਾਵਨਿ ਕੀਨਿ ਸਭੈ ਸਿਖ ਲੇਤਿ ਅਨੰਦ ਭਏ ਹੈਂ।ਆਨਨ ਪਾਵਨ ਕੋ ਕਰਿ ਪਾਵਨ[1] ਸ੍ਰੀ ਗੁਰੁ ਪਾਵਨ ਧ੍ਯਾਨ ਲਏ ਹੈਂ । ਸ੍ਰੀ ਗੁਜਰੀ ਤਬਿ ਦ੍ਵੈ ਕਰ ਜੋਰਿ, ਅਰਾਧਿ ਮਨੋਰਥ ਐਸਿ ਠਏ ਹੈਂ।–ਮੋ ਸੁਤ ਕੇ ਸਭਿ ਰੱਛਕ ਹੋਵਹੁ ਆਨੰਦ ਦੇਹੁ ਬਿਲੰਦ ਨਏ ਹੈਂ ॥ ੨੫ ॥ ਸ੍ਰੀ ਗੁਜਰੀ ਅਰੁ ਸ੍ਰੀ ਗੁਰੁ ਕੋ ਅਭਿਬੰਦਨ ਕੈ ਨਿਜ ਧਾਮ ਗਏ[2] । ਜਾਤਿ ਪ੍ਰਸ਼ੰਸਤਿ ਸੁੰਦਰ ਸੂਰਤਿ ਮੂਰਤਿ ਮਾਨਹੁ ਅਨੰਦ ਕਿਏ।ਸੀਤ ਪ੍ਰਸ਼ਾਦ ਪ੍ਰਸ਼ਾਦ ਧਰੇ ਘਰ ਆਪਨਿ ਮੈਂ ਸਭਿਹੂੰਨ ਦਏ[3]।ਕੀਰਤ ਕੋ ਬਿਸਤੀਰਤਿ ਹੈਂ ਇਹ ਰੂਪ ਅਨੂਪ ਮਨੋਗ[4] ਥਿਏ॥ ੨੬ ॥ ਦੋਹਰਾ ॥ ਪ੍ਰਥਮ ਦਿਵਸ ਉਪਬਨ ਗਏ ਜਨਨੀ ਮੋਦ ਮਹਾਂਨ। ਕਰ੍ਯੋ ਅਧਿਕ ਉਤਸਾਹੁ ਕੋ ਧਰਿ ਸਤਿਗੁਰੁ ਕੋ ਧ੍ਯਾਨ ॥ ੨੭ ॥ ਪਰੀ ਨਿਸਾ ਕਰਿ ਅਸਨ ਕੋ ਪੌਢਿ ਗਏ ਸੁਖ ਮਾਂਹਿ। ਭੋਰ ਭਈ ਜਾਗੇ ਪ੍ਰਭੂ ਨਰ ਨਾਹਨਿ ਕੇ ਨਾਹ[5] ॥ ੨੮ ॥ ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਬਾਲ ਲੀਲ੍ਹਾ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸਮੋ ਅੰਸੂ ॥ ੧੮ ॥

### ੧੯. [ਬਾਲ ਲੀਲ੍ਹਾ। ਬੇੜੀ ਦੀ ਸੈਲ। ਇਕ ਬ੍ਰਿਧਾ ਨੂੰ ਖਿਝਾਉਣਾ]।

ਦੋਹਰਾ॥ਇਸ ਪ੍ਰਕਾਰ ਸ੍ਰੀ ਸਤਿਗੁਰੂ ਖਿਲਤਿ ਵਹਿਰ ਨਿਕਸੰਤਿ। ਬਾਲਿਕ ਬ੍ਰਿੰਦਨਿ ਕੇ ਸਹਤਿ ਧਾਵਤਿ ਗਹਿ ਬਿਕਸੰਤਿ[6] ॥੧॥ ਸ੍ਵੈਯਾ ॥ ਇਕ ਦ੍ਯੋਸ ਲਿਏ ਸੰਗ ਬਾਲਿਕ ਬ੍ਰਿੰਦਨ ਮਾਤ ਕੀ ਆਇਸੁ ਤੇ ਹਰਖਾਏ । "ਮਿਲ ਮਾਤੁਲ ਸੰਗ ਸੁ ਰੰਗ ਨਦੀ ਤਟ ਆਜ ਚਲੈਂ ਜਲ ਕੋ ਦਰਸਾਏਂ।ਨਿਕਸੇ ਨਿਜ ਧਾਮ ਗੁਰੂ ਅਭਿਰਾਮ ਸੁ ਕਾਮਨਾ ਜਾਚਕ ਕੀ ਪੁਰਵਾਏ" । ਮੁਖ ਸੁੰਦਰ ਤੇ ਬਚ ਬੋਲਤਿ ਹੈਂ ਜਨੁ ਫੂਲ ਝਰੈਂ ਹੁਲਸੈਂ ਸਮੁਦਾਏ॥੨॥ਬੀਥਕਾ ਮੈਂ ਬਹੁ ਬਾਲਿਕ ਭਾਵ ਤੇ ਕ੍ਰੀੜਤ[7] ਜਾਤਿ ਸੁਹਾਵਤਿ ਹੈਂ। ਦੇਖਤਿ ਸੇਵਕ ਕੈ ਨਰ ਆਨਿ ਪ੍ਰਭਾਵ ਤੇ[8] ਸੀਸ ਨਿਵਾਵਤਿ ਹੈਂ। ਆਪਸ ਮੈਂ ਮਿਲਿ ਕੈ ਪੁਰਿ ਕੇ ਨਰ ਕੀਰਤਿ ਬ੍ਰਿੰਦ ਸੁਨਾਵਤਿ ਹੈਂ। 'ਦੀਸਤਿ ਹੈਂ ਲਘੁ ਰੂਪ ਗੁਰੂ

[1] ਮੁਖ ਵਿਚ ਪਾ ਕੇ ਮੁਖ ਪਵਿਤ੍ਰ ਕੀਤਾ। ਅ ) ਪਵਿਤ੍ਰ ( ਪ੍ਰਸ਼ਾਦ ) ਮੂੰਹ ਵਿਚ ਪਾਉਂਦੇ ਹਨ ਅਤੇ……… । [2](ਸਾਰੇ ਸਿੱਖ) ਗਏ। [3]ਆਪਣੇ ਘਰ ( ਦਿਆਂ ) ਸਭਨਾਂ ਨੂੰ ਕ੍ਰਿਪਾ ਨਾਲ ਮਿਲਿਆ ਪ੍ਰਸ਼ਾਦ ਥੋੜਾ ਥੋੜਾ ਵਰਤਾ ਦਿਤਾ। [ ਸੀਤ ਪ੍ਰਸ਼ਾਦ ਦੇਖੋ ਰਾਸ ੧ ਅੰਸੂ ੧੦ ਅੰਕ ੧੩ ]। [4]ਸੁੰਦਰ। [5]ਰਾਜਿਆਂ ਦੇ ਸੁਆਮੀ। ਪਾਤਸ਼ਾਹਾਂ ਦੇ ਪਾਤਸ਼ਾਹ। [6]ਦੌੜਦੇ ਹਨ ਤੇ ਫੜਕੇ ਬਾਲਾਂ ਨੂੰ ਪ੍ਰਸੰਨ ਹੁੰਦੇ ਹਨ। ਮੰਗਣ ਵਾਲਿਆਂ ਦੀਆਂ ਕਾਮਨਾਂ ਪੂਰਦੇ ਹੋਏ। [7]ਖੇਲਦੇ। [8]ਪ੍ਰਤਾਪ (ਦੇਖਕੇ)।

ਤਊ ਤੇਜ ਬਿਸਾਲ ਦਿਪਾਵਤਿ ਹੈਂ' ॥੩॥ ਸੈਯਾ ॥ ਸ੍ਰੀ ਗੁਰੁ ਤੇਗ ਬਹਾਦਰ ਨੰਦਨ ਬੰਦਨ ਜੋਗ ਨਿਕੰਦਨ ਪੀਰਾ । ਬਾਕ ਫੁਰੈ ਕਹਿੰ ਜਾਂਹਿ ਸੁਭਾਇਕ ਰੰਕ ਤੇ ਰਾਵ ਕਰੈਂ ਗਜ ਕੀਰਾ[1] । ਭੂਖਨ ਸੁੰਦਰ ਸੂਰਤਿ ਹੈ ਜਨੁ ਮੂਰਤ ਹੈ ਰਸ ਬੀਰ ਸਧੀਰਾ[2] । ਜਾਤਿ ਚਲੇ ਤਬਿ ਆਇ ਗਯੋ ਸਲਿਤਾ ਗਨ ਕੇ ਜੁਤਿ ਗੰਗ ਕੋ ਤੀਰਾ[3] ॥ ੪ ॥ ਸਲਿਤਾ ਗਨ ਕੋ ਦਰਿਆਉ ਮਹਾਂ ਗੁਰ ਆਗਮ ਕੋ ਲਖਿ ਹੋਤਿ ਉਛਾਲਾ । ਤਰਨੀ ਪਰ ਜਾਇ ਬਿਰਾਜ ਗਏ ਇਤ ਤੇ ਉਤ ਹੇਰਤਿ ਸਾਥ ਕ੍ਰਿਪਾਲਾ[4] । ਜਲ ਚਾਹਤਿ ਹੈ ਛੁਹਿਬੇ ਪਗ ਪੰਕਜ, ਪੈ ਅਸਮੰਜਸ ਊਚ ਬਿਸਾਲਾ[5] । [6]ਉਛਰੰਤਿ ਕਛੂ ਨ ਪਰੰਤੁ ਲਗੇ ਸਭਿ ਪਾਪਨਿ ਹੰਤ ਮਹੰਤ ਉਜਾਲਾ[6] ॥ ੫ ॥ ਮਾਤੁਲ ਗੋਦ ਮੈਂ ਮੋਦ ਭਰੇ ਜਲ ਕੋਦ[7] ਬਿਲੋਕ ਕਰੀ ਚਤੁਰਾਈ । ਦ੍ਵੈ ਚਰਨਾਂਬੁਜ ਕੋ[8] ਤਬਿ ਹੂੰ ਤਰਨੀ ਤਟ[9] ਜੰਘ ਤਰੇ ਲਰਕਾਈ । ਮੂਰਤ ਧਾਰਿ ਪਖਾਰਤਿ ਹੈ, ਮੁਦ ਧਾਰਤਿ ਹੈ ਲਹਿ ਕੈ ਜਲਰਾਈ[10] ।—ਪਾਪ ਅਨੇਕਨਿ ਕੇ ਹਰਤਾ ਇਹ ਮੰਗਲ ਕੇ ਕਰਤਾ ਸਮੁਦਾਈ—॥ ੬ ॥ ਦੋਹਰਾ ॥ ਅਪਰ ਨਹੀਂ ਅਵਿਲੋਕਤੇ ਇਕ ਸ੍ਰੀ ਗੁਰ ਦਰਸਾਇੰ। ਪਦ ਅਰਬਿੰਦ ਪਖਾਰਿਕੈ ਜਲ ਮੈਂ ਗਯੋ ਸਮਾਇ[11] ॥7॥ ਸੈਯਾ ॥ ਦੀਨਿ ਮਲਾਹ ਕੋ ਦਾਨ ਮਹਾਂ, ਕਹਿ ਬਾਕ ਤਿਸੈ ਤਰਨੀ ਚਲਿ-ਵਾਈ । ਨੀਰ ਗੰਭੀਰ ਮੈਂ ਜਾਇ ਫਿਰੀ ਤਬਿ, ਬੇਗ ਕੇ ਸਾਥ ਹੀ ਸ਼ੀਘ੍ਰ ਧਵਾਈ । ਲੇ ਕਬਿ ਜਾਤਿ ਪਰੇ ਨਵਕਾ, ਕਬਿ ਲਜਾਵਤਿ ਬੇਗ ਤੇ ਵਾਰ ਲਗਾਈ । ਫਾਂਦਤਿ ਹੈਂ ਕਬਿ ਫੇਰ ਚਢੈਂ, ਸਿਸ ਦੌਰਤਿ ਹੈਂ ਕਿਲਕੈਂ ਬਿਗਸਾਈ॥੮॥ ਜਲ ਕੇ ਤਟ ਕ੍ਰੀੜਤਿ ਹੈਂ ਮੁਦ ਸੋਂ ਕਰ ਪੰਕਜ ਕੋ ਨਿਜ ਪੰਕ ਧਸਾਵੈਂ[12]।ਗਨਲੋਕ ਬਿਲੋਕਨਿ ਹੇਤੁ ਖਰੇ ਕਰ ਜੋਰਤਿ ਦੂਰ ਤੇ ਸੀਸ ਨਿਵਾਵੈਂ।ਦਰਸੈਂ,ਪਰਸੈਂ,ਹਰਖੈਂ ਉਰਮੈਂ ਬਹੁਭਾਵ ਧਰੇ ਗੁਨ ਭਾਖਿਸੁਨਾਵੈਂ। 'ਗੁਰ ਤੇਗ਼ ਬਹਾਦਰ ਕੇ ਇਹ ਨੰਦਨ, ਜਾਗਤਿ ਜ਼ਾਹਰੀ ਜੋਤਿ' ਜਨਾਵੈਂ ॥ ੯ ॥ ਜੁਤਿ ਚੰਚਲਤਾ ਚਿਤਵੰਤਿ ਚਹੂੰ ਦਿਸ਼ਿ ਮਾਨ ਰਖੈਂ ਕਰਿ ਚਾਤੁਰਤਾਈ । ਗਨ ਮਾਨਵ ਮੈਂ ਅਸ ਨਾਂਹਿ ਕੋਊ, ਜਿਸ ਕੀ ਦਿਸ਼ਿ ਕੋ

---

[1]ਕੀੜੇ ਤੋਂ ਹਾਥੀ (ਅ) ਹਾਥੀ ਤੋਂ ਕੀੜਾ। [2]ਵੀਰਰਸ ਸਹਿਤ ਧੀਰਜ ਦੀ ਮੂਰਤ ਹੈ। [3]ਬਹੁਤੀਆਂ ਨਦੀਆਂ ਸਮੇਤ (ਵਗ ਰਹੀ) ਗੰਗਾ ਦਾ ਕਿਨਾਰਾ। [4]ਮਾਮਾ ਕ੍ਰਿਪਾਲ ਜੀ। [5]ਕਠਨ ਹੈ ਕਿਉਂਕਿ ਚਰਨ ਉੱਚੇ ਹਨ। [6]ਪਾਣੀ ਕੁਛ ਉਛਲਦਾ ਹੈ ਪਰ ਫੇਰ ਭੀ ਨਹੀਂ ਲਗਦਾ ਸਾਰੇ ਪਾਪਾਂ ਦਾ ਨਾਸ਼ ਕਰਨ ਵਾਲੇ ਪੂਜਨੀਕ ਤੇ ਪ੍ਰਕਾਸ਼ ਰੂਪ ( ਦੇ ਚਰਨਾਂ ਨੂੰ )। [7]ਤਰਫ। [8]ਦੋਵੇਂ ਚਰਨਾਂ ਕਮਲਾਂ ਨੂੰ। [9]ਬੇੜੀ ਦੇ ਕਿਨਾਰੇ (ਹੇਠੇ)। [10]ਵਰੁਣ। [11]ਭਾਵ ਵਰੁਣ ਸਮਾ ਗਿਆ। [12]ਆਪਣੇ ਹੱਥ ਕਵਲ ਨੂੰ ਚਿੱਕੜ ਵਿਚ ਧਸਾ ਦਿੰਦੇ ਹਨ।

ਨਹਿਂ ਡੀਠ ਲਗਾਈ।ਬਹੁ ਬਾਲਿਕ ਮੈਂ ਮਿਲਿ* ਖੇਲਤਿਹੈਂ ਮ੍ਰਿਦੁ ਮੂਰਤਿ
ਮਾਧੁਰੀ ਪੈ ਛਬਿ ਛਾਈ[1]। ਕਰਿ ਬੰਦਨ ਕੀਰਤਿ ਗਾਵਤਿ ਜਾਤਿ ਅਲੌ-
ਕਿਕ ਰੀਤਿ ਪੁਨੀਤ ਸੁਹਾਈ ॥ ੧੦ ॥ ਜਾਚਕ ਜਾਚਨਾ ਜੋਇ ਕਰੈ ਸੁਨਿ
ਤਾਹੂ ਕ੍ਰਿਪਾਲ ਦਿਵਾਵਤਿਹੈਂ।ਖੇਲਤਿ ਬੀਤ ਗਯੋ ਇਕ ਜਾਮ ਮਹਾਂ ਅਭਿ-
ਰਾਮ ਸੁਹਾਵਤਿ ਹੈਂ। ਸ੍ਰੀ ਗੁਜਰੀ ਤਬਿ ਦਾਸ ਪਠਯੋ 'ਕਹੁ ਜਾਇ-ਚਲੋ
ਸੁ ਬੁਲਾਵਤਿ ਹੈਂ[2]-'।ਹਾਥਨਿ ਜੋਰ ਕਰੀ ਬਿਨਤੀ'ਪ੍ਰਭੁ ਜੂ! ਜਨਨੀ ਉਤ-
ਲਾਵਤਿ ਹੈ'॥੧੧॥ਮਾਤੁਲ ਲਾਲਤਿ ਚਾਲਤਿ ਹੈਂ ਬਚ ਪਾਲਤਿ ਹੈਂ ਜਿਮ
ਭਾਖਿ ਸੁਨਾਵੈਂ[3]।ਸੇਵਕ ਕੇਰ ਸਿਕੰਧ ਅਰੂਢਿ ਪਿਖੈਂ ਪੁਰਿ ਬੀਥਕਾ ਤੇ ਹੁਲ-
ਸਾਵੈਂ। ਤਾਂਹਿ ਪਲਾਇ ਢੰਧਾਵਤਿ ਹੈਂ ਉਛਲੰਤਿ ਉਤੰਗ ਤੁਰੰਗ ਜਨੋਂ ਜਾਵੈ।
ਧਾਮ ਬਰੇ ਸੁਖਧਾਮ ਪ੍ਰਭੂ ਜਿਸ ਨਾਮ ਜਪੇ ਜਨ ਮੋਖ ਕੋ ਪਾਵੈਂ ॥ ੧੨ ॥
ਸ੍ਰੀ ਗੁਜਰੀ ਉਠਿ ਗੋਦ ਲਿਏ, ਮਨ ਮੋਦ ਕਿਯੋ ਸੁਤ ਲਾਲਤਿ ਹੈ।ਸੂੰਘਤਿ
ਮਾਥ ਪਲੋਸਤਿ ਹਾਥ, ਸਨੇਹ ਕੇ ਸਾਥ ਨਿਹਾਲਤਿ ਹੈ। 'ਭਾ ਚਿਰਕਾਲ
ਲਿਏ ਗਨ ਬਾਲ ਨਦੀ ਜਹਿਂ ਜਾਲ ਹੀ ਚਾਲਤਿ ਹੈ[4]। ਨੀਕ ਨ ਸੋ[5],ਰਮ-
ਨੀਕ ਰਹੋ ਘਰ ਖੇਲਹੁ[6]', ਸੀਖ ਸਿਖਾਲਤਿ ਹੈ ॥ ੧੩ ॥ ਮਾਤ ਸੋਂ ਬਾਤ
ਕਹੈਂ ਜੁਤਿ ਚਾਉ 'ਅਰੂਢਿ ਭਏ ਨਵਕਾ ਪਰ ਜਾਈ। ਕੇਵਟ ਨੀਰ ਗੰਭੀਰ
ਬਿਖੈ ਪਹੁੰਚਾਇ ਮਹਾਂ ਬਲ ਧਾਰਿ ਧਵਾਈ[7]'।ਦੂਰ ਗਯੋ ਪੁਨ ਲਜਾਵਤਿ ਭਾ
ਬਡ ਬੇਗ ਧਰੇ ਇਹ ਭਾਂਤਿ ਭ੍ਰਮਾਈ। ਮੰਦਿਰ,ਤੀਰ ਮਹੀਰੁਹ ਬੀਰੁ,ਖਰੀ
ਨਰ ਭੀਰ ਮਨੋ ਸੁ ਫਿਰਾਈ[8] ॥ ੧੪॥ ਮ੍ਰਿਦੁ ਬੋਲਤਿ, ਡੋਲਤਿ ਕੁੰਡਲ
ਸ੍ਰੋਨ, ਕਪੋਲਨ ਝਾਲ ਪਰੈ ਇਸ ਭਾਂਤੀ[9]। ਜਨੁ ਪੂਰਨ ਸ਼ਾਰਦ[10] ਚੰਦ
ਬਿਖੈ ਬਰ ਮੀਨ ਫਿਰੈ ਸੁਖਮਾ ਬਿਗਸਾਤੀ[11]। ਬਿਗਸੈ ਸੁਨਿ ਬਾਤਿ ਰਿਦੈ
ਹਰਖਾਤਿ ਬਿਲੋਕਤਿ ਮਾਤ ਮਹਾਂ ਉਮਗਾਤੀ। ਜਨੁ ਸਾਧਨ ਸਾਧਤਿ ਕੋ
ਦੁਖਦੇ ਤਿਹ ਸਿੱਧ ਮਿਲੀ ਹੁਇ ਸੀਤਲ ਛਾਤੀ[12] ॥੧੫॥ ਰੈਨ ਪਰੀ ਕਰਿ

---

[1]ਸੁੰਦਰ ਮੂਰਤੀ ਤੇ ਛਬਿ ਛਾ ਰਹੀ ਹੈ। [2]ਜਾਕੇ ਕਹੋ ਕਿ (ਮਾਤਾ ਜੀ) ਸੱਦਦੇ ਹਨ ਚੱਲੋ। [3]ਜਿਵੇਂ ਕਹਿਕੇ ਸੁਨਾਉਂਦੇ ਹਨ (ਤਿਵੇਂ। ਬਚਨ ਪਾਲਦੇ ਹਨ। [4]ਭਾਵ ਮਿਲਕੇ ਤੇ ਭਰ ਕੇ ਚੱਲ ਰਹੀ ਹੈ। [5]ਇਹ ਚੰਗਾ ਨਹੀਂ। [6]ਘਰ ਰਹਿਣਾ ਤੇ ਖੇਲਣਾ ਚੰਗਾ ਹੈ। [7]ਬੜੇ ਜ਼ੋਰ ਨਾਲ ਦੌੜਾਈ। [8]ਕਿਨਾਰੇ ਦੇ ਮੰਦਰ, ਉੱਗੇ ਖੜੇ ਬ੍ਰਿਛ, ਪੁਰਸ਼ਾਂ ਦੀ ਖੜੋਤੀ ਭੀੜ ਮਾਨੋ ਫਿਰਦੇ ਦਿੱਸਦੇ ਸਨ। [9]ਕੰਨਾਂ ਵਿਚ ਪਾਏ ਡੋਲ ਰਹੇ ਕੁੰਡਲਾਂ ਦਾ ਪ੍ਰਕਾਸ਼ ਗਲ੍ਹਾਂ ਉਪਰ ਇਸ ਤਰ੍ਹਾਂ ਪੈਂਦਾ ਹੈ। [10]ਮਾਨੋਂ ਸਰਦ ਰੁਤ ਦੇ ਪੂਰਨ। [11]ਸ਼ੋਭਾ ਨੂੰ ਪ੍ਰਕਾਸ਼ ਰਹੀ ਹੈ। [12]ਦੁਖਦਾਈ ਸਾਧਨਾਂ ਨੂੰ ਸਾਧਦਿਆਂ ਜਿਵੇਂ ਕਿਸੇ ਨੂੰ ਸਿੱਧੀ ਮਿਲੇ ਤਾਂ ਛਾਤੀ ਠਰ ਜਾਂਦੀ ਹੈ।

*ਪਾ:-ਤਿਮ।

ਭੋਜਨ ਐਨ[1], ਪਿਯੋ ਪਯ[2], ਸੈਨ ਕਰੀ ਸੁਖ ਪਾਇ।ਭੋਰ ਭਈ ਤਜਿ ਨੀਂਦ
ਉਠੇ, ਕਰਿ ਸੌਚ ਸ਼ਨਾਨ ਪ੍ਰਯੰਕ ਸੁਹਾਏ। ਸੁੰਦਰ ਚੀਰ ਬਿਭੂਖਨ ਕੰਚਨ
ਮੋਲ ਵਡੇ ਜਨਨੀ ਪਹਿਰਾਏ। ਸ਼ਾਹੁ ਧਨੀਨ ਕੇ ਆਇ ਸਪੂਤ ਨਮੋ ਕਰਿ
ਹੋਹਿਂ ਮਿਲੈਂ ਸਮੁਦਾਏ ॥੧੬॥ ਭਾਂਤਿ ਅਨੇਕਨਿ ਖੇਲਨਿ ਖੇਲਤਿ ਬੋਲਤਿ
ਡੋਲਤਿ ਮੰਦਿਰ ਮਾਂਹੀ।ਏਕ ਬ੍ਰਿਧਾ ਘਰ ਪਾਸ ਪਰੋਸਨ ਜਾਇ ਖਿਝਾਵਤਿ
ਹੈਂ ਘਰ ਤਾਂਹੀ। ਆਂਖ ਬਚਾਇ ਉਚਾਇ ਲਿਜਾਵਤਿ ਕਾਤਨੀ[3] ਤੂਲ ਰੁ
ਸੂਤ[4] ਜਿ ਪਾਹੀ।ਸੋ ਅਵਿਲੋਕ ਸਕੋਪ ਉਠੈ ਗਹਿ ਛੂਛਕ[5] ਹਾਥ ਪਰੈ ਪਿਛ-
ਵਾਹੀ ॥੧੭॥ ਆਇ ਸਮੀਪ, ਪਲਾਇ ਚਲੈਂ ਤਬਿ, ਜਨੋਂ ਮਿਲਿਕੈ ਨਹਿਂ
ਛੂਵਨ ਪਾਵੈਂ।ਦੂਰ ਨ ਜਾਤਿ ਨਜੀਕ ਰਹੈਂ,ਇਮਜਾਨਤਿ–ਮੈਂ ਗਹਿਲੇਊਂ–
ਪਲਾਵੈਂ। ਨੂਪਰ ਕਿੰਕਨੀ ਕੰਕਨ ਕੰਚਨ ਭੂਖਨ ਏ ਸਭਿ ਨਾਦ ਉਠਾਵੈਂ।
ਧਾਇ ਇਤੈ ਉਤ ਜਾਇਂ ਜਿਤੈ ਕਿਤ,ਤਾਂਹਿ ਗਤਾਗਤਿ ਧਾਰਿ[6] ਭ੍ਰਮਾਵੈਂ॥
੧੮॥'ਜਾਂਹਿ ਕਹਾਂ,ਗਹਿ ਕੈ ਤੁਝ ਕੋ ਤੁਵ ਮਾਤ ਕੇ ਪਾਸ ਮੈਂ ਦੇਉਂ ਗਹਾਈ।
ਛੂਛਕ ਦੈ ਅਪਨੇ ਕਰ ਕੀ,ਹਤਵਾਊਂ ਭਲੇ[7] ਸਭਿ ਬਾਤ ਸੁਨਾਈ। ਰੇ ਸੁਨ
ਗੋਬਿੰਦ! ਜਾਹੁ ਅਬੈ ਟਰਿ,ਮੋਹਿ ਕੋ ਸ਼੍ਰੱਮ ਕਰੈਂ ਅਕੁਲਾਈ[8]।ਹਾਥ ਤੇ ਡਾਰਿ
ਉਤਾਇਲ ਦੇਵਹੁ ਨਾਂਹਿ ਤ ਮੈਂ ਕਹਿ ਹੌਂ ਘਰ ਜਾਈ' ॥ ੧੯ ॥ ਤਾਂਹਿ
ਖਿਝਾਇ ਭਜਾਇ ਸ਼੍ਰਮਾਵਹਿਂ[9]ਫੇਰਬਖੇਰਤਿ ਸੂਤ ਰੁ ਪੂਨੀ।ਬੀਨਤਿ ਸੋ,ਤਬਿ
ਜਾਇ ਮਿਲੈਂ ਜਹਿਂ ਬਾਲਕਿ ਬ੍ਰਿੰਦਨ ਖੇਲ ਸਲੂਨੀ[10]। ਤੂਲ ਰੁ ਤਾਰ ਜਥਾ
ਬਿਗਰੇ ਤਿਮ ਹਾਥ ਧਰੇ ਹੁਇ ਕੋਪ ਤੇ ਊਨੀ[11]। ਸ਼੍ਰੀ ਗੁਜਰੀ ਢਿਗ ਤੀਰ
ਦਿਖਾਵਤਿ ਬਾਤ ਬਨਾਇ ਸੁਨਾਵਤਿ ਦੂਨੀ॥੨੦॥'ਲੇਹੁਬਿਲੋਕ ਸੁ ਨੰਦਨ
ਕੀ ਕਰਤੂਤ ਕਰੀ ਘਰ ਧੂਮ ਉਤਾਰੇ[12]।ਬੈਠਨਿ ਦੇਤਿ ਨ ਕਾਤਨ ਦੇਤਿ,ਸੁ
ਲੇਤਿ ਉਠਾਇ ਬਿਨਾਂ ਹੀ ਨਿਹਾਰੇ।ਫੈਂਕਤਿਦੂਰ,ਬਿਖੇਰਤਿਹੈ,ਤਜਿ ਦੌਰਤਿ
ਹੈ,ਕੁਕਰੀ ਬਿਸਤਾਰੇ[13]। ਹਾਥ ਨ ਆਵਤਿ, ਮੋਹਿ ਭ੍ਰਮਾਵਤਿ, ਮੈਂ ਸ਼੍ਰਮ
ਪਾਇ ਕਰੀਹੈ ਪੁਕਾਰੇ'॥੨੧॥ਸ਼੍ਰੀ ਗੁਜਰੀ ਸੁਨਿ ਪੁੱਤ੍ਰਕੀਬਾਰਤਾ ਚੰਚਲਤਾ
ਜਿਨ ਮੇਂ ਅਧਿਕਾਈ। ਜਾਇ ਅਕਾਵਤਿ ਸੰਝ ਸਵੇਰ[14] ਬ੍ਰਿਧਾ ਬਿਨ ਜੋਰ

[1]ਘਰ ਵਿਚ। [2]ਦੁੱਧ ਪੀਤਾ। [3]ਕੱਤਣੀ=ਪੂਣੀਆਂ ਤੇ ਮੁੱਢੇ ਰੱਖਣ ਵਾਲੀ ਤੀਲਾਂ ਦੀ ਪਟਾਰੀ। [4]ਭਾਵ ਪੂਣੀਆਂ ਤੇ ਮੁੱਢੇ। [5]ਸੋਟੀ। [6]ਗਤ+ਅਗਤ=ਅੱਗੇ ਵਧ ਪਿਛੇ ਹਟ, ਟੋਢ ਦੇ ਦੇ ਕੇ ਫੜਾਈ ਨਾ ਦੇਣ ਵਾਲੀ ਚਾਲ ਧਾਰਨੀ। [7]ਚੰਗੀ ਤਰ੍ਹਾਂ ਕੁਟਵਾਵਾਂਗੀ। [8]ਮੈਨੂੰ ਥਕਾ ਕੇ ਵਿਆ-ਕੁਲ ਕਰ ਦਿਤਾ ਹਈ। [9]ਥਕਾ ਕੇ। [10]ਸੁੰਦਰ। [11]ਕ੍ਰੋਧ ਨਾਲ ਆਤੁਰ ਹੋਕੇ ( ਅ ) ਤਿਊਣੀ=ਤਿਗੁਣੀ ਕ੍ਰੋਧਵਾਨ ਹੋਕੇ। [12]ਊਧਮ ਮਚਾਇਆ ਸੂ। [13]ਮੁੱਢੇ ਖਿਲਾਰ ਕੇ। [14]ਸ਼ਾਮ ਤੇ ਸਵੇਰੇ।

ਬਡੀ ਅਕੁਲਾਈ[੧]। ਠਾਨਿ ਕ੍ਰਿਪਾ ਧਨ ਦੀਨਿ ਕਛੂ ਸਭਿ ਚੀਰ ਸਰੀਰ ਕੇ ਦੀਨਿ ਬਨਾਈ। 'ਮੋ ਸੁਤ ਜੋ ਅਪਰਾਧ ਕਰੈ ਮਨ ਮੈਂ ਨਹਿਂ ਆਨਹੁ ਕੋਪ ਸੁ ਮਾਈ[੨]!'॥੨੨॥ 'ਮੈਂ ਨ ਕਰੋਂ ਰਿਸ ਕੋ ਕਬਿ ਤਾਂ ਪਰ, ਮੋ ਗ੍ਰਿਹਿ ਖੇਲਨਿ ਰੋਜ ਸਿਧਾਵੈ।ਬਾਲਿਕ ਸੰਗ ਲਿਜਾਇ ਪ੍ਰਵੇਸ਼ਹਿ ਲੇ ਵਸਤੂ ਨਿਜ ਹਾਥ ਬਗਾਵੈ। ਗੈਲ ਪਰੋਂ ਤਬਿ ਭਾਜ ਚਲੈ, ਜਬਿ ਮੌਨ ਕਰੋਂ ਬਹੁ ਭਾਂਤਿ ਖਿਝਾਵੈ। ਅੰਤਰ ਮੈਂ ਜਬਿ ਬਾਹਰ ਭਾਜਤਿ, ਬਾਹਰ ਮੈਂ ਤਬਿ ਅੰਤਰ ਧਾਵੈ ॥੨੩॥ਦੇਖਿ ਬਿਲੋਚਨਿ ਹੋਤਿ ਹਰੇ ਮਨ, ਤੋ ਸੁਤ ਜੀਵਹੁ ਲਾਖ ਬਰੀਸਾ[੩]। ਆਇ ਬਸੇ ਜਬਿ ਕੇ ਇਸ ਥਾਨ ਭਯੋ ਸੁਖ ਮੋ ਕਹੁ, ਓਟ ਗਿਰੀਸਾ[੪]। ਛਾਦਨ ਭੋਜਨ ਪਾਵਤਿ ਹੌਂ[੫] ਹਰਖਾਵਤਿ ਦੇਤਿ ਬਿਸਾਲ ਅਸੀਸਾ। ਮੋ ਉਰ ਕੋ ਪ੍ਰਿਯ ਲਾਗਤਿ ਹੈ ਮਨਿ ਜਨੋਂ ਅਵਲੋਕ ਅਸ਼ੇਕ ਅਹੀਸ਼ਾ[੬] ॥ ੨੪॥ਕੋਠਨ ਪੈ ਘਰ ਭੂਮ ਬਿਖੈ ਬਹੁ ਧੂਮ ਕਰੀ,ਚਲਿ ਆਜ ਮੈਂ ਆਈ। ਤੋ ਸੁਤ ਹੋਇ ਸੁਚੇਤ[੭] ਗਯੋ,ਇਸ ਹੇਤੁ ਜਨਾਵਨਿ ਕੋ ਬਿਰਮਾਈ[੮]। ਨਾਂਹਿ ਤ ਆਵਤਿ ਜਾਤਿ ਹਮੇਸ਼ ਹੀ ਮੈਂ ਬਿਗਸੌਂ ਪਿਖਿ ਕ੍ਰੀੜਨਤਾਈ[੯]। ਆਪ ਬਸੋ ਸੁਖ ਸੌਂ, ਸੁਤ ਜੀਵਹੁ ਥੀਵਹੁ ਕਾਮਨ ਜਨੋਂ ਮਨ ਭਾਈ[੧੦]' ॥ ੨੫ ॥ ਸ੍ਰੀ ਗੁਜਰੀ ਕੋ ਪ੍ਰਸੰਨ ਕਿਯੋ ਇਮ,ਸੋ ਗਮਨੀ ਅਪਨੇ ਘਰ ਕੋ।ਪੌਰਮੈਂਆਵਤਿ ਭੇਟ ਭਈ[੧੧] ਪੁਨਿ ਲਾਗਿ ਡਰਾਵਨਿ ਸ੍ਰੀ ਗੁਰ ਕੋ। 'ਤੋ ਜਨਨੀ ਢਿਗ ਮੈਂ ਬਰਨੀ ਜਿਮ ਧੂਮ ਕਰੀ ਤਜਿਕੈ ਡਰ ਕੋ। ਛੂਛਕ ਮਾਰਹਿਗੀ ਅਬਿ ਜਾਹੁ ਤੂੰ, ਫੇਰ ਨਹੀਂ ਕਬਿਹੂੰ ਕਰਿਕੋ[੧੨]' ॥ ੨੬ ॥ ਦੇਖਿ ਬ੍ਰਿਧਾ ਭਜਿ ਦੂਰ ਭਏ ਨਿਜ ਧਾਮ ਮੈਂ ਜਾਇ ਪ੍ਰਵੇਸ਼ ਕਿਯੋ।ਮਾਤ ਨੇ ਗੋਦ ਲਿਯੋ ਭਰਿ ਮੋਦ ਸਰੀਰ ਲਗੀ ਰਜੁ ਰੰਗ ਭਯੋ[੧੩]। ਪੋਂਛਤਿ ਆਪਨੇ ਲੈ ਕਰ ਚੀਰ, ਜਿਸੀ ਕਹੁ ਦੀਰਘ ਭਾਗ ਥਿਯੋ। ਨੰਦਨ ਸ੍ਰੀ ਸੁਖਕੰਦ ਬਿਲੋਕਿ ਬਿਲੰਦ ਸਨੇਹ ਅਛੇਹ ਠਯੋ[੧੪] ॥ ੨੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਬਾਲਕ ਬੇਸ ਖੇਲ' ਪ੍ਰਸੰਗ ਬਰਨਨੰ ਨਾਮ ਉਨੀਸਮੋ ਅੰਸੂ ॥ ੧੯ ॥

### ੨੦. [ਬੇੜੀ ਦੀ ਸੈਲ। ਇਕ ਧਨੀ ਦੀ ਨੂੰਹ ਨੂੰ ਪੁੱਤ੍ਰਾਂ ਦਾ ਵਰ]।

ਦੋਹਰਾ ॥ ਖਾਨ ਪਾਨ ਕਰਿ ਸਤਿਗੁਰੂ ਸੁਠ ਪ੍ਰਯੰਕ ਪਰ ਸੈਨ।ਸੁਖ ਸੋਂ ਸਕਲ

---

[੧]ਵਿਆਕੁਲ ਹੋਈ ਹੈ। [੨]ਹੇ ਮਾਈ ਕ੍ਰੋਧ ਮਨ ਵਿਚ ਨਾ ਲਿਆਈਂ। [੩]ਲੱਖਾਂ ਵਰ੍ਹੇ। [੪]ਮਾਨੋਂ ਸੁਮੇਰੂ ਦੀ ਓਟ ਮਿਲੀ ਹੈ [ਸੰਸ:, ਗਿਰੀਸ਼=ਪਹਾੜ੍ਹਾਂ ਦਾ ਵਡਾ, ਸੁਮੇਰੂ]। [੫]ਪਾਂਵਦੀ ਹਾਂ। [੬]ਸ਼ੇਸ਼ ਨਾਗ ਜਿਵੇਂ ਮਣੀ ਨੂੰ ਵੇਖਕੇ ਖੁਸ਼ ਹੁੰਦਾ ਹੈ। [੭]ਹੁਸ਼ਿਆਰ। [੮]ਖੁਸ਼ੀ ਨਾਲ ਦੱਸਣ ਆਈ ਹਾਂ। [੯]ਕੌਤਕ। [੧੦]ਜਿਵੇਂ ਮਨ ਭਾਂਵਦੀ (ਤੁਹਾਡੀ) ਕਾਮਨਾ (ਹੈ) ਪੂਰੀ ਹੋਵੇ। [੧੧]ਟਾਕਰਾ ਹੋ ਪਿਆ। ਮਿਲ ਪਏ। [੧੨]ਫੇਰ ਕਦੇ ਨਾ ਕਰੀਂ। [੧੩]ਧੂੜ ਸ਼ੋਭ ਰਹੀ ਹੈ। [੧੪]ਇਕ ਰਸ ਹੋਇਆ।

ਬਿਤਾਇ ਕੈ ਉਠੇ ਮਿਟੀ ਜਬਿ ਰੈਨ ॥ ੧॥ ਸੈਯਾ ॥ ਸੌਚ ਸ਼ਨਾਨ ਜਥਾਵਤ
ਕੀਨਸਿ ਬਾਲਿਕ ਸ਼ਾਹੁਨਿ ਕੇ ਪੁਨ ਆਏ। ਕੈ ਮਨ ਭਾਵਤਿ ਭੋਜਨ
ਕੌ[1] ਮਿਲਿ ਆਪਸ ਮੈਂ ਸ਼ੁਭ ਖੇਲ ਮਚਾਏ। ਏਕ ਹੁਤੋ ਸਿਸ, ਬਾਕ ਕਹ੍ਯੋ
ਤਿਸ 'ਸ਼੍ਰੀ ਗੁਰੁ ਜੀ ! ਸਲਿਤਾ ਸਮੁਦਾਏ। ਆਪਨੇ ਧਾਮ ਕੀ ਕੀਨਿ ਡੂੰਗੀ[2]
ਅਭਿਲਾਖ ਜਥਾ ਬਿਚਰੈਂ ਸਭਿ ਥਾਂਏ ॥ ੨ ॥ ਮੋ ਪਿਤ ਭੀ ਚਹਿ ਕੈ ਸੁ
ਭਨ੍ਯੋ—ਪਦ ਪੰਕਜ ਆਪਨਿ ਦੇਹੁ ਛੁਹਾਏ—। ਖੇਲ ਕਰੈਂ ਜਲ ਬੀਚ ਫਿਰੈਂ
ਨਵਕਾ ਸੁ ਤਰੈਂ ਬਹੁ ਦੂਰ ਭਜਾਏਂ'। ਯੌਂ ਸੁਨਿ ਕੈ ਸਭਿ ਬਾਲ ਭਨੈਂ 'ਗੁਰ
ਜੀ ਚਲਿਯੇ ਇਹ ਨੀਕ ਬਤਾਏ'। ਬੂਝਿ ਕੈ[3] ਮਾਤ, ਕ੍ਰਿਪਾਲ ਕੋ ਸੰਗ ਲੈ,
ਗੌਨ ਕਰ੍ਯੋ ਦਰਿਆਵਨ ਥਾਏਂ[4] ॥ ੩ ॥ ਸੇਵਕ ਸੰਗ ਅਨੇਕ ਸਮੇਤ
ਬਿਬੇਕ ਕੇ ਸਾਗਰ ਜਾਤਿ ਭਏ। ਸ਼ਾਹੁ ਨੇ ਆਨਿ ਪ੍ਰਸ਼ਾਦਿ ਧਰ੍ਯੋ ਅਰਦਾਸ
ਕਰੀ ਬਰਤਾਇ ਦਏ। ਸ਼੍ਰੀ ਪਦ ਪੰਕਜ ਚਾਰੁ ਉਠਾਇ ਟਿਕਾਇ ਭਲੇ
ਨਵਕਾ ਪੈ ਥਿਏ[5]।ਬੈਠਿ ਚਲਾਵਤਿ ਭੇ ਜਲ ਮੈਂ ਮੁਦ ਹੋਤਿ ਉਦੋਤਿ ਸਮੂਹ
ਲਿਏ ॥ ੪ ॥ ਤੀਰ ਤਜੇ ਤਰਨੀ ਤਰ ਕੈ[6] ਜਲ ਮਾਂਹਿ ਚਲੀ ਗੁਰਵਾਕ
ਉਚਾਰੇ। 'ਦ੍ਵੈ ਦਿਨ ਮੈ ਨਵਕਾ ਹਮਰੀ ਹੁਇ[7] ਤਾਂ ਪਰ ਬੈਠਿ ਤਰੈਂ ਬਿਚ
ਧਾਰੇ'।ਸ਼ਾਹੁ ਕਹ੍ਯੋ ਕਰ ਜੋਰਿ ਤਬੈ'ਇਹ ਆਪ ਕੀ ਹੈ ਲਿਹੁ ਸੰਝਸਕਾਰੇ'।
ਸ਼੍ਰਧਕੈ ਔਰ ਪ੍ਰਸੰਗ ਚਲਾਇ ਹੈਂ[8], ਜਾਤਿ ਤਰੀ ਜਲ ਜਾਲ ਮਝਾਰੇ[9] ॥
੫ ॥ ਸੋਰਠਾ ॥ ਤਰੀ ਤਰੀ ਸੰਗ ਔਰ, ਤਰਾਤਰੀ ਤਰਿ, ਤਰਿ ਉਤਰਿ।
ਨਰ ਬਰ ਸੁਰ ਸਿਰਮੌਰ ਬਾਰਿ ਬਾਰਿ ਬਰ ਬਾਰਿ ਬਰਿ[10] ॥ ੬ ॥ ਸੈਯਾ ॥

[1]ਕਰਕੇ ਭੋਜਨ ਮਨ ਭਾਂਵਦਾ। [2]ਭਾਵ ਆਪਣੇ ਘਰ ਦੀ ਬੇੜੀ ਬਣਾਈ ਹੈ। [3]ਪੁੱਛ ਕਰਕੇ। [4]ਦਰਿਆ ਦੀ ਥਾਂ ਵਲ। [5]ਬੇੜੀ ਉਪਰ ਇਸਥਿਤ ਕੀਤੇ। [6]ਕੰਢਾ ਤਜ ਦਿਤਾ ਬੇੜੀ ਨੇ ਤਰ ਕੇ। [7]ਸਾਡੀ ਬੇੜੀ ਦੋ ਦਿਨਾਂ ਤਕ ਬਣ ਜਾਵੇਗੀ। [8]ਸੁਣਕੇ ਹੋਰ ਪ੍ਰਸੰਗ ਚਲਾ ਦਿਤਾ। [9]ਬਹੁਤੇ ਜਲ ਵਿਚ। [10](ਔਰ ਤਰੀ ਸੰਗ ਤਰੀ=) ਹੋਰ ਬੇੜੀਆਂ ਨਾਲ (ਗੁਰੂ ਜੀ ਦੀ ਬੇੜੀ) ਤਰੀ (ਭਾਵ ਦੌੜੀ), (ਗੁਰੂ ਜੀ ਦੀ ਬੇੜੀ ਤਰਾਤਰੀ ਤਰੀ=) ਬਹੁਤ ਦੌੜੀ ( ਭਾਵ ਮੂਹਰੇ ਹੋ ਕਿਨਾਰੇ ਜਾ ਲਗੀ, ਓਥੇ ਤਰ ਉਤਰਿ=) ਹੇਠਾਂ ਉਤਰੇ। ਨਰਾਂ ਵਿਚੋਂ ਸ੍ਰੇਸ਼ਟ ਤੇ ਸੁਰਾਂ ਵਿਚੋਂ ਸਿਰਮੌਰ (ਗੁਰੂ ਜੀ, ਬਾਰਿ ਬਰ=) ਪਾਣੀ ਵਿਚ ਵੜਕੇ ਬਾਰਿ ਬਾਰਿ ਬਰ=) ਵਾਰੰਵਾਰ (ਪਾਣੀ ਵਰਸਾਉਣ ਲਗੇ।(ਅ)ਵਾਰੰਵਾਰ ਸ੍ਰੇਸ਼ਟਪਾਣੀਵਿਚ ਵੜੇ ਭਾਵਕਾਹਲੀ ਨਾਲ(ੲ)(ਬਾਰਿਬਰ=)ਪਾਣੀਵਿਚਵੜਕੇ,(ਬਾਰਿ)ਬਰਜਣ ਲਗੇ, ਬਾਰਿ ਬਰ=)ਜਲਵਿਚ ਵੜਨਾਹੋਰਨਾਂ ਦਾ;ਭਾਵ ਛੱਟੇਮਾਰਕੇ ਹੋਰਨਾਂਦਾ ਉਤਰਨਾ ਰੋਕਣ ਲਗੇ।ਸਚਖੰਡ ਵਾਸੀ ਸ਼੍ਰੀਮਾਨ ਡਾਕਟਰ ਚਰਨ ਸਿੰਘ ਜੀ ਨੇ ਇਨ੍ਹਾਂ ਦੋਹਾਂ ਤੁਕਾਂ ਦਾ ਅਰਥ ਐਉਂ ਲਿਖ੍ਯਾ ਹੈ:—ਬੇੜੀ ਤਰੀ ਨਾਲ ਹੋਰਨਾਂਨੂੰ ਬੀਲੈਕੇ,ਬਹੁਤ ਸਾਰੀ ਲਹਿੰਦੇ ਪਾਣੀ ਵੰਨੇ ਉਤਰ ਗਈ, ਮਨੁਖਾਂ ਵਿਚੋਂ ਉੱਤਮ ਅਤੇ ਦੇਵਤਿਆਂ ਦੇ ਸ਼ਿਰੋਮਣੀ(ਗੁਰੂ ਮਹਾਰਾਜ)ਨੇ ਫੇਰ ਫੇਰਕੇ ਸ੍ਰੇਸ਼ਟਪਾਣੀ ਵਿਚ ਵਾੜੀ ( ਪਾਈ ) ਭਾਵ ਬੇੜੀ ਨੂੰ ਚੜ੍ਹਦੇ ਪਾਣੀਓਂ ਲਹਿੰਦੇ ਪਾਣੀ ਵਲ ਲਗਾਉਂਦੇ ਰਹੇ।

ਖੇਲਤਿ ਹੈਂ ਜਲ ਕੋ ਛਿਰਕਾਵਤਿ ਛੀਂਟਨਿ ਤੇ ਛੁਕਰਾਨਿ ਲਗਾਵੈਂ[1]। ਏਕ ਪਲਾਇ ਚਲੈ ਇਕ ਸਾਮੁਹਿ, ਏਕ ਭਿਰੈ ਅਖੀਆਂਨਿ ਮੁੰਦਾਵੈਂ। ਜੋਰ ਤੇ ਫੈਂਕਤਿ ਹੈਂ ਕਰ ਸੋਂ,ਇਕ ਹਾਥਨਿ ਸੋਂ ਕਰਿ ਓਟ ਬਚਾਵੈਂ।ਪ੍ਰੇਰਤਿ ਹੈਂ ਬਹੁ ਫੇਰਤਿ ਹੈਂ ਮੁਖ ਟੇਰਤਿ ਹੈਂ ਉਮਗੈਂ ਬਿਗਸਾਵੈਂ ॥ ੭॥ ਦੇਤਿ ਦਿਲੇਰ ਦੁਹੂੰ ਦਿਸ਼ਿ ਦੌਰਤਿ,ਬੋਰਤਿ ਬਾਰਿ ਤੇ ਬਾਰਿਕ ਸਾਰੇ[2]।ਮੇਚਕ ਕੇਸ ਮ੍ਰਿਦੂਬਿਥਰੇ ਮੁਖ ਪੈ ਉਪਮਾ ਕਵਿ ਯੌਂ ਮਨ ਧਾਰੇ। ਪੰਕਜ ਪੈ ਗਨ ਪੰਨਗ ਛੌਨਨਿ ਹੈਂ ਲਪਟੇ ਹਿਤ ਅੰਮ੍ਰਿਤ ਕਾਰੇ[3]। ਹੋਇ ਹਲਾ, ਜਲ ਡਾਰਤਿ ਹੈਂ ਤਬਿ ਹਾਥਨਿ ਕੇ ਕਰਿਕੈ ਪਿਚਕਾਰੇ ॥ ੮ ॥ ਕੌਤਕ ਭਾਂਤਿ ਅਨੇਕਨਿ ਕੋ ਕਰਿ ਬ੍ਰਿੰਦ ਅਨੰਦ ਭਰੇ ਲਰਕਾ। ਮੰਜੁਲ ਅੰਜੁਲ ਕੋ ਜਲ ਸੋਂ ਭਰਿ ਉੱਜਲ ਜਾਲ ਸੁਰੰਸਰਿ ਕਾ[4]। ਮੱਜਨ ਕੀਨਿ ਲਿਏ ਪਟ ਊਪਰ, ਫੇਰ ਚਲੇ ਮਗ ਜੋ ਘਰ ਕਾ।ਬੋਲਤਿ ਬਾਲ ਬਿਲੋਕਤਿ ਡੋਲਤਿ ਬੀਚ ਸਰੂਪ ਸ਼ੁਭੈ ਹਰਿਕਾ[5] ॥੯॥ ਯੌਂ ਬਹੁ ਭਾਂਤਿ ਬਿਲਾਸਤਿ ਕੋ ਦਿਨ, ਏਕ ਸਮੈ ਮਿਲਿ ਕੈ ਤਰੁਨੀ[6]। ਆਵਤਿ ਭੀ ਗਨ ਅੰਬਰ ਸੋਂ[7], ਘਨ ਅੰਬਰ ਮੈਂ ਤੜਿਤਾ ਬਰਨੀ[8]। ਸੁੰਦਰ ਮੰਦਿਰ ਸ੍ਰੀ ਗੁਰ ਕੇ ਬਰ ਅੰਦਰ[9] ਆਂਖ ਮਨੋ ਹਰਨੀ[10]। ਮਾਤ ਪੈ ਜਾਤਿ ਭਈ ਹਰਖਾਤਿ ਸੁ ਟੇਕਤਿ ਮਾਥ ਧਨੀ ਘਰਨੀ[11] ॥ ੧੦ ॥ ਸ੍ਰੀ ਗੁਜਰੀ ਢਿਗ ਹ੍ਵੈ ਪਰਵਾਰਤਿ ਚਾਰੁ ਉਪਾਇਨ ਬ੍ਰਿੰਦ ਚਢਾਈ। ਆਇਸੁ ਪਾਇ ਕੈ ਬੈਠਿ ਗਈ ਗੁਰ ਕੀ ਗਨ ਕੀਰਤਿ ਭਾਖਿ ਸੁਨਾਈ। 'ਹੈਂ ਹਮ ਸੇਵਕ,ਭਾਉ ਧਰੈ ਨਿਤ, ਆਸ ਕਰੇ ਉਰ ਬਾਂਛਤਿ ਪਾਈ।ਪਾਵਨ ਪਾਵਨਿ[12] ਕੋ ਸਿਮਰੈਂ ਹਮ, ਦੀਨ ਦੁਨੀ ਮਹਿਂ ਜਾਨਿ ਸਹਾਈ' ॥ ੧੧ ॥ ਏਕ ਬਡੋ ਧਨਵਾਨ ਹੁਤੋ ਤਿਸ ਸ਼ਾਹੁ ਕੀ ਨਾਰਿ ਬਧੂ ਨਿਜ[13] ਲਯਾਈ। ਸੰਗ ਸੁਤਾ ਅਰੁ ਔਰ ਹਿਤੂ ਜਨ ਬ੍ਰਿੰਦ ਦਿਰਾਨਿ ਜਿਠਾਨਿ ਮਿਲਾਈ। ਸਾਥ ਸ਼ਰੀ- ਕਨਿ ਲੈ ਸਗਰੀ ਗੁਰੁ ਤੇ ਨਿਜ ਪੌਤ੍ਰ ਕੋ ਲੇਵਨਿ ਆਈ। ਭਾਂਤਿ ਅਨੇ- ਕਨਿ ਕੇ ਪਕਵਾਨ ਸੁਧਾ ਸਮ ਸ੍ਵਾਦਤਿ ਆਨਨ ਪਾਈ[14] ॥ ੧੨ ॥ ਸ੍ਰੀ

[1]ਛੋਕਰਿਆਂ ਨੂੰ ਲੜਾਂਵਦੇ ਹਨ। [2]ਪਾਣੀ ਨਾਲ ਭਿਉਂਦੇ ਹਨ ਸਾਰੇ ਬਾਲਕੇ। [3]ਕਾਲੇ ਸੱਪਾਂ ਦੇ ਬੱਚੇ ਅੰਮ੍ਰਿਤ ਦੇ ਵਾਸਤੇ ਲਿਪਟੇ ਹੋਏ ਹਨ। [4]ਜਲ ਗੰਗਾ ਦਾ। [5]ਗੁਰੂ ਜੀ ਦਾ। [6]ਇਸਤ੍ਰੀਆਂ। [7]ਸਮੂਹ ਪੁਸ਼ਾਕਾਂ ਸਮੇਤ। [8]ਮਾਨੋ ਅਕਾਸ਼ ਦੇ ਬੱਦਲਾਂ ਵਿਚ ਬਿਜਲੀਆਂ। [9]ਸ੍ਰੀ ਗੁਰੂ ਜੀ ਦੇ ਸੁਹਣੇ ਮੰਦਰ ਵਿਚ ਆ ਵੜੀਆਂ। [10]ਹਰਨੀ ਵਰਗੀਆਂ ਅੱਖਾਂ ਵਾਲੀਆਂ। [11]ਧਨੀਆਂ ਦੀਆਂ ਇਸਤ੍ਰੀਆਂ। [12]ਪਵਿੱਤ੍ਰ ਚਰਨਾਂ ਨੂੰ। [13]ਆਪਣੀ ਨੂੰਹ ਨੂੰ। [14]ਜਿਨ੍ਹਾਂ ਦੇ ਮੁਖ ਵਿਚ ਪਾਇਆਂ ਸਵਾਦ ਅੰਮ੍ਰਿਤ ਵਤ ਆਵੇ।

ਗੁਜਰੀ ਨਿਜ ਸੇਵਕ ਭੇਜਿ ਕੈ ਖੇਲਤਿ ਆਪਨੇ ਪਾਸ ਬੁਲਾਏ। ਬਾਲਿਕ ਸ਼ਾਹੁਨਿ ਕੇ ਸੰਗ ਲੇ ਸਮ ਗੋਬਿੰਦ ਕੇ[1] ਗੁਰ ਗੋਬਿੰਦ ਆਏ। ਅੰਕ ਬਿਹੀਨ ਮਯੰਕ[2] ਬਨਯੋਂ ਮੁਖ, ਮਾਤ ਕੇ ਅੰਕ[3] ਮੋਂ ਬੈਠਿ ਸੁਹਾਏ। ਜਯੋਂ ਅਦਿਤੀ[4] ਕਰਿ ਪ੍ਰੇਮ ਮਹਾਂ ਸੁਤ ਬਾਵਨ ਕੋ ਦੁਲਰਾਇ ਬਿਠਾਏ॥ ੧੩ ॥ ਹੇਰਤਿ ਹੀ ਤਤਕਾਲ ਤ੍ਰਿਯਾ ਗਨ ਸਾਥ ਅਦਾਬ ਕੇ ਹਾਥਨਿ ਬੰਦੇ। ਮਾਨ ਮਹਾਂ ਮਹਿਮਾਂ ਗੁਰ ਕੀ, ਪਦ ਪੰਕਜ ਸੀਸ ਨਿਵਾਇ ਸੁ ਬੰਦੇ। ਲੋਚਨ ਲਾਭ ਬਿਲੋਕਤਿ ਰੂਪ ਜਿਸੀ ਪ੍ਰਭੁ ਕੇ ਸਭਿ ਹੈਂ ਨਰ ਬੰਦੇ[5]। ਪੋਖਤਿ ਹੈ ਜਲ ਮੈਂ ਥਲ ਮੈਂ ਰੁਜ਼ਗਾਰ ਕੋ ਦੇਤਿ, ਕਰੈ ਨਹਿਂ ਬੰਦੇ[6] ॥ ੧੪ ॥ 'ਸ਼ਾਹੁ ਮਹਾਂ ਧਨਵਾਵਨਿ ਕੀ ਇਹੁ ਨਾਰਿ ਅਹੈਂ ਸੁਤ ! ਤੇਰੀ ਹੈ ਸੰਗਤਿ। ਭਾਉ ਕਰੈਂ ਗੁਰੁ ਕੇ ਸਿਖ ਏ ਸਭਿ ਧਾਰਿ ਰਿਦੇ ਅਨੁਰਾਗ ਉਮੰਗਤਿ। ਆਨ ਕੀ ਸੇਵ ਨ ਠਾਨਤਿ ਹੈਂ ਮਨ ਕਾਮਨ ਕੋ ਤੁਮ ਤੇ ਨਿਤ ਮੰਗਤਿ। ਆਨਿ ਉਪਾਇਨ ਕੋ ਅਰਪੈਂ ਜਸੁ ਗਾਵਤਿ ਹੈਂ ਅਪਨੀ ਬਿਚ ਪੰਗਤਿ' ॥ ੧੫ ॥ ਯੌਂ ਰੁਖ਼ ਮਾਤ ਕੋ ਜਾਨਿ ਤ੍ਰਿਯਾ–ਅਨੁਕੂਲ ਸੁ ਆਪਨੇ ਹੈ–ਮਨ ਭਾਈ। ਦ੍ਵੈ ਕਰ ਜੋਰਿ ਕਰੀ ਬਿਨਤੀ 'ਸ਼ਰਨਾਗਤਿ ਆਪ ਕੀ ਏ ਸਭਿ ਆਈ'। ਆਗੈ ਬਿਠਾਇ ਬਧੂ ਕੋ ਕਹਯੋ 'ਉਪਜੈ ਇਸ ਕੇ ਸੁਤ ਦੇਹੁ ਅਲਾਈ। ਭਾਗ ਮਹਾਂ ਅਰੁ ਸੁੰਦਰ ਰੂਪ ਸੁਜਾਨ ਬਡੋ ਜਗ ਲੇ ਬਡਿਆਈ' ॥ ੧੬ ॥ ਯੌਂ ਤ੍ਰਿਯ ਭਾਖਤਿ, ਖ਼ਯਾਲ ਕਰੈਂ ਨਹਿਂ, ਬਾਲਿਕ ਸੰਗ ਹੀ ਬਾਕ ਬਖਾਨੈਂ। ਹੇਰਤਿ ਟਾਰਤਿ ਡੀਠ ਪਨੋ ਪੁਨ ਚੰਚਲਤਾ ਇਤ ਹੀ ਉਤ ਠਾਨੈਂ। ਬਾਰਿ ਹੀ ਬਾਰਿ ਸਮੂਹ ਸੁ ਨਾਰਿ ਉਚਾਰਤਿ ਹੈਂ ਬਿਨਤੀ ਹਿਤਵਾਨੈ। 'ਬਾਕ ਕਹੋ ਗੁਰ ਜੀ! ਇਸ ਕੋ ਉਰ ਪੂਰਨ ਆਸ ਕਰੋ, ਸਭਿ ਜਾਨੈਂ ॥੧੭॥ ਸ਼ਾਹੁ ਬਡੇ ਧਨਵਾ-ਨਨਿ ਕੀ ਦੁਹਿਤਾ ਰੁ ਬਧੂ[7] ਇਹ, ਸਿੱਖਯ ਤੁਮਾਰੇ। ਸੰਤਤਿ ਚਾਹਤਿ ਹੈ ਸਭਿ ਹੀ ਪਖ ਨੈਹਰ ਸਾਸੁਰ[8] ਜੋ ਪਰਵਾਰੇ। ਆਪ ਕੇ ਪਾਸ ਕਰੈਂ ਅਰਦਾਸ, ਨੰਹੀਂ ਅਬਿ ਆਨ ਰਹਯੋ ਉਪਚਾਰੋ[9]। ਦਾਰਿਦ ਜੋ ਸਭਿ ਹੀ ਵਸਤੂਨਿ ਕੋ ਰਾਵਰ ਬਾਕ ਉਦਾਰੁ ਬਿਦਾਰੈ[10]'॥੧੮॥ ਯੌਂ ਬਹੁਬਾਰਿ ਸੁ ਨਾਰਨਿ ਤੇ ਸੁਨਿ ਸ਼੍ਰੀ ਗੁਰ ਕੀਨਿ ਉਚਾਰਨ ਕੋ। 'ਹੈ ਸੁਤਿ, ਕੈ ਨਹਿਂ ਹੋਤਿ ਇਸੈ, ਹਮ

[1]ਕ੍ਰਿਸ਼ਨ ਜੀ ਵਾਂਗ। [2]ਕਾਲਖ ਰਹਿਤ ਚੰਦ੍ਰਮਾ। [3]ਗੋਦ। [4]ਬਾਵਨ ਅਵਤਾਰ ਦੀ ਮਾਤਾ ਦਾ ਨਾਮ ਹੈ। [5]ਗ਼ੁਲਾਮ, ਚਾਕਰ। [6]ਬੰਦ ਨਹੀਂ ਕਰਦਾ। [7]ਧੀ ਤੇ ਨੂੰਹ। [8]ਮਾਪੇ ਤੇ ਸੋਹਰੇ। [9]ਯਤਨ। [10]ਆਪ ਦੇ ਉਦਾਰ ਵਾਕ ਟਾਰ ਦਿੰਦੇ ਹਨ ਦਰਿੱਦ੍ਰ ਸਭ ਵਸਤਾਂ ਦੇ।

ਜਾਨਹਿਂ ਕਜਾ ਇਨ ਕਾਰਨ ਕੋ।ਆਪਨੇ ਭਾਗਨਿ ਕੋ ਭੁਗਤੈਂ[1] ਜਗ ਜੀਵ ਅਨੇਕ ਪ੍ਰਕਾਰਨ* ਕੋ'। ਮੌਨ ਕਰੀ ਪੁਨ ਖਯਾਲ ਟਲਾਇ ਛਪਾਇਚਹੈਂ ਬਿਵਹਾਰਨ ਕੋ[2] ॥ ੧੯ ॥ ਬ੍ਰਿੰਦ ਤ੍ਰਿਯਾ ਧਨਵਾਨਨਿ ਕੀ ਮਨ ਜਾਨਿ ਬਿਨੈ ਬਹੁ ਠਾਨਤਿ ਹੈਂ। ਮਾਤ ਸਮੀਪ ਮਹਾਂ ਹੁਇ ਦੀਨ ਦੁਊ ਕਰ ਬੰਦਿ ਬਖਾਨਤਿ ਹੈਂ। 'ਆਪ ਕ੍ਰਿਪਾ ਕਰਕੈ ਸਭਿ ਰੀਤਿ ਕਹਾਵਹੁ ਜੋ ਹਮ ਮਾਨਤਿ ਹੈਂ[3]। ਤਾਤ ਕੇ ਪਾਸ ਤੇ ਆਸ ਪੁਰਾਵਹੁ ਦਾਸਨ ਭਾਉ ਪਛਾਨਤਿ ਹੈਂ[4]' ॥ ੨੦॥ਯੋਂ ਹਠ ਨਾਰਨਿ ਕੋ ਮਨ ਜਾਨਿ ਕੈ ਪੈ ਅਨਕੂਲ ਸੁ ਮਾਤ ਪਛਾਨੀ। ਬੋਲਤਿ ਭੇ ਤਬਿ ਬਾਕ ਉਤਾਇਲ 'ਜੇ ਤੁਮ ਕਾਮਨਾ ਯੋਂ ਮਨ ਠਾਨੀ। ਤੌ ਸੁਨਿ ਲੇਹੁ ਸਭੈ ਤਰੁਨੀ ਇਨ ਕੇ ਤਰਨੀ[5]ਇਕ ਚਾਰੁ ਮਹਾਨੀ।ਸੋ ਹਮਕੋ ਅਰਪੋ ਕਹਿ ਕੈ[6], ਸੁਤ ਹੋਵਨਿ ਕੀ ਭਨਿਹੌਂ ਪੁਨ ਬਾਨੀ'॥ ੨੧ ॥ ਸ਼੍ਰੀ ਗੁਰ ਬਾਲਿਕ ਰੂਪ ਮੁਖਾਂਬੁਜ ਸੁੰਦਰ ਤੇ[7]ਸੁਨਿ ਸੁੰਦਰ ਬਾਨੀ।ਏਕਹੀ ਬਾਰਿ ਹਸੀ ਸਭਿ ਸੁੰਦਰਿ[8]'ਆਛੀ ਕਹੋ ਤੁਮ ਆਛੀ ਬਖਾਨੀ।ਜੋ ਨਵਕਾ ਇਨਕੇ ਅਤਿ ਉੱਤਮ,ਸੋ ਲਿਹੁ ਆਪ ਪਿਖੋ ਮੁਦ ਮਾਨੀ[9]।ਰਾਵਰ ਕੇ ਸਭਿ ਦੀਨੇ ਪਦਾਰਥ ਹੋਹਿਂ ਸਕਾਰਥ ਯੋਂ ਹਮ ਜਾਨੀ ॥੨੨॥ਸ਼੍ਰੀ ਜਨਨੀ ਤੁਮ ਜਾਮਨ ਹੋਵਹੁ ਜੌ ਲਗਿ ਦੇਤਿ ਨਹੀਂ ਤਰਨੀ[10]।ਸੋ ਹਮ ਨੇ ਅਰਪੀ ਮਨ ਤੇ, ਬਰ ਦੇਹੁ ਅਬੈ ਸੁਤ ਹ੍ਵੈ ਤਰੁਨੀ[11]। ਸਿੱਖਜਨਿ ਕੇ ਅਵਿਲੰਬ ਦੁਲੋਕ,ਪਿਖੈਂ ਨਹਿਂ ਆਦਿਕ ਬੈਤਰਨੀ[12]।ਧੰਨ ਗੁਰੂ ਤੁਮ ਜਾਂ[13]ਉਪਦੇਸ਼ਤਿ ਭੌਜਲਤੇ ਸੁ ਤਰੈ ਤਰਨੀ[14] ॥ ੨੩ ॥ ਸੁੰਦਰ ਹਾਥ ਛਰੀ ਪਤਰੀ ਸੁਨਿ ਕੈ ਸਭਿ ਰੀਤਨਿ ਕੀ[15]ਬਿਨਤੀ। ਸ਼੍ਰੀ ਗੁਰ ਊਚੇ ਉਚਾਇ ਭੁਜਾ ਨਿਜ ਲਾਵਤਿ ਭੇ ਕਰਿ ਕੈ ਗਿਨਤੀ। ਪੰਚ ਪ੍ਰਹਾਰ ਕਰੇ ਤਿਸ ਕੇ ਸਿਰ,ਬਾਕ ਕਹੇ ਸਗਰੀ ਸੁਨਤੀ।'ਏਕ ਦੁ ਤੀਨ ਰੁ ਚਾਰੁ ਸੁ ਪੰਚਹਿ ਹੋਹਿੰਗੇ ਪੂਤ' ਖੁਸ਼ੀ ਤਿਨ ਤੀ[16] ॥ ੨੪ ॥ ਕਬਿੱਤ ॥ ਸੋਢਿ

[1]ਭੋਗਦੇ ਹਨ। [2](ਇਸ) ਬਿਵਹਾਰ ਨੂੰ ਛੁਪਾਇਆ ਚਾਹੁੰਦੇ ਹਨ। [3]ਜੋ ਮੰਨਤ ਅਸੀਂ ਮੰਨਦੀਆਂ ਹਾਂ, ਭਾਵ 'ਮਨ ਦੀ ਮੁਰਾਦ' ਤੋਂ ਹੈ। [4](ਆਪ) ਪਛਾਣਦੇ ਹੋ। (ਅ) ਗੁਰੂ ਜੀ ਪਛਾਣਦੇ ਹਨ। [5]ਬੇੜੀ। [6]ਹੇ ਇਸਤ੍ਰੀਓ ਇਨ੍ਹਾਂ ਪਾਸ ਇਕ ਸੁੰਦਰ ਬੇੜੀ ਹੈ ਉਹ ਸਾਨੂੰ ਦੇ ਦਿਓ । [7]ਸੁੰਦਰ ਮੁਖ ਕਵਲ ਤੋਂ। [8]ਇਸਤ੍ਰੀਆਂ। [9]ਖੁਸ਼ੀ ਮੰਨਕੇ। [10]ਬੇੜੀ। [11]ਇਸਤ੍ਰੀ ਨੂੰ। [12]ਵੈਤਰਨੀ ਆਦਿਕ ਨਦੀ ਅਸੀਂ ਨਾ ਦੇਖੀਏ ਭਾਵ ਯਮ ਮਾਰਗ ਤੇ ਨਾ ਜਾਵੀਏ। ਵੈਤਰਨੀ ਇਕ ਯਮ ਮਾਰਗ ਦੀ ਗੰਦੀ ਨਦੀ ਦਾ ਨਾਮ ਹੈ। [13]ਜਿਸ ਨੂੰ। [14]ਓਹ (ਭਗਤੀ ਰੂਪ) ਬੇੜੀ ਲੈਕੇ ਤਰ ਜਾਂਦਾ ਹੈ(।ਅ) ਭੌਜਲ ਤੋਂ ਤਾਰੀ ਲਾਕੇ ਤਰ ਜਾਂਦਾ ਹੈ। [15]ਸਭਤਰ੍ਹਾਂ ਦੀ। [16]ਤਿਨ੍ਹਾਂ ਇਸਤ੍ਰੀਆਂ ਨੂੰ ਖੁਸ਼ੀ ਹੋਈ।

*ਪਾ:-ਅਕਾਰਨ ।

ਬੰਸ ਚੰਦ ਕੇ ਸੁ ਬਾਕ ਹੋਨਿ ਨੰਦ ਕੇ,ਦਿਵੱਯਾਜੇ ਅਨੰਦਕੇ[1],ਸੁਨੇ ਸੁਬਿੰਦ ਭਾਮਨੀ[2]। ਬਾਲ ਮਾਰਤੰਡ ਕੀ ਰਸ਼ਮ[3] ਜਨੋਂ ਪ੍ਰਕਾਸ਼ ਕਰੈਂ ਬਦਨ ਸਰੋਜ ਬਿਕਸਾਇ ਗਜਗਾਮਨੀ[4] । ਹੱਸ ਹੱਸ ਪਰੈਂ ਕਰ ਜੋਰੈਂ ਭਾਉ ਧਰੈਂ ਉਰ ਅਧਿਕ ਪ੍ਰਸੰਨਤਾ ਉਪਾਵੈਂ ਸਭਿ ਕਾਮਨੀ[5]। ਜਾਨੈਂ–ਲਘੁ ਬੈਸ ਮੈਂ ਪ੍ਰਭਾਉ ਹੈ ਬਿਸ਼ੇਸ਼ ਅਤਿ–ਬਾਰਿ ਬਾਰਿ ਬੰਦਨਾ ਕਰਤਿ ਦੁਤਿ ਦਾਮਨੀ[6] ॥ ੨੫ ॥ ਅਨਿਕ ਪ੍ਰਕਾਰ ਕੀ ਪ੍ਰਸੰਸ਼ਾ ਕੋ ਪ੍ਰਕਾਸ਼ ਕਰਿ ਪ੍ਰਮੁਦਾ ਪ੍ਰਮੋਦ ਪਾਇਗਮਨੀ ਨਿਕੇਤ ਕੋ[7] । ਸਗਰੇ ਪ੍ਰਸੰਗ ਕਹਿ ਅਪਨੇ ਭਤਾਰ ਢਿਗ 'ਦੀਜੈ ਜਾਇ ਨੌਕਾ ਕਰਿ ਪੂਰਨ ਸੰਕੇਤ ਕੋ[8] । ਸੁਨਿ ਕੈ ਪ੍ਰਸੰਨ ਸ਼ਾਹੁ ਕਹੈ'ਗੁਰੂ ਧੰਨ ਧੰਨ' ਆਯੋ ਉਤਲਾਵਤਿ ਬਿਲੋਕਯੋ ਸੁਖਹੇਤ ਕੋ[9]।'ਸੁੰਦਰ ਬਰਨ ਕੀ ਹੈ ਕਾਰਨ ਤਰਨਿ ਆਪ ਤਰਨੀ ਸੁ ਲੇਹੁ[10], ਦੇਤਿ ਸਦਾ ਭਵ ਸੇਤੁ ਕੋ[11]' ॥ ੨੬ ॥ ਦੋਹਰਾ ॥ ਨਮੋ ਠਾਨਿ ਨਵਕਾ ਦਈ ਸ਼ਾਹੁ ਗਯੋ ਹਰਖਾਇ। ਸਮੈ ਪਾਇ ਤਿਸਕੈ ਸਦਨ ਪੁੱਤ੍ਰ ਭਏ ਸੁਖਦਾਇ ॥ ੨੭ ॥ ਚੌਪਈ ॥ ਇਮ ਸ੍ਰੀ ਗੁਰ ਕੋ ਸੁਜਸੁ ਅਪਾਰਾ। ਕਹਤਿ ਸੁਨਤਿ ਪੁਰਿ ਬਹੁ ਬਿਸਤਾਰਾ। ਸਿੱਖਯ ਅਨੇਕ ਹੋਹਿ ਮਨ ਨੀਵੇਂ। ਕਰਹਿਂ ਕਾਮਨਾਂ ਪੂਰਨ ਥੀਵੇਂ[12] ॥ ੨੮ ॥ਨਿਤ ਸਤਿਗੁਰ ਸੁਰਸਰਿ ਕੇ ਮਾਂਹੀ। ਚਢਿ ਨਵਕਾ ਪਰ ਕ੍ਰੀੜਹਿਂ ਤਾਂਹੀ। ਜਲ ਗੰਭੀਰ ਮਹਿਂ ਮਹਾਂ ਭ੍ਰਮਾਵੈਂ। ਇਤ ਤੇ ਉਤ ਉਤ ਤੇ ਇਤ ਆਵੈਂ ॥ ੨੯ ॥ ਸ਼ਾਹੁਨਿ ਕੇ ਸਪੂਤ ਗਨ ਸੰਗਾ। ਖੇਲਹਿਂ ਬਿਗਸਹਿਂ ਅਧਿਕ ਉਮੰਗਾ।ਜਲ ਕ੍ਰੀੜਾ[13] ਕੋ ਕਰਹਿਂ ਬਿਸਾਲਾ। ਲਘੁ ਸਰੂਪ ਸਤਿਗੁਰੂ ਕ੍ਰਿਪਾਲਾ ॥ ੩੦ ॥ ਕਿਤਿਕ ਦਿਵਸ ਇਸ ਭਾਂਤਿ ਬਿਤਾਏ।ਪੁਰਿ ਪਟਨੇ ਮਹਿਂ ਜਸੁ ਉਪਜਾਏ। ਦਾਸ ਭਾਵਨਾ ਕਰਹਿਂ ਅਨੇਕ। ਪੂਰਹਿਂ ਸਤਿਗੁਰ ਜਲਧਿ ਬਿਬੇਕ ॥ ੩੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ਿ ਰਾਸੇ 'ਬਾਲ ਲੀਲ੍ਹਾ'ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥ ੨੦ ॥

## ੨੧. [ਹਾਕਮ ਨੂੰ ਖਿਝਾਉਣਾ । ਗੁਲੇਲ ਅਭਯਾਸ]।

ਦੋਹਰਾ॥ਬਾਲਕ ਬਯ ਮਹਿਂ ਬਰ ਬਹੁਤ ਦੀਨੇ ਗੁਰੂ ਕ੍ਰਿਪਾਲ। ਮਨ ਬਾਂਛਤਿ ਕੋ ਲਹਤਿ ਹੈਂ[14] ਜੋ ਸ਼ਰਧਾਲੁ ਬਿਸਾਲੁ ॥ ੧ ॥ ਸੈਯਾ ॥ ਜੇ ਸ਼ਰਨਾਗਤਿ

---

[1]ਅਨੰਦ ਦੇਣ ਵਾਲੇ ਪੁੱਤ੍ਰ ਦੇ ਹੋਣ ਦੇ ਵਾਕ । [2]ਇਸਤ੍ਰੀਆਂ ਨੇ। [3]ਸਵੇਰ ਦੇ ਸੂਰਜ ਦੀ ਕਿਰਨ। [4]ਭਾਵ ਇਸਤ੍ਰੀਆਂ ਦੇ ਮੁਖ ਖਿੜਾ ਦਿੱਤੇ। [5]ਸਭ ਇਸਤ੍ਰੀਆਂ। [6]ਬਿਜਲੀ ਦੀ ਸ਼ੋਭਾ ਵਾਲੀਆਂ। [7]ਪ੍ਰਸੰਨਤਾ ਪਾਕੇ ਇਸਤ੍ਰੀਆਂ ਘਰਾਂ ਨੂੰ ਗਈਆਂ। [8]ਇਕਰਾਰ ਨੂੰ। [9]ਗੁਰੂਜੀਨੂੰ। [10]ਆਪਦੇ ਤਰਨੇ ਵਾਸਤੇ ਸੁਹਣੇ ਰੰਗ ਦੀ ਬੇੜੀ ਹੈ ਉਹ ਲਵੋ। [11]ਆਪ ਤਾਂ ਸੰਸਾਰ ਸਾਗਰ ਤੋਂ (ਤਰਨ ਲਈ) ਪੁਲ ਦਿੰਦੇ ਹੋ। [12]ਪੂਰੀਆਂ ਹੁੰਦੀਆਂ ਹਨ। [13]ਜਲ ਦੀਆਂ ਖੇਡਾਂ। [14]ਲੈਂਦੇ ਹਨ।

ਕੇ ਪ੍ਰਤਿਪਾਲਕ, ਭੌਜਲ ਤਾਰਨਿ ਕੋ ਪਦ ਪੋਤਾ[੧] । ਬਾਕ ਬਲੀ ਸ਼ਿਕਰੇ ਸਮ ਜੋ ਹੁਇ[੨] ਦੋਸ਼ ਨਸੈਂ ਸਮੁਦਾਇ ਕਪੋਤਾ[੩]।ਸੇਵਕ ਕੇ ਪ੍ਰਿਯ ਦੇਵਨਦੇਵ ਅਭੇਵ ਸਦਾ ਗੁਨ ਗਯਾਨ ਕੋ ਪੋਤਾ[੪] । ਸੋ ਅਬਿ ਜ਼ਾਹਰ ਰੂਪ ਅਨੂਪ ਭਯੋ ਗੁਰ ਸ੍ਰੀ ਹਰਿ ਗੋਵਿੰਦ ਪੋਤਾ[੫] ॥ ੨ ॥ ਕਬਿੱਤ ॥ ਘਰ ਕੇ ਸ਼ਿਖਰ ਇਤ ਉਤ ਮੈਂ ਬਿਹਰ ਕਰਿ ਖੇਲੈਂ ਸੰਗ ਬਾਲਿਕਨਿ ਗੁਰੂ ਏਕ ਕਾਲ ਮੈਂ। ਫਾਂਧਤਿ ਪਲਾਵਤਿ ਛੁਹਾਵਤਿ ਨ ਗਾਤ ਹਾਥ[੬] ਸਾਥ ਸਾਥ ਧਾਵਤਿ ਭ੍ਰਮਾ-ਵਤਿ ਸੁ ਢਾਲ ਮੈਂ[੭]।ਅਨਿਕ ਬਿਲਾਸ ਕੌ ਬਿਲਾਸਤਿ ਹੈਂ ਆਸ ਪਾਸ,ਭੂਖਨ ਸ਼ਬਦ ਕੋ ਉਠਾਵਤਿ ਬਿਸਾਲ ਮੈਂ । ਰਾਤੇ[੮] ਖੇਲ ਖਯਾਲ ਮੈਂ,ਬਿਰਾਜੈਂ ਬਾਲ ਜਾਲ[੯] ਮੈਂ, ਪ੍ਰਕਾਸ਼ੈਂ ਉਡਮਾਲ ਮੈਂ ਜਨੋਂ ਚੰਦ ਚਾਰੁ ਚਾਲਮੈਂ[੧੦] ॥੩॥ ਸੈਯਾ॥ ਪਟਨੇਂ ਪੁਰਿ ਮੈਂ ਇਕਆਮਲ[੧੧] ਥੋ ਤੁਰਕੇਸ਼ਦਿਲੀਸ਼ੁਰਨੈ ਤਹਿੰਛੋਰਾ।ਚਢਿ ਕੁੰਜਰਪੈ ਤਿਸ ਬੀਥਕਾ ਆਵਤਿ ਭੂਰ ਗ਼ਰੂਰ[੧੨] ਸੋਂ ਦੀਰਘ ਜੋਰਾ।ਸਮੁਦਾਇ ਢਲੈਤ*ਚਲੈਂ ਅਗੁਵਾ ਸਭਿ ਲੋਕ ਨਿਵੈਂ ਪਿਖਤੇ ਕਰ ਜੋਰਾ।ਗਜ ਘੰਟਨਿ ਕੀ ਧੁਨਿ ਕੋ ਸੁਨਿ ਕੈ ਤਜਿ ਖੇਲ ਬਿਲੋਕਤਿ ਭੇ ਤਿਸ ਓਰਾ ॥੪॥ ਕੋਠਨ ਪੈ ਥਿਤ ਬਾਲ ਬਿਲੋਕਤਿ ਬੀਥਕਾ ਮੈਂ ਚਲਿ ਆਵਤਿ ਸੋਊ । ਕੁੰਜਰ ਝੂਲ ਸੁਰੰਗ ਪਰਯੋ[੧੩], ਬਰ ਚੂੜ ਚਢਾਇ ਹੈਂ ਦਾਂਤਨਿ ਦੋਊ[੧੪] । ਕੰਚਨ ਹੌਦ ਕਸਯੋ ਸ਼ੁਭ ਊਪਰ ਸੁੰਡ ਗਹੀ ਬਡ ਸ਼੍ਰਿੰਖਲ ਜੋਊ[੧੫]।ਭੀਰ ਅਹੈ ਬਹੁ ਮਾਨਵ ਕੀ, ਜਿਹ ਦੇਖ ਸਲਾਮ ਕਰੈ ਸਭਿ ਕੋਊ ॥ ੫ ॥ ਕਬਿੱਤ ॥ ਬਰਜੈਂ ਗ਼ਰੀਬ-ਗ਼ਨੀ[੧੬] ਬੋਲਤਿ ਨਕੀਬ ਆਵੈ, ਕਹਯੋ ਛਰੀਦਾਰ ਊਚੇ, ਹੇਰਿ ਲਰਕਾਨ ਕੋ । 'ਹਾਥ ਸੀਸ ਧਾਰਿ ਕੈ ਨਵਾਬ ਕੋ ਸਲਾਮ ਕਰੋ ਪਾਛੇ ਫਿਰ ਹੋਹੁ ਖਰੇ ਅਦਬ ਪ੍ਰਮਾਨ ਕੋ[੧੭]'।ਸੁਨਿ ਸਤਿਗੁਰੂ ਨੇ ਸਿਖਾਏ[੧੮] ਯਾਂ ਕੇ ਸਮੁਖ ਹ੍ਵੈ ਕਾਢਿ ਕਾਢਿ ਫੰਤੀਆ ਚਿਰਾਵੋ ਤੁਰਕਾਨ ਕੋ'। ਬਿੱਕ੍ਰਤ ਬਦਨ ਕਰਿ ਬਾਲਿਕ

---

[੧]ਚਰਨ ਜਹਾਜ ਰੂਪ ਹਨ । [੨]ਬਾਕ ਜੋ ਬਾਜਾਂ ਵਤ ਬਲੀ ਹਨ । [੩]ਦੋਸ਼ਾਂ ਦੇ ਸਮੁਦਾਇ ਕਬੂਤਰਾਂ ਵਾਂਙੂ ਉੱਠ ਨੱਸਦੇ ਹਨ । [੪]ਖਜ਼ਾਨੇ । [੫]ਪੋਤ੍ਰਾ । [੬]ਸਰੀਰ ਨੂੰ ਹੱਥ ਨਹੀਂ ਲੱਗਣ ਦਿੰਦੇ ਹਨ । [੭]ਢਾਲ ਦੀ ਤਰ੍ਹਾਂ ਘੇਰਾ ਪਾਕੇ ਦੌੜਦੇ ਹਨ । (ਅ) ਸ੍ਰੇਸ਼ਟ ਰੀਤੀ ਵਿਚ ਫਿਰਾਂਵਦੇ ਹਨ । [੮]ਲੱਗੇ ਹੋਏ । [੯]ਬਹੁਤੇ । [੧੦]ਪ੍ਰਕਾਸ਼ਦੇ ਹਨ ਜਿਵੇਂ ਸੁਹਣਾ ਚੰਦ ਚਾਲੇ ਪਿਆ ਹੋਇਆ ਤਾਰਿਆਂ ਦੀ ਪੰਕਤੀ ਵਿਚ (ਪ੍ਰਕਾਸ਼ਦਾ ਹੈ) । [੧੧]ਹਾਕਮ । [੧੨]ਹੰਕਾਰ । [੧੩]ਸੁਹਣੇ ਰੰਗ ਦਾ ਝੁੱਲ ਹਾਥੀ ਤੇ ਪਿਆ । [੧੪]ਤੇ ਦੋਹਾਂ ਦੰਦਾਂ ਤੇ ਸੁਹਣਾ ਚੂੜਾ ਚੜ੍ਹਾਇਆ ਹੈ । [੧੫]ਸੰਗਲ ਨਾਲ । [੧੬]ਧਨੀ ਗਰੀਬਾਂ ਨੂੰ ਰੋਕਦੇ ਹਨ । [੧੭]ਯੋਗ ਅਦਬ ਨੂੰ ਕਰਕੇ ।

*ਢਲੈਤ=ਸੂਰਮੇ ।

ਸਕਲ ਤਬਿ, ਤਾਂਕੋ ਦਰਸਾਵਤਿ ਖਿਝਾਵਤਿ ਸਮਾਨ ਕੋ[੧] ॥ ੬ ॥ ਧਾਇ ਜਾਇਂ ਆਇਂ ਪੁਨ, ਮੁਖ ਵਿਖਰਾਇ ਜਾਇਂ ਪਾਇ ਚਪਲਾਇਂ[੨] ਸਮੁਦਾਇ ਸਭਿ ਬਾਲਕੇ। ਬਾਜੈਂ ਅੰਗ ਭੂਖਨ ਅਦੂਖਨ ਕੇ ਸੰਗ ਫਿਰੈਂ ਆਰਬਲਾ ਅਲਪ ਫਿਰੈਯਾ ਜੋ ਉਤਾਲ ਕੇ[੩]। ਕੁਛੁ ਕੋਪ ਠਾਨਿ ਕੈ ਨਬਾਬ ਨੇ ਬਖ਼ਾਨਿ ਕੀਨਿ 'ਬਾਨਰ ਸਮਾਨ ਸਿਸ ਬਦਨ ਵਿਖਾਲਕੇ। ਜਾਹਿਂ ਦੂਰ[੪] ਚਾਲਿ ਕੇ ਫਿਰਹਿਂ ਆਲ ਬਾਲ ਕੇ ਕਪੀਨ[੫] ਸਮ ਖਜਾਲ ਕੇ ਬਨਤਿ ਇਸ ਹਾਲ ਕੇ' ॥ ੭॥ ਸੁਨਿ ਕੈ ਨਬਾਬ ਤੇ ਗਰੂਰ ਗ਼ਰਕਾਬ ਤੇ[੬] ਬਿਸਾਲ ਰਿਸ ਆਬ ਤੇ[੭] ਅੰਕੂਰ ਸ੍ਰਾਪ ਜਾਮਿਓ। ਬੋਲੇ ਸਤਿਭਾਇ ਪ੍ਰਭੁ ਸ੍ਰੋਨ ਮੈਂ ਸੁਨਾਇ ਤਿਸ, 'ਮਾਨੁਖ ਸਰੂਪ ਸਭਿ ਇਹਾਂ ਅਭਿਰਾਮਿਓ[੮]। ਬਦਨ ਬਿਲੋਚਨ ਸਮਾਨ ਜਿਨ ਬਾਨਰ[੯]ਕੇ ਲੈ ਹੈਂ ਰਾਜ ਸੋਈ ਭਯੋ ਰਿਦਾ ਤਵ ਖਾਮਿਓ[੧੦]।ਜੈਹੈ ਤੇਜ ਬਾਰੋ, ਕੋਈ ਹ੍ਵੈ ਨ ਰਖਵਾਰੋ ਤਬਿ ਹੌਰੋ ਹੋਇ ਭਾਰੋ ਬਨੈ ਸਮੋ ਬਿਧਿ ਬਾਮਿਓ[੧੧]' ॥੮॥ ਦੋਹਰਾ॥ ਸੁਨਤਿ ਭਯੋ ਬਿਸਮੈ ਤੁਰਕ–ਕਿਮ ਬੋਲਤਿ ਇਹ ਬਾਲ। ਜਥਾ ਪੀਰ ਹੁਇ ਔਲੀਆ ਸ੍ਰਾਪਹਿ ਰਿਸੇ ਬਿਸਾਲ–॥ ੯ ॥ ਸੈਯਾ ॥ ਕੁੰਜਰ ਕੰਧ ਅਰੂਢਿ ਮਹਾਵਤ ਸਾਥ ਨਬਾਬ ਕਹਯੋ ਸਮੁਝਾਈ। 'ਜੋ ਮੁਖ ਆਵਤਿ ਬੋਲਤਿ ਬਾਲਿਕ ਜਾਨੈਂ ਨਹੀਂ ਲਘੁਤਾ[੧੨] ਬਡਿਆਈ। ਖਾਇ ਅਹਾਰ ਕੋ ਖੇਲਿਬੋ ਕਾਰ ਹੈ ਔਰ ਨਹੀਂ ਉਰ ਮੈਂ ਗ਼ਮ ਕਾਈ।ਆਪ ਕੋ ਭੂਰ ਪ੍ਰਤਾਪ ਅਹੈ ਜਗ, ਸਾਗਰ ਲੌ ਅਵਨੀ ਸੁਭ ਛਾਈ[੧੩]' ॥ ੧੦ ॥ ਕਬਿੱਤ ॥ ਐਸੇ ਦੀਨਿ ਸ੍ਰਾਪਕੋ ਪ੍ਰਤਾਪਿ ਰਿਪੁ ਖਾਪਿਬੇਕੋ ਜਾਨਤਿਭਵਿੱਖਜਤ ਮੈਂ ਬਦੀ ਤੁਰਕਾਨ ਕੀ। ਲਾਗੇ ਸਤਿਭਾਇ[੧੪] ਪੁਨ ਖੇਲਿਬੇ ਕੋ ਗੁਰੂ ਪ੍ਰਭੁ,ਕ੍ਰੀੜਤਿ[੧੫] ਅਨਿਕ ਰੀਤ ਸਾਥ ਲਰਕਾਨਕੀ। ਕੇਤੇ ਧਾਰਿ ਭਾਵਨਾ ਕੋ ਲਯਾਵੈਂ ਮਧੁ-ਰੰਨ[੧੬] ਤਹਿਂ, ਸੀਸ ਕੋ ਨਿਵਾਵੈਂ ਦਰਸਾਵੈਂ ਅਘ ਹਾਨਕੀ[੧੭]। ਮੂਰਤਿ ਸੁਜਾਨ ਕੀ ਮਹਾਨ ਸੁਖਦਾਨ ਕੀ ਅਨੰਦ ਗਯਾਨਵਾਨ[੧੮] ਕੀ ਕ੍ਰਿਪਾਲੁ ਮਨ ਬਾਨਕੀ[੧੯] ॥ ੧੧॥ ਸਤਿਗੁਰ ਪਾਸ ਲੇ ਪ੍ਰਸ਼ਾਦਿ ਅਰਦਾਸ ਕਰੈਂ ਬੈਠੇਂ

[੧]ਖਿਝਾਵਣ ਦੇ ਵਾਂਗ। [੨]ਪੈਰਾਂ ਤੋਂ ਚੰਚਲ ਹੋ ਹੋਕੇ। [੩]ਕਾਹਲੀ ਕਾਹਲੀ ਫਿਰਨੇ ਵਾਲੇ। [੪]ਛੁਪ ਜਾਂਦੇ ਹਨ। [੫]ਬਾਂਦਰਾਂ। [੬]ਹੰਕਾਰ ਵਿਚ ਗ਼ਰਕੇ ਹੋਏ ਤੋਂ। [੭]ਕ੍ਰੋਧ ਰੂਪੀ ਜਲ ਤੇ। [੮]ਸੁੰਦਰ। [੯]ਭਾਵ ਅੰਗ੍ਰੇਜ਼। [੧੦]ਕੱਚਾ। [੧੧]ਵਿਧਾਤਾ ਜਦ ਤੁਹਾਡੇ ਉਲਟ ਹੋਵੇਗਾ ( ਅ ) ਉਸ ਦੀ ਤਰ੍ਹਾਂ ਸਮਾਂ ਬਣੇਗਾ। [੧੨]ਛੁਟਿਆਈ। [੧੩]ਆਪ ਦੇ ਪ੍ਰਤਾਪ ਨੇ ਛਾਈ ਹੈ। [੧੪]ਸਹਜ ਸੁਭਾਇ। [੧੫]ਖੇਲਦੇ ਹਨ। [੧੬]ਮਿੱਠਾ ਅੰਨ (ਅ) ਕੜਾਹ ਪ੍ਰਸ਼ਾਦ। [੧੭]ਪਾਪ ਨਾਸ਼ਕ ਭਾਵ ਗੁਰੂ ਜੀ ਨੂੰ। [੧੮]ਗਯਾਨਵਾਨ ਨੂੰ ਅਨੰਦ ਦਾਤਾ। [੧੯]ਕ੍ਰਿਪਾਲੂ ਹੋਣਾ ਮਨ ਦੀ ਬਾਣ ਹੈ (ਜਿਨ੍ਹਾਂ ਦੀ)।

ਬਾਲਕਾਨ, ਖਾਇੰ ਭਾਵਨਾ ਮਹਾਨ ਕਰਿ। ਦੇਖੈਂ ਸਿਖ, ਮਿਲੈਂ ਲਰਕਾਨ ਮੈਂ ਪਰਚ ਰਹੈਂ ਖੇਲਤਿ ਅਨੇਕ ਰੀਤਿ ਆਵਨ ਔ ਜਾਨ ਕਰਿ।ਲਾਗੈ ਧੂਲ ਅੰਗ ਮੈਂ ਰਚੇ ਸੁ ਖੇਲਢੰਗ ਮੈਂ ਬਿਹਸਿ ਨਿਜ ਸੰਗ ਮੈਂ ਸਮੂਹ ਸੁਖ ਮਾਨਿ ਕਰਿ। ਪਾਵੈਂ ਜੋ ਨ ਦਾਨ ਕਰਿ[੧] ਅਨਿਕ ਬਿਧਾਨ ਕਰਿ[੨],ਮਿਲੈ ਪ੍ਰੇਮ ਜਾਨ ਕਰਿ ਜਤਨ ਨ ਆਨਿ ਕਰਿ[੩]॥੧੨॥ਸੈਯਾ॥ ਹੋਤਿ ਸਜੋਰ ਬਧੈ ਤਨਸੁੰਦਰ ਬਾਲਿਕ ਏਕ ਗੁਲੇਲ[੪] ਕੋ ਲਜਾਯੋ। ਆਪਨਿ ਹਾਥ ਧਰੀ ਤਬਿ ਲੇ ਕਰਿ ਬ੍ਰਿੰਦ ਗੁਲੇਲਨਿ[੪] ਐਂਚਿ ਚਲਾਯੋ। ਹੇਰਿ ਪ੍ਰਸੰਨ ਭਏ ਤਿਸ ਪੈ ਨਿਜ ਪਾਸ ਰਖੀ ਮਨ ਮੈਂ ਇਮ ਭਾਯੋ। ਲਾਗੇ ਕਮਾਵਨਿ ਤਾ[੫] ਅਭਿਆਸ ਕੋ ਜਾਸ ਕੇ ਹੇਤੁ ਧਰਯੋ ਤਨ ਆਯੋ[੬] ॥ ੧੩॥ ਪੰਕ ਮੰਗਾਇ ਬਟਾਇ ਗੁਲੇਲਨਿ[੪] ਪੁੰਜ ਸੁਕਾਇ ਚਲਾਵਤਿ ਹੈਂ। ਲੱਛ ਧਰੈਂ ਤਕਿ ਤਾਂਹਿ ਕਰੈ ਜਬਿ ਬੀਚ ਹਨੈਂ ਬਿਕਸਾਵਤਿ ਹੈਂ।ਬਾਲਿਕ ਜੇ ਧਨਵਾਨਨਿ ਕੇ ਤਿਨ ਹਾਥ ਗਹਾਇ ਸਿਖਾਵਤਿ ਹੈਂ। ਬੇਣੁ ਕੀ ਬ੍ਰਿੰਦ ਗੁਲੇਲ[੭] ਕਰੀ ਦ੍ਰਿਢ ਹੋਇ ਖਰੀ ਸੁ ਮੰਗਾਵਤਿ ਹੈਂ ॥ ੧੪॥ ਬਾਹੁਨ ਮੈਂ ਬਲ ਹੋਇ ਬਿਸਾਲ ਨਿਤਾ ਪ੍ਰਤਿ ਖੈਂਚਤਿ ਯੌਂ ਗਹਿਕੈ। ਹਾਥ ਟਿਕੈ ਲਛ ਮਾਰਨਿਕੋ ਇਮ ਸੀਖਕੌ ਦੇਤਿ 'ਰਖੋ ਚਹਿਕੈ[੮]'। ਬਾਲਿਕ ਸ੍ਰੀ ਮੁਖ ਤੇ ਸੁਨਿ ਕੈ ਚਿਤ ਚਾਉ ਧਰੈਂ ਗੁਨ ਕੋ ਲਹਿਕੈ[੯]। ਲੇਤਿ ਹੈਂ ਮੋਲ ਗੁਲੇਲ ਭਲੀ ਦ੍ਰਿਢ,ਟੋਲਤਿ ਸ੍ਵੈ ਪਿਤ ਕੋ ਕਹਿਕੈ[੧੦]॥੧੫॥ ਸੁੰਦਰ ਰੰਗ ਸੁਰੰਗ ਅਹੈਂ ਜਿਨ, ਲੇ ਗੁਰ ਕੇ ਢਿਗ ਆਵਤਿ ਹੈਂ। 'ਆਜ ਨਵੀਨ ਪ੍ਰਭੂ ਹਮ ਲੀਨਿ' ਭਨੈਂ ਮੁਖ ਤੇ ਦਿਖਰਾਵਤਿ ਹੈਂ।ਐਂਚਿ ਚਲਾਇਗੁਲੇਲਨ ਕੋ ਲੱਛ ਤਾਕ ਕੈ ਬੀਚ ਲਗਾਵਤਿ ਹੈਂ। ਕਾਹੂ ਸਰਾਹਤਿ 'ਖੂਬ ਲਗਯੋ ਇਹੁ' ਕਾਹੂ ਕੋ ਦਾਵ ਬਤਾਵਤਿ ਹੈਂ[੧੧] ॥ ੧੬॥ ਯਾ ਬਿਧਿ ਸੰਗ ਗੁਲਲ ਗਹੇ ਕਰਿ ਖੇਲਤਿ ਬਾਲਿਕ ਬ੍ਰਿੰਦ ਮਿਲੇ। ਕੇਤਿਕ ਦਯੋਸ ਬਿਤੀਤ ਭਯੋ ਅਭਿਆਸਤਿ ਭੇ ਸਭਿ ਰੀਤਿ ਭਲੇ।ਭੀਤ[੧੨] ਮੈਂ ਲੱਛਧਰੈਂ ਹੁਇਦੂਰ ਚਲਾਵਤਿ ਐਂਚਤਿ ਹੋਇ ਖਲੇ। ਹਾਥ ਟਿਕਾਇ ਲਗਾਇ ਕੈ ਤਾਂ ਮਹਿੰ ਹੇਰਤਿ

---

[੧]ਜੇਹੜੀ ਵਸਤੂ ਦਾਨ ਕਰਕੇ ਨਹੀਂ ਪਾਈਦੀ ਹੈ। [੨]ਹੋਰ ਵਿਧੀਆਂ ਕਰਕੇ ਨਹੀਂ ਮਿਲਦੀ। [੩](ਇਸ ਲਈ) ਹੋਰ ਜਤਨ ਨਾ ਕਰ ( ਪ੍ਰੇਮ ਹੀ ਕਰ )। [੪]ਗੁਲੇਲ=ਕਮਾਨ। ਗੁਲੇਲਹ=ਮਿਟੀ ਦੀ ਗੋਲੀ।ਗੁਲੇਲਹ ਦਾ ਬਹੁ ਬਚਨ ਗੁਲੇਲਨ[ਫਾ:,ਗੁਲੇਲ,ਗੁਲੇਲ]। [੫]ਤਿਸਦੇ। [੬]ਜਿਸ ਲਈ ਤਨ ਧਾਰਕੇ ਆਏ ਹਨ। [੭]ਬਾਂਸਾਂਦੀਆਂਬਹੁਤਕਮਾਨਾਂ। [੮]ਚਾਹਕਰਕੇ(ਗੁਲੇਲ)ਰੱਖੋ। [੯](ਕਮਾਨਦੇਚਲਾਵਣੇ ਦੇ)ਗੁਣ ਨੂੰ ਜਾਣਕੇ। [੧੦]ਆਪੋ ਆਪਣੇ ਪਿਤਾ ਨੂੰ ਕਹਿਕੇ। [੧੧]ਕਿਸੇ ਨੂੰ ਦਾਉ ਦੱਸਦੇ ਹਨ। [੧੨]ਕੰਧ।

ਪ੍ਰੇਰਤਿ ਗੇਰਿ ਚਲੇ ॥੧੭॥ ਦੋਹਰਾ॥ ਇਮ ਖੇਲਤਿ ਸਤਿਗੁਰ ਪ੍ਰਭੂ ਬਾਲਿਕ ਬੈਸ ਸ੍ਥਾਨ। ਦਿਨ ਪ੍ਰਤਿ ਬਧੈ ਸਰੀਰ ਬਲ ਕਿਧੌਂ ਦੁਸ਼ਟ ਗਨ ਹਾਨਿ[1] ॥੧੮॥ ਚੌਪਈ॥ ਬਡੀ ਮਾਤ ਜਬਿ ਪਿਖਹਿ ਸੁਭਾਊ[2]। ਖੇਲਤਿ ਕਰੈਂ ਜੰਗ ਕੋ ਚਾਊ। ਰਿਦੇ ਬਿਚਾਰੈ-ਜਥਾ ਪਿਤਾਮਾ। ਕਰਤਿ ਕ੍ਰਿਯਾ ਕਹੁ ਤਿਮ ਅਭਿ-ਰਾਮਾ-॥ ੧੯ ॥ ਤੁਸਤਿ ਚਿਤਾਰਤਿ ਪਾਛਲ ਬਾਤੀ।-ਸ੍ਰੀ ਹਰਿਗੋਬਿੰਦ ਜਿਮ ਰਿਪੁ ਘਾਤੀ। ਸੁਧਾ ਸਰੋਵਰ ਨਿਕਸੇ ਜਥਾ। ਮੁਗਲਸਖਾਨ ਸਹਿਤ ਦਲ ਮਥਾ ॥੨੦॥ ਵਹਿਰ ਬਨਾਹੁ ਤਨੁਜਾ ਕਹੁ ਕੀਨਿ। ਲੂਟੀ ਵਸਤੁ ਧਨ ਗਨ ਤੇ ਲੀਨ। ਪੁਨ ਕਰਤਾਰ ਪੁਰੇ ਬਡ ਜੰਗ। ਨਿਕਸੇ ਲਾਖਹੁੰ ਸ਼ੱਤ੍ਰਨਿ ਭੰਗ ॥੨੧॥ ਇਹ ਭੀ ਤਿਨ ਸਮ ਲੀਲਾ ਕਰਤੇ। ਸ਼ਸਤ੍ਰਨਿ ਗਹਿ ਪਿੱਖਿ ਆਨੰਦ ਧਰਤੇ। ਹੋਇ ਤਰੁਨ ਬਹੁ ਪਾਇੰ ਪ੍ਰਤਾਪੇ। ਸ਼ੀਲ[2] ਪਿਤਾਮਾ ਸਮ ਹੁਇ ਜਾਪੇ[3]-॥ ੨੨ ॥ ਤੇਜ ਚਪਲਤਾ ਪਿਖਿ ਪਿਖਿ ਨੀਤ। ਤਊ ਅਨੰ-ਦਤਿ ਅਤਿਸ਼ੈ ਚੀਤ। ਚਿਰੰਕਾਲ ਕੀ ਚਾਹਤਿ ਪੋਤਾ।ਪਾਯੋ ਜਨੁ ਸਨੇਹੁ ਕੋ ਪੋਤਾ[4] ॥ ੨੩ ॥ ਸੋਹਤਿ ਚਾਰੂ ਚੀਰ ਸਰੀਰ। ਜ਼ੇਵਰ ਜ਼ੇਬ ਜਵਾਹਰ ਹੀਰ। ਦਿਨ ਮਹਿਂ ਅਨਿਕ ਖੇਲ ਬਿਚਰੰਤੇ। ਸ਼ਾਹੁਨਿ ਕੇ ਸਿਸ ਆਨਿ ਮਿਲੰਤੇ॥ ੨੪ ॥ ਹੋਤਿ ਸਰਬਰੀ[5] ਸਦਨ ਸਿਧਾਵੈਂ। ਮਾਤ ਪਿਤਨ ਢਿਗ ਗੁਰ ਗੁਨ ਗਾਵੈਂ। 'ਇਮ ਹਮ ਸੰਗ ਬਿਲਾਸਤਿ ਖੇਲਤਿ। ਬਲ ਕੋ ਕਰਤਿ ਧਕੇਲਤਿ ਮੇਲਤਿ ॥੨੫॥ ਮਧੁਰ ਅਚਨ ਕੀ ਵਸਤੁ ਨਾਨਾ।ਆਨਤਿ ਸਿੱਖਸ ਕਰਤਿ ਬਹੁਖਾਨਾ।ਸਭਿ ਕੋ ਕਰਿ ਹਿਤ ਨਿਕਟਿ ਬਿਠਾਵੈਂ।ਕਹਿ ਕਹਿ ਦੇਤਿ ਹਮਹੁੰ ਤ੍ਰਿਪਤਾਵੈਂ" ॥੨੬॥ ਇੱਤਯਾਦਿਕ ਨਿਜ ਘਰ ਮਹਿਂ ਕਹੈਂ। ਸੁਨਤਿ ਸੰਬੰਧੀ ਆਨੰਦ ਲਹੈਂ। ਸਤਿਗੁਰੂ ਕੋ ਨਿਤ ਮਾਤ ਬਡੇਰੀ। ਗਹਿ ਬਿਠਾਇ ਢਿਗ ਕਹਿ ਬਹੁ ਬੇਰੀ॥੨੭॥ ਅਸਨ ਅਨਿਕ ਭਾਂਤਿਨਿ ਕੇ ਕਰਿ ਕਰਿ। ਪੋਖਨਿ ਹਿਤ ਅਚਵਾਵਤਿ ਧਰਿ ਧਰਿ।ਚਹਤਿ ਰਿਦੇ ਬਲਿਪੁਸ਼ਟ ਬਿਸਾਲ।ਬਨਹਿਂ ਤਰੁਨ ਦੁਤਿ ਦੇਖਤਿ ਜਾਲਾ ॥੨੮॥ ਨਿਸ ਮਹਿਂ ਰੁਚਿਰ ਪੰਘੂਰਾ ਡਾਰਹਿ। ਆਸਤਰਨ[6] ਸੋਂ ਬਿਸਦ[7] ਸੁਧਾਰਹਿ। ਸੁਪਤਾਵਹਿ ਨਿਜ ਨਿਕਟਿ ਨਿਹਾ-ਰਤਿ। ਨੁਖਾ ਸੰਗ ਗੁਨ ਬ੍ਰਿੰਦ ਉਚਾਰਤਿ ॥ ੨੯ ॥ ਸੁਨਿ ਗੁਜਰੀ ਸਾਸੂ ਕੋ ਬੈਨ। ਬੰਦਤਿ ਗੁਰਨਿ ਮੂੰਦਿ ਕਰਿ ਨੈਨ। ਸ੍ਰੀ ਨਾਨਕ ਕੋ ਸਿਮਰਨ ਕਰਹਿ। 'ਮੋ ਸੁਤ ਕੀ ਰੱਛਜਾ ਨਿਤ ਧਰਹਿਂ' ॥ ੩੦ ॥ ਪੋਖਨਿ ਪਾਲਨਿ

[1]ਹਾਨ ਕਰਨ ਵਾਸਤੇ। [2]ਸੁਭਾਵ। [3]ਜਾਪਦਾ ਹੈ। [4]ਨਿਧਿ, ਖਜ਼ਾਨਾ। [5]ਰਾਤ। [6]ਵਿਛੌਣਾ। [7]ਉੱਜਲ।

ਅਨਿਕ ਬਿਧਿਨਿ ਤੇ। ਦੂਰ ਨ ਹੋਵਨਿ ਦੇਤਿ ਚਖਨ ਤੇ[1]। ਦੇਖਤਿ ਰਹੈ ਪ੍ਰੇਮ ਕਰਿ ਭਾਰਾ। ਜਿਮ ਪੰਨਗ ਨਿਜ ਮਨਿ ਸੰਭਾਰਾ[2] ॥ ੩੧ ॥ ਕਮਲ ਬਦਨ ਕੋ ਪ੍ਰਾਤਿ ਪਖਾਰਹਿ। ਨੀਰ ਉਸ਼ਨ[3] ਕਰਿ ਮੱਜਨ ਧਾਰਹਿ। ਰੁਤ ਅਨੁਸਾਰੀ ਪਟ ਪਹਿਰਾਵਹਿ। ਅਨਿਕ ਬਰਨ ਕੇ ਜਥਾ ਸੁਹਾਵਹਿਂ ॥ ੩੨ ॥ ਹਹਿਰਹਿ ਉਰ ਮਹਿਂ–ਲਗੈ ਨ ਡੀਠ–।ਲੇਤਿ ਗੋਦ ਮਹਿਂ ਬਰਬਸ ਈਠ[4]। ਵਾਰਤਿ ਊਪਰ ਲੌਨ ਸੁ ਰਾਈ। ਮੁਖ ਤੇ ਕਹਿ 'ਰਹਿਂ ਗੁਰੂ ਸਹਾਈ'॥੩੩॥ ਖੇਲਨਿ ਹੇਤੁ ਅੰਕ ਤੇ ਦੌਰਹਿਂ। ਮਿਲਹਿਂ ਬਾਲਕੇ ਹੁਇ ਇਕ ਠੌਰਹਿਂ। ਮਾਤ ਦ੍ਰਿਸ਼ਟਿ ਮਹਿਂ ਰਖਿ ਬਿਚਰਾਵਹਿ। ਅਨਿਕ ਪ੍ਰਕਾਰ ਬਰਜਿ ਠਹਿਰਾਵਹਿ ॥ ੩੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਬਾਲਿਕ ਲੀਲਾ' ਪ੍ਰਸੰਗ ਬਰਨਨੰ ਨਾਮ ਇਕ ਬਿੰਸਤੀ ਅੰਸੂ ॥ ੨੧ ॥

### ੨੨. [ਨੌਵੇਂ ਪਾਤਸ਼ਾਹ ਜੀ ਦਾ ਆਸਾਮ ਵੱਲੋਂ ਮੁੜਨਾ]।

ਦੋਹਰਾ ॥ ਉਤ ਤੇ ਸਾਹਿਬ ਸਤਿਗੁਰੂ ਤੇਗਬਹਾਦਰ ਧੀਰ। ਕਰਿ ਕਾਰਜ ਮਹਿਪਾਲ ਕੋ ਹਟੇ ਸੰਗ ਭਟ ਭੀਰ ॥ ੧ ॥ ਚੌਪਈ ॥ ਅਨਿਕ ਪ੍ਰਕਾਰ ਗੁਰੂ ਕੀ ਸੇਵਾ। ਕਰਤਿ ਭਯੋ ਨ੍ਰਿਪ ਜਾਨਤਿ ਭੇਵਾ। ਦੇਸ਼ ਕਾਮਰੂ ਸਰ ਕਰਿ ਦੀਨਾ। ਅਧਿਕ ਅਨੰਦਤਿ ਲਸ਼ਕਰਿ ਪੀਨਾ ॥ ੨ ॥ ਸੰਮਤ ਕੇਤਿਕ ਤਹਾਂ ਬਿਤਾਏ। ਫਤੇ ਲੇਨਿ ਕੀ ਬੰਬ ਬਜਾਏ। ਪਟਨੇ ਦਿਸ਼ਿ ਕੋ ਕੂਚ ਕਰਾਯੋ। ਬਿਸ਼ਨ ਸਿੰਘ ਰਾਜਾ ਹਰਖਾਯੋ॥੩॥ਸੰਗ ਗੁਰੂ ਕੇ ਚਹਯੋ ਪਯਾਨਾ। ਬਾਜਹਿਂ ਆਗੈ ਬ੍ਰਿੰਦ ਨਿਸ਼ਾਨਾ[5]। ਸਿਵਕਾ ਪਰ ਸ਼੍ਰੀ ਤੇਗ ਬਹਾਦਰ। ਨ੍ਰਿਪ ਕਹਿ ਕਰਿ ਸੁ ਚਢਾਏ ਸਾਦਰ ॥ ੪ ॥ ਕਰਤਿ ਮਜਲ ਪਰ ਮਜਲ ਸਦਾਈ। ਚਲਯੋ ਆਇ ਲਸ਼ਕਰ ਸਮੁਦਾਈ। ਡੇਰਾ ਪਰਹਿ ਆਨਿ ਕਰਿ ਜਹਾਂ। ਸੁਧਿ ਪਸਰਹਿ ਗੁਰ ਕੀ ਜਹਿਂ ਕਹਾਂ ॥ ੫ ॥ ਸੰਗਤਿ ਮੁਦਤ ਰਿਦੈ[6] ਚਲਿ ਆਵੈ। ਅਰਪਿ ਅਕੋਰਨ ਦਰਸ਼ਨ ਪਾਵੈ। ਦਰਬ ਆਦਿ ਗਨ ਬਸਤ ਅਜਾਇਬ। ਹੇਤੁ ਰਿਝਾਵਨਿ ਅਰਪਹਿ ਸਾਹਿਬ[7] ॥ ੬ ॥ ਬਿਨਤੀ ਕਰਹਿ ਕਾਮਨਾ ਪੈ ਹੈ। ਜਸੁ ਕੋ ਉਚਰਤਿ ਸਦਨ ਸਿਧੈ ਹੈ। ਭਏ ਦੁਪਹਿਰੀ ਡੇਰਾ ਘਾਲਹਿ। ਭੋਰ ਹੋਤਿ ਮਾਰਗ ਦਲ ਚਾਲਹਿ ॥ ੭ ॥ ਪਾਛਲ ਜਾਮ ਰਹੇ ਦਿਨ ਥੋਰੇ। ਬਿਸ਼ਨ ਸਿੰਘ ਆਵਹਿ ਗੁਰ ਓਰੇ।ਬੰਦਨ ਕਰਹਿ ਜੁਗਲ ਕਰ ਜੋਰਿ। ਬਿਨੈ ਬਖਾਨਹਿ ਚਰਨ ਨਿਹੋਰਿ ॥ ੮ ॥ ਸਾਦਰ ਸਤਿਗੁਰ

[1]ਨੇੜੂੰ ਤੋਂ। [2]ਜਿਵੇਂ ਨਾਗ ਆਪਣੀ ਮਣੀ ਨੂੰ ਸੰਭਾਲਦਾ ਹੈ। [3]ਜਲ ਗਰਮ ਕਰ ਕੇ। [4]ਮਲੋ ਮਲੀ ਪਿਆਰੇ ਨੂੰ। [5]ਧੌਂਸੇ। [6]ਖਿੜੇ ਰਿਦੇ। [7]ਗੁਰੂ ਸਾਹਿਬ ਜੀ ਨੂੰ।

ਨਿਕਟਿ ਬਿਠਾਵੈਂ।ਕ੍ਰਿਪਾ ਦ੍ਰਿਸ਼ਟਿ ਬਾਤਨਿਬਤਰਾਵੈਂ:–'ਅਨਿਕ ਬਾਰ ਸਿਖ ਪਠੇ ਅਗਾਰੀ। ਮਾਤ ਨਾਨਕੀ ਪ੍ਰੀਤਿ ਸੁ ਧਾਰੀ[1] ॥ ੯ ॥ ਬਹੁ ਦਿਨ ਬਿਤੇ ਨ ਪੁੱਤ੍ਰ ਨਿਹਾਰਾ। ਬਿਛੁਰਿ ਨ ਭਯੋ ਕਦਾਪਿ ਉਦਾਰਾ[2]। ਆਵਨਿ ਤੀਰਥ ਹਿਤ ਦਿਸ਼ਿ ਪੂਰਬ। ਸੁਤ ਤੇ ਬਿਛੁਰੀ ਨਾਂਹਿਨ ਪੂਰਬ॥੧੦॥ਪੌਤ੍ਰ ਪ੍ਰਤੀਖਨ ਧਾਰਤਿ ਉਰ ਮੈਂ। ਬਿਛੁਰਿ ਰਹੀ, ਬਸਿ ਪਟਨੇ ਪੁਰਿ ਮੈਂ। ਅਧਿਕ ਸਨੇਹ ਮਿਲਨ ਕਹੁ ਧਰਤੀ। ਪਾਤੀ ਬ੍ਰਿੰਦ ਪਠਾਵਨਿ ਕਰਤੀ' ॥ ੧੧ ॥ ਬਾਰਿ ਬਾਰਿ ਜਨਨੀ ਸੁਧਿ ਪਾਇ। ਚਲਿ ਸ਼੍ਰੀ ਤੇਗ ਬਹਾਦਰ ਰਾਇ[3]। ਆਵਤਿ[4] ਕੁਸ਼ਲ ਬੂਝ ਬਹੁ ਬਾਰੀ। ਸੁਤ ਕੀ ਸੁਧਿ ਸੁਨਿ ਸੁਨਿ ਮੁਦ ਧਾਰੀ॥ ੧੨ ॥ ਇਮ ਆਵਤਿ ਗੁਰ ਪਟਨੇ ਓਰ। ਬਿਸ਼ਨ ਸਿੰਘ ਜੁਤਿ ਨਿਤ ਉਠਿ ਭੋਰ। ਮਾਤ ਨਾਨਕੀ ਗੁਜਰੀ ਦੋਊ। ਬਾਤ ਸੁਨਾਵਹਿਂ ਬਹੁ ਬਿਧਿ ਓਊ[5] ॥ ੧੩ ॥ 'ਸੁਨਹੁ ਪੁੱਤ੍ਰ ਪੰਜਾਬ ਜੁ ਦੇਸ਼।ਸਤਿਗੁਰ ਤਿਤਹੀ ਬਸੈਂ ਵਿਸ਼ੇਸ਼। ਮਹਾਂ ਜੰਗ ਤੁਰਕਨਿ ਕੇ ਸੰਗ। ਬਾਰਿ ਬਾਰਿ ਹੋਏ ਭਟ ਭੰਗਿ ॥ ੧੪ ॥ ਸੋਢੀ ਬੰਸ ਸ਼ਿਰੋਮਣਿ ਮਹਾਂ।ਰਾਮਦਾਸ ਗੁਰ ਜਸੁ ਜਹਿਂ ਕਹਾਂ।ਲਵਪੁਰਿ ਜਨਮੇ ਨਗਰ ਬਿਸਾਲ। ਬਹੁਰ ਬਸੇ ਸ਼੍ਰੀ ਗੋਇੰਦਵਾਲ ॥ ੧੫ ॥ ਪ੍ਰਥਮ ਨਗਰ ਤੀਰਥ ਅਭਿਰਾਮ[6]। ਬਿਦਤਯੋ ਸ਼੍ਰੀ ਅੰਮ੍ਰਿਤਸਰ ਨਾਮ। ਕਰਯੋ ਬਸਾਵਨ ਰਚੇ ਉਪਾਇ। ਬਡੇ ਤੁਮਾਰੇ ਭੇ ਤਿਸ ਥਾਇਂ ॥੧੬॥ਬਹੁਰ ਪਿਤਾਮੇ ਭਏ ਤੁਮਾਰੇ। ਜਿਨ ਤੇ ਲਰਤਿ ਤੁਰਕ ਗਨ ਹਾਰੇ। ਬਸੇ ਪਿਤਾ ਕੇ ਪੁਰਿ ਕਰਤਾਰੇ[7]। ਪੁਨਹਿਂ ਬਿਪਾਸਾ ਕੂਲ ਨਿਹਾਰੇ ॥੧੭॥ ਸੁੰਦਰ ਨਗਰ[8] ਬਸਾਵਨਿ ਕਰਯੋ। ਬਡ ਰਣ ਭਯੋ ਤੁਰਕ ਗਨ ਮਰਯੋ। ਤਿਨ ਪਾਛੇ ਗਾਦੀ ਪਰ ਪੋਤਾ। ਥਿਰ ਹੁਇ ਸ਼੍ਰੀ ਹਰਿਰਾਇ ਉਦੋਤਾ ॥ ੧੮ ॥ ਦ੍ਵੈ ਸੁਤ ਤਿਨ ਤੇ ਉਪਜਤਿ ਭਏ। ਜਬਹੁੰ ਕਿਤਿਕ ਦੀਰਘ ਬਯ ਥਿਏ। ਜੇਸ਼ਟ ਰਾਮਰਾਇ ਤਿਸ ਨਾਮੂ। ਸ਼੍ਰੀ ਹਰਿ ਕ੍ਰਿਸ਼ਨ ਲਘੂ ਅਭਿਰਾਮੂ ॥ ੧੯ ॥ ਜੇਠੇ ਕਹੁ ਢਿਗ ਸ਼ਾਹੁ ਹਕਾਰਾ। ਕਰਾਮਾਤ ਗਨ ਦੀਨਿ ਉਦਾਰਾ। ਚਾਹਤਿ ਕਹਤਿ ਦਿਲੇਸ਼ੁਰ ਜੈਸੇ। ਬਿਲਮ ਬਿਹੀਨ ਕਰਤਿ ਭਾ ਤੈਸੇ ॥੨੦॥ ਸ਼੍ਰੀ ਹਰਿਰਾਇ ਨ ਮਾਨੀ ਆਛੀ।

[1]ਪ੍ਰੀਤ ਧਾਰਕੇ ਕਈ ਵੇਰ ਪਹਿਲੋਂ ਬੀ ਸਿੱਖ ਘੱਲੇ ਹਨ। [2]ਕਦੇ ਭੀ (ਅੱਗੇ) ਨਹੀਂ (ਸੀ)ਬਹੁਤਾ ਵਿਛੋੜਾ ਹੋਇਆ। [3]ਰਾਜਾ ਰੂਪ। [4]ਜਦ ਕੋਈ ਸਿੱਖ ਆਂਵਦਾ ਹੈ। [5]ਉਹ ਮਾਤਾ ਜੀ (ਸ੍ਰੀ ਗੋਬਿੰਦ ਸਿੰਘ ਜੀ ਨੂੰ) ਗਲਾਂ ਸੁਣਾਉਂਦੀਆਂ ਹਨ। [6]ਪਹਿਲੋਂ ਇਹ ਸੁੰਦਰ ਤੀਰਥ ਤੇ ਨਗਰ। [7]ਭਾਵ ਸ੍ਰੀ ਗੁਰੂ ਅਰਜਨ ਦੇਵ ਜੀ ਦੇ (ਨਗਰ) ਕਰਤਾਰ ਪੁਰ ਵਿਚ ਵਸੇ। [8]ਭਾਵ ਸ੍ਰੀ ਹਰਿਗੋਬਿੰਦ ਪੁਰਾ।

ਲਘੁ ਸੁਤ ਗੁਰਤਾ ਦੇ ਉਰ ਬਾਛੀ[1]। ਕਿਤਿਕ ਮਾਸ ਦ੍ਵੈ ਸੰਮਤ ਥਿਰੇ। ਬਹੁਰ ਬਿਕੁੰਠ ਪਯਾਨੋ ਕਰੇ ॥ ੨੧॥ ਤਿਨ ਪਾਛੇ ਗੁਰੁ ਪਿਤਾ ਤੁਹਾਰੇ। ਭਏ ਪੂਜ ਬਿਦਤੇ ਜਗ ਸਾਰੇ। ਤਊ ਸ਼ਰੀਕਾ ਕਰਿ ਕਰਿ ਬਾਦੈ[2] । ਸੋਢੀ ਧੀਰਮੱਲ ਤੇ ਆਦੈ ॥ ੨੨ ॥ ਬਸਹਿਂ ਬਕਾਲੇ ਗ੍ਰਾਮ ਮਝਾਰਾ । ਤਜਿ ਕਰਿ ਉਤਰੇ ਨਦੀ ਉਰਾਂਰਾ । ਕੀਰਤਿਪੁਰਿ ਇਕ ਨਗਰ ਬਸਾਯਾ। ਸ੍ਰੀ ਗੁਰਦਿੱਤਾ ਸੋ ਤੁਮ ਤਾਯਾ ॥ ੨੩ ॥ ਤਹਾਂ ਸਦਨ ਤਿਨ ਰਚੇ ਰਹੇ ਹੈਂ । ਪੁਨ ਪਰਲੋਕ ਪਯਾਨ ਚਹੇ ਹੈਂ । ਤਬਿ ਤੁਮਰੋ ਤਹਿਂ ਆਇ ਪਿਤਾਮਾ[3]। ਬਸੇ ਕਿਤਿਕ ਦਿਨ ਪਿਖਿ ਅਭਿਰਾਮਾ॥੨੪॥ਗਏ ਬਿਕੁੰਠ ਗੁਰੂ ਤਨ ਤ੍ਯਾਗਾ । ਦੀਨਸਿ ਤਿਸ ਜਾਗਾ ਤਬ ਦਾਗਾ[4] । ਹਮ ਸਮੇਤ ਜਬਿ ਪਿਤਾ ਤੁਮਾਰਾ । ਕੀਰਤਿ ਪੁਰਿ ਕੋ ਆਇ ਨਿਹਾਰਾ ॥੨੫॥ ਸੂਰਜਮਲ ਆਦਿਕ ਮਿਲਿ ਹੇਰੇ। ਬਾਸੇ ਕਛੁਕ ਬਿਚਾਰਿ ਬਡੇਰੇ:—ਸਭਿ ਤੇ ਪ੍ਰਿਥਕ ਬਸਨਿ ਹੈ ਆਛੇ । ਭ੍ਰਾਤ ਸ਼ਰੀਕਾ ਬਹੁਰ ਨ ਬਾਂਛੇ ॥ ੨੬ ॥ ਬ੍ਰਿੱਤਿ ਸ਼ਾਂਤਕੀ ਸੁਖ ਕੋ ਪਾਵੈਂ । ਹਮਹੁੰ ਬਾਦ ਕਿਹ ਸੰਗ ਨ ਭਾਵੈ—। ਇਮ ਬਿਚਾਰਿ ਆਗੇ ਚਲਿ ਗਏ । ਪੰਚ ਕੋਸ ਪਹੁੰਚੇ ਥਿਰ ਥਿਏ ॥ ੨੭ ॥ ਜ਼ਰਖਰੀਦ[5] ਤਹਿਂ ਕੀਨਸਿ ਅਵਨੀ। ਦੁਹਿ ਦਿਸ਼ਿ ਸਲਿਤਾ ਗਿਰ ਪਿਖਿ ਰਵਨੀ । ਤਹਾਂ ਆਪਨੋ ਨਗਰ ਬਸਾਯੋ । ਕਹਿ ਅਨੰਦ ਪੁਰਿ ਨਾਮ ਸੁਨਾਯੋ ॥ ੨੮ ॥ ਕੇਤਿਕ ਚਿਰ ਸੁਖ ਸੋਂ ਤਹਿਂ ਬਾਸੇ। ਤੀਰਥ ਕਰਨਿ ਪੁਨਹਿਂ ਅਭਿਲਾਸੇ। ਆਦਿ ਪ੍ਰਯਾਗ ਕੀਨਿ ਇਸ਼ਨਾਨ। ਖਸ਼ਟ ਮਾਸ ਬਾਸੇ ਤਿਸ ਥਾਨ ॥੨੯॥ ਪੁਨ ਪਟਣੇ ਪੁਰਿ ਮਹਿਂ ਚਲਿ ਆਏ। ਬਸੇ ਕਿਤਿਕ ਦਿਨ ਜਬਿ ਇਸ ਥਾਏਂ । ਕਰਤਿ ਪ੍ਰਤੀਖਨਿ ਤੋਹਿ ਜਨਮ ਕੀ। ਇਹਾਂ ਰਹਨਿ ਅਭਿਲਾਖਾ ਹਮ ਕੀ ॥ ੩੦ ॥ ਇਕ ਭੂਪਤਿ ਰਜਪੂਤ ਬਿਸਾਲਾ । ਦੇਸ਼ ਕਾਮਰੂ ਕੋ ਚਲਿ ਚਾਲਾ । ਮੰਤ੍ਰਨਿ ਤੇ ਕਰਿ ਤ੍ਰਾਸ ਘਨੇਰਾ। ਆਇ ਪਰਯੋ ਸ਼ਰਨੀ ਤਿਸ ਬੇਰਾ ॥ ੩੧॥ ਪੂਰਬ ਦਿਸ਼ਿ ਕੋ ਪਿਤਾ ਤੁਮਾਰੇ। ਹਮਹੁੰ ਤ੍ਯਾਗ ਕਰਿ ਤਬਹਿ ਪਧਾਰੇ । ਅਬਿ ਆਵਤਿ ਹੈਂ ਖ਼ਬਰ ਪਠਾਈ। ਮਿਲਹਿਂ ਕਾਲ ਚਿਰ ਮਹਿਂ ਹਰਖਾਈ[6] ॥ ੩੨ ॥ ਇੱਤ੍ਯਾਦਿਕ ਪੌਤ੍ਰ ਸੰਗ ਬਾਤੀ। ਕਰਤਿ ਰਹਤਿ ਸੁਪਤਹਿਂ ਜਬਿ ਰਾਤੀ।ਸੁਨਿ ਸੁਨਿ ਪਿਤਾ ਪਿਤਾਮੇ ਕਥਾ। ਨਿਤ ਅਨੰਦਤਾ ਉਦਤਹਿ ਤਥਾ ॥ ੩੩ ॥ ਚੰਚਲ ਹੋਇ ਹੋਇ ਤਿਸ ਬਾਰੀ। ਦੁਹਿਂ ਮਾਤਨਿ ਸੋਂ ਕਰਹਿਂ ਉਚਾਰੀ। 'ਅਪਨੋ ਦੇਸ਼ ਪੰਜਾਬ

[1]ਚਾਹ ਕੇ ਦਿਤੀ। [2]ਝਗੜਦਾ ਹੈ। [3]ਸ੍ਰੀ ਗੁਰੂ ਹਰਿ ਗੋਬਿੰਦ ਜੀ। [4]ਸਸਕਾਰ ਕੀਤਾ। [5]ਆਪਣੀ ਮੁੱਲ ਲਈ। [6]ਬੜਿਆਂ ਚਿਰਾਂ ਪਿੱਛੋਂ ਹੁਣ ਆਨੰਦ ਹੋ ਕੇ ਮਿਲਾਂਗੇ।

ਮਹਾਨਾ। ਕਹਹੁ,ਕਬਹਿ ਤਹਿਂ ਕਰਹਿਂ ਪਯਾਨਾ? ॥੩੪॥ ਉਤ ਹੀ ਬਸਹਿਂ ਅਨੰਦਤਿ ਸਦਾ। ਬਡੇ ਬਸੈਂ ਜਿਸ ਦਿਸ਼ਿ ਜਦ ਕਦਾ[1]'। ਇਸ ਬਿਧਿ ਕਹਿ ਕਹਿ ਨਿਤ ਉਮਗਾਵੈਂ। 'ਮਿਲਹਿਂ ਪਿਤਾ ਤਬਿ ਤਿਤਹਿ ਸਿਧਾਵੈਂ' ॥੩੫॥ ਕਈ ਬਾਰ ਪਰਚਾਵਨਿ ਹੇਤ। ਥਿਰਤਾਵਨਿ ਨਿਜ ਨਿਕਟਿ ਨਿਕੇਤ[2]। ਦੇਸ਼ ਪੰਜਾਬ ਕਥਾ ਕੋ ਕਹੈਂ। ਮਾਤ ਸੁ ਦਾਦੀ ਦੇਖਤਿ ਰਹੈਂ ॥੩੬॥ ਕਹਹਿਂ ਸਨੇਹ ਦੁਲਾਰਨਿ ਘਨੋ। ਕ੍ਰਿਸ਼ਨ ਪੁੱਤ੍ਰ ਕੋ ਜਸੁਧਾ ਮਨੋ। ਜਥਾ ਜੰਗ ਮਹਿਂ ਤ੍ਰਾਸ ਘਨੇਰੇ। ਉਚਰ ਸੁਨਾਵਤਿ ਹੈਂ ਬਹੁ ਬੇਰੇ ॥੩੭॥ 'ਕਰਹਿਂ ਬਾਦ ਤਿਸ਼ ਦੇਸ਼ ਬਿਸਾਲਾ। ਭਯੋ ਬਿਖਾਦ ਤਹਾਂ ਬਹੁ ਕਾਲਾ। ਆਇ ਦੇਸ਼ ਇਸ ਮਹਿਂ ਸੁਖ ਪਾਏ। ਸਿਖ ਸੇਵਕ ਸਭਿ ਥਲ ਸਮੁਦਾਏ ॥ ੩੮ ॥ ਅਨਿਕ ਅਕੋਰਨ ਕੋ ਅਰਪੰਤੇ। ਆਇਸੁ ਮਾਨਹਿਂ ਜਥਾ ਕਹੰਤੇ[3]। ਲੈਬੋ ਕਹਾਂ[4] ਪੰਜਾਬ ਮਝਾਰੇ। ਹੇ ਸੁਤ! ਇਤ ਦਿਸ਼ਿ ਬਸਹਿਂ ਸੁਖਾਰੇ' ॥ ੩੯ ॥ ਇਮ ਸਮੁਝਾਇ ਬਰਜਨਾ ਕਰਿਹੀਂ। ਤਊ ਆਪ ਬਹੁ ਬਾਰਿ ਉਚਰਿਹੀਂ। 'ਤਹਾਂ ਚਲਨਿ ਚਿਤ ਚਹਤਿ ਹਮਾਰੋ। ਜਹਾਂ ਬੈਸ ਸੋਢੀ ਉਜਿਯਾਰੋ' ॥੪੦॥ ਇਸ ਪ੍ਰਕਾਰ ਬਹੁ ਬਾਰਿ ਪ੍ਰਸੰਗ। ਹੋਤਿ ਭਯੋ ਗੁਰ ਜਨਨੀ ਸੰਗ। ਦਿਨ ਪ੍ਰਤਿ ਵਧਹਿ ਸਰੀਰ ਬਿਸਾਲਾ। ਖੇਲਤਿ ਬਿਚਰਤਿ ਬਾਲਿਕ ਜਾਲਾ[5] ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਗੁਰ ਮਾਤਾ ਜੀ ਕਹਨਿ ਸੁਨਨਿ' ਪ੍ਰਸੰਗ ਬਰਨਨੰ ਨਾਮ ਦ੍ਵੈਬਿੰਸਤੀ ਅੰਸੂ ॥੨੨॥

## ੨੩. [ਗੁਰੂ ਜੀ ਵਾਪਸ ਪਟਣੇ ਆਏ]।

ਦੋਹਰਾ ॥ ਕਰਤਿ ਕੂਚ ਦਿਨ ਪ੍ਰਤਿ ਮਜਲ ਗੁਰੂ ਸਮੇਤ ਨਰੇਸ਼। ਪਹੁੰਚੇ ਪਟਣੇ ਆਨਿ ਕਰਿ ਭਯੋ ਅਨੰਦ ਵਿਸ਼ੇਸ਼ ॥ ੧ ॥ ਚੌਪਈ ॥ ਲਸ਼ਕਰ ਕੇ ਡੇਰੇ ਸਮੁਦਾਇ। ਉਤਰੇ ਪੁਰਿ ਤੇ ਬਾਹਰਿ ਆਇ। ਬਿਸ਼ਨ ਸਿੰਘ ਨ੍ਰਿਪ ਉਤਰਨਿ ਕਰਯੋ। ਸਤਿਗੁਰ ਨਿਕਟਿ ਹੋਤਿ ਭਾ ਖਰਯੋ ॥ ੨ ॥ 'ਸਾਹਿਬਜ਼ਾਦੇ ਕੋ ਮੈਂ ਦਰਸ਼ਨ। ਕਰਯੋ ਚਹਤਿ ਹੌਂ, ਚਰਨ ਸਪਰਸ਼ਨ। ਅਧਿਕ ਲਾਲਸਾ ਰਹਿ ਉਰ ਮੇਰੇ। ਪ੍ਰਾਪਤ ਹੋਹਿ ਮੋਹਿ ਇਸ ਬੇਰੇ' ॥ ੩ ॥ ਠਾਢੇ ਸਤਿਗੁਰ ਨਦੀ ਕਿਨਾਰੇ। ਸੁਨਿ ਨਰੇਸ਼ ਤੇ ਬਾਕ ਉਚਾਰੇ। 'ਹਮ ਭੀ ਮਿਲਹਿਂ ਜਾਇ ਕਰਿ ਕਾਲੀ। ਇਹਾਂ ਬਿਤਾਵਹਿਂ ਰਾਤਿ ਉਜਾਲੀ[6]*' ॥੪॥ ਸੁਧ ਕਹਿ ਪਠੀ ਮਾਤ ਕੇ ਤੀਰ। ਡੇਰਾ ਪਰਯੋ ਨਦੀ ਕੇ ਤੀਰ। 'ਮਿਲਹਿਂ ਪ੍ਰਾਤਿ ਕੋ' ਸੁਨਿ ਸੁਧਿ

[1]ਜਦੋਂ ਕਦੋਂ ਵਸਦੇ ਰਹੇ ਹਨ। [2]ਆਪਣੇ ਪਾਸ ਟਿਕਾਵਣ ਲਈ ਕਿ ਘਰ ਦੇ ਵਿਚ ਕੋਲ ਰਹਿਣ। [3]ਜਿਵੇਂ (ਅਸੀਂ) ਕਹਿੰਦੇ ਹਾਂ। [4]ਕੀ ਲੈਣਾ ਹੈ ? [5]ਬਹੁਤਿਆਂ ਬਾਲਾਂ ਨਾਲ। [6]ਚਾਨਣੀ ਰਾਤ।
*ਪਾ:–ਸੁਖਾਲੀ।

ਹਰਖੀ। ਦਰਬ ਦਾਨ ਕੀ ਧਾਰਾ ਬਰਖੀ ॥ ੫ ॥ ਜਾਚਕ ਗਨ ਹਕਾਰ ਕਰਿ ਦੀਨਿ। ਸੁਤ ਸਨੇਹ ਜਿਸ ਕੇ ਮਨ ਪੀਨ[੧]। ਲੇ ਪੌਤ੍ਰ ਕੋ ਅੰਕ, ਸੁਨਾਵੈ[੨]। 'ਤੇਰੋ ਪਿਤਾ ਭੋਰ ਕੋ ਆਵੈ'॥ ੬॥ ਅਤਿ ਅਨੰਦ ਸੁਨਿ ਸੁਨਿ ਸਭਿ ਕੀਨਾ। ਸੇਵਕ ਸਿੱਖ ਮਿਲੇ ਸੁਖ ਪੀਨਾ। ਚਿਰੰਕਾਲ ਮੈਂ ਹਟਿ ਗੁਰ ਆਇ*। ਦੇਤਿ ਬਧਾਈ ਮਿਲਿ ਸਮੁਦਾਇ ॥ ੭ ॥ ਉਤਸਵ ਕਰਤੇ ਰਾਤਿ ਬਿਤਾਈ। ਜਾਗੇ ਪਿਖਿ ਪ੍ਰਭਾਤਿ ਹੁਇ ਆਈ। ਸ੍ਰੀ ਗੁਜਰੀ ਕਰਿ ਨੀਰ ਉਸ਼ਨ ਕੋ[੩]। ਪੁੱਤ੍ਰ ਸ਼ਨਾਨਹਿ ਮਰਦਤਿ[੪] ਤਨ ਕੋ ॥ ੮ ॥ ਬਹੁਰ ਬਸਤ੍ਰ ਬਰ ਬਹੁਤ ਬਰਨ ਕੇ[੫]। ਪਹਿਰਾਵਤਿ ਦੁਤਿ ਹੇਤੁ ਕਰਨ ਕੇ[੬]। ਕੰਚਨ ਕੁੰਡਲ ਜਟਤਿ ਜਵਾਹਰ। ਮੁਕਤਾ ਉੱਜਲ ਦਿਪਤਹਿੰ ਜ਼ਾਹਰ[੭] ॥ ੯ ॥ ਗੋਲ ਬਿਸਾਲ ਆਬ[੮] ਬਡ ਖਰੀ। ਮੁਖ ਮੰਡਲ ਪਰ ਸ਼ੋਭਾ ਕਰੀ। ਸਿਰ ਪਰ ਚੀਰਾ[੯] ਚਾਰੁ ਸੁਹਾਵਾ।ਜਿਗਾ ਬੰਧਿ ਕਰਿ ਬਹੁ ਦੁਤਿ ਪਾਵਾ ॥੧੦॥ ਲਘੁਮਾਲਾ ਮੁਕਤਨਿ ਕੀ ਲਰੀ। ਲੋਲਕ[੧੦] ਲਟਕਤਿ ਸਬਜ਼ੇ ਜ਼ਰੀ[੧੧]। ਹੀਰੇ ਬਿਚ ਦਮਕਹਿੰ ਬਹੁ ਮੋਲੇ। ਦਿਪਤਹਿੰ ਇਤ ਉਤ ਉਰ ਪਰ† ਡੋਲੇ ॥ ੧੧ ॥ ਨਵ ਰਤਨੇ ਬਾਹੁਨਿ ਬੰਧਵਾਇ। ਜਨੁ ਨਵ ਗ੍ਰਿਹ ਭੁਜ ਸੋਂ ਲਪਟਾਇ। ਕੰਕਨ ਕੰਚਨ[੧੨] ਦਿਪਹਿੰ ਜਰਾਊ। ਜੁਗ ਕਰ ਮਹਿੰ ਸੁੰਦਰ ਪਹਿਰਾਊ ॥੧੨॥ ਝੀਨੇ[੧੩] ਅੰਬਰ ਕੋ ਗਰ ਜਾਮਾ। ਪਹਿਰਾਯਹੁ ਸ਼ੋਭਤਿ ਅਭਿਰਾਮਾ। ਜ਼ਰੀਦਾਰ ਜਿਸ ਕੇ ਜੁਗ ਛੋਰ[੧੪]‡। ਡਾਰਿ ਸਿਕੰਧ[੧੫] ਤਰੇ ਕੋ ਛੋਰਿ॥੧੩॥ ਇਮ ਸਜਾਇ ਕਰਿ ਸੁੰਦਰ ਸਾਰੇ। ਸਮੁਝਾਵਤਿ ਦੇ ਸੀਖ ਉਦਾਰੇ। 'ਤੋਹਿ ਪਿਤਾ ਕੇ ਸਾਥ ਨਰੇਸ਼ੂ। ਐਹੈ ਨਰ ਗਨ ਸੰਗ ਵਿਸ਼ੇਸ਼ੂ ॥ ੧੪ ॥ ਕਰਿ ਬੰਦਨ ਪਿਤ ਅੰਕ ਥਿਰੀਜੈ। ਨ੍ਰਿਪ ਕੇ ਸੰਗ ਬੋਲਿਬੋ ਕੀਜੈ'। ਇਮ ਘਰ ਮੈਂ ਫਰਸ਼ਾਦਿਕ[੧੬]

---

[੧]ਤਕੜਾ। [੨]ਸੁਣਾਂਵਦੇ ਹਨ। [੩]ਗਰਮ ਪਾਣੀ ਕਰਕੇ। [੪]ਮਲ ਮਲਕੇ। [੫]ਕਈ ਰੰਗਾਂ ਦੇ। [੬]ਭਾਵ ਸਜਾਵਣ ਨੂੰ। [੭]ਜ਼ਾਹਰ ਪ੍ਰਕਾਸ਼ਦੇ ਹਨ। [੮]ਭਾਵ, ਚਮਕ। [੯]ਦਸਤਾਰ। [੧੦]ਲਟਕਣ। ਇਥੇ ਕੰਡਲ ਤੋਂ ਮੁਰਾਦ ਲੋਲਕ ਦੀ ਨਹੀਂ ਕਿਉਂਕਿ ਅੰਕ ੮ ਵਿਚ ਕੁੰਡਲ ਗਿਣ ਆਏ ਹਨ ਤੇ ਇੱਥੇ ਮਾਲਾ ਦੀ ਵ੍ਯਾਖ੍ਯਾ ਵਿਚ ਪਦ ਆਇਆ ਹੈ ਤੇ ਅਖੀਰ ਵਿਚ ਕਹਿੰਦੇ ਹਨ 'ਉਰ ਪਰ ਡੋਲੇ' ਸੋ ਮੁਰਾਦ ਮਾਲਾ ਦੇ ਸੁੱਚੇ ਜੁੜਾਉ ਲਟਕਣ ਤੋਂ ਹੀ ਹੈ। [੧੧]ਜੜੇ ਹੋਏ ( ਅ ) ਜ਼ਰੀ ਦੇ ਨਾਲ। [੧੨]ਸੋਨੇ ਦੇ ਕੜੇ। [੧੩]ਬ੍ਰੀਕ। [੧੪]ਦੋਵੇਂ ਪੱਲੇ। [੧੫]ਮੋਢਿਆਂ ਤੇ। [੧੬]ਫਰਸ਼ ਆਦਿਕ।

*ਪਾ:-ਲੇ ਪੌਤ੍ਰ ਕੋ ਅੰਕ ਸਮਾਇ।  †ਪਾ:-ਕੇ।  ‡ਪਾ:-ਓਰ।

ਤਯਾਰੀ। ਕਰਤਿ ਭਏ ਪਰਤੀਖਨ ਧਾਰੀ[੧] ॥ ੧੫ ॥ ਉਤ ਸਤਿਗੁਰ ਕਰਿ ਸੌਚ ਸ਼ਨਾਨਾ। ਨਿਤ ਕੋ ਨੇਮ ਠਾਨਿ ਮਨ ਧਯਾਨਾ। ਬਿਸ਼ਨ ਸਿੰਘ ਨ੍ਰਿਪ ਤਯਾਰੀ ਕੀਨਿ। ਬਸਤ੍ਰ ਸ਼ਸਤ੍ਰ ਤਨ ਪਹਿਰ ਸੁ ਲੀਨਿ ॥ ੧੬ ॥ ਸ਼੍ਰੀ ਗੁਰ ਤੇਗ ਬਹਾਦਰ ਪਾਸ। ਆਇ ਥਿਰਯੋ ਕਰਿ ਦਰਸ਼ਨ ਆਸ। ਬਸਤ੍ਰ ਪਹਿਰਿ ਗੁਰ ਹ੍ਵੈ ਕਰਿ ਤਯਾਰ। ਢਿਗ ਅਨਾਇ ਸ਼ਿਵਕਾ ਅਸਵਾਰ[੨] ॥ ੧੭ ॥ ਚਢਿ ਤੁਰੰਗ ਪਰ ਚਾਲਿ ਨ੍ਰਿਪਾਲਾ। ਭਏ ਸੈਂਕਰੇ ਮਾਨਵ ਨਾਲਾ। ਪੁਰਿ ਬਜ਼ਾਰ ਕਹੁ ਆਵਤਿ ਚਲੇ। ਨਿੰਮ੍ਰੀ ਹੋਤਿ ਬ੍ਰਿੰਦ ਨਰ ਮਿਲੇ ॥ ੧੮ ॥ ਪਟਨੇ ਕੀ ਸੰਗਤਿ ਸਮੁਦਾਇ। ਪ੍ਰਾਤਿ ਹੋਤਿ ਹੀ ਮਿਲਿ ਇਕ ਥਾਇਂ। ਸ਼੍ਰੀ ਗੋਬਿੰਦ ਸਿੰਘ ਕੇ ਢਿਗ ਆਈ। ਅਨਿਕ ਪ੍ਰਕਾਰ ਪ੍ਰਸ਼ਾਦਿਨਿ ਲਯਾਈ॥ ੧੯ ॥ ਭਈ ਭੀਰ ਸਭਿ ਅੰਙਨ ਮਾਂਹਿ। ਕੇਤਿਕ ਕੋਸ਼ਠ ਪਰ ਚਰਿ ਜਾਹਿਂ। ਭੀਤਨਿ ਪਰ ਆਰੂਢਤਿ ਕੋਈ। ਬੈਠਹਿਂ ਜਹਾਂ ਦਰਸ ਗੁਰ ਹੋਈ॥ ੨੦ ॥ ਬੋਲਤਿ ਅੱਗ੍ਰ ਨਕੀਬ ਚਲੰਤੇ। ਦੁੰਦਭਿ ਸ਼ਬਦ ਉਤੰਗ ਉਠੰਤੇ। ਇਮ ਆਵਤਿ ਗੁਰ ਅਰੁ ਨਰਮੌਰ[੩]। ਪਹੁੰਚੇ ਜਬਹਿ ਸਦਨ ਕੇ ਪੌਰ ॥੨੧॥ ਸਭਾ ਖਰੀ ਹੋਈ ਤਤ-ਕਾਲਾ। ਅੰਕ ਉਠਾਇ ਕ੍ਰਿਪਾਲ ਕ੍ਰਿਪਾਲਾ[੪]। ਪਿਤ ਕੇ ਪਾਇਨ ਪਾਇ ਉਠਾਯੋ। ਪਿਖੇ ਪਰਸਪਰ ਨੇਹੁ ਵਧਾਯੋ॥੨੨॥ ਪੂਰਬ ਜਨਮ ਪਿਤਾ ਜਿਮ ਭਯੋ। ਨਾਮ ਸੁ ਮੁੰਡ ਮੁਨੀ ਤਬਿ ਥਿਯੋ। ਦੁਸ਼ਟ ਦਮਨ ਨਿਜ ਪੁੱਤ੍ਰ ਉਪਾਯੋ। ਲਾਖਹੁੰ ਬਰ-ਖਨ ਤਪ ਬਲ ਲਾਯੋ*॥੨੩॥ ਅੰਸ ਅਕਾਲਪੁਰਖ ਕੀ ਆਇ। ਧਰਯੋ ਸਰੂਪ ਤੇਜ ਸਮੁਦਾਇ। ਸਿੰਘ ਖਾਲ ਸੋਂ[੫] ਉਤਪਤ ਹੋਵਾ*। ਬਨ ਰਾਖਸ਼ ਕੋ ਦਲ ਬਲ ਖੋਵਾ ॥੨੪॥ ਤਬਿ ਕੇ ਬਿਛੁਰੇ ਭਾ ਅਬਿ ਮੇਲਾ। ਜਨੁ ਬ੍ਰਹਮਗਯਾਨ ਅਨੰਦ ਸੁਹੇਲਾ[੬]। ਸ਼੍ਰੀ ਨਾਨਕ ਕੀ ਜੋਤਿ ਮਝਾਰੀ। ਸ਼੍ਰੀ ਗੁਰ ਤੇਗਬਹਾਦਰਧਾਰੀ॥੨੫॥ ਤਿਸੀ ਅੰਸ਼ ਮਹਿਂ ਚਾਹਤਿ ਮੇਲੀ[੭]। ਦੇਖਤਿ ਸੁਤ ਕੀ ਬ੍ਰਿਤਿ ਸੁਖ ਝੇਲੀ[੮]। ਬੈਠਿ ਗਏ ਤਬਿ ਸਤਿਗੁਰ ਗਾਦੀ। ਮਿਲਿ ਸਭਿਹਿਨਿ ਕੇ ਉਰ ਅਹਿਲਾਦੀ ॥੨੬॥ ਬਿਸ਼ਨ ਸਿੰਘ ਨ੍ਰਿਪ ਢਿਗ ਹੁਇ ਆਯੋ। ਪਿਖਿ ਸਰੂਪ ਪਾਇਨਿ ਲਪ-

---

[੧]ਉਡੀਕ ਨਾਲ। [੨]ਪਾਲਕੀ ਉਤੇ ਸਵਾਰ ਹੋਏ। [੩]ਗੁਰੂ ਜੀ ਅਤੇ ਰਾਜਾ। [੪]ਮਾਮਾ ਜੀ ਨੇ ਕ੍ਰਿਪਾਲੂ ਜੀ ਨੂੰ ਗੋਦੀ ਉਠਾਇਆ। [੫]ਸ਼ੇਰ ਦੀ ਖੱਲ ਤੋਂ। [੬]ਮਾਨੋਂ ਬ੍ਰਹਮ ਗਿਆਨ ਤੇ ਆਨੰਦ ਸ਼ੋਭ ਰਹੇ ਹਨ। [੭]ਭਾਵ ਗੁਰੂ ਨਾਨਕ ਦੀ ਅੰਸ਼ ਵਿਚ ਮੇਲਿਆ ਚਾਹੁੰਦੇ ਹਨ (ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ)। [੮]ਸੁਖ ਵਿਚ ਮਿਲੀ ਹੋਈ ਬ੍ਰਿਤੀ।

*ਦੇਖੋ ਰਾਸ ੧੧ ਅੰਸੂ ੫੧ ਅੰਕ ੯ ਦੀ ਹੇਠਲੀ ਟੂਕ।

ਟਾਯੋ।ਦਿਪਹਿ ਤੇਜ ਬਿਚ ਲੋਚਨ ਐਸੇ। ਰੰਗ, ਬਿਲੌਰ ਪਾਤ੍ਰ ਮਹਿੰ ਜੈਸੇ[1]॥ ੨੭॥ਚੰਚਲ ਅਧਿਕ ਸਲੋਨੀ[2] ਸੂਰਤਿ। ਮਨਹੁੰ ਬੀਰ ਰਸ ਧਾਰੀ ਮੂਰਤਿ। ਕਹਤਿ ਭਯੋ'ਇਹ ਸ਼ਾਹਿਬਜ਼ਾਦਾ।ਰਿਪੁ ਗਨ ਘਾਇਕ ਹੁਇ ਜਿਮ ਦਾਦਾ[3]। ॥ ੨੮ ॥ ਆਪ ਸ਼ਾਂਤਿਕੀ ਬ੍ਰਿੱਤ ਉਦਾਰੀ। ਇਹ ਬਡ ਬੀਰ ਬਨਹਿੰ ਭੁਜ ਭਾਰੀ। ਇਨ ਕੀ ਆਕ੍ਰਿਤ[4] ਇਮ ਦਿਪਤਾਵੈ। ਸਖਾ ਸਹਾਇਕ ਅਰਿਨਿ ਖਪਾਵੈ'[5]॥੨੯॥ਬਿਸ਼ਨ ਸਿੰਘ ਤਬਿ ਦਏ ਬਿਭੂਖਨ।ਅਪਨੇ ਕਰ[6]ਪਹਿਰਾਇ ਅਦੂਖਨ[7]। ਕੰਕਨ ਕੰਚਨ ਜਟਤਿ ਜਰਾਏ।ਦੋਨਹੁ ਹਾਥਨਿ ਮੈਂ ਪਹਿਰਾਏ ॥ ੩੦ ॥ ਮੁਕਤਾ ਮਾਲ ਬਿਸਾਲ ਉਜਾਲੀ। ਗਰ ਪਹਿਰਾਇ ਮਹਾਂ ਦੁਤਿ ਵਾਲੀ। ਪਸ਼ਮੰਬਰ ਦੇ ਬਰਨ ਬਰਨ ਕੇ। ਨਿਜ ਕਰ ਧਰੇ ਸਮੀਪ ਚਰਨ ਕੇ ॥ ੩੧ ॥ ਕੁਸ਼ਲ ਪ੍ਰਸ਼ਨ ਦੁਇ ਦਿਸ਼ਿ ਤੇ ਹੋਇ। ਹੇਰਤਿ ਥਿਰੇ ਘੇਰ ਸਭਿ ਕੋਇ। ਕਰੈਂ ਦਰਸ ਕੋ ਅਰਪਿ ਉਪਾਇਨ। ਕੋ ਢਿਗ ਪਹੁੰਚਹਿ ਪਰਸਹਿ ਪਾਇਨ[8] ॥ ੩੨ ॥ ਸਤਿਗੁਰ ਜਥਾ ਜੋਗ ਸਤਿਕਾਰੇ। ਮ੍ਰਿਦੁਲ ਬਾਕ ਤੇ ਸਭਿ ਬੈਠਾਰੇ। ਜਾਚਕ ਗਨ ਕੇਤਿਕ ਚਲਿ ਆਏ। ਜਾਚਤਿ ਊਚੇ ਸ਼ਬਦ ਸੁਨਾਏ॥ ੩੩ ॥ ਤਬਿ ਨ੍ਰਿਪ ਬ੍ਰਿੰਦ ਦਰਬ ਕਰ ਧਾਰਯੋ। ਸਾਹਿਬ-ਜ਼ਾਦੇ ਊਪਰ ਵਾਰਯੋ। ਪੁਨ ਨਿਜ ਚਾਕਰ ਕੇ ਕਰ ਦੀਨਿ। ਕਹ੍ਯੋ 'ਖ਼ਰਾਇਤ ਕਰਿ ਗਨ ਦੀਨ[9]' ॥੩੪॥ ਇਕ ਥਲ ਖਰੇ ਕਰੇ ਸਭਿ ਮੰਗਤ।ਦਯੋ ਦਰਬ ਕੋ ਥਿਰ ਕਰਿ ਪੰਗਤਿ। ਢਾਢੀ ਡੋਮ ਕਲਾਵਤ[10] ਆਏ।ਭਾਟ ਆਦਿ ਸਗਰੇ ਧਨ ਪਾਏ॥ ੩੫ ॥ ਜੈ ਜੈ ਕਾਰ ਸੁਜਸੁ ਕੋ ਕਰੈਂ। ਦੇਖਿ ਗੁਰਨਿ ਕਹੁ ਆਨੰਦ ਧਰੈਂ। ਚਾਰ ਘਰੀ ਲਗਿ ਥਿਰ ਭੇ ਸਾਰੇ। ਚਹੁੰ ਦਿਸ਼ਿ ਰਹੇ ਗੁਰੂ ਪਰਵਾਰੇ ॥ ੩੬ ॥ ਰਿਦੈ ਅਨੰਦਤਿ ਹੁਇ ਮਹਿਪਾਲਾ। ਕਰਿ ਬੰਦਨ ਗਮਨਯੋਂ ਤਿਸ ਕਾਲਾ। ਉਚਰਤਿ ਮਗ ਤਾਰੀਫ[11] ਬਿਸਾਲਾ। ਅਪਨੇ ਸੰਗ ਜਿ ਮਾਨਵ ਜਾਲਾ ॥ ੩੭ ॥ 'ਧੰਨ ਗੁਰੂ ਅਰੁ ਗੁਰੁ ਕੋ ਨੰਦ। ਮੈਂ ਦਰਸ਼ਨ ਕਰਿ ਭਯੋ ਅਨੰਦ। ਜਿਨ ਕੀ ਕਰੁਨਾ ਤੇ ਸਰ ਕਰਯੋ। ਦੇਸ਼ ਕਾਮਰੂ ਜੋ ਬਹੁ ਅਰਯੋ ॥ ੩੮ ॥ ਜੀਵ ਦਾਨ ਮੋਕਹੁ ਗੁਰ ਦੀਨਾ। ਨਤੁ ਕਿਸਨੇ ਮਮ ਜੀਵਨ ਚੀਨਾ[12]। ਮਿਲੌਂ ਸ਼ਾਹੁ ਸੋ ਮਾਨ ਸਮੇਤ।ਲੇ ਆਇਸੁ ਕੌ ਚਲੌਂ

[1]ਬਿਲੌਰੀ ਭਾਂਡੇ ਵਿਚ ਜਿਵੇਂ ਰੰਗ ਚਮਕਦਾ ਹੈ। [2]ਸੁੰਦਰ। [3]ਗੁਰੂ ਹਰਿ ਗੋਬਿੰਦ ਜੀ ਸਮ। [4]ਸ਼ੋਭਾ, ਸਰੂਪ। [5]ਮਿੱਤ੍ਰਾਂ ਦੇ ਸਹਾਇਕ ਹੋਣਗੇ ਤੇ ਵੈਰੀਆਂ ਦੇ ਖਪਾਵਣ ਵਾਲੇ। [6]ਹੱਥੀਂ। [7]ਗੁਰੂ ਜੀ ਨੂੰ। [8]ਚਰਨਾਂ ਨੂੰ। [9]ਗਰੀਬਾਂ ਨੂੰ। [10]ਮਰਾਸੀ, ਡੂੰਮ ਤੇ ਕਲੌਂਤ। [11]ਉਸਤਤੀ। [12]ਨਹੀਂ ਤਾਂ ਮੈਨੂੰ ਜੀਂਵਦਾ ਕਿਸ ਵੇਖਣਾ ਸੀ।

ਨਿਕੇਤ' ॥ ੩੯ ॥ 'ਹੈ ਇਮ ਹੀ' ਸਭਿ ਮੰਤ੍ਰੀ ਕਹੈਂ। 'ਤੁਮਰੇ ਭਾਗ ਬਡੇ ਹਮ ਲਹੈਂ। ਜਿਸ ਤੇ ਇਸ ਦਿਸ਼ਿ ਕੋ ਗੁਰ ਆਏ। ਕਾਜ ਤੁਹਾਰੇ ਸਭਿ ਸਫਲਾਏ' ॥ ੪੦ ॥ ਇੱਤਯਾਦਿਕ ਬਹੁ ਜਸੁ ਕੋ ਕਰਯੋ। ਬਿਸ਼ਨਸਿੰਘ ਡੇਰੇ ਨਿਜ ਥਿਰਯੋ। ਤਨ ਮਨ ਤੇ ਸਤਿਗੁਰ ਕੋ ਦਾਸ। ਜਿਨ ਤੇ ਪੂਰਨ ਭੀ ਉਰ ਆਸ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਪਟਣੇ ਪ੍ਰਵੇਸ਼ ਸ੍ਰੀ ਸਤਿਗੁਰੂ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥ ੨੩ ॥

## ੨੪. [ਪਟਣੇ ਨਿਵਾਸ। ਰਾਜਾ ਵਿਦਾ]।

ਦੋਹਰਾ ॥ ਸ੍ਰੀ ਸਤਿਗੁਰ ਥਿਰ ਸਭਾ ਮਹਿਂ ਸੰਗਤਿ ਦਰਸ਼ਨ ਦੀਨਿ। ਅਰਪਿ ਉਪਾਇਨ ਸਭਿ ਮਿਲੇ ਪੂਰ ਕਾਮਨਾ ਕੀਨਿ ॥ ੧ ॥ ਚੌਪਈ ॥ ਪੁਨ ਉਠਿ ਗਮਨੇ ਲੇ ਸੁਤ ਸਾਥ। ਜਨਨੀ[1] ਨਿਕਟਿ ਗਏ ਗੁਰ ਨਾਥ। ਨੰਮ੍ਰਿ ਹੋਇ ਕਰਿ ਸੀਸ ਨਿਵਾਯੋ। ਪਿਖਿ ਨੰਦਨ ਦ੍ਰਿਗ ਮਹਿਂ ਜਲ ਛਾਯੋ ॥ ੨ ॥ ਅਧਿਕ ਬ੍ਰਿਧਾ ਸੁਤ ਪ੍ਰੇਮ ਬਿਸਾਲਾ। ਸੁਤ ਅੰਗਨਿ[2] ਪਰਸਹਿ ਕਰ ਨਾਲਾ। ਆਸ਼ਿਖ ਦੇਤਿ 'ਪੁੱਤ੍ਰ ਤੁਮ ਜੀਵਹੁ। ਸਹਤਿ ਅਨੰਦ ਬਡੀ ਬਯ ਥੀਵਹੁ। ॥ ੩ ॥ ਸੁਖ ਪਾਵਹੁ ਸਭਿ ਰੀਤਿ ਸੁਭਾਇਕ। ਸ੍ਰੀ ਨਾਨਕ ਜੀ ਸਦਾ ਸਹਾਇਕ'। ਤਬਿ ਗੁਜਰੀ ਪਹੁੰਚੀ ਕਰ ਜੋਰੇ।ਨੰਮ੍ਰਿ ਹੋਇ ਪਤਿ ਚਰਨ ਨਿਹੋਰੇ ॥ ੪ ॥ ਦਾਸੀ ਦਾਸ ਨਮੋ ਸਭਿ ਕਰਿਕੈ। ਰਹੇ ਗੁਰੂ ਕੋ ਰੂਪ ਨਿਹਰਿਕੈ। ਸਾਹਿਬਜ਼ਾਦੇ ਕੀ ਦਿਸ਼ਿ ਸਾਰੇ। ਤਿਸ ਛਿਨ ਸਤਿਗੁਰ ਸਹਤਿ ਨਿਹਾਰੇ ॥੫॥ ਬੂਝੈਂ 'ਇਤਹੁੰ ਪਿਤਾ ਜੀ ਗਏ। ਕਿਤਿਕ ਦੂਰ ਲੌ ਪ੍ਰਾਪਤਿ ਭਏ ? ਸਾਗਰ ਬੇਲਾ[3] ਲਗਿ ਅਵਿਲੋਕਾ।ਕਿਧੌਂ ਉਰੇ ਹੀ ਜਾਵਨਿ ਰੋਕਾ[4]? ॥੬॥ ਕੌਨ ਦੇਸ਼ ਹਿਤ ਗਏ ਲਰਾਈ ? ਭਈ ਕਿ ਨਹੀਂ ਮਿਲੇ ਰਿਪੁ ਆਈ ?' ਮਧੁਰ ਪੁੱਤ੍ਰ ਕੇ ਬਾਕ ਸੁਹਾਏ। ਸੁਨਿ ਸਤਿਗੁਰੂ ਬ੍ਰਿਤਾਂਤ ਬਤਾਏ ॥ ੭ ॥ 'ਦੇਸ਼ ਕਾਮਰੂ ਮੰਤ੍ਰਨਿ ਜੋਰ। ਗੁਰ ਕੇ ਸਿੱਖ ਬਸਹਿ ਤਿਸ ਠੌਰ।ਸ੍ਰੀ ਨਾਨਕ ਪਹੁੰਚੇ ਇਕ ਕਾਲ। ਬਾਲਾ ਮਰਦਾਨਾ ਜੁਗ ਨਾਲ ॥ ੮ ॥ ਪੁਰਿ ਕੇ ਵਹਿਰ ਗੁਰੂ ਟਿਕ ਰਹੇ। ਸਿੱਖੀ ਪ੍ਰਗਟਾਵਨਿ ਕੋ ਕਹੇ। ਤ੍ਰਿਖਾ ਲਗੀ ਮਰਦਾਨੇ ਜਾਨੀ। ਗਮਨਯੋਂ ਪੁਰਿ ਹਿਤ ਪੀਵਨਿ ਪਾਨੀ ॥ ੯ ॥ ਤਹਿਂ ਮੇਢਾ ਕਰਿ ਬੰਧਨਿ ਕੀਨਾ। ਸ੍ਰੀ ਨਾਨਕ ਜਬਿ ਐਸੇ ਚੀਨਾ। ਗਏ ਛੁਡਾਵਨਿ ਤ੍ਰਿਯ ਉਤਲਾਈ[5]। ਗੁਰ

[1]ਮਾਤਾ ਨਾਨਕੀ ਜੀ। [2]ਪੁੱਤਰ ਦੇ ਅੰਗਾਂ ਨੂੰ। [3]ਸਮੁੰਦਰ ਦਾ ਕੰਢਾ। [4]ਜਾਣਾ ਰੋਕ ਲਿਆ। [5]ਇਕ ਇਸਤ੍ਰੀ ਛੇਤੀ ਨਾਲ।

ਗੁਰ ਤਾਗਾ ਪਾਵਨਿ ਧਾਈ ॥ ੧੦ ॥ ਤਤਛਿਨ ਭੇਡ ਦੋਹਿ ਕੇ ਧਾਗਾ[1]।
ਦੂਜੀ ਨੇ ਬਾਲਾ ਸੁ ਨਿਹਾਰਾ। ਤਿਸ ਢਿਗ ਪਹੁੰਚੀ ਸਰਮਾ ਬਨੀ[2]। ਪਿਖੀ
ਤ੍ਰਿਯਾ ਆਇ ਤਿਨ ਧਨੀ[3] ॥ ੧੧ ॥ ਮਰਦਾਨੇ ਕੋ ਮਨੁਖ ਬਨਾਯੋ। ਗੁਰ
ਪ੍ਰਤਾਪ ਕੋ ਤਿਨ ਲਖਿ ਪਾਯੋ। ਭਏ ਸਿੱਖ ਧ੍ਰਮਸਾਲਾ ਕਰੀ। ਭਾਉ ਪ੍ਰਤੀਤ
ਭਗਤਿ ਕੀ ਧਰੀ॥੧੨॥ਤੁਰਕਨਿ ਤੇ ਮਵਾਸ[4] ਤਹਿਂ ਰਾਜਾ।ਮੰਤ੍ਰਨਿ ਤੇ ਨਰ
ਕਰਹਿਂ ਕੁਕਾਜਾ। ਬਿਸ਼ਨ ਸਿੰਘ ਨ੍ਰਿਪ ਤਹਾਂ ਪਠਾਯੋ। ਇਹ ਡਰ ਕਰਿ
ਹਮ ਸ਼ਰਨੀ ਆਯੋ ॥ ੧੩ ॥ ਗਯੋ ਸੰਗ ਲੇ ਕਾਰਜ ਸਰੇ[5]। ਦੁਹੂੰ ਦਿਸ਼ਿ
ਮੇਲ ਹਮਹੁ ਤਿਨ ਕਰੇ। ਬਿਸ਼ਨ ਸਿੰਘ ਕੀ ਪਤ ਰਹਿ ਆਈ। ਹਟੇ ਜੀਤ
ਕੀ ਬੰਬ ਬਜਾਈ' ॥ ੧੪ ॥ ਸੁਨਿ ਹਰਖਯੋ ਸਗਰੋ ਪਰਿਵਾਰ। ਅਨਿਕ
ਭਾਂਤਿ ਕੇ ਕਰੇ ਅਹਾਰ। ਕਰਿ ਕਰਿ ਅਚਵਾਵਹਿਂ ਹਰਖਾਇ। ਪੁੱਤ੍ਰ ਸਮੇਤ
ਗੁਰੂ ਤ੍ਰਿਪਤਾਇ ॥ ੧੫ ॥ ਸੰਗਤਿ ਪੁਰਿ ਪਟਣੇ ਕੀ ਆਵੈ। ਦਰਸ਼ਨ ਕਰਿ
ਅਕੋਰ ਅਰਪਾਵੈ। ਗਏ ਦੇਸ਼ ਜਿਸ, ਬੂਝਹਿਂ ਬਾਤੀ[6]। ਸੁਨਿ ਸੁਨਿ ਜਸੁ
ਕੋ ਕਹਿਂ ਬਹੁ ਭਾਂਤੀ ॥ ੧੬ ॥ 'ਤੁਮ ਬਿਨ ਕੌਨ ਕਰੈ ਸਰ ਜਾਇ। ਦੇਸ਼
ਕਾਮਰੂ ਮੰਤ੍ਰਨਿ ਥਾਇਂ। ਮਾਨ ਸਿੰਘ ਸੇ ਮਾਰੇ ਜਹਾਂ।ਅਪਰਨਿ ਕੀ ਗਿਨਤੀ
ਕਹੁ ਕਹਾਂ' ॥ ੧੭ ॥ ਬਡੀ ਭੀਰ ਸਤਿਗੁਰ ਘਰ ਹੋਈ। ਆਵਹਿਂ ਅਨਿਕ
ਜਾਹਿਂ ਚਲਿ ਕੋਈ। ਲਗਯੋ ਅੰਬਾਰ ਅਕੋਰਨ ਕੇਰੇ। ਜਿਤ ਕਿਤ ਮੰਗਲ
ਵਧੇ ਵਧੇਰੇ॥ ੧੮ ॥ ਰਹਨਿ ਲਗੇ ਸਤਿਗੁਰੁ ਨਿਜ ਧਾਮੂ। ਹੋਤਿ ਕੀਰਤਨ
ਨਿਤ ਅਭਿਰਾਮੂ। ਤੀਨ ਦਿਵਸ ਤਹਿਂ ਬਸਯੋ ਨਰੇਸ਼ਾ। ਪਹੁੰਚਯੋ ਚਹੈ
ਨਿਕਟਿ ਤੁਰਕੇਸ਼ਾ ॥ ੧੯ ॥ ਆਇ ਗੁਰੂ ਢਿਗ ਗ੍ਰੀਵ ਨਿਵਾਈ। ਸਭਿ
ਬ੍ਰਿਤੰਤ ਕਹਿ ਲੀਨਿ ਬਿਦਾਈ। ਅਧਿਕ ਦਰਬ ਕੋ ਧਰਿ ਕਰਿ ਆਗੇ।
ਬਿਨਤੀ ਭਨੀ ਪ੍ਰੇਮ ਰਸ ਪਾਗੇ॥੨੦॥ 'ਕ੍ਰਿਪਾ ਤੁਮਾਰੀ ਤੇ ਜਸੁ ਪਾਯੋ। ਸੁਖ
ਸਮੇਤ ਮੈਂ ਸਰ ਕਰਿ ਆਯੋ। ਅਬਿ ਤੁਰਕੇਸ਼ੁਰ ਨਿਕਟਿ ਸਿਧਾਊਂ। ਮਿਲਿ
ਕਰਿ ਪੁਨ ਅਪਨੇ ਘਰ ਜਾਊਂ ॥ ੨੧ ॥ ਚਿਰੰਕਾਲ ਬੀਤਾ ਤੁਮ ਜਾਨੋ'।
ਸੁਨਿ ਸਤਿਗੁਰ ਤਬਿ ਹੁਕਮ ਬਖਾਨੋ। 'ਗਮਨਹੁ ਜਾਹੁ ਦੇਸ਼ ਨਿਜ ਫੇਰ।
ਸਿਮਰਹੁ ਸੱਤਿਨਾਮ ਸੁਖ ਹੇਰਿ ॥੨੨॥ ਬਿਘਨ ਪਰੇ ਸਤਿਗੁਰੂ ਅਰਾਧਹੁ।
ਅਨਿਕ ਬਿਧਿਨਿ ਕੀ ਬਾਧਾ ਬਾਧਹੁ[7]'। ਸੁਨਤਿ ਸੀਖ ਕੋ[8] ਬੰਦਨ ਠਾਨੀ।

[1]ਭਾਵ ਉਸ ਇਸਤ੍ਰੀ ਨੇ। [2]ਉਹ ਕੁੱਤੀ ਬਣ ਗਈ। [3]ਤਿਨ੍ਹ ਦੇ ਪਤੀ। [4]ਆਕੀ। [5]ਪੂਰਾ ਹੋਇਆ। [6]ਜਿਸ ਦੇਸ਼ ਗਏ ਸਨ ਉਥੋਂ ਦੀਆਂ ਗੱਲਾਂ ਪੁੱਛਦੇ ਹਨ। [7]ਪੀੜਾ ਦੂਰ ਕਰੇ। [8]ਸਿੱਖਿਆ ਨੂੰ ਸੁਣ ਕੇ।

ਬਿਛੁਰਿ ਨ ਸਾਕਹਿ ਪ੍ਰੀਤ ਮਹਾਨੀ ॥ ੨੩ ॥ ਲੇ ਆਗਜਾ ਕੋ ਆਯਹੁ ਡੇਰੇ।
ਲਸ਼ਕਰ ਤਯਾਰੀ ਕਰਿ ਤਿਸ ਬੇਰੇ। ਕਰਯੋ ਕੂਚ ਦਿੱਲੀ ਦਿਸ਼ਿ ਗਯੋ।
ਮਿਲਯੋ ਸ਼ਾਹੁ ਘਰ ਪੁਨ ਪਠਿ ਦਯੋ ॥੨੪॥ ਸ੍ਰੀ ਗੁਰ ਤੇਗਬਹਾਦਰ ਤਬੈ।
ਉਪਦੇਸ਼ਤਿ ਸੰਗਤਿ ਸਿਖ ਸਬੈ। ਨਾਨਾ ਕਰਹਿਂ ਕਾਮਨਾ ਪੂਰੀ। ਸਿਖੀ
ਬਿਸਤਾਰੀ ਗੁਨ ਰੂਰੀ ॥ ੨੫ ॥ ਸੁਤ ਕੋ ਦੇਖਤਿ ਅਧਿਕ ਅਨੰਦਹਿਂ।
ਜਾਨਹਿਂ–ਇਹ ਜਰ ਤੁਰਕ ਨਿਕੰਦਹਿਂ[1]–। ਮਨ ਸਨੇਹੁ ਕੇ ਸਨੇ ਬਡੇਰੇ।
ਕਰਹਿਂ ਬਿਠਾਵਨਿ ਅਪਨੇ ਨੇਰੇ ॥ ੨੬ ॥ ਲੀਲਾ ਜਥਾ ਜੰਗ ਕੀ ਠਾਨੈਂ।
ਰਚਹਿਂ ਭਵਿੱਖੰਤ ਮਹਿਂ ਤਿਮ ਜਾਨੈਂ। ਬ੍ਰਹਮ ਗਯਾਨ ਤੇ ਉਤਪਤਿ ਹੋਵਾ।
ਮਨਹੁਂ ਬੀਰ ਰਸ ਲਘੁ ਤਨ ਜੋਵਾ ॥ ੨੭ ॥ ਜਿਮ ਦਸਰਥ ਕਰਿ ਪ੍ਰੇਮ
ਬਿਲੰਦਹਿ। ਦੇਖਤਿ ਰਾਮਚੰਦ ਨਿਜ ਨੰਦਹਿ। ਤਥਾ ਦੁਲਾਰਤਿ ਅੰਕ
ਬਿਠਾਵੈਂ। ਹਰਿ ਬਸੁਦੇਵ ਮਨਿੰਦ ਸੁਹਾਵੈਂ[2] ॥ ੨੮ ॥ ਪੋਖਤਿ ਪਾਲਤਿ ਪਟ
ਪਹਿਰਾਵਹਿਂ।ਪਹਿਰਿ ਬਿਭੂਖਨ ਸਭਿ ਮਨ ਭਾਵਹਿਂ। ਕਰ ਗੁਲੇਲ ਐਂਚਹਿਂ
ਕਰਿ ਬਲ ਕੋ। ਹੇਰਤਿ ਹਤਹਿਂ ਨਿਸ਼ਾਨੇ ਥਲ ਕੋ ॥ ੨੯ ॥ ਬਹੁ ਸ਼ਾਹਨਿ
ਕੇ ਬਾਲਿਕ ਆਵੈਂ। ਮਿਲਿ ਕਰਿ ਤਿਨ ਸੋਂ ਖੇਲ ਮਚਾਵੈਂ। ਆਧੇ ਇਕ
ਦਿਸ਼ਿ ਠਾਢੇ ਕਰੈਂ। ਆਧੇ ਲੈ ਅਪਨੇ ਸੰਗ ਥਿਰੈਂ ॥ ੩੦ ॥ ਹੇਲਾ ਕਰਨਿ
ਮਨਿੰਦ ਮਿਲੰਤੇ। ਮਾਰਿ ਮਾਰਿ ਕਰਿ ਮਨਹੁਂ ਲਰੰਤੇ। ਇਕ ਗਾਢੇ[3] ਹੁਇ
ਠਾਢੇ ਰਹੈ। ਬਾਢੈਂ ਉਰ ਉਤਸਾਹ ਜੁ ਚਹੈਂ[4] ॥ ੩੧ ॥ ਕਰਿ ਸਨੇਹੁ ਗੁਰ
ਨਿਕਟਿ ਬੁਲਾਵੈਂ। 'ਅਬਿਹੂੰ ਕਹਾਂ ਕਰਨਿ ਰਣ ਭਾਵੈ। ਥਿਰ ਹੁਇ ਬੈਠਹੁ
ਹਮਰੇ ਪਾਸ। ਸੁਨਹੁ ਕਰਤਿ ਹੈਂ ਸਿਖ ਅਰਦਾਸ' ॥ ੩੨ ॥ ਇੱਤਯਾਦਿਕ
ਕਹਿ ਬਾਕ ਦਿਲਾਸੇ। ਕਿਤਿਕ ਸਮੈ ਰਾਖੈਂ ਨਿਜ ਪਾਸੇ। ਬਹੁਰ ਜਾਇਂ
ਬਾਲਿਕ ਮਹਿਂ ਖੇਲਹਿਂ। ਰੇਲ ਧਕੇਲਹਿਂ ਕਿਸ ਹੂ ਝੇਲਹਿਂ[5] ॥ ੩੩ ॥ ਬਜਹਿਂ
ਬਿਭੂਖਨ ਦੌਰਤਿ ਜਾਤੇ। ਰਹਹਿਂ ਖੇਲ ਬਾਲਿਕ ਮਹਿਂ ਰਾਤੇ। ਸਤਿਗੁਰ
ਬੈਠਹਿਂ ਲਾਇ ਦਿਵਾਨ। ਸੁਧਿ ਪਸਰੀ ਢਿਗ ਦੂਰ ਕਿ ਥਾਨ[6] ॥ ੩੪ ॥
ਪੂਰਬ ਤੇ ਪਟਣੇ ਮਹਿਂ ਆਏ[7]। ਸੁਨਿ ਸਿੱਖ ਦੂਰ ਦੂਰ ਤੇ ਆਏ।ਦਰਸ਼ਨ

[1]ਨਾਸ਼ ਕਰੇਗਾ। [2]ਕ੍ਰਿਸ਼ਨ ਤੇ ਵਸਦੇਵ ਵਾਂਕੂ ਸ਼ੋਭ ਰਹੇ ਹਨ। [3]ਤਕੜੇ। [4]( ਦੂਸਰੇ ) ਜੋ ਜੀ ਵਿਚ ਉਤਸਾਹ ( ਹੱਲੇ ਦਾ ) ਚਾਹੁੰਦੇ ਹਨ ਓਹ ਅੱਗੇ ਵਧਦੇ ਹਨ। [5]ਧੱਕਾ ਦੇਕੇ ( ਕਿਸੇ ਨੂੰ ) ਰੇੜ੍ਹਦੇ ਹਨ ਤੇ ਕਿਸੇ ਦਾ ਧੱਕਾ ਝੱਲਦੇ ਹਨ। [6]ਦੂਰ ਦਿਆਂ ਥਾਵਾਂ ਵਿਚ। [7]ਕਿ ਪੂਰਬ ਪਾਸਿਓਂ ਪਟਣੇ ਆ ਗਏ ਹਨ।

ਕਰਹਿਂ ਕਾਮਨਾ ਪਾਵੈਂ। ਸਫਲ ਜਾਨਿ ਭੇਟਨਿ ਅਰਪਾਵੈਂ ॥੩੫॥ ਸੰਗਤਿ ਨਈ ਨਿਤਾਪ੍ਰਤਿ ਆਇ। ਦਰਸਹਿ ਗੁਰ ਕੇ ਚਰਨ ਮਨਾਇ। ਅਨਿਕ ਮਸੰਦ ਦਰਬ ਲੇ ਘਨੇ। ਸਿੱਖਨਿ ਤੇ ਸੰਚਹਿਂ ਹਿਤ ਸਨੇ ॥ ੩੬ ॥ ਸੋ ਆਵਹਿਂ ਗੁਰ ਕੋ ਅਰਪੰਤੇ। ਰਹੈਂ ਨਿਕਟਿ ਕੇ ਦਿਨ ਦਰਸੰਤੇ।ਪੁਨ ਸਿਰੁ-ਪਾਉ ਲੇਤਿ ਹੈਂ ਗੁਰ ਤੇ। ਬਿਦਾ ਹੋਇ ਨਿਕਸਹਿਂ ਤਿਸ ਪੁਰਿ ਤੇ॥ ੩੭ ॥ ਆਪੋ ਅਪਨੇ ਥਾਨ ਪਯਾਨਹਿਂ।ਗੁਰਧਨ ਕੋ ਉਗਰਾਹਨਿ ਠਾਨਹਿਂ। ਖਸ਼ਟ ਮਾਸ ਕੈ ਸੰਮਤ ਮਾਹੀਂ[1]। ਲੇਕਰਿ ਦਰਬ ਆਇਂ ਪੁਨ ਪਾਹੀ ॥ ੩੮ ॥ ਇਸ ਪ੍ਰਕਾਰ ਸ੍ਰੀ ਤੇਗ ਬਹਾਦਰ। ਬਸਤਿ ਭਏ ਪਟਨੇ ਪੁਰਿ ਸਾਦਰ। ਸਿੱਖੀ ਕੋ ਬਿਸਤਾਰਤਿ ਮਹਾਂ। ਸੱਤਿਨਾਮ ਸਿਮਰਤਿ ਜਹਿਂ ਕਹਾਂ ॥ ੩੯ ॥ ਮਾਤ ਨਾਨਕੀ ਦੇਖਿ ਅਨੰਦਤਿ।ਸੁਤ ਸੁਤ ਕੇ ਯੁਤਿ ਲਖਿ ਪ੍ਰਭੁ ਬੰਦਤਿ[2]।–ਬਡੇ ਗੁਰਨ ਕੇ ਸਾਚੇ ਬੈਨ। ਭਏ ਬਿਦਤਿ, ਅਬਿ ਦਿਖੀਯਤਿ ਨੈਨ ॥ ੪੦ ॥ ਅਨਿਕ ਬਿਧਿਨਿ ਭੋਜਨਬਨਿਵਾਵਹਿ।ਬੈਠਿ ਸਮੀਪ ਜੁਗਨਿਤ੍ਰਿਪਤਾਵਹਿ। ਅਧਿਕ ਪਦਾਰਥ ਨਿਤ ਪ੍ਰਤਿ ਆਵੈਂ। ਚਲਹਿ ਦੇਗ ਸਭਿ ਨਰ ਗਨ ਖਾਵੈਂ ॥ ੪੧ ॥ ਕਿਸ ਬਿਧਿ ਕਮੀ ਰਹੈ ਨਹਿਂ ਕੋਈ। ਜਹਿਂ ਬਿਸਰਾਮ ਗੁਰਨਿ ਕਹੁ ਹੋਈ। ਇਸ ਪ੍ਰਕਾਰ ਬਸਿ ਕੇਤਿਕ ਮਾਸ। ਸਿਖ ਸੰਗਤਿ ਕੀ ਪੂਰੀ ਆਸ ॥੪੨॥ ਕਿਤਿਕ ਫਕੀਰ ਤੀਰਥਨਿ ਮੱਜੇ। ਗੁਰ ਕੇ ਸੰਗ ਫਿਰੇ ਅਘ ਭੰਜੇ। ਬਹੁਰ ਪਯਾਨੇ ਜਿਤ ਚਿਤ ਚਾਹੀ। ਕੇਤਿਕ ਰਹੇ ਬਹੁਰ ਗੁਰ ਪਾਹੀਂ॥੪੩॥ਤਿਮ ਕੇਤਿਕ ਸਿਖ ਸੰਗ ਰਹੇ ਹੈਂ। ਕੇਤਿਕ ਘਰ ਕੋ ਮਿਲਿਨਿ ਚਹੇ ਹੈਂ। ਆਗਯਾ ਲੇ ਪ੍ਰਭੁ ਕੀ ਸੋ ਗਏ। ਜਨਮ ਉਧਾਰਿ ਆਪਨੋ ਕਏ ॥ ੪੪ ॥ ਕੇਤਿਕ ਨਏ ਆਨਿ ਸਿਖ ਰਹੇ। ਗੁਰ ਕੋ ਸੰਗ ਮਹਾਂ ਫਲ ਲਹੇ। ਮਤੀ ਦਾਸ ਮਤਿਵਾਨ ਦਿਵਾਨ। ਆਮਦ ਖਰਚ ਸੰਭਾਰਨਿ ਠਾਨਿ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਗੁਰ ਤੇਗ ਬਹਾਦਰ ਆਗਵਨ' ਪ੍ਰਸੰਗ ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥ ੨੪ ॥

### ੨੫. [ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਨੂੰ ਧੀਰਜ]।

ਦੋਹਰਾ ॥ ਕਿਤਿਕ ਮਾਸ ਸ੍ਰੀ ਸਤਿਗੁਰੂ ਪਟਨੇ ਬਿਖੇ ਬਿਤਾਇ।–ਗਮਨਹਿਂ ਅਬਿ ਪੰਜਾਬ ਕੋ–ਉਰ ਅਭਿਲਾਖ ਉਠਾਇ॥ ੧॥ ਚੌਪਈ॥ ਮਾਤ ਨਾਨਕੀ ਸੋਂ ਤਬਿ ਕਹਯੋ। 'ਹਮ ਪ੍ਰਸਥਾਨ ਆਪਨੋ ਲਹਯੋ। ਬਡੋ ਦੇਸ਼ ਪੰਜਾਬ

---

[1]ਛੇ ਮਹੀਨੇ ਯਾ ਸਾਲ ਵਿਚ। [2]ਪੁੱਤ੍ਰ ਨੂੰ ਪੁੱਤ੍ਰ ਸਹਿਤ ਜਾਣਕੇ ਪ੍ਰਭੂ ਨੂੰ ਬੰਦਨਾ ਕਰਦੀ ਹੈ।

ਹਮਾਰਾ[1]। ਤਜਾਗਯੋ ਬੀਤਯੋ ਸਮਾ ਉਦਾਰਾ ॥੨॥ ਕੇਤਿਕ ਸੰਮਤਿ ਇਤਹਿ ਬਿਤਾਏ। ਪੂਰਬ ਬਸੇ ਅਧਿਕ ਸੁਖ ਪਾਏ[2]। ਅਬਿ ਅਨੰਦ ਪੁਰਿ ਦੇਖਹਿਂ ਜਾਈ। ਜੋ ਆਵਤਿ[3] ਹਮ ਦਿਯੋ ਬਸਾਈ ॥੩॥ਤਿਸਹਿ ਬਸਾਵਨਿ ਕਰਹਿਂ ਬਿਸਾਲਾ। ਨਹਿਂ ਦੇਖਯੋ ਬੀਤਯੋ ਚਿਰ ਕਾਲਾ। ਪੁਰਿ ਕੀ ਸਾਰ ਸੰਭਾਲਹਿਂ ਜਾਇ'। ਇਮ ਸੁਨਿ ਮਾਤ ਦ੍ਰਿਗਨ ਜਲ ਆਇ॥ ੪॥ 'ਕੇਤਿਕ ਸੰਮਤ ਪ੍ਰਥਮ ਬਿਤਾਏ। ਬਿਛੁਰਿ ਰਹੇ ਪੂਰਬ ਦਿਸ਼ਿ ਜਾਏ। ਚਿਰੰਕਾਲ ਮਹਿਂ ਦਰ-ਸ਼ਨ ਦੀਨਾ। ਅਬਿ ਪੁਨ ਚਹਹੁ ਪਯਾਨੋ ਕੀਨਾ॥੫॥ਦੇਖਨਿ ਕੋ ਤਰਸਤਿ ਚਿਤ ਰਹੇ। ਤੁਮ ਬਿਨ ਕਿਮ ਧੀਰਜ ਉਰ ਲਹੇ'। ਸੁਨਿ ਸਤਿਗੁਰ ਮ੍ਰਿਦੁ ਬਾਕ ਬਖਾਨੇ। 'ਹਮ ਪੰਜਾਬ ਅਬਿ ਕਰਹਿਂ ਪਯਾਨੇ ॥ ੬ ॥ ਤਹਾਂ ਬਸਹਿਂ ਜਬਿ ਕੇਤਿਕ ਕਾਲ। ਕਰਹਿਂ ਪਠਾਵਨ ਸੁਧ ਦਰਹਾਲ[4]। ਇਤਨੇ ਮਹਿਂ ਇਹ ਸਾਹਿਬਜ਼ਾਦਾ। ਵਧਹਿ ਸਰੀਰ ਓਜ ਹੁਇ ਜ਼ਯਾਦਾ ॥ ੭ ॥ ਤਬਿ ਲੇ ਕਰਿ ਨਿਜ ਸੰਗ ਸੁਖਾਰੇ। ਉਤ ਕੋ ਆਵਹੁ ਬਿਲਮ ਬਿਸਾਰੇ।ਇਸੀ ਹੇਤੁ ਹਮ ਕਰਹਿਂ ਪਯਾਨਾ। ਲਘੁ ਗੁਰੂ ਸੰਗ ਬਸਹੁ ਨਿਜ ਥਾਨਾ' ॥ ੮ ॥ ਕਹੈ ਮਾਤ 'ਉਤ ਅਧਿਕ ਬਖੇਰੇ। ਅਲਪ ਬੈਸ ਮੈਂ ਤੁਮ ਜਬਿ ਹੇਰੇ। ਅਨਿਕ ਭਾਂਤਿ ਉਤਪਾਤ ਬਿਸਾਲੇ। ਸੋਢੀ ਕਰਹਿਂ ਸ਼ਰੀਕਾ ਨਾਲੇ ॥ ੯ ॥ ਦੇਖਿ ਸਮਾਜ ਜੂਲਤ ਬਹੁ ਛਾਤੀ। ਬਨਹਿਂ ਦੁਖਦ ਜਿਮ ਦੀਹ ਅਰਾਤੀ[5]। ਜਬਿ ਕੇ ਇਤ ਦਿਸ਼ਿ ਕੋ ਚਲਿ ਆਏ। ਬਿਨ ਉਤਪਾਤ ਬਹੁਤ ਸੁਖ ਪਾਏ ॥ ੧੦ ॥ ਕਹਾਂ ਗ੍ਰਾਮ ਅਰੁ ਨਗਰ ਬਸਾਵਨਿ। ਕਰਹੁ ਕਹਾਂ ਤਿਨ ਤੇ ਕੁਛ ਪਾਵਨਿ[6]। ਗਮਨ ਕਰਹੁ ਨਹਿਂ, ਮਸਲਤ ਮੋਰੀ। ਬਸਨ ਭਲੋ ਪੂਰਬ ਦਿਸ਼ਿ ਓਰੀ' ॥ ੧੧ ॥ ਸੁਨਿ ਸਤਿਗੁਰ ਮਾਤਾ ਸਮੁਝਾਈ। 'ਹੁਤੇ ਪਿਤਾ ਸਮਰੱਥ ਗੁਸਾਈਂ। ਤੁਰਕੇਸ਼ੁਰ ਕੇ ਸੰਗ ਬਖੇਰਾ। ਰਹਯੋ ਸਦੀਵ ਜੰਗ ਕੋ ਝੇਰਾ॥੧੨॥ਹਮ ਕਿਸ ਕੇ ਸੰਗ ਦ੍ਵੈਸ਼ ਨ ਧਰੈਂ।ਮਤਸਰ ਬੈਰ ਅਪਰ ਕੋ ਕਰੈ ? ਤਹਿਂ ਪਹੁੰਚੇ ਬਿਨ ਸਰੈ ਨ ਕਾਜੂ।ਅਪਨੋ ਬੈਸ ਬਿਸਾਲ ਸਮਾਜੂ ॥ ੧੩ ॥ ਤਿਨ ਮਹਿਂ ਇਹ[7] ਪ੍ਰਕਾਸ਼ ਕੋ ਧਰੈ। ਉਡਗਨ ਬਿਖੇ ਚੰਦ ਜਸੋਂ ਕਰੈ। ਅਨਿਕ ਬਿਧਿਨਿ ਕੇ ਕਾਜ ਅਸ਼ੇਸ਼। ਕਰਹਿ ਤਹਾਂ ਹੁਇ ਬੈਸ

[1]ਸਾਡੇ ਵਡਿਆਂ ਦਾ। (ਅ) ਸਾਡਾ ਪੰਜਾਬ ਦੇਸ਼ ਜੋ ਵੱਡਾ ਹੈ। [2]ਪੂਰਬ ਵੱਲ ਵੱਸ ਕੇ ਬੜਾ ਸੁਖ ਪਾਇਆ ਹੈ। [3]ਆਂਵਦਿਆਂ। [4]ਛੇਤੀ ਹੀ। [5]ਭਾਰੇ ਵੈਰੀ। [6]ਉਨ੍ਹਾਂ ਤੋਂ ਕੀ ਲੈਣਾ ਹੈ। [7]ਭਾਵ ਸ਼੍ਰੀ ਗੋਬਿੰਦ ਸਿੰਘ ਜੀ।

ਬਿਸੇਸ[1] ॥ ੧੪ ॥ ਇੱਤਯਾਦਿਕ ਗੁਰ ਕੀਨਿ ਬਖਾਨ । ਦੀਨਸਿ ਧੀਰਜ ਰਿਦੈ ਮਹਾਨ । ਪੁਨ ਸ਼੍ਰੀ ਗੁਜਰੀ ਸਾਥ ਉਚਾਰਾ।'ਨਿਜ ਸੁਤ ਕੋ ਰਹੀਅਹਿ ਅਨੁਸਾਰਾ ॥ ੧੫ ॥ ਮਹਾਂਪੁਰਖ ਕੋ ਇਹ ਅਵਤਾਰੂ । ਧਾਰਹਿ ਤੇਜ ਪ੍ਰਤਾਪ ਉਦਾਰੂ । ਮੁਖ ਤੇ ਜੋ ਨਿਕਸੈ ਕਿਸ ਕਾਰਨ । ਸੋ ਸਭਿ ਫੁਰਹਿ, ਨ ਹੁਇ ਕਿਮ ਟਾਰਨ ॥੧੬॥ ਜਥਾ ਕਹਹਿ ਤਿਮ ਹੀ ਤੁਮ ਮਾਨਹੁ । ਹਠ ਬਿਸਾਲ ਕੋ ਕਯੋਂ ਹੂੰ ਨ ਠਾਨਹੁ । ਵਧਹਿ ਪ੍ਰਤਾਪ ਬਿਲੰਦ ਸਮਾਜੂ । ਕਰਹਿ ਅਨੇਕ ਰੀਤਿ ਕੇ ਕਾਜੂ ॥੧੭॥ ਜੇ ਨ ਕਹਯੋ ਮਾਨਹੁ ਇਨ ਕੇਰਾ । ਕਰਹਿੰ ਬਿਸੂ-ਰਨਿ[2] ਫੇਰ ਘਨੇਰਾ । ਗਜ ਬਾਜੀ ਸੈਨਾ ਸਮੁਦਾਇ । ਇਨ ਕੇ ਸੰਗ ਹੋਹਿੰ ਅਧਿਕਾਇ ॥ ੧੮ ॥ ਸਾਦਰ ਪ੍ਰਤਿਪਾਰਨਿ ਕੋ ਕਰੀਅਹਿ । ਸੁਤ ਕੇ ਸੁਖ ਸਭਿ ਰੀਤਿ ਨਿਹਰੀਅਹਿ । ਹਮਰੋ ਮੇਲ ਬਨੈ ਕੈ ਨਾਂਹਿ । ਕਿਮ ਬਿਸਾਸ[3] ਨਹਿੰ ਪਈਅਹਿ ਆਹਿ ॥ ੧੯ ॥ ਦੂਰ ਦੇਸ਼ ਕੋ ਪੰਥ ਬਿਸਾਲਾ । ਉਲੰਘਹੁ ਸਨੇ ਸਨੇ ਬਹੁ ਕਾਲਾ । ਰਾਖਹੁ[4] ਅੰਤਰ ਵਹਿਰ ਸੁਖਾਰੇ । ਦੂਰ ਨ ਗਮਨਹੁ ਖੇਦ ਨ ਧਾਰੇ[5] ॥ ੨੦ ॥ ਜਾਨਿ ਆਪਨੇ ਭਾਗ ਬਡੇਰੇ । ਐਸੋ ਪੁਰਖ ਭਯੋ ਗ੍ਰਿਹ ਤੇਰੇ । ਨਈ ਸਾਜਨਾ ਅਨਿਕ ਸਜਾਵੈ । ਰਿਪੁਨਿ ਘਨੇ ਘਰ ਘਾਲਿ[6] ਗਵਾਵੈ' ॥ ੨੧ ॥ ਇੱਤਯਾਦਿਕ ਸ਼੍ਰੀ ਗੁਜਰੀ ਸਾਥ । ਕਰਹਿੰ ਬਾਰਤਾ ਸਤਿ-ਗੁਰ ਨਾਥ। ਸੁਤ ਮਹਿੰਮਾ ਸੁਨਿ ਕੈ ਅਧਿਕਾਈ। 'ਕੰਤ! ਗਿਰਾ ਸਚ ਕਹਤਿ ਸਦਾਈ ॥ ੨੨ ॥ ਨਿਸ਼ਚੈ ਐਸ਼੍ਵਰਜ ਵਧਹਿ ਬਿਸਾਲੇ । ਅਧਿਕ ਪ੍ਰਤਾਪੀ ਹੁਇ ਰਿਪੁ ਘਾਲੇ । ਅਬਿ ਹੀ ਆਕ੍ਰਿਤ[7] ਜਾਨੀ ਜਾਤਿ । ਲਖਿਯਤ ਪਰਤਿ ਹੁਨਹਾਰ[8] ਜੁ ਬਾਤ ॥ ੨੩॥ ਸ਼੍ਰੀ ਨਾਨਕ ਕੀ ਕਰੁਨਾ ਮਹਾਂ । ਪਿਤਾ ਆਪ ਕੇ ਜਿਮ ਬਚ ਕਹਾ । ਚਹੀਅਤਿ ਹੁਯੋ ਭਰੋਸਾ ਮੋਹਿ।–ਅਤਿ ਪ੍ਰਤਾਪ ਜੁਤਿ ਸੁਤ ਸ਼ੁਭ ਹੋਹਿ ॥ ੨੪ ॥ ਸ਼੍ਰੀ ਨਾਨਕ ਕੀਰਤਿ ਅਭਿਰਾਮੂ। ਕਰਿ ਹੈ ਤਿਨ ਕੋ ਉੱਜਲ ਨਾਮੂ–। ਇਹ ਬਚ ਤੁਮਰੇ ਪਿਤ ਜੋ ਕਹਯੋ । ਸੋ ਨਿਸ਼ਚੈ ਮਮ ਮਨ ਬਸ ਰਹਯੋ ॥ ੨੫ ॥ ਅਚਲ ਚਲਹਿ, ਤਿਨ ਬਚ ਨਹਿੰ ਚਲੈ । ਇਮ ਬਿਸਵਾਸ ਮੋਹਿ ਨਹਿੰ ਟਲੈ । ਸੁਤ ਤੇ ਅਪਰ ਨ ਮੋ ਕਹੁ ਪਯਾਰੋ। ਕਿਮ ਕਰਿ ਸਕਿ ਹੌਂ ਕਬਹੁੰ ਦੁਖਾਰੋ[9]॥ ੨੬ ॥ ਖੇਲਤਿ ਰਾਖੋਂ ਨਿਜ ਅਗੁਵਾਈ ।

[1]ਜਦ ਆਯੂ ਵੱਡੀ ਹੋਵੇਗੀ । [2]ਫੇਰ ਝੂਰੇਂਗੀ । [3]ਭਰੋਸਾ । [4](ਸਾਹਿਬਜ਼ਾਦੇ ਨੂੰ) ਰੱਖੋ । [5]ਦੂਰ ਨਾ ਜਾਣ ਦੇਣਾ ਤਾ ਕਿ ਕੋਈ ਤਕਲੀਫ ਨਾ ਹੋਵੇ । [6]ਮਾਰਕੇ । [7]ਸ਼ੋਭਾ । [8]ਹੋਣਹਾਰ । [9]ਮੈਂ ਦੁਖੀ ਕਿਸ ਤਰ੍ਹਾਂ ਕਦੇ ਕਰ ਸਕਦੀ ਹਾਂ ।

ਰੱਛੋਂ ਨੈਨ ਪਲਕ ਕੀ ਨਯਾਈਂ। ਕਯੋਂ ਨ ਰਹੌਂਗੀ ਮੈਂ ਅਨੁਸਾਰੀ। ਹੋਹਿ ਸਪੂਤ ਵਧੈ ਭੁਜ ਭਾਰੀ ॥੨੭॥ ਅਪਰ ਬੁਝਾਰਤ ਕਹਾਂ ਬੁਝਾਈ।–ਮਿਲਿਬੋ ਹੋਇ ਕਿ ਨਹਿ ਕਿਸ ਥਾਂਈ–। ਐਸੋ ਬਾਕ ਕਹਾਂ ਤੁਮ ਕਹਯੋ। ਸੁਨਤਿ ਚਿੱਤ ਸਲਿਤਾ ਚਿਤ ਬਹਯੋ ॥ ੨੮ ॥ ਪੁੱਤ੍ਰ ਆਦਿ ਜੋ ਕਛੁ ਕੁਟੰਬ। ਸਭਿ-ਹਿਨਿ ਕੇ ਤੁਮ ਅਹੋ ਅਲੰਬ। ਨਹੀਂ ਆਸਰੋ ਦੂਸਰ ਕੋਈ। ਬਾਲ ਬੈਸ ਰਾਵਰਿ ਸੁਤ ਜੋਈ ॥੨੯॥ਆਨਿ ਬਸੇ ਪਰਦੇਸ਼ ਮਝਾਰਾ। ਤੁਮ ਕੋ ਪੂਜਤਿ ਸਭਿ ਸੰਸਾਰਾ। ਕਹਾਂ ਹੋਇ ਗਤਿ ਬਹੁਰ ਹਮਾਰੀ। ਬ੍ਰਿਧਾ ਮਾਤ ਬਹੁ ਬਨਹਿ ਦੁਖਾਰੀ ॥ ੩੦॥ ਸਦਾ ਅਨੰਦ ਆਪ ਕੇ ਸੰਗ। ਦੇਸ਼ ਬਿਦੇਸ਼ ਬਿਖੇ ਦੁਖ ਭੰਗ'। ਸੁਨਿ ਸਤਿਗੁਰ ਬਹੁ ਦੀਨਿ ਦਿਲਾਸਾ। 'ਨਿਜ ਨੰਦਨ ਪਰ ਧਰਿ ਬਿੱਸ੍ਵਾਸਾ ॥੩੧॥ ਬਨਹਿ ਗੁਰਨਿ ਤੇ ਗੁਰੂ ਉਦਾਰਾ[1]। ਪੂਜਹਿ ਚਰਨ ਸਕਲ ਸੰਸਾਰਾ। ਅਲਪ ਬੈਸ ਇਸ ਜਾਨਹੁ ਨਾਂਹੀ। ਸ਼ਕਤਿ ਅਧਿਕ ਤੇ ਅਧਿਕ ਸੁ ਮਾਂਹੀ ॥੩੨॥ ਸਭਿ ਕੋ ਰਿਜ਼ਕ ਪੁਜਾਵਨ ਹਾਰਾ। ਇਸ ਅਲੰਬ ਰਹਿ ਲਾਖ ਹਜ਼ਾਰਾ। ਬਚਨ ਕਹੇ ਨਵਿਨਿਧਿ ਚਲਿ ਆਵੈਂ। ਸ੍ਰਾਪਹਿਂ ਪਤਿਸ਼ਾਹਿਤ ਬਿਨਸਾਵੈਂ॥ ੩੩ ॥ ਅਲਖ ਅਕਾਲ ਪੁਰਖ ਭਗਵੰਤੁ। ਕਰੈਂ ਅਰਾਧਨਿ ਰਿਦੈ ਅਨੰਤ। ਕ੍ਰਿਪਾ ਠਾਨਿ ਬਹੁ ਰੀਝੇ ਜਬੈ। ਕਰੇ ਪਠਾ-ਵਨਿ ਇਤ ਕੋ ਤਬੈ ॥੩੪ ॥ ਜਗ ਮਹਿਂ ਕਾਰਜ ਕਰਹਿਂ ਅਨੇਕ। ਰਹਹਿਂ ਅਲੇਪੇ[2] ਜਲਧਿ ਬਿਬੇਕ'। ਇੱਤਯਾਦਿਕ ਸਭਿ ਬਾਤ ਸੁਨਾਈ। ਸ਼੍ਰੀ ਗੁਜਰੀ ਨੀਕੇ ਸਮੁਝਾਈ॥ ੩੫॥ 'ਉਚਿਤ ਕਾਜ ਕਰਿਬੇ ਹਮ ਜੋਇ। ਕਰਹਿਂ ਤਥਾ, ਲਿਹੁ ਰਿਦੈ ਪਰੋਇ। ਸ਼ੋਕ ਨ ਚਿੰਤਾ ਖੇਦ ਨ ਕੀਜੈ।ਸੁਤ ਕੋ ਪਿਖਹੁ ਅਨੰਦ ਧਰੀਜੈ ॥੩੬॥ ਤਨ ਮਿੱਥਯਾ ਨਿਸ਼ਚੈ ਸਭਿ ਜਾਨਹੁ।ਕਿਮ ਸਨੇਹ ਅਤਿਸ਼ੈ ਇਨ ਠਾਨਹੁ। ਬਿਨਸਨਹਾਰ ਨ ਥਿਰਤਾ ਪਾਵੈ। ਆਇ ਕਰੋਰ ਕਰੋਰਹੁ ਜਾਵੈਂ ॥੩੭॥ਨਦੀ ਪ੍ਰਵਾਹ ਜਗਤ ਇਹ ਰਾਚਾ[3]। ਸਚਿਦਾ-ਨੰਦ ਆਤਮਾ ਸਾਚਾ। ਮਰੈ ਨ ਬਿਨਸੈ ਆਇ ਨ ਜਾਇ। ਸਦਾ ਸਥਿਰ ਹੈ ਇਕ ਰਸ ਭਾਇ॥ ੩੮ ॥ ਨਿਜ ਸਰੂਪ ਕੋ ਜਾਨਹਿ ਗਯਾਨੀ। ਇਸ ਬਿਧਿ ਕੀ ਬੁਧਿ ਲਿਹੁ ਉਰ ਠਾਨੀ। ਬਡੇ ਭਾਗ ਤੇ ਗੁਰ ਘਰ ਮਾਂਹੀ। ਮੋਹ ਅਪਰ ਸਮ ਰਾਖਹੁ ਨਾਂਹੀ[4] ॥ ੩੯ ॥ ਜੋ ਕਿਛੁ ਹੋਇ, ਮਾਨ ਸਭਿ ਆਛੇ।

---

[1]ਵੱਡਾ ਗੁਰੂ। [2]ਅਸੰਗ। [3]ਨਦੀ ਦੇ ਪਰਵਾਹ ਵਾਂਙ ਇਹ ਜਗਤ ਰਚਿਆ (ਹੋਯਾ) ਹੈ। [4]ਹੋਰਨਾਂ ਵਤ ਮੋਹ ਨਾ ਧਾਰੋ।

ਭਾਵੀ ਪਰ ਤਰਕਨਿ ਨਹਿੰ ਬਾਛੇ। ਕੇਤਿਕ ਚਿਰ ਜੀਵਹਿ ਨਰ ਕੋਈ[1]। ਅੰਤ ਸਮੈਂ ਮਰਿਬੋ ਸਭਿ ਹੋਈ ॥੪੦॥ ਯਾਂਤੇ ਰਿਦੈ ਧੀਰ ਕੋ ਧਾਰਿ। ਸੁਤ ਕੋ ਸਾਦਰ ਨਿਤ ਪ੍ਰਤਿਪਾਰ। ਹਮਰੋ ਮੇਲ ਬਨੇ ਕੈ ਨਾਂਹੀ। ਕੀਜਹਿ ਨਹਿਂ ਸੁਖ ਦੁਖ ਇਸ ਮਾਂਹੀ' ॥ ੪੧ ॥ ਸੁਨਿ ਗੁਜਰੀ ਨਿਜ ਪਤਿ ਕੀ ਬਾਨੀ। ਕਰਤਿ ਬਿਚਾਰਨਿ-ਨੀਕ ਬਖਾਨੀ[2]-। ਤਊ ਸਨੇਹ ਦ੍ਰਿਗਨ ਜਲ ਛਾਵਾ। ਕਹਿਬੇ ਹੇਤੁ ਬੋਲ ਨਹਿਂ ਆਵਾ ॥ ੪੨ ॥ ਕੰਤ ਸਰੀਰ ਬਿਲੋਕਤਿ ਰਹੀ। ਰੁਕਜੋ ਕੰਠ ਬੋਲਤਿ ਕਛੁ ਨਹੀਂ। ਸਹਿਜ ਸੁਭਾਇ ਗੁਰੂ ਚਲਿ ਆਏ। ਵਹਿਰ ਬੈਠਿ ਦੀਵਾਨ ਲਗਾਏ ॥੪੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਗੁਜਰੀ ਸੋਂ ਉਪਦੇਸ਼ ਕਰਨਿ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ॥੨੫॥

## ੨੬. [ਗੁਰੂ ਜੀ ਦਾ ਪਟਣੇ ਤੋਂ ਵਿਦਾ ਹੋਣਾ]।

ਦੋਹਰਾ ॥ ਆਇ ਪਿਤਾ ਕੇ ਢਿਗ ਥਿਰੇ ਸ੍ਰੀ ਗੋਬਿੰਦ ਸਿੰਘ ਰਾਇ। ਚਲਨਿ ਸੁਨਜੋਂ ਪੰਜਾਬ ਕੋ ਬੋਲੇ ਅਨੰਦ ਬਧਾਇ ॥੧॥ ਚੌਪਈ ॥ 'ਆਪ ਪਿਤਾ ਜੀ! ਕਰਹੁ ਪਯਾਨਾ। ਦੇਸ਼ ਪੰਜਾਬ ਸੁ ਦੂਰ ਮਹਾਨਾ। ਬਾਸ ਹਮਾਰੇ ਬਡਨ ਬਡੇਰੇ। ਤਿਤ ਹੀ ਸੁਨਜੋ ਮਹਾਂ ਸੁਖ ਹੇਰੇ[3]* ॥੨॥ ਹਮ ਕੋ ਸੰਗ ਚਲਹੁ ਲੇ ਅਬੈ। ਚਾਹਤਿ ਦੇਸ਼ ਬਿਲੋਕਜੋ ਸਬੈ। ਅਪਨੇ ਨਗਰ ਨਿਕੇਤ ਉਸਾਰੇ। ਤਹਾਂ ਬਸਹਿੰਗੇ ਸਦਾ ਸੁਖਾਰੇ ॥ ੩ ॥ ਨਹਿ ਇਸ ਦੇਸ਼ ਰਹਨਿ ਹਮ ਭਾਵੈ। ਤਿਤ ਹੀ ਤੁਮਰੇ ਸੰਗ ਸਿਧਾਵੈਂ'। ਸੁਨਿ ਸ੍ਰੀ ਤੇਗ ਬਹਾਦਰ ਭਾਖਾ। 'ਕਰਹਿਂ ਭਲੇ ਪੂਰਨ ਅਭਿਲਾਖਾ ॥ ੪ ॥ ਤਿਤ ਹੀ ਹੁਇ ਹੈ ਬਸਨਿ ਤੁਹਾਰੋ। ਨਿਜ ਪ੍ਰਭਾਵ ਕੋ ਤਹਾਂ ਬਿਥਾਰੋ। ਸਕਲ ਸਮਾਜ ਬਿਭੂਤਿ ਬਿਸਾਲਾ। ਕਰਹੁ ਆਪਨੋ ਭਲੋ ਉਜਾਲਾ ॥ ੫ ॥ ਤਊ ਸੁਨੋ ਜਬਿ ਸਮਾ ਸੁ ਆਵੈ। ਤਬਿ ਹੀ ਕਰਿਬੋ ਸਭਿ ਕੋ ਭਾਵੈ। ਮਗ ਮਹਿਂ ਚਲਨਿ ਬਿਖਾਦ ਬਡੇਰਾ। ਸ਼੍ਰਮ ਆਦਿਕ ਤੇ ਸਭਿਨਿ ਘਨੇਰਾ[4] ॥ ੬ ॥ ਖਾਨ ਪਾਨ ਬਿਨ ਸਮੈਂ ਸੁ ਹੋਤਿ। ਨਿਤ ਪ੍ਰਤਿ ਚਲਿਬੋ ਰਵੀ ਉਦੋਤ[5]। ਲਘੁ ਸਰੀਰ ਇਸ ਲਾਯਕ ਨਾਂਹੀ। ਖੇਲਹੁ ਮਿਲਹੁ ਬਾਲਿਕਨਿ ਮਾਂਹੀ ॥ ੭ ॥ ਮਨ ਭਾਵਤਿ ਕਰਿ ਖਾਨੁ ਰੁ ਪਾਨ। ਬੂਧੈ ਦੇਹ ਬਲ ਹੋਹਿ ਮਹਾਨ। ਜਬਹਿ ਸੰਭਾਲਹੁ, ਸ਼੍ਰਮਹਿ ਸਹਾਰੋ[6]।

---

[1]ਕਿੰਨਾ ਚਿਰ ਹੀ ਪੁਰਸ਼ ਕੋਈ ਜੀਵੇ। [2]ਕਹੀ ਤਾਂ ਸੱਚ ਹੈ। [3]ਸੁਣਿਆਂ ਹੈ ਉਥੇ ਹੀ (ਵਡਿਆਂ ਨੇ) ਵਡੇ ਸਖ ਦੇਖੇ ਹਨ। [4]ਸਭ ਨੂੰ ਬਹੁਤਾ (ਦੁਖ ਹੋਵੇਗਾ)। [5]ਸੂਰਜ ਚੜੇ ਅਥਵਾ ਧੁੱਪੇ। [6]ਥਕਾਨ ਨੂੰ ਸਹਾਰ ਸਕੋਗੇ।

*ਪਾ:-ਤਿਮ ਹੀ ਸੁਨਿ ਉਮਾਹ ਮਨ ਮੇਰੇ।

ਤਬਿ ਇਤ ਤੇ ਉਤ ਦੇਸ਼ ਪਧਾਰੋ॥੮॥ਹਮ ਗਮਨਹਿਂ ਨਿਜ ਪੁਰਿ ਆਨੰਦ। ਕਰਹਿਂ ਬਸਾਵਨਿ ਭਲੇ ਬਿਲੰਦ। ਪਠਹਿਂ ਪੱਤ੍ਰਿਕਾ ਸਕਲ ਬ੍ਰਿਤੰਤ। ਤਬਿ ਸੁਧਿ ਜਾਨਹੁ ਸ਼੍ਰੇਯ ਮਤੰਤ[1] ॥ ੯ ॥ ਸੁਖਦਾ ਅਸਵਾਰੀ ਪਰ ਹ੍ਵੈ ਕੈ। ਆਵਹੁ ਤਿਤ ਦਿਸ਼ਿ ਮੋਦ ਉਪੈਕੈ'। ਸੁਨਿ ਕਰਿ ਬਹੁਰ ਪਿਤਾ ਸੰਗ ਭਾਖੈਂ। 'ਹਮ ਪ੍ਰਤੀਖਨਾ ਰਾਵਰਿ ਰਾਖੈਂ ॥ ੧੦ ॥ ਪਠਹੁ ਪੱਤ੍ਰਿਕਾ ਤੂਰਨ ਜਾਇ। ਤਬਿ ਇਸ ਪੁਰਿ ਤੇ ਚਲਿਬੋ ਭਾਇ[2]। ਨਤੁ ਹਮ ਤੁਮਰੇ ਅਬਹਿ ਪਿਛਾਰੀ। ਕਰਿ ਰਾਖਹਿਂਗੇ ਸਭਿ ਬਿਧਿ ਤਯਾਰੀ ॥ ੧੧ ॥ ਚਲੇ ਆਇਂ ਬਿਨ ਪਾਤੀ ਪਿਖੈ। ਦੇਸ਼ ਪਿਖਨਿ ਚਾਹਤਿ ਚਿਤ ਬਿਖੈ।ਕਹਯੋ ਨ ਤੁਮਰੋ ਜਾਤਿ ਮਿਟਾਯੋ। ਨਾਂਹਿਤ ਸਾਥ ਚਲਨਿ ਮਨ ਭਾਯੋ' ॥ ੧੨ ॥ ਇੱਤਯਾਦਿਕ ਸੁਤ ਪਿਤ ਬਹੁ ਬਾਤ। ਕਰਤਿ ਭਏ, ਗੁਪਤ ਜੁ ਬੱਖਯਾਤ[3]। ਪੁਨ ਸਭਿ ਸੰਗਤਿ ਸੰਗ ਉਚਾਰਾ। 'ਸਿਮਰਹੁ ਸੱਤਿਨਾਮ ਸੁਖ ਭਾਰਾ ॥ ੧੩ ॥ ਬਾਲਿਕ ਗੁਰ ਜਬਿ ਲੌ ਤੁਮ ਪਾਸ। ਜਾਚਹੁ ਪੂਰਨ ਕੀਜਹਿ ਆਸ। ਨਿਤ ਪ੍ਰਤਿ ਦਰਸਹੁ ਪਾਵਨ ਹੋਵਹੁ। ਬਿਘਨ ਅਨੇਕ ਰੀਤਿ ਕੇ ਖੋਵਹੁ ॥ ੧੪॥ ਕੀਰਤ ਕਰਹੁ ਸੁਨਹੁ ਅਘ ਜੈ ਹੈ। ਬਸਹਿ ਨਾਮ ਉਰ ਮੁਕਤੀ ਹ੍ਵੈ ਹੈ। ਜੇਤਿਕ ਸੇਵਾ ਹੁਇ ਘਰ ਗੁਰ ਕੀ। ਕਰਹੁ ਕਾਮਨਾ ਪੂਰਨ ਉਰ ਕੀ ॥ ੧੫ ॥ ਸੁਨਿ ਮਸੰਦ ਧੁਤਿ ਸੰਗਤਿ ਸਾਰੀ। ਬਿਨਤੀ ਸਹਿਤ ਸਨੇਹ ਉਚਾਰੀ। 'ਪੂਰਬ[4] ਤੁਮ ਪੂਰਬ ਦਿਸ਼ਿ ਗਏ। ਸਗਰੇ ਸਿੱਖ ਪ੍ਰਤੀਖਤਿ ਭਏ॥ ੧੬॥ ਚਿਰੰਕਾਲ ਤੁਮ ਤਹਾਂ ਬਿਤਾਯੋ। ਬਿਸ਼ਨ ਸਿੰਘ ਕਾਰਜ ਸੁਫਲਾਯੋ। ਥੋਰੇ ਮਾਸ ਆਨਿ ਅਬਿ ਰਹੇ। ਤੂਰਨ ਜੈਬੋ ਪੁਨ ਚਿਤ ਚਹੇ॥੧੭॥ਸੰਗਤ ਨਿਤ ਪ੍ਰਤਿ ਦਰਸ ਤੁਹਾਰਾ। ਚਾਹਤਿ ਪੁਰਿ ਮਹਿਂ ਬਾਸ ਉਦਾਰਾ। ਬਡੇ ਭਾਗ ਤਬਿ ਅਪਨੇ ਜਾਨੈ। ਰਾਵਰਿ ਨਿਕਟਿ ਬਾਸ ਜਬਿ ਠਾਨੈ' ॥੧੮॥ ਸੁਨਿ ਸਤਿਗੁਰ ਸਗਰੇ ਸਮੁਝਾਇ। 'ਤਨ ਇਹ ਬਿਛੁਰਨਿ ਹਾਰ ਸਦਾਇ। ਹਮ ਸਮ ਦਰਸ਼ਨ ਬਾਲਿਕ ਗੁਰ ਕੇ। ਕਰਹੁ ਪਿਛਾਰੀ ਪ੍ਰੇਮੀ ਉਰ ਕੇ' ॥ ੧੯ ॥ ਇੱਤਯਾਦਿਕ ਕਹਿ ਗੁਰ ਗੋਸਾਈਂ। ਭਈ ਨਿਸਾ ਸੁਪਤੇ ਸੁਖ ਪਾਈ। ਜਾਮ ਰਹੀ ਜਾਗੇ ਸੁਚ ਠਾਨਿ ਕੈ। ਮੱਜਨ ਠਾਨਿ ਧਯਾਨ ਕੋ ਧਰਿ ਕੈ ॥ ੨੦ ॥ ਉਦਯੋ ਸੂਰ ਪਹਿਰੇ ਪਟ ਸਾਰੇ।ਹੁਤੋ ਤਯਾਰ[5] ਪੁਨ ਕੀਨਿ ਅਹਾਰੇ।ਪੁੱਤ੍ਰ ਅੰਕ ਮੈਂ ਲੀਨਿ

[1]ਸੁਖ ਵਾਲਾ ਮਤਾ (ਸਾਡਾ) ਤਦ ਜਾਣੋਂ। [2]ਭਾਵੇਗਾ। [3]ਜੋ ਪ੍ਰਸਿੱਧ ਤੇ ਗੁਪਤ ਬਾਤਾਂ ਸਨ.। (ਅ) ਜੋ ਗਲਾਂ ਗੁਪਤ ਸਨ ਸੋ ਪ੍ਰਗਟ ਆਪੋ ਵਿਚ ਕੀਤੀਆਂ। [4]ਪਹਿਲਾਂ। [5]ਤਿਆਰ ਸੀ (ਭੋਜਨ)।

ਬਿਠਾਈ। ਕਰੇ ਦੁਲਾਰਨਿ ਪ੍ਰੀਤਿ ਵਧਾਈ॥ ੨੧॥ ਮਾਤ ਨਾਨਕੀ ਕੋ ਕਰਿ ਬੰਦਨ। ਗਮਨਿ ਚਹਤੋ ਪੁਨ ਦੋਸ਼ ਨਿਕੰਦਨ[1]। ਸਿਖ ਸੰਗਤਿ ਸਗਰੇ ਮਿਲਿ ਆਇ। ਨਮੋ ਕਰਹਿਂ ਉਰ ਪ੍ਰੇਮ ਉਪਾਇ॥ ੨੨॥ ਘਰ ਮਹਿਂ ਪ੍ਰਵਿਸ਼ੇ ਜਬਿ ਗੁਰ ਜਾਈ।ਸ੍ਰੀ ਗੁਜਰੀ ਬਹੁ ਬਿਨੈ ਸੁਨਾਈ।'ਆਜ ਨਿਕਟਿ ਹੀ ਕੀਜਹਿ ਡੇਰਾ। ਸੁਤ ਕੋ ਸੰਗ ਰਖਹੁ ਇਸ ਬੇਰਾ॥ ੨੩॥ ਭੋਰ ਹੋਤਿ ਪੁਨ ਗਮਹੁ ਅਗਾਰੀ। ਆਇਂ ਸਦਨ ਕੋ ਸਕਲ ਪਿਛਾਰੀ[2]'। ਸਤਿਗੁਰ ਤਬਿ ਹੋਏ ਅਸਵਾਰ। ਮਾਤ ਨਾਨਕੀ ਬੰਦਨ ਧਾਰਿ॥ ੨੪॥ ਬਾਰਿ ਬਾਰਿ ਸੁਤ ਕੋ ਮੁਖ ਦੇਖਿ। ਬਿਛੁਰਨੋ ਚਹੈ ਨ ਪ੍ਰੇਮ ਵਿਸ਼ੇਖ। ਆਸ਼ਿਖ ਦੇਤੀ ਧੀਰ ਧਿਰੀ ਹੈ। ਚਹਤਿ ਸ਼ੋਧ, ਨਹਿਂ ਅੱਸ਼ੂ ਢਰੀ ਹੈ[3]॥ ੨੫॥ ਮਿਲਨਿ ਅੰਤ ਕੋ ਸਤਿਗੁਰ ਜਾਨਿ[4]। ਦਰਸ਼ਨ ਦੇ ਕਰਿ ਪ੍ਰੇਮ ਮਹਾਨ। ਗਮਨਤਿ ਗੁਜਰੀ ਜੁਗ ਕਰ ਬੰਦੇ। ਬੰਦਨ ਕਰਤਿ ਚਹਤਿ ਸੁਖਕੰਦੇ[5]॥ ੨੬॥ ਪੁਰਿ ਮੈਂ ਗਮਨੇ ਘਰ ਕੋ ਤ੍ਯਾਗਾ। ਸੰਗ ਅਏ ਜਿਨ ਮਨ ਅਨੁਰਾਗਾ। ਕਿਤਿਕ ਦੂਰ ਸਤਿਗੁਰ ਜਬਿ ਆਏ।ਸਾਹਿਬਜ਼ਾਦੇ ਕੋ ਸੰਗ ਲ੍ਯਾਏ॥੨੭॥ ਪਟਨਾ ਪੁਰਿ ਬਿਸਾਲ ਹੀ ਬਸੈ। ਧਨੀ ਅਨੇਕ ਬ੍ਰਿੰਦ ਨਰ ਲਸੈਂ। ਨਗਰ ਬੀਚ ਹੀ ਡੇਰਾ ਕੀਨਿ। ਸੁਤ ਜੁਤਿ ਸੰਗਤਿ ਸੰਗਹਿ ਚੀਨ॥ ੨੮॥ ਪੀਛੇ ਸਿਖ ਪਹੁੰਚੇ ਸਮੁਦਾਇ। ਮਿਲਹਿਂ ਅਨੇਕ ਅਕੋਰਨਿ ਲ੍ਯਾਇ। ਬੈਠੇ ਸਤਿ-ਗੁਰ ਲਾਇ ਦਿਵਾਨ। ਜਥਾ ਜੋਗ ਸਭਿ ਸੰਗ ਬਖਾਨਿ॥੨੯॥ਸਦਨ ਜਾਨਿ ਕੋ ਸਕਲ ਹਟਾਏ[6]। ਨਿਸਾ ਪਰੀ ਤੇ ਗੁਰ ਸੁਪਤਾਏ। ਜਾਗੇ ਸੌਚ ਸ਼ਨਾ-ਨਹਿ ਠਾਨੇ। ਸੁਤ ਸੋਂ ਸਭਿ ਬਿਧਿ ਬਾਕ ਬਖਾਨੇ॥ ੩੦॥ ਕਰਨੋ ਪ੍ਯਾਰ ਦੇ ਕਰਿ ਸੰਗ ਦਾਸ। ਕਰੇ ਪਠਾਵਨਿ ਤਬਹਿ ਅਵਾਸ। ਬੰਦਨ ਠਾਨਿ ਪਿਤਾ ਕੋ ਗਏ। 'ਆਇਂ ਤੁਰਤ ਹਮ' ਕਹਿਬੋ ਕਿਯੇ[7]॥ ੩੧॥ ਜਾਇ ਮਾਤ ਸੋਂ ਨਿਸਾ ਬ੍ਰਿਤਾਂਤ। ਦਾਦੀ ਸਹਿਤ ਕੀਨਿ ਬੱਖ੍ਯਾਤ। ਅਨਿਕ ਬਿਧਿਨਿ ਕੇ ਬਾਕ ਬਿਲਾਸ। ਕਰਹਿਂ ਸੁਨਾਵਨਿ ਬੈਠਿ ਅਵਾਸ॥ ੩੨॥

---

[1]ਭਾਵ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ। [2]ਫੇਰ ਸਾਰੇ (ਆਪ ਜੀ ਨੂੰ ਵਿਦਾ ਕਰਕੇ ਆਪਣੇ) ਘਰ ਵਾਪਸ ਆ ਜਾਣਗੇ। [3]ਹੰਝੂ ਨਹੀਂ ਕੇਰਦੀ(ਕਿ ਅਪਸ਼ਗਨ ਨਾਹੋਵੇ)। [4]ਗੁਰੂ ਜੀ ਜਾਣਦੇ ਹਨ। [5]ਸੁਖ ਕੰਦ ਗੁਰ ਜੀ ਨੂੰ ਚਾਹ ਕਰਕੇ ਬੰਦਨ ਕਰਦੇ ਹਨ (ਮਾਤਾ ਗੁਜਰੀ ਜੀ)। [6]ਸਾਰੇ (ਆਪੋ ਆਪਣੇ ਘਰਾਂ ਨੂੰ) ਮੋੜੇ। [7](ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ) ਕਿਹਾ।

'ਥੋਰਨਿ ਦਿਨ ਮਹਿਂ ਹਮ ਗਮਨੈ ਹੈਂ। ਜਾਇ ਦੇਸ਼ ਪੰਜਾਬ ਰਹੈਂ ਹੈਂ[1]'।
ਇੱਤਯਾਦਿਕ ਚੰਚਲਤਾ ਸਾਥ। ਜੁਗ ਮਾਤਨਿ ਸੋਂ ਭਾਖਹਿਂ ਨਾਥ॥ ੩੩॥
ਇਤਿ ਵਿਧਿ ਸਤਿਗੁਰ ਕੀਨਿ ਪਯਾਨਾ॥ਸਨੇ ਸਨੇ ਕਰਿ ਮਜਲ[2] ਸਥਾਨਾ॥
ਕਹਿਂ ਲਗਿ ਕਹੌਂ ਪੰਥ ਕੀ ਕਥਾ। ਡੇਰਾ ਕਰਿ ਕਰਿ ਕੀਨਸਿ ਜੰਥਾ
॥ ੩੪ ॥ ਜਹਿਂ ਨਿਸ ਥਿਰਹਿਂ ਸਿਵਰ ਕੋ ਘਾਲਹਿਂ। ਸੁਨਿ ਸੁਨਿ ਸਿਖ
ਸੰਗਤਿ ਤਤਕਾਲਹਿਂ। ਅਰਪਿ ਅਕੋਰਨ ਅਨਿਕ ਪ੍ਰਕਾਰਾ। ਦਰਸ਼ਨ
ਕਰਹਿਂ ਲਹਹਿਂ ਸੁਖ ਸਾਰਾ ॥ ੩੫ ॥ ਇਮ ਹੀ ਕਰਤਿ ਉਲੰਘਿ ਮਗ
ਆਏ। ਤਰਿ ਜਮਨਾ ਕੋ ਅੱਗ੍ਰ ਸਿਧਾਏ। ਸਿੱਖੀ ਬਿਸਤਾਰਤਿ ਜਹਿਂ ਕਹਾਂ।
ਸੱਤਿਨਾਮ ਉਪਦੇਸ਼ਤਿ ਮਹਾਂ ॥ ੩੬ ॥ ਰੋਪੜ ਨਗਰ ਉਲੰਘਨਿ ਕਰਿਕੈ।
ਕੀਰਤ ਪੁਰਿ ਪਹੁੰਚੇ ਮਗ ਚਰਿਕੈ[3]। ਕੇਤਿਕ ਸਿਖ ਅਰੁ ਸੰਗ ਫਕੀਰ।
ਦੇਖਨਿ ਕਰਯੋ ਦੇਸ਼ ਗੁਰ ਧੀਰ ॥ ੩੭॥ ਮਤੀ ਦਾਸ ਇਕ ਸੰਗ ਦਿਵਾਨ।
ਚਾਰ ਪੰਚ ਹੈਂ ਰੁਚਿਰ ਕਿਕਾਨ[4]। ਕਰਤਿ ਮਜਲ ਦੇ ਘਾਸ ਨਿਹਾਰੀ[5]।
ਦਾਨਾ ਖਾਹਿਂ ਚਲਹਿਂ ਬਲ ਭਾਰੀ ॥ ੩੮ ॥ ਕੀਰਤ ਪੁਰਿ ਮਹਿਂ ਕੀਨਸਿ
ਡੇਰਾ। ਸੂਰਜ ਮਲ ਮਿਲਿ ਪ੍ਰੇਮ ਘਨੇਰਾ। ਕੁਸ਼ਲ ਪ੍ਰਸ਼ਨ ਕਰਿ ਆਪਸ
ਮਾਂਹੀ। ਤੀਰਥ ਕਰਨਿ ਕਥਾ ਪੁਨ ਪ੍ਰਾਹੀ ॥ ੩੯ ॥ ਸਾਹਿਬਜ਼ਾਦੇ ਜਨਮ
ਬਖਾਨਾ॥ 'ਆਯੋ ਚਹਤਿ ਆਪਨੇ ਥਾਨਾ॥ਹਮ ਅਨੰਦ ਪੁਰਿ ਕਰਿਕੈ ਬਾਸ।
ਪੁਨਹਿ ਪੱਤ੍ਰਿਕਾ ਪਠਿ ਤਿਨ ਪਾਸ॥੪੦॥ਮਾਤ ਨਾਨਕੀ ਜਿਯਤ' ਬਤਾਇ॥
ਸੁਨਿ ਸੂਰਜਮਲ ਉਰ ਹਰਖਾਇ। ਪੁਨ ਉਠਿ ਸ਼੍ਰੀ ਹਰਿਗੋਵਿੰਦ ਥਾਨ।
ਜਾਇ ਜੋਰਿ ਕਰ ਬੰਦਨ ਠਾਨਿ ॥ ੪੧ ॥ ਪੁਨ ਸ਼੍ਰੀ ਗੁਰਦਿੱਤੇ ਥਲ ਗਏ।
ਨਮੋ ਕਰਤਿ ਪੁਰਿ ਆਵਤਿ ਭਏ। ਨਿਸਾ ਬਸੇ ਸ਼੍ਰੀ ਤੇਗ ਬਹਾਦਰ। ਸੂਰਜ
ਮਲ ਸੇਵਾ ਕਰਿ ਸਾਦਰ ॥ ੪੨ ॥ ਪੌਤ੍ਰ ਆਪਨੇ ਆਨਿ ਮਿਲਾਏ। ਗੁਰ
ਬੂਝੈਂ 'ਕਯਾ ਨਾਮ ਰਖਾਏ ?' 'ਏਕ ਗੁਲਾਬਰਾਇ ਹੈ ਨਾਮੂ। ਸ਼ਯਾਮ ਦਾਸ
ਦੂਸਰ ਅਭਿਰਾਮੂ' ॥ ੪੩ ॥ ਤਿਨਹੁੰ ਬਿਭੂਖਨ ਸਤਿਗੁਰ ਦਏ। ਨਿਕਟਿ
ਬਿਠਾਇ ਪ੍ਰੇਮ ਕੋ ਕਿਏ। ਸੁੰਦਰ ਬਸਤ੍ਰ ਬਹੁਰ ਤਿਨ ਦੀਨਿ। ਨਿਜ ਸੁਤ
ਸੋਂ ਮਿਲਿਬੋ ਇਨ ਚੀਨਿ[6]॥੪੪॥ ਪ੍ਰਾਤਿ ਹੋਤਿ ਮਿਲਿ ਸਭਿ ਕੇ ਸਾਥ॥ ਚਲੇ

[1] ਰਹਾਂਗੇ। [2] ਮਜਲਾਂ ਮਾਰਦੇ। [3] ਰਸਤਾ ਵਿਚਰ ਕੇ, ਚੱਲ ਕੇ। [4] ਸੁਹਣੇ ਘੋੜੇ। [5] ਗੁੜ ਤੇ ਛੋਲਿਆਂ ਦਾ ਆਟਾ ਮਿਲਾਕੇ ਘੋੜੇ ਨੂੰ ਜੋ ਦਿੰਦੇ ਹਨ। [6] ਇਨ੍ਹਾਂ ਦਾ ਮਿਲਾਪ ਹੋਣਾ ਆਪਣੇ ਪੁਤ੍ਰ (ਸ੍ਰੀ ਗੋਬਿੰਦ ਸਿੰਘ ਜੀ) ਨਾਲ ਜਾਣਿਆਂ।

ਅਨੰਦਪੁਰੇ ਗੁਰ ਨਾਥ। ਪੰਚ ਕੋਸ ਪਰ ਪਹੁੰਚੇ ਜਾਈ।ਸੁਨਤਿ ਪ੍ਰਜਾ ਆਈ ਅਗਵਾਈ ॥ ੪੫ ॥ ਦੇ ਕਰਿ ਦਰਬਾਦਿਕ ਆਕੋਰ। ਮਿਲੇ ਸਕਲ ਬੰਦਤਿ ਕਰ ਜੋਰਿ। ਕੁਸ਼ਲ ਪਸ਼ਨ ਗੁਰ ਸਭਿ ਕੋ ਕਰੈਂ। 'ਕ੍ਰਿਪਾ ਤੁਮਾਰੀ ਤੇ ਸੁਖ ਧਰੈਂ' ॥ ੪੬ ॥ ਸਾਦਰ ਸਤਿਗੁਰ ਕੋ ਲੇ ਆਏ। ਭਏ ਪ੍ਰਵੇਸ਼ ਸਦਨ ਮਹਿਂ ਜਾਏ। ਅਧਿਕ ਅਨੰਦ ਅਨੰਦਪੁਰਿ ਹੋਵਾ। ਨਰ ਨਾਰਿਨਿ ਗਨ ਦਰਸ਼ਨ ਜੋਵਾ ॥ ੪੭ ॥ ਬਹੁ ਪਕਵਾਨ ਬਨਕ ਲੇ ਆਏ। ਹ੍ਵੈ ਅਰਦਾਸ ਬੈਠਿ ਸਮੁਦਾਏ। ਜਥਾ ਪਾਇ ਪਤਿ ਕੋ ਚਿਰਕਾਲ।ਹਰਖ ਮਾਨਤੀ ਤ੍ਰਿਯਾ ਬਿਸਾਲ ॥ ੪੮ ॥ ਤਿਮ ਨਗਰੀ ਕੇ ਲੋਕ ਅਨੰਦੇ। ਸਭਿਨਿ ਆਨਿ ਗੁਰ ਕੋ ਪਦ ਬੰਦੇ। ਹੋਇ ਸੁਚਿਤ ਗੁਰ ਸਿਵਰ ਲਗਾਯੋ[1]। ਨਾਨਾ ਬਿਧਿ ਅਹਾਰ ਕਰਿਵਾਯੋ ॥ ੪੯ ॥ ਖਾਨ ਪਾਨ ਕਰਿ ਨਿਸਾ ਬਿਤਾਏ। ਭਈ ਪ੍ਰਾਤਿ ਜਾਗੇ ਮਜਨਾਏ। ਲਗਯੋ ਦਿਵਾਨ ਆਇ ਸਭਿ ਕੋਈ।ਜਿਸ ਜਿਸ ਕੋ ਜਬਿ ਜਬਿ ਸੁਧਿ ਹੋਈ ॥ ੫੦ ॥ ਮਿਲਹਿਂ ਆਨਿ ਸਿਖ ਸੰਗਤਿ ਸਾਰੇ। ਪਸਰਿ ਗਈ ਸੁਧਿ ਦੇਸ਼ ਉਦਾਰੇ। ਸੁਨਿ ਸੁਨਿ ਚਲੇ ਆਇਂ ਸਮੁਦਾਏ। ਸਹਿਤ ਮਸੰਦ ਮਿਲਹਿਂ ਹਰਖਾਏ ॥ ੫੧ ॥ ਸ੍ਰੀ ਅੰਮ੍ਰਿਤਸਰ ਕੋ ਚਲਿ ਗਏ।ਦਰਬ ਬ੍ਰਿੰਦ ਕੋ ਅਰਪਤਿ ਭਏ। ਬ੍ਰਿਧ ਕੋ[2] ਬੰਸ ਬਿਖੈ ਗੁਰਦਿੱਤਾ। ਆਨਿ ਬਾਜ ਸਤਿਗੁਰ ਕੋ ਦਿੱਤਾ ॥ ੫੨ ॥ ਲਵਪੁਰਿ ਕੋ ਇਕ ਧਨੁਖ ਮਹਾਨਾ। ਅਰਪਯੋ ਤਰਕਸ਼ ਭਰਿ ਖਰ ਬਾਨਾ। ਇੱਤਜਾਦਿਕ ਬਹੁ ਭੇਟ ਚਢਾਈ। ਸ਼੍ਰੀ ਗੁਰ ਸਾਦਰ ਲੀਨਿ ਬਿਠਾਈ ॥੫੩॥ ਕੁਸ਼ਲ ਪ੍ਰਸ਼ਨ ਕਰਿ ਸਭਿ ਸਤਿ-ਕਾਰੇ। ਜਥਾ ਜੋਗ ਕਹਿ ਦਯੋ ਅਹਾਰੇ। ਕਾਬਲ ਆਦਿ ਸਿੱਖ ਸਮੁਦਾਏ। ਦਰਬ ਸਮੇਤ ਮਸੰਦ ਸੁ ਆਏ ॥ ੫੪ ॥ ਕਹਿਂ ਲੌ ਕਹੌਂ ਨਿਤਪ੍ਰਤਿ ਆਵੈਂ। ਸਭਿ ਦੇਸ਼ਨਿ ਮਹਿਂ ਸੁਨਿ ਸੁਨਿ ਧਾਵੈਂ। ਸਿਰੋਪਾਉ ਦੇ ਕਰਹਿਂ ਬਿਸਰਜਨ। ਜੋ ਜਿਸ ਪੁਰਿ ਮਹਿਂ ਤਹਿਂ ਕੋ ਤਤਛਿਨ ॥੫੫॥ ਰਹਯੋ ਨਿਕਟ ਗੁਰਦਿੱਤਾ ਭਾਈ। ਪ੍ਰੇਮੀ ਅਪਰ ਮਿਲੈਂ ਗਨ ਆਈ। ਸੰਗਤਿ ਆਵਤਿ ਜਾਤਿ ਬਿਸਾਲਾ। ਬੀਤਯੋ ਰਹਤਿ ਜਬਹਿ ਚਿਰਕਾਲਾ ॥੫੬॥ ਹੋਤਿ ਕੀਰ-ਤਨ ਲਗਹਿ ਦਿਵਾਨ। ਮਿਲਿ ਮਿਲਿ ਉਧਰੇ ਬ੍ਰਿੰਦ ਜਹਾਨ। ਸੋ ਭੀ ਗਨੇ ਨ ਜੈ ਹੈਂ ਮੋ ਤੇ। ਆਇ ਅਨਕ ਨਏ ਸਿਖ ਹੋਤੇ ॥੫੭॥ ਇਮ ਸੁਖ ਪਾਇ ਬਿਤਾਯਹੁ ਕਾਲਾ। ਸੁਤ ਕੋ ਸਿਮਰਤਿ ਗੁਰੂ ਕ੍ਰਿਪਾਲਾ।—ਆਇ

[1]ਸਾਵਧਾਨ ਹੋ ਕੇ ਸ਼੍ਰੀ ਗੁਰੂ ਜੀ ਦਾ ਡੇਰਾ ਲਵਾਇਆ। [2]ਬਾਬੇ ਬੁਢੇ ਦੇ।

ਆਪਨੋ ਨਗਰ ਸੰਭਾਰਹਿ । ਹਮ ਜਹਿ ਜਾਨੋਂ ਤਹਾਂ ਸਿਧਾਰਹਿ–॥ ੫੮ ॥ ਲਿਖੀ ਪੱਤ੍ਰਿਕਾ ਅਖਿਲ ਹਵਾਲ। 'ਪਠਿ ਕਰਿ ਚਲਹੁ ਬਿਲਮ ਸਭਿ ਟਾਲਿ। ਦੇਸ਼ ਪੰਜਾਬ ਆਇਬੋ ਕਰੀਯਹਿ । ਪਹੁੰਚਿ ਅਨੰਦਪੁਰਿ ਅਪਨਿ ਸੰਭਰੀ-ਯਹਿ' ॥ ੫੯ ॥ ਲੇਕਰਿ ਸਿੱਖ ਪਠਯੋ ਮਗ ਚਾਲਿ । ਪਟਨੇ ਪੁਰਿ ਕੋ ਠਾਮ ਸੰਭਾਲਿ[1] । ਸਤਿਗੁਰ ਬਸੇ ਉਧਾਰਹਿਂ ਦਾਸ । ਕਵਿ ਸੰਤੋਖ ਸਿੰਘ ਬਾਕ ਬਿਲਾਸ ॥ ੬੦ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸ੍ਰੀ ਅਨੰਦਪੁਰ ਆਗਮਨ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥ ੨੬ ॥

## ੨੭. [ਔਰੰਗਜ਼ੇਬ ਦਾ ਜ਼ਮਾਨਾ । ਕਸ਼ਮੀਰੀ ਪੰਡਤ] ।

ਦੋਹਰਾ ॥ ਤੇਗ ਬਹਾਦਰ ਸਤਿਗੁਰੂ ਬਸਿ ਅਨੰਦ ਪੁਰਿ ਮਾਂਹਿ । ਸਮਾ ਬਿਤਾ-ਵਤਿ ਸੁਖ ਸਹਿਤ ਦਾਸਨਿ ਸ੍ਰੇਯ ਸੁ ਚਾਹਿਂ ॥ ੧ ॥ ਚੌਪਈ ॥ ਤੁਰਕੇਸ਼ੁਰ ਬਹੁ ਗਹੀ ਕੁਚਾਲੀ । ਸ਼ਰਾ ਚਲਾਵਤਿ ਜਗਤ ਬਿਸਾਲੀ । ਹਿੰਦੁਨਿ ਪਰ ਬਹੁ ਬਲ ਕੋ ਪਾਯੋ । ਚਾਹਤਿ ਸਭ ਕੋ ਧਰਮ ਨਸਾਯੋ ॥ ੨ ॥ 'ਸਗਰੇ ਨਰ ਮੈਂ ਤੁਰਕ ਬਨਾਵੋਂ । ਬਹੁਰ ਸ਼ਰ੍ਹਾ ਮਹਿਂ ਭਲੇ ਚਲਾਵੋਂ । ਸ਼ਰ੍ਹਾ ਬਿਨਾ ਦੋਜ਼ਕ ਮਹਿਂ ਪਰੈਂ । ਨਹਿ ਇਮਾਨ ਕੋ ਨੀਕੇ ਧਰੈਂ ॥ ੩ ॥ ਭਯੋ ਮੁਹੰਮਦ ਪਸ਼ਚਮ ਦੇਸ਼ । ਤਿਤ ਤੁਰਕਾਨੋ ਓਜ ਵਿਸ਼ੇਸ਼ । ਕਿਤ ਕਿਤ ਹਿੰਦੂ ਰਹੇ ਨਿਜੋਰ[2] । ਤੁਰਕ ਕਰੌਂ ਪੂਰਬ ਤਿਸ ਓਰ ॥ ੪ ॥ ਉਤ ਤੇ ਹੋਵਤਿ ਆਵਤਿ ਸਾਰੇ ॥ ਇਤ ਕੇ ਪਿਖਿ ਹੁਇਂ ਸ਼ਰ੍ਹਾ ਮਝਾਰੇ[3]' । ਸੰਗ ਮੌਲਵੀ ਮਸਲਤ ਠਾਨੀ । ਸਭਿਨਿ ਸਰਾਹਯੋ 'ਨੀਕ ਬਖਾਨੀ' ॥੫॥ ਲਿਖਿ ਪਰਵਾਨੇ ਪੁਨਹਿਂ ਪਠਾਏ । ਪ੍ਰਥਮ ਪੁਰੀ ਕਸ਼ਮੀਰ ਸਿਧਾਏ । ਸੂਬਾ ਤਿਹਠਾਂ ਅਫਕਨ ਸ਼ੇਰ[4] । ਕਰਤਿ ਹੁਕਮ ਸੋਂ ਸਗਰੇ ਜ਼ੇਰ[5] ॥ ੬ ॥ ਰੰਕ ਦੇਸ਼ ਧਨ ਹਾਕਮ ਲੇਤਿ ॥ ਦਾਰਿਦ ਸਾਰੀ ਪ੍ਰਜਾ ਨਿਕੇਤ[6]।ਪਠਯੋ ਸ਼ਾਹੁ ਕੋ ਜਬਿ ਪਰਵਾਨਾ। 'ਕਰਹੁ ਤੁਰਕ ਇਹ ਦੇਸ਼ ਮਹਾਨਾ ॥੭॥ ਧਨ ਧਰਨੀ ਲਾਲਚ ਦਿਖਰਾਵਹੁ । ਬਨਹੁ ਤੁਰਕ ਸਭਿਹੂ ਸੁਖ ਪਾਵਹੁ । ਸਨੇ ਸਨੇ ਮਨ ਕੋ ਬਿਰਮਾਇ । ਮੁਖ ਤੇ ਮਾਧੁਰ ਬਾਕ ਸੁਨਾਇ ॥੮॥ ਬਹੁਰ ਓਜ ਕੋ ਦਾਬਾ ਦੇਹੁ । ਜਯੋਂ ਕਯੋਂ ਕਰਹੁ ਸ਼ਰ੍ਹਾ ਮਹਿ ਲੇਹੁ । ਬਹੁ ਜਬਰੀ ਨਹਿਂ ਜਾਨੀ ਪਰੈ । ਦੀਜੈ ਬਯਾਹ ਲਾਲਸਾ ਧਰੈਂ ॥੯॥ ਹਿੰਦੂ ਧਰਮ ਬਿਖੇ ਦ੍ਰਿਢ ਜੋਈ । ਧਨ ਅਰੁ ਬੁਧਿ ਮਹਿਂ ਦੀਰਘ ਕੋਈ । ਦ੍ਵਿਜ ਆਦਿਕ ਜੋ ਹੈਂ ਇਸ ਦੇਸ਼ । ਸਨੇ ਸਨੇ ਕਰਿ ਤੁਰਕ ਅਸ਼ੇਸ਼' ।

---

[1]ਯਾਦ ਕਰਕੇ । [2]ਕਮਜ਼ੋਰ । [3]ਵੇਖ ਵੇਖ ਕੇ ਸ਼ਰ੍ਹਾ ਵਿਚ ਹੋ ਜਾਣਗੇ । [4]ਸ਼ੇਰ ਅਫਗਨ । [5]ਅਧੀਨ । [6]ਕੰਗਾਲਤਾ ਹੈ ਸਾਰੀ ਪਰਜਾ ਦੇ ਘਰੀਂ ।

੧੦ ॥ ਅਫਕਨ ਸ਼ੇਰ ਸ਼ਾਹੁ ਮਤਿ ਜਾਨੀ। ਦਿਜ ਬੁਲਾਇ ਗਨ ਸੰਗ ਬਖਾਨੀ। ਜੋ ਬੁਧਿ ਮਹਿਂ ਅਰੁ ਧਨ ਮਹਿਂ ਭਾਰੇ। ਸਕਲ ਆਪਨੇ ਨਿਕਟਿ ਹਕਾਰੇ॥੧੧॥ 'ਕਾਗਦ ਪਠਜੋ ਸ਼ਾਹੁ ਲਿਹੁ ਦੇਖਿ।–ਬਡਿਆਈ ਕਹੁ ਦੇਹਿ ਬਿਸ਼ੇਖ–'। ਸੁਨਿ ਖਿੱਪ੍ਰਨਿ ਗਨ ਮਨ ਦੁਖ ਪਾਏ। ਕਛੁ ਨਹਿਂ ਕਹਜੋ ਗਯੋਂ, ਪਛੁਤਾਏ ॥ ੧੨ ॥ ਸੋਚਤਿ ਚਿਰੰਕਾਲ ਲਗਿ ਰਹੇ। ਅਪਨੇ ਧਰਮ ਹੇਤੁ ਪੁਨ ਕਹੇ। 'ਪ੍ਰਥਮ ਕਿਨਹੁਂ ਨਹਿਂ ਕੀਨਸਿ ਐਸੇ। ਜ਼ੋਰਾਵਰੀ ਚਹਹੁ ਅਬਿ ਜੈਸੇ ॥ ੧੩ ॥ ਅਪਨੋ ਧਰਮ ਤਜਹਿਂ ਕਿਮ ਸੋਇ[1]। ਸ੍ਰਿਸ਼ਟਿ ਰਚੀ ਤਬਿ ਕੋ ਇਹ ਜੋਇ। ਕਰਹੁ ਓਜ ਦੀਜੈ ਸਭਿ ਮਾਰੇ। ਨਹਿਂ ਕੈਸੇ ਹਮ ਜਨਮ ਬਿਗਾਰੇਂ ॥ ੧੪ ॥ ਰਾਖਹਿਂ ਧਰਮ ਮਰਨ ਲੌ ਸੋਈ। ਕੌਨ ਕੂਰ ਕੋ ਜੀਵਨ ਹੋਈ[2]'। ਇਮ ਕਹਿ ਅਪਨੇ ਸਦਨ ਸਿਧਾਰੇ। ਜੇ ਦਿਜ ਹੁਤੇ ਧਰਮ ਧਨ ਭਾਰੇ[3] ॥੧੫॥ ਪੁਨ ਕੇਤਿਕ ਦਿਨ ਬੀਤੇ ਜਬੈ। ਗਈ ਤਗੀਦ ਸ਼ਾਹੁ ਕੀ ਤਬੈ। ਅਫਕਨ ਸ਼ੇਰ ਡਰਜੋ ਰਿਸ ਕੀਨਿ। ਬੁਧਿ ਕਰਿ ਇਸ ਪ੍ਰਕਾਰ ਉਰ ਚੀਨ ॥੧੬॥–ਜੇ ਗ੍ਰਾਮਨਿ ਮਹਿਂ ਹਿੰਦੂ ਬ੍ਰਿੰਦ। ਪ੍ਰਥਮ ਤੁਰਕ ਤਿਨ ਕਰੌਂ ਬਿਲੰਦ–। ਪਰਬਤ ਬਾਸੀ ਦਿਜ ਸਮੁਦਾਏ। ਕੇਤਿਕ ਖੱਤ੍ਰੀ ਸਦਨ ਬਸਾਏ ॥ ੧੭ ॥ ਤਹਿਂ ਚਢਿ ਆਇ ਜ਼ੋਰ ਕੋ ਘਾਲਾ। ਕੀਨੋ ਤਿਨ ਕੋ ਤੁਰਕ ਬਿਸਾਲਾ। ਬੀਸ ਤੀਸ ਕੋਸਨ ਮਹਿਂ ਜੋਇ। ਇਕ ਦਿਨ ਸਕਲ ਏਕਠੇ ਹੋਇ ॥ ੧੮ ॥ ਕਰੇ ਉਤਾਰਨਿ ਸਰਬ ਜਨੇਊ। ਤੋਲ ਸਵਾ ਮਨ ਹੋਯਸਿ ਤੇਊ। ਤਿਸ ਦਿਨ ਤੁਰਕ ਭਏ ਹੈਂ ਸਾਰੇ। ਹਿੰਦੁਨਿ ਹਾਹਾਕਾਰ ਉਚਾਰੇ॥ ੧੯ ॥ ਖੱਖੇ[4] ਨਾਮ ਭਯੋ ਖੱਤ੍ਰੀਨ। ਭੰਭੇ ਨਾਮ ਦਿਜਨ ਕੋ ਕੀਨਿ। ਪੁਰਿ ਕਸ਼ਮੀਰ ਤੀਰ ਗਿਰ ਜੋਏ। ਕਿਤਿਕ ਦਿਵਸ ਮਹਿਂ ਤੁਰਕ ਸੁ ਹੋਏ॥ ੨੦ ॥ ਦਰਬ ਆਦਿ ਸਾਮਿੱਗ੍ਰੀ ਜੇਤੀ। ਘਰ ਤੁਰਕਨਿ ਕੇ ਬਿਰਧੀ ਤੇਤੀ। ਇਮ ਅੜ ਹਿੰਦੁਨਿ ਕੀ ਜਬਿ ਟੂਟੀ। ਸੈਸੇ-ਮਾਨ ਭਏ ਧ੍ਰਿਤਿ ਛੂਟੀ॥ ੨੧ ॥ ਬਹੁਰ ਬਿੱਪ੍ਰ ਪੁਰਿ ਕੇ ਸਮੁਦਾਏ। ਸਗਰੇ ਅਫਕਨ ਸ਼ੇਰ ਬੁਲਾਏ। ਕਹਜੋ ਜੋਰ ਕਰਿ 'ਕਲਮਾ ਪਠੋ। ਸਰਹਿ ਨ ਕਹਾਂ ਸ਼ਰ੍ਹਾ ਤੇ ਨਠੋ[5]' ॥ ੨੨ ॥ ਸੁਨਿ ਕੈ ਸਭਿ ਹਿੰਦੁਨਿ ਕੋ ਚਿੰਤਾ। ਭਏ ਇਕੱਤ੍ਰ ਕਹੈਂ ਬਿਰਤੰਤਾ।'ਅਪਰ ਉਪਾਇ ਨ ਕੋ ਬਨਿ ਆਵੈ। ਜਗਤ ਰਾਜ

[1]ਭਾਵ ਹਿੰਦੂ। [2]ਝੂਠ ਦਾ ਜੀਵਨ ਕੌਣ ਜੀਵੇ ? । [3]ਧਰਮੀ ਤੇ ਧਨੀ। [4]ਖੱਖੇ ਮੁਸਲਮਾਨ । [5]ਸ਼ਰਾ ਤੋਂ ਨੱਠਿਆਂ ਕੁਛ ਨਹੀਂ ਬਨੇਗਾ ।

ਇਨ, ਥਾਉਂ ਨ ਪਾਵੈਂ[੧] ॥ ੨੩ ॥ ਮਿਲਹੁ ਚਲਹੁ ਅਮਰੇਸ਼ੁਰ ਥਾਨ[੨]।
ਵਿਹੁ ਧਰਨਾ[੩] ਤਜਿ ਖਾਨ ਰੁ ਪਾਨ। ਤਹਿਂ ਮਰਿ ਰਹਹੁ ਕਿ ਰੁਦ੍ਰ ਰਿਝਾ-
ਵਹੁ।–ਰਾਖਹਿਂ ਧਰਮ ਹਿੰਦੁ–ਬਰ ਪਾਵਹੁ ॥ ੨੪ ॥ ਤੁਰਕ ਸੰਗ ਕੀਜਹਿ
ਤਕਰਾਰ। ਇਕ ਦੁਇ ਮਾਸਨ ਕੋ ਧ੍ਰਿਤ ਧਾਰਿ'। ਅਸ ਮਸਲਤ ਕਰਿ
ਪਹੁੰਚੇ ਜਾਇ। ਜਹਿਂ ਸੂਬਾ ਅਰੁ ਨਰ ਸਮੁਦਾਇ ॥ ੨੫ ॥ ਹਾਥ ਜੋਰਿ
ਸਭਿਹੂੰਨਿ ਉਚਾਰਾ। 'ਖਟ ਮਾਸਨਿ ਬੰਧਹੁ ਤਕਰਾਰਾ। ਜਤਨ ਜਿਤਿਕ
ਹਮ ਤੇ ਹੁਇ ਜਾਇ। ਸੋ ਕਰਿ ਲੇਹਿਂ ਜਿ ਧਰਮ ਰਹਾਇ ॥ ੨੬ ॥ ਨਾਂਹਿ
ਤ ਹਮ ਮਾਨਹਿਂ ਜਿਮ ਕਹੋ। ਜਗਪਤਿ ਆਜ ਬਲੀ ਤੁਮ ਅਹੋ'। ਅਫ-
ਕਨ ਸ਼ੇਰ ਮਾਨਿ ਜਬਿ ਲੀਨੀ।ਭਲੇ ਦਿਜਨ ਮਿਲਿ ਤਯਾਰੀ ਕੀਨੀ ॥੨੭॥
'ਜੀਵਨ ਤੇ ਮਰਿਬੋ ਅਬਿ ਆਛੋ। ਧਰਮ ਤਯਾਗਿਬੋ ਨਾਂਹਿਨ ਬਾਂਛੋ'। ਇਮ
ਹਠ ਕਰਿ ਪੁਰਿ ਕੇਤਿਕ ਕੋਸਾ। ਅਮਰਨਾਥ ਗੇ ਧਾਰਿ ਭਰੋਸਾ ॥ ੨੮ ॥
ਤਜਿ ਕਰਿ ਖਾਨ ਪਾਨ ਧ੍ਰਿਤ ਧਰਿਕੈ। ਬੈਠੇ ਚਹੁੰ ਦਿਸ਼ਿ ਮੱਜਨ ਕਰਿਕੈ।
ਸ਼ਿਵ ਕੇ ਨਾਮ ਹਜ਼ਾਰਹੁਂ ਕਹੈਂ। 'ਸ਼ੰਭੂ, ਚੰਦ੍ਰ ਚੂੜ*, ਮ੍ਰਿੜ ਅਹੈਂ ॥ ੨੯ ॥
ਨੀਲ ਕੰਠ, ਸ਼ੂਲੀ, ਹਰ, ਜਟੀ। ਬਰਨ ਸੁ ਬਿਸਦ ਬਿਭੂਤੀ ਠਟੀ[੪]।
ਅੰਧਕ ਘਾਤਕ[੫], ਰੁਦ੍ਰ,ਤ੍ਰਿਲੋਚਨ[੬]।ਸ਼ੰਕਰ ਸੇਵਕ ਸੋਚ ਬਿਮੋਚਨ[੭] ॥੩੦॥
ਤਪ ਕੀ ਮੂਰਤਿ ਬਹੁਤ ਪ੍ਰਤਾਪੇ। ਹੋਤਿ ਪ੍ਰਸੰਨ ਅਲਪ ਜਪੁ ਜਾਪੇ। ਮਹਾਂ
ਦੇਵ, ਭਵ, ਭੱਦ੍ਰ ਕਰੰਤਾ[੮]। ਤ੍ਰਿਪੁਰ ਹਰਯੋ[੯] ਤਿਮ ਬਿਘਨ ਹਰੰਤਾ ॥ ੩੧ ॥
ਜਗਤ ਮ੍ਰਿਜਾਦਾ ਥਾਪਤਿ ਰਹਯੋ।ਕਥਾ ਪੁਰਾਨਨਿ ਕੀ ਮਹਿ ਲਹਯੋ[੧੦]।ਪਾਰ-
ਬਤੀ ਪਤਿ, ਪਾਨ ਪਿਨਾਕੂ[੧੧]। ਕਰਹੁ ਚਹਹੁ ਜਿਮ ਕਹਿ ਇਕ ਵਾਕੂ[੧੨]
॥੩੨॥ ਜਬਿ ਸੁਰ ਗਨ ਕੋ ਅਪਦਾ ਆਵੈ।ਦੀਨ ਹੋਇ ਤਵ ਸ਼ਰਨ ਸਿਧਾਵੈਂ।
ਅਪਨੇ ਭਗਤ ਜਾਨਿ ਸਮੁਦਾਇ। ਬਲ ਬਿਸਾਲ ਤੇ ਕਰਹਿਂ ਸਹਾਇ
॥ ੩੩ ॥ ਦੀਨ ਬੰਧੁ ਦੁਖ ਦਾਰਿਦ ਹਰਤਾ। ਸੈਲ ਕਿਲਾਸ਼ ਬਾਸ
ਆਚਰਤਾ। ਪ੍ਰਭੁ ਪਸ਼ੁਪਤਿ,ਈਸ਼ੁਰ,ਭਗਵਾਨੁ। ਭੁਗਤਹਿ ਜਗ ਨਿਤ ਤੇਰੋ

[੧]ਸਾਰੇ ਜਗਤ ਵਿਚ ਇਨ੍ਹਾਂ ਦਾ ਰਾਜ ਹੈ (ਲੁਕਣ ਨੂੰ ਹੋਰ) ਕਿਤੇ ਥਾਂ ਨਹੀਂ ਮਿਲਦਾ। [੨]ਅਮਰਨਾਥ ਥਾਨ। [੩]ਹੱਠ ਕਰਕੇ ਬੈਠਣਾ। [੪]ਚਿਟੇ ਰੰਗ ਦੀ ਸਵਾਹ ਧਾਰੀ (ਮਲੀ) ਹੈ। [੫]ਅੰਧਕ ਦੈਂਤ ਦਾ ਨਾਸ਼ ਕਰਤਾ। [੬]ਤ੍ਰੈ ਅੱਖਾਂ ਵਾਲਾ=ਸ਼ਿਵ। [੭]ਜਨਾਂ ਦੇ ਫਿਕਰ ਦੂਰ ਕਰਨ ਵਾਲਾ। [੮]ਕਲਯਾਨ ਕਰਤਾ। [੯]ਜਿਸਨੇ (ਜਿਵੇਂ) ਤ੍ਰਿਪੁਰ ਮਾਰਿਆ ਸੀ। [੧੦]ਵਿਚ ਜਾਣਿਆਂ ਗਿਆ ਹੈ। [੧੧]ਹੱਥ ਵਿਚ ਪਿਨਾਕ ਧਨੁਖ ਧਾਰਨ ਵਾਲਾ। [੧੨]ਇਕ ਵਾਕ ਕਹਿਕੇ ਜੋ ਕਰਨਾ ਚਾਹੋ ਕਰ ਲੈਂਦੇ ਹੋ।

*ਪਾ:–ਚੰਦ੍ਰ ਮੌਲ।

ਦਾਨ ॥ ੩੪ ॥ ਅਬਿ ਆਯੋ ਭੀਖਨ ਕਲਿ ਕਾਲ। ਭਯੋ ਜਮਨ ਕੋ ਤੇਜ ਬਿਸਾਲ। ਹਿੰਦੂ ਧਰਮ ਕੋ ਨਾਸ਼ ਕਰੰਤਾ। ਰਹਿਤ ਮ੍ਰਿਜਾਦਾ ਸਗਰੀ ਹੰਤਾ ॥ ੩੫ ॥ ਦ੍ਵਿਜਗਨ ਆਨਿ ਪਰੇ ਸ਼ਰਨਾਈ। ਤੁਮ ਬਿਨ ਕੋ ਅਬਿ ਹੋਇ ਸਹਾਈ। ਰਾਜ ਤੁਰਕ ਕੋ ਮਹਿਦ ਪ੍ਰਕਾਸ਼ਾ। ਰਾਵਨ ਜਿਮ ਨਹਿਂ ਚਹਹੁ ਜਿ ਨਾਸਾ[1] ॥ ੩੬ ॥ ਤਊ ਧਰਮ ਹਿੰਦੁਨਿ ਕੋ ਭਾਰੀ। ਬਨ ਸਹਾਇ ਅਬਿ ਲੇਹੁ ਉਬਾਰੀ। ਨਤੁ ਸਭਿ ਏਕ ਮਈ ਹੁਇ ਜਾਵੈ। ਸੁਰ ਗਨ ਕੀ ਪੂਜਾ ਬਿਨਸਾਵੈ ॥ ੩੭ ॥ ਬਿੱਪ੍ਰ ਦੀਨ ਬਨਿ ਪਹੁੰਚੇ ਸ਼ਰਨੀ। ਕਰੁਨਾ ਕਰਹੁ ਧਰਮ ਰਹਿ ਧਰਨੀ'। ਇੱਤਯਾਦਿਕ ਦ੍ਵਿਜ ਨਾਮ ਰਟੰਤੇ। ਧੂਪ ਦੀਪ ਬਹੁ ਬਲੀ ਚਢੰਤੇ ॥ ੩੮ ॥ ਪਰੇ ਕਰਹਿਂ ਡੰਡੌਤ ਘਨੇਰੀ। ਬਹੁ ਬਿਨਤੀ ਬੋਲਹਿ ਤਿਸ ਬੇਰੀ।ਖਾਨ ਪਾਨ ਬਿਨ ਨਿਸ ਦਿਨ ਰੋਵੈਂ।ਬੈਠੇਇਕਆਸਨ, ਨਹਿਂ ਸੋਵੈਂ ॥ ੩੯ ॥ ਕਨਕ[2], ਅਰਕ[3], ਬਿਲ ਦਲ[4] ਅਰਪੰਤੇ। ਭੋਲਾ ਨਾਥ ਧ੍ਯਾਨ ਚਿਤਵੰਤੇ। ਅਸ਼ਟ ਦਿਵਸ ਜਬਿ ਭਏ ਬਿਤੀਤ। ਛੁਧਾ ਪਿਪਾਸਾ ਨਿੰਦ੍ਰਾ ਜੀਤਿ ॥੪੦॥ ਮੰਡਯੋ ਮਰਣ ਜਿਯਨਿ ਤਜਿ ਆਸਾ। ਨਹਿ ਨਿਜ ਕਰਿ ਹੈਂ ਧਰਮ ਬਿਨਾਸ਼ਾ। ਬਯਾਕੁਲ ਹੋਇ ਕਿਤਿਕ ਗਿਰ ਰਹੇ। ਬਿਨਾ ਅਹਾਰ ਕਹਾਂ ਬਲ ਲਹੇ ॥ ੪੧ ॥ ਕਿਤਿਕ ਅਧਿਕ ਹਠ ਧਾਰੀ ਬਿੱਪ੍ਰ। ਸੰਕਟ ਸਹੈਂ ਸਧੀਰ ਅਛਿੱਪ੍ਰ[5]। ਪੂਜਾ ਕਰਹਿਂ ਅਨੇਕ ਪ੍ਰਕਾਰਾ। ਪਰਹਿ ਨਿਰੰਤਰ ਜਲ ਕੀ ਧਾਰਾ ॥ ੪੨ ॥ ਧਰਹਿਂ ਧ੍ਯਾਨ ਜਿਸ ਪਰ ਮ੍ਰਿਗ ਛਾਲਾ। ਪਾਰਬਤੀ ਅਰਧੰਗਿ ਸੁਚਾਲਾ[6]। ਲਪਟੇ ਸਰਪ ਬਿਭੂਤ ਲਗਾਏ। ਮੁੰਡਨ ਮਾਲ ਬਿਸਾਲ ਬਨਾਏ ॥ ੪੩ ॥ ਸੀਸ ਜਟਾ ਕੋ ਜੂਟ[7] ਉਤੰਗਾ। ਨਿਰਮਲ ਨੀਰ ਪ੍ਰਵਾਹਤਿ ਗੰਗਾ। ਤ੍ਰਿਤਿਯ ਨੈਨ ਮੈਂ ਅਗਨਿ ਅਛਾਦੇ। ਡਮਰੁ ਡਮੰਕਤਿ[8] ਕਰ ਮਹਿਂ ਬਾਦੇ॥੪੪॥ ਰੂਪ ਅਮੰਗਲ ਮੰਗਲ ਕਰਿਤੇ। ਇਸਿ ਬਿਧਿ ਧ੍ਯਾਨ ਅਧਿਕ ਦ੍ਵਿਜ ਧਰਿਤੇ। ਮਹਾਂਦੇਵ ਤਬਿ ਅੰਤਰ ਜਾਮੀ। ਜਾਨਯੋਂ ਕਸ਼ਟ ਬਡੋ ਤਿਨ, ਸ੍ਵਾਮੀ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਗ੍ਰਿੰਥੇ ਦ੍ਵਾਦਸ਼ ਰਾਸੇ 'ਕਸ਼ਮੀਰ ਦ੍ਵਿਜਨ ਪ੍ਰਸੰਗ' ਬਰਨਨੰ ਨਾਮ ਸਪਤਿ ਬਿੰਸਤੀ ਅੰਸੂ ॥ ੨੭ ॥

## ੨੮. [ਕਸ਼ਮੀਰੀ ਪੰਡਤ]।

ਦੋਹਰਾ ॥ ਪ੍ਰਾਨ ਅੰਤ ਲੌ ਦ੍ਵਿਜ ਭਏ ਜਾਨੇ ਰਿਦੈ ਤ੍ਰਿਨੈਨ[9]। ਕ੍ਰਿਪਾ ਧਾਰਿ

[1]ਰਾਵਣ ਵਾਂਙੂ ਜੇ ਤੁਸੀਂ (ਤੁਰਕਾਂ ਦਾ) ਨਾਸ਼ ਕਰਨਾ ਨਹੀਂ ਚਾਹੁੰਦੇ ਤਾਂ। [2]ਧਤੂਰਾ। [3]ਅੱਕ। [4]ਬਿੱਲ ਦੇ ਪੱਤੇ। [5]ਹੌਲੀ ਹੌਲੀ। [6]ਸ੍ਰੇਸ਼ਟ ਚਾਲ ਵਾਲੀ ਪਾਰਬਤੀ ਜਿਸ ਦੀ ਅਰਧੰਗੀ ਹੈ। [7]ਜੂੜਾ। [8]ਡੌਰੂ ਵਾਜਾ ਵਜਦਾ ਹੈ। [9]ਸ਼ਿਵ ਜੀ ਨੇ।

ਪੱਤ੍ਰੀ ਬਿਖੇ ਲਿਖਿ ਉਪਾਇ ਕੇ ਬੈਨ॥੧॥ ਚੌਪਈ॥ 'ਸ੍ਰੀ ਨਾਨਕ ਜਗ ਗੁਰੂ ਬਿਸਾਲਾ। ਅੱਪ੍ਰਮੇਯ ਸਮਰਥ ਕਲਿ ਕਾਲਾ। ਤਿਨ ਗਾਦੀ ਪਰ ਬੈਠਨੋ ਜੋਇ। ਕਾਜ ਤੁਮਾਰੇ ਸਾਰਹਿ ਸੋਇ॥੨॥ਇਹੀ ਪੱਤ੍ਰਿਕਾ ਲੇ ਤੁਮ ਜਾਵਹੁ। ਬ੍ਰਿਥਾ ਆਪਨੀ ਸਕਲ ਸੁਨਾਵਹੁ। ਸੋ ਰਾਖਹਿੰਗੇ ਧਰਮ ਤੁਹਾਰਾ। ਤ੍ਰਿਨ ਬਿਨ ਅਨ ਤੇ ਹ੍ਵੈ ਨ ਉਬਾਰਾ॥ ੩ ॥ ਉਠਹੁ ਅਹਾਰ ਜਾਇ ਕਰਿ ਕਰੋ। ਰਿਦੈ ਭਰੋਸਾ ਗੁਰ ਪਰ ਧਰੋ'। ਜਹਿਂ ਦਿਜ ਬੈਠੇ ਮੰਡਲ ਕਰਿਕੈ[1]। ਤ੍ਰਿਖਤ ਛੁਧਿਤ ਸੰਕਟ ਕੋ ਧਰਿਕੈ॥ ੪॥ ਅਰਧ ਜਾਮ ਜਾਮਨਿ ਜਬਿ ਰਹੀ। ਬਿੱਪ੍ਰ ਬ੍ਰਿੰਦ ਬਿਚ ਉਤਰੀ ਤਹੀਂ[2]। ਭਈ ਪ੍ਰਭਾਤਿ ਸੂਰ ਉਜਿਆਰਾ। ਪਰਯੋ ਸੁ ਕਾਗਦ ਸਭਿਨਿ ਨਿਹਾਰਾ॥ ੫॥ ਹਾਥ ਉਠਾਇ ਬਿਲੋਕਾ ਖੋਲਾ[3]। ਅੱਖਰ ਸ਼ੁੱਧ ਪਾਠ ਕਰਿ ਬੋਲਾ[4]। ਜਾਨਿ ਅਚੰਭੈ ਮਿਲਿ ਸਮੁਦਾਇ। ਪਠਤਿ ਸੁਨਤਿ ਸਭਿ ਹ੍ਵੈ ਇਕ ਥਾਇਂ॥ ੬॥ ਭਲੀ ਭਾਂਤਿ ਆਸ਼ੈ ਕੋ ਜਾਨਿ। 'ਕੌਨ ਗੁਰੂ ਅਬਿ ਕਰਹੁ ਬਖਾਨਿ ?'। ਤਿਨ ਮਹੁਂ ਇਕ ਦਿਜ ਲਖਹਿ ਬ੍ਰਿਤੰਤ। ਤੇਗ ਬਹਾਦਰ ਗੁਰ ਭਗਵੰਤ॥ ੭॥ ਸਭਿਨਿ ਸੁਨਾਵਤਿ ਬਾਕ ਉਚਾਰਾ। 'ਮੋ ਤੇ ਸੁਨਹੁਂ ਲਖੌਂ ਜਿਮ ਸਾਰਾ। ਸ੍ਰੀ ਹਰਿਗੋਵਿੰਦ ਪੂਰਬਆਇ। ਬ੍ਰਿਧਾ ਪ੍ਰੇਮ ਬਡ ਧਰਯੋ ਬੁਲਾਇ॥ ੮॥ ਦਾਸਨਿ ਕੋ ਨਿਹਾਲ ਕਰਿ ਗਏ। ਪੰਚ ਪੁੱਤ੍ਰ ਤਿਨਕੇ ਬਰ ਭਏ। ਪੌਤ੍ਰਾ ਗਾਦੀ ਪਰ ਬੈਠਾਇ।ਸ੍ਰੀ ਹਰਿ ਗੋਵਿੰਦ ਗਏ ਸਮਾਇ॥ ੯॥ ਤਿਨ ਸੁਤ ਸ੍ਰੀ ਹਰਿ ਕ੍ਰਿਸ਼ਨ ਭਏ ਹੈਂ। ਬਾਲ ਬੈਸ ਗੁਰੁ ਪੂਜ ਥਿਏ ਹੈਂ। ਸੰਮਤ ਦ੍ਵੈ ਗਾਦੀ ਪਰ ਰਹੇ। ਤਨ ਕੇ ਅੰਤ ਤਿਨਹੁਂ ਬਚ ਕਹੇ॥ ੧੦॥–ਅਬਿ ਗੁਰ ਬਾਬਾ ਬਸਹਿ ਬਕਾਲੇ–। ਆਪ ਗਮਨ ਬੈਕੁੰਠ ਸਮਾਲੇ। ਸ੍ਰੀ ਗੁਰ ਤੇਗ ਬਹਾਦਰ ਅਹੈਂ। ਚਹੁਂ ਦਿਸ਼ਿ ਬਿਦਤਿ ਭਏ ਸਿਖ ਲਹੈਂ॥ ੧੧॥ ਤਿਨ ਢਿਗ ਚਲਹੁ, ਉਬਾਰਹਿਂ ਧਰਮ। ਤਜਿ ਕਰਿ ਲੋਕ ਸ਼ਰਮੁ ਅਰੁ ਭਰਮ[5]। ਬਿਦਤ ਜਗਤ ਮਹਿਂ ਗੁਰਤਾ ਗਾਦੀ। ਸ਼੍ਰੀ ਨਾਨਕ ਜੀਤੇ ਸਭਿ ਬਾਦੀ[6]॥ ੧੨॥ ਸਰਬ ਕਲਾ ਸਮਰਥ ਸਭਿ ਕਾਲਾ। ਚਹੈਂ ਸੁ ਕਰੈਂ ਪ੍ਰਤਾਪ ਬਿਸਾਲਾ। ਕੋਸ ਹਜ਼ਾਰਹੁਂ ਸਿੱਖ ਸਹਾਇਕ। ਸੁਨਤਿ ਰਹੇ ਨਿਤ ਸਹਿਜ ਸੁਭਾਇਕ' ॥੧੩॥ ਸੁਨਿ ਦਿਜ ਗਨ ਨਿਸ਼ਚੈ

---

[1]ਘੇਰਾ ਪਾ ਕੇ। [2](ਚਿੱਠੀ) ਉੱਤਰੀ ਤਿੱਥੇ ਹੀ। [3]ਦੇਖ ਕੇ ਖੋਲਿਆ। [4]ਸੁੱਧ ਅੱਖਰਾਂ ਦਾ ਪਾਠ ਬੋਲਣਾ ਕੀਤਾ। [5]ਲੌਕਿਕ ਲਾਜ ਤੇ (ਮਨ ਯਾ ਕੁਲ ਦਾ) ਭਰਮ। [6]ਸਾਰੇ ਝਗੜਾਲੂ ਜਿੱਤੇ।

ਮਨ ਆਯੋ। ਸ਼ਿਵ ਕੋ ਲਿਖਯੋ ਸਭਿਨਿ ਸ਼ੁਭ ਭਾਯੋ। ਬਾਰਿ ਬਾਰਿ ਤਿਹ
ਬੰਦਨ ਕਰਿਕੈ।ਉਠੇ ਬਿੱਪ੍ਰ ਆਇ ਬਿਚ ਪੁਰਿ ਕੇ ॥੧੪॥ 'ਪੂਰਬ ਮੱਦ੍ਰ[1] ਦੇਸ਼
ਕੋ ਚਲੀਅਹਿ। ਬੂਝਿ ਖੋਜਿ ਸਤਿਗੁਰ ਕੋ ਮਿਲੀਅਹਿ'। ਅਸ ਮਸਲਤ
ਕਰਿ ਮੁੱਖਿ ਜੁ ਪੁਰਿ ਕੇ।ਗਮਨੇ ਮਗ ਮਿਲਿਬੇ ਹਿਤ ਗੁਰਕੇ॥੧੫॥ਉਲੰਘਿ
ਪਹਾਰ ਪੀਰ ਪੰਜਾਲ[2]।ਰਤਨ ਪੰਜਾਲ[3] ਤਯਾਗਿ ਪਗ ਚਾਲਿ।ਬਸੇ ਰਜੌਰੀ-
ਪੁਰਿ[4] ਮਹਿ ਆਇ। ਤਜਿ ਭਿੰਭਰ[5] ਗਮਨੇ ਅਗਵਾਇ ॥੧੬॥ ਸਭਿ ਪਹਾਰ
ਉਲੰਘੇ ਪੁਨ ਦੇਸ਼। ਗ੍ਰਾਮ ਨਗਰ ਪਿਖਿ ਤਯਾਗਿ ਅਸ਼ੇਸ਼। ਸ੍ਰੀ ਅੰਮ੍ਰਿਤਸਰ
ਪਹੁੰਚੇ ਆਇ। ਤਹਿ ਤੇ ਸੁਧਿ ਸਤਿਗੁਰੁ ਕੀ ਪਾਇ॥੧੭॥ 'ਤੀਰਥ ਪੂਰਬ
ਕੇ ਕਰਿ ਸਾਰੇ। ਅਬਿ ਅਨੰਦਪੁਰਿ ਬਸੈਂ ਉਦਾਰੇ। ਚਹੁੰ ਦਿਸ਼ਿ ਕੀ ਗਨ
ਸੰਗਤਿ ਆਵੈ। ਪਾਇ ਕਾਮਨਾ ਸੀਸ ਨਿਵਾਵੈਂ॥ ੧੮ ॥ ਬੈਠੇ ਸ੍ਰੀ ਨਾਨਕ
ਮਸਨੰਦ[6]। ਸਤਿਗੁਰ ਤੇਗ ਬਹਾਦਰ ਚੰਦ। ਸਰਬ ਕਲਾ ਸਮਰਥ ਗੁਨ
ਖਾਨੀ। ਧੀਰਜ ਧਰਮ ਧਾਮ ਬ੍ਰਹਮਗਯਾਨੀ'॥੧੯॥ਦਿਜ ਗਨ ਸੁਨਿ ਜਸੁ
ਵਧਯੋ ਅਨੰਦ।-ਰਾਖਹਿਹਿੰਦੁਨਿ ਪੈਜ ਬਿਲੰਦ-।ਚਲੇ ਪੰਥ ਸਭਿ ਆਨੰਦ
ਪੁਰਿ ਕੇ। ਚਾਹਤਿ ਚਿਤ ਮਹਿੰ ਦਰਸ਼ਨ ਗੁਰਕੇ ॥ ੨੦ ॥ ਪਿਖੀ ਬਿਪਾਸਾ
ਸੁੰਦਰ ਸਲਿਤਾ। ਜਿਸ ਮਹਿੰ ਨਿਰਮਲ ਜਲ ਬਹੁ ਚਲਤਾ। ਚਢਿ ਤਰਨੀ
ਪਰ ਤਰਿ ਪਰਿ ਤੀਰ[7]। ਖਰੇ ਜਾਇ ਭੇ ਦਿਜ ਉਰ ਧੀਰ॥੨੧॥ਦ੍ਵਾਬੇ ਦੇਸ਼
ਪੰਥ ਸਭਿ ਚਾਲੇ। ਦੇਖੀ ਸਤੱਦ੍ਰਵ ਨਦੀ ਬਿਸਾਲੇ।ਤਿਸੈ ਉਲੰਘਤਿ ਪਹੁੰਚੇ
ਜਾਇ। ਸੁੰਦਰ ਪੁਰਿ ਅਨੰਦ ਜਿਸ ਥਾਇ ॥ ੨੨ ॥ ਸ਼ੁਭ ਸਥਾਨ ਪਿਖਿ
ਕੀਨਸਿ ਡੇਰਾ। ਪਗ ਪਖਾਰਿ ਸ਼੍ਰਮ ਹਤਯੋ ਬਡੇਰਾ।ਖਾਨ ਪਾਨ ਕਰਿ ਨਿਸ
ਮਹਿ ਬਾਸੇ।-ਮਿਲੈਂ ਪ੍ਰਭਾਤਿ ਗੁਰਨਿ ਕੇ ਪਾਸੇ- ॥੨੩॥ਸੁਪਤਿ ਜਥਾ ਸੁਖ
ਜਾਗ੍ਰਤਿ ਭਏ। ਸੌਚ ਸ਼ਨਾਨ ਸਰਬ ਨੇ ਕਿਏ। ਖਟ ਕਰਮੀ[8] ਪ੍ਰਿਯ ਧਰਮ
ਚਹੇਤੇ। ਘਸ ਚੰਦਨ ਕੋ ਤਿਲਕ ਲਗੇਤੇ ॥ ੨੪ ॥ ਅਨਿਕ ਪ੍ਰਕਾਰਨਿ
ਲੈ ਉਪਹਾਰਾ। ਪਹੁੰਚੇ ਸਤਿਗੁਰ ਕੇ ਦਰਬਾਰਾ। ਹੇਰਿ ਮੇਵਰੋ ਅੰਤਰ ਗਯੋ।
ਹਾਥ ਜੋਰਿ ਕਰਿ ਬੋਲਤਿ ਭਯੋ ॥ ੨੫ ॥ 'ਪ੍ਰਭੁ ਜੀ ਅਹੈ ਦੇਸ਼ ਕਸ਼ਮੀਰ।
ਤਹਿ ਕੇ ਬਿੱਪ੍ਰ ਖਰੇ ਦਰ ਭੀਰ।ਦਰਸ਼ਨ ਕੋ ਚਾਹਤਿ ਉਹ ਆਏ। ਸੁਮਤਿ-
ਵੰਤ ਪੰਡਿਤ ਸਮੁਦਾਇ' ॥ ੨੬ ॥ ਸੁਨਿ ਸ੍ਰੀ ਤੇਗਬਹਾਦਰ ਹਸੇ।

[1]ਪੰਜਾਬ। [2]ਨਾਮ ਪਹਾੜ ਦਾ। [3]ਨਾਮ ਸ਼ਹਿਰ ਵਾ ਪਹਾੜ। [4]ਇਕ ਗ੍ਰਾਮ ਜੋ ਜੰਮੂ ਰਿਆਸਤ ਵਿਚ ਹੈ। [5]ਰਿਆਸਤ ਜੰਮੂ ਦੀ ਇਕ ਤਹਿਸੀਲ।ਇਹ ਕਸ਼ਮੀਰ ਦਾ ਪੁਰਾਣੇ ਸਮੇਂ ਦਾ ਰਸਤਾ ਦਸ ਰਹੇ ਹਨ। [6]ਗੱਦੀ ਉਤੇ। [7]ਤਰ ਕਰਕੇ ਕੰਢੇ ਲਗੇ। [8]ਖਟ ਕਰਮਾਂ ਦੇ ਕਰਨ ਵਾਲਾ ਭਾਵ ਬ੍ਰਾਹਮਣ।

'ਆਵਨ ਦੇਹੁ ਮਹਾਂ ਦੁਖ ਗ੍ਰਸੇ। ਸ਼ਿਵ ਕੋ ਲਸਾਏ ਹਮਹਿ ਸੰਦੇਸਾ। ਜਥਾ ਜਗਤ ਸੁਖ ਲਹੈ ਵਿਸ਼ੇਸ਼ਾ॥ ੨੭ ॥ ਸ਼੍ਰੀ ਨਾਨਕ ਕੋ ਕਮਲਾਦਾਸ[1]। ਗਯੋ ਹੁਤੋ ਲੈਬੇ ਹਿਤ ਘਾਸ। ਤਿਸ ਕਰ ਸ਼ਿਵ ਨਿਜ ਭਸਮ ਪਠਾਈ। ਤਿਮ ਹਮ ਨਿਕਟਿ ਪੱਤ੍ਰਿਕਾ ਆਈ' ॥ ੨੮ ॥ ਢਿਗ ਮਸੰਦ ਗਨ ਸੇਵਕ ਜੋਇ। ਸੁਨੇ ਗੁਰੂ ਤੇ ਬਿਸਮੈ ਹੋਇ।ਜਿਨ ਬਚ ਮਹਿਂ ਆਸ਼ੈ ਗੰਭੀਰ। ਰਿਦੈ ਬਿਚਾਰਤਿ ਬੈਠੇ ਤੀਰ ॥੨੯॥ ਜਾਇ ਮੇਵਰੋ ਦਿਜ ਗਨ ਲਯਾਯੋ।ਸਭਿਨਿ ਆਇ ਨਿਜ ਸੀਸ ਨਿਵਾਯੋ। ਅਰਪਿ ਉਪਾਇਨ ਆਦਿ ਦੁਸ਼ਾਲੇ। ਸੇਉ ਆਦਿ ਜੋ ਸ੍ਵਾਦ ਬਿਸਾਲੇ ॥ ੩੦ ॥ ਕਰਿ ਦਰਸ਼ਨ ਸਗਰੇ ਹਰਖਾਏ। ਬੈਠੇ ਆਸ਼ਿਖ ਬਾਦ ਅਲਾਏ। ਕੁਸ਼ਲ ਅਨੰਦ ਬੂਝਿ ਕਰਿ ਤਿਨ ਕੋ। ਪੁਨ ਸਤਿਗੁਰ ਇਮ ਕਰਯੋ ਬਚਨ ਕੋ ॥ ੩੧ ॥ 'ਕਹਹੁ ਦੇਸ਼ ਅਪਨੇ ਕੀ ਬਾਤ। ਕਿਸ ਪ੍ਰਕਾਰ ਕੋ ਤਹਾਂ ਬ੍ਰਿਤਾਂਤ? ਅਬਿ ਕੇ ਤੁਮ ਬਹੁ ਵਿੱਦਯਾਵਾਨ। ਆਏ ਸੰਗ ਨ ਸੰਗਤਿ ਆਨ[2] ॥ ੩੨ ॥ ਸਭਿਨਿ ਜਾਤਿ ਕੇ ਸਿੱਖ ਹਮਾਰੇ। ਮਿਲਿ ਆਵਤਿ ਸੋ ਬਿਧਿ ਨ ਨਿਹਾਰੇ[3]। ਦਰਸ਼ਨ ਹਿਤ ਕੈ ਕਾਰਜ ਔਰ? ਮਿਲਿ ਆਏ ਤਜਿ ਕੈ ਨਿਜ ਠੌਰ'॥ ੩੩ ॥ ਸੁਨਤਿ ਦਿਜਨਿ ਕਰ ਜੋਰਿ ਉਚਾਰੀ। 'ਹਸਤਾਮਲ ਜਿਮ ਜਾਨਹੁ ਸਾਰੀ। ਤੀਨ ਲੋਕ ਕੋ ਅਖਿਲ ਬ੍ਰਿਤੰਤ।ਰਿਦੈ ਗਯਾਤ ਸ਼੍ਰੀ ਗੁਰ ਭਗਵੰਤ! ॥ ੩੪ ॥ ਤਊ ਹੁਕਮ ਬੂਝਨਿ ਹਿਤ ਕਯੋ। ਸੁਨਹੁ ਪ੍ਰਸੰਗ ਦੇਸ਼ ਜਿਮ ਭਯੋ। ਚਿਰੰਕਾਲ ਕੋ ਰਾਜ ਜਮਨ ਕੋ[4]। ਪੀਰਤ ਪੂਜਾ ਲੇਤਿ ਧਨ ਗਨ ਕੋ ॥ ੩੫ ॥ ਅਬਹਿ ਦੁਸ਼ਟਤਾ ਅਧਿਕ ਉਠਾਈ। ਚਾਹਤਿ ਹਿੰਦੁ ਤੁਰਕ ਬਨਿ ਜਾਈ।ਦੇਸ਼ ਪਹਾਰਨ ਕੋ ਸਭਿ ਜੇਈ। ਧਰਮ ਬਿਗਾਰਿ ਜਮਨ ਭੇ ਤੇਈ ॥੩੬॥ਉਤਰੇ ਜੱਗਯੁਪਵੀਤ ਏਕ ਦਿਨ।ਤੋਲਨਿ ਕਰੇ ਸੁ ਭਏ ਸਵਾਮਨ। ਪੁਨ ਪੁਰਿ ਮਹਿਂ ਹਮ ਪਰ ਬਲ ਘਾਲਾ।–ਬਨਹੁ ਤੁਰਕ ਸਭਿ ਤਜਿ ਨਿਜ ਚਾਲਾ–॥੩੭॥ ਖਸ਼ਟ ਮਾਸ ਕੋ ਕਰਿ ਤਕਰਾਰ[5]। ਜਾਇ ਸ਼ਰਨ ਲੀਨਸਿ ਤ੍ਰਿਪੁਰਾਰਿ[6]। ਅਸ਼ਟ ਦਿਵਸ ਬੈਠੇ ਤਹਿਂ ਰਹੇ।ਖਾਨ ਪਾਨ ਕਿਨਹੂੰ ਨਹਿਂ ਲਹੇ ॥ ੩੮ ॥ ਪ੍ਰਾਤਿ ਪੱਤ੍ਰਿਕਾ ਤਹਿਂ ਤੇ ਪਾਈ। ਮਹਾਂ ਦੇਵ ਤੁਮ ਨਿਕਟਿ ਪਠਾਈ' ।ਇਮ ਕਹਿ ਸਤਿਗੁਰ ਆਗੇ ਧਰੀ। 'ਪਠਹੁ ਆਪਕੀ ਮਹਿਮਾ ਕਰੀ ॥ ੩੯ ॥ ਗਜ ਸਮ[7] ਤੁਰਕ ਤੇਜ ਚਵਗੱਤਾ।

[1]ਕਮਲੀਆ। [2]ਹੋਰ ਸੰਗਤ ਦੇ ਨਾਲ ਨਹੀਂ ਆਏ। [3]ਉਹ ਬਿਧੀ ਨਹੀਂ ਦੇਖੀਦੀ। [4]ਤੁਰਕਾਂ ਦਾ। [5]ਛੇਆਂ ਮਹੀਨਿਆਂ ਦਾ ਇਕਰਾਰ ਕੀਤਾ ਹੈ। [6]ਸ਼ਿਵਜੀ ਦੀ। [7]ਹਾਥੀ ਵਤ।

ਹਿੰਦੂ ਧਰਮ ਤਰੁ[1] ਕੋ ਪਿਖਿ ਮੱਤਾ[2]।ਤੋਰਤਿ ਮੂਲ ਉਖਾਰਯੋ ਜੋਵਤਿ[3]। ਬਲੀ ਕੇਹਰੀ ਤੁਮਰੇ ਹੋਵਤਿ[4] ॥ ੪੦ ॥ ਪਰੇ ਸ਼ਰਨ ਅਬਿ ਆਨਿ ਤੁਮਾਰੀ। ਸ਼ਿਵ ਕੇ ਕਹੇ ਕਰਹੁ ਰਖਵਾਰੀ। ਰਾਵਰਿ ਬਿਨਾ ਆਨ ਨਹਿੰ ਕੋਈ। ਸਮਰਥ ਬਲੀ ਜੁ ਰੱਖਯਕ ਹੋਈ ॥ ੪੧ ॥ ਏਕ ਆਸਰਾ ਆਪ ਗੁਸਾਈਂ। ਗਹਹੁ ਬਾਂਹੁ ਡੂਬਤਿ ਸਭਿ ਜਾਈਂ। ਨਿਜ ਕਰੁਨਾ ਤਰਨੀ ਬਰ ਧਰੌ[5]। ਕਰਨ ਧਾਰ[6] ਬਨਿ ਪਾਰਹਿ ਕਰੌ ॥ ੪੨ ॥ ਜਗ ਤੇ ਬਿਨਸਨਿ ਲਗਹਿ ਧਰਮ ਜਬਿ। ਪ੍ਰਭੁ ਅਵਿਤਾਰ ਸੁ ਧਾਰਿ ਤੁਰਤ ਤਬਿ। ਬਨਹਿ ਸਹਾਇਕ ਲੇਹਿ ਉਬਾਰ। ਸੁਨੀਯਤਿ ਕਥਾ ਪੁਰਾਨ ਮਝਾਰ ॥ ੪੩॥ ਅਬਿ ਅਵਿਤਾਰ ਆਪ ਕੋ ਹੋਵਾ। ਮਹਾਂ ਪ੍ਰਤਾਪ ਜਗਤ ਮੈਂ ਜੋਵਾ। ਸ੍ਰੀ ਨਾਨਕ ਤੇ ਆਦਿਕ ਭਏ। ਚਿੱਤ੍ਰ ਪਵਿੱਤ੍ਰ ਚਲਿੱਤ੍ਰਨਿ ਕਿਏ[7] ॥ ੪੪॥ ਰਾਖਹੁ ਅਬਿ ਹਿੰਦੁਨ ਕੀ ਟੇਕ। ਨਾਂਹਿਤ ਜਗ ਮਹਿਂ ਰਹੈ ਨ ਏਕ। ਧਰਮ ਭ੍ਰਿਸ਼ਟਿ ਜਬਿ ਸਗਰੇ ਹੋਇਂ। ਪੂਜਹਿ ਸੁਰ ਆਦਿਕ ਨਹਿੰ ਕੋਇ ॥ ੪੫ ॥ ਹੋਮ ਜੱਗਯ ਸਗਰੇ ਬਿਨਸੈ ਹੈਂ। ਬਹੁਰ ਦੇਵ ਕਿਮ ਥਿਰਤਾ ਪੈ ਹੈਂ। ਪਰਹਿਂ ਮਹਾਂ ਦੁਰਭਿੱਛ[8] ਘਨੇਰੇ। ਜਗ ਭੀ ਬਿਨਸਿ ਜਾਇ ਤਿਸ ਬੇਰੇ ॥ ੪੬ ॥ ਯਾਂਤੇ ਅਬਿ ਹੀ ਬਨਹੁ ਸਹਾਇ। ਹਿੰਦੂ ਧਰਮ ਕੋ ਲੇਹੁ ਬਚਾਇ। ਸੁਰ ਆਦਿਕ ਕੀ ਰੱਛਾ ਹੋਇ। ਰਹੇ ਜਗਤ ਮਿਰਜਾਦਾ ਜੋਇ'॥੪੭॥ ਇਸ ਪ੍ਰਕਾਰ ਬਹੁ ਜੁਗਤਨਿ ਸਾਥ। ਬਿੱਪ੍ਰਨਿ ਕੀਨਿ ਸੁਨਾਵਨਿ ਗਾਥ॥ਅਧਿਕ ਦੁਖਾਤੁਰ ਸ਼ਰਨੀ ਪਰੈਂ। ਬਾਰਿ ਬਾਰਿ ਬਹੁ ਉਸਤਤਿ ਕਰੈਂ॥੪੮॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਕਸ਼ਮੀਰ ਬਿੱਪ੍ਰਨ ਪ੍ਰਸੰਗ' ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥ ੨੮ ॥

## ੨੯. [ਅਹਿਦੀਆਂ ਦਾ ਟੁਰਨਾ]।

ਦੋਹਰਾ ॥ ਸੁਨਤਿ ਦ੍ਵਿਜਨ ਤੇ ਸਤਿਗੁਰੂ ਚਿਤਵਤਿ ਭਏ ਉਪਾਇ।–ਸ੍ਰੀ ਨਾਨਕ ਕੋ ਬਰ ਮਹਾਂ ਰਾਜ ਤੁਰਕ ਬਡ ਪਾਇ–॥ ੧ ॥ ਚਪਈ ॥ ਤਿਸ ਕੋ ਬਨਹਿ ਮਿਟਾਵਨਿ ਜੈਸੇ। ਅਨਿਕ ਜਤਨ ਚਿਤਵਤਿ ਚਿਤ ਤੈਸੇ। ਕਿਤਿਕ ਦੇਰ ਗੁਰੁ ਤੂਸ਼ਨਿ ਠਾਨੀ॥ਪਿਖਿ ਮੁਖ ਸਭਾ ਨ ਕੋ ਕਹਿ ਬਾਨੀ[9] ॥ ੨ ॥ ਕਰ ਮਹਿਂ ਧਰੀ ਪੱਤ੍ਰਿਕਾ ਬਾਚੀ। ਸ਼ਿਵ ਕੀ ਲਿਖਤ ਦੇਖਿ ਚਿਤ

[1]ਬ੍ਰਿੱਛ। [2]ਮਸਤ ਹੋਇਆ ਹੈ। [3]ਤੋੜਨ ਲਈ ਮੁੱਢ ਤੋਂ ਪੁੱਟਿਆ ਚਾਹੁੰਦਾ ਹੈ। [4]ਆਪ ਦੇ ਸ਼ੇਰ ਵਾਂਗ ਹੁੰਦਿਆਂ। [5]ਮੇਹਰ ਰੂਪੀ ਬੇੜੀ ਉਪਰ ਚੜ੍ਹਾਓ। [6]ਮਲਾਹ। [7]ਪਵਿੱਤ੍ਰ ਚਰਿੱਤ੍ਰ ਅੰਕਿਤ ਕੀਤੇ। ( ਅ ) ਚਿਤ੍ਰ=ਸੁੰਦਰ। [8]ਕਾਲ। [9]ਸ੍ਰੀ ਗੁਰੂ ਜੀ ਦਾ ਮੁਖ ਵੇਖ ਕੇ ਸਭਾ ਵਿੱਚੋਂ ਕਿਸੇ ਨੇ ਕੋਈ ਬਾਣੀ ਨਾ ਕਹੀ।

ਰਾਰੀ। ਪਠੀ[1] ਸਕਲ ਹੀ ਠਾਨੀ ਮੌਨ। ਦੇਖਤਿ ਰਹੇ ਨ ਬੋਲਯੋ ਕੌਨ ॥੩॥ ਚਤੁਰ ਘਟੀ ਲਗਿ ਤੂਸ਼ਨਿ ਰਹੇ। ਨਹਿਂ ਉਪਾਇ ਕੋ ਉਰ ਮਹਿਂ ਲਹੇ। -ਅਪਨੋ ਸਿਰ ਦੇ ਕੂਰੇ ਕਰੈਂ। ਬਖਸ਼ਯੋ ਰਾਜ ਸਰਬ ਇਮ ਹਰੈਂ॥੪॥ ਅਪਰ ਉਪਾਇ ਨ ਬਨਿ ਹੈ ਕੋਈ। ਭਲੀ ਪ੍ਰਕਾਰ ਬਿਚਾਰਯੋ ਸੋਈ-। ਕਰ ਨਿਸ਼ਚੈ ਉਰ ਮਹਿਂ ਜਬਿ ਲਹਯੋ। ਦ੍ਵਿਜ ਗਨ ਸੰਗ ਗੁਰੂ ਤਬਿ ਕਹਯੋ॥੫॥ 'ਬਿੱਪ੍ਰ ਬ੍ਰਿੰਦ! ਤੁਮ ਇਕਠੇ ਹੋਵਹੁ। ਕਰਹੁ ਸਕੇਲਨ ਜਿਹ ਸ਼ੁਭ ਜੋਵਹੁ। ਦਿੱਲੀ ਪੁਰਿ ਕੋ ਸਕਲ ਪਯਾਨੋ। ਤਹਾਂ ਜਾਇ ਨਿਜ ਬ੍ਰਿਥਾ ਬਖਾਨੋ ॥ ੬ ॥ ਹਮਰੇ ਛੱਤ੍ਰੀ ਹੈਂ ਜਜਮਾਨ। ਤਿਨ ਤੇ ਕਰਹਿਂ ਖਾਨ ਅਰੁ ਪਾਨ। ਰਹੈਂ ਅਲੰਬ ਸਦਾ ਹਮ ਤਾਂਹੂ। ਦਾਨ ਅਨੇਕ ਬਿਧਿਨਿ ਲੇਂ ਜਾਹੂ ॥ ੭ ॥ ਤਿਨ ਮਹਿਂ ਲੀਜਹਿ ਨਾਮ ਹਮਾਰੋ[2]।-ਕਰਹੁ ਬੁਲਾਵਨਿ-ਸਕਲ ਉਚਾਰੋ[3]।-ਸੋ ਜਬ ਸੁਨਿ ਜਿਸ ਮਗ ਕੋ ਚਾਲੇਂ[4]।ਤਿਨ ਪੀਛੇ ਹਿੰਦੂ ਜਗ ਜਾਲੇਂ[5] ॥ ੮ ॥ ਕਯੋਂ ਤੁਮ ਸਭਿਨਿ ਸੰਗ ਇਮ ਕਹੋ। ਇਕ ਮੂਲ ਸੋਂ ਇੱਛਯਾ ਲਹੋ-। ਇਮ ਸੁਨਿ ਹਮਹਿਂ ਹਕਾਰਨਿ ਕਰਿ ਹੈ। ਤਬਿ ਸਭਿ ਹਿੰਦੁਨਿ ਧਰਮ ਉਬਰਿਹੈਂ। ॥ ੯ ॥ ਜਯੋਂ ਕਯੋਂ ਰੱਛਯਾ ਕਰਹਿਂ ਤੁਮਾਰੀ। ਸ਼ਿਵ ਉਚਰੀ ਸੋ ਹਮ ਉਰ ਧਾਰੀ'। ਇਮ ਉਪਾਇ ਸੁਨਿ ਦ੍ਵਿਜ ਸਮੁਦਾਏ।'ਧੰਨਯ ਧੰਨਯ' ਕਹਿ ਸੀਸ ਨਿਵਾਏ ॥ ੧੦ ॥ ਕਹੀ ਗੁਰੂ ਸਭਿਹਿਨਿ ਮਨ ਮਾਨੀ। 'ਰਹਹਿ ਧਰਮ ਹਮ ਨਿਸ਼ਚੇ ਜਾਨੀ'। ਏਕ ਜਾਮ ਲਗਿ ਦਰਸ਼ਨ ਕੀਨਿ। ਪੁਨ ਉਠਿ ਆਏ ਵਹਿਰ ਪ੍ਰਬੀਨ ॥ ੧੧ ॥ ਇਕ ਦੁਇ ਦਿਨ ਅਨੰਦ ਪੁਰਿ ਬਾਸੇ। ਦਰਸ਼ਨ ਕਰਿ ਕਰਿ ਰਿਦੇ ਹੁਲਾਸੇ। ਬਹੁਰ ਪਾਇ ਆਇਸੁ ਗੁਰ ਕੇਰੀ। ਭਏ ਤਯਾਰ ਚਲਿਬੇ ਤਿਸ ਬੇਰੀ ॥ ੧੨ ॥ ਅਪਰ ਬਿੱਪ੍ਰ ਬੁਧਿਵੰਤੇ ਜੋਈ।ਕਰੇ ਹਕਾਰਨਿ ਮੇਲੇ ਤੇਈ। ਬ੍ਰਿੰਦ ਹੋਇ ਕਰਿ ਪੰਥ ਪਯਾਨੇ। ਜਿਸ ਪੁਰਿ ਮਹਿਂ ਤੁਰਕੇਸ਼ ਮਹਾਨੇ॥ ੧੩ ॥ ਕੇਤਿਕ ਦਿਨ ਮਹਿਂ ਪਹੁੰਚੇ ਜਾਇ। ਬਹੁ ਪੁਰਿ ਕੇ ਮਿਲਿ ਦ੍ਵਿਜ ਸਮੁਦਾਇ। ਦੁਰਗ ਤੁਰਕ ਕੇ ਥਿਰੇ ਅਗਾਰੀ। ਬੂਝੇ[6] ਅਪਨੀ ਬ੍ਰਿਥਾ ਉਚਾਰੀ॥ ੧੪ ॥ 'ਬਹੁ ਪੁਰਿ ਕੇ ਦ੍ਵਿਜ ਹਮ ਸਮੁਦਾਏ। ਦੁਖ ਕੋ

[1]ਪ੍ਰੇਮ ਵਿਚ ਰਚੀ ਹੋਈ ਰਚਨਾ ਪੜ੍ਹੀ। [2]ਤਿਨ੍ਹਾਂ (ਛੱਤ੍ਰੀਆਂ) ਵਿਚ ਸਾਡਾ ਨਾਮ ਬੀ ਲੈ ਲਵਿਓ। [3]ਸਾਰੇ ਇਹ ਕਹੋ (ਕਿ ਗੁਰੂ ਤੇਗ ਬਹਾਦਰ ਜੀ ਨੂੰ) ਬੁਲਾਓ। [4]ਉਹ ਭਾਵ (ਗੁਰੂ ਤੇਗ ਬਹਾਦਰ ਜੀ) ਜਦ ਸੁਣਕੇ ਜਿਸ ਰਾਹ ਚੱਲਣਗੇ। [5]ਸਾਰੇ ਹਿੰਦੂ ਜਗਤ ਦੇ ਤਿਨ੍ਹਾਂ ਦੇ ਪਿੱਛੇ ਹੋ ਜਾਣਗੇ। [6](ਉਹਨਾਂ ਦੇ) ਪੁੱਛਿਆਂ।

ਪਾਇ ਪੁਕਾਰੂ ਆਏ। ਬਾਦਸ਼ਾਹਿ ਜਬਿ ਸੁਨਹਿ ਬ੍ਰਿਤੰਤ। ਤਬਿਹੂੰ ਨਿਸ਼ਚੈ
ਬਨਹਿ ਮਤੰਤ[1]॥੧੫॥ ਜੋ ਕਸ਼ਮੀਰ ਆਦਿ ਗਨ ਦੇਸ਼ਾ।ਹੁਇ ਹਿੰਦੁਨਿ ਪਰ
ਜ਼ੁਲਮ ਵਿਸ਼ੇਸ਼'।ਇਮ ਸੁਨਿ ਗਯੋ,ਸ਼ਾਹਿ ਲਖਿਮਰਜੀ[2]। ਕਰੀ ਅਰਜ਼ਬੇਗੀ
ਤਬਿ ਅਰਜ਼ੀ[3]॥੧੬॥ 'ਹਜ਼ਰਤ ਸ਼ਾਹੁ ਸਲਾਮਤ! ਸੁਨੀਯਹਿ। ਗਨ ਦੇਸ਼ਨਿ
ਕੇ ਦ੍ਵਿਜ ਬਹੁ ਗਨੀਅਹਿ। ਪਾਇ ਕਸ਼ਟ ਕੋ ਆਇ ਪੁਕਾਰੂ। ਚਹਤਿ ਆਪ
ਕੇ ਪਾਸ ਉਚਾਰੂ॥ ੧੭॥ ਪੁਰਿ ਕਸ਼ਮੀਰ ਆਦਿ ਤੇ ਆਏ। ਧਨ ਵਿੱਦ੍ਯਾ
ਮਹਿਂ ਜੋ ਅਧਿਕਾਏ। ਜੋ ਨਰ ਗਨ ਮਹਿਂ ਹੈਂ ਪਰਧਾਨ। ਤੇ ਪਹੁੰਚੇ ਦੀਰਘ
ਬੁਧਿਵਾਨ'॥੧੮॥ਸੁਨਤਿ ਸ਼ਾਹੁ ਅਵਿਰੰਗ ਬਿਚਾਰੇ।ਸ਼ਰਾਬਾਤਲਖਿਨਿਕਟਿ
ਹਕਾਰੇ। ਸੁਨਿ ਆਇਸੁ ਕੋ ਦ੍ਵਿਜ ਸਮੁਦਾਇ। ਪਹੁੰਚੇ ਜਮਨ ਸਭਾ ਲਗਿ
ਜਾਇ[4]॥੧੯॥ਬੈਠੇ ਕਾਜ਼ੀ ਬ੍ਰਿੰਦ ਮੁਲਾਨੇ। ਗਨ ਉਮਰਾਵ ਮਹਾਂ ਮਨਮਾਨੇ[5]।
ਜਰੇ ਜਵਾਹਰ* ਜ਼ੇਵਰ ਸਾਰੇ। ਪਹਿਰੇ ਬਸਤ੍ਰ ਮਹਾਂ ਦੁਤਿ ਧਾਰੇ॥੨੦॥ਝੁਕਿ
ਝੁਕਿ ਬਿੱਪ੍ਰਨਿ ਕੀਨਿ ਸਲਾਮ। ਪੁਨ ਕਰ ਜੋਰੇ ਖਰੇ ਤਮਾਮ। ਨਿਜ ਦਿਸ਼ਿ
ਸ਼ਾਹੁ ਤਵੱਜੋ ਹੋਵਾ। ਸੁਨਨੋ ਚਹੈ,ਇਮ ਜਬਿ ਹੂੰ ਜੋਵਾ[6]॥੨੧॥ ਭਏ ਸਧੀਰਜ
ਅਰਜ਼ ਗੁਜਾਰੈਂ। 'ਹੁਇ ਲਚਾਰ ਤੁਮ ਨਿਕਟਿ ਪੁਕਾਰੈਂ।ਕਰਹਿਂ ਬਿਨਾਸਨ
ਧਰਮ ਹਮਾਰੇ। ਹਿੰਦੁਨਿ ਲੈ ਹੈਂ ਸ਼ਰ੍ਹਾ ਮਝਾਰੇ॥੨੨॥ ਸੋ ਰਾਵਰਿ ਕੀ ਮਰਜ਼ੀ
ਜਾਨੀ। ਇਸ ਪ੍ਰਕਾਰ ਹਮ ਮਿਲਿ ਮਨ ਮਾਨੀ। ਬਿੱਪ੍ਰਨਿ ਕੇ ਜਜ਼ਮਾਨ
ਅਲੰਬ[7]। ਚਲਹਿ ਜੀਵਕਾ ਦੇਤਿ ਕਦੰਬ[8]॥ ੨੩॥ ਤਿਨ ਤੇ ਦਾਨ ਲੇਨਿ
ਅਧਿਕਾਰੀ। ਛਪੀ ਨ ਇਹੁ ਕਛੁ ਜਗਤ ਮਝਾਰੀ। ਸੋ ਹਿੰਦੂ ਜਜਮਾਨ
ਘਨੇਰੇ। ਸਭਿ ਮਹਿਂ ਛੱਤ੍ਰੀ ਅਹੈਂ ਬਡੇਰੇ॥ ੨੪॥ ਤੁਮ ਤੇ ਪ੍ਰਥਮ ਰਾਜ
ਤਿਨ ਕੇਰਾ। ਕਰਤਿ ਜੱਗਨ ਦੇ ਦਰਬ ਘਨੇਰਾ। ਸੋ ਅਬਿ ਅਪਰ ਕ੍ਰਿੱਤ
ਲਗਿ ਪਰੇ। ਜਨੋਂ ਕਨੋਂ ਅਪਨਿ ਜੀਵਕਾ ਕਰੇ॥ ੨੫॥ ਤਊ ਸਕਲ
ਹਿੰਦੁਨਿ ਕੇ ਮਾਂਹੀ। ਛੱਤ੍ਰੀ ਬਡੇ ਔਰ ਸਮ ਨਾਂਹੀਂ[9]। ਉੱਤਮ ਜਾਤੀ ਕਰਮ
ਭਲੇਰੇ। ਲਖਿਯਤਿ ਸਹਿਜ ਸੁਭਾਇ ਅਛੇਰੇ॥ ੨੬॥ ਤਿਨ ਛੱਤ੍ਰੀਨ ਬਿਖੇ
ਸਮ ਚਾਦਰ[10]।ਸਭਿਨਿ ਬਡੇ ਸ਼੍ਰੀ ਤੇਗ ਬਹਾਦਰ। ਗੁਰ ਨਾਨਕ ਕੀ ਦੀਰਘ

[1]ਸਲਾਹ। [2]ਬਾਦਸ਼ਾਹ ਦੀ ਮਰਜ਼ੀ ਜਾਣਕੇ। [3]ਅਰਜ ਪਹੁੰਚਾਉਣ ਵਾਲੇ ਨੇ ਅਰਜ਼ ਕੀਤੀ।
[4]ਤੁਰਕ ਦੀ ਸਭਾ ਤਕ ਜਾ ਪਹੁੰਚੇ। [5]ਮਨ ਦੇ ਹੰਕਾਰੀ। [6]ਜਦ ਡਿੱਠੋ ਨੇ ਕਿ ਬਾਦਸ਼ਾਹ ਨੇ ਰੁਖ਼
ਕੀਤਾ ਹੈ ਸਾਡੀ ਵਲ ਤੇ ਸੁਣਿਆਂ ਚਾਹੁੰਦਾ ਹੈ ਤਾਂ.........। [7]ਜਜਮਾਨ ਹੀ ਆਸਰਾ ਹਨ। [8]ਸਾਰੇ
(ਜਜਮਾਨ)। [9]ਹੋਰ ਉਹਨਾਂ ਸਦਰਸ਼ ਨਹੀਂ ਹੈ। [10]ਪੜਦਾ, ਓਹਲਾ, ਆਸਰਾ, ਓਟ।

*ਪਾ:-ਜਰਾਵ।

ਗਾਦੀ। ਥਿਰ ਹ੍ਵੈ ਸਿੱਖੀ ਕੀਨਿ ਅਬਾਦੀ ॥ ੨੭ ॥ ਜਗ ਕੇ ਪੂਜ ਬਿਦਤ ਚਹੁੰ ਓਰੇ। ਚਰਨ ਨਿਹੋਰਤਿ ਦ੍ਵੈ ਕਰ ਜੋਰੇ। ਮਾਨਨੀਯ ਸਭਿ ਕੇ ਸਿਰ-ਮੌਰ। ਜਿਨ ਕੇ ਸਮ ਨਹਿੰ ਦੂਸਰ ਔਰ ॥ ੨੮ ॥ ਸੰਗਤਿ ਨਈ ਹਜ਼ਾਰੋਂ ਮਾਨਹਿਂ। ਅਨਿਕ ਅਕੋਰਨਿ ਕੋ ਨਿਤ ਆਨਹਿਂ। ਜਿਨ ਕੋ ਭਨਯੋ ਮਾਨ ਮਨ ਸਾਰੇ[1]। ਚਹਤਿ ਲੋਕ ਦ੍ਵੈ ਰਹਿਨ ਸੁਖਾਰੇ ॥ ੨੯ ॥ ਸ਼ਰਧਾ ਧਰਹਿਂ ਕਾਮਨਾ ਪਾਵਹਿਂ।ਆਵਤਿ ਜਾਤੇ ਗੁਨ ਗਨ ਗਾਵਹਿਂ। ਕਰਹਿਂ ਕਿ ਕਹਹਿਂ ਕ੍ਰਿਤ ਸ਼ੁਭ ਜੋਇ। ਅੰਗੀਕਾਰ ਸਭਿਨਿ ਕੋ ਸੋਇ॥ ੩੦ ॥ ਯਾਂਤੇ ਜਗਤ ਗੁਰੂ ਪਦ ਭਾਰੋ[2]। ਹਿੰਦੂ ਨਾਮ[3] ਤਿਨ ਕੇ ਅਨੁਸਾਰੋ। ਭਏ ਸਭਿਨਿ ਮਹਿਂ ਅਤਿ ਪਰਧਾਨੂ। ਧਰਹਿਂ ਸੁ ਧਰਮ ਜੁ ਕਰਹਿਂ ਬਖਾਨੂ ॥ ੩੧ ॥ ਯਾਂਤੇ ਤਿਨ ਪੀਛੇ ਹਿੰਦਵਾਇਨ[4]। ਸਭਿ ਕੇ ਅੱਗ੍ਰੀ, ਪ੍ਰਭੂ, ਪਰਾਇਨ[5]। ਤਿਨ ਕੋ ਪ੍ਰਥਮ ਸ਼ਰ੍ਹਾ ਮਹਿਂ ਲਯਾਵਹੁ। ਨਿਜ ਮਤ ਕੋ ਈਮਾਨ ਰਖਾਵਹੁ ॥ ੩੨॥ ਬਹੁਰ ਨ ਤੁਮ ਕਿਸ ਕੋ ਕੁਛ ਕਹੀਯਹਿ। ਬਨਹਿਂ ਤੁਰਕ ਹਿੰਦੂ ਸਭਿ ਲਹੀਯਹਿ। ਪਿਖਿ ਕਰਿ ਇਮ ਸ਼੍ਰੀ ਤੇਗਬਹਾਦਰ। ਸ਼ਰ੍ਹਾ ਸਰਬ ਮਾਨਹਿਂ ਤਬਿ ਸਾਦਰ ॥੩੩॥ ਫੇਰ ਨ ਫੇਰਿ ਕਰਹਿ ਗੋ ਕੋਇ[6]। ਗੁਰ ਕੇ ਮਗ ਹਿੰਦੂ ਸ਼ਭਿ ਹੋਇ। ਪੁਨ ਹਮ ਸਮ ਕੀ[7] ਗਿਨਤੀ ਕਹਾਂ। ਬਿੱਪ੍ਰ ਜੀਵਕਾ ਬਸਿ ਜਹਿਂ ਕਹਾਂ[8] ॥੩੪॥ ਬਿਨਾ ਜ਼ੋਰ ਤੇ ਬ੍ਰਿਨਾ ਬਨਾਏ। ਬਨਹਿਂ ਤੁਰਕ ਹਿੰਦੂ ਸਮੁਦਾਏ। ਜਹਾਂ ਏਕ ਤੇ ਕਾਰਜ ਹੋਇ। ਬਹੁ ਕੋ ਕਸ਼ਟ ਨ ਦੈਹੈ ਕੋਇ॥ ੩੫॥ ਕਹਿ ਕਰਿ ਪੂਰਬ ਤਿਨਹਿਂ ਬੁਲਾਵਹੁ । ਨਿਜ ਮਰਜ਼ੀ ਗ਼ਰਜ਼ੀ[9] ਸਮੁਝਾਵਹੁ। ਜਯੋਂ ਕਯੋਂ ਕਰਿ ਬਲ ਛਲ ਸਮੁਦਾਇ। ਪ੍ਰਥਮ ਗੁਰੂ ਲਿਹੁ ਤੁਰਕ ਬਨਾਇ॥੩੬॥ਹੇਰਤਿ ਹੁਇ ਹੈਂ ਸਕਲ ਪਿਛਾਰੀ। ਬਾਤ ਜਥਾਰਥ ਹਮਹੁ ਉਚਾਰੀ'। ਇਮ ਸੁਨਿ ਸ਼ਾਹੁ ਉਚਿਤ ਬਿਧਿ ਜਾਨੀ।ਕਹਯੋ 'ਦਿਜਹੁ ਤੁਮ ਨੀਕ ਬਖਾਨੀ॥ ੩੭ ॥ ਹੁਇ ਹੈ ਐਸੇ ਜਿਮ ਚਿਤ ਬਾਂਛੇ। ਗੁਰੂ ਸ਼ਰ੍ਹਾ ਮਹਿਂ ਗਮਨਹਿਂ ਆਛੇ। ਪੁਨ ਸਭਿ ਸਿੱਖਯ ਸੰਦੇਹ ਨ ਕਰੈਂ। ਗੁਰ ਕੋ ਦੇਖਿ ਤੁਰਕਪਨ ਧਰੈਂ' ॥ ੩੮ ॥ ਸੁਨਤਿ ਸ਼ਾਹੁ ਰੁਖ਼ ਬ੍ਰਿੰਦ ਮੁਲਾਨੇ। ਕਾਜ਼ੀ ਅਰ ਉਮਰਾਵ ਬਖਾਨੇ। 'ਇਮ ਸੁਖੇਨ ਹੀ ਕਾਰਜ ਹੋਇ। ਸਾਦਰ ਸ਼ਰ੍ਹਾ ਮਾਨਿ

[1]ਸਾਰੇ ਹੀ ਮਨ ਵਿਚ ਮੰਨ ਕਰਕੇ। [2]ਜਗਤ ਗੁਰੂ ਇਹ ਭਾਰੀ ਪਦਵੀ ਹੈ। [3]ਭਾਵ, ਸਭ ਹਿੰਦੂ। [4]ਸਾਰੀ ਹਿੰਦੂ ਕੌਮ। [5]ਸਾਰਿਆਂ ਦੇ ਮੋਹਰੀ ਹਨ, ਸੁਾਮੀ ਹਨ ਤੇ ਆਸਰਾ ਰੂਪ ਹਨ। [6]ਫੇਰ ਕੋਈ ਮੋੜ ਨਹੀਂ ਕਰੇਗਾ। [7]ਸਾਡੇ ਵਰਗਿਆਂ ਦੀ। [8]ਬ੍ਰਾਹਮਣ ਤਾਂ ਰੋਜ਼ੀ ਦੇ ਵੱਸ ਹਨ ਹਰ ਥਾਂਵੇਂ। [9]ਮਰਜ਼ੀ ਦੀ ਗਰਜ਼।

ਸਭਿ ਕੋਇ ॥ ੩੯ ॥ ਅਜ਼ਮਤ ਸਹਤਿ ਹੋਇ ਬਿਭ ਦੀਨ । ਸਭਿ ਜਗ ਬਿਖੈ ਸ਼ਰ੍ਹਾ ਬਡ ਪੀਨ[1] । ਅਸ ਮਸਲਤ ਸਭਿਹੂੰਨਿ ਸਰਾਹੀ । ਉਖਰਹਿ ਮੂਲ ਸੁ ਜਾਨਹਿੰ ਨਾਂਹੀ ॥ ੪੦ ॥ ਜਿਸ ਤੇ ਨਸਹਿ ਤੇਜ ਤੁਰਕਾਨਾ । ਸੋ ਦ੍ਰਿੜ ਕਰਹਿੰ ਧਰਹਿ ਮਨ ਮਾਨਾ[2] । 'ਗੁਰੂ ਹਕਾਰਹੁ' ਮਤਿ ਠਹਿਰਾਯੋ[3] । 'ਆਵਹਿ ਰਾਮਰਾਇ ਜਿਮ ਆਯੋ ॥ ੪੧ ॥ ਪੂਰਬ ਗੁਰ ਸੋ ਗਏ ਸਮਾਇ । ਤੇਗ ਬਹਾਦਰ ਅਬਹਿ ਬਤਾਇ' । ਦੋ ਅਹਿਦੀ ਤਤਕਾਲ ਬੁਲਾਇ । ਤਿਨ ਪ੍ਰਤਿ ਹੁਕਮ ਕਹਯੋ ਸਮੁਝਾਇ ॥ ੪੨ ॥ 'ਬੂਝਿ ਦਿਜਨ ਸੋਂ ਬਸਿਬੋ ਗ੍ਰਾਮੂ । ਸੋਢੀ ਤੇਗਬਹਾਦਰ ਨਾਮੂ । ਜਾਇ ਹਕਾਰਹੁ ਇਤ ਕੋ ਲਯਾਵਹੁ । ਆਇ ਕਿ ਨਹੀਂ ਭੇਤ ਕੋ ਪਾਵਹੁ ॥ ੪੩ ॥ ਕਹਹੁ,-ਦਿਖਾਵਨਿ ਅਜ਼ਮਤ ਕਰੈਂ।ਕੈ ਹਮਰੇ ਅਨੁਸਰਤਾ[4]ਧਰੈਂ-'।ਸੁਨਤਿ ਹੁਕਮ ਕੋ ਕੀਨਸਿ ਤਯਾਰੀ । 'ਨਾਮ ਅਨੰਦ ਪੁਰਿ' ਦਿਜਨ ਉਚਾਰੀ ॥ ੪੪ ॥ ਦਿੱਲੀ ਤੇ ਸੁਨਿ ਬਾਹਰ ਭਏ । ਸ੍ਰੀ ਗੁਰ ਸਨਮੁਖ ਪੰਥ ਸਿਧਏ । ਤੁਰਕ ਮੰਦ ਮਤਿ ਹੁਤੇ ਨੁਰੰਗਾ । ਸੰਤ ਪੀਰ ਗੁਰ ਸਨ ਬਦਰੰਗਾ[5] ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਦਾਦਸ਼ ਰਾਸੇ 'ਅਹਿਦੀ ਦਲਨ' ਪ੍ਰਸੰਗ ਬਰਨਨੰ ਨਾਮ ਏਕ ਊਨ ਤ੍ਰਿੰਸਤੀ ਅੰਸੂ ॥ ੨੯ ॥

### ੩੦. [ਅਹਿਦੀਏ ਵਾਪਸ । ਗੁਰੂ ਜੀ ਸੈਫਾ ਬਾਦ] ।

ਦੋਹਰਾ ॥ ਅਹਿਦੀ ਚਢਿ ਕਰਿ ਖਾਟ ਪਰ ਸਭਿ ਸਮਾਜ ਧਰਿ ਪਾਸ । ਨਿਕਸੇ ਪੁਰਿ ਤੇ ਨਰਨ ਸਿਰ ਉਰਧ ਉਠਾਇਸਿ ਤਾਸ ॥ ੧ ॥ ਚੌਪਈ ॥ ਆਗੇ ਗ੍ਰਾਮ ਗਮਨਤੇ ਆਵੈਂ।ਪਾਛਲਿ ਨਰ ਤਿਨ ਖਾਟ ਟਿਕਾਵੈਂ । ਤਹਿੰ ਤੇ ਨਏ ਨਿਕਾਸਿ ਬਿਗਾਰੀ[6] । ਆਇ ਉਠਾਵਹਿੰ ਲੇਂ ਸਿਰਧਾਰੀ ॥ ੨ ॥ ਬੈਠਿ ਮੰਚ ਪਰ ਪੰਥ ਪਯਾਨਹਿੰ । ਸਰਬ ਪ੍ਰਜਾ ਪਰ ਹੁਕਮ ਬਖਾਨਹਿੰ।ਲੇਤਿ ਸਭਿਨਿ ਤੇ ਘ੍ਰਿਤ ਮਿਸ਼ਟਾਨ । ਆਮਿਖ ਸੋਂ ਅਹਾਰ ਕਰਿ ਖਾਨ ॥ ੩ ॥ ਸਨੈ ਸਨੈ ਮਾਰਗ ਮਹਿੰ ਚਾਲਹਿੰ । ਨਿਤ ਅਨੰਦ ਪੁਰਿ ਨਾਮ ਸੰਭਾਲਹਿੰ[7] । ਚਲਤਿ ਚਲਤਿ ਕੇਤਿਕ ਦਿਨ ਮਾਂਹੀ । ਨਰਨਿ ਸੀਸ ਪਰ ਉਠੇ ਸੁ ਜਾਹੀਂ[8] ॥ ੪ ॥ ਸਤੁੱਦ੍ਰਵ ਤੀਰ ਪਹੂਚੇ ਆਇ । ਕਰਤਿ ਹੁਕਮ ਕੋ ਗਮਨਤਿ ਜਾਇਂ[9] । ਆਇ ਅਨੰਦ ਪੁਰਿ ਕੀਨਸਿ ਡੇਰਾ । ਚਢੇ ਮੰਚ ਬੈਠੇ ਤਿਸ ਬੇਰਾ ॥ ੫ ॥ ਖਾਨ ਪਾਨ ਕਰਿ ਨਿਸਾ ਬਿਤਾਈ । ਜਾਗੇ ਪੁਨ ਪ੍ਰਭਾਤਿ ਹੁਇ ਆਈ ।

[1]ਤਕੜੀ । [2]ਮਨ ਵਿਚ ਹੰਕਾਰ ਧਾਰ ਕੇ ਸੋਈ ਦ੍ਰਿੜ ਕਰਦੇ ਹਨ । [3]ਸਲਾਹ ਠਹਿਰਾਈ । [4]ਅਧੀਨਤਾ । [5]ਬਦਰੰਗ=ਵਿਰੋਧੀ । [ ਤਾਸ਼ ਦੀ ਖੇਡ ਵਿਚ ਅਨਮਿਲਦੇ ਪੱਤਿਆਂ ਨੂੰ ਬਦਰੰਗ ਆਖਦੇ ਹਨ ਉਸ ਤੋਂ ਮੁਹਾਵਰੇ ਦਾ ਅਰਥ ਹੈ ਅਜੋੜ, ਪ੍ਰਤਿਕੂਲ, ਵਿਰੋਧੀ] । [6]ਨਵੇਂ ਵਗਾਰੀ (ਫੜਕੇ) । [7]ਯਾਦ ਕਰਦੇ ਹੋਏ । [8]ਜਾਂਦੇ ਹਨ (ਅਹਿਦੀਏ) । [9]ਚਲੇ ਜਾਂਦੇ ਹਨ ।

ਬੈਠਨਿ ਸਭਾ ਸਮਾ ਸੁਨਿ ਕਰਿ ਕੈ[1]। ਗੁਰ ਸੋਂ ਮਿਲਨਿ ਲਾਲਸਾ ਧਰਿਕੈ॥
੬॥ ਭਏ ਤਯਾਰ ਅਹਿਦੀ ਤਬਿ ਦੌਨ। ਥਿਰਤਾ ਸਿੰਘ ਪੌਰ ਗਹਿ ਤੌਨ[2]।
ਸੁਧ ਸਤਿਗੁਰ ਕੇ ਨਿਕਟਿ ਪਠਾਇਵ। 'ਸ਼ਾਹੁ ਹੁਕਮ ਤੇ ਹਮ ਚਲਿ
ਆਇਵ ॥ ੭ ॥ ਗੁਰੂ ਹਕਾਰਨਿ ਦਿੱਲੀ ਪੁਰਿ ਮੈਂ। ਦਿੱਲੀ ਪਤਿ ਚਾਹਤਿ
ਭਾ ਉਰ ਮੈਂ।ਇਸ ਕਾਰਜ ਕੋ ਹਮ ਚਲਿਆਏ।ਮਿਲ੍ਯੋ ਚਹੈਂ ਤਿਨ ਦਰਸ਼ਨ
ਪਾਏ' ॥੮॥ ਸੁਨਤਿ ਪਾਸ ਗੁਰਦਾਸ ਪਧਾਨਾ। ਸਭਿ ਪ੍ਰਸੰਗ ਅਹਿਦੀਨਿ[3]
ਬਖਾਨਾ। 'ਥਿਰੇ ਪੌਰ, ਦ੍ਵੈ ਸ਼ਾਹਿ ਪਠਾਏ। ਕਹੈਂ ਸੁ[4]–ਹਮ ਲੈਬੇ ਗੁਰ
ਆਏ–'॥ ੯ ॥ ਅੰਤਰਜਾਮੀ ਸ਼੍ਰੀ ਗੁਰ ਦੇਵ। ਭੂਤ ਭਵਿੱਖਤ ਲਖਹਿ ਸਭਿ
ਭੇਵ।ਸਹਿਜ ਸੁਭਾਇਕ ਬਾਕ ਉਚਾਰੇ।'ਆਏ ਜਮ ਕੇ[5] ਅਬਹਿ ਰਬਾਰੇ[6]*
॥੧੦॥ ਲਖੀ ਜਾਇ ਨੀਕੇ ਇਹ ਬਾਤ। ਅਵਸਰ ਪੂਰਨ ਕੋ ਬਿਰਤਾਂਤ[7]'।
ਸੁਨਿਕੈ ਮਤੀਦਾਸ ਤਬਿ ਕਹ੍ਯੋ। 'ਸ਼੍ਰੀ ਪ੍ਰਭੂ! ਕਹਾਂ ਆਪ ਇਹ ਲਹ੍ਯੋ[8]?॥
੧੧॥ਗੁਰ ਘਰ ਕੋ ਉਰ ਸ਼ਾਹੁ ਲਖੰਤ। ਰਖਹਿ ਅਦਾਇਬ[9] ਨੰਮ੍ਰਿ ਬਨੰਤਾ।
ਰਾਮਰਾਇ ਕੋ ਬਹੁ ਧਨ ਦੀਨਿ।ਨਿਕਟਿ ਬਿਠਾਇ ਸੁਭਾਸਨ ਦੀਨਿ[10]॥੧੨॥
ਅਬਿ ਲੌ ਬਨੀ ਬਾਤ ਸ਼ੁਭ ਤਾਂਹੀ। ਭਾਉ ਧਰੈ ਤਿਮ ਹੀ ਤੁਮ ਮਾਂਹੀ।ਕਰਹੁ
ਸ਼ਾਹੁ ਸੋਂ ਮੇਲ ਸੁਖਾਰੇ। ਕਹਾਂ ਕਹਤਿ ਹਹੁ† ਬਾਕ ਦੁਖਾਰੇ[11]' ॥ ੧੩ ॥
ਸੁਨਿ ਸ਼੍ਰੀ ਤੇਗਬਹਾਦਰ ਕਹ੍ਯੋ। 'ਸੋ ਹੁਇ ਹੈ ਜੁ ਪ੍ਰਮੇਸ਼ੁਰ ਚਹ੍ਯੋ। ਹਮਰੋ

---

[1]ਸਭਾ ਵਿਚ ਬੈਠਣ ਦਾ ਸਮਾਂ ਸੁਣਕੇ। [2]ਦਰਸ਼ਨੀ ਡਿਉੜੀ ਵਿਚ ਓਹ ਜਾ ਠਹਿਰੇ। [3]ਅਹਿ-ਦੀਆਂ ਦਾ। [4]ਕਹਿੰਦੇ ਹਨ ਉਹ। [5]ਧਰਮ ਰਾਜ ਦੇ। [6]ਦੂਤ। [7]ਅੰਤ ਦੇ ਸਮੇਂ ਦਾ ਬ੍ਰਿਤਾਂਤ ਹੈ ਇਹ ਗਲ ਸਮਝੀ ਜਾ ਰਹੀ ਹੈ। (ਅ) (ਪਿੱਛੇ ਬ੍ਰਾਹਮਣਾਂ ਨਾਲ ਬੀਤੇ) ਬ੍ਰਿਤਾਂਤ ਸੰਭਾਲਣ ਦਾ ਮੌਕਿਆ ਆ ਗਿਆ ਹੈ। [8]ਕੀਹ ਜਾਣਿਆਂ ਹੈ। [9]ਸਤਿਕਾਰ। [10]ਸ੍ਰੇਸ਼ਟ ਆਸਨ ਦੇਕੇ। [11](ਸਾਨੂੰ) ਦੁਖਦਾਈ ਲਗਣ ਵਾਲੇ।

*ਏਹ ਵਾਕ ਸਹਿ ਸੁਭਾ ਦੇ ਹਨ ਤੇ ਮੁਰਾਦ ਸਰਕਾਰੀ ਅਹਿਦੀਆਂ ਨੂੰ ਜਮ ਨਾਲ ਉਪਮਾ ਦੇਣ ਤੋਂ ਹੈ ਜੋ ਜ਼ੋਰ ਜ਼ੁਲਮ ਕਰਦੇ ਸਨ, ਨਾਲ ਹੀ ਆਪਣੀ ਭਵਿੱਖਤ ਵਾਚੀ ਹੈ। ਹੋਰ ਭੈ ਖਾਣ ਉਦਾਸ ਹੋਣ ਦਾ ਭਾਵ ਕਵਿ ਜੀ ਦਾ ਏਥੇ ਨਹੀਂ ਹੈ। ਸ੍ਰੀ ਗੁਰੂ ਜੀ ਦੇ ਸ੍ਰੀ ਮੁਖਵਾਕ ਹਨ, 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ' ਤਥਾ 'ਹਰਖ ਸੋਗ ਜਾਕੇ ਨਹੀ' ਸੋ ਆਪ ਭੈ ਕਦ ਖਾਂਦੇ ਯਾ ਹਰਖ ਸ਼ੋਕ ਵਿਚ ਜਾਂਦੇ ਸੇ, ਕਵੀ ਜੀ ਨੇ ਇਸੇ ਅੰਸੂ ਦੇ ਅੰਕ ੨੬ ਵਿਚ ਗੁਰੂ ਜੀ ਨੂੰ ਹਰਖ ਸ਼ੋਕ ਦੇ ਲੇਸ਼ ਤੋਂ ਪਰੇ ਵਰਣਨ ਕੀਤਾ ਹੈ। ਤੇ ਗੁਰੂ ਜੀ ਦਾ ਆਪ ਬ੍ਰਾਹਮਣਾਂ ਨੂੰ ਕਹਿਣਾ ਕਿ ਤੁਸੀਂ ਦਿੱਲੀ ਜਾਕੇ ਸਾਡੇ ਪਰ ਸਾਰੀ ਗਲ ਸੁੱਟ ਦਿਓ, ਇਸ ਦਾ ਹੋਰ ਸਬੂਤ ਹੈ ਕਿ ਇਹ ਖੇਚਲ ਤੇ ਖ਼ੇਦ ਆਪ ਨੇ ਲੋਕਾਂ ਦੇ ਭਲੇ ਅਰਥ ਆਪ ਆਪਣੇ ਸਿਰ ਤੇ ਲਿਆ ਸੀ, ਹਰਖ ਸ਼ੋਕ ਦਾ ਕੋਈ ਮੌਕਾ ਨਹੀਂ ਹੈ।

†ਪਾ:–ਹਠ।

ਮੇਲ ਨ ਬਨੈ ਕਦਾਈ। 'ਕੂਰ, ਮਲੇਛ ਸੰਤ ਦੁਖਦਾਈ'[1] ॥ ੧੪ ॥ ਇਮ ਕਹਿ ਅਹਿਦੀ ਨਿਕਟਿ ਬੁਲਾਏ।ਪਿਖਿ ਨਿਕੇਤ ਅੰਤਰ ਪ੍ਰਵਿਸ਼ਾਏ।ਸਮੁਖ ਬਦਨ ਗੁਰ ਜਬਹਿ ਨਿਹਾਰੇ। ਤਤਛਿਨ ਦੁਰਮਤਿ ਤਿਨ ਨਿਰਵਾਰੇ॥ ੧੫॥ ਸਮ ਸੰਤਨਿ ਗੁਰ ਸ਼ਾਂਤਿ ਸੁਭਾਊ। ਹਰਖ ਸ਼ੋਕ ਨਹਿ ਲੇਸ਼ ਕਦਾਊ। ਨੀਂਵ੍ਹਾ ਸੀਸ ਕਰਿ ਕੀਨਿ ਸਲਾਮ[2]। ਬੈਠੀ ਦੇਖੀ ਸਭਾ ਤਮਾਮ ॥ ੧੬ ॥ ਨਿਜ ਕਰ ਤੇ ਦੀਨਸਿ ਪਰਵਾਨਾ। ਕਰਯੋ ਪਢਾਵਨਿ ਮਤਲਬ ਜਾਨਾ। ਲਿਖਯੋ ਤਾਂਹਿ ਮਹਿਂ 'ਆਵਨਿ ਕੀਜੈ। ਮਿਹਰਬਾਨ ਹੁਇ ਦਰਸ਼ਨ ਦੀਜੈ॥ ੧੭ ॥ ਲੋਕਨ ਤੇ ਜਸੁ ਸੁਨਯੋ ਤੁਹਾਰਾ। ਯਾਂਤੇ ਮਿਲਿਬੋ ਨੀਕ ਬਿਚਾਰਾ'। ਸੁਨਿ ਸਤਿਗੁਰ ਕਾਗਤ ਲਿਖਵਾਇਵ।'ਜੋ ਮਿਲਿਬੇ ਲਾਲਸ ਉਪਜਾਇਵ ॥ ੧੮ ॥ ਤੌ ਹਮ ਆਵਹਿਂ ਦਿੱਲੀ ਪੁਰਿ ਕੋ। ਮਿਲਿ ਕਰਿ ਕਰਹੁ ਮਨੋਰਥ ਉਰ ਕੋ।ਪੂਰਬ ਗੁਰ ਘਰ ਕੋ ਬਲ ਸੁਨਿਕੈ।ਰਾਮਰਾਇ ਬੁਲਵਾਇਵ ਗੁਨਿਕੈ ॥ ੧੯ ॥ ਸ੍ਰੀ ਹਰਿ ਕ੍ਰਿਸ਼ਨ ਬਹੁਰ ਬੁਲਵਾਏ। ਅਬਿ ਤੈਂ ਹਮਰੇ ਨਿਕਟਿ ਪਠਾਏ'। ਤਿਨ ਅਹਿਦਿਨਿ ਕੋ ਲਿਖਿ ਕਰਿ ਦਯੋ। ਕਰਹਿ ਤਥਾ ਜਿਮ ਚਾਹਤਿ ਭਯੋ[3] ॥ ੨੦ ॥ ਇਮ ਉੱਤਰ ਲਿਖਵਾਇ ਗੁਸਾਈਂ। ਕੇਤਿਕ ਧਨ ਦੀਨਸਿ ਤਿਨ ਤਾਂਈ। ਹਤੇ ਲੋਭ ਤੇ ਲੈ ਨਰਮਾਏ[4]*। ਗੁਰ ਕੇ ਸਮੁਖ ਨ ਕਛੂ ਅਲਾਏ ॥ ੨੧॥ ਬਿਦਾ ਹੋਇ ਕਰਿ ਅਹਿਦੀ ਚਾਲੇ। ਚਢਿ ਮੰਚਨ ਪਰ ਪੂਰਬ ਵਾਲੇ[5]। ਸਨੇ ਸਨੇ ਤੈਸੇ ਚਲਿ ਗਏ। ਦਿੱਲੀ ਬਿਖੈ ਪ੍ਰਵੇਸ਼ਤਿ ਭਏ ॥ ੨੨ ॥ ਨੌਰੰਗ ਨਿਕਟਿ ਪਹੂੰਚੇ ਜਾਇ।ਕਾਗਦ ਦਯੋ ਪ੍ਰਸੰਗ ਸੁਨਾਇ। 'ਕਹਯੋ ਗੁਰੂ, ਹਮ ਭੀ ਤਹਿਂ ਆਵੈਂ। ਕੇਤਿਕ ਬਾਸੁਰ ਸਮਾ ਬਿਤਾਵੈਂ ॥ ੨੩ ॥ ਅਬਿ ਆਯੋ ਚੌਮਾਸਾ ਕਾਲ। ਮਗ ਮਹਿ ਪਾਨੀ ਪੰਕ[6] ਬਿਸਾਲ'। ਸੁਨਿ ਔਰੰਗ ਤਬਿ ਤੂਸ਼ਨਿ ਹੋਯਹੁ ।-ਆਵਹਿ ਆਪ-ਬਿਚਾਰਤਿ ਜੋਯਹੁ ॥ ੨੪ ॥ ਇਤਿ ਸਤਿਗੁਰ ਨਿਜ ਤਯਾਰੀ ਕੀਨਿ। ਬਸਨ ਅਨੰਦ ਪੁਰਿ ਕੋ ਤਜਿ ਦੀਨਿ। ਅਲਪ ਦਾਸ ਅਪਨੇ ਸੰਗ ਲੀਨਿ। ਕਾਰਨ ਕਰਨ ਬਿਸਾਲ ਪ੍ਰਬੀਨ[7] ॥ ੨੫ ॥ ਮਾਸ ਅਸਾਢ ਬਿਖੈ ਪ੍ਰਸਥਾਨੇ। ਸਿਖ ਮਸੰਦ

[1]ਝੂਠੇ ਮਲੇਛ ਸੰਤਾਂ ਦੇ ਦੁਖਦਾਈ (ਤੁਰਕੇਸ਼ੁਰ) ਨਾਲ। [2]ਭਾਵ ਅਹਿਦੀਆਂ ਨੇ। [3](ਸ਼ਾਹ) ਜਿਵੇਂ ਚਾਹੁੰਦਾ ਹੈ ਕਰਦਾ ਹੈ। [4]ਲੋਭ ਦੇ ਮਾਰੇ ਨਰਮ ਹੋ ਗਏ। [5]ਪਹਿਲੇ ਵਾਂਗ। [6]ਚਿੱਕੜ। [7]ਜੋ ਸਰਬ ਕਾਰਨਾਂ ਦੇ ਕਰਨ ਵਾਲੇ ਤੇ ਪ੍ਰਬੀਨ ਹਨ।

*ਨੌਕਰਾਂ ਨੂੰ ਵਡੇ ਘਰਾਂ ਵਿੱਚ ਆਇਆਂ ਸਿਰੋਪਾਉ ਯਾ ਇਨਾਮ ਦੇਣਾ ਉਸ ਸਮੇਂ ਦਾ ਸ੍ਰਿਸ਼ਟਾਚਾਰ ਸੀ।

ਹੁਇ ਬਿਦਾ ਪਧਾਨੇ। ਨਿਜ ਨਿਜ ਦੇਸ਼ਨਿ ਕੋ ਚਲਿ ਗਏ। 'ਸਤਿਗੁਰ ਸ਼ੀਲ' ਸਰਾਹਤਿ ਭਏ ॥ ੨੬ ॥ ਸ੍ਰੀ ਪ੍ਰਭੁ ਪੂਰਬ ਕੋ ਮੁਖ ਕਰੇ।ਨਿਤ ਪ੍ਰਤਿ ਮਜਲ ਅਲਪ ਹੀ ਥਿਰੇ। ਬਸਹਿ ਨਹੀਂ ਤਬਿ ਪੁਰ ਪਟਿਆਰਾ[1]। ਇਤਿ ਕੋ ਆਏ ਗੁਰੂ ਉਦਾਰਾ ॥ ੨੭ ॥ ਸੈਫਦੀਨ ਇਕ ਤੁਰਕ ਭਲੇਰਾ। ਨਿਜ ਪੁਰਿ ਕੋ ਬਸਾਇ ਤਿਸ ਬੇਰਾ। ਸੈਫਾਬਾਦ ਨਾਮ ਤਿਸ ਰਾਖਾ। ਗੁਰ ਜਸੁ ਸੁਨਤਿ ਦਰਸ ਕੋ ਕਾਂਖਾ ॥ ੨੮ ॥ ਚਿਤਵਤਿ ਰਹਤਿ–ਜਾਉਂ ਤਿਨ ਪਾਸ। ਸੁਨਹੁਂ ਤਿਨਹੁ ਤੇ ਬਾਕ ਬਿਲਾਸ–। ਅਟਕ੍ਯੋ ਰਹਤਿ ਕਾਜ ਘਰ ਕੇਰੇ।ਨਹਿ ਅਵਕਾਸ਼[2] ਲਹ੍ਯੋ ਕਿਸ ਬੇਰੇ ॥ ੨੯ ॥ ਤਊ ਰਿਦੇ ਮਹਿਂ ਪਯਾਸ ਬਡੇਰੀ। –ਮਿਲਹਿਂ ਗੁਰੂ ਕੋ ਚਲਿ ਕਿਸ ਬੇਰੀ–। ਅੰਤਰਜਾਮੀ ਸਤਿਗੁਰ ਜਾਨੀ। –ਦਰਸ਼ਨ ਕੋ ਚਾਹਤਿ ਹਿਤ ਠਾਨੀ– ॥੩੦॥ ਉਤਰੇ ਤਹਾਂ ਜਾਇ ਪੁਰਿ ਨੇਰੇ। ਸਕਲ ਆਇ ਲਾਗ੍ਯੋ ਤਬਿ ਡੇਰੇ[3]। ਸੈਫਦੀਨ ਢਿਗ ਕਿਨਹੁਂ ਬਖਾਨਾ। 'ਉਤਰ੍ਯੋ ਆਇ, ਨਹੀਂ ਕੋ ਜਾਨਾ[4]' ॥ ੩੧ ॥ ਸੁਧ ਹਿਤ ਸੁਨਿ ਕੈ ਮਨੁਜ ਪਠਾਯੋ। ਬੂਝਿ ਗਯੋ ਤਿਨ ਜਾਇ ਬਤਾਯੋ। 'ਜਿਸ ਕੇ ਸੰਗ ਮਿਲਨਿ ਤੁਮ ਚਾਹੇ। ਅੌਚਕ ਸੋ ਪਹੁੰਚੇ ਅਬਿ ਪਾਹੇ ॥ ੩੨ ॥ ਸ਼੍ਰੀ ਗੁਰ ਤੇਗ ਬਹਾਦਰ ਅਹੈਂ। ਸੰਗੀ ਨਰ ਬੂਝੇ ਸੋ ਕਹੈਂ[5]'। ਸੈਫ ਦੀਨ ਸੁਨਿ ਕਰਿ ਹਰਖਾਯੋ। ਤਤਛਿਨ ਆਪ ਮਿਲਿਨਿ ਕੋ ਆਯੋ ॥ ੩੩ ॥ ਕਿਤਿਕ ਅਸ਼ਰਫੀ ਆਗੈ ਧਰਿਕੈ। ਬੰਦੇ ਪਦ ਨੰਮ੍ਰੀ ਸਿਰ ਕਰਿ ਕੈ। ਕਹਤਿ ਭਯੋ 'ਮੁਝ ਕਰ੍ਯੋ ਨਿਹਾਲ।ਦਰਸ਼ਨ ਦੀਨਸਿ ਆਨਿ ਕ੍ਰਿਪਾਲ॥੩੪॥ਅਬਿ ਪਹੁੰਚ੍ਯੋ ਹੈ ਆਨਿ ਚੁਮਾਸਾ। ਬਨੌਂ ਕ੍ਰਿਤਾਰਥ ਕੀਜਹਿ ਬਾਸਾ'। ਇਮ ਕਹਿ ਪਗ ਪੰਕਜ ਗਹਿ ਹਾਥ। ਕਰਤਿ ਪਲੋਸਨਿ ਪ੍ਰੀਤੀ ਸਾਥ ॥ ੩੫ ॥ ਪੁਨ ਮੁਖ ਚਖ ਪਰ ਫੇਰਨਿ ਕਰੈ। –ਮੈਂ ਨਿਹਾਲ ਭਾ–ਇਮ ਉਰ ਧਰੈ। ਹੇਰਿ ਪ੍ਰੇਮ ਕੋ ਬਹੁਤ ਕ੍ਰਿਪਾਲ। ਬਾਕ ਬਖਾਨਜੈਂ ਗੁਰ ਤਿਸ ਕਾਲ ॥ ੩੬ ॥ 'ਜੇ ਉਰ ਸ਼ਰਧਾ ਏਵ ਤੁਮਾਰੇ।ਕਰਹਿ ਬਾਸ ਚਹੁ ਮਾਸ ਸੁਖਾਰੇ।ਰਹੈਂ ਸ਼ਾਹ ਢਿਗ ਕਰਨਿ ਪਯਾਨਾ। ਬਰਖਾ ਹਟੇ ਜਾਹਿ ਤਿਸ ਥਾਨਾ' ॥ ੩੭ ॥ ਇਸ ਪ੍ਰਕਾਰ ਜਬਿ ਗੁਰੂ ਉਚਾਰ੍ਯੋ। ਸੈਫਦੀਨ ਕਹਿ ਸਿਵਰ ਉਠਾਰ੍ਯੋ। ਸੁੰਦਰ ਉਪਬਨ[6] ਬਿਖੈ

[1]ਪਟਿਆਲਾ ਨਗਰ ਨਹੀਂ ਵਸਦਾ ਸੀ ਤਦੋਂ। [2]ਸਮਾਂ। [3]ਸਾਰਾ ਡੇਰਾ ਆ ਲਗਾ। [4](ਕੋਈ) ਆਣ ਉਤਰਿਆ ਹੈ ਪਰ ਇਹ ਨਹੀਂ ਜਾਣਿਆ ਜਾਂਦਾ ਕਿ ਕੌਣ ਹੈ। [5]ਸੰਗੀ ਨਰਾਂ ਤੋਂ ਪੁਛਿਆ ਹੈ ਉਨ੍ਹਾਂ ਨੇ ਦੱਸਿਆ ਹੈ। [6]ਬਾਗ।

ਉਤਾਰੇ। ਆਪ ਸਾਥ ਹੁਇ ਤਹਾਂ ਪਧਾਰੇ ॥੩੮॥ ਭਲੀ ਭਾਂਤਿ ਡੇਰਾ ਕਰਿਵਾਯਹੁ। ਹਿਤ ਸੇਵਾ ਕੇ ਸਕਲ ਪੁਚਾਯਹੁ। ਬਹੁ ਬਿਧਿ ਕੇ ਪ੍ਰਿਯ ਬਾਕ ਸੁਨਾਏ। ਪੁਨ ਨਿਜ ਸਦਨ ਗਯੋ ਹਰਖਾਏ ॥੩੯॥ ਨਿਸਾ ਬਾਸ ਸਤਿਗੁਰ ਤਬਿ ਕਰਯੋ। ਖਾਨ ਪਾਨ ਸਭਿਹਿਨਿ ਸੁਖ ਧਰਯੋ। ਭਈ ਪ੍ਰਭਾਤਿ ਸੌਚ ਇਸ਼ਨਾਨੇ। ਬੈਠੇ ਥਿਰ ਹੁਇ ਲਾਗਿ ਸੁ ਧਯਾਨੇ ॥੪੦॥ ਦਿਵਸ ਚਢੇ ਕਰਿ ਪ੍ਰੇਮ ਬਿਸਾਲਾ। ਸੈਫਦੀਨ ਪਹੁੰਚਯੋ ਤਤਕਾਲਾ। ਕਰਿ ਬੰਦਨ ਪਦ ਪਰ ਹਰਖਾਯੋ। ਸਾਦਰ ਸਤਿਗੁਰ ਨਿਕਟਿ ਬਿਠਾਯੋ॥੪੧॥ ਬਾਕ ਬਿਲਾਸ ਅਨੇਕ ਪ੍ਰਕਾਰਾ। ਕਰਤਿ ਗੁਰੂ ਦੇ ਅਨੰਦ ਉਦਾਰਾ। ਸ਼ਾਂਤਿ ਸਮੇਤ ਉਚਾਰਤਿ ਜਯੋਂ ਜਯੋਂ। ਸੁਨਿ ਕਰਿ ਬਸੀ ਹੋਤਿ ਮਨ ਤਯੋਂ ਤਯੋਂ[1] ॥ ੪੨ ॥ ਮੁਦਤ ਹੋਇ ਪੁਨ ਬਿਨਤੀ ਠਾਨੀ। 'ਕਰਹੁ ਬਾਸ ਮਮ ਪ੍ਰੀਤ ਮਹਾਨੀ। ਪੰਕ ਪ੍ਰਿਥੀ ਪਰ ਪ੍ਰਾਪਤਿ ਪਾਨੀ। ਗਮਨ ਕਠਨ ਮਗ ਕੋ ਲਿਹੁ ਜਾਨੀ' ॥ ੪੩ ॥ ਸੁਨਿ ਕਰਿ ਸੈਫਦੀਨ ਕੀ ਬਿਨਤੀ। ਕਰਨਿ ਕੂਚ ਕੀ ਤਜਿ ਕਰਿ ਗਿਨਤੀ। ਕਰਯੋ ਬਚਨ 'ਤੁਮ ਆਛੇ ਕਹਯੋ। ਮਗ ਪ੍ਰਸਥਾਨ ਸਮਾ ਨਹਿੰ ਲਹਯੋ ॥੪੪॥ ਸਰਬ ਰੀਤਿ ਕਰਿ ਸੰਕਟ ਹੋਤਿ। ਤ੍ਰਿਨ ਗਨ ਜੀਵ ਬਿਲੰਦ ਉਦੋਤਿ[2]। ਬਰਖਾ ਸਕਲ ਬਿਤਾਵੈਂ ਜਬੈ। ਕਰਹਿੰ ਕੂਚ ਡੇਰਾ ਹਮ ਤਬੈ' ॥ ੪੫ ॥ ਤਹਿੰ ਗੁਰ ਬਸੇ ਦੇਨਿ ਕੋ ਛੇਮ। ਸੈਫਦੀਨ ਦੀਰਘ ਉਰ ਪ੍ਰੇਮੁ। ਕਰਹਿ ਭਾਵ ਕੋ ਨੀਤ ਨਵੀਨ। ਪਰਚਹਿ ਗੁਰ ਢਿਗ ਰਹੈ ਪ੍ਰਬੀਨ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ ਰਾਸੇ 'ਸੈਫਾਬਾਦ ਗੁਰ ਆਗਵਨ' ਪ੍ਰਸੰਗ ਬਰਨਨੰ ਨਾਮ ਤ੍ਰਿਸਤੀ ਅੰਸੂ ॥ ੩੦ ॥

### ੩੧. [ਸੈਫਦੀਨ ਪਾਸੋਂ ਵਿਦਾ। ਅਹਿਦੀਏ ਭਾਲਣ ਆਏ]।

ਦੋਹਰਾ ॥ ਬਸੇ ਚੁਮਾਸਾ ਸਤਿਗੁਰੂ ਡੇਰਾ ਕੀਨਿ ਮੁਕਾਮ। ਸੈਫਦੀਨ ਸੇਵਾ ਕਰਹਿ ਨਿਤ ਪ੍ਰਤਿ ਆਇ ਸਲਾਮ ॥੧॥ ਚੌਪਈ॥ ਸੰਗਤਿ ਗੁਰ ਕੀ ਠਾਨਿ ਹਮੇਸ਼ੁ। ਤਯੋਂ ਤਯੋਂ ਚਿਤ ਮਹਿੰ ਪ੍ਰੇਮ ਵਿਸ਼ੇਸ਼ੁ। ਕਬਹੂੰ ਲੇ ਨਿਜ ਸੰਗ ਸਿਧਾਰਹਿ। ਸਦਨ ਆਪਨੇ ਜਾਇ ਬਿਠਾਰਹਿ ॥ ੨ ॥–ਪਰਚੇ ਰਹੈਂ ਇਹਾਂ ਚਿਰਕਾਲਾ–। ਯਾਂ ਤੇ ਠਾਨਤਿ ਜਤਨ ਬਿਸਾਲਾ। ਅਨਿਕ ਭਾਂਤਿ ਕੀ ਬਾਤ ਸੁਨਾਵੈ। ਘਰ ਅੰਤਰ ਕੇ ਬਾਗ਼[3] ਦਿਖਾਵੈ ॥ ੩ ॥ ਬਹੁਰ ਫਰਸ਼ ਸੁੰਦਰ ਡਸਵਾਵੈ। ਕਰਿ ਬਿਨਤੀ ਸਨਮਾਨ ਬਿਠਾਵੈ। ਚਾਰੂ ਚੌਪਰ ਅੱਗੂ ਬਿਛਾਵੈ।

[1](ਸੈਫ ਦੀਨ ਦਾ) ਮਨ। [2]ਘਾਹ ਬਹੁਤੇ (ਹੁੰਦੇ ਹਨ ਤੇ ਵਿਚ ਸੱਪ ਠੂਹੇ ਆਦਿ) ਜੀਵ ਬੀ ਬਹੁ ਉਪਜਦੇ ਹਨ। [3]ਘਰ ਦੇ ਅੰਦਰ ਦੇ ਬਾਗ।

ਖੇਲੈ ਗੁਰ ਸੋਂ ਡਲਨ ਰੁੜ੍ਹਾਵੈ[1] ॥੪॥ ਇਕ ਦੁਇ ਜਾਮ ਸਦਨ ਮਹਿਂ ਰਾਖੈ। ਖੇਲਨਿ ਹਿਤ ਪੁਨ ਪੁਨ ਮੁਖ ਭਾਖੈ। ਖਾਨ ਪਾਨ ਕੀ ਸੇਵਾ ਕਰੈ। ਸਿਵਰ ਬਿਖੈ ਬਸਤੂ ਸਭਿ ਧਰੈ ॥ ੫ ॥ ਘ੍ਰਿਤ ਮਿਸ਼ਟਾਨ ਅੰਨ ਗਨ ਨੀਕੇ। ਅਪਰ ਅਹਾਰ ਜਿ ਭਾਵਤਿ ਜੀਕੇ। ਦੁਗਧ ਦਧੀ ਤੇ ਆਦਿਕ ਜੇਈ। ਹਿੰਦੁਨਿ ਤੇ ਪਹੁੰਚਾਵਤਿ ਤੇਈ ॥ ੬ ॥ ਚਹਿਯਤਿ ਵਸਤੁ ਸਿਵਰ ਮਹਿਂ ਜੋਇ। ਨਿਜ ਬੁਧਿ ਤੇ ਭੇਜੈ ਤਹਿਂ ਸੋਇ। ਫਲ ਰਸਾਲ ਕੇ[2] ਸ੍ਵਾਦਲ ਜੇਤੇ। ਬੀਨ ਬੀਨ ਕਰਿ ਪਠਵਹਿ ਤੇਤੇ ॥੭॥ ਦੂਰ ਦੂਰ ਤੇ ਕਰਹਿ ਮੰਗਾਵਨਿ। ਦੇਖਿ ਦੇਖਿ ਕਰਿ ਜੋ ਮਨ ਭਾਵਨ। ਜਾਮਨ ਫਲ ਆਰੂ ਅਰੁ ਖਿਰਨੀ। ਜੋ ਲਗਵਾਇ ਰਖੇ ਨਿਜ ਧਰਨੀ ॥੮॥ ਦਾਰਮ ਦੀਰਘ ਦਾਨੇ ਜੋਇ[3]। ਕਰਿ ਕਰਿ ਪ੍ਰੇਮ ਪਠਾਵੈ ਸੋਇ। ਇੱਤ੍ਯਾਦਿਕ ਸੇਵਾ ਕਹੁ ਠਾਨਿ। ਜਨਮ ਸੁਧਾਰਯੋ ਅਪਨਿ ਮਹਾਨ ॥ ੯ ॥ ਦੇਹਿ ਤੁਰੰਗਨ ਕੋ ਤ੍ਰਿਣ ਦਾਨਾ। ਭਏ ਪੁਸ਼ਟ ਠਾਢੇ ਤਿਸ ਥਾਨਾ। ਇਮ ਸਾਵਨ ਭਾਦੋਂ ਦੁਇ ਮਾਸ। ਕਰੇ ਬਿਤਾਵਨਿ ਸਤਿਗੁਰ ਬਾਸਿ[4] ॥ ੧੦ ॥ ਮਾਸ ਅਸੋਜੁ ਆਇ ਪੁਨ ਗਯੋ। ਅਵਿਰੰਗ ਇਕ ਦਿਨ ਬੈਠਤਿ ਭਯੋ। ਚਲਯੋ ਪ੍ਰਸੰਗ ਗੁਰੂ ਕੋ ਤਹਾਂ। 'ਅਬਿ ਲੌ ਨਹਿਂ ਆਏ ਰਹਿ ਕਹਾਂ[5] ?' ॥ ੧੧ ॥ ਪੁਨ ਅਹਿਦੀ ਦ੍ਵੈ ਕੀਨੇ ਤਯਾਰੀ। ਕਰਿ ਤਾਗੀਦ ਬਿਸਾਲ ਉਚਾਰੀ। 'ਅਪਨੇ ਸੰਗ ਜਾਇ ਕਰਿ ਆਨੋ। ਅਪਰ ਫਰੇਬ ਕਰਹਿਂ, ਨਹਿ ਮਾਨੋ[6] ॥੧੨॥ ਤਿਨ ਬਿਨ ਅਟਕ ਰਹਯੋ ਬਡ ਕਾਜਾ। ਜਨੁ ਹਿੰਦੁਨਿ ਕੋ ਦਿਢ ਦਰਵਾਜਾ। ਅਪਨੀ ਅਜ਼ਮਤ ਮੋਹਿ ਦਿਖਾਵੈਂ। ਨਾਤੁਰ ਸ਼ਰ੍ਹਾ ਬੀਚ ਅਬਿ ਆਵੈਂ ॥ ੧੩ ॥ ਆਨਹੁ ਸਾਥ ਨ ਤਜਿ ਕਰਿ ਫਿਰੋ। ਖਬਰ ਪਠਹੁ ਤਿਨਕੇ ਦਰ ਪਰਹੁ[7]'। ਸੁਨਿ ਤਾਗੀਦ ਸ਼ਾਹੁ ਤੇ ਜੋਰ। ਅਹਿਦੀ ਚਲੇ ਅਨੰਦਪੁਰਿ ਓਰ॥੧੪॥ ਚਢਿ ਖਾਟਨ ਪਰ ਕਾਢਿ ਬਿਗਾਰੀ[8]। ਸੀਸ ਉਠਾਏ ਜਾਹਿਂ ਅਗਾਰੀ। ਗ੍ਰਾਮ ਗ੍ਰਾਮ ਮਹਿਂ ਹੁਕਮ ਕਰੰਤੇ। ਖਾਨ ਪਾਨ ਤਿਨ ਲੇ ਗਮਨੰਤੇ ॥੧੫॥ ਮਗ ਉਲੰਘਿ ਕਰਿ ਸਗਰੇ ਗਏ। ਜਾਇ ਪ੍ਰਵੇਸ਼ ਅਨੰਦਪੁਰਿ ਭਏ। ਬੂਝੀ ਸੁਧਿ, ਗੁਰ ਤਹਾਂ ਨ ਪਾਏ। 'ਕਹਾਂ ਅਹੈਂ?' ਕੋ ਨਹੀਂ ਬਤਾਏ॥ ੧੬ ॥ ਭਏ ਸਚਿੰਤ 'ਕਹਾਂ ਅਬਿ ਕਰੈਂ ? । ਗੁਰ

[1]ਡਲ (ਪਾਸੇ) ਰੋੜ੍ਹ ਕੇ। [2]ਅੰਬਾਂ ਦੇ। [3]ਅਨਾਰ ਵਡਿਆਂ ਦਾਣਿਆਂ ਵਾਲੇ ਜੋ ਹਨ। [4]ਵੱਸ ਕੇ। [5]ਕਿੱਥੇ ਰਹੇ। [6]ਹੋਰ ਫਰੇਬ ਕਰਨ ਤਾਂ ਨਾ ਮੰਨੋ। [7](ਸਾਨੂੰ) ਖਬਰ ਭੇਜ ਦਿਓ ਤੇ (ਆਪ) ਉਨ੍ਹਾਂ ਦੇ ਦਰ ਤੇ ਪਏ ਰਹੋ। [8]ਵਗਾਰਾਂ ਕਢਾ ਕੇ।

ਕੀ ਸੁਧ ਨਹਿਂ ਸ਼੍ਰਵਨੀ ਪਰੈ'। ਕੇਤਿਕ ਦਿਨ ਰਹਿ ਬਹੁਰ ਪਯਾਨੋ।–ਹੋਇਂ ਸੁਧਾਸਰ–ਅਸ ਮਨ ਜਾਨੇ ॥ ੧੭ ॥ ਸਤੁੱਦ੍ਰਵ ਪਾਰ ਉਲੰਘਿ ਤਬਿ ਚਾਲੇ। ਦ੍ਵਾਬੇ ਦੇਸ਼ ਦੇਖਿ ਕਰਿ ਭਾਲੇ। ਬਹੁਰ ਬਿਪਾਸਾ ਉਤਰੇ ਪਾਰ।ਖੋਜਹਿਂ ਜਹਿਂ ਕਹਿਂ ਨਰਨ ਉਚਾਰਿ[1] ॥ ੧੮ ॥ ਸ਼੍ਰੀ ਅੰਮ੍ਰਿਤਸਰ ਪਹੁੰਚੇ ਜਾਇ। ਇਕਠੇ ਕਰਿ ਮਸੰਦ ਸਮੁਦਾਇ। ਬੂਝਨਿ ਕਰੀ ਗੁਰੂ ਕੀ ਗਾਥ।'ਅਬਿ ਕਿਸ ਥਲ ਮਹਿਂ ਤੁਮਰੋ ਨਾਥ ? ॥ ੧੯ ॥ ਜੋ ਤੁਮ ਕਰਹੁ ਦੁਰਾਵਨਿ ਤਿਨੈ। ਸ਼ਾਹੁ ਸਜ਼ਾਇ ਦੇਹਿਗੋ ਘਨੈ। ਸਦਨ ਖਸੋਟਹਿ ਵਹਿਰ ਨਿਕਾਰਹਿ। ਬੰਦ ਕੈਦ ਕਰਿ ਤੁਮ ਕਹੁ ਮਾਰਹਿ'॥੨੦॥ਸੁਨਿਮਸੰਦ ਪਾਯੋ ਬਡ ਤ੍ਰਾਸਾ।ਕਹਯੋ'ਦੇਖਿ ਲਿਹੁ ਸਕਲ ਅਵਾਸਾ[2]।ਕਹਹਿਂ ਕੂਰ ਨਹਿਂ[3], ਦੋਸ਼ ਲਗਾਵਹੁ ।ਹਮ ਗ਼ਰੀਬ ਸਗਰੇ ਲਖਿ ਪਾਵਹੁ' ॥ ੨੧ ॥ ਇਮ ਨਿਰਨੈ ਕਰਿਕੈ ਅਹਿਦੀਨ। ਸ਼ਾਹੁ ਨਿਕਟਿ ਸੁਧਿ ਲਿਖਿ ਪਠਿ ਦੀਨਿ।'ਕਿਤਹੁੰਨ ਪਾਵਤਿ ਖੋਜਤਿ ਹਾਰੇ।ਦੇਸ਼ ਬਿਦੇਸ਼ਨਿ ਬਿਖੈ ਨਿਹਾਰੇ' ॥ ੨੨ ॥ ਸੁਨਿ ਨੁਰੰਗ ਨੇ ਕਿਤਿਕ ਸਊਰ[4]। ਹਿਤ ਖੋਜਨ ਪਠਿ ਨਿਕਟਿ ਕਿ ਦੂਰ। ਜਹਾਂ ਕਹਾਂ ਕਹੁ ਬਿਚਰਨਿ ਲਾਗੇ। ਬੂਝੈ ਜਿਤ ਕਿਤ ਪਾਛੇ ਆਗੇ ॥ ੨੩ ॥ ਕੇਚਿਤ ਅਹਿਦੀ ਅਰੁ ਅਸਵਾਰ। ਬਿਚਰਤਿ ਦੇਸ਼ ਬਿਦੇਸ਼ ਮਝਾਰ । ਇਤਿ ਸਤਿਗੁਰ ਸਭਿ ਅੰਤਰਜਾਮੀ। ਜਲ ਥਲ ਘਟਿ ਘਟਿ ਜਾਨਤਿ ਸ੍ਵਾਮੀ ॥ ੨੪ ॥ ਸੈਫਦੀਨ ਕੋ ਕੀਨਿ ਨਿਹਾਲ। ਬੈਠੇ ਹੁਤੇ ਕਹਯੋ ਇਕ ਕਾਲ। 'ਅਬਿ ਹਮ ਚਲਯੋ ਚਹੈਂ ਕਿਤ ਆਨ[5]। ਬਸੇ ਚੁਮਾਸਾ ਤੁਵ ਬਚ ਮਾਨਿ ॥ ੨੫ ॥ ਸੱਤਿਨਾਮ ਸਿਮਰਨ ਕਰਿ ਸਦਾ। ਸੰਕਟ ਬਯਾਪ ਸਕਹਿ ਨਹਿਂ ਕਦਾ। ਸਤਿ ਸੰਗਤਿ ਕੇ ਸੰਗ ਸੁ ਪ੍ਰੀਤ। ਸੇਵਾ ਕਰਹੁ ਲਹਹੁ ਸੁਖ ਨੀਤ ॥ ੨੬ ॥ ਜਨਮ ਮਰਨ ਤੇਰੋ ਅਬਿ ਮਿਟਯੋ । ਗੁਰੂ ਕ੍ਰਿਪਾ ਤੇ ਸੰਕਟ ਕਟਯੋ' । ਸੈਫਦੀਨ ਸੁਨਿ ਪ੍ਰੇਮ ਬਿਸਾਲਾ । ਭਇ ਸਜਲ ਲੋਚਨ ਤਿਸਕਾਲਾ ॥ ੨੭ ॥ 'ਮੋ ਚਿਤ ਮੇਚਤਿ ਸਾਥ ਨ ਚਹੈ[6] ।–ਗਮਨਹੁਂ ਗੁਰੂ !–ਬਾਕ ਕੋ ਕਹੈ[7]। ਕਹਾਂ ਠਗੌਰੀ ਮੋ ਪਰ ਡਾਰੀ। ਮਨ ਬਸਿ ਰਾਵਰਿ ਰਖਹੁ ਸੰਗਾਰੀ' ॥ ੨੮ ॥ ਸ਼੍ਰੀ ਗੁਰ ਤੇਗ ਬਹਾਦਰ ਸੁਨਿਕੈ ।ਧੀਰਜ ਦੀਨਿ ਪ੍ਰੇਮ ਤਿਸ ਗੁਨਿਕੈ।'ਹਮ ਨੇ ਅਬਿ ਕੁਛ

---

[1]ਪੁੱਛਕੇ। [2]ਸਾਰੇ ਘਰ। [3](ਅਸੀਂ) ਝੂਠ ਨਹੀਂ ਕਹਿੰਦੇ । [4]ਅਸਵਾਰ। [5]ਹੋਰਥੇ। [6]ਮੇਰਾ ਚਿੱਤ ਸਾਥ ਨੂੰ ਛੱਡਣਾ ਨਹੀਂ ਚਾਹੁੰਦਾ। [7]ਹੇ ਗੁਰੂ ਜੀ ਆਪ ਜਾਓ ਇਸ ਵਾਕ ਨੂੰ ਕੌਣ ਕਹੇ।

ਕਰਨੋ ਕਾਜਾ। ਨਹੀਂ ਸਾਥ ਕੋ ਨਿਬਹਿ ਸਮਾਜਾ ॥ ੨੯ ॥ ਨਿਤ ਪ੍ਰਤਿ ਉਠਿ ਕਰਿ ਠਾਨਹੁ ਧ੍ਯਾਨ। ਜਿਮ ਸਮੀਪ ਤੈਸੇ ਪਹਿਚਾਨ' ।ਇੱਤ੍ਯਾਦਿਕ ਕਹਿ ਬਹੁ ਸਮੁਝਾਯੋ । ਨੀਠ ਨੀਠ ਉਰ ਧੀਰ ਬਧਾਯੋ ॥ ੩੦ ॥ ਅਪਰ ਦਾਸ ਅਰੁ ਸਿੱਖ ਜਿ ਸਾਥ । ਸਭਿ ਸੋਂ ਬੋਲੇ ਇਸਿ ਬਿਧਿ ਨਾਥ। 'ਨਿਜ ਨਿਜ ਸਦਨ ਸਿਧਾਰਨਿ ਕਰੀਯਹਿ। ਸੰਗ ਹਮਾਰੋ ਅਬਿ ਪਰਿਹਰੀਅਹਿ ॥ ੩੧ ॥ ਹੋਨਿ ਇਕਾਕੀ ਬਨਹਿ ਹਮਾਰੋ । ਅਬਹਿ ਸੰਗ ਹੁਇ ਅਧਿਕ ਦੁਖਾਰੋ। ਤਹਾਂ ਨ ਸ਼ਰਧਾ ਪੁਨ ਰਹਿ ਆਵਹਿ।ਰਹੈ ਸੰਗ ਸੋ ਬਹੁ ਪਛੁਤਾਵੈ॥ ੩੨ ॥ ਇਸ ਕਾਰਨ ਸੁਧਿ ਪ੍ਰਥਮ ਜਨਾਈ ।ਚਲੇ ਜਾਹੁ ਤਜਿ ਹਠ ਅਧਿ-ਕਾਈ। ਨਾਂਹਿ ਤ ਤ੍ਰਾਸ ਹੋਇਗੋ ਭਾਰੀ। ਰਹੈ ਕੌਨ ਤਬਿ ਧੀਰਜ ਧਾਰੀ'॥ ੩੩ ॥ ਇੱਤ੍ਯਾਦਿਕ ਸਭਿਹੂੰਨਿ ਸੁਨਾਯੋ। ਹਿਰਦੈ ਮਹਾਂ ਤ੍ਰਾਸ ਉਪਜਾਯੋ। ਬੋਲੇ ਕਿਤਿਕ ਜੋਰ ਜੁਗ ਹਾਥ। 'ਰਾਵਰਿ ਕੇ ਅਨੁਸਾਰੀ ਨਾਥ! ॥ ੩੪ ॥ ਨਿਜ ਸੰਗ ਰਾਖਹੁ ਤਉ ਹਮ ਰਹੈਂ। ਜਾਹਿੰ ਸਦਨ ਕੋ ਜੇ ਅਬਿ ਕਹੈਂ'। ਇਮ ਕਹਿ ਆਇਸੁ ਲੇ ਘਰ ਗਏ। ਸ਼੍ਰੀ ਗੁਰਦੇਵ ਸੰਗ ਤਜਿ ਦਏ ॥੩੫॥ ਪੰਜ ਸਊਰ ਗੁਰੂ ਢਿਗ ਰਹੇ। ਜਿਨਹੁੰ ਸੰਗ ਕੋ ਹਠ ਬਹੁ ਗਹੇ। ਮਤੀਦਾਸ ਇਕ ਗੁਰੂ ਦਿਵਾਨ । ਰਹਤਿ ਸਮੀਪ ਸਦੀਵ ਸੁਜਾਨ॥ ੩੬ ॥ ਰਿਦੇ ਸ਼ੁੱਧ ਸੇਵਾ ਬਹੁ ਕਰੀ। ਅਜ਼ਮਤ ਲਹੀ ਕੁਮਤਿ ਪਰਹਰੀ।ਗ੍ਯਾਨਵਾਨ ਸਮਰਥ ਸਭਿ ਰੀਤਿ। ਧੀਰਜ ਆਦਿ ਬ੍ਰਿੰਦ ਗੁਨ ਚੀਤ॥ ੩੭ ॥ਦ੍ਰਿੜ੍ਹ ਮਨ ਕਰਿਕੈ ਸੰਗ ਨ ਤ੍ਯਾਗਾ। ਸ਼੍ਰੀ ਗੁਰਦੇਵ ਚਰਨ ਅਨੁਰਾਗਾ। ਦੂਸਰ ਰਹ੍ਯੋ ਸੰਗ ਗੁਰਦਿੱਤਾ। ਬ੍ਰਿਧ ਕੇ ਬੰਸ ਜਨਮ ਜਿਨ ਲਿੱਤਾ॥ ੩੮ ॥ ਖਸ਼ਟਮ ਥਾਨ ਬ੍ਰਿੱਧ ਤੇ ਭਯੋ। ਰਾਮ ਕੁਇਰ ਜਿਸ ਤੇ ਉਪਜਯੋ। ਸਰਬ ਗੁਰਨਿ ਕੇ ਸੰਗੀ ਰਹੇ। ਕਰਾਮਾਤ ਮਹਿੰ ਪੂਰਨ ਅਹੇ॥ ੩੯ ॥ ਜਿਨ ਕੇ ਲੇਸ਼ ਨ ਮੋਹ ਨ ਮਾਯਾ। ਉਰ ਬ੍ਰਹਮ ਗ੍ਯਾਨੀ ਆਨੰਦ ਪਾਯਾ। ਦੁਇ ਇਹ ਸੰਗ ਅਪਰ ਸਿਖ ਤੀਨ। ਰਹੇ ਗੁਰੂ ਕੇ ਨਿਕਟਿ ਪ੍ਰਬੀਨ॥ ੪੦ ॥ਸੈਫਦੀਨ ਤੇ ਲੀਨਿ ਬਿਦਾਈ। ਜ਼ੀਨ ਡਾਰਿ ਤ੍ਯਾਰੀ ਕਰਿਵਾਈ।ਅਪਰ ਦਾਸ ਨਿਜ ਨਿਜ ਘਰ ਗਏ।ਗੁਰੂ ਭੇਵ ਨਹਿੰ ਜਾਨਤਿ ਭਏ॥੪੧॥ਇਤਿ ਸ਼੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਾਦਸ਼ਿ ਰਾਸੇ 'ਸ਼੍ਰੀ ਗੁਰ ਤ੍ਯਾਰੀ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥ ੩੧ ॥